ੴ ਸਤਿਗੁਰ ਪ੍ਰਸਾਦਿ

# ਹੀਰਿਆਂ ਸਾਗਰ ਵਿਚ ਮਹਾਂ ਸਾਗਰ

ਭਾਈ ਸਾਹਿਬ ਭਾਈ ਵੀਰ ਸਿੰਘ

- ਸੰਗ੍ਰਹਿ ਕਰਤਾ -

ਮਨਿੰਦਰ ਕੌਰ

ਭਾਈ ਵੀਰ ਸਿੰਘ ਸਾਹਿਤ ਸਦਨ

ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110001


www.sikhbookclub.com

**Ganga Sagar vich Maha Sagar**
Bhai Vir Singh

ISBN # 978-93-80854-85-4
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
ਪਹਿਲੀ ਛਾਪ ਦਸੰਬਰ, 2011

*Printer :*
Bedi Art Prints
RZ-1/5, Tughlakabad Extension
Kalkaji, New Delhi - 11Z0019

ਮੁੱਲ : 120/- ਰੁਪਏ

# ਮੁੱਢਲੀ ਸ਼ਬਦ

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਢਹਿਢੇਰੀ ਹੋ ਜਾਣ ਅਤੇ ਪੰਜਾਬ ਵਿਚ ਅੰਗਰੇਜ਼ਾਂ ਦੀ ਆਮਦ ਤੋਂ ਬਾਅਦ 19ਵੀਂ ਸਦੀ ਦਾ ਅਖੀਰੰਲਾ ਸਮਾਂ ਅਜਿਹਾ ਸਮਾਂ ਸੀ ਜਦ ਸਿੱਖ ਪੰਥ ਅੱਤ ਨਿਘਾਰ ਦੀ ਦਸ਼ਾ ਵਿਚ ਚਲਾ ਗਿਆ। ਸਿੱਖ ਰਵਾਇਤਾਂ, ਸਿੱਖ ਪਰੰਪਰਾਵਾਂ ਅਤੇ ਸਿੱਖੀ ਬਾਣੇ 'ਤੇ ਗੁਲਾਮੀ ਅਤੇ ਪੱਛਮੀ ਚਿੰਤਨ ਨੇ ਆਪਣਾ ਵਿਕਟ ਪ੍ਰਭਾਵ ਪਾਉਣਾ ਸ਼ੁਰੂ ਕਰ ਦਿੱਤਾ। ਨਤੀਜਤਨ ਪੰਥ ਦਰਦੀਆਂ ਵਿਚ ਪੰਥਕ ਦਸ਼ਾ ਨੂੰ ਲੈ ਕੇ ਚਿੰਤਾ ਪੈਦਾ ਹੋਣੀ ਸੁਭਾਵਕ ਸੀ। ਉਹਨਾਂ ਵਲੋਂ ਪੰਥਕ ਉਨਤੀ ਵਾਸਤੇ ਯਤਨ ਆਰੰਭੇ ਗਏ। ਉਸ ਵੇਲੇ ਭਾਰਤੀ ਸਮਾਜ ਦੀ ਧਾਰਮਿਕ ਪੁਨਰ-ਜਾਗ੍ਰਿਤੀ ਦੀਆਂ ਲਹਿਰਾਂ ਵਿਚ ਸਿੱਖ ਪੁਨਰ-ਸੁਰਜੀਤੀ ਲਈ ਸਿੰਘ ਸਭਾ ਲਹਿਰ ਦਾ ਜਨਮ ਹੋਇਆ। ਸੰਤ-ਕਵੀ ਭਾਈ ਵੀਰ ਸਿੰਘ ਇਸ ਲਹਿਰ ਦੀ ਉਪਜ ਵੀ ਸਨ ਅਤੇ ਅੱਗੇ ਚਲ ਕੇ ਇਸ ਲਹਿਰ ਦੇ ਰੂਹੇ-ਰਵਾਂ ਵੀ ਬਣੇ।

ਭਾਈ ਵੀਰ ਸਿੰਘ ਵਲੋਂ ਸਿੱਖ ਪੁਨਰ-ਜਾਗ੍ਰਿਤੀ ਲਈ ਸਮਾਜਕ ਤੇ ਸਾਹਿਤਕ ਖੇਤਰ ਵਿਚ ਕਈ ਯਤਨ ਆਰੰਭੇ ਗਏ ਜਿਨ੍ਹਾਂ ਵਿਚ ਧਾਰਮਕ ਸਾਹਿਤ ਦੀ ਰਚਨਾ ਦੇ ਨਾਲ ਨਾਲ ਗੁਰਪੁਰਬਾਂ ਅਤੇ ਵਿਸ਼ੇਸ਼ ਮੌਕਿਆਂ ਲਈ ਟ੍ਰੈਕਟ ਛਾਪ ਕੇ ਸੰਗਤਾਂ ਵਿਚ ਵੰਡਣਾ ਵੀ ਸੀ। ਇਸ ਮਕਸਦ ਲਈ ਭਾਈ ਸਾਹਿਬ ਵਲੋਂ 1894 'ਚ 'ਖਾਲਸਾ ਟ੍ਰੈਕਟ ਸੁਸਾਇਟੀ' ਦੀ ਸਥਾਪਨਾ ਕੀਤੀ ਗਈ। ਸੁਸਾਇਟੀ ਵਲੋਂ ਹਜ਼ਾਰਾਂ ਦੀ ਗਿਣਤੀ ਵਿਚ ਗੁਰਪੁਰਬਾਂ ਅਤੇ ਖਾਸ ਮੌਕਿਆਂ ਤੇ ਟ੍ਰੈਕਟ ਪ੍ਰਕਾਸ਼ਿਤ ਕਰਕੇ ਸੰਗਤਾਂ ਵਿਚ ਪ੍ਰਚਾਰ ਹਿਤ ਵੰਡੇ ਗਏ ਹਨ। ਗੁਰਪੁਰਬਾਂ ਤੇ ਲਿਖੇ ਵਿਸ਼ੇਸ਼ ਲੇਖ ਭਾਈ ਸਾਹਿਬ ਵਲੋਂ ਆਰੰਭੇ 'ਖਾਲਸਾ ਸਮਾਚਾਰ' ਵਿਚ ਵੀ ਸਮੇਂ ਸ਼ਮੇਂ ਪ੍ਰਕਾਸ਼ਿਤ ਹੁੰਦੇ ਰਹੇ ਹਨ। ਗੁਰਪੁਰਬਾਂ ਤੇ ਲਿਖੇ ਕਈ ਲੇਖ ਅਜਿਹੇ ਹਨ ਜੋ ਟ੍ਰੈਕਟਾਂ ਵਿਚ ਸਿਰਫ ਇਕ ਵਾਰ ਹੀ ਪ੍ਰਕਾਸ਼ਿਤ ਹੋਏ ਹਨ ਤੇ ਮੁੜ ਉਹਨਾਂ ਦਾ ਪ੍ਰਕਾਸ਼ਨ ਨਹੀਂ ਹੋ ਸਕਿਆ। ਭਾਈ ਸਾਹਿਬ ਰਚਿਤ ਇਹ ਲੇਖ ਅੱਤ ਦੁਰਲਭ

 www.sikhbookclub.com

ਰਚਨਾਵਾਂ ਹਨ ਜੋ ਕਿ ਸਮੇਂ ਦੇ ਏਕਲ ਗੇੜ ਤਕ ਹੀ ਸੀਮਿਤ ਹੋ ਕੇ ਰਹਿ ਗਈਆਂ ਹਨ।

ਭਾਈ ਵੀਰ ਸਿੰਘ ਦੀ ਅਗਾਧ ਬੋਧ ਲੇਖਣੀ ਰਾਹੀਂ ਰਚਿਤ ਇਨ੍ਹਾਂ ਲੇਖਾਂ 'ਚੋਂ ਅਜ ਫਿਰ ਯਤਨ ਆਰੰਭਿਆ ਗਿਆ ਹੈ ਕਿ ਗੁਰਪੁਰਬਾਂ ਨਾਲ ਸੰਬੰਧਤ ਇਹਨਾਂ ਲੇਖਾਂ ਨੂੰ ਮੁੜ ਪੁਸਤਕੀ ਮੁਹਾਂਦਰੇ 'ਚ ਪ੍ਰਕਾਸ਼ਿਤ ਕੀਤਾ ਜਾਵੇ। ਅਸੀਂ ਆਪਣੇ ਮੁਢਲੇ ਯਤਨ 'ਚ ਗੁਰਪੁਰਬਾਂ 'ਚੋਂ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਨਾਲ ਸੰਬੰਧਤ ਟ੍ਰੈਕਟ-ਲੇਖ ਹੀ ਲਏ ਹਨ। ਇਨ੍ਹਾਂ ਲੇਖਾਂ ਨੂੰ ਖੋਜਣ ਅਤੇ ਸੰਪਾਦਨ ਦਾ ਕੰਮ ਸਦਨ ਦੀ ਖੋਜ ਕਰਤਾ ਬੀਬੀ ਮਨਿੰਦਰ ਕੌਰ ਨੇ ਬਹੁਤ ਹੀ ਮਿਹਨਤ ਨਾਲ ਕੀਤਾ ਹੈ। ਇਸ ਉਦਮ ਸਦਕਾ ਹੀ ਇਹ ਲੇਖ ਪੁਸਤਕੀ ਰੂਪ 'ਚ ਪਹਿਲੀ ਵਾਰ ਪ੍ਰਕਾਸ਼ਿਤ ਹੋ ਰਹੇ ਹਨ, ਸੋ ਪਾਠਕਾਂ ਨੂੰ ਬਿਨੈ ਹੈ ਕਿ ਉਹ ਇਹਨਾਂ ਲੇਖਾਂ ਦਾ ਪਠਨ-ਪਾਠਨ ਜ਼ਰੂਰ ਕਰਨ। ਕੀਰਤਨ ਦਰਬਾਰ ਕਰਨੇ, ਲੰਗਰ ਲਾਉਣੇ, ਨਗਰ ਕੀਰਤਨ ਕੱਢਣੇ ਆਦਿ ਸਾਡੀ ਗੁਰਪੁਰਬ ਮਨਾਉਣ ਦੀ ਰਵਾਇਤੀ ਪੰਥਕ-ਸ਼ੈਲੀ ਹੈ, ਪਰ ਪੁਸਤਕੀ ਸੱਭਿਆਚਾਰ ਨਾਲ ਜੁੜਿਆ ਮੌਜੂਦਾ ਗਿਆਨ ਯੁਗ ਇਹ ਮੰਗ ਕਰਦਾ ਹੈ ਕਿ ਪੁਸਤਕ ਨੂੰ ਵੀ ਗੁਰਪੁਰਬ ਮਨਾਉਣ ਦੀ ਰਵਾਇਤੀ ਸ਼ੈਲੀ 'ਚ ਸ਼ਾਮਲ ਕੀਤਾ ਜਾਏ। ਸਾਡੀ ਪਰੰਪਰਾ 'ਚ 'ਗ੍ਰੰਥ' ਗੁਰੂ ਹੈ ਤੇ ਪੁਸਤਕ ਨੂੰ ਇਸਦੀ ਆਪਣੇ ਨਿਵੇਕਲੇ ਅੰਦਾਜ਼ 'ਚ ਕੀਤੀ ਵਿਆਖਿਆ ਵਿਸਤਾਰ ਦੀ ਕੋਸ਼ਿਸ ਕਿਹਾ ਜਾ ਸਕਦਾ ਹੈ। ਗ੍ਰੰਥ ਗੁਰੂ ਸਾਹਿਬ ਦੇ ਪਰਮ ਉਪਾਸ਼ਕ ਭਾਈ ਸਾਹਿਬ ਭਾਈ ਵੀਰ ਸਿੰਘ ਦੀ ਗੁਰਪੁਰਬਾਂ ਤੇ ਕੀਤੀ ਵਿਚਾਰ-ਵਿਆਖਿਆ ਨੂੰ ਸਦਨ ਟ੍ਰੈਕਟਾਂ 'ਚੋਂ ਪੁਸਤਕੀ ਰੂਪ 'ਚ ਛਾਪਣ ਦੀ ਪ੍ਰਥਮ ਖੁਸ਼ੀ ਲੈ ਰਿਹਾ ਹੈ, ਇਸ ਉਮੀਦ ਨਾਲ ਕਿ ਪਾਠਕ ਇਸਦਾ ਪੂਰਾ ਪੂਰਾ ਲਾਭ ਉਠਾਉਣਗੇ।

ਭਾਈ ਵੀਰ ਸਿੰਘ ਸਾਹਿਤ ਸਦਨ — **-ਜਸਵੰਤ ਸਿੰਘ ਨੇਕੀ**

ਦਸੰਬਰ 2011 — *ਜਨਰਲ ਸਕੱਤਰ*

# ਸੂਚੀ ਪੱਤਰ


1. ਗੰਗਾ ਸਾਗਰ ਵਿਚ ਮਹਾਂਸਾਗਰ ........ 1
2. ਸਫਲ ਗੁਰਪੁਰਬ ........ 37
3. ਵਿਸਮਾਦੀ-ਵੈਰਾਗ ........ 70
4. ਸਤਿਗੁਰੁ ਜਾਗਤਾ ਹੈ ਦੇਉ ........ 102
5. ਨੈਣਾਂ ਵਾਲਿਆਂ ........ 127
6. ਸ੍ਰੀ ਬੇਬੇ ਨਾਨਕੀ ਜੀਓ ਜੀ ........ 160
7. ਬ੍ਰਹਮਚਾਰੀ ਸੁਧਾਰ ........ 207
8. ਰਾਜਾ ਮਧੁਰ ਬੈਨ ........ 227
9. ਪੀਰ ਬਹਾਵਦੀਨ ........ 253
10. ਭਵ ਭੰਜਨ ........ 278
11. ਪੂਰਨ ਗਿਰਿ ........ 294
12. ਬੰਦੀ ਛੋੜ ਮੁਕਤੀ ਦਾਤਾ ........ 321


 www.sikhbookclub.com

# ਰੀਗਾ ਸਾਗਰ ਵਿਚ ਮਹਾਂ ਸਾਗਰ

## ਉਥਾਨਕਾ

ਇੱਛਾ ਹੋ ਰਹੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਰੇ ਜੀਵਨ ਦਾ ਇਕ ਅਤਿ ਸੰਖੇਪ ਸਮਾਚਾਰ ਐਤਕੀਂ ਦੇ ਗੁਰਪੁਰਬ ਪਰ ਛਪੇ, ਪਰ ਜਿਸ ਵਿਚ ਸਾਰਾ ਜੀਵਨ ਆ ਜਾਵੇ। ਗੁਰੂ ਨਾਨਕ ਜੀਵਨ ਇਕ ਵਿਸ਼ਾਲ ਜੀਵਨ ਹੈ ਤੇ ਉਸ ਦਾ ਵੇਰਵਾ ਜਨਮ ਸਾਖੀਆਂ ਤੇ ਗੁਰੂ ਨਾਨਕ ਪ੍ਰਕਾਸ਼ ਆਦਿਕਾਂ ਵਿਚ ਸੈਂਕੜਿਆਂ ਸਫਿਆਂ ਤੇ ਹੈ, ਉਸਦਾ ਇਤਨਾ ਸੰਖੇਪ ਕਠਨ ਹੈ, ਪਰ ਜਿਵੇਂ ਇਕ ਹਜ਼ਾਰਾਂ ਮੀਲ ਲੰਮੇ ਚਉੜੇ ਦੇਸ਼ ਦਾ ਆਕਾਰ ਇਕ ਤ੍ਰੈ ਕੁ ਫੁਟ ਲੰਮੇ ਚੌੜੇ ਨਕਸ਼ੇ ਵਿਚ ਦਿੱਸ ਪੈਂਦਾ ਹੈ, ਜਿਸ ਨਾਲ ਕਿ ਸਾਰੇ ਦਾ ਇਕ ਆਕਾਰ ਦਿਲ ਵਿਚ ਬੈਠ ਜਾਂਦਾ ਹੈ, ਉਸ ਤਰ੍ਹਾਂ ਦਾ ਸੰਖੇਪ ਨਕਸ਼ਾ ਖਿੱਚਣ ਦਾ ਉਪਰਾਲਾ ਹੋ ਸਕਦਾ ਹੈ। ਇਹ ਕੰਮ ਮਾਨੋ 'ਮਹਾਂ ਸਾਗਰ' ਨੂੰ ਇਕ 'ਰੀਗਾ ਸਾਗਰ' ਵਿਚ ਪਾਉਣ ਵਰਗਾ ਔਖਾ ਕੰਮ ਹੈ, ਪਰ ਇੱਛਾ ਪੂਰਤੀ ਲਈ ਇਹ ਪ੍ਰਯਤਨ ਅਗਲੇ ਸਫਿਆਂ ਵਿਚ ਕੀਤਾ ਜਾਂਦਾ ਹੈ। ਇਸ ਵਿਚ ਵਾਕਿਆਤ ਦੇ ਕ੍ਰਮ ਦਾ ਸਿਲਸਿਲਾ ਤੇ ਵੰਡ ਭਾਈ ਗੁਰਦਾਸ ਤੇ ਪੁਰਾਤਨ ਜਨਮ ਸਾਖੀ ਦੇ ਕ੍ਰਮ ਤੇ ਨਿਰਭਰ ਰਖਦਾ ਹੈ।

(ਸ੍ਰੀ ਗੁਰੂ ਨਾਨਕ ਜੀਵਨ ਦੀ ਕ੍ਰਮਵਾਰ ਵੰਡ)

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਨੂੰ ਜੇ ਅੱਡੋ ਅੱਡ ਵੰਡ ਵਿਚ ਦੇਖਿਆ ਜਾਵੇ ਤਾਂ ਉਸ ਦੇ 14 ਕੁ ਦਰਸ਼ਨ ਬਣਦੇ ਹਨ:-

1. ਤਲਵੰਡੀ ਨਿਵਾਸ- ਜਿੱਥੇ ਆਪ ਦੀ ਬਾਲ ਤੇ ਕਿਸ਼ੋਰ ਅਵਸਥਾ ਬੀਤੀ।
2. ਸੁਲਤਾਨ ਪੁਰ ਵਾਸ- ਜਿੱਥੇ ਜੁਵਾਨੀ ਦੇ ਕੁਛ ਦਿਨ ਲੰਘੇ ਤੇ ਜਿੱਥੋਂ ਆਪਣੇ ਮਿਸ਼ਨ ਤੇ ਟੁਰੇ।


www.sikhbookclub.com

3. ਦੇਸ਼ਾਟਨ ਦੀ ਤਿਆਰੀ- ਇਸ ਵਕਤ ਵਿਚ ਆਪ ਸੈਦਪੁਰ, ਤਲਵੰਡੀ, ਹੜੱਪੇ, ਤੁਲੰਬੇ ਆਦਿ ਥਾਵਾਂ ਤੋਂ ਹੁੰਦੇ ਹੋਏ ਹਰਦਵਾਰ ਕੁਰਛੇਤ੍ਰ ਹੋ ਕੇ ਦਿੱਲੀ ਪਹੁੰਚੇ।
4. ਪਹਿਲੀ ਉਦਾਸੀ- ਜੋ ਪੂਰਬ ਦੀ ਸੀ।
5. ਦੇਸ਼ ਵਿਚ ਦੌਰਾ- ਉਦਾਸੀ ਤੋਂ ਵਾਪਸ ਆ ਕੇ ਦੇਸ਼ ਵਿਚ ਦੌਰਾ ਕੀਤਾ। ਕਰਤਾਰ ਪੁਰ ਬੱਧਾ ਤੇ ਸਤਿਸੰਗ ਦੀ ਨੈਯਾ ਟੋਰੀ।
6. ਦੂਸਰੀ ਉਦਾਸੀ- ਇਹ ਦੱਖਣ ਦਾ ਦੇਸ਼ਾਟਨ ਸੀ।
7. ਕਰਤਾਰ ਪੁਰ ਨਿਵਾਸ- ਉਦਾਸੀ ਤੋਂ ਵਾਪਸ ਆ ਕੇ ਕੁਛ ਕਾਲ ਕਰਤਾਰ ਪੁਰ ਟਿਕੇ।
8. ਤੀਸਰੀ ਉਦਾਸੀ- ਇਹ ਉਤ੍ਰਾ ਖੰਡ ਦਾ ਦੇਸ਼ਾਟਨ ਸੀ।
9. ਕਰਤਾਰ ਪੁਰ ਪ੍ਰਚਾਰ- ਉਦਾਸੀਓਂ ਮੁੜ ਕੇ ਆ ਕੇ ਸਤਿਨਾਮ ਦਾ ਪ੍ਰਚਾਰ ਕੀਤਾ।
10. ਚਉਥੀ ਉਦਾਸੀ- ਇਹ ਪੱਛਮ ਦੀ ਸੀ।
11. ਕਰਤਾਰ ਪੁਰ ਟਿਕਾਉ- ਉਦਾਸੀ ਭੇਖ ਉਤਾਰਨਾ।
12. ਪੰਜਵੀਂ ਉਦਾਸੀ- ਅਚਲ ਵਟਾਲੇ, ਗੋਰਖ ਹਟੜੀ ਆਦਿ ਦੇ ਦੇਸ਼ ਦੌਰੇ। ਯਾ ਕਰਤਾਰ ਪੁਰ ਨਿਵਾਸ।
13. ਗੁਰ ਗੱਦੀ।
14. ਸਚਖੰਡ ਪਜਾਨੇ।

## 1. ਤਲਵੰਡੀ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਗਤ ਵਿਚ ਆਗਮ 'ਰਾਇ ਭੋਇ ਦੀ ਤਲਵੰਡੀ' ਪਿੰਡ ਵਿਚ ਸੰਮਤ 1526 ਬਿ: (1469 ਈ:) ਵਿਚ ਹੋਇਆ। ਇਹ ਪਿੰਡ ਅਜ ਕਲ ਸ਼ਰਕ ਪੁਰ ਦੀ ਤਸੀਲ ਵਿਚ ਹੈ ਤੇ ਹੁਣ ਨਾਮ ਨਨਕਾਣਾ ਸਾਹਿਬ ਹੈ। ਆਪ ਜੀ ਦੀ ਮਾਤਾ ਦਾ ਨਾਮ 'ਮਾਤਾ ਤ੍ਰਿਪਤਾ ਜੀ' ਸੀ ਤੇ ਪਿਤਾ ਦਾ ਨਾਮ 'ਕਲਯਾਣ ਚੰਦ' ਪ੍ਰਸਿੱਧ ਬਾਬਾ ਕਾਲੂ ਸੀ, ਜਿਸ ਦੀ ਜਾਤ ਵੇਦੀ ਖੱਤਰੀ ਸੀ ਤੇ ਕਿੱਤਾ ਸੀ ਤਲਵੰਡੀ ਦੇ ਤਪੇ ਦੇ ਮਾਲਕ ਦੀ ਪਟਵਾਰ ਯਾ ਕਾਰਦਾਰੀ।

ਗੁਰੂ ਨਾਨਕ ਦੇਵ ਜੀ ਦੇ ਬਾਲਪਨ ਬਾਬਤ ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ:-

 www.sikhbookclub.com

"ਵਡਾ ਹੋਆ ਤਾਂ ਲਗਾ ਬਾਲਕਾਂ ਨਾਲ ਖੇਡਣ ਪਰ ਬਾਲਕਾਂ ਤੇ ਇਸਦੀ ਦ੍ਰਿਸਟਿ ਅਉਰ ਆਵੇ, ਆਤਮੇ ਅਭਜਾਸ ਪਰਮੇਸੁਰ ਕਾ ਕਰੇ। ਜਬ ਬਾਬਾ ਬਰਸਾਂ ਪੰਜਾਂ ਕਾ ਹੋਇਆ ਤਾਂ ਲਗਾ ਬਾਤਾਂ ਅਗਮ ਨਿਗਮ ਕੀਆਂ ਕਰਨ, ਜੋ ਕੁਛ ਬਾਤ ਕਰੇ ਸੋ ਸਮਝ ਕਰੇ। ਤਿਸਤੇ ਸਭਸੁ ਕਿਸੇ ਦੀ ਨਿਸ਼ਾ ਹੋਇ ਆਵੇ। ਹਿੰਦੂ ਕਹਨਿ ਜੋ ਕੋਈ ਦੇਵਤਾ ਸਰੂਪ ਪੈਦਾ ਹੋਇਆ ਹੈ ਅਤੇ ਮੁਸਲਮਾਨ ਕਹਨ ਜੋ ਕੋਈ ਖੁਦਾਇ ਕਾ ਸਾਦਕ ਪੈਦਾ ਹੋਇਆ ਹੈ।"

ਸੱਤਾਂ ਬਰਸਾਂ ਦੇ ਹੋਏ ਤਾਂ ਪਾਂਧੇ ਦੇ ਪੜ੍ਹਨੇ ਪਾਏ ਗਏ। ਪਾਂਧੇ ਨੇ ਜਦ ਅੱਖਰ ਨਾਵੇਂ ਇਬਾਰਤ ਲਿਖਣੀ ਦੱਸੀ ਤਾਂ ਇਕ ਦਿਨ ਇਕ ਇਕ ਅੱਖਰ ਨਾਲ ਪਰਮਾਰਥਿਕ ਅਰਥਾਂ ਵਾਲੀ ਮੁਹਾਰਨੀ ਆਪ ਨੇ ਲਿਖ ਦਿੱਤੀ। ਪਾਂਧੇ ਨੂੰ ਪੱਟੀ ਦੇਖ ਕੇ ਪਚਿੱਤਰੀ ਲਗ ਗਈ, ਆਖੇ ਇਹ ਬੱਚਾ ਹੈ ਕਿ ਮਹਾਂ ਰਿਖੀ ਹੈ। ਪਟੀ ਦੀ ਪਹਿਲੀ ਤੁਕ ਹੈ:- 'ਸਸੈ (ਇਹ ਪੱਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਸਾ ਰਾਗ ਵਿਚ ਹੈ। ਸਿਰ ਲੇਖ ਹੈ, "ਰਾਗ ਆਸਾ ਮ: 1 ਪਟੀ ਲਿਖੀ।" ਜਿਸ ਤੋਂ ਸਪਸ਼ਟ ਹੈ ਕਿ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ ਤੇ ਲਿਖੀ ਪਦ ਦੱਸਦਾ ਹੈ ਕਿ ਪਾਂਧੇ ਕੋਲ ਜਾ ਕੇ ਲਿਖੀ ਗਈ ਸੀ, ਕਿਉਂਕਿ ਇਕ ਪੱਟੀ ਤੀਸਰੇ ਗੁਰੂ ਜੀ ਦੀ ਬੀ ਪਵਿੱਤ੍ਰ ਬੀੜ ਵਿਚ ਹੈ ਪਰ ਉਥੇ ਕੇਵਲ 'ਪੱਟੀ' ਸਿਰਲੇਖ ਹੈ, 'ਪਟੀ ਲਿਖੀ' ਸਿਰਲੇਖ ਨਹੀਂ ਹੈ।) ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ।' ਅਗਲੇ ਦਿਨ ਗੁਰੂ ਜੀ ਪੜ੍ਹਨ ਨਾਂ, ਚੁੱਪ ਕਰ ਬੈਠ ਰਹੇ ਤਾਂ ਪਾਂਧੇ ਕਾਰਣ ਪੁੱਛਿਆ: ਨਾਨਕਾ ਪੜ੍ਹ! ਆਖਣ ਲੱਗੇ ਪੜ੍ਹਿਆ ਹਾਂ ਤੇ ਇਹ ਸ਼ਬਦ ਉਚਾਰਿਆ: "ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ।' ਇਹ ਸ਼ਬਦ ਕਹਿ ਕੇ ਐਸੇ ਵਾਕ ਕਹੇ ਕਿ 'ਪੰਡਤ ਹੈਰਾਨ ਹੋਇ ਗਇਆ, ਨਮਸਕਾਰ ਕੀਤੋਸੁ, ਜੋ ਕੋਈ ਪੂਰਾ ਹੈ। (ਪੁ:ਜ:ਸਾਖੀ)। ਤਦ ਗੁਰੂ ਜੀ ਘਰ ਆ ਗਏ ਤੇ ਚੁਪ ਕਰਕੇ ਬੈਠ ਰਿਹਾ ਕਰਨ। ਜਦ ਉਮਰ ਨਵਾਂ ਬਰਸਾਂ ਦੀ ਹੋਈ ਤਾਂ ਪਿਤਾ ਨੇ ਫਿਰ ਫਾਰਸੀ ਪੜ੍ਹਨੇ ਪਾਇਆ, ਓਥੇ ਵੀ ਕੁਛ ਦਿਨ ਪੜ੍ਹ ਕੇ ਪੱਟੀ ਵਾਂਙੂ ਫਾਰਸੀ ਹਰਫਾਂ ਦੀ ਇਕ ਇਕ ਹਰਫ ਨਾਲ ਉਪਦੇਸ਼ ਰੂਪ ਰਚਨਾਂ ਲਿਖ ਦਿਖਾਈ। ਮੁੱਲਾਂ ਨੂੰ ਵੀ ਇਸ ਤਰ੍ਹਾਂ ਸਤਿਕਾਰ ਵਿਚ ਹੈਰਾਨ ਕਰਕੇ ਘਰ ਆ ਬੈਠੇ। ਪਿਤਾ ਨੇ ਇਹ ਸਮਝ ਕੇ ਕਿ ਵਿਹਲਾ

ਰਹਿੰਦਾ ਹੈ, ਯਾ ਬਨ ਵਿਚ ਜਾ ਬੈਠਦਾ ਹੈ, ਪੜ੍ਹਨੇ ਦਾ ਸ਼ੌਕ ਨਹੀਂ, ਮੱਝੀਆਂ ਲੈ ਦਿਆਂ ਚਾਰਿਆ ਕਰੇ, ਨਾਲੇ ਕਿਸੇ ਆਹਰੇ ਲੱਗੇ, ਨਾਲੇ ਖੁੱਲ੍ਹਾ ਮਲਗੁਜ਼ਾਰਾਂ ਵਿਚ ਕਿ ਬਨ ਵਿਚ ਫਿਰੇ। ਕੁਛ ਦਿਨ ਇਹ ਕੰਮ ਬੀ ਟੁਰਿਆ ਰਿਹਾ। ਇਕ ਦਿਨ ਆਪ ਸੁੱਤੇ ਰਹੇ ਖੇਤ ਵਿਚ, ਮੱਝੀਆਂ ਚਰ ਗਈਆਂ ਇੱਕ ਰਾਹਕ ਦਾ ਖੇਤ। ਜਦ ਮਾਲਕ ਨੇ ਡਿੱਠਾ ਤਾਂ ਰਾਇ ਬੁਲਾਰ ਪਾਸ ਜਾ ਫਰਿਯਾਦ ਲਾਈ। ਰਾਇ ਨੇ ਆਦਮੀ ਖੇਤ ਵੇਖਣ ਘੱਲੇ ਤਾਂ ਖੇਤ ਹਰਿਆ ਭਰਿਆ ਸੀ। ਇਹ ਵੇਖ ਕੇ ਰਾਇ ਬੁਲਾਰ ਦੇ ਦਿਲ ਸ਼ਰਧਾ ਹੋ ਆਈ। ਘਰ ਵਿਚ ਗੁਰੂ ਜੀ ਦੇ ਕਰਤਬਾਂ ਤੋਂ ਪਿਤਾ ਮਾਤਾ ਉਨ੍ਹਾਂ ਨੂੰ ਨਾਂ ਸਿਆਣ ਸਕੇ ਕਿ ਇਹ ਕੋਈ ਰੱਬੀ ਜੋਤ ਹੈ, ਪਰ ਉਨ੍ਹਾਂ ਦੀ ਵੱਡੀ ਭੈਣ ਨਾਨਕੀ ਉਨ੍ਹਾਂ ਨੂੰ ਪੂਰਨ ਸੰਤ ਤੇ ਕੋਈ ਧੁਰੋਂ ਆਇਆ ਸਿਆਣ ਗਈ ਸੀ। ਬਾਹਰਲੇ ਲੋਕਾਂ ਵਿਚੋਂ ਹੁਣ ਰਾਇ ਬੁਲਾਰ ਨੇ ਸਮਝਿਆ ਕਿ ਇਹ ਕੋਈ ਬਾਉਲਾ ਨਹੀਂ, ਰੱਬੀ ਰੰਗ ਵਾਲਾ ਕੋਈ ਵਲੀ ਫਕੀਰ ਹੋਸੀ।

ਕੁਛ ਦਿਨ ਫੇਰ ਚੰਗੇ ਰੰਗਾਂ ਵਿਚ ਰਹੇ। ਹੁਣ ਪਿਤਾ ਨੇ ਜਨੇਊ ਪਾਉਣ ਦੀ ਰਸਮ ਕੀਤੀ। ਪਰਿਵਾਰ ਤੇ ਬ੍ਰਹਮਣ ਸਾਰੇ ਆ ਜੁੜੇ। ਜਦ ਪਾਉਣ ਲੱਗੇ ਤਾਂ ਗੁਰੂ ਜੀ ਨੇ ਪਾਂਧੇ ਦੇ ਹੱਥ ਫੜ ਲਏ ਤੇ ਕਿਹਾ ਇਸ ਦੇ ਪਾਉਣੇ ਦਾ ਕੀਹ ਗੁਣ ਹੈ ? ਬ੍ਰਹਮਣ ਨੇ ਦੱਸਿਆ ਕਿ ਇਸ ਪਹਿਨੇ ਬਿਨਾ ਦ੍ਵਿਜ ਨਹੀਂ ਹੋਈਦਾ, ਸ਼ੂਦਰ ਰਹੀਦਾ ਹੈ। ਜਨੇਊ ਪਹਿਨਕੇ ਦੀਖਜਾ ਲਈਦੀ ਹੈ ਤੇ ਸੁਰਗ ਦਾ ਰਸਤਾ ਖੁਲ੍ਹਦਾ ਹੈ, ਤਦ ਗੁਰੂ ਜੀ ਨੇ ਕਿਹਾ: 'ਦਇਆ ਦੀ ਕੁਪਾਹ ਹੋਵੇ, ਜਤ ਦੀਆਂ ਗੰਢਾਂ ਪੈਣ, ਸਤ ਦੇ ਵੱਟ ਚੜ੍ਹਨ, ਜੇ ਇਹ ਜਨੇਊ ਹਈ ਤਾਂ ਪਾ, ਇਹ ਜੀਊ ਆਤਮਾ ਦੇ ਗਲ ਪਏਗਾ ਤੇ ਨਾਲ ਜਾਏਗਾ। ਜੀਵਨ ਭਰ ਨਾ ਇਹ ਮੈਲਾ ਹੋਏਗਾ ਨਾ ਟੁੱਟੇਗਾ (ਦਇਆ ਕਪਾਹ ਸੰਤੋਖ ਸੂਤ....." ਇਹ ਸਾਰੀ ਬਾਣੀ ਆਸਾ ਦੀ ਵਾਰ ਵਿਚ ਹੈ। ਸਲੋਕ ਮ:1 ਹੈ।)।

ਇਸ ਤੋਂ ਮਗਰੋਂ ਆਪ ਦੀ ਭੈਣ ਬੀਬੀ ਨਾਨਕੀ ਦਾ ਵਿਆਹ ਹੋਇਆ ਮਹਿਤਾ ਜੈਰਾਮ ਨਾਲ, ਜੋ ਸੁਲਤਾਨਪੁਰ ਦੇ ਰਹਿਣੇ ਵਾਲਾ ਸੀ। ਪਿਤਾ ਜੀ ਨੇ ਮਗਰੋਂ ਗੁਰੂ ਨਾਨਕ ਦੇਵ ਜੀ ਦਾ ਵਿਆਹ ਬੀ ਕਰ ਦਿੱਤਾ (ਪੁਰਾਤਨ ਜਨਮ ਸਾਖੀ ਵਿਚ ਵਿਆਹ 12 ਵਰ੍ਹੇ ਦੀ ਉਮਰ ਵਿਚ ਤੇ ਭਾਈ ਮਨੀ ਸਿੰਘ ਵਾਲੀ ਸਾਖੀ ਵਿਚ 14 ਬਰਸ ਦੀ ਉਮਰ ਵਿਚ ਲਿਖਿਆ ਹੈ ਤੇ ਬਾਲੇ ਵਾਲੀ ਵਿਚ ਵਿਆਹ ਸੁਲਤਾਨ ਪੁਰ ਜਾ ਕੇ ਹੋਇਆ ਲਿਖਿਆ

ਹੈ)। ਪਰ ਗੁਰੂ ਜੀ ਆਪਣੇ ਰੰਗਾਂ ਵਿਚ ਰਹੇ। ਬਨ ਵਿਚ ਜਾ ਬੈਠਣਾ, ਆਪਣੇ ਧਿਆਨ ਮਗਨ ਰਹਿਣਾ, ਸੰਤਾਂ ਸਾਧੂਆਂ ਤਪੱਸਵੀਆਂ ਨਾਲ ਗੋਸਟਾਂ ਵੀਚਾਰਾਂ ਕਰਨੀਆਂ, ਦੁਨੀਆਂ ਦੇ ਕੰਮਾਂ, ਕਾਜਾਂ, ਮੋਹ, ਪਿਆਰਾਂ ਤੋਂ ਉਦਾਸ ਰਹਿਣਾ।

ਇਕ ਦਿਨ ਰਾਇ ਬੁਲਾਰ ਸ਼ਿਕਾਰ ਕਰਕੇ ਮੁੜਿਆ, ਬਾਗ਼ ਵਿਚ ਗਿਆ ਤਾਂ ਕੀ ਦੇਖੇ ਕਿ ਹੋਰ ਦਰਖਤਾਂ ਦੀ ਛਾਂ ਸੂਰਜ ਢਲਣ ਨਾਲ ਢਲ ਗਈ ਹੈ, ਪਰ ਇਕ ਬ੍ਰਿੱਛ ਦੀ ਨਹੀਂ ਢਲੀ ਤੇ ਉਸ ਹੇਠ ਕੋਈ ਸੁੱਤਾ ਪਿਆ ਹੈ। ਜਦ ਜਗਾਇਆ ਤਾਂ ਉਹ ਕਾਲੂ ਦਾ ਪੁਤ੍ਰ ਸੀ। ਇਹ ਵੇਖ ਕੇ ਰਾਇ ਦਾ ਨਿਹਚਾ ਹੋਰ ਪੱਕਾ ਹੋ ਗਿਆ। ਘਰ ਆ ਕੇ ਮਹਿਤੇ ਕਾਲੂ ਨੂੰ ਆਖਣ ਲੱਗਾ, "ਕਾਲੂ! ਮਤ ਇਸ ਪੁਤ੍ਰ ਨੋ ਫਿਟੂ ਮਰੁ ਦੇਂਦਾ ਹੋਵੇਂ, ਇਹ ਮਹਾਂਪੁਰਖ ਹੈ। ਇਸ ਦਾ ਸਦਕਾ ਮੇਰਾ ਸ਼ਹਿਰ ਵਸਦਾ ਹੈ। ਕਾਲੂ ਤੂੰ ਭੀ ਨਿਹਾਲ ਹੋਆ ਅਤੇ ਮੈਂ ਭੀ ਨਿਹਾਲ ਹਾਂ ਜਿਸ ਦੇ ਸ਼ਹਿਰ ਵਿਚਿ ਇਹੁ ਪੈਦਾ ਹੋਆ ਹੈ।"

ਇਹ ਵੀ ਲਿਖਿਆ ਹੈ ਕਿ ਇਕ ਦਿਨ ਗੁਰੂ ਜੀ ਦਿਨੇ ਖੇਤ ਵਿਚ ਸੁਤੇ ਸੇ, ਧੁਪ ਆ ਗਈ ਤਾਂ ਇਕ ਛਜਲੀ ਵਾਲੇ ਸੱਪ ਨੇ ਫਨ ਖਿਲਾਰ ਕੇ ਆਪ ਤੇ ਛਾਂ ਕੀਤੀ ਹੋਈ ਰਾਇ ਬੁਲਾਰ ਨੇ ਦੇਖੀ, ਨੇੜੇ ਆਏ ਤਾਂ ਸੱਪ ਚਲਾ ਗਿਆ। ਰਾਇ ਨੂੰ ਇਸ ਤੋਂ ਹੋਰ ਸ਼ਰਧਾ ਵਧ ਗਈ।

ਫਿਰ ਗੁਰੂ ਨਾਨਕ ਉਸੇ ਰੰਗ ਕਈ ਦਿਨ ਧਿਆਨ ਮਗਨ ਪਏ ਰਹੇ। ਮਾਂ ਨੇ ਸਮਝਾਇਆ, ਪਿਤਾ ਨੇ ਵਾਹ ਲਾਈ, ਖੇਤੀ ਕਰਨ, ਸੁਦਾਗਰੀ ਕਰਨ, ਨੌਕਰੀ ਕਰਨ ਲਈ ਉਪਦੇਸ਼ਿਆ। ਆਪ ਨੇ ਜੋ ਉੱਤਰ ਦਿਤੇ ਸੋਰਠ ਮਹਲਾ 1 ਦੇ ਸ਼ਬਦ ਵਿਚ ਹੈਨ:- "ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤ"। ਇਸ ਵੇਲੇ ਫੇਰ ਮਾਂ, ਪਰਿਵਾਰ ਸਭ ਨੇ ਸਮਝਾਇਆ, ਆਖ਼ਰ ਨਿਰਾਸ ਹੋ ਗਏ ਤੇ ਸਮਝੇ ਕਿ ਪੁਤ੍ਰ ਕਮਲਾ ਹੋ ਗਿਆ ਹੈ, ਫਕੀਰਾਂ ਨ ਕੋਈ ਸ਼ੁਦਾ ਦੀ ਅਹੁਰ ਲਾ ਦਿੱਤੀ ਹੈ। ਤਿੰਨ ਮਹੀਨੇ ਬੀਤੇ ਤਾਂ ਕਮਲ ਹੋ ਗਏ ਦੀ ਤਸੱਲੀ ਪਾ ਕੇ ਵੈਦ ਸੱਦਿਆ। ਪਰ ਵੈਦ ਨਾਲ ਵੀ ਆਪ ਵਿਚਾਰ ਕਰਨ ਲਗ ਪਏ। ਵੈਦ ਦੇ ਸੱਦੇ ਜਾਣ ਦਾ ਹਾਲ ਆਪ ਨੇ ਲਿਖਿਆ ਹੈ: "ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥ ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ"॥ ਵੈਦ ਨਾਲ ਜੋ ਗਲ ਬਾਤ ਹੋਈ ਸੋ ਮਲਾਰ ਰਾਗ ਵਿਚ ਗੁਰੂ ਜੀ ਨੇ ਆਪ "ਦੁਖੁ ਵਿਛੋੜਾ ਇਕੁ ਦੁਖੁ ਭੂਖ" ਦੇ ਸ਼ਬਦਾਂ

ਵਿਚ ਦਰਸਾਈ ਹੈ। ਵੈਦ ਡਰ ਗਿਆ ਤੇ ਸ਼ਰਧਾ ਵਿਚ ਭਰਕੇ ਆਖਣ ਲੱਗਾ, "ਭਾਈ ਵੇ ਤੁਸੀਂ ਚਿੰਤਾ ਕਿਛ ਨਾ ਕਰੋ, ਇਹ ਪਰ ਦੁਖ ਭੰਜਨ ਹਾਰ ਹੈ।" ਕੁਝ ਚਿਰ ਮਗਰੋਂ ਗੁਰੂ ਜੀ ਉਠ ਬੈਠੇ, ਫਿਰਨ ਟੁਰਨ ਲਗ ਪਏ, ਸਾਰੇ ਸਾਮਾਨ ਖੇੜੇ ਦੇ ਹੋ ਗਏ।

ਇਸ ਤਰ੍ਹਾਂ ਸੁਰਜੀਤ ਦੇਖ ਕੇ ਪਿਤਾ ਨੇ ਕੁਝ ਰੁਪਏ ਦਿੱਤੇ, ਘਰ ਦਾ ਨੌਕਰ ਨਾਲ ਦਿਤਾ ਕਿ ਜਾਓ ਕੋਈ ਮਾਲ ਖ਼ਰੀਦ ਲਿਆਓ ਤੇ ਏਥੇ ਆ ਕੇ ਵੇਚੋ। ਇਉਂ ਜੇ ਕਰੋ ਤਾਂ ਖੁਲ੍ਹੇ ਫਿਰਦੇ ਟੁਰਦੇ ਬੀ ਰਹੋਗੇ ਤੇ ਸਾਡੀ ਮੁਰਾਦ ਵੀ ਪੂਰੀ ਹੋ ਜਾਏਗੀ, ਪਰ ਕੋਈ ਖਰਾ ਸੌਦਾ ਕਰਨਾ। ਨੌਕਰ ਤੇ ਰੁਪਏ ਲੈ ਕੇ ਆਪ ਚੂੜਕਾਣੇ ਦੇ ਬਨ ਵਿਚ ਆਏ ਤਾਂ ਉਥੇ ਕਈ ਸਾਧੂ ਤਪੱਸਿਆ ਕਰ ਰਹੇ ਸਨ ਤੇ ਕਈ ਦਿਨਾਂ ਦੇ ਭੁੱਖੇ ਸਨ। ਗੁਰੂ ਜੀ ਨੇ ਉਹਨਾਂ ਰੁਪੱਯਾਂ ਦਾ ਅੰਨ ਪਾਣੀ ਲੈ ਕੇ ਇਨ੍ਹਾਂ ਪਰਮੇਸ਼੍ਵਰ ਪਰਾਇਣ ਬੰਦਗੀ ਕਰ ਰਹੇ ਸੰਤਾਂ ਨੂੰ ਖੁਲਾ ਦਿੱਤਾ ਕਿ ਇਸ ਤੋਂ ਖਰਾ ਸੌਦਾ ਹੋਰ ਕਿਹੜਾ ਹੋਣਾ ਹੈ। ਨੌਕਰ ਨੇ ਸਮਝਾਇਆ ਕਿ ਪਿਤਾ ਗੁੱਸੇ ਹੋਸੀ ਪਰ ਆਪ ਅਪਣੇ ਕੂਲੇ ਦਿਲ ਨਾਲ ਸੱਚ ਮੁੱਚ ਦੇ ਨੇਕੀ ਦੇ ਕੰਮ ਵਿਚ ਸੱਚਾ ਸੌਦਾ ਕਰਨੋਂ ਨਾ ਹਟੇ। ਘਰ ਆਏ ਤਾਂ ਪਿਤਾ ਨੇ ਬਹੁਤ ਦੁਖ ਮੰਨਿਆ ਤੇ ਆਪ ਨੂੰ ਬਹੁਤ ਦੁਖੀ ਕੀਤਾ ਪਰ ਅਪਣੀ ਧੁਨ ਵਿਚ ਪੱਕੇ ਤੇ ਸਰਲ ਚਿਤ ਗੁਰੂ ਨਾਨਕ ਨੇ ਇਕੋ ਮੌਨਧਾਰੀ ਤੇ ਝੱਲ ਲਿਆ ਸਾਰਾ ਪਿਤਾ-ਕੋਪ। ਇਸ ਵੇਲੇ ਭੈਣ ਨੇ ਸਹਾਇਤਾ ਕੀਤੀ, ਛੁਡਾਇਆ ਅਤੇ ਦਰਦ ਵੰਡਾਇਆ।

ਰਾਇ ਨੂੰ ਖ਼ਬਰ ਹੋਈ ਤਾਂ ਉਸ ਨੇ ਸੱਦ ਕੇ ਮਹਿਤੇ ਨੂੰ ਝਾੜ ਪਾਈ ਤੇ ਰੱਬੀ ਬਾਲਕੇ ਨੂੰ ਅਤਿ-ਪਿਆਰ ਕੀਤਾ ਤੇ ਇਸ ਵਿਚਾਰ ਵਿਚ ਪੈ ਗਿਆ ਕਿ ਇਸ ਰੱਬ ਦੇ ਸਾਦਿਕ ਆਸ਼ਿਕ ਨੂੰ ਕਿਵੇਂ ਸੁਖੀ ਕਰੇ। ਉਸ ਦੀ ਅਕਲ ਤੇ ਪਿਆਰ ਨੇ ਇਹ ਫ਼ੈਸਲਾ ਕੀਤਾ ਕਿ ਪਿਤਾ ਤੇ ਪਰਿਵਾਰ ਤੋਂ ਇਨ੍ਹਾਂ ਨੂੰ ਦੂਰ ਕੀਤਾ ਜਾਵੇ। ਭੈਣ ਜੋ ਪਛਾਣਦੀ ਤੇ ਸਤਿਕਾਰਦੀ ਹੈ ਉਸ ਦੇ ਨੇੜੇ ਕੀਤਾ ਜਾਵੇ। ਇਹ ਵਿਚਾਰ ਉਸ ਦੀ ਐਉਂ ਸਿਰੇ ਚੜ੍ਹੀ ਕਿ ਆਪ ਨੂੰ ਸੁਲਤਾਨ ਪੁਰੇ ਘੱਲ ਦਿੱਤਾ ਜਾਵੇ ਤੇ ਲੋਦੀ ਦੌਲਤ ਖਾਂ ਦੇ ਪਾਸ ਕੋਈ ਨੌਕਰੀ ਲੈ ਦਿੱਤੀ ਜਾਵੇ। ਸੋ ਬੀਬੀ ਦੇ ਪਤੀ ਭਾਈ ਜੈਰਾਮ ਨਾਲ, ਜੋ ਸੁਲਤਾਨ ਪੁਰ ਦੇ ਨਵਾਬ ਦਾ ਨੌਕਰ ਸੀ, ਸਲਾਹ ਹੁੰਦ ਕੇ ਰਾਇ ਨੇ ਆਪ ਨੂੰ ਉਥੇ ਟੋਰ ਦਿੱਤਾ।

 www.sikhbookclub.com

ਸ੍ਰੀ ਗੁਰੂ ਜੀ ਦੇ ਤਲਵੰਡੀ ਵਿਚ ਜੋ ਸਮਾਚਾਰ ਖੀਤੇ ਉਹਨਾਂ ਤੋਂ ਇਹ ਸਪਸ਼ਟ ਹੈ ਕਿ ਆਪ ਦੀ ਆਪਣੇ ਵਾਹਿਗੁਰੂ ਵਲ ਲਗਨ ਬਚਪਨ ਤੋਂ ਸੀ ਤੇ ਉਹ ਇਤਨੀ ਤੀਬਰ ਤੇ ਤੀਖਣ ਸੀ ਕਿ ਉਸ ਨੂੰ ਮਾਂ ਦਾ ਪਿਆਰ, ਪਿਤਾ ਦਾ ਡਰ, ਸਾਕਾਂ ਦੇ ਉਲਾਂਭੇ, ਲੋਕਾਂ ਦੇ ਮਿਹਣੇ ਕੋਈ ਚੀਜ਼ ਮੋੜਾ ਨਾ ਪਾ ਸਕੀ। ਪਾਂਧੇ, ਪੰਡਿਤ, ਮੁੱਲਾਂ, ਵੈਦ ਕਿਸੇ ਦੀ ਅਕਲ ਉਸ ਨੂੰ ਸੰਸਾਰਕ ਰਸਤੇ ਪਾਉਣ ਵਿਚ ਕਾਮਯਾਬ ਨਾ ਹੋਈ। ਕਿਹਾ ਜਾ ਸਕਦਾ ਹੈ ਇਹ ਸੰਤਾਂ ਦੀ ਸੁਹਬਤ ਦਾ ਅਸਰ ਸੀ, ਪਰ ਸੰਤਾਂ ਨੂੰ ਮਿਲਨੇ ਦੀ ਅਤੀ ਛੋਟੀ ਉਮਰ ਵਿਚ ਜੋ ਰੁਚੀ ਤੇ ਤ੍ਰਿੱਖੀ ਰੁਚੀ ਸੀ ਉਹ ਤਾਂ ਉਹਨਾਂ ਦੇ ਆਪਣੇ ਮਨ ਦਾ ਉਹੀ ਕੁਦਰਤੀ ਰੌ ਸੀ ਜੋ ਨਿਰੰਕਾਰ ਵੱਲੇ ਅਰੁਕ ਵਹਿੰਦਾ ਸੀ। ਸੰਤਾਂ ਦੇ ਮਿਲਾਪ ਦੀ ਰੁਚੀ ਪਰਮਾਤਮਾ ਰੁਚੀ ਦਾ ਇਕ ਹਿੱਸਾ ਸੀ। ਇਹ ਪ੍ਰਬਲ ਰੁਚੀ ਕਰਤਾਰ ਵਲੋਂ ਹੀ ਸੀ, ਕਿਸੇ ਸੰਗਤ ਯਾ ਪ੍ਰੇਰਨਾ ਦਾ ਫਲ ਨਹੀਂ ਸੀ; ਜੋ ਰੁਚੀ ਕਿ ਪ੍ਰੇਰਨਾ ਸੰਗਤਾਂ ਤੇ ਸਖਤੀਆਂ ਇਸ ਦੇ ਉਲਟ ਚਾਰ ਚੁਫੇਰੇ ਹੋਣ ਤੇ ਵੀ ਨਾ ਮੁੜੀ। ਇਸ ਨੂੰ ਭਾਈ ਗੁਰਦਾਸ ਨੇ ਲਿਖਿਆ ਹੈ ਕਿ ਉਹ ਧੁਰੋਂ ਇਸੇ ਕੰਮ ਲਈ ਘੱਲੇ ਗਏ ਸਨ। ਯਥਾ:- 'ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿ ਪਠਾਇਆ। ਕਲਿ ਤਾਰਣ ਗੁਰ ਨਾਨਕ ਆਇਆ।' ਇਉਂ ਨਹੀਂ ਕਿ ਮਾਤਾ ਪਿਤਾ ਤੇ ਹੋਰ ਉਦਾਲਾ ਪੁਦਾਲਾ ਸਤਿਸੰਗੀ ਸੀ, ਉਹਨਾਂ ਦੇ ਅਸਰ ਨਾਲ ਗੁਰ ਨਾਨਕ ਸਤਿਸੰਗੀ ਬਣ ਗਏ ਤੇ ਤਪ ਕਰਕੇ ਗਿਆਨਵਾਨ ਹੋ ਗਏ। ਕਿਉਂਕਿ ਵਾਕਿਆਤ ਤਾਂ ਇਸ ਬਾਹਰਲੇ ਪ੍ਰਭਾਉ ਪਾਉਣ ਦੇ ਉਲਟ ਸਨ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਬਾਬੇ ਨੇ ਤਪ ਕਰਕੇ ਪਰਮਾਤਮਾ ਨਹੀਂ ਪਾਇਆ, ਪਰ ਪਹਿਲੋਂ ਉਹ ਪਰਮਾਤਮਾ ਦੀ ਬਖ਼ਸ਼ਿਸ਼ ਦੇ ਕ੍ਰਿਪਾ ਪਾਤ੍ਰ ਸਨ, ਘਾਲ ਉਨ੍ਹਾਂ ਨੇ ਪਿਛੋਂ ਕੀਤੀ ਹੈ। 'ਪਹਿਲਾਂ ਬਾਬੇ ਪਾਇਆ ਬਖਸ਼ ਦਰ, ਪਿਛੋਂ ਦੇ ਫਿਰ ਘਾਲ ਕਮਾਈ।' ਜਿਸ ਦਾ ਸਾਫ ਅਰਥ ਹੈ ਕਿ ਉਹ ਧੁਰੋਂ ਅਜ਼ਲੋਂ-ਜਗਤ ਨਿਸਤਾਰਣ ਲਈ ਸਾਈਂ ਦੇ ਬਖ਼ਸ਼ੇ ਹੋਏ ਆਏ ਸਨ। ਗੁਰਬਾਣੀ ਵਿਚ ਬੀ ਐਸੇ ਵਾਕ ਅਨੇਕ ਹਨ।

 www.sikhbookclub.com

## 2. ਸੁਲਤਾਨ ਪੁਰ

ਸੁਲਤਾਨ ਪੁਰ (ਸੁਲਤਾਨ ਪੁਰ ਗੋਂਦਵਾਲ ਵਲੋਂ ਬਿਆਸਾ ਪਾਰ ਹੈ ਤੇ ਹੁਣ ਰਿਆਸਤ ਕਪੂਰਥਲੇ ਵਿਚ ਹੈ।) ਤਦੋਂ ਇਕ ਰਾਜਧਾਨੀ ਸੀ ਤੇ ਦੌਲਤ ਖਾਂ ਓਥੋਂ ਦਾ ਹਾਕਮ ਸੀ ਜੋ ਦਿੱਲੀ ਦੇ ਲੋਧੀ ਪਾਤਸ਼ਾਹ ਦਾ ਸੰਬੰਧੀ ਸੀ। ਜੈ ਰਾਮ ਨੇ ਤਲਵੰਡੀਓਂ ਲਿਆ ਕੇ ਗੁਰੂ ਜੀ ਨੂੰ ਨਵਾਬ ਦੌਲਤ ਖਾਂ ਲੋਦੀ ਦਾ ਮੋਦੀ ਬਣਵਾ ਦਿੱਤਾ। ਇਸ ਕਿੱਤੇ ਵਿਚ ਆਪ ਸੋਹਣੀ ਤਰ੍ਹਾਂ ਲਗ ਪਏ ਪਰ ਜੋ ਮੁੱਢ ਤੋਂ ਰੁਚੀ ਅੰਦਰ ਨਿਰੰਕਾਰ ਵੱਲ ਸੀ ਉਹ ਨਹੀਂ ਘਟੀ, ਅੰਮ੍ਰਿਤ ਵੇਲੇ ਪਹਿਰ ਰਾਤ ਰਹਿੰਦੀ ਉਠ ਕੇ ਨਹਾ ਕੇ ਮਾਲਕ ਦੇ ਧਿਆਨ ਨਿਮ੍ਰਗਨ ਬੈਠ ਜਾਣਾ। ਸਵੇਰੇ ਕੀਰਤਨ ਸ਼੍ਰਵਨ ਕਰਨਾ। ਫੇਰ ਦਿਹਾੜੀ ਦੁਪਹਿਰਾਂ ਤਕ ਕੰਮ ਕਾਜ ਮੋਦੀ ਦਾ ਕਰਨਾ। ਦੁਪਹਿਰੇ ਪ੍ਰਸ਼ਾਦ ਛਕ ਕੇ ਆਰਾਮ ਕਰਨਾ? ਫੇਰ ਕੁਛ ਚਿਰ ਬੈਠੇ ਨਾਮ ਅਰਾਧਨਾ। ਫੇਰ ਆ ਕੇ ਸ਼ਾਮਾਂ ਤਕ ਕੰਮ ਕਾਜ ਕਰਨਾ। ਸੰਝ ਪਈ ਤੇ ਫੇਰ ਸਾਂਈਂ ਦੇ ਰੰਗ ਰੱਤੇ ਜਾਣਾ। ਪ੍ਰਸ਼ਾਦ ਛਕ ਕੇ ਫੇਰ ਆਰਾਮ ਕਰਨਾ। ਕੰਮ ਕਾਜ ਕਰਦਿਆਂ ਵੀ ਜੇ ਵਿਚ ਵਿਚ ਵਿੱਥ ਵਕਤ ਦੀ ਮਿਲੇ ਸਾਂਈਂ ਯਾਦ ਵਿਚ ਰਹਿਣਾ! ਕਦੇ ਜੇ ਧੜਵਾਈ ਨਹੀਂ ਹੈ ਤੇ ਆਪ ਤੋਲਣ ਬਹਿ ਗਏ ਹਨ ਤਾਂ ਤੇਰ੍ਹਵੀਂ ਧਾਰਨ ਤੇ ਆ ਕੇ "ਤੇਰਾਂ ਤੇਰਾਂ" ਕਰਦਿਆਂ ਮਗਨ ਹੋ ਜਾਣਾ, ਲਿਵ ਸਾਂਈਂ ਵਿਚ ਜੁੜ ਜਾਣੀ ਤੇ ਤੱਕੜੀ ਤੋਲੇ ਉਥੇ ਹੀ ਰਹਿ ਜਾਣੇ। ਇਥੇ ਸਤਿਸੰਗ ਦੀ ਵਾੜੀ ਖਿੜ ਪਈ। ਤਲਵੰਡੀ ਤੋਂ ਮਰਦਾਨਾ ਆ ਗਿਆ ਜੋ ਕੀਰਤਨ ਕਰੇ ਆਪ ਦੇ ਉਚਾਰੇ ਸ਼ਬਦਾਂ ਦਾ। ਹੋਰ ਇਰਦ ਗਿਰਦ ਤੋਂ ਸਤਿਸੰਗੀ ਪ੍ਰੇਮੀ ਵੀ ਆ ਜਾਇਆ ਕਰਨ। ਆਏ ਗਏ ਸਾਧ ਫਕੀਰ ਨੇ ਚਾਹ ਕੇ ਆ ਮਿਲਨਾ। ਪਦਾਰਥ, ਜੋ ਤਨਖਾਹ ਵਜੋਂ ਮਿਲਨਾ, ਉਹ ਆਪਣਾ ਨਿਰਬਾਹ ਕਰਕੇ ਲੋੜਵੰਦਾਂ ਵਿਚ ਵੰਡਣਾ। ਜੋ ਦਾਨ ਸੁਭਾਵ ਬਚਪਣ ਤੋਂ ਸੀ ਤੇ ਜਿਸ ਤੋਂ ਪਿਤਾ ਖ਼ਫ਼ਾ ਹੁੰਦੇ ਸੀ, ਹੁਣ ਬੇਰੋਕ ਖੁੱਲ੍ਹ ਨਾਲ ਪੂਰਾ ਹੋਣ ਲਗਾ!

ਮੈਲਸੀਹੇਂ ਤੋਂ ਇਕ ਭਗੀਰਥ ਨਾਮ ਦਾ ਕਾਲੀ ਦਾ ਉਪਾਸ਼ਕ ਮਹਿਮਾਂ ਸੁਣ ਕੇ ਆ ਗਿਆ ਤੇ ਆਖਣ ਲਗਾ ਕਿ ਮੈਨੂੰ ਠੰਢ ਨਹੀਂ ਪੈਂਦੀ। ਗੁਰੂ ਜੀ ਨੇ ਮੇਹਰ ਕੀਤੀ, ਨਾਮ ਵਿਚ ਤੇ ਨਿਰੰਕਾਰ ਦੀ ਸਿਫ਼ਤ ਸਲਾਹ ਵਿਚ ਲਾ ਦਿੱਤਾ, ਭਗੀਰਥ ਸੁਖੀ ਹੋ ਗਿਆ। ਇਕ ਦਿਨ ਕਿਸੇ ਗ੍ਰੀਬ ਦੀ ਕੰਨਜਾਂ ਦੇ ਵਿਆਹ ਤੇ ਗੁਰੂ ਜੀ ਨੇ ਉਸ ਨੂੰ ਦਾਜ ਦੇਣ ਕੋਲੋਂ ਦੇਣ ਦੀ ਮਨਸ਼ਾ

ਧਾਰ ਕੇ ਭਗੀਰਥ ਨੂੰ ਲਾਹੌਰ ਖਰੀਦਣ ਵਾਸਤੇ ਘੱਲਿਆ। ਭਗੀਰਥ ਇਕ ਵਡੇ ਵਪਾਰੀ ਮਨਸੁਖ ਨਾਮੇ ਪਾਸ ਗਿਆ। ਇਸ ਦੇ ਵਪਾਰ ਸੰਗਲਾਦੀਪ ਤਕ ਚਲਦੇ ਸਨ। ਇਸ ਨਾਲ ਜੋ ਗਲ ਬਾਤ ਭਗੀਰਥ ਦੀ ਹੋਈ ਉਸ ਨਾਲ ਅਸਚਰਜ ਹੋ ਕੇ ਮਨਸੁਖ ਸੁਲਤਾਨ ਪੁਰ ਆਇਆ ਤੇ ਗੁਰੂ ਜੀ ਦੇ ਦਰਸ਼ਨ ਉਪਦੇਸ਼ ਨਾਲ ਨਿਰੰਕਾਰ ਦੇ ਮਾਰਗ ਲਗ ਪਿਆ ਤੇ ਸੁਖੀ ਹੋ ਗਿਆ। ਇਸ ਤਰ੍ਹਾਂ ਅਨੇਕ ਲੋਕ ਸਾਈਂ ਦੇ ਸੱਚੇ ਰਾਹ ਤੇ ਟੁਰ ਪਏ। ਗੁਰੂ ਜੀ ਦਾ ਪਰਿਵਾਰ ਹੁਣ ਸੁਲਤਾਨਪੁਰ ਹੀ ਰਹਿੰਦਾ ਸੀ। ਦੋ ਪੁੱਤਰ ਵੀ ਆਪ ਦੇ ਗ੍ਰਿਹਿ ਹੋਏ। ਭੈਣ ਤੇ ਭਣਵਈਆ ਆਪ ਦਾ ਬੜਾ ਸਤਿਕਾਰ ਕਰਦੇ ਸਨ। ਭੈਣ ਤਾਂ ਪਹਿਲੇ ਹੀ ਨਿਰੰਕਾਰ ਦੇ ਮਾਰਗ ਤੇ ਟੁਰ ਰਹੀ ਸੀ, ਹੁਣ ਭਾਈਆ ਜੀ ਵੀ ਲਗ ਪਏ। 'ਗ੍ਰਿਹਸਤ ਵਿਚ ਰਹਿਕੇ ਉਦਾਸ' ਤੇ 'ਸਾਈਂ ਦੇ ਰਾਗ ਵਿਚ ਮਸਤ ਰਹਿਣਾ' ਇਹ ਗਲ ਗੁਰੂ ਨਾਨਕ ਦੇਵ ਨੇ ਕਰ੍ਕੇ ਵਿਖਾ ਦਿਤੀ ਤੇ ਸਿਖਾ ਦਿਤੀ ਆਪਣੇ ਸਤਿਸੰਗੀਆਂ ਨੂੰ। ਪਰ ਪੀੜਾ ਹਰਨ ਲਈ ਧਨ, ਅੰਨ, ਬਸਤ੍ਰ ਦਾ ਦਾਨ ਇੰਨਾਂ ਖੁੱਲ੍ਹਾ ਸੀ ਕਿ ਤ੍ਰੈ ਚਾਰ ਵੇਰ ਨਵਾਬ ਪਾਸ ਸ਼ਿਕਾਇਤ ਹੋਈ ਕਿ ਆਪ ਦਾ ਮਾਲ ਮਤਾ ਲੁਟਾਇਆ ਜਾ ਰਿਹਾ ਹੈ। ਪਰ ਲੇਖੇ ਦੀ ਪੜਤਾਲ ਤੋਂ ਸਦਾ ਆਪਦਾ ਵਾਧਾ ਨਿੱਕਲਦਾ ਰਿਹਾ। ਇਸ ਤਰ੍ਹਾਂ ਕੁਛ ਸਾਲ ਬੀਤ ਗਏ, ਹੁਣ ਮਾਤਾ ਪਿਤਾ ਵੀ ਖੁਸ਼ ਸਨ ਕਿ ਪੁਤ ਕਾਰੇ ਲਗ ਗਿਆ ਹੈ।

ਸੁਲਤਾਨ ਪੁਰ ਇਕ ਛੋਟੀ ਨਦੀ ਵਗਦੀ ਹੈ, ਜਿਸ ਨੂੰ ਵੇਈਂ ਕਹਿੰਦੇ ਹਨ। ਇਕ ਦਿਨ ਅੰਮ੍ਰਿਤ ਵੇਲੇ ਨ੍ਹਾਉਣ ਗਏ ਉਥੇ ਹੀ ਗੁੰਮ ਹੋ ਗਏ। ਦਾਸ ਉਡੀਕ ਕੇ ਆ ਗਿਆ ਤੇ ਪਤਾ ਦਿੱਤੋਸੁ ਕਿ ਨਦੀ ਵਿਚ ਰੁੜ੍ਹ ਗਏ ਹਨ। ਭਾਲ ਸ਼ੁਰੂ ਹੋਈ। ਨਵਾਬ ਨੇ, ਜੋ ਆਪ ਦਾ ਬੜਾ ਕਦਰਦਾਨ ਹੋ ਗਿਆ ਸੀ, ਟੋਭੇ, ਤਾਰੂ ਲੋਕ ਘੱਲੇ। ਕਿਤਨੀ ਦੂਰ ਤਕ ਭਾਲ ਹੋਈ ਪਰ ਥਹੁ ਨਾ ਪਿਆ। ਤੀਏ ਕੁ ਦਿਨ ਗੁਰੂ ਜੀ ਆਪ ਹੀ ਆ ਗਏ। ਦੁਕਾਨ ਛੋੜ ਦਿਤੀ। ਕਪੜੇ ਲਾਹ ਕੇ ਫਕੀਰੀ ਲਿਬਾਸ ਕਰ ਲਿਆ ਤੇ ਉਜਾੜ ਵਿਚ ਜਾ ਬੈਠੇ। ਸ਼ਹਿਰ ਵਿਚ ਰੌਲਾ ਪੈ ਗਿਆ। ਘਰ ਵਿਚ ਸੰਤਾਪ ਹੋ ਗਿਆ। ਇਕ ਬੇਬੇ ਨਾਨਕੀ ਹੀ ਨਹੀਂ ਘਾਬਰੀ, ਉਹ ਆਖੇ ਕਿ ਜੋ ਉਹ ਕਰਦੇ ਹਨ ਸ਼ੁਭ ਹੈ, ਉਸ ਨੂੰ ਅਸੀਂ ਨਹੀਂ ਸਮਝ ਸਕਦੇ। ਨਵਾਬ ਨੂੰ ਅਫਸੋਸ ਹੋਇਆ। ਜੇ ਕੋਈ ਜਾ ਕੇ ਗਲ ਕਰੇ ਤਾਂ ਆਪ ਆਖਣ

'ਨਾ ਕੋਈ ਹਿੰਦੂ ਹੈ ਤੇ ਨਾ ਮੁਸਲਮਾਨ।' ਇਸ ਗਲ ਤੋਂ ਚਿੜ ਕੇ ਕਾਜੀ ਨੇ ਨਵਾਬ ਪਾਸ ਚੁਗ਼ਲੀ ਲਾਈ। ਨਵਾਬ ਨੇ ਸੱਦ ਘੱਲਿਆ। ਆਪ ਨਾ ਆਏ, ਫੇਰ ਨਵਾਬ ਨੇ 'ਬਰਾਏ ਖ਼ੁਦਾ' ਸੱਦ ਘੱਲਿਆ ਤਾਂ ਆ ਗਏ। ਪਰਮਾਰਥ ਦੀ ਗਲ ਬਾਤ ਕਿਤਨਾ ਚਿਰ ਹੋਈ। ਨਵਾਬ ਤਾਂ ਤਸੱਲੀ ਵਿਚ ਹੋ ਗਿਆ ਕਿ ਇਹ ਕੋਈ ਵਲੀ ਹੈ ਪਰ ਕਾਜ਼ੀ ਖੁਣਸ ਵਿਚ ਸੀ, ਕਹਿਣ ਲਗਾ ਸਾਡੇ ਨਾਲ ਨਿਮਾਜ਼ ਪੜ੍ਹ। ਜਾਂ ਮਸੀਤੇ ਜਾ ਕੇ ਨਿਮਾਜ਼ ਪੜ੍ਹੀ ਤਾਂ ਗੁਰੂ ਜੀ ਮੁਸਕਰਾਂਦੇ ਰਹੇ। ਕਾਜ਼ੀ ਨੇ ਕਹਿਆ: ਵੇਖੋ ਨਵਾਬ ਸਾਹਿਬ! ਇਹ ਹਿੰਦੂ ਨਿਮਾਜ਼ ਨੂੰ ਮਖ਼ੌਲ ਕਰਦਾ ਰਹਿਆ ਹੈ। ਗੁਰੂ ਜੀ ਨੇ ਕਹਿਆ ਕਿ ਮੈਂ ਨਿਮਾਜ਼ ਨੂੰ ਨਹੀਂ ਮਖ਼ੌਲ ਕੀਤਾ ਤੇਰੇ ਪੜ੍ਹਨ ਤੇ ਹਸਦਾ ਰਿਹਾ ਹਾਂ ਕਿ ਲੋਕਾਂ ਦੇ ਭਾਣੇ ਤੂੰ ਖ਼ੁਦਾ ਅਗੇ ਖੜਾ ਸੈਂ ਤੇ ਤੇਰੇ ਦਿਲ ਨੂੰ ਵਛੇਰੇ ਦਾ ਫਿਕਰ ਖਾਂਦਾ ਰਿਹਾ ਹੈ ਕਿ ਉਹ ਕਿਤੇ ਵਿਹੜੇ ਦੇ ਖੂਹ ਵਿਚ ਨਾ ਡਿਗ ਪਵੇ। ਇਹ ਖ਼ੁਦਾ ਦੀ ਨਿਮਾਜ਼ ਨਹੀਂ ਖ਼ੁਦਾ ਦੀ ਬੇਅਦਬੀ ਹੈ। ਨਵਾਬ ਨੇ ਕਿਹਾ: ਮੇਰੇ ਨਾਲ ਨਿਮਾਜ਼ ਪੜ੍ਹ ਲੈਂਦੇ। ਆਪ ਕਹਿਣ ਲਗੇ: ਤੁਸੀਂ ਕਾਬਲ ਵਿਚ ਘੋੜੇ ਖਰੀਦਦੇ ਰਹੇ ਸੋ। ਨਿਮਾਜ਼ ਦੀ ਊਠਕ ਬੈਠਕ ਤਾਂ ਲੋਕਾਂ ਦਾ ਪਰਚਾਵਾ ਸੀ, ਖ਼ੁਦਾ ਦੀ ਹਜ਼ੂਰੀ ਵਿਚ ਦੋਵੇਂ ਨਹੀਂ ਸਾਓ। ਗਲਾਂ ਦੋਏ ਸੱਚੀਆਂ ਸਨ। ਤਦ ਦੋਵੇਂ ਪੈਰੀਂ ਪਏ ਤੇ ਸਿੱਕਾ ਮੰਨ ਗਏ। ਫੇਰ ਨਵਾਬ ਵਲੋਂ, ਕਾਜ਼ੀ ਵਲੋਂ, ਫਕੀਰਾਂ ਵਲੋਂ ਘਰ ਦਿਆਂ ਵਲੋਂ ਬੜੇ ਯਤਨ ਹੋਏ ਕਿ ਆਪ ਠਹਿਰ ਜਾਣ ਪਰ ਆਪ ਨਾ ਮੰਨੇ ਤੇ ਸੁਲਤਾਨ ਪੁਰ ਤੋਂ ਰਵਾਨਾ ਹੋ ਗਏ।

ਅਸਲ ਵਿਚ ਤ੍ਰੈ ਦਿਨ ਜੋ ਆਪ ਗ਼ਾਇਬ ਰਹੇ ਆਪ ਵਾਹਿਗੁਰੂ ਦੇ ਧਿਆਨ ਮਗਨ ਉਸ ਦੇ ਸ੍ਵਰੂਪ ਵਿਚ ਪ੍ਰਾਪਤ ਹੋਕੇ ਉਸ ਦੇ ਦਰ ਅੱਪੜੇ ਮਨ ਤੇ ਆਪਣੇ ਅਗੋਂ ਦੇ ਕਰਨ ਵਾਲੇ ਕੰਮ ਦਾ ਅਨੁਭਵ ਲੈ ਆਏ ਸਨ। ਜਿਸ ਦਾ ਵੇਰਵਾ ਗੁਰੂ ਜੀ ਨੇ ਆਪ ਇਉਂ ਲਿਖਿਆ ਹੈ:

**ਹਉ ਢਾਢੀ ਵੇਕਾਰੁ ਕਾਰੈ ਲਾਇਆ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥ ਢਾਢੀ ਸਚੈ ਮਹਲਿ ਖਸਮਿ ਬੁਲਾਇਆ॥ ਸਚੀ ਸਿਫਤਿ ਸਾਲਾਹਿ ਕਪੜਾ ਪਾਇਆ॥ ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥ ਢਾਢੀ ਕਰੇ ਪਸਾਉ ਸਬਦੁ ਵਜਾਇਆ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ॥** (ਵਾਰ ਮਾਝ ਮ:੧)

ਇਸਦਾ ਵੇਰਵਾ ਜਨਮ ਸਾਖੀ ਵਿਚ ਐਉਂਕੁ ਦਾ ਦਿੱਤਾ ਹੈ ਕਿ ਜਦ ਗੁਰੂ ਜੀ ਹਜ਼ੂਰੀ ਵਿਚ ਹਾਜ਼ਰ ਹੋਏ ਤਾਂ ਹੁਕਮ ਹੋਇਆ - "ਨਾਨਕ! ਇਹ ਅੰਮ੍ਰਿਤੁ ਮੇਰੇ ਨਾਮ ਕਾ ਪਿਆਲਾ ਹੈ ਤੂੰ ਪੀਉ। ਤਬ ਗੁਰੂ ਨਾਨਕ ਤਸਲੀਮ ਕੀਤੀ ਪਿਆਲਾ ਪੀਤਾ, ਸਾਹਿਬ ਮੇਰਵਾਨ ਹੋਇਆ। ਨਾਨਕੁ ਮੈਂ ਤੇਰੇ ਨਾਲ ਹਾਂ। ਮੈਂ ਤੇਰੇ ਤਾਈਂ ਨਿਹਾਲੁ ਕੀਤਾ ਹੈ ਅਤੇ ਜੋ ਤੇਰਾ ਨਾਮ ਲੇਵੈਗਾ ਸੋ ਸਭ ਮੈਂ ਨਿਹਾਲ ਕੀਤੇ ਹੈਨ। ਤੂੰ ਜਾਇ ਕਰ ਮੇਰਾ ਨਾਮ ਜਪ ਅਰ ਲੋਕਾਂ ਥੀਂ ਵੀ ਜਪਾਇ ਅਰ ਸੰਸਾਰ ਥੀਂ ਨਿਰਲੇਪ ਰਹੁ। ਨਾਮ ਦਾਨ ਇਸ਼ਨਾਨ ਸੇਵਾ ਸਿਮਰਨ ਵਿੱਚ ਰਹੁ। ਮੈਂ ਤੇਰੇ ਤਾਂਈਂ ਆਪਣਾ ਨਾਮ ਦੀਆ ਹੈ ਤੂੰ ਏਹਾ ਕਿਰਤ ਕਰਿ.....ਫੇਰ ਆਗਿਆ ਆਈ ਹੁਕਮ ਹੋਆ– ਨਾਨਕ ਜਿਸ ਉਪਰ ਤੇਰੀ ਨਦਰ ਤਿਸ ਉਪਰ ਮੇਰੀ ਨਦਰਿ। ਜਿਸ ਉਪਰ ਤੇਰਾ ਕਰਮ ਉਸ ਉਪਰ ਮੇਰਾ ਕਰਮ। ਮੇਰਾ ਨਾਉ ਪਾਰਬ੍ਰਹਮ ਪਰਮੇਸ਼ਰ ਅਰ ਤੇਰਾ ਨਾਉ ਗੁਰ ਪਰਮੇਸ਼ਰ।

### 3. ਦੇਸ਼ਾਟਨ

ਸੁਲਤਾਨ ਪੁਰੋਂ ਟੁਰ ਬਿਆਸ਼ਾ ਪਾਰ ਹੋ ਆਪ ਰਸਤੇ ਵਿਚ ਠਹਿਰਦੇ ਇਕ ਥਾਂਵੇਂ ਛੰਭ ਦੇ ਕਿਨਾਰੇ ਬੇਰੀਆਂ ਦੀ ਛਾਂਵੇਂ ਆ ਟਿਕੇ (ਲਿਖਿਆ ਹੈ ਕਿ ਇਹ ਥਾਉਂ ਅੰਮ੍ਰਤ ਸਰੋਵਰ ਵਾਲਾ ਥਾਉਂ ਸੀ।)। ਇਥੋਂ ਟੁਰਕੇ ਲਾਹੌਰ ਆਦ ਥਾਈਂ ਹੁੰਦੇ ਸੈਦ ਪੁਰ ਸੰਡਿਆਲੀ ਇਕ ਗ਼ੀਬ ਤਰਖਾਣ ਭਾਈ ਲਾਲੋ ਦੇ ਘਰ ਆ ਟਿਕੇ। ਏਥੇ ਰੋੜਾਂ ਰੇਤਿਆਂ ਤੇ ਬੈਠਕੇ ਕੁਛ ਚਿਰ ਫਿਰ ਤਪ ਕੀਤਾ। ਤਰਖਾਣ ਸ਼ੂਦਰ ਦੇ ਘਰ ਖਾਣ ਪਾਣ ਕਰਨ ਕਰਕੇ ਤੇ ਨਾਲ ਮਰਦਾਨਾ ਡੂਮ ਹੋਣ ਕਰਕੇ ਲੋਕਾਂ ਨੇ ਗੁਰੂ ਜੀ ਦੀ ਇਸ ਖੁੱਲ੍ਹ ਨੂੰ ਕੁਰਾਹ ਜਾਣਕੇ ਨੁਕਤਾ ਚੀਨੀਆਂ ਕੀਤੀਆਂ। ਸ਼ਹਿਰ ਦੇ ਇਕ ਸਿਰਕਰਦੇ ਮਲਕ ਭਾਗੋ ਦੇ ਘਰ ਬ੍ਰਹਮ ਭੋਜ ਸੀ। ਬ੍ਰਹਮਣਾ ਨੇ ਸਦਵਾ ਘੱਲਿਆ ਕਿ ਪੰਗਤ ਵਿੱਚ ਸ਼ਰਮਿੰਦਾ ਕਰਾਂਗੇ, ਗੁਰੂ ਜੀ ਗਏ ਹੀ ਨਾ। ਅਗਲੇ ਦਿਨ ਮਲਕ ਭਾਗੋ ਨੇ ਸੱਦਾ ਘੱਲਿਆ ਤੇ ਨਾ ਆਉਣੇ ਦਾ ਕਾਰਣ ਸਖ਼ਤੀ ਨਾਲ ਪੁੱਛਿਆ। ਗੁਰੂ ਜੀ ਨੇ ਇਕ ਹੱਥ ਉਸਦਾ ਪਕਵਾਨ ਤੇ ਦੂਏ ਹੱਥ ਵਿਚ ਲਾਲੋ ਦਾ ਕੋਧ੍ਰੇ ਦਾ ਟੁੱਕਰ ਲੈਕੇ ਨਪੀੜਿਆ ਤਾਂ ਪਕਵਾਨ ਵਿਚੋਂ ਰੱਤ ਤੇ ਟੁੱਕਰ ਵਿਚੋਂ ਦੁੱਧ ਦੀਆਂ ਧਾਰਾਂ ਚੋਈਆਂ। ਇਹ ਕੌਤਕ ਵਰਤਾਕੇ ਗੁਰੂ ਜੀ ਨੇ ਦੱਸਿਆ

ਕਿ ਤੇਰੀ ਕਮਾਈ ਰਿਸ਼ਵਤਾਂ ਤੇ ਗ਼ਰੀਬਾਂ ਤੇ ਕੀਤੇ ਜ਼ੋਰ ਜ਼ੁਲਮ ਦੀ ਹੈ। ਗ਼ਰੀਬਾਂ ਦੀ ਰੱਤ ਨਾਲ ਭਰੀ ਹੈ ਸਾਰੀ। ਲਾਲੋ ਦੀ ਧਰਮ ਦੀ ਕਿਰਤ ਹੈ। ਉਹ ਮੋਟਾ ਅੰਨ ਹੈ, ਪਰ ਧਰਮ ਦਾ ਦੁੱਧ ਹੈ ਉਸ ਵਿਚ। ਇਉਂ ਮਲਕ ਸ਼ੁਭ ਰਸਤੇ ਪੈ ਗਿਆ।

ਇਥੋਂ ਹੁਣ ਵਿਦਾ ਹੋ ਕੇ ਗੁਰੂ ਜੀ ਤਲਵੰਡੀ ਆਏ ਤੇ ਦਰਸ਼ਨਾਂ ਨੂੰ ਸਿਕ ਰਹੇ ਰਾਇ ਬੁਲਾਰ ਨੂੰ ਮਿਲੇ। ਇਸ ਨੂੰ ਠੰਢ ਪਾ ਕੇ ਫਿਰ ਤੁਰ ਪਏ। ਮਾਪਿਆ ਤੇ ਸਤਿਸੰਗੀਆਂ ਵਲੋਂ ਪਿਆਰ ਸਤਿਕਾਰ ਅਤੇ ਮੁਹੱਬਤਾਂ ਦੇ ਸਾਰੇ ਜ਼ੋਰ ਲਾਏ ਗਏ ਪਰ ਆਪ ਨਾ ਅਟਕੇ। "ਬਾਬਾ ਦੇਖੈ ਧਿਆਨ ਧਰ ਜਲਤੀ ਸਭ ਪ੍ਰਿਥਮੀ ਦਿਸ ਆਈ। **ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਨੀ ਲੁਕਾਈ॥ ਬਾਬੇ ਭੇਖ ਬਨਾਇਆ ਉਦਾਸੀ ਕੀ ਰੀਤ ਚਲਾਈ॥ ਚੜ੍ਹਿਆ ਸੋਧਨ ਧਰਤ ਲੁਕਾਈ॥**" (ਵਾਰ ੧-੨੪)

ਤਲਵੰਡੀ ਤੋਂ ਟੁਰ ਕੇ ਜਾਪਦਾ ਹੈ ਆਪ ਲਾਹੌਰ ਹੁੰਦੇ ਹੋਏ ਰਵਾਂ ਰਵੀਂ ਟੁਰੀ ਗਏ। ਕਜਾਮ ਥੋੜੇ ਕੀਤੇ ਤੇ ਫੇਰ ਹੜੱਪੇ ਪਹੁੰਚੇ, ਜਿਥੇ ਯਾਦਗਾਰੀ ਗੁਰਦੁਆਰਾ ਹੈ। ਮਰਦਾਨੇ ਨੂੰ ਵੈਰਾਗ ਸਿਖਾਲਦੇ ਤੁਲੰਬੇ ਦੇ ਇਲਾਕੇ ਅੱਪੜੇ। ਇਥੇ ਇਕ ਠੱਗ ਸੀ- ਸਜਣ, ਜੋ ਮਸੀਤ ਤੇ ਠਾਕਰ ਦੁਆਰਾ ਬਣਾ ਕੇ ਆਏ ਗਏ ਹਿੰਦੂ ਮੁਸਲਮਾਨ ਨੂੰ ਉਤਰਾ ਦੇਂਦਾ, ਖ਼ਾਤਰ ਕਰਦਾ, ਤੇ ਫੇਰ ਸਭ ਕੁਝ ਉਨ੍ਹਾਂ ਦਾ ਠੱਗ ਲੈਂਦਾ ਯਾ ਖੋਹ ਲੈਂਦਾ ਹੁੰਦਾ ਸੀ। ਲੋੜ ਪਵੇ ਤਾਂ ਜਾਨੋਂ ਮਾਰ ਕੇ ਖੁਰਾ ਖੋਜ ਬੀ ਮਿਟਾ ਦੇਂਦਾ ਸੀ। ਗੁਰੂ ਜੀ ਜਾਣ ਬੁੱਝ ਕੇ ਇਸ ਦੇ ਘਰ ਉਤਰੇ ਤੇ ਰਾਤ ਸਤਿਸੰਗ ਦਾ ਉਹ ਰੰਗ ਜਮਾਇਆ ਕਿ ਮਾਰਨ ਦੀ ਥਾਂ ਸਜਣ ਸਿਖ ਬਣਿਆ। ਇਸ ਦਾ ਕੁਫਰ-ਗੜ੍ਹ ਢੁਆ ਕੇ ਉਸ ਦੀ ਚੰਦਰੀ ਕਮਾਈ ਸਾਰੀ ਗ਼ਰੀਬਾਂ ਤੇ ਲੁਟ ਚੁਕੇ ਲੋਕਾਂ ਵਿਚ ਲੁਟਵਾ ਕੇ ਗੁਰੂ ਬਾਬੇ ਨੇ ਧਰਮ ਪ੍ਰਚਾਰ ਲਈ ਆਪਣੇ ਆਦਰਸ਼ ਦੀ ਪਹਿਲੀ ਧਰਮਸਾਲ ਏਥੇ ਬਣਾਈ ਤੇ ਇਸ ਪ੍ਰਜਾ-ਦ੍ਰੋਹੀ ਨੂੰ ਪ੍ਰਜਾ ਸੇਵਕ ਬਣਾਕੇ ਧਰਮਸਾਲ ਦਾ ਪਹਿਲਾ ਭਾਈ ਬਣਾਇਆ(ਭਾਈ ਸਜਣ ਦੀ ਭਿੜਕੀ ਭਾਈ ਜੋਧ ਦੀ ਧਰਮਸਾਲ ਦੇ ਕੋਲ ਹੈ ਜੋ ਮਖਦੂਮ ਪੁਰ ਰੇਲਵੇ ਸਟੇਸ਼ਨ (ਖਾਨੇਵਾਲ ਸ਼ੋਰਕੋਟ ਲਾਈਨ, ਪਾਕਿਸਤਾਨ) ਤੋਂ ਅੱਧਾ ਪੌਣਾ ਮੀਲ ਹੈ।)। ਇਸ ਨੇ ਫਿਰ ਸਾਰੀ ਉਮਰ ਭਜਨ ਬੰਦਗੀ ਤੇ ਸੇਵਾ ਵਿਚ ਬਿਤਾਈ।

 www.sikhbookclub.com

ਇਥੋਂ ਗੁਰੂ ਜੀ ਲਹਿੰਦੇ ਰੁਖ਼ ਹੋ ਟੁਰੇ। ਰਾਵ ਬਜ਼ਾਸਾ ਪਾਰ ਹੋ ਅਨੇਕਾਂ ਜੀਆਂ ਦਾ ਉਧਾਰ ਕਰਦੇ ਹਰਿਦ੍ਵਾਰ ਪਹੁੰਚੇ। ਏਥੇ ਕੋਈ ਮੇਲਾ ਸੀ। ਆਪ ਜੀ ਨੇ ਡਿੱਠਾ ਕਿ ਕੁਛ ਲੋਕ ਸੁਵੇਰੇ ਸੂਰਜ਼ ਨਿਕਲਣ ਵੇਲੇ ਸੂਰਜ ਨੂੰ ਪਾਣੀ ਦੇ ਰਹੇ ਹਨ। ਆਪ ਜੀ ਨੇ ਸੂਰਜ਼ ਵੱਲ ਪਿੱਠ ਕਰਕੇ ਲਹਿੰਦੇ ਨੂੰ ਪਾਣੀ ਦੇਣਾ ਆਰੰਭਿਆ। ਲੋਕਾਂ ਪੁੱਛਿਆ ਪਾਣੀ ਕਿਸ ਨੂੰ? ਆਖਣ ਲਗੇ ਲਹੌਰ ਦੇ ਲਾਗੇ ਆਪਣੇ ਪਿੰਡ ਦੀਆਂ ਭੋਆਂ ਨੂੰ। ਹੱਸ ਕੇ ਲੋਕੀ ਕਹਿਣ ਲਗੇ: ਏਥੇ ਦਿੱਤਾ ਓਥੇ ਕਿੰਞ ਅੱਪੜੇਗਾ? ਗੁਰੂ ਜੀ ਬੋਲੇ: ਜੇ ਏਸੇ ਧਰਤੀ ਤੇ ਦਿੱਤਾ ਏਸੇ ਧਰਤੀ ਤੇ ਨਹੀਂ ਅੱਪੜਦਾ ਤਾਂ ਏਸ ਧਰਤੀ ਦਾ ਦਿੱਤਾ ਸੂਰਜ-ਲੋਕ ਕਿੰਞ ਪਹੁੰਚੇਗਾ? ਇਹ ਕਹਿਣਾ ਸੀ ਕਿ ਵਦਾਣ ਦੀ ਸੱਟ ਵੱਜੀ, ਜਾਗ ਖੁੱਲ੍ਹ ਗਈ ਭੁੱਲਿਆਂ ਦੀ। ਫਿਰ ਆਪ ਨੇ ਸਤਿਨਾਮ ਦਾ ਉਪਦੇਸ਼ ਦਿਤਾ, ਭ੍ਰਮ ਕੱਟੇ, ਇਕ ਵਾਹਿਗੁਰੂ ਦੀ ਭਗਤੀ ਵਿਚ ਲਾ ਕੇ ਜੀਵ ਮਾਤ੍ਰ ਨਾਲ ਪਜਾਰ ਕਰਨਾ ਸਿਖਲਾਇਆ। ਏਥੋਂ ਆਪ ਕਈ ਥਾਂ ਵਿਚਰਦੇ ਕੁਰਖੇਤਰ ਆਏ, ਜਿਥੇ ਸੂਰਜ ਗ੍ਰਹਣ ਦਾ ਪੁਰਬ ਸੀ। ਏਥੇ ਜਦ ਗ੍ਰਹਿਣ ਲਗਾ ਤੇ ਲੋਕੀ ਦਾਨ ਕਰ ਰਹੇ ਤੇ ਨ੍ਹਾ ਰਹੇ ਸਨ ਤਾਂ ਇਕ ਰਾਜਕੁਮਾਰ ਆ ਗਿਆ, ਜਿਸ ਨੂੰ ਪਹਿਲੋਂ ਗ੍ਰਹਿਣ ਦਾ ਪਤਾ ਨਹੀਂ ਸੀ। ਉਹ ਸ਼ਿਕਾਰ ਦਾ ਮਾਰਿਆ ਹਰਨ ਲੈ ਆਇਆ। ਆਪ ਨੇ ਉਹ ਹਰਣ ਰਿੱਝਣਾ ਧਰਾ ਦਿੱਤਾ। ਦੇਗ਼ ਤਪਦੀ ਦੇਖ ਇਕ ਜਗਤ ਉਲਟ ਪਿਆ। ਨਾਨੂ ਨਾਮੇ ਦਿਗਬਿਜਈ ਪੰਡਿਤ ਚਰਚਾ ਲਈ ਆ ਗਿਆ। ਇਸ ਦੇ ਭ੍ਰਮ ਦੇ ਛੌੜ ਸਤਿਗੁਰ ਨੇ ਕੱਟੇ ਤੇ ਮਾਸ ਦੇ ਵਿਸ਼ੇ ਤੇ ਬਹਿਸ ਵਿਚ ਉਸ ਨੂੰ ਹਾਰ ਦਿਤੀ। ਜੋ ਕੁਛ ਆਖਿਆ ਉਹ ਆਪ ਨੇ ਇਕ ਸ਼ਬਦ ਵਿਚ ਅੰਕਿਤ ਕੀਤਾ ਜੋ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ:-

**ਮਾਸੁ ਮਾਸੁ ਕਰਿ ਮੂਰਖੁ ਝਗੜੇ**
**ਗਿਆਨੁ ਧਿਆਨੁ ਨਹੀ ਜਾਣੈ॥**
(ਮਲਾਰ ਵਾਰ ਮ:੧-੨੫)

ਪੰਡਤ ਨੇ ਹਾਰ ਮੰਨੀ, ਸ਼ਰਨ ਲਈ, ਅਨੇਕਾਂ ਸਿੱਖ ਹੋਏ। ਕੁਛ ਦਿਨ ਆਪ ਓਥੇ ਰਹੇ ਤੇ ਸਤਿਨਾਮ ਦਾ ਪ੍ਰਚਾਰ ਕਰਕੇ ਓਥੋਂ ਟੁਰਕੇ ਪਾਣੀਪਤ ਆਏ। ਇਥੇ ਸ਼ੇਖ ਤਾਹਰ ਮਿਲਿਆ। ਮੁਲਾਕਾਤ ਨਾਲ ਅਚਰਜ ਹੋ ਕੇ

ਆਪਣੇ ਪੀਰ ਸ਼ੇਖ਼ ਸ਼ਰਫ ਦੇ ਗੱਦੀ ਨਸ਼ੀਨ ਨੂੰ ਲੈ ਆਇਆ। ਇਸ ਨਾਲ ਗੁਰੂ ਜੀ ਦੀ ਫਕੀਰੀ ਨੁਕਤਿਆਂ ਤੇ ਚਰਚਾ ਹੋਈ। ਅੰਤ ਵਿਚ ਸ਼ੇਖ਼ ਸੱਚ ਨੂੰ, ਸਿਫਤ ਸਲਾਹ ਨੂੰ ਤੇ ਪਰਮੇਸ਼ਰ ਦੇ ਨਾਮ ਨੂੰ ਸਹੀ ਮੰਨ ਕੇ ਪੈਰੀਂ ਪਿਆ। ਲਿਖਿਆ ਹੈ 'ਤਬ ਆਇ ਦਸਤਪੋਸੀ ਕੀਤਿਓਸੁ, ਅਤੇ ਪੈਰ ਚੁੰਮਿਓਸੁ।' (ਪੁ:ਜ:ਸਾ:)

ਇਥੋਂ ਟੁਰਕੇ ਆਪ ਦਿੱਲੀ ਆ ਨਿਕਲੇ ਤੀਮਾਰ ਪੁਰ ਕੋਲ ਮਹਾਵਤਾਂ ਵਿਚ ਆ ਉਤਰੇ(ਇਥੇ ਹੁਣ ਤਕ ਗੁਰਦਵਾਰਾ ਹੈ।)। ਉਥੇ ਇਕ ਹਾਥੀ ਮਰ ਗਿਆ ਤੇ ਰੋ ਪਿੱਟ ਰਹੇ ਸਨ ਸੇਵਾਦਾਰ ਕਿ ਰੁਜ਼ਗਾਰ ਗਿਆ। ਗੁਰੂ ਜੀ ਨੇ ਤਰਸ ਕਰ ਕੇ ਹਾਥੀ ਜਿਵਾਲ ਦਿੱਤਾ। ਇਹ ਖ਼ਬਰ ਸ਼ਹਿਰ ਵਿਚ ਫੈਲੀ। ਪਾਤਸ਼ਾਹ ਇਬਰਾਹੀਮ ਲੋਧੀ ਨੂੰ ਪਹੁੰਚੀ ਤੇ ਉਹ ਹਾਥੀ ਤੇ ਚੜ੍ਹ ਕੇ ਦੇਖਣ ਆਇਆ। ਦੇਖ ਕੇ ਸੱਚ ਪਾ ਕੇ ਹੈਰਾਨ ਹੋ ਪੁੱਛਣ ਲੱਗਾ, 'ਇਹ ਹਾਥੀ ਤੁਸਾਂ ਜੀਵਾਇਆ ਹੈ?' ਗੁਰੂ ਜੀ ਨੇ ਕਿਹਾ 'ਮਾਰਨ ਜੀਵਾਲਣ ਵਾਲਾ ਖੁਦਾਇ ਹੈ, ਅਤੇ ਦੁਆਇ ਫਕੀਰਾਂ ਰਹਿਮੁ ਅੱਲਾਹ ਹੈ।' ਤਦ ਫੇਰ ਪਾਤਸ਼ਾਹ ਆਖਿਆ- 'ਮਾਰਿ ਦਿਖਾਲੁ'। ਤਾਂ ਬਾਬੇ ਆਖਿਆ-**"ਮਾਰੈ ਜੀਵਾਲੈ ਸੋਈ॥ ਨਾਨਕ ਏਕਸੁ ਬਿਨੁ ਅਵਰੁ ਨਾ ਕੋਈ॥"** ਹਾਥੀ ਮਰ ਗਿਆ। ਪਾਤਸ਼ਾਹ ਕਿਹਾ- 'ਜਿਵਾਲੁ'। ਤਬ ਬਾਬੇ ਕਿਹਾ: 'ਲੋਹਾ ਅੱਗ ਵਿਚ ਤਪ ਲਾਲ ਹੁੰਦਾ ਹੈ, ਪਰ ਉਹ ਰਤੀ ਹੱਥ ਉੱਪਰ ਟਿਕੈ ਨਾਹੀ ਅਤੇ ਅੰਗਿਆਰ ਕੋਈ ਰਤੀ ਰਹੈ। ਤਿਉਂ ਖ਼ੁਦਾਇ ਦੇ ਵਿਚ ਫਕੀਰ ਲਾਲ ਹੋਏ ਹੈਨ ਅਤੇ ਖੁਦਾਇ ਕੀ ਸੱਟੀ ਉਹ ਉਠਾਇ ਲੇਇਣ, ਪਰ ਉਨਕੀ ਸੱਟੀ ਉਠਣੋਂ ਰਹੀ'। ਤਬ ਪਾਤਸ਼ਾਹ ਸਮਝ ਕਰ ਬਹੁਤ ਖ਼ੁਸ਼ੀ ਹੋਇਆ, ਤਬ ਆਖਿਓਸੁ 'ਜੀ ਕੁਛ ਕਬੂਲ ਕਰ।' ਤਬ ਬਾਬਾ ਬੋਲਿਆ: 'ਨਾਨਕ ਭੁਖ ਖੁਦਾਇ ਕੀ ਬਿਆ ਬੇ ਪਰਵਾਹੀ॥ ਅਸਾਂ ਤਲਬ ਦੀਦਾਰ ਕੀ ਬਿਆ ਤਲਬ ਨ ਕਾਈ॥' (ਪੁ:ਜ:ਸਾ:)

## 4. ਪਹਿਲੀ ਉਦਾਸੀ

ਉਦਾਸੀ ਪਹਿਲੀ ਤਾਂ ਮੁਲਤਾਨਪੁਰੋਂ ਸ਼ੁਰੂ ਹੋ ਪਈ ਸੀ, ਪਰ ਪੁ: ਜਨਮ ਸਾਖੀ ਨੇ ਏਥੇ ਪਹਿਲੀ ਉਦਾਸੀ ਲਿਖੀ ਹੈ। ਦਿੱਲੀ ਤੋਂ ਆਪ ਟੁਰੇ ਤੇ ਨਾਲ ਮਰਦਾਨਾ ਸੀ ਜੋ ਜੰਡਿਆਲੀ ਸੈਦਪੁਰੇ ਤੋਂ ਬਰਾਬਰ ਨਾਲ ਆ ਰਿਹਾ

ਸੀ। ਹੁਣ ਬਾਬੇ ਦਾ ਪਹਿਰਾਵਾ ਇਹ ਸੀ:- ਇਕ ਕਪੜਾ ਅੰਬੂਏ ਰੰਗ ਦਾ, ਇਕ ਚਿੱਟਾ, ਇਕ ਪੈਰ ਜੁੱਤੀ, ਇਕ ਪੈਰ ਖਉਂਸ, ਗਲ ਖਫਨੀ, ਸਿਰ ਟੋਪੀ ਕਲੰਦਰੀ, ਮਾਲਾ ਹੱਡਾਂ ਦੀ, ਮੱਥੇ ਤਿਲਕ ਕੇਸਰ ਦਾ। ਪੂਰਬ ਰੁਖ਼ ਨੂੰ ਹੋ ਟੁਰੇ। ਰਾਹ ਵਿਚ ਸ਼ੇਖ ਬਜੀਦ ਸੁਖਪਾਲੇਵਿਚ ਚੜ੍ਹਿਆ ਮਿਲਿਆ। ਉਥੋਂ ਚਲਦੇ ਚਲਦੇ ਗੋਰਖ ਮਤੇ (ਗੋਰਖ ਮਤਾ ਤਦ ਤੋਂ ਨਾਨਕ ਮਤਾ ਹੋ ਗਿਆ। ਹੁਣ ਉਦਾਸੀ ਸੰਤਾਂ ਦੇ ਪ੍ਰਬੰਧ ਵਿਚ ਹੈ। ਇਹ ਪੀਲੀ ਭੀਤ ਦੇ ਨੇੜੇ ਹੈ।) ਆ ਨਿਕਲੇ। ਇਹ ਜੋਗੀਆਂ ਦਾ ਮਾਨੋਂ ਗੜ੍ਹ ਸੀ। ਉਨ੍ਹਾਂ ਵਰਤਾਉ ਮਾੜਾ ਕੀਤਾ, ਫੇਰ ਚਰਚਾ ਵੀਚਾਰ ਹੋਈ। ਜੋਗੀ ਹਾਰੇ ਤੇ ਮੱਥਾ ਟੇਕਿਓ ਨੇ। ਫੇਰ ਗੁਰੂ ਜੀ ਅੱਗੇ ਟੁਰ ਪਏ ਤੇ ਬਨਾਰਸ ਅੱਪੜੇ। ਇਥੇ ਚਤੁਰ ਦਾਸ ਬ੍ਰਾਹਮਣ ਨਾਲ ਵੀਚਾਰ ਹੋਈ, ਜਿਸ ਪ੍ਰਤੀ ਜੋ ਉਪਦੇਸ਼ ਹੋਇਆ ਬਸੰਤ ਰਾਗ ਦੇ ਸ਼ਬਦ "ਸਾਲਾਗ੍ਰਾਮ ਬਿਪ ਪੂਜਿ ਮਨਾਵਹੁ" ਵਿਚ ਤੇ "ਰਾਜਾ ਬਾਲਕੁ ਨਗਰੀ ਕਾਚੀ" ਵਿਚ ਗੁਰੂ ਜੀ ਦਾ ਲਿਖਿਆ ਮੌਜੂਦ ਹੈ। ਫੇਰ ਇਸ ਪੰਡਤ ਪ੍ਰਤੀ ਜੋ ਉਪਦੇਸ਼ ਦਾਨ ਹੋਇਆ, ਜਿਸ ਨਾਲ ਇਹ ਗੁਰੂ ਕੇ ਮਾਰਗ ਤੇ ਟੁਰ ਪਿਆ, ਰਾਗ ਰਾਮਕਲੀ ਦਖਣੀ ਓਅੰਕਾਰ ਵਿਚ ਗੁਰੂ ਜੀ ਦੀ ਲਿਖਤ ਦਰਜ ਹੈ।

ਏਥੋਂ ਪਟਨੇ ਆਏ। ਏਥੇ ਇਕ ਜੌਹਰੀ ਸਾਲਸ ਰਾਇ ਤੇ ਉਸ ਦੇ ਨੌਕਰ ਅਧਰਕੇ ਤੇ ਮਿਹਰ ਹੋਈ ਤੇ ਉਸ ਨੂੰ ਮੰਜੀ ਰਖਸ਼ੀ। ਸਾਲਸ ਰਾਇ ਦੇ ਰਚੇ ਦੋ ਇਕ ਛੰਦ ਵੀ ਗੁਰੂ ਨਾਨਕ ਯਸ਼ ਦੇ ਮਿਲਦੇ ਹਨ। ਇਥੋਂ ਟੁਰ ਕੇ ਆਪ "ਗਯਾ" ਨੂੰ ਗਏ, ਉਥੇ ਪਾਂਡਿਆਂ ਪ੍ਰਤੀ 'ਦੀਵਾ ਮੇਰਾ ਏਕ ਨਾਮ' (ਆਸਾ) ਦਾ ਉਪਦੇਸ਼ ਕੀਤਾ ਤੇ ਫੇਰ 'ਬੁਧ-ਗਯਾ' ਚਲੇ ਗਏ। ਇਥੋਂ ਦੇ ਮਹੰਤ ਦੇਵ ਗਿਰ ਨੇ ਸੰਗਤ ਕਰ ਕੇ ਸਿੱਖੀ ਧਾਰਨ ਕੀਤੀ। ਇਸ ਦੇ ਪੋਤੇ ਚੇਲੇ ਨੇ ਗੁਰੂ ਹਰਿਰਾਇ ਜੀ ਦੇ ਦਰਸ਼ਨ ਕੀਤੇ, ਭਗਤ ਭਗਵਾਨ ਨਾਮ ਪ੍ਰਾਪਤ ਕੀਤਾ। ਇਨ੍ਹਾਂ ਦੇ ਪ੍ਰਚਾਰ ਨਾਲ ਪੂਰਬ ਵਿਚ ਲੱਖਾਂ ਨਾਨਕ ਪੰਥੀ ਬਣੇ ਤੇ ਤ੍ਰੈ ਚਾਰ ਸੌ ਗੁਰਦੁਆਰਾ ਅਸਥਾਪਨ ਹੋਇਆ।

ਇਸ ਇਲਾਕੇ ਫਿਰਦੇ ਫੇਰ ਰਾਜੌਲੀ ਆਏ ਤੇ ਇਕ ਤਪੀ ਫਕੀਰ ਕੱਲੂਣਸ਼ਾਹ ਨੂੰ ਅਨੁਭਵ ਦੇ ਦਰਜੇ ਤੇ ਪੁਚਾਇਆ। ਇਸ ਦਾ ਸਥਾਨ ਹੁਣ ਤਕ ਇਥੇ ਹੈ। ਇਸ ਤੋਂ ਅਗੇ ਇਕ ਵਣਜਾਰੇ ਦੇ ਪੁਤ੍ਰ ਦੇ ਜਨਮ ਹੋ ਕੇ ਮਰਨ ਪੁਰ "ਪਹਿਲੈ ਪਹਰੈ ਰੈਣਿਕੈ ਵਣਜਾਰਿਆ ਮਿਤ੍ਰਾ (ਸਿਰੀ ਰਾਗ)"

ਦਾ ਉਪਦੇਸ਼ ਹੋਇਆ! ਇਸ ਤੋਂ ਅੱਗੇ ਇਕ ਥਾਂ ਕੁਛ ਦਿਨ ਟਿਕ ਗਏ। ਏਥੇ ਇਕ ਬਾਣੀਆਂ ਨਾਮਧ੍ਰੀਕ ਹੋਇਆ, ਜੋ ਰੋਜ਼ ਦਰਸ਼ਨਾਂ ਨੂੰ ਆਉਂਦਾ ਸੀ। ਇਸ ਦਾ ਇਕ ਮਿੱਤ੍ਰ ਰੋਜ਼ ਗਣਿਕਾ ਦੇ ਜਾਂਦਾ ਸੀ। ਇਕ ਦਿਨ ਕੱਠੇ ਹੋਏ ਤਾਂ ਸਿੱਖ ਦੇ ਪੈਰ ਕੰਡਾ ਚੁਭਿਆ ਸੀ ਤੇ ਵਿਸ਼ਈ ਨੂੰ ਇਕ ਕੁੱਜਾ ਲੱਭਾ ਸੀ ਕੋਲਿਆਂ ਨਾਲ ਭਰਿਆ, ਪਰ ਵਿਚ ਇਕ ਮੁਹਰ ਸੀ। ਵਿਸ਼ਈ ਨੇ ਕਿਹਾ ਵਿਸ਼ੇ ਭੋਗ ਦਾ ਜੀਵਨ ਸਤਿਸੰਗ ਦੇ ਜੀਵਨ ਤੋਂ ਚੰਗਾ ਹੈ। ਸਿਖ ਨੇ ਇਸ ਦੇ ਉਲਟ ਕਿਹਾ। ਨਿਆਂ ਲਈ ਗੁਰੂ ਜੀ ਕੋਲ ਆਏ। ਗੁਰੂ ਜੀ ਨੇ ਕਿਹਾ: ਕੁਸੰਗ ਦੀ ਪਾਪ ਅਗਨੀ ਨਾਲ ਮੋਹਰਾਂ ਦਗਧ ਹੋ ਕੇ ਕੋਲੇ ਬਣ ਗਈਆਂ, ਇਕ ਰਹਿ ਗਈ ਨਿਸ਼ਾਨੀ। ਸਤਿਸੰਗ ਕਰਕੇ ਇਸ ਦੇ ਪਿਛਲੇ ਮਾੜੇ ਕਰਮਾਂ ਕਰਕੇ ਜੋ ਸੂਲੀ ਬਣੀ ਸੀ ਛੋਟੀ ਹੋ ਹੋ ਕੇ ਸੂਲ ਰਹਿ ਗਈ। ਇਹ ਸੁਣਕੇ ਵਿਸ਼ਈ ਸਿੱਖ ਹੋ ਕੇ ਪਵਿੱਤ੍ਰ ਜੀਵਨ ਵਾਲਾ ਹੋ ਗਿਆ। ਇਥੋਂ ਟੁਰਕੇ 'ਮਾਲਦਾ' ਆਏ, ਰਾਮ ਦੇਵ ਬਾਬੂ ਸਿੱਖ ਹੋਇਆ, ਸੰਗਤ ਬਣੀ! ਬਾਕੀ ਦੁਮਾਸਾ ਬਾਬੇ ਨੇ ਏਥੇ ਕੱਟਿਆ। ਇਥੋਂ ਟੁਰ ਕੇ ਰਾਹ ਵਿਚ ਇਕ ਵਪਾਰੀ ਦਾ 'ਪਾਉ' ਦਾ ਵੱਟਾ ਦੇਖ ਕੇ 'ਧੰਨ ਪਾਓ, ਧੰਨ ਪਾਓ' ਕਰਦੇ ਉਸ ਨੂੰ ਤਾਰਦੇ ਰਾਤ ਇਕ ਠੱਗਾਂ ਦੇ ਪਿੰਡ ਜਾ ਰਹੇ। ਉਨ੍ਹਾਂ ਆਦਰ ਕੀਤਾ, 'ਰਾਤ ਲੁਟਾਂਗੇ' ਜੀ ਧਾਰ ਕੇ ਸੌਂ ਗਏ। ਦਿਨ ਚੜ੍ਹੇ ਜਾਗ ਖੁਲ੍ਹੀ ਤਾਂ ਗੁਰੂ ਜੀ ਟੁਰ ਚੁਕੇ ਸੇ। ਠੱਗ ਮਗਰੇ ਭੱਜੇ ਜਾ ਕੇ ਮਿਲ ਪਏ ਤੇ ਕਹਿਣ ਲੱਗੇ ਤੁਹਾਨੂੰ ਮਾਰ ਦੇਣਾ ਹੈ। ਗੁਰੂ ਜੀ ਬੋਲੇ: ਜੀ ਸਦਕੇ ਮਾਰੋ ਪਰ ਸਰੀਰਾਂ ਦਾ ਦਾਹ ਕਰ ਦੇਣਾ। ਹੈਰਾਨ ਹੋ ਗਏ ਕਿ ਇਸ ਤਰ੍ਹਾਂ ਖੁਸ਼ੀ ਨਾਲ ਕੌਣ ਮਰਦਾ ਹੈ, ਇਹ ਕੋਈ ਮਹਾਨ ਲੋਕ ਹੈ। ਫੇਰ ਇਕ ਚਿਖਾ ਬਲਦੀ ਦਾ ਕੌਤਕ ਤੱਕਿਓ ਨੇ, ਪੈਰੀਂ ਪੈ ਗਏ। ਗੁਰੂ ਜੀ ਗਿਰਾਂ ਨੂੰ ਮੁੜ ਆਏ ਤੇ ਸਾਰੇ ਪਿੰਡ ਤੋਂ ਠੱਗੀ ਡਕੈਤੀ ਛੁਡਾ ਕੇ ਖੇਤੀ ਕਰਨੇ ਲਾ ਦਿੱਤਾ।

ਇਥੋਂ ਤੁਰ ਕੇ ਮੁਰਸ਼ਿਦਾਬਾਦ ਆਏ। ਇਥੇ ਇਕ ਜੜੀਏ ਸੂਜਾ ਨਾਮੇ ਨੂੰ ਨਾਮ ਰੰਗ ਚੜ੍ਹਾਇਆ। ਇਸ ਨੂੰ ਸੇਵਕ ਥਾਪ ਕੇ ਆਪ ਅੱਗੇ ਟੁਰੇ। ਸੂਜੇ ਦੀ ਸੰਗਤ ਹੁਣ ਤੱਕ ਹੈ ਤੇ ਇਸ ਦੇ ਰਚੇ ਗੁਰੂ ਨਾਨਕ ਮਿਲਾਪ ਦੇ ਛੰਦ ਵੀ ਮਿਲਦੇ ਹਨ। ਇਥੋਂ ਤੁਰ ਕੇ ਰਾਜਗੰਜ ਆਏ। ਇਥੇ ਸਤਿਨਾਮ ਦਾ ਉਪਦੇਸ਼ ਦੇਂਦੇ ਇਕ ਇਕਾਂਤ ਥਾਵੇਂ ਕੁਝ ਸਮਾਂ ਤਪ ਕੀਤਾ ਤੇ ਫੇਰ

ਢਾਕੇ ਜਾ ਪਹੁੰਚੇ ਤੇ ਬਾਹਰ ਡੇਰਾ ਕੀਤਾ। ਲੂਣੀਆ ਸਿੱਧ, ਨੱਥੇ ਸ਼ਾਹ ਤੇ ਸ਼ੇਖ ਅਹਿਮਦ ਫ਼ਕੀਰ, ਰਵਿਦਾਸ, ਸਾਮਲ ਦਾਸ, ਚੇਤਨ ਨਾਥ, ਨਰੈਣ ਦਾਸ ਆਦਿ ਜਪ ਤਪ ਕਰਨ ਵਾਲੇ ਨਾਮ ਉਪਦੇਸ਼ ਨਾਲ ਰਸ ਦੇ ਘਰ ਆਏ ਤੇ ਅਨੁਭਵ ਹੋ ਆਇਓ ਨੇ ਕਿ 'ਰਸਮਈ ਹੈ ਉਹ ਪਰਮਾਤਮਾ'। ਇਸ ਤੋਂ ਬਾਦ ਆਪ ਨੂਰ ਸ਼ਾਹ ਨਾਮੇ ਪ੍ਰਸਿੱਧ ਚੇਟਕੀ ਫ਼ਕੀਰ ਦੀ ਨਗਰੀ (ਇਹ ਥਾਂ ਪੁ:ਜ:ਸਾ: ਵਿਚ ਕਾਮਰੂਪ ਦੱਸੀ ਹੈ। ਤਵਾਰੀਖ ਖਾਲਸਾ ਨੇ ਢਾਕੇ ਦੇ ਲਾਗੇ ਕੁਝ ਮੀਲਾਂ ਤੇ ਲਿਖੀ ਹੈ।) ਆਏ ਜੋ ਗੱਦੀ ਨਸ਼ੀਨ ਸੀ, ਉਂਵ ਸੀ ਇਸਤ੍ਰੀ। ਇਸ ਨੇ ਤ੍ਰਾਟਿਕਾਂ (ਪੱਛਮੀ ਇਸ ਵਿਦਿਆ ਨੂੰ ਮੈਸਮਰੇਜ਼ਮ ਤੇ ਹਿਪਨਾਟਿਜ਼ਮ ਆਖਦੇ ਹਨ।) ਦੀ ਇਕ ਜੁਗਤੀ ਨਾਲ ਅਨੇਕ ਲੋਕ ਵੱਸ ਕਰਕੇ ਐਸ਼੍ਵਰਜ ਬਣਾ ਰਖਿਆ ਸੀ। ਇਸ ਚਤਰ ਉਸਤਾਦ ਨੇ ਮਰਦਾਨੇ ਤੇ ਵੀ ਬੇਹੋਸ਼ੀ ਤਾਰੀ ਕੀਤੀ। ਸਤਿਗੁਰਾਂ ਨੇ ਉਸ ਨੂੰ ਸੁਰਜੀਤ ਕੀਤਾ ਤੇ ਇਸ ਦਾ ਕੁਫਰ ਗੜ੍ਹ ਤੋੜ ਕੇ, ਇਸ ਨੂੰ ਲੋਭ ਲਾਲਚ ਤੋਂ ਧੋ ਕੇ, ਵਾਹਿਗੁਰੂ ਪ੍ਰੇਮ ਤੇ ਸ੍ਰਿਸ਼ਟੀ ਦੇ ਉਪਕਾਰ ਵਿਚ ਲਾ ਦਿੱਤਾ। 'ਤਬਿ ਉਹ ਆਇ ਪੈਰੀ ਪਈਆਂ, ਨਾਉ ਧਰੀਕ ਸਿਖਣੀਆਂ ਹੋਈਆਂ'। (ਪੁ:ਜ:ਸਾ:)

ਇਥੋਂ ਟੁਰ ਕੇ ਇਕ ਭੂਮੀਏ ਨੂੰ ਮਿਲੇ, ਜੋ ਦਾਨ ਵੀ ਕਰਦਾ ਪਰ ਪਾਪ ਨਾਲ ਧਨ ਵੀ ਇਕੱਠਾ ਕਰਦਾ ਸੀ, ਇਸ ਨੂੰ ਸੱਚ ਦੀ ਸੁਮੱਤੇ ਲਾ ਕੇ ਤਾਰਿਆ। ਇਸ ਤੋਂ ਅੱਗੇ ਭਿਆਨਕ ਬਨ ਵਿਚ ਜਾਣਾ ਤੇ ਕਲਿਜੁਗ ਦਾ ਮਿਲਨਾ ਤੇ ਅੱਗੇ ਕੀੜ ਨਗਰ ਲੰਘਣਾ ਲਿਖਿਆ ਹੈ। ਫੇਰ ਵਸਤੀਆਂ ਆਈਆਂ, ਇਕ ਪਿੰਡ ਬਹੁਤ ਖਾਤਰ ਹੋਈ ਤੇ ਇਕ ਹੋਰ ਪਿੰਡ ਅਨਾਦਰ! ਗੁਰੂ ਜੀ ਨੇ ਪਹਿਲੇ ਨੂੰ ਕਿਹਾ ਵਸਦਾ ਰਹੇ, ਦੂਜੇ ਨੂੰ ਕਿਹਾ ਖਿੰਡਦਾ ਰਹੇ। ਮਰਦਾਨੇ ਕਾਰਨ ਪੁੱਛਿਆ। ਕਹਿਣ ਲੱਗੇ- ਪਹਿਲਾ ਕੁਸੰਗੀ ਹੈ ਖਿੰਡੇਗਾ ਤਾਂ ਕੁਸੰਗ ਫੈਲਾਏਗਾ, ਇਕੋ ਥਾਂ ਬੰਦ ਰਹੇ ਤਾਂ ਠੀਕ ਹੈ। ਦੂਸਰਾ ਸਤਿਸੰਗੀ ਹੈ ਫੈਲੇਗਾ ਤਾਂ ਜਿੱਥੇ ਜਾਏਗਾ ਭਲਿਆਈ ਫੈਲਾਏਗਾ।

ਫੇਰ ਆਸਾ(ਆਸਾਮ) ਦੇਸ ਆਏ। ਇਥੇ ਫਰੀਦ ਮਿਲਿਆ, ਗੋਸ਼ਟ ਹੋਈ, 'ਪਹਿਲੈ ਪਹਰੈ ਸਲੋਨੜੀਏ' (ਤੁਖਾਰੀ) ਦਾ ਸ਼ਬਦ ਉਚਾਰ ਹੋਇਆ। ਇਥੋਂ ਬਿਸੀਅਰ ਦੇਸ ਆਏ। ਇਥੇ ਝੰਡੇ ਖਾਢੀ ਨੂੰ ਸਿੱਖੀ ਬਖ਼ਸ਼ੀ ਤੇ ਮੰਜੀ ਦਿੱਤੀ। ਹੋਰ ਕਈ ਰਾਜੇ, ਰਾਜਕੁਮਾਰ ਤੇ ਲੋਕੀ ਨਾਮ ਧਰੀਕ ਸਿੱਖ ਹੋਏ। ਬਿਸੀਅਰ ਦੇਸ ਵਿਚ ਲਿਖਿਆ ਹੈ, 'ਨਗਰ ਛੁਟ ਘਾਟਕਾ' ਜੋ ਜਾਪਦਾ

ਹੈ ਕਿ 'ਚਿਟ ਗਾਉਂ' ਹੈ, ਇਥੇ ਸਮੁੰਦਰ ਦੀ ਬਰੇਤੀ ਬੈਠਾ ਲਿਖਿਆ ਹੈ। ਅੱਗੇ ਇਕ ਉਜਾੜ ਆਈ ਜਿੱਥੇ ਮਰਦਾਨਾ ਅਤੀ ਘਬਰਾਇਆ। ਜਾਪਦਾ ਹੈ ਕਿ ਚਿਟ ਗਾਉਂ ਤੋਂ ਬਰਮਾਂ ਨੂੰ ਬਨੋ ਬਨ ਤੁਰੇ ਹਨ, ਜਾਂ ਕਿਸੇ ਟਾਪੂ ਦੇ ਬਨ ਵਿਚ ਗਏ ਹਨ। ਪਰ ਮਰਦਾਨੇ ਦੇ ਘਬਰਾ ਜਾਣ ਕਰਕੇ ਮੁੜ ਪਏ ਹਨ ਤੇ ਕਿਸੇ ਜਹਾਜ਼ ਤੇ ਬੈਠ ਕੇ ਕਿਨਾਰੇ ਕਿਨਾਰੇ ਸਫਰ ਕਰਦੇ ਕਟਕ ਵਾਲੇ ਪਾਸੇ ਪੁਰੀ ਨੂੰ ਹੋ ਟੁਰੇ ਹਨ। ਇਥੇ ਜਗਨ ਨਾਥ ਆਏ ਜਿਥੇ ਪੰਡਿਆਂ ਪਹਿਲੋਂ ਆਕੜ ਕੀਤੀ ਪਰ ਮਗਰੋਂ ਸ਼ਰਨ ਲਈ। 'ਗਗਨ ਮੈਂ ਥਾਲੁ ਰਵਿ ਚੰਦੁ ਦੀਪਕ' ਆਰਤੀ ਦਾ ਉਚਾਰ ਭੀ ਇਥੇ ਹੋਇਆ। ਇਥੋਂ ਪਹਿਲਂ ਜਾਂ ਹੋ ਕੇ ਕਟਕ (ਇਥੇ ਗੁਰਦੁਆਰਾ ਹੈ ਤੇ ਸਤਿਗੁਰ ਦਾ ਲਾਇਆ ਸਹਾਰੇ ਦਾ ਬ੍ਰਿਛ ਹਰਾ ਹੈ।) ਆਏ। ਇਥੇ ਭੈਰੋਂ ਦੇ ਉਪਾਸ਼ਕ ਚੈਤਨਜ ਭਾਰਤੀ ਨੂੰ ਬੀਰਾਰਾਧਨ ਤੋਂ ਕੱਢ ਕੇ ਨਿਰੰਕਾਰ ਦੀ ਉਪਾਸ਼ਨਾ ਵਿਚ ਲਾ ਕੇ ਬ੍ਰਿਤੀ ਨੂੰ ਰਸਮਯ ਕਰਕੇ ਗੁਰੂ ਜੀ ਹੁਣ ਦੇਸ਼ ਨੂੰ ਪਰਤ ਪਏ। ਰੁਹੇਲ ਖੰਡ ਵਿਚ ਬੰਦੀ ਵਿਚ ਆ ਪਏ। ਇਕ ਸਿੱਖ ਨੂੰ ਬੰਦੀ ਤੋਂ ਛੁਡਾ ਕੇ ਆਗਰੇ ਆਕੇ ਮਾਈ ਜੱਸੀ ਦਾ ਪਾਰ ਉਤਾਰਾ ਕੀਤਾ ਜੋ ਮੂਰਤੀ ਦੀ ਪੂਜਾ ਕਰਕੇ ਨਿਰਾਸ ਹੋ ਰਹੀ ਸੀ। ਇਥੋਂ ਹੁਣ ਆਪਣੇ ਦੇਸ਼ ਦਾ ਰੁਖ਼ ਲੈ ਕੇ ਅਨੇਕ ਥਾਈਂ ਠਹਿਰਦੇ ਉਪਦੇਸ਼ ਦੇਂਦੇ ਸੁਲਤਾਨ ਪੁਰ ਆ ਪਹੁੰਚੇ। ਭੈਣ, ਭਾਈਆ ਜੀ ਤੇ ਸਤਿਸੰਗੀਆਂ ਨੂੰ ਮਿਲ ਕੇ ਤਲਵੰਡੀ ਆਏ। ਮਾਤਾ ਪਿਤਾ ਪਰਿਵਾਰ ਨੂੰ ਮਿਲੇ, ਰਾਤ ਰਾਇ ਬੋਲਾਰ ਪਾਸ ਠਹਿਰੇ, ਅਗਲੇ ਭਲਕ ਫਿਰ ਟੁਰ ਪਏ। ਮਾਤਾ ਜੀ ਨੇ ਟੁਰਨ ਵੇਲੇ ਕਿਹਾ: 'ਬੇਟਾ! ਮੇਰੇ ਮਨ ਸੰਤੋਖ ਕਿਉਂਕਰ ਆਵੇਗਾ। ਜੇ ਤੂੰ ਖਹੁਤੀ ਵਰ੍ਹੀਂ ਉਦਾਸੀ ਕਰਕੇ ਆਇਆ ਹੈਂ।' ਤਦ ਬਾਬੇ ਕਿਹਾ: ਮਾਤਾ ਤੂੰ ਬਚਨ ਮੰਨ ਤੈਨੂੰ ਸੰਤੋਖ ਆਵੇਗਾ। ਇਉਂ ਆਗਿਆ ਲੈ ਕੇ ਟੁਰ ਪਏ।

## 5. ਸ੍ਵਦੇਸ਼ ਵਿਚ ਸ਼ਬਦ ਸੋਹਿਲਾ

ਤਲਵੰਡੀਓਂ ਟੁਰ ਕੇ ਪਹਿਲਾਂ ਰਾਵੀ ਵੱਲ ਨੂੰ ਆ ਕੇ ਕੁਛ ਚਿਰ ਬਨਾਂ ਵਿਚ ਠਹਿਰੇ, ਫੇਰ ਝਨਾਂ ਨੂੰ ਹੋ ਲਏ। ਇਥੇ ਕਈ ਕੌਤਕ ਵਰਤੇ ਤੇ ਉਪਦੇਸ਼ ਹੋਏ। ਸਾਂਦਲ ਬਾਰ ਫਿਰਦੇ ਹੇਠਾੜੋਂ ਉਪਰ ਨੂੰ ਪਰਤੇ ਤੇ ਰਾਵੀ ਉਰਾਰ ਹੋ ਭਾਈ ਸੱਜਣ ਦੀ ਧਰਮਸਾਲ ਉਪਕਾਰ ਕਰਦੀ ਤੱਕ ਕੇ ਪਾਕਪਟਨ

ਆ ਨਿਕਲੇ (ਰਾਵੀ ਚਨਾਉ ਦੇਖ ਕਰਿ ਉਜਾੜਿ ਪੈ ਚਲਿਆ, ਪਟਣ ਦੇਸ ਵਿਚ ਆਇ ਨਿਕਲਿਆ। -ਪੁ:ਜ:ਸਾ:)। ਬਾਹਰ ਉਜਾੜ ਵਿਚ ਬੈਠੇ ਕੀਰਤਨ ਸੁਣ ਰਹੇ ਸਨ ਕਿ ਸ਼ੇਖ ਇਬਰਾਹੀਮ (ਜੋ ਸ਼ੇਖ ਫਰੀਦ ਦੀ ਗੱਦੀ ਸੀ) ਦਾ ਚੇਲਾ ਕਮਾਲ ਆ ਗਿਆ, ਸੁਣ ਕੇ ਬਹੁਤ ਪ੍ਰਸੰਨ ਹੋਇਆ। ਉਸ ਨੇ ਕੀਰਤਨ ਦੀਆਂ ਇਕ ਦੋ ਤੁਕਾਂ ਯਾਦ ਕਰਕੇ ਪੀਰ ਨੂੰ ਜਾ ਸੁਣਾਈਆਂ। ਤਦ ਪੀਰ ਸਤਿਕਾਰ ਵਿਚ ਭਰ ਕੇ ਦਰਸ਼ਨ ਨੂੰ ਆਇਆ। ਸ਼ੇਖ ਇਬਰਾਹੀਮ ਪਰਮੇਸ਼ਰ ਦਾ ਸ਼ੁਕੀਨ ਬੰਦਾ ਸੀ, ਬਹੁਤ ਚਿਰ ਉੱਤਰ ਪ੍ਰਸ਼ਨ ਕਰਦਾ ਰਿਹਾ, ਅਖ਼ੀਰ ਪੂਰੀ ਤਸੱਲੀ ਹੋ ਗਈ ਤੇ ਆਖਿਓਸੁ:- ਨਾਨਕ ਤੁਧ ਖੁਦਾਇ ਪਾਇਆ ਹੈ, ਤੁਧ ਅਰ ਖੁਦਾਇ ਵਿਚ ਭੇਦ ਨਾਂਹੀ, ਪਰ ਤੂੰ ਮਿਹਰਵਾਨ ਹੋਹੁ ਜੋ ਅਸਾਡੀ ਬੀ ਖੁਦਾਇ ਨਾਲ ਰਹਿ ਆਵੇ। ਆਸਾ ਵਾਰ ਦੀਆਂ ਪਹਿਲੀਆਂ 9 ਪਉੜੀਆਂ. ਲਿਖਿਆ ਹੈ ਕਿ, ਏਥੇ ਸ਼ੇਖ ਪਰਥਾਇ ਹੋਈਆਂ(ਆਸਾ ਦੀ ਵਾਰ ਉਚਾਰਨ ਵਾਲੇ ਥਾਂ ਨਾਨਕ ਸਰ ਨਾਮੇ ਗੁਰਦੁਵਾਰਾ ਸੁਣੀਦਾ ਹੈ ਕਿ ਹੁਣ ਤਕ ਹੈ।))।

ਓਥੋਂ ਵਿਦਾ ਹੋ ਕੇ ਇਕ ਹੋਰ ਅਭਿਮਾਨੀ ਫਕੀਰ ਨੂੰ ਤਾਰਦੇ, ਜੋ ਕਿਸੇ ਨੂੰ ਚੁਬਾਰਾ ਨਹੀਂ ਸੀ ਪਾਉਣ ਦੇਂਦਾ, ਆਪ ਦੀਪਾਲ ਪੁਰ (ਕੋੜ੍ਹੀ ਨਿਸਤਾਰਨ ਦੀ ਥਾਵੇਂ ਗੁਰਦੁਵਾਰਾ ਹੈ। ਪੁ:ਜ:ਸ: ਦੀ ਏਥੇ ਥਾਵਾਂ ਦੀ ਤਰਤੀਬ ਸੋਧਣ ਵਾਲੀ ਹੈ।) ਆਏ। ਏਥੇ ਕੋਹੜੀ ਫਕੀਰ ਨੂੰ ਨਾਮ ਦਾਨ ਦਿੱਤਾ ਤੇ ਦੂਰ ਕੀਤਾ ਉਸਦਾ ਕੋਹੜ। ਫਿਰ ਕੰਙਣ ਪੁਰ ਕਸੂਰ ਤੋਂ ਹੋ, ਜਿੱਥੇ ਹੁਣ ਗੋਂਦਵਾਲ ਹੈ, ਬਿਆਸਾ ਦੇ ਪੱਤਣੋਂ ਪਾਰ ਹੋ ਸੁਲਤਾਨ ਪੁਰ ਗਏ। ਬੀਬੀ ਪਾਸ ਕੁਛ ਦਿਨ ਟਿਕੇ। ਇਥੋਂ ਫਿਰ ਟੁਰਕੇ ਸਤਲੁਜ ਪਾਰ ਹੋ ਉੱਤਰ ਰੁਖ਼ ਜਿੱਥੇ ਹੁਣ ਕੀਰਤ ਪੁਰ ਹੈ ਜਾ ਨਿਕਲੇ ਤੇ ਬੁੱਢਣ ਸ਼ਾਹ ਨਾਮੇ ਫਕੀਰ ਨੂੰ ਨਿਹਾਲ ਕੀਤਾ। ਏਥੋਂ ਫੇਰ ਪਰਤੇ ਤੇ ਸੁਲਤਾਨ ਪੁਰ ਆਏ। ਏਥੋਂ ਬਜਾਸਾ ਉਰਾਰ ਹੋ ਵੈਰੋਵਾਲ ਜਲਾਲਾ ਵਾਦ ਹੋਕੇ ਪਠਾਣਾਂ ਦੀਆਂ ਕਿੜੀਆਂ ਵਿਚ ਆ ਕੇ ਪਠਾਣਾਂ ਨੂੰ ਮੁਰੀਦ ਕੀਤਾ ਤੇ ਓਹ 'ਨਾਨਕ ਸ਼ਾਹ' ਨਾਮ ਨਾਲ ਲਗੇ ਸਰੋਦਾਂ ਗਾਉਣ। ਫੇਰ ਵਟਾਲੇ ਹੁੰਦੇ ਹੋਏ ਰਾਵੀ ਪਾਰ ਹੋ ਸੈਦਪੁਰ (ਇਹ ਗੱਲ ਅਜੇ ਸਹੀ ਕਰਨੇ ਯੋਗ ਹੈ ਕਿ ਸੈਦਪੁਰ ਦੀ ਕਤਲਾਮ ਅਜ ਕਲ ਹੀ ਹੋਈ ਕਿ ਕੁਝ ਸਮਾਂ ਮਗਰੋਂ ਹੋਈ ਹੈ।) ਸੰਡਜਾਲੀ (ਏਮਨਾਬਾਦ) ਚਲੇ ਗਏ। ਏਥੇ ਬਾਬਰ ਦੇ ਹੱਲੇ ਦੇ ਭਵਿੱਖਤ ਵਾਕ ਆਖੇ। ਕੁਛ ਸਮਾਂ ਮਗਰੋਂ

ਬਾਬਰ ਆ ਪਿਆ ਤੇ ਇਸ ਸ਼ਹਿਰ ਦੀ ਕਤਲਾਮ ਲੁੱਟ ਮਾਰ ਤੇ ਬਹੁਤ ਖ਼ਰਬਾਦੀ ਕੀਤੀ, ਤਦੋਂ 1578 ਸੰਮਤ(ਗੁਰੂ ਜੀ ਦਾ ਭਵਿਖਤ ਵਾਕ ਬਾਬਰ ਦੇ ਸੰਡਜਾਲੀ ਲੁੱਟਣ ਦਾ 1578 ਬਿ: ਸੀ ਸੋ ਪੂਰਾ ਹੋਇਆ ਸੀ।) ਸੀ (1521 ਈ:), ਜਦੋਂ ਬਾਬਰ ਸਿਆਲਕੋਟ ਤੱਕ ਲੁੱਟ ਮਾਰ ਕਰਕੇ ਮੁੜ ਗਿਆ (ਬਾਬਰ, ਕ੍ਰਿਤ Stainly Pool ਸਫ਼ਾ 155)। ਪਰ ਉਸ ਦਾ ਡਰ ਤੇ ਬਹੁਤ ਇਸ ਇਲਾਕੇ ਵਿਚ ਹੋ ਹੀ ਗਿਆ। ਇਸ ਕਤਲ ਦੇ ਹਾਲ ਗੁਰੂ ਜੀ ਨੇ ਆਪ ਲਿਖੇ ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈਨ। ਸੈਦਪੁਰ ਤੋਂ ਆਪ ਪਸਰੂਰ ਆਏ ਤੇ ਫੇਰ ਸਾਹੇਕੇ। ਏਥੋਂ ਸਿਆਲਕੋਟ ਸ਼ਹਿਰੋਂ ਬਾਹਰ ਆ ਬੈਠੇ ਜਿਥੇ ਹੁਣ ਬਾਬੇ ਦੀ ਬੇਰ ਆਪ ਦੇ ਬੈਠਣ ਦਾ ਯਾਦਗਾਰ ਗੁਰਦੁਆਰਾ ਹੈ। ਏਥੇ ਹਮਜ਼ਾਗੌਸ ਨਾਮੇ ਫ਼ਕੀਰ ਨੂੰ ਰਸਤੇ ਪਾਇਆ ਜੋ ਸ਼ਹਿਰ ਗ਼ਰਕ ਕਰਨੇ ਲਈ ਚਿਲਾ ਲਾਈ ਬੈਠਾ ਸੀ। ਇਸ ਨੂੰ ਸੋਝੀ ਦਿੱਤੀ ਕਿ ਫ਼ਕੀਰ ਕਦੇ ਬਦੀ ਨਹੀਂ ਕਰਦਾ, ਉਸ ਦਾ ਧਰਮ ਹੈ ਪਿਆਰ ਤੇ ਸਦਾ ਪਿਆਰ। ਇਸ ਫ਼ਕੀਰ ਨਾਲ ਪਿਆਰ ਕਰਕੇ ਤੇ ਸ਼ਹਿਰ ਨੂੰ ਉਸ ਦੇ ਕੋਪ ਤੋਂ ਬਚਾ ਕੇ ਆਪ ਫੇਰ ਮੀਏਂ ਮਿੱਠੇ ਦੇ ਕੋਟਲੇ ਆਏ। ਏਥੇ ਮੀਏਂ ਮਿੱਠੇ ਨਾਲ ਗੋਸ਼ਟ ਹੋਈ। ਮੀਆਂ ਮਿੱਠਾ ਤਸੱਲੀ ਪਾ ਕੇ 'ਇਕੋ ਨਾਮ' ਦੇ ਰਾਹੇ ਟੁਰ ਪਿਆ। ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ 'ਤਬ ਸੇਖ ਮਿਠੇ ਆਇ ਪੈਰ ਚੁੰਮੇ।'

ਏਥੋਂ ਫੇਰ ਰਾਵੀ ਦੇ ਕਿਨਾਰੇ ਹੋ ਲਏ ਤੇ ਲਾਹੌਰ ਆ ਨਿਕਲੇ। ਲਾਹੌਰ ਦੇ ਪਰਗਣੇ ਦਾ ਅਜਾਰੇਦਾਰ ਦੁਨੀਚੰਦ ਧੁੱਪੜ ਖੱਤਰੀ ਬੜਾ ਅਮੀਰ ਸੀ। ਪਿਤਾ ਦੇ ਸ਼ਰਾਧ ਤੇ ਗੁਰੂ ਜੀ ਨੂੰ ਭਾਉ ਕਰਕੇ ਲੈ ਲਿਆ। ਇਸ ਦਾ ਸੁਧਾਰ ਗੁਰੂ ਜੀ ਨੇ ਆਪਣੇ ਕੌਤਕੀ ਤਰੀਕੇ ਨਾਲ ਇਕ ਸੂਈ ਦੇ ਕੇ ਕੀਤਾ ਕਿ ਆਹ ਲੈ ਸਾਡੀ ਅਮਾਨਤ ਜਿਵੇਂ ਲੋਕਾਂ ਦੀਆਂ ਰੱਖਦਾ ਹੈਂ ਸਾਡੀ ਵੀ ਰਖ, ਅਗੇ ਚੱਲਕੇ ਲਵਾਂਗੇ। ਜਾਂ ਉਹ ਵਹੁਟੀ ਕੋਲ ਸਾਂਭਣ ਨੂੰ ਲੈ ਗਿਆ ਤਾਂ ਉਸ ਕਿਹਾ 'ਭਲਾ ਹੋਵੀ ਨਾਲ ਤਾਂ ਦੇਹਿ ਵੀ ਨਹੀਂਉ ਜਾਣੀ, ਸੂਈ ਕੀਕੂੰ ਚੁੱਕ ਖੜੇਂਗਾ, ਜਾਹ ਗੁਰੂ ਜੀ ਕੋਲ, ਉਹ ਕੋਈ ਖੇਲ ਰਚਾ ਰਹੇ ਹਨ।' ਜਾਂ ਆਇਆ ਤਾਂ ਗੁਰੂ ਜੀ ਕਿਹਾ ਭਈ ਸੂਈ ਨਹੀਂ ਜਾਣੀ ਤਾਂ ਮਾਲ ਧਨ ਜੋ ਸੰਜਿਆ ਈ ਕੀਕੂੰ ਨਾਲ ਚੁਕ ਖੜਸੇਂ? ਐਉਂ ਉਸ ਨੂੰ ਵੈਰਾਗ ਹੋਇਆ। ਧਨ ਸਾਰਾ ਗ਼ਰੀਬਾਂ ਨੂੰ ਦਿਵਾ ਦਿਤਾ ਤੇ ਉਸ ਦੇ ਘਰ ਦੀ

ਧਰਮਸਾਲਾ ਬਣਵਾ ਕੇ ਉਸ ਨੂੰ ਸੇਵਕ ਬਣਾ ਕੇ ਸਤਿਨਾਮ ਦਾ ਛਤਰ ਝੁਲਾ ਦਿੱਤਾ। ਬਾਕੀ 15 ਪਉੜੀਆਂ ਆਸਾ ਵਾਰ ਦੀਆਂ ਦੂਨੀ ਚੰਦ ਪਰਥਾਇ ਹੁਣ ਉਚਾਰ ਹੋਈਆਂ।

ਲਾਹੌਰ ਤੋਂ ਫੇਰ ਤਲਵੰਡੀ ਆਏ। ਅਗੇ ਉਡੀਕਾਂ ਹੋ ਰਹੀਆਂ ਸਨ। ਬੇਬੇ ਜੀ ਵੀ ਆਏ ਹੋਏ ਸਨ, ਸਤਿਗੁਰ ਦੀ ਵਗ੍ਹੇ ਰੀਂਢ ਸੀ, ਐਨ ਸਮੇਂ ਸਿਰ ਅੱਪੜੇ, ਸਾਰੇ ਪ੍ਰੇਮੀਆਂ ਤੇ ਸਿਕਦਿਆਂ ਨੂੰ ਠੰਢਾਂ ਪਈਆਂ। ਫੇਰ ਕੁਛ ਦਿਨ ਏਥੇ ਰਹੇ ਤੇ ਮਾਤਾ ਪਿਤਾ ਦੇ ਗਜਾਨ ਨੇਤ੍ਰ ਖੋਹਲ ਦਿਤੇ। ਏਥੇ ਹੀ ਇਕ ਬ੍ਰਹਮਚਾਰੀ ਨੂੰ ਤੇ ਇਕ ਬਾਲਕ (ਤਾਰੂ ਪੋਪਟ) ਨੂੰ ਸੁਧਾਰਿਆ। ਹੁਣ ਫੇਰ ਟੁਰ ਪਏ ਤੇ ਰਾਵੀ ਦੇ ਕੰਢੇ ਕੰਢੇ ਉੱਤਰ ਨੂੰ ਹੋ ਲਏ, ਇਕ ਪਿੰਡ ਦੇ ਲਾਗੇ ਜਾ ਬੈਠੇ ਉਜਾੜ ਵਿਚ। ਦੋਦਾ ਤੇ ਉਸ ਦੀ ਵਹੁਟੀ ਸੇਵਕ ਹੋਏ। ਬਹੁਤ ਲੋਕ ਆਉਣ ਲਗ ਪਏ, ਦਰਸ਼ਕਾਂ ਦੀਆਂ ਭੀੜਾਂ ਹੋ ਗਈਆਂ। "ਜੇ ਕੋਈ ਹਿੰਦੂ ਮੁਸਲਮਾਨ ਜੋਗੀ, ਸਨਯਾਸੀ, ਬ੍ਰਹਮਚਾਰੀ, ਤਪੀਏ, ਤਪੀਸਰ, ਦਿਗੰਬਰ, ਬੈਸਨੋ, ਉਦਾਸੀ, ਗ੍ਰਿਸਤੀ ਬੈਰਾਗੀ, ਖਾਨ, ਖਨੀਨ, ਉਮਰੇ, ਉਮਰਾਉ, ਕਰੋੜੀਏ, ਜ਼ਿਮੀਂਦਾਰ, ਭੂਮੀਏ ਜੋ ਕੋ ਆਵੈ ਸੋ ਪਰਚਾ ਜਾਵੇ। ਸਭ ਲੋਕ ਉਸਤਤ ਕਰਨ।" ਨੇੜੇ ਇਕ ਕਰੋੜੀਆ ਮਾਲਦਾਰ ਸੀ, ਉਸ ਨੂੰ ਨਵਾਂ ਮਾਰਗ ਬੁਰਾ ਲਗਾ, ਗੁਰੂ ਜੀ ਨੂੰ ਬੰਨ੍ਹ ਲੈ ਜਾਣ ਵਾਸਤੇ ਆਇਆ, ਪਰ ਸਿੱਖ ਹੋ ਕੇ ਘਰ ਨੂੰ ਮੁੜਿਆ। ਇਸ ਨੇ 'ਕਰਤਾਰ ਪੁਰ ਦਾ ਚੱਕ' ਬੱਧਾ, ਧਰਮਸਾਲ ਪਾਈ, ਜੋ ਹੁਣ ਟਿਕਾਣਾ ਬਣ ਗਿਆ ਗੁਰੂ ਜੀ ਦੇ ਟਿਕਣ ਦਾ। ਏਥੇ ਬਾਬਾ ਕਾਲੂ ਵੀ ਪਰਵਾਰ ਸਣੇ ਆ ਗਿਆ ਲਿਖਿਆ ਹੈ। ਹੁਣ ਬਾਬੇ ਭੇਖ ਉਤਾਰਿਆ, 'ਇਕ ਚੱਦਰ ਤੇੜ ਇਕ ਉਪਰ, ਇਕ ਪਟਕਾ ਸਿਰ, ਨਿਰੰਜਨ ਨਿਰੰਕਾਰ ਕਾ ਰੂਪ ਧਾਰਿਆ ਜਗਤ ਨਿਸਤਾਰਣ ਕੈ ਤਾਈਂ' (ਪੁ:ਜ:ਸਾ:)। ਇਥੇ ਬੈਠ ਕੇ ਉਪਦੇਸ਼ ਤੇ ਪ੍ਰਚਾਰ ਹੋਣ ਲਗਾ। ਸਾਰੇ ਹਿੰਦੁਸਤਾਨ ਵਿਚੋਂ ਵਰੋਸਾਏ ਹੋਏ ਪ੍ਰੇਮੀ, ਨਵੇਂ ਲਗਣ ਵਾਲੇ, ਤਾਰੇ ਗਏ ਸਾਧੂ ਫਕੀਰ, ਪੰਜ ਪਾਣੀਆਂ ਦੇ ਦੇਸ਼ ਵਿਚੋਂ ਪ੍ਰੇਮੀ, ਜਗਜਾਸੂ, ਸਾਧੂ ਸੰਤ ਆਉਣ ਲਗ ਪਏ। 'ਜਗਤ ਵਿਚ ਡੋਰੀ ਉਭਰ ਗਈ ਜੋ ਵਾਹੁ ਵਾਹੁ ਨਾਨਕ ਜੀ ਵਾਹੁ ਵਾਹੁ ਭਗਤ ਪੈਦਾ ਹੋਇਆ ਹੈ' (ਪੁ:ਜ:ਸਾ:)। ਇਸ ਤਰ੍ਹਾਂ ਕੁਛ ਸਮਾਂ ਬੀਤਿਆ। ਭਾਈ ਬੁੱਢਾ ਜੀ ਬੀ ਹੁਣ ਸਿਖ ਬਣੇ, ਮੂਲਾ ਕੀੜ, ਪ੍ਰਿਥਾ ਖੇਡਾ ਸੋਇਰੀ ਆਦਿ ਅਨੇਕਾਂ ਸ਼ਰਣ ਆ ਕੇ ਸਿੱਖ ਬਣੇ।

ਮਨਮੁਖ ਲਾਹੌਰ ਵਾਲਾ ਸਿੱਖ ਵੱਡਾ ਵਪਾਰੀ ਸੀ ਉਸ ਦਾ ਵਪਾਰ ਸੰਗਲਾਦੀਪ ਤਕ ਸੀ। ਉਹ ਉਥੇ ਗਿਆ ਕੋਈ ਬੁਤ ਆਇਆ ਉਸ ਨੇ ਬੁਤ ਨਾ ਰਖਿਆ, ਨਾ ਪੂਜਾ ਕੀਤੀ ਤਾਂ ਰਾਜੇ ਪਾਸ ਲੈ ਗਏ! ਮਨਸੁਖ ਨੇ ਆਪਣਾ ਨਿਸਚਾ ਤੇ ਆਪਣੇ ਗੁਰੂ ਦਾ ਹਾਲ ਦੱਸਿਆ। ਰਾਜੇ ਨੂੰ ਇੰਨਾ ਪ੍ਰੇਮ ਲੱਗਾ ਕਿ ਬਿਹਬਲ ਹੋ ਗਿਆ ਦਰਸ਼ਨਾਂ ਲਈ। ਮਨਸੁਖ ਤਾਂ ਦੇਸ਼ ਆ ਗਿਆ, ਪਰ ਰਾਜਾ ਪ੍ਰੇਮ ਵਿਚ ਵਜਾਕੁਲ ਰਹਿਣ ਲਗ ਪਿਆ।

## 6. ਦੂਸਰੀ ਉਦਾਸੀ

ਸਤਿਸੰਗ ਦੀ ਵਾੜੀ ਖਿੜਾ ਕੇ ਤੇ ਪ੍ਰਚਾਰ ਕਰਕੇ ਕੁਛ ਸਮਾਂ ਕਰਤਾਰਪੁਰ ਰੰਗ ਲਾ ਕੇ ਸ਼ਿਵਨਾਭ ਦੇ ਸੱਚੇ ਸੁੱਚੇ ਪ੍ਰੇਮ ਦੀ ਖਿੱਚ ਤੇ ਦੱਖਣ ਦਿਸ਼ਾ ਦੇ ਉਧਾਰ ਦਾ ਉਪਕਾਰ ਵੀਚਾਰ ਕੇ ਗੁਰੂ ਨਾਨਕ ਦੇਵ ਜੀ ਫਿਰ ਤਿਆਰ ਹੋ ਪਏ। ਹੁਣ ਉਹ ਸਾਦਾ ਲਿਬਾਸ ਲਾਹ ਕੇ ਫੇਰ ਭੇਖ ਧਾਰਿਆ- 'ਪੈਰੀਂ ਖੜਾਵਾਂ ਕਾਠ ਦੀਆਂ, ਹੱਥ ਆਸਾ, ਸਿਰ ਰੱਸੇ ਲਪੇਟੇ, ਬਾਹਾਂ ਜੰਘਾਂ ਰੱਸੇ ਲਪੇਟੇ, ਮੱਥੇ ਟਿੱਕਾ ਬਿੰਦਲੀ ਕਾ' ਤੇ ਨਾਲ ਸਨ ਸੈਦੋ ਤੇ ਸੀਹੋਂ (ਹਾਫਜ਼ਾਬਾਦੀ ਨੁਸਖੇ (ਪੁ:ਜ:ਸਾ:) ਦੇ ਵਿਚ ਪਾਠ ਹੈ ਨਾਲ ਸੈਦੋ ਅਤੇ ਘੇਹੋ ਅਤੇ ਸੀਹੋ ਥੇ।)। ਇਸ ਸਫਰ ਦੀ ਤਰਤੀਬ ਅਜੇ ਖੋਜ ਤਲਬ ਹੈ, ਪਰ ਹੇਠ ਲਿਖੀਆਂ ਸਾਖੀਆਂ ਇਸ ਸਫਰ ਦੀਆਂ ਲਿਖੀਆਂ ਹਨ:

ਸਰਸਾ- ਗੁਰੂ ਜੀ ਏਥੇ ਅੱਪੜੇ। ਇਥੇ ਦੇ ਪੀਰ ਬੜੇ ਪ੍ਰਸਿੱਧ ਸਨ। ਇਨ੍ਹਾਂ ਨਾਲ ਨਿਰੀ ਜ਼ੁਬਾਨੀ ਗੋਸ਼ਟ ਨਹੀਂ, ਚਾਲੀ ਦਿਨ ਦੇ ਚਿਲ੍ਹੇ ਕੱਟ ਕੇ ਦਿਖਾਉਣ ਦਾ ਅਮਲੀ ਮੁਬਾਹਿਸਾ ਹੋਇਆ। 40 ਦਿਨ ਪਾਣੀ ਤੇ ਇਕ ਜੌਂ ਰੋਜ਼ ਖਾਣਾ ਸੀ। ਜਦ ਭੋਰਿਆਂ ਵਿਚੋਂ ਨਿਕਲੇ ਤਾਂ ਸਾਰੇ ਪਿੱਲੇ ਭੂਕ ਪਰ ਗੁਰੂ ਜੀ ਲਾਲ ਸਨ। ਕਾਰਨ ਪੁੱਛਣ ਤੇ ਗੁਰੂ ਜੀ ਨੇ ਦੱਸਿਆ ਕਿ ਤੁਸੀਂ ਤਪ ਕਰਦੇ ਰਹੇ ਹੋ ਆਪਣੀ ਟੇਕ ਤੇ ਸੁਰਛ ਉਤੇ ਕਠਨ ਕੰਮ ਪੈ ਗਿਆ ਸਮਝਕੇ, ਮੈਂ ਸਹਜ ਰੰਗ ਆਪਣੇ ਪ੍ਰੀਤਮ ਦੇ ਪ੍ਰੇਮ ਵਿਚ ਮਗਨ ਰਿਹਾ ਹਾਂ। ਪਾਲਣਹਾਰ ਆਪਣੀ ਨਾਮ ਮਿਹਰਾਮਤ ਨਾਲ ਪਾਲਦਾ ਰਿਹਾ ਹੈ। ਬਹੁਤ ਸਾਰੀ ਵੀਚਾਰ ਮਗਰੋਂ ਪੀਰਾਂ ਨੇ ਗੁਰੂ ਜੀ ਦੇ ਸਾਰੇ ਆਸ਼ੇ ਨੂੰ ਠੀਕ ਮੰਨ ਲਿਆ। ਆਖਦੇ ਹਨ ਇਨ੍ਹਾਂ ਵਿਚੋਂ ਲਾਲ ਜਤੀ ਨੇ ਸਿੱਖੀ ਧਾਰਨ ਕਰ ਲਈ।

ਇਕ ਸਾਖੀ ਧਨਾਸਰੀ ਦੇਸ ਦੀ ਹੈ ਕਿ ਏਥੇ ਸੈਦੋ ਤੇ ਸੀਹੋਂ ਨੂੰ ਖ਼ਿਜ਼ਰ ਦੇ ਦਰਸ਼ਨ ਹੋਏ ਤੇ ਓਸ ਦੱਸਿਆ ਕਿ ਮੈਂ ਗੁਰੂ ਨਾਨਕ ਦੀ ਯਾਤ੍ਰਾ ਨੂੰ ਜਾਂਦਾ ਤੇ ਦਰਸ਼ਨ ਕਰਕੇ ਸਫ਼ਲ ਹੁੰਦਾ ਹਾਂ। ਫਿਰ ਇਕ ਸਾਖੀ ਸਰੇਵੜੇ ਦੀ ਬੀ ਇਥੇ ਦੀ ਹੀ ਹੈ। ਇਹ ਆਪਣੇ ਚੇਲਿਆਂ ਸਣੇ ਚਰਚਾ ਕਰਨ ਆਇਆ। ਵੀਚਾਰ ਮਗਰੋਂ ਨਾਮ ਪ੍ਰਾਪਤ ਕਰਕੇ ਸਿੱਖ ਬਣਿਆ। ਏਥੇ ਬਹੁਤ ਲੋਕ ਸਿੱਖ ਹੋਏ, ਮੰਜੀ ਬੀ ਬਖ਼ਸ਼ੀ। ਜੈਨੀ ਸਰੇਵੜੇ ਦਾ ਨਾਮ 'ਅਨਭੀ' ਸੀ। ਏਥੇ ਕੁਛ ਚਿਰ ਰਹੇ ਹਨ। ਮਾਝ ਦੀ ਵਾਰ ਏਥੇ ਹੀ ਉਚਾਰਨ ਹੋਈ ਹੈ। ਇਸ ਤੋਂ ਅਗੇ ਕਿਸੇ ਟਾਪੂ ਯਾ ਸਾਗਰ ਕਿਨਾਰੇ ਕੌਡੇ ਰਾਕਸ਼ (ਆਦਮ-ਖੋਰ) ਦੀ ਕਥਾ ਹੈ ਕਿ ਓਸ ਨੂੰ ਉਸ ਦੇ ਕੁਕਰਮ ਤੋਂ ਛੁਡਾ ਕੇ ਸਿਧੇ ਰਸਤੇ ਲਾਇਆ। ਫਿਰ ਸਾਖੀ ਹੈ ਮਖ਼ਦੂਮ ਬਹਾਉੱਦੀਨ ਨਾਲ ਭੇਟ ਦੀ। ਇਹ ਮੁਸੱਲੇ ਨੂੰ ਕਰਾਮਾਤ ਨਾਲ ਪਾਣੀ ਤੇ ਤਾਰਦਾ ਸੀ। ਗੁਰੂ ਜੀ ਨਾਲ ਗਲ ਬਾਤ ਹੋਈ ਤਾਂ ਮਖਦੂਮ ਨੂੰ ਮੁਸੱਲੇ ਤੇ ਦੂਰ ਜਾ ਸੈਰ ਕਰਨ ਦੀ ਆਗਿਆ ਹੋਈ, ਓਹ ਚਲਾ ਗਿਆ, ਤਾਂ ਕੀਹ ਦੇਖੇ ਕਿ ਇਕ ਮੁਨਾਰਾ ਹੈ, ਭਾਵ ਇਕ ਟਾਪੂ ਜੇਹਾ ਤੇ ਵਿਚ ਮੁਨਾਰਾ ਹੈ। ਏਥੇ 20 ਫਕੀਰ (ਸਿਖ) ਸਨ। ਰਾਤ ਨੂੰ 21 ਥਾਲ ਆਏ, ਸਾਰੇ ਖਾ ਕੇ ਬੰਦਗੀ ਕਰਦੇ ਰਹੇ। ਅਗ਼ਲੇ ਦਿਨ 20 ਫਕੀਰ (ਸਿਖ) ਚਲੇ ਗਏ। ਦਿਨੇ ਇਕ ਜਹਾਜ਼ ਡੁਬਦਾ ਦਿੱਸਿਆ ਤਾਂ ਪੀਰ ਨੇ ਦੁਆ ਕੀਤੀ ਕਿ ਨਾਂ ਡੁੱਬੇ, ਉਹ ਡੁਬਣੇ ਤੋਂ ਬਚ ਗਿਆ। ਰਾਤ ਫੇਰ ਓਹ ਆ ਗਏ, ਅੱਜ ਖਾਣਾ ਨਾਂ ਉਤਰਿਆ। ਏਸੇ ਤਰ੍ਹਾਂ ਉਸ ਹੋਰ ਕਰਾਮਾਤ ਕੀਤੀ। ਤਦ ਉਨ੍ਹਾਂ ਗੁਰਮੁਖਾਂ ਆਖਿਆ: ਤੂੰ ਜਾਹ ਭਾਈ! ਤੂੰ ਪੀਰ ਪਾਤਸ਼ਾਹ ਹੈਂ, ਇਹ ਥਾਂ ਗੁਰਮੁਖਾਂ ਦਾ ਹੈ ਜੋ ਖ਼ੁਦਾ ਦੇ ਰਾਹ ਦੇ ਰਾਹੀ ਹਨ, ਖ਼ੁਦਾ ਦਾ ਦਰ ਨੀਵਾਂ ਹੈ, ਪੀਰਾਂ ਪਾਤਸ਼ਾਹਾਂ ਦਾ ਸਿਰ ਉੱਚਾ ਹੈ। ਜਾਂ ਟੁਰਿਆ ਤਾਂ ਮੁਸੱਲਾ ਨਾਂ ਟੁਰੇ। ਉਨ੍ਹਾਂ ਨੇ ਕਿਹਾ ਸਤਿਗੁਰ ਨਾਨਕ ਦੀ ਟੇਕ ਲੈ ਤਾਂ ਟੁਰੇਗਾ(ਗੁਰੂ ਕਾ ਨਾਮ ਲੈਕੇ ਟੋਰਿਓਸੁ ਤਾਂ ਮੁਸੱਲਾ ਟੁਰ ਪਿਆ।)। ਸੋ ਟੁਰਿਆ ਤੇ ਪੀਰ ਮੁੜ ਆਇਆ ਗੁਰੂ ਨਾਨਕ ਦੇਵ ਜੀ ਪਾਸ। ਹੁਣ ਗੁਰੂ ਜੀ ਨੇ ਉਸ ਨੂੰ ਰਜ਼ਾ ਦਾ ਸਬਕ ਸਿਖਾਇਆ। ਅਗੇ ਕਿਸੇ ਟਾਪੂ ਵਿਚ ਮਛਿੰਦ੍ਰ, ਗੋਰਖ ਆਦਿ ਨਾਲ ਚਰਚਾ ਹੋਈ; ਉਸਦਾ ਸਾਰ ਅੰਸ਼ ਰਾਮਕਲੀ ਮ:1 ਦੇ ਦੋ ਸ਼ਬਦਾਂ ਵਿਚ ਹੈ 'ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ' ਤੇ 'ਸੁਣਿ ਮਾਛਿੰਦ੍ਰਾ ਨਾਨਕੁ ਬੋਲੈ'।

 www.sikhbookclub.com

ਇਹ ਬਾਣੀ ਸੈਦੋ ਨੇ ਲਿਖ ਲਈ ਸੀ। ਇਸਤੋਂ ਮਗਰੋਂ ਸੰਗਲਾਦੀਪ ਜਾ ਪਹੁੰਚੇ। ਟਾਪੂ ਦੇ ਉਤਰ ਪੂਰਬ ਰੁਖ਼ ਇਹ ਟਿਕਾਣਾ ਸੀ। ਰਾਜੇ ਸ਼ਿਵਨਾਭ ਨੂੰ ਜਾ ਮਿਲੇ ਜੋ ਪ੍ਰੇਮ ਵਿਚ ਅਤਿ ਵਜਾਕੁਲ ਸੀ। ਇਸ ਨੂੰ ਤੇ ਸਾਰੇ ਪਰਿਵਾਰ ਨੂੰ ਗੁਰੂ ਜੀ ਨੇ ਸਿੱਖੀ ਦੇ ਰਸਤੇ ਲਾ ਕੇ ਤਾਰਿਆ। ਉਸ ਸਾਰੇ ਇਲਾਕੇ ਵਿਚ ਪ੍ਰਚਾਰ ਹੋਇਆ। ਰਾਜੇ ਸ਼ਿਵਨਾਭ ਨੂੰ ਮੰਜੀ ਬਖਸ਼ੀ। ਪ੍ਰਾਣ ਸੰਗਲੀ ਏਥੇ ਹੋਈ ਲਿਖੀ ਹੈ, ਪਰ ਏਥੇ ਹੀ ਰਹੀ, ਨਾਲ ਨਹੀਂ ਆਂਦੀ। ਪੁਰਾਤਨ ਜਨਮ ਸਾਖੀ ਵਿਚ ਇਸ ਦੇ ਅਪਜਾਯ 15 ਲਿਖੇ ਹਨ। ਇਥੇ ਕੁਛ ਠਹਿਰ ਕੇ ਵਾਪਸ ਮੁੜੇ। ਕਲਜੀਬਨ ਲਾਗ ਸਿੱਧਾਂ ਨਾਲ ਚਰਚਾ ਹੋਈ ਤੇ ਭਰਥਰਿ ਜੋਗੀ ਪ੍ਰੇਮੀ ਹੋ ਗਿਆ।

## 7. ਕਰਤਾਰ ਪੁਰ ਨਿਵਾਸ

ਹੁਣ ਆ ਕੇ ਕਰਤਾਰ ਪੁਰ ਟਿਕੇ, ਇਧਰ ਉਧਰ ਫਿਰੇ ਬੀ। ਇਕ ਦਿਨ ਪੱਖੋ ਕੀ ਗਏ ਤਾਂ ਅਜਿੱਤੇ ਰੰਧਾਵੇ ਦੇ ਖੂਹ ਤੇ ਜਾ ਬੈਠੇ। ਏਥੇ ਉਸ ਦਾ ਉਧਾਰ ਕੀਤਾ। ਫੇਰ ਸੱਸ ਸਹੁਰੇ ਦੇ ਭ੍ਰਮ ਛੌੜ ਕੱਟੇ ਤੇ ਫੇਰ ਮਾਤਾ ਸੁਲੱਖਣੀ ਜੀ ਨੇ ਫਕੀਰੀ ਜੀਵਨ ਤੇ ਸਾਧ ਸੰਗਤ ਦੀ ਸੇਵਾ ਖੁਸ਼ੀ ਨਾਲ ਸਿਰ ਤੇ ਚਾ ਲਈ ਤੇ ਉਹ ਵੀ ਕਰਤਾਰ ਪੁਰ ਆ ਗਏ।

## 8. ਤੀਸਰੀ ਉਦਾਸੀ-ਉੱਤਰਾ ਖੰਡ ਦੀ

ਕੁਛ ਚਿਰ ਕਰਤਾਰ ਪੁਰ ਟਿਕਕੇ ਆਪ ਫੇਰ ਟੁਰ ਪਏ ਉੱਤਰ ਨੂੰ। ਜਾਪਦਾ ਹੈ ਕਿ ਜੰਮੂ ਦੇ ਰਸਤੇ ਪਹਿਲੇ (ਮਟਨ) ਮਾਰਤੰਡ ਪਹੁੰਚੇ ਹਨ, ਇਸ ਨੂੰ ਗੁਰੂ ਕੀ ਯਾਤ੍ਰਾ ਮਿਲਣ ਕਰਕੇ 'ਮਟਨ ਸਾਹਿਬ' ਹੁਣ ਤਕ ਆਖਦੇ ਹਨ। ਐਤਕੀ (ਪੁ:ਜ:ਸਾ: ਮੂਜਬ) ਨਾਲ ਹੱਮੂ ਲੁਹਾਰ ਤੇ ਸੀਹਾਂ ਛੀਬਾਂ ਸਨ। ਭੇਸ ਐਤਕੀ ਇਹ ਸੀ:- ਪੈਰੀ ਚਮੜਾ, ਸਿਰ ਚਮੜਾ, ਸਾਰੀ ਦੇਹ ਲਪੇਟੀਆਸੁ, ਮੱਥੇ ਟਿਕਾ ਕੇਸਰ ਦਾ। ਇਹ ਸਾਰਾ ਸਾਮਾਨ ਉਚ ਹਿਮਾਲਯ ਦੀ ਅਤਿ ਸਰਦੀ ਤੋਂ ਰਖਯਾ ਦਾ ਲਖਾਯਕ ਹੈ। ਆਪ ਪਹਿਲੋਂ ਕਸ਼ਮੀਰ ਦੇਸ਼ ਗਏ, ਮਟਨ ਸਾਹਿਬ ਆਪ ਨੂੰ ਬੀਜ ਬਿਹਾੜੇ ਦਾ ਪੰਡਿਤ ਬ੍ਰਹਮ ਦਾਸ ਮਿਲਿਆ ਕਿ ਜਿਸ ਦੇ ਨਾਲ ਦੋ ਊਠ ਪੁਸਤਕਾਂ ਦੇ ਰਹਿੰਦੇ ਸਨ। ਪੰਡਤ ਸੀ, ਲੋੜਵੰਦ ਸੀ ਆਤਮਿਕ ਜੀਵਨ ਦਾ ਪਰ ਪ੍ਰਾਪਤ ਨਹੀਂ ਸੀ। ਇਸ ਨਾਲ ਲੰਮੀ ਵੀਚਾਰ ਕਰਕੇ ਉਸਤੇ ਰੌਸ਼ਨ ਕਰ ਦਿੱਤਾ ਕਿ ਪੰਡਿਤ

ਅਰ ਤਜਾਗੀ ਹੋ ਕੇ ਵੀ ਉਹ ਅਸਲ ਵਿਚ ਮਾਯਾ ਦਾ ਉਪਾਸਕ ਰਿਹਾ ਹੈ, ਪਰਮਾਤਮ ਦੇਵ ਦਾ ਨਹੀਂ। ਐਉਂ ਸੁੱਤੇ ਨੂੰ ਜਗਾ, ਨਾਮ ਦਾਨ ਦੇਕੇ ਵਾਹਿਗੁਰੂ ਪ੍ਰੇਮ ਦੇ ਉੱਚੇ ਵਿਸਮਾਦੀ ਮਾਰਗ ਪਾਕੇ ਉਸਨੂੰ ਸੁਖੀ ਕਰ ਦਿਤਾ। ਲਿਖਿਆ ਹੈ:- 'ਤਬ ਆਇ ਗੁਰੂ ਬਾਬੇ ਦੀ ਪੈਰੀ ਪਿਆ.....ਗੁਰੂ ਗੁਰੂ ਲਗਾ ਜਪਣਿ। ਸੰਗਤ ਦੀ ਚਰਣ ਰੇਣ ਹੋਇਆ।'

ਇਸ ਤਰ੍ਹਾਂ ਇਕ ਕਮਾਲ ਨਾਮੇ ਫਕੀਰ ਨੂੰ ਤਾਰਿਆ। ਮਲਾਰ ਦੀ ਵਾਰ ਬ੍ਰਹਮ ਦਾਸ ਪ੍ਰਤੀ ਉਚਾਰ ਹੋਈ, ਨਾਲੇ ਇਹ ਸ਼ਬਦ 'ਅਰਬਦ ਨਰਬਦ ਧੁੰਦੂਕਾਰਾ' ਤੇ 'ਸਹੰਸਰ ਦਾਨ ਤੇ ਇੰਦ੍ਰ ਰੋਆਇਆ।' ਇਹ ਬਾਣੀਆਂ ਹੱਸੂ ਤੇ ਸੀਂਹੇ ਨੇ ਲਿਖੀਆਂ। ਕਸ਼ਮੀਰ ਵਿਚ ਇਸੇ 'ਐਸ਼ ਮੁਕਾਮ' ਦੇ ਪਾਸੇ ਇਕ ਅਯਾਲੀ ਨੂੰ ਤਾਰਿਆ। ਫੇਰ ਸ੍ਰੀ ਨਗਰ ਆਏ ਤੇ ਸਤਿਨਾਮ ਦਾ ਪੱਲੂ ਫੇਰਿਆ। ਏਥੇ ਜਿਸ ਥਾਂ ਬੈਠੇ ਸਨ ਮਗਰੋਂ ਸ੍ਰੀ ਚੰਦ ਜੀ ਆ ਕੇ ਬੈਠੇ ਤੇ ਥਾਂ ਸੰਭਾਲੀ। ਹੁਣ ਨਾਮ ਸ੍ਰੀ ਚੰਦ ਦਾ ਚਨਾਰ ਵਜਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਅੱਗੇ ਹੁੰਦਾ ਸੀ ਪਰ ਅਕਾਲੀ ਭੈ ਕਰਕੇ ਚੁਪਾਤੇ ਬੰਦ ਕਰ ਦਿਤਾ ਗਿਆ ਸੀ। ਹੁਣ ਗੁਰੂ ਜੀ ਪਿਛੇ ਮੁੜੇ ਤੇ ਜੰਮੂ ਤੋਂ ਯਾ ਜ਼ਰਾ ਉਪਰੋਂ ਸ਼ਿਵਾਲਕ ਪਹਾੜੀਆਂ ਦੇ ਵਿਚ ਵਿਚ ਸਫਰ ਕਰਦੇ ਕਾਂਗੜਾ ਮੰਡੀ ਹੁੰਦੇ ਸ਼ਿਮਲੇ ਤੋਂ ਯਾ ਅੱਗੇ ਜਾਕੇ ਅਲਮੋੜੇ ਵਲੋਂ ਕੈਲਾਸ਼ ਜਾ ਚੜ੍ਹੇ, ਜਿਸਨੂੰ ਸੁਮੇਰ ਲਿਖਦੇ ਹਨ। ਜਾਪਦਾ ਹੈ ਮਾਨਸਰੋਵਰ ਦੇ ਕਿਨਾਰੇ ਸਿੱਧਾਂ ਨਾਲ ਮੇਲ ਹੋਇਆ ਹੈ। ਏਥੇ ਸਿਧਾਂ ਨੇ ਸਿਧੀਆਂ ਦਿਖਾਕੇ ਗੁਰੂ ਜੀ ਨੂੰ ਮਗਰ ਲਾਉਣਾ ਚਾਹਿਆ, ਫੇਰ ਵੀਚਾਰ ਆਰੰਭ ਹੋਈ। ਇਸ ਵੇਲੇ ਦੀ ਵੀਚਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖੀ ਹੈ, 'ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ' (ਆਸਾ ਮ:2) ਏਥੇ ਉਚਾਰ ਹੋਇਆ। ਸਾਰੀ ਵੀਚਾਰ ਦਾ ਹਾਲ ਭਾਈ ਗੁਰਦਾਸ ਜੀ ਨੇ ਵੀ ਪਹਿਲੀ ਵਾਰ ਵਿਚ ਦਿਤਾ ਹੈ, ਜਿਸ ਦਾ ਮੁੱਢ ਹੈ:- 'ਫਿਰ ਜਾ ਚੜ੍ਹੇ ਸੁਮੇਰ ਪਰ'।

ਇਹ ਵੀ ਨਿਸ਼ਾਨ ਮਿਲਦੇ ਹਨ ਕਿ ਕੈਲਾਸ਼ ਤੋਂ ਬਾਦ ਆਪ ਤਿੱਬਤ ਤੇ ਅਗੋਂ ਚੀਨ ਤਕ ਵੀ ਗਏ ਹਨ, ਸਫਰ ਕਰਕੇ ਫੇਰ ਵਾਪਸ ਪਰਤੇ। ਇਹ ਵੀ ਕਈ ਖ਼ਿਆਲ ਕਰਦੇ ਹਨ ਕਿ ਰੇਠੇ ਨੂੰ ਮਿੱਠੇ ਕਰਨ ਵਾਲੀ ਸਵਾਰਤਾ ਵੀ ਇਸ ਸਫਰ ਤੋਂ ਵਾਪਸੀ ਵੇਲੇ ਵਰਤੀ ਸੀ। ਸਾਰੀ ਯਾਤ੍ਰਾ ਕਰਕੇ ਫੇਰ ਕਰਤਾਰ ਪੁਰ ਵਾਪਸ ਆ ਗਏ।

## 9. 10. ਮੁੜ ਕਰਤਾਰਪੁਰ ਤੇ ਚਉਥੀ ਉਦਾਸੀ ਪੱਛਮ ਦੀ

ਉੱਤਰਾ ਖੰਡ ਦੀ ਉਦਾਸੀ ਮੁਕਾ ਕੇ ਕਰਤਾਰਪੁਰ ਆਏ, ਕੁਛ ਚਿਰ ਰਹੈ, ਸਤਿਨਾਮ ਦਾ ਪੱਲੂ ਫੇਰਿਆ। ਇਕ ਦਿਨ ਫੇਰ ਉਦਾਸ ਹੋ ਟੁਰੇ। ਹੁਣ ਪੈਰੀ ਖਉਂਸਾਂ ਚੰਮ ਦੀਆਂ, ਚੰਮ ਦੀ ਸੁੱਥਣ, ਗਲ ਵਿਚ ਹਡੀਆਂ ਦੀ ਮਾਲਾ, ਮੱਥੇ ਟਿਕਾ ਬਿੰਦੀ ਦਾ! ਕਪੜੇ ਨੀਲੇ ਪਹਿਨੇ (ਪੁ:ਜ:ਸਾ:)। ਨੀਲੇ ਬਸਤਰ, ਆਸਾ ਹੱਥ, ਕਿਤਾਬ ਕਛ, ਕੂਜਾ ਮੁਸੱਲਾ (ਭਾ:ਗੁ:)! ਜਾਪਦਾ ਹੈ ਪਹਿਲਾ ਲਿਬਾਸ ਘਰੋਂ ਕਟਕੇ ਟੁਰੇ ਹਨ ਤੇ ਦੂਸਰਾ ਹਾਜੀਆਂ ਵਿਚ ਸ਼ਾਮਲ ਹੋਣ ਤੋਂ ਪਹਿਲਾਂ। ਭਾਈ ਗੁਰਦਾਸ ਜੀ ਮੂਜਬ ਇਸ ਉਦਾਸੀ ਵਿਚ ਨਾਲ ਮਰਦਾਨਾ ਸੀ। ਕਰਤਾਰ ਪੁਰੋਂ ਟੁਰ ਕੇ ਸਿਆਲਕੋਟ ਗਏ ਤੇ ਮੂਲੇ ਦਾ ਕੌਤਕ ਵਰਤਿਆ, ਉਥੋਂ ਰੁਹਤਾਸ ਦੇ ਚੋਹੇ ਗਏ। ਜੋ ਚਸ਼ਮਾਂ ਹੁਣ ਤਕ ਗੁਰੂ ਨਾਨਕ ਦੇਵ ਜੀ ਦੇ ਨਾਮ ਦੇ ਵਜਦਾ ਹੈ! ਬੂਟੇ ਸ਼ਾਹ ਨੇ ਲਿਖਿਆ ਹੈ ਕਿ ਸ਼ੇਰ ਸ਼ਾਹ ਨੇ ਇਸ ਚਸ਼ਮੇ ਨੂੰ ਕਿਲ੍ਹੇ ਦੇ ਅੰਦਰ ਲੈਣ ਦਾ ਜਤਨ ਕੀਤਾ ਪਰ ਨਿਸ਼ਫ਼ਲ ਗਿਆ। ਇਧਰੋਂ ਫਿਰਦੇ ਫਿਰਦੇ ਅਟਕੋਂ ਪਾਰ ਡੇਰੇ ਦੀ ਧਰਤੀ ਗਾਹੁੰਦੇ ਸਿੱਖ ਤਾਰਦੇ ਕਿਸੇ ਬੰਦਰ ਤੋਂ ਸਵਾਰ ਹੋ ਮੱਕੇ ਜਾ ਪਹੁੰਚੇ। ਓਥੇ ਰਾਤ ਨੂੰ ਸੁੱਤੇ ਪਏ ਸਨ ਕਿ ਇਕ ਜੀਵਣ ਨਾਮੇ ਪੰਜਾਬੀ ਮੁਸਲਮਾਨ ਨੇ, ਜੋ ਮੱਕੇ ਜਾ ਰਿਹਾ ਹੋਇਆ ਸੀ ਤੇ ਝਾੜੂ ਦੀ ਸੇਵਾ ਕਰਦਾ ਸੀ, ਆ ਜਗਾਇਆ ਕਿ ਕਿਉਂ ਕਾਬੇ ਵਲ ਪੈਰ ਕਰ ਸੁੱਤਾ ਹੈਂ? ਖ਼ੁਦਾ ਦਾ ਘਰ ਹੈ ਏਹ। ਤਾਂ ਗੁਰੂ ਜੀ ਨੇ ਕਿਹਾ: ਜਿੱਧਰ ਖ਼ੁਦਾ ਦਾ ਘਰ ਨਹੀਂ ਮੇਰੇ ਪੈਰ ਫੇਰ ਦੇਹ। ਭਾਈ ਗੁਰਦਾਸ ਜੀ ਨੇ ਐਉਂ ਲਿਖਿਆ ਹੈ:-

ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਰਾਬੇ ਪਾਇ ਪਸਾਰੀ।
ਜੀਵਣਿ ਮਾਰੀ ਲਤਿ ਦੀ ਕਿਹੜਾ ਸੁਤਾ ਕੁਫਰ ਕੁਫਾਰੀ।
ਲਤਾ ਵਲ ਖੁਦਾਇ ਦੇ ਕਿਉ ਕਰਿ ਪਇਆ ਹੋਇ ਬਜਿਗਾਰੀ।
ਟੰਗੋਂ ਪਕੜਿ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ।
ਹੋਇ ਹੈਰਾਨ ਕਰੇਨਿ ਜੁਹਾਰੀ।੩੨।
ਪੁਛਨਿ ਗਲ ਈਮਾਨ ਦੀ ਕਾਜੀ ਮੁਲਾਂ ਇਕਠੇ ਹੋਈ!
ਵਡਾ ਸਾਂਗ ਵਰਤਾਇਆ ਲਖਿ ਨ ਸੱਕੇ ਕੁਦਰਤ ਕੋਈ।

**ਪੁਛਨਿ ਫੋਲਿ ਕਿਤਾਬ ਨੂੰ ਹਿੰਦੂ ਵਡਾ ਕਿ ਮੁਸਲਮਾਨੋਈ?**
**ਬਾਬੇ ਆਖੇ ਹਾਜੀਆਂ, ਸੁਭਿ ਅਮਲਾ ਬਾਝੋਹੁ ਦੋਨੋ ਰੋਈ।**
**ਹਿੰਦੂ ਮੁਸਲਮਾਨ ਦੋਇ ਦਰਗਹ ਅੰਦਰ ਲਹਨਿ ਨ ਢੋਈ।**
**ਕੱਚਾ ਰੰਗੁ ਕਸੁੰਭ ਕਾ ਪਾਣੀ ਧੋਤੈ ਥਿਰ ਨ ਰਹੋਈ।**
**ਕਰਨਿ ਬਖੀਲੀ ਆਪ ਵਿਚ ਰਾਮ ਰਹੀਮ ਇਕ ਥਾਇ ਖਲੋਈ।**
**ਰਾਹਿ ਸੈਤਾਨੀ ਦੁਨੀਆਂ ਗੋਈ।੩੩।**
(ਵਾਰ ੧, ਭਾ: ਗੁ:)

ਮੱਕੇ ਵਿਚ ਸਿੱਕਾ ਜਮਾ ਕੇ, ਹਿੰਦ ਤੋਂ ਗਏ ਫ਼ਕੀਰਾਂ ਨਾਲ ਗੋਸ਼ਟਾਂ ਕਰਕੇ ਤੇ ਓਥੋਂ ਦੇ ਵਡਕਿਆਂ ਦੀ ਨਿਸ਼ਾ ਖਾਤਰ ਕਰਕੇ ਤੇ ਆਪਣੀ ਸੁਲਹ ਕੁੱਲੀ ਦੀ ਸਿੱਖਿਆ ਮੁਕਾ ਕੇ ਬਗ਼ਦਾਦ ਆ ਗਏ। ਇਥੇ ਕੀਰਤਨ ਸਰੋਦ ਸੁਣ ਕੇ ਵਡੇ ਪੀਰ ਨੇ, ਜੋ ਦਸਤਗੀਰ ਦਾ ਗੱਦੀ ਨਸ਼ੀਨ ਸੀ, ਆਪ ਨੂੰ ਸੰਗਸਾਰ ਕਰਨ ਦੀ ਠਾਣੀ ਪਰ ਕਾਮਯਾਬ ਨਾ ਹੋਇਆ। ਪੀਰ 14 ਤਬਕ ਆਖੇ, ਗੁਰੂ ਜੀ ਨੇ ਕਿਹਾ ਲੱਖਾਂ ਅਕਾਸ਼ ਪਤਾਲ ਹੈਨ। ਫੇਰ ਪੀਰ ਦੇ ਪੁੱਤ ਦੇ ਸਿਰ ਤੇ ਹੱਥ ਰੱਖ ਕੇ ਉਸ ਨੂੰ ਲੱਖਾਂ ਅਕਾਸ਼ ਪਤਾਲ ਦਿਖਾ ਦਿਤੇ। ਗਲ ਕੀ ਇਥੇ ਵੀ ਖਿਜੈ ਪ੍ਰਾਪਤ ਕੀਤੀ। ਹੁਣ ਤੱਕ ਬਗ਼ਦਾਦ ਵਿਚ ਨਿਸ਼ਾਨ ਮੌਜੂਦ ਹੈ(ਬਗ਼ਦਾਦ ਦੇ ਖੁਤਬੇ ਤੋਂ ਖਿਆਲ ਪੈਂਦਾ ਹੈ ਕਿ ਬਗ਼ਦਾਦ ਆਪ 1577 ਬਿ: ਵਿਚ ਸਨ ਤੇ ਇਸੇ ਸਾਲ ਦੇ ਹੀ ਹੁਨਾਲੇ ਵਿਚ ਪੰਜਾਬ ਆ ਗਏ ਸਨ।)। ਇਕ ਬਹਿਲੋਲ ਫਕੀਰ ਨੂੰ ਤਾਰਿਆ ਜਿਸ ਦਾ ਹਾਲ ਸੁਾਮੀ ਅਨੰਦਾਚਾਰਯ ਨੇ ਲਿਖਿਆ ਹੈ ਆਪਣੀ Snow Birds ਨਾਮੇ ਕਿਤਾਬ ਵਿਚ। ਇਹ ਫ਼ਕੀਰ ਤੀਹ ਵਰ੍ਹੇ ਮਗਰੋਂ ਗੁਰ ਨਾਨਕ ਉਪਦੇਸ਼ ਦੀ ਕਮਾਈ ਕਰਦਾ ਰਿਹਾ ਦੱਸਿਆ ਹੈ ਸੁਾਮੀ ਨੇ। ਸੋ ਅਰਬ ਤੋਂ ਰੂਮ ਤੇ ਰੂਮ ਤੋਂ ਇਰਦ ਗਿਰਦ ਫਿਰੇ। ਕਈਆਂ ਦਾ ਖ਼ਿਆਲ ਹੈ ਮਿਸਰ ਬੀ ਗਏ। ਪਰ ਬਗ਼ਦਾਦ ਤੋਂ ਈਰਾਨ ਦੇ ਰਸਤੇ ਮੁੜੇ। ਤੁਰਕਿਸਤਾਨ ਜਾਣ ਦਾ ਬੀ ਖ਼ਿਆਲ ਹੈ। ਈਰਾਨ ਵਿਚ ਬੀ ਗਏ। ਇਧਰ ਹੀ ਕਿਧਰੇ ਕੜਾਹ ਪ੍ਰਸ਼ਾਦ ਤੇ ਪੰਜਾ ਲਗਣ ਦਾ ਟਿਕਾਣਾ ਦੱਸੀਦਾ ਹੈ। ਇਕ ਸਿੰਘ ਜੀ, ਜੋ ਈਰਾਨ ਰੂਮ ਆਦਿ ਸਾਰੇ ਹੋ ਕੇ ਆਏ ਹੈਨ ਦਸਦੇ ਹਨ ਕਿ ਮੈਂ ਦੇਖ ਆਇਆ ਹਾਂ। ਅਫ਼ਗਾਨਿਸਤਾਨ ਵਿਚ ਬੀ ਆਪ ਦੇ ਠਹਿਰਨ ਦੇ ਨਿਸ਼ਾਨ ਚਸ਼ਮੇ ਆਦਿ ਮੌਜੂਦ ਹਨ। ਕੰਧਾਰ ਵਿਚ ਬੀ ਆ ਕੇ ਠਹਿਰੇ

ਹਨ। ਇਥੇ ਯਾਰ ਵਲੀ, ਸ਼ਰਫ, ਮਾਨ ਚੰਦ ਆਦਿਕਾ ਨੂੰ ਤਾਰਦੇ ਆਪ ਦੇਸ਼ ਆ ਗਏ। ਪੰਜੇ ਸਾਹਿਬ ਵਾਲੀ ਵਲੀ ਕੰਧਾਰੀ ਨਾਲ ਸਾਖੀ ਤੇ ਗੋਸ਼ਟ ਬੀ ਇਸੇ ਸਮੇਂ ਹੋਈ ਦੱਸੀ ਜਾਂਦੀ ਹੈ। ਇਥੋਂ ਆਪ ਸੈਦਪੁਰ ਸੰਡਜਾਲੀ ਦੀ ਕਤਲਾਮ ਹੋਈ ਸੀ, ਜਿਸ ਬਾਬਤ ਗੁਰੂ ਜੀ ਭਵਿਖਤ ਵਾਕ ਕਰ ਗਏ ਹੋਏ ਸਨ(ਤਾਰੀਖ਼ ਫਰਿਸ਼ਤਾ ਨੇ ਲਿਖਿਆ ਹੈ ਕਿ 3000 ਆਦਮੀ ਬਾਬਰ ਨੇ ਸੰਡਜਾਲੀ ਤੋਂ ਕੈਦੀ ਬਣਾਏ ਸਨ।)। ਇਸ ਸਮੇਂ ਗੁਰੂ ਜੀ ਤੇ ਮਰਦਾਨਾ ਵੀ ਕੈਦ ਪਾਏ ਸਨ। ਮੀਰ ਖ਼ਾਨ ਇਕ ਦਰੋਗਾ ਸੀ। ਉਸ ਡਿੱਠਾ ਕਿ ਮਰਦਾਨਾ ਰਬਾਬ ਵਜਾ ਰਿਹਾ ਹੈ, ਪਰ ਉਸਦੇ ਸਪੁਰਦ ਕੀਤਾ ਘੋੜਾ ਮਗਰੇ ਮਗਰ ਆਪੇ ਜਾ ਰਿਹਾ ਹੈ। ਗੁਰੂ ਜੀ ਗਾ ਰਹੇ ਹਨ ਤੇ ਰੀਢ ਉਨ੍ਹਾਂ ਦੇ ਸੀਸ ਤੋਂ ਹੱਥ ਭਰ ਉੱਚੀ ਚਲ ਰਹੀ ਹੈ। ਇਹ ਗਲ ਬਾਬਰ ਨੂੰ ਦੱਸੀ ਗਈ। ਬਾਬਰ ਸੁਣ ਕੇ ਘੋੜੇ ਚੜ੍ਹਿਆ ਕੈਦੀਆਂ ਵਿਚ ਆ ਗਿਆ। ਅੱਗੇ ਕੀਰਤਨ ਹੋ ਰਿਹਾ ਸੀ ਤੇ ਗੁਰੂ ਜੀ ਸਮਾਧੀ ਵਿਚ ਸਨ, ਅਗੇ ਪਈ ਚੱਕੀ ਆਪੇ ਚਲ ਰਹੀ ਸੀ। ਕੀਰਤਨ ਦਾ ਠੰਢਾ ਅਸਰ ਪਿਆ। ਗੁਰੂ ਜੀ ਨੇ ਨੈਣ ਖੁਹਲੇ ਤਾਂ ਬਾਬਰ ਨੇ ਝੁਕ ਕੇ ਸਲਾਮ ਕੀਤਾ ਤੇ ਪਾਸ ਬਹਿ ਗਿਆ। ਪਰਸਪਰ ਵਾਰਤਾਲਾਪ ਹੋਈ। ਬਾਬਰ ਨੇ ਖ਼ੁਸ਼ ਹੋ ਕੇ ਕਿਹਾ: ਕੁਛ ਭੇਟਾ ਕਬੂਲ ਕਰੋ। ਤਾਂ ਗੁਰੂ ਜੀ ਨੇ ਕਿਹਾ: 'ਅਸਾਡੇ ਕੰਮ ਕਿਛੁ ਨਾਂਹੀ, ਪਰ ਇਹ ਜੋ ਬੰਦਿ ਹੋਈ ਹੈ ਸੈਦਪੁਰ ਕੀ ਛੋਡਿ ਦੇਣਿ, ਇਨ੍ਹਾਂ ਕਾ ਜੋ ਗਇਆ ਹੈ ਸੋ ਫੇਰਿ ਦੇਹਿ', (ਪੁ:ਜ:ਸਾ:)। ਗੁਰੂ ਜੀ ਦੀ ਸਿਫਾਰਸ਼ ਕਰਨ ਤੇ ਸੈਦ ਪੁਰ ਦੀ ਕੈਦ ਖੁਹਲੀ ਗਈ ਤੇ ਲੋਕ ਹੋਰ ਕਸ਼ਟਾਂ ਤੋਂ ਮਾਫ ਕੀਤੇ ਗਏ। ਲਿਖਿਆ ਹੈ: 'ਤਬ ਸੈਦ ਪੁਰ ਕੀ ਬੰਦ ਦਰੋਬਸਤ ਛੋਡਿ ਦਿੱਤੀ।' ਬਾਬਰ ਅਗੇ ਵਧਿਆ ਪਰ ਸਿਆਲਕੋਟ ਵਾਲਿਆਂ ਸ਼ਰਨ ਮੰਨ ਲਈ ਤੇ ਪਿੱਛੇ ਕੋਈ ਕੰਮ ਹੋ ਜਾਣ ਤੇ ਬਾਬਰ ਮੁੜ ਗਿਆ। ਗੁਰੂ ਜੀ ਦੀ ਉਚਾਰ ਹੋਈ ਬਾਣੀ ਝਾਡੂ ਕਲਾਲ ਸਿੱਖ ਨੇ ਲਿਖੀ। ਉਹ ਵੀ ਕੈਦ ਵਿਚ ਸੀ। ਪਹਿਲੋਂ ਇਕ ਹੋਰ ਸੀ ਖਾਨਪੁਰ ਦਾ ਸਿੱਖ 'ਖਰੜਿ' ਉਸ ਨ ਇਟ ਬਾਣੀ ਗਾਂਵੀਂ ਤਦ ਤੋਂ ਉਦਾਸੀ ਰੰਗ ਵਿਚ ਰਹਿਣ ਲਗ ਪਿਆ। ਸ੍ਰੀ ਗੁਰੂ ਜੀ ਇਉਂ ਚੌਥੀ ਉਦਾਸੀ ਮੁਕਾ ਕੇ ਕਰਤਾਰ ਪੁਰ ਆ ਗਏ।

## 11. ਕਰਤਾਰ ਪੁਰ ਨਿਵਾਸ

ਚਉਥੀ ਉਦਾਸੀ ਮਗਰੋਂ ਭਾਈ ਗੁਰਦਾਸ ਜੀ ਲਿਖਦੇ ਹਨ, 'ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ।' ਇਸ ਦੇ ਇਹ ਅਰਥ ਨਹੀਂ ਕਿ ਕਰਤਾਰਪੁਰ ਹੁਣ ਬੱਧਾ ਹੈ ਤੇ ਉਦਾਸੀ ਵੇਸ ਹੁਣ ਲਾਹਿਆ ਹੈ। ਕਰਤਾਰ ਪੁਰ ਪਹਿਲੇ ਬੱਧਾ ਹੋਇਆ ਸੀ, ਕਰਤਾਰਪੁਰੋਂ ਹੀ ਗਏ ਸਨ ਤਾਂ ਭਾਈ ਜੀ ਨੇ ਲਿਖਿਆ ਹੈ ਕਿ 'ਬਾਬਾ ਆਇਆ ਕਰਤਾਰ ਪੁਰ'। ਜੇ ਪਹਿਲੋਂ ਨਾ ਬੱਧਾ ਹੁੰਦਾ ਤਾਂ ਲਿਖਦੇ: ਬਾਬੇ ਹੁਣ ਬੱਧਾ ਕਰਤਾਰ ਪੁਰ। ਜਿਵੇਂ ਜੇ ਕਹੀਏ ਫਲਾਣਾ ਅੰਮ੍ਰਿਤਸਰ ਆਇਆ, ਇਹ ਤਾਂ ਹੀ ਕਹੀਦਾ ਹੈ ਜੇ ਪਹਿਲੇ ਅੰਮ੍ਰਿਤਸਰ ਹੋਵੇ ਤਾਂ। ਦੂਸਰੇ 'ਭੇਖ ਉਦਾਸੀ ਮਗਲ ਉਤਾਰਾ' ਦਾ ਅਰਥ ਹੈ ਫਕੀਰੀ ਲਿਬਾਸ ਸਗਲ (ਸਭ ਕਿਸਮ ਦਾ) ਲਾਹ ਦਿੱਤਾ। ਗੋਯਾ ਹੁਣ ਤੋਂ ਬਾਅਦ ਫੇਰ ਉਦਾਸੀ ਵਾਲਾ ਲਿਬਾਸ ਨਹੀਂ ਪਹਿਨਿਆ। ਉਂਵ ਮੱਕਿਓਂ ਆ ਕੇ, ਜੇ ਅੱਖਰੀ ਅਰਥ ਲੈਣੇ ਹੋਣ ਤਾਂ ਚਾਹੀਦਾ ਸੀ ਕਿ, ਹਾਜੀਆਂ ਵਾਲੇ ਨੀਲੇ ਕੱਪੜੇ ਉਤਾਰੇ। ਇਸ ਕਰਕੇ ਇਸ ਤੁਕ ਦੇ ਉਪਰ ਕਹੇ ਅਰਥ ਠੀਕ ਹਨ ਤੇ ਭਾਈ ਗੁਰਦਾਸ ਦੀ ਤਰਤੀਬ ਪੁਰਾਤਨ ਜਨਮ ਸਾਖੀ ਤੋਂ ਵਿਰੋਧੀ ਨਹੀਂ ਹੈ। ਹੁਣ ਕਰਤਾਰ ਪੁਰ ਕੀਹ ਕੀਤਾ। ਆਪ ਲਿਖਦੇ ਹਨ:- **ਪਹਿਰ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ। ਬਾਣੀ ਮੁਖਹੁ ਉਚਾਰੀਐ ਹੋਇ ਰੁਸ਼ਨਾਈ ਮਿਟੈ ਅੰਧਿਆਰਾ। ਗਿਆਨ ਗੋਸ਼ਟ ਚਰਚਾ ਸਦਾ ਅਨਹਦ ਸ਼ਬਦ ਉਠੇ ਧੁਨਕਾਰਾ। ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪ ਉਚਾਰਾ।**

## 12. ਪੰਜਵੀਂ ਉਦਾਸੀ

ਪੁਰਾਤਨ ਜਨਮ ਸਾਖੀ ਵਿਚ ਪੰਜਵੀਂ ਉਦਾਸੀ ਸਿਰਲੇਖ ਤਾਂ ਹੈ ਪਰ ਇਹ ਠੀਕ ਨਹੀਂ, ਕਿਉਂਕਿ ਲੇਖਕ ਨੇ ਹੁਣ ਉਦਾਸੀ ਭੇਸ ਕੀਹ ਸੀ ਕੋਈ ਨਹੀਂ ਦੱਸਿਆ। ਕੇਵਲ ਇਤਨਾ ਕਿਹਾ ਹੈ ਕਿ ਉਦਾਸੀ ਪੰਜਵੀਂ ਬਾਬਾ ਗੋਰਖ ਹਟੜੀ ਗਿਆ। ਅੱਗੇ ਸਿੱਧਾਂ ਨਾਲ ਗੋਸ਼ਟ ਹੋਈ ਲਿਖੀ ਹੈ 'ਸਿਧ ਸਭਾ ਕਰਿ ਆਸਣਿ ਬੈਠੇ' ਇਥੇ ਜਨਮ ਸਾਖੀ ਵਾਲੇ ਨੂੰ ਟਪਲਾ ਲਗਾ ਹੈ ਥਾਂ ਦਾ। ਇਹ ਗੋਸ਼ਟ ਹੋਈ ਤਾਂ ਹੁਣੇ ਹੈ ਪਰ ਗੋਰਖ ਹਟੜੀ ਨਹੀਂ ਹੋਈ, ਇਹ ਅਚਲ ਵਟਾਲੇ ਹੋਈ ਹੈ। ਕਿਉਂਕਿ ਇਸੇ ਟਿਕਾਣੇ ਪੱਛਮ

ਦੇ ਸਫਰ ਤੋਂ ਬਾਦ ਹੀ ਭਾਈ ਗੁਰਦਾਸ ਨੇ ਅਚਲ ਵਟਾਲੇ ਦੀ ਗੋਸ਼ਟ ਕਰਤਾਰ ਪੁਰੋਂ ਉਠ ਕੇ ਜਾ ਕੇ ਕਰਨੀ ਲਿਖੀ ਹੈ। ਅਰ ਹੁਣ 'ਕਪੜੇ ਸੰਸਾਰੀ' ਸਨ, ਜੋ ਭਾਈ ਗੁਰਦਾਸ ਜੀ ਨੇ ਦੱਸਿਆ ਹੈ ਕਿ ਹੁਣ ਅੱਗੋਂ ਲਈ ਧਾਰ ਲਏ ਸਨ। ਕਿਉਂਕਿ ਜੇ ਕੱਪੜੇ ਸੰਸਾਰੀ ਨਾ ਹੁੰਦੇ ਤਾਂ ਇਸ ਚਰਚਾ ਵਿਚ ਜੋਗੀ ਇਹ ਮਿਹਣਾ ਨਾ ਦੇਂਦੇ- "ਭੇਖ ਉਤਾਰ ਉਦਾਸ ਦਾ ਵਤ ਕਿਉਂ ਸੰਸਾਰੀ ਰੀਤਿ ਚਲਾਈ।" ਸੋ ਹੁਣ ਵਾਲਾ ਸਫਰ ਸਫਰ ਤਾਂ ਹੈ ਪਰ ਉਦਾਸੀ ਨਹੀਂ ਕਹਾ ਸਕਦਾ। ਇਸ ਦਾ ਸੰਖੇਪ ਹਾਲ ਐਉਂ ਹੈ ਕਿ ਸ਼ਿਵਰਾਤ੍ਰੀ ਦਾ ਮੇਲਾ, ਜੋ ਤਦੋਂ ਫਗਣ ਵਿਚ ਹੁੰਦਾ ਸੀ, ਸੁਣ ਕੇ ਗੁਰੂ ਜੀ ਅਚਲ ਵਟਾਲੇ ਆਏ। ਇਥੇ ਗੁਰੂ ਨਾਨਕ ਦੇ ਉਦਾਲੇ ਅਤਿਯੰਤ ਲੁਕਾਈ ਆ ਗਈ। ਜੋਗੀਆਂ ਰਿਸ਼ਕ ਖਾਧੀ। ਲੱਗੇ ਨਾਟਕ ਚੇਟਕ ਕਰਨ ਪਰ ਗੁਰੂ ਜੀ ਨਾਲ ਪੇਸ਼ ਨਾ ਗਈ। ਹਾਰ ਖਾ ਕੇ ਫੇਰ ਚਰਚਾ ਕਰਨ ਲਈ ਜੁੱਟ ਪਏ। ਇਸ ਵਿਚ ਬੀ ਉਨ੍ਹਾਂ ਨੂੰ ਮੰਨਣਾ ਪਿਆ ਕਿ ਨਾਮ ਦੀ ਕਮਾਈ ਸਭ ਤੋਂ ਸ੍ਰੇਸ਼ਟ ਹੈ। ਭਾਈ ਗੁਰਦਾਸ ਜੀ ਲਿਖਦੇ ਹਨ: **'ਬਾਬੇ ਕੀਤੀ ਸਿਧ ਗੋਸਟ ਸਬਦ ਸਾਂਤਿ ਸਿੱਧਾਂ ਵਿਚ ਆਈ।'** ਤੇ ਗੁਰੂ ਜੀ ਆਪ ਇਸ ਗੋਸ਼ਟ ਦੇ ਅੰਤ ਲਿਖਦੇ ਹਨ- 'ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ ਫਿਰਹਿ ਫੁਰਮਾਣੇ॥ਮਾਗਹਿ ਨਾਮੁ ਪਾਇ ਇਹ ਭਿਖਿਆ ਤੇਰੇ ਦਰਸਨ ਕਉ ਕੁਰਬਾਣੇ।' ਭਾਵ- ਸਾਧਨਾ ਕਰਨ ਵਾਲੇ ਤੇ ਸਿਧ (ਯੋਗੀ) ਚੇਲੇ ਤੇ ਗੁਰੂ ਸਾਰੇ ਹੁਣ ਹੁਕਮ ਪੁੱਛਦੇ ਹਨ। ਨਾਮ ਦੀ ਮੰਗ ਕਰਦੇ ਹਨ, ਕਹਿੰਦੇ ਹਨ ਇਹ ਖ਼ੈਰ ਪਾ ਅਸੀਂ ਤੇਰੇ ਸਿੱਧਾਂਤ (ਫ਼ਿਲਸਫ਼ੇ) ਤੋਂ ਸਦਕੇ ਹਾਂ। ਅਸਲ ਵਿਚ ਇਸ ਮੇਲੇ ਪਰ ਜੋਗੀਆਂ ਉਤੇ ਖ਼ਾਸ ਕਰਕੇ ਅਸਰ ਪਿਆ ਤੇ ਆਮ ਤੌਰ ਤੇ ਛਿਆਂ ਹੀ ਦਰਸ਼ਨਾਂ ਦੇ ਨੇਤਾ ਗੁਰੂ ਜੀ ਅੱਗੇ ਝੁਕ ਗਏ ਤੇ ਉਨ੍ਹਾਂ ਨੂੰ ਵਾਹਿਗੁਰੂ ਵੱਲੋਂ ਆ ਕੇ ਪ੍ਰਗਟ ਹੋਇਆ ਮੰਨ ਲਿਆ, ਯਥਾ:-

> **ਜਿਨਿ ਮੇਲਾ ਸਿਵਰਾਤਿ ਦਾ ਖਟ ਦਰਸਨ ਆਦੇਸਿ ਕਰਾਈ।**
> **ਸਿਧਿ ਬੋਲਨਿ ਸੁਭ ਬਚਨਿ: ਧੰਨ ਨਾਨਕ ਤੇਰੀ ਵਡੀ ਕਮਾਈ।**
> **ਵਡਾ ਪੁਰਖ ਪਰਗਟਿਆ ਕਲਿਜੁਗਿ ਅੰਦਰਿ ਜੋਤਿ ਜਗਾਈ।**
> (ਵਾਰ ੧-੪੪)

ਜੋ ਵੀਚਾਰ ਗੁਰਾਂ ਦੀ ਸਿੱਧਾਂ ਨਾਲ ਏਥੇ ਹੋਈ ਉਹ ਗੁਰੂ ਜੀ ਨੇ ਸਰਬ ਕਾਲ ਸੁਖਦਾਈ ਹੋਣ ਲਈ ਸਿਧ ਗੋਸਟਿ ਨਾਮੇ ਬਾਣੀ ਵਿਚ ਲਿਖੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ।

ਇਥੋਂ ਉਠ ਕੇ ਆਪ ਮੁਲਤਾਨ ਗਏ, ਜਿਸ ਦੀ ਵਾਰਤਾ ਐਉਂ ਲਿਖੀ ਹੈ:- 'ਮੇਲਿਓਂ ਬਾਬਾ ਉਠਿਆ ਮੁਲਤਾਨੇ ਦੀ ਜ਼ਿਆਰਤ ਜਾਈ ਅੱਗੋਂ ਪੀਰ ਮੁਲਤਾਨ ਦੇ ਦੁੱਧ ਕਟੋਰਾ ਭਰਿ ਲੈ ਆਈ। ਬਾਬੇ ਕਢਿ ਕਰਿ ਬਗਲ ਤੇ ਚੰਬੇਲੀ ਦੁਧ ਵਿਚ ਮਿਲਾਈ। ਜਿਉਂ ਸਾਗਰ ਵਿਚ ਗੰਗ ਸਮਾਈ। (ਵਾ:ਭਾ: ਗੁਰ: 1-43)।' ਗੁਰੂ ਜੀ ਨੇ ਮਾਨੋ ਦੱਸਿਆ ਕਿ ਫਿਕਰ ਨਾ ਕਰੋ, ਮੈਂ ਤੁਹਾਡੀ ਪੂਜਾ ਲੈਣ ਨਹੀਂ ਆਇਆ, ਮੈਂ ਤਾਂ ਨਾਮ ਦੀ ਸੁਗੰਧੀ ਵਾਲਾ ਚੰਬੇਲੀ ਦਾ ਫੁੱਲ ਹਾਂ ਜੋ ਜਗਤ ਵਿਚ ਭਰੇ ਸਭ ਮਤਾਂ ਦੇ ਫਕੀਰਾਂ ਦੇ ਉਪਰ ਮਲਕੜੇ ਟਿਕ ਕੇ ਸਭ ਨੂੰ ਸੁਗੰਧੀ ਦਾਨ ਕਰਨੇ ਵਾਲਾ ਹਾਂ। ਮੇਰੀ ਸਮਾਈ ਅੱਗੇ ਭਰੇ ਪਏ ਜਗਤ ਵਿਚ ਐਉਂ ਹੈ ਜਿਵੇਂ ਗੰਗਾ ਦੀ ਸਮੁੰਦਰ ਵਿਚ ਹੈ, ਅੱਗੇ ਭਰਿਆ ਸਮੁੰਦਰ ਉਸ ਨਾਲ ਡੁਲ੍ਹ ਨਹੀਂ ਪੈਂਦਾ। ਸੁਣ ਕੇ ਪੀਰਾਂ ਨੂੰ ਠੰਢ ਪੈ ਗਈ ਤੇ ਵਾਰਤਾਲਾਪ ਮਗਰੋਂ ਸਭ ਨੇ ਮੰਨਿਆਂ ਕਿ ਇਹ ਮਹਾਂ ਪੁਰਖ ਹੈ ਤੇ ਪਰਮੇਸਰ ਵੱਲੋਂ ਆਇਆ ਹੈ ਜਗਤ ਨਿਸਤਾਰਨ ਨੂੰ। ਮੁਲਤਾਨੋਂ ਟੁਰ ਕੇ ਸਨੇ ਸਨੇ ਆਪ ਕਰਤਾਰਪੁਰ ਆ ਗਏ। ਰਸਤੇ ਵਿਚ ਕਈ ਕੌਤਕ ਵਰਤੇ ਤੇ ਉਧਾਰ ਸੁਧਾਰ ਹੋਏ।

## 13. ਗੁਰਗੱਦੀ

ਕਰਤਾਰਪੁਰ ਵਿਚ ਇਲਾਹੀ ਜੋਤਾਂ ਪ੍ਰੇਮ ਤੇ ਨਾਮ ਦੀਆਂ ਜਗ ਰਹੀਆਂ ਸਨ। ਦੂਰੋਂ ਨੇੜਿਓਂ ਲੋਕੀ ਆਉਂਦੇ ਤੇ ਸਿੱਖੀ ਧਾਰਨ ਕਰਦੇ। ਬਹੁਤੇ ਲੋਕਾਂ ਦੇ ਨਿਸਤਾਰੇ ਦਾ ਧ੍ਰੂਵਾ ਹੋ ਕੇ ਮਰਦਾਨੇ ਦਾ ਸਰੀਰ ਆਪਣੇ ਤਾਰਣ ਕ੍ਰਤਾਰ ਦੇ ਹੱਥਾਂ ਵਿਚ ਕਰਤਾਰਪਰ ਛੁੱਟਾ ਤੇ ਗੁਰੂ ਕੇ ਹੱਥੀਂ ਉਸ ਦੀ ਸਦਗਤੀ ਹੋਈ। ਸਰੀਰ ਨਦੀ ਵਿਚ ਕਿ ਅਗਨ ਵਿਚ ਸਫਲ ਹੋਇਆ। ਬਾਜ਼ਿਆਂ ਦਾ ਖਿਆਲ ਹੈ ਮਰਦਾਨਾ 'ਕੁਰਮ' ਚੜ੍ਹਿਆ ਹੈ।

ਮਹਿਮਾ ਪ੍ਰਕਾਸ਼ ਮੂਜਬ ਹੁਣ ਕਰਤਾਰ ਪੁਰ ਵਿਚ ਕੀਰਤਨ ਦੀ ਸੇਵਾ ਉਤੇ ਗੁਰੂ ਜੀ ਨੇ ਬਲਵੰਡ ਨੂੰ ਲਾਇਆ।

ਪੰਜਵੀਂ ਉਦਾਸੀ ਜਿਸ ਨੂੰ ਕਹੀਦਾ ਹੈ, ਇਸ ਤੋਂ ਮਗਰੋਂ ਯਾ ਲਗ-ਪਗ ਇਸ ਵੇਲੇ ਖਡੂਰ ਦੇ ਲਾਗਿਓਂ ਸੰਘਰ ਪਿੰਡ ਦਾ, ਦੇਵੀ ਦੀ ਉਪਾਸਨਾ ਵਿਚ ਆਪਣੇ ਵਾਹਿਗੁਰੂ ਬਖ਼ਸ਼ੇ ਧਰਮ ਭਾਵਾਂ ਨੂੰ ਸ਼ਰਧਾ ਨਾਲ ਲਾਉਂਦਾ, ਲਹਿਣਾ ਨਾਮੇ, ਚੰਗੇ ਪਤਵੰਤੇ ਖੱਤ੍ਰੀ ਘਰਾਣੇ ਦਾ ਸਪੂਤ ਤੇ ਸੰਘਰ ਦੇ ਇਕ ਵੱਡੇ ਧਨਾਢ ਘਰਾਣੇ ਦਾ ਜੁਆਈ, ਦਰਸ਼ਨਾਂ ਨੂੰ ਆਇਆ। ਇਸ ਤਰ੍ਹਾਂ ਨਾ ਕਿ ਜਿਸ ਤਰ੍ਹਾਂ ਤਿਤਲੀ ਆ ਕੇ ਰਸ ਲੈਂਦੀ ਤੇ ਉਡਦੀ ਰਹਿੰਦੀ, ਘੁੰਮਦੀ ਰਹਿੰਦੀ ਹੈ ਪਰ ਚੁੰਬਕ ਵੱਲ ਖਿੱਚੇ ਆਏ ਚੁੰਬਕ ਨਾਲ ਮਿਲ ਕੇ ਚੁੰਬਕ ਹੀ ਹੋ ਗਏ। ਦੁਏ ਚੁੰਬਕ ਸਨ। ਇਕ ਆਪਣੇ ਸੂਰਜ ਜਲਾਲ ਵਿਚ ਨੂਰ ਵਰਸਾ ਰਿਹਾ ਸੀ, ਦੂਸਰਾ ਇਕ ਛਿਪਵੇਂ ਰੰਗ ਵਿਚ ਚੁੰਬਕ ਦਾ ਪ੍ਰੇਮੀ ਹੋ ਕੇ ਆਇਆ ਤੇ ਛੂੰਹਦੇ ਸਾਰ ਆਪਣੇ ਚੁੰਬਕ ਰੂਪ ਵਿਚ ਚਮਕ ਉਠਿਆ! ਸ੍ਰੀ ਲਹਿਣਾ ਜੀ ਨੇ ਸੇਵਾ ਵਿਚ ਰਹਿ ਕੇ ਗੁਰੂ ਨਾਨਕ ਦੇਵ ਜੀ ਦੇ ਆਸ਼ੇ ਅਨੁਸਾਰ ਜਗਤ ਰਖਜਾ ਦਾ ਕੰਮ ਕੀਤਾ। ਗੁਰਮੁਖੀ ਅੱਖਰ ਗੁਰੂ ਨਾਨਕ ਦੇਵ ਜੀ ਦੀ ਆਗਜਾ ਵਿਚ ਰਚ ਕੇ, ਉਨ੍ਹਾਂ ਦੀ ਬਾਣੀ ਨੂੰ ਸੁਹਣੇ ਜਾਮੇਂ ਵਿਚ ਉਤਾਰਨ ਦਾ ਕਾਰਜ, ਉਨ੍ਹਾਂ ਦੇ ਜਗਤ ਵਿਚ ਹੁੰਦੇ ਹੀ ਆਰੰਭ ਦਿੱਤਾ। ਜਿਵੇਂ ਜਿਵੇਂ ਸਾਹਿਬਾਂ ਦਾ ਹੁਕਮ ਹੋਇਆ ਤਿਵੇਂ ਤਿਵੇਂ ਆਪ ਕਰਦੇ ਰਹੇ। ਜਿੰਨੇ ਬਰਸ ਆਪ ਨੂੰ ਮਿਲੇ ਆਪ ਨੇ ਇਕ ਛਿਨ ਆਗਿਆ ਵਿਚ ਆਗਿਆਕਾਰੀ ਹੋਣ ਤੋਂ ਵਿਰਵੀ ਨਹੀਂ ਲੰਘਣ ਦਿੱਤੀ। ਇਥੋਂ ਤਾਈਂ ਕਿ ਆਪ ਗੁਰੂ ਕਾ ਰੂਪ ਹੀ ਮਾਨੋ ਹੋ ਗਏ। ਸਿੱਖੀ ਦਾ ਪ੍ਰਚਾਰ ਹੁਣ ਬਹੁਤ ਸੀ ਪਰ ਗੁਰੂ ਨਾਨਕ ਦੇਵ ਜੀ ਸਚਖੰਡ ਜਾਣ ਵਾਲੇ ਸੇ। ਆਪ ਆਪਣੇ ਜਗਤ-ਉਧਾਰ ਦੇ ਕੰਮ ਦੇ ਯੋਗ ਉਨ੍ਹਾਂ ਦੀਆਂ ਕਰਨੀਆਂ ਕਰਕੇ, ਰੂਹਾਨੀ ਤਾਕਤਾਂ ਕਰਕੇ ਤੇ ਅਗੰਮੀ ਹੁਕਮ ਨੂੰ ਸਮਝ ਕੇ ਸ੍ਰੀ ਲਹਿਣਾ ਜੀ ਨੂੰ ਹੀ ਗੱਦੀ ਦਾ ਹੱਕਦਾਰ ਦੇਖਦੇ ਸਨ। ਪਰ ਸੰਗਤਾਂ ਤੇ ਰਿਸ਼ਤੇਦਾਰਾਂ ਨੂੰ ਸੰਸਾਰਕ ਤਸੱਲੀਆਂ ਦੀ ਲੋੜ ਹੁੰਦੀ ਹੈ, ਉਹ ਰਜ਼ਾ ਵਿਚ ਮਰਜ਼ੀ ਘੱਟ ਮੇਲਦੇ ਹਨ, ਰੱਬੀ ਔਜ ਤੇ ਹੁਕਮ ਨੂੰ ਨਹੀਂ ਪਛਾਣਦੇ। ਸੋ ਗੁਰੂ ਜੀ ਨੇ ਕਈ ਕੌਤਕ ਰਚ ਕੇ ਪ੍ਰੀਖਜਾ ਕੀਤੀਆਂ, ਜਿਨ੍ਹਾਂ ਵਿਚ ਸਾਰੇ ਕੱਸੇ ਨਿਕਲੇ। ਪੁੱਤਰ ਤਾਂ ਇਨ੍ਹਾਂ ਅਜ਼ਮਾਯਸ਼ਾਂ ਵਿਚ ਗੁਰੂ ਆਸ਼ਯ ਤੇ ਪੂਰੇ ਨਾਂ ਉਤਰੇ, ਯਥਾ:- 'ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ ਮੁਰਟੀਐ।' ਇਕ ਸ੍ਰੀ ਲਹਿਣਾ ਜੀ ਪੂਰੇ ਉਤਰੇ।

ਇਕ ਦਿਨ ਮਖ਼ਦੂਮ ਬਹਾਉਦੀਨ ਦਾ ਆਦਮੀ ਆਇਆ ਤੇ ਸੁਨੇਹਾ ਲਿਆਇਆ ਕਿ ਹੇ ਗੁਰੂ ਨਾਨਕ ਤੁਸਾਂ ਮੈਨੂੰ ਨਾਲ ਲੈ ਚੱਲਣਾ ਸੀ, ਪਰ ਮੈਨੂੰ ਪਹਿਲੋਂ ਸੱਦਾ ਆ ਗਿਆ ਹੈ। ਮੈਂ ਤਾਂ ਤੁਹਾਡੇ ਸਾਏ ਹੇਠ ਬਚਣੇ ਦੀ ਟੇਕ ਧਾਰ ਰੱਖੀ ਸੀ, ਹੁਣ ਮੈਨੂੰ ਕੌਣ ਬਚਾਵੇਗਾ? ਮਖ਼ਦੂਮ ਦੇ ਖ਼ਤ ਦੇ ਅੰਤ ਲਿਖਿਆ ਸੀ- "ਜੇ ਅਸਾਂ ਲਦਣ ਲਦਿਆ ਅਸਾਡੀ ਬੀ ਕਰ ਕਾਇ।" ਗੁਰੂ ਜੀ ਨੇ ਜੁਵਾਬ ਲਿਖਿਆ:-

**ਜੋ ਭਰਿਆ ਸੋ ਲਦਸੀ, ਸਭਨਾਂ ਹੁਕਮ ਰਜਾਇ।**
**ਨਾਨਕ ਤੇ ਮੁਖ ਉਜਲੇ, ਚਲੇ ਹਕ ਕਮਾਇ।**

(ਇਹ ਸਲੋਕ ਗੁਰਬਾਣੀ ਵਿਚ ਨਹੀਂ ਹੈ; ਪੁਰਾਤਨ ਜਨਮ ਸਾਖੀ ਦੇ ਕਰਤਾ ਜੀ ਨੇ ਲਿਖਿਆ ਹੈ।))

ਇਸੇ ਖ਼ਤ ਦੇ ਅੰਤ ਵਿਚ ਸਤਿਗੁਰਾਂ ਨੇ ਲਿਖਿਆ- 'ਤੁਸੀ ਚਲਹੁ ਅਸੀ ਭੀ ਆਵਹਿਗੇ ਚਾਲੀ ਦਿਨ ਪਿੱਛੇ (ਪੁ:ਜ:ਸਾ:)।' ਮਖ਼ਦੂਮ ਦਾ ਪ੍ਰੇਮ ਐਤਨਾ ਸੀ ਕਿ ਖ਼ਤ ਪੜ੍ਹ ਕੇ ਰੋਇਆ ਤੇ ਆਖਿਓਸੁ:- 'ਯਾਰੋ ਅਸਾਂ ਉਨ੍ਹਾਂ ਚਾਲੀਆਂ ਦਿਨਾਂ ਦਾ ਫਿਕਰ ਹੈ ਜੋ ਚਾਲੀ ਦਿਨ ਹਨੇਰੇ ਰਹਿਣਾ ਹੋਵੇਗਾ।.....ਜੇ ਓਹ ਚਲਦੇ ਤਾਂ ਸੁਖਾਲੇ ਚਾਨਣੇ ਨਾਲ ਜਾਂਦੇ।' ਤਦ ਉਸ ਦਾ ਚਲਾਣਾ ਹੋ ਗਿਆ।

## 14. ਸੱਚਖੰਡ ਪਯਾਨੇ

ਹੁਣ ਗੁਰੂ ਬਾਬਾ ਤਯਾਰੀਆਂ ਦੇ ਘਰਾਂ ਵਿਚ ਆ ਗਿਆ ਸੀ। ਸੋ ਆਪਣੀ ਗੁਰਿਆਈ ਦਾ ਛਤਰ ਸ੍ਰੀ ਲਹਿਣਾ ਜੀ ਦੇ ਸੀਸ ਤੇ ਝੁਲਾ ਕੇ ਪੰਜ ਪੈਸੇ ਨਲੀਏਰ ਅੱਗੇ ਧਰ ਕੇ ਮੱਥਾ ਟੇਕ ਕੇ ਗੁਰਿਆਈ ਦੀ ਗੱਦੀ ਤੇ ਸਥਾਪਨ ਕਰ ਦਿੱਤਾ ਤੇ ਨਾਉਂ ਰੱਖ ਦਿੱਤਾ ਗੁਰੂ ਅੰਗਦ। ਗੁਰੂ ਬਾਬੇ ਨੇ ਹੱਥੀਂ ਭਾਈ ਬੁੱਢੇ ਦੀ ਇਸ ਵੇਲੇ ਗੁਰੂ ਅੰਗਦ ਦੇ ਮੱਥੇ ਗੁਰਜਾਈ ਤੇ ਟਿੱਕੇ ਜਾਣ ਦਾ ਤਿਲਕ ਕਢਵਾਇਆ। ਇਸ ਪਰ ਆ ਜੁੜੀ ਸੰਗਤ ਨੇ ਗੁਰੂ ਅੰਗਦ ਦੇਵ ਅੱਗੇ ਮੱਥਾ ਟੇਕ ਦਿੱਤਾ। ਜੋ ਗੁਰ ਨਾਨਕ ਦਾ ਕੀਤਾ ਧੁਰ ਦਾ ਕੀਤਾ ਹੈ, ਪਰ ਪੁਤਰਾਂ ਨੇ ਬਚਨ ਨਾਂ ਮੰਨਿਆ। "**ਥਾਪਿਆ ਲਹਿਣਾ ਜੀਵਦੈ ਗੁਰਿਆਈ ਸਿਰ ਛਤ੍ਰ ਫਿਰਾਇਆ।**" (੧-੪੫ ਭਾ: ਗੁ:)

**'ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ।.....ਸਹਿ ਟਿਕਾ ਦਿਤੋਸੁ ਜੀਵਦੈ।** (ਵਾਰ ਰਾਮ:ਸ:ਬ:)। ਇਹ ਗਲ ਝਟ ਪਟ ਪਰਿਵਾਰ ਤੇ ਸੰਗਤ ਨੂੰ ਪਤਾ ਲਗ ਗਈ। ਸੰਗਤ ਆ ਜੁੜੀ ਤਦ ਗੁਰੂ ਅੰਗਦ ਜੀ ਹੱਥ ਜੋੜ ਖਲੋਤੇ। ਗੁਰੂ ਬਾਬੇ ਨੇ ਆਖਿਆ 'ਕੁਛ ਮੰਗ'। ਤਾਂ ਗੁਰੂ ਅੰਗਦ ਜੀ ਬੋਲੇ: 'ਜੀ ਪਾਤਸ਼ਾਹ! ਪਰਤਾਵਿਆਂ ਵਿਚ ਜੋ ਜੋ ਆਪ ਪਾਸੋਂ ਸਿੱਖ ਸੰਗਤ ਤਰੁੱਟੀ ਹੈ ਸੋ ਮੁੜ ਲੜ ਲਾ ਲਓ। ਸ੍ਰੀ ਗੁਰੂ ਨਾਨਕ ਦੇਵ ਜੀ ਬੋਲੇ: 'ਬਖ਼ਸ਼ ਦਿਤੇ। ਹੇ ਅੰਗਦ! ਤੇਰਾ ਸਦਕਾ ਸੱਭਾ ਬਖ਼ਸ਼ੀ।' ਧੰਨ ਗੁਰੂ ਅੰਗਦ ਦੇਵ ਜਿਸ ਨੇ ਆਪਣੇ ਦੋਖੀ, ਗੁਰੂ ਕੇ ਦੋਖੀ ਸਾਰੇ ਬਖ਼ਸ਼ਵਾ ਦਿੱਤੇ।

ਹੁਣ ਬਾਬਾ ਉਠ ਕੇ ਇਕ ਸ਼ਰੀਂਹ ਤਲੇ ਜਾਇ ਬੈਠਾ। ਗੁਰੂ ਅੰਗਦ ਜੀ ਮੱਥਾ ਟੇਕ ਕੇ ਪਾਸ ਜਾ ਬੈਠੇ। ਭਾਈ ਬੰਧ ਪਰਿਵਾਰ ਸਭੇ ਪਾਸ ਬੈਠੇ ਲਗੇ ਰੁਦਨ ਕਰਨੇ, ਪਰ ਗੁਰੂ ਬਾਬੇ ਨੇ ਉਸ ਵੇਲੇ ਬੀ ਸ਼ਬਦ ਉਚਾਰਿਆ 'ਧੰਨੁ ਸਿਰੰਦਾ ਸਚਾ ਪਾਤਿਸਾਹੁ' ਰਾਗ ਵਡਹੰਸ। ਫਿਰ ਬਾਬਾ ਜੀ ਵਿਸਮਾਦ ਵਿਚ ਆ ਕੇ ਸਮਾਧਿ ਸਥਿਤ ਹੋ ਗਏ। ਜਦ ਖੁਲ੍ਹੀ ਸਮਾਧਿ ਤਾਂ ਬਾਰਾਂ ਮਾਹ ਤੁਖਾਰੀ ਦਾ ਉਚਾਰ ਹੋਇਆ। ਇਹ ਬਾਣੀ ਗੁਰੂ ਅੰਗਦ ਜੀ ਜੋਗ ਪ੍ਰਦਾਨ ਕੀਤੀ ਗੁਰੂ ਬਾਬੇ ਨੇ। ਹੁਣ ਅੰਮ੍ਰਿਤ ਵੇਲਾ ਹੋ ਗਿਆ ਸੀ।ਪੁੱਤਰਾਂ ਨੇ ਇਹ ਦੇਖ ਕੇ ਕਿ ਗੱਦੀ ਗੁਰੂ ਅੰਗਦ ਦੇਵ ਜੀ ਨੂੰ ਮਿਲੀ, ਹੁਣ ਬਾਣੀ ਮਿਲੀ ਤਾਂ ਆਪ ਨੂੰ ਵਿਰਵਾ ਵੇਖ ਕੇ ਆਖਣ ਲਗੇ: 'ਅਸਾਡਾ ਕਿਆ ਹਾਲ ਹੋਵੇਗਾ?' ਤਾਂ ਗੁਰੂ ਬਾਬੇ ਨੇ ਕਿਹਾ: ਜੇ ਗੁਰੂ ਗੁਰੂ ਜਪੋਗੇ ਤਾਂ ਜਨਮ ਸਵਰੇਗਾ, ਤੇ ਫਿਕਰ ਨਾ ਕਰੋ, ਰੋਟੀਆਂ ਕਪੜੇ ਬਹੁਤ ਹੋਵਨਗੇ। ਇਸ ਵੇਲੇ ਗੁਰੂ ਬਾਬੇ ਨੂੰ ਹਿੰਦੂ ਤੇ ਮੁਸਲਮਾਨ ਮੁਰੀਦਾਂ ਵਿਚ ਦੇਹਿ ਦੇ ਦੱਬਣ ਯਾ ਸਸਕਾਰਨ ਪਰ ਕੁਛ ਵੀਚਾਰ ਹੁੰਦੀ ਦਿੱਸੀ। ਆਖਣ ਲੱਗੇ: ਖੱਬੇ ਸੱਜੇ ਦੁਏ ਫੁੱਲ ਧਰ ਦਿਓ, ਜਿਸ ਦੇ ਹਰੇ ਰਹਿਣਗੇ ਸਵੇਰ ਨੂੰ ਉਸ ਦਾ ਅੰਤਮ ਕਰਮ ਕਰ ਦੇਣਾ। ਹੁਣ ਸੰਗਤ ਸ਼ਬਦ ਪੜ੍ਹਨ ਲਗ ਪਏ: 'ਜੈ ਘਰਿ ਕੀਰਤਿ ਆਖੀਐ', ਫੇਰ ਜਪੁਜੀ ਦਾ ਪਾਠ ਹੋਇਆ। ਜਦ ਸਲੋਕ ਪੜ੍ਹਿਆ "ਪਵਣ ਗੁਰੂ" ਵਾਲਾ ਤਾਂ ਬਾਬੇ ਚਾਦਰਾ ਤਾਣ ਲਿਆ, ਸੰਗਤ ਮੱਥਾ ਟੇਕਿਆ। ਜਾਂ ਚਾਦਰ ਚੁੱਕਣ ਤਾਂ ਗੁਰੂ ਕੀ ਦੇਹ ਆਪਣੇ ਤੱਤਾਂ ਵਿਚ ਸਮਾਂ ਚੁਕੀ ਸੀ ਤੇ ਹਿੰਦੂ ਮੁਸਲਮਾਨਾਂ ਦੇ ਫੁੱਲ ਧਰੇ ਪਏ ਹਰੇ ਸਨ। ਸੋ ਆਪੋ ਆਪਣੇ ਚਾਕੇ ਦੁਏ ਲੈ ਗਏ। ਇਕਨਾਂ ਨੇ ਸਮਾਧਿ ਤੇ ਇਕਨਾਂ ਨੇ

 www.sikhbookclub.com

ਰੌਜ਼ਾ ਬਣਾਇਆ, ਪਰ ਆਖਦੇ ਹਨ ਕਿ ਸੰਮਤ 1614 ਬਿ: ਦੇ ਬਰਸਾਤ ਵਿਚ ਰਾਵੀ ਚੜ੍ਹ ਆਈ ਤੇ ਦੁਏ ਨਿਸ਼ਾਨ ਮੋਢੇ ਤੇ ਚਾਕੇ ਸਾਗਰ ਨੂੰ ਲੈ ਗਈ। ਕਰਤਾਰ ਪੁਰ ਗੁਰੂ ਕਾ ਦੇਹੁਰਾ ਦਰਬਾਰ ਕਰਤਾਰ ਪੁਰ ਹੁਣ ਤਕ (ਪਾਕਸਤਾਨ ਵਿਚ) ਹੈ ਤੇ ਉਰਾਰ ਤ੍ਰੈ ਕੁ ਮੀਲ ਉਰੇ ਡੇਰਾ ਬਾਬਾ ਨਾਨਕ, ਆਪ ਦੇ ਪੁੱਤਾਂ ਦਾ ਵਸਾਇਆ ਨਗਰ ਤੇ ਗੁਰਦੁਆਰਾ ਹੁਣ ਤਕ ਹੈ। ਜਿਸ ਦਿਨ ਗੁਰੂ ਬਾਬੇ ਦੀ ਜੋਤ ਜੋਤੀ ਵਿਚ ਰਲੀ ਉਸ ਦਿਨ ਅੱਸੂ ਸੁਦੀ 10 ਸੀ ਤੇ ਸੰਮਤ ਸੀ 1595 ਬਿ:।

ਮਹਿਮਾਂ ਪ੍ਰਕਾਸ਼ ਤੋਂ ਪਤਾ ਚਲਦਾ ਹੈ ਕਿ ਗੁਰੂ ਬਾਬੇ ਨੇ ਗੁਰਿਆਈ ਕਈ ਮਹੀਨੇ ਪਹਿਲੇ ਦੇ ਦਿੱਤੀ ਸੀ, ਯਥਾ:- (ਗੁਰੂ ਨਾਨਕ ਵਾਚ) 'ਅਬ ਗੁਰ ਅੰਗਦ ਜਗ ਨਾਮ ਤੁਮਾਰਾ। ਮੈਂ ਅਪਨਾ ਗੁਰ ਤੁਮਕੋ ਧਾਰਾ। ਮੈ ਤੇਰਾ ਗੁਰੂ ਤੂ ਮੇਰਾ ਗੁਰੂ। ਭਏ ਏਕ ਮੇਕ ਨਿਕਟ ਨਹੀਂ ਦੂਰ॥ਦੋਹਰਾ॥ ਪ੍ਰੇਮ ਪ੍ਰਤੀਤ ਕੀ ਰੀਤ ਯਹ ਭੇਦ ਅਭੇਦ ਮਿਟ ਜਾਇ॥ ਢੂਲ ਸਲਿਤਾ ਸਾਗਰ ਮਿਲੀ ਸਾਗਰ ਸਿੰਧ ਕਹਾਇ। ਫੇਰ ਆਗਿਆ ਕੀਤੀ ਕਿ ਏਥੇ ਨਾ ਰਹੋ। ਖਡੂਰ ਜਾ ਕੇ ਰਹਿਣ ਨੂੰ ਕਿਹਾ ਸੋ ਆਪ ਓਥੇ ਜਾ ਰਹੇ ਤੇ ਗੁਰੂ ਜੀ, ਦੋ ਇਕ ਵਾਰੀ ਗੁਰ ਅੰਗਦ ਜੀ ਨੂੰ ਉਥੇ ਜਾ ਕੇ ਮਿਲ ਆਉਂਦੇ ਰਹੇ ਹਨ। ਅੰਤ ਸਮੇਂ ਫੇਰ ਗੁਰੂ ਅੰਗਦ ਜੀ ਕੋਲ ਦੱਸੇ ਹਨ, ਪਰ ਜੋਤੀ ਜੋਤਿ ਹੋਣ ਤੋਂ ਪਹਿਲਾਂ ਆਪ ਨੇ ਗੁਰੂ ਅੰਗਦ ਜੀ ਨੂੰ ਫੇਰ ਖਡੂਰ ਟੋਰ ਦਿਤਾ ਤੇ ਆਖਿਆ: "ਬਲਵੰਡ ਰਬਾਬੀ ਤੁਮ ਸੰਗ ਜਾਵੈ। ਸਮੇਂ ਸਮੇਂ ਹਰਿ ਭਜਨ ਸੁਨਾਵੈ।.....ਮੈਂ ਬਿਦਾ ਕਰੌਂ ਖਡੂਰ ਅਬ ਜਾਵੋ। ਇਸ ਤੋਂ ਮਗਰੋਂ ਹੋਰ ਸਿਖਾਂ ਨੂੰ ਵਰਦਾਨ ਦਿੱਤੇ, ਫੇਰ ਪੁਤ ਆਏ ਉਨ੍ਹਾਂ ਨੂੰ ਭੀ ਕੁਛ ਵਰ ਦਿੱਤਾ। ਉਨ੍ਹਾਂ ਦੇ ਪੁੱਛਣ ਤੇ ਕਿ ਮਗਰੋਂ ਸੰਸਕਾਰ ਕੀਹ ਕਰਨੇ ਹਨ, ਗੁਰੂ ਨਾਨਕ ਜੀ ਨੇ ਉਤਰ ਦਿੱਤਾ ਕਿ ਹਰਿ ਭਗਤੀ ਕਰਨਾ। ਯਥਾ:- **"ਹੋਇ ਪ੍ਰਸੰਨ ਸਤਿਗੁਰ ਕਹਿਓ ਸੁਨੋ ਪੁਤਰ ਸਿਖ ਮਮ ਸੋਇ। ਕਰਮ ਧਰਮ ਬਿਵਹਾਰ ਜਗ ਹਰਿ ਭਗਤ ਸਮਾਨ ਨ ਕੋਇ।"** ਤੇ 'ਦੀਵਾ ਮੇਰਾ ਏਕ ਨਾਮ' ਦਾ ਸ਼ਬਦ ਉਚਾਰਿਆ। ਇਸ ਤੋਂ ਉਪਰੰਤ-

**ਨਿਜ ਪਦ ਨਿਰਬਾਨ ਲੀਨ ਪ੍ਰਭੁ ਭਏ।**
**ਨਹੀਂ ਕਹੂੰ ਆਏ, ਨਹੀਂ ਕਹੂੰ ਗਏ।**

– ਇਤਿ –

## -: ਨੋਟ :-

ਭੱਟੀ ਸਰਦਾਰ ਰਾਇ ਬੁਲਾਰ ਖ਼ਾਨ ਨੇ ਦੋ ਜਹਾਨਾਂ ਦੇ ਮਾਲਕ ਬਾਬੇ ਨਾਨਕ ਨੂੰ ਸੱਭ ਤੋਂ ਪਹਿਲਾਂ ਪਛਾਣਿਆ ਸੀ ਅਤੇ ਸ਼ਰਧਾਵਸ ਹੋ ਕੇ ਸਾਢੇ ਸੱਤ ਸੌ ਮੁਰੱਬਾ (18, 750 ਏਕੜ) ਜ਼ਮੀਨ ਬਾਬੇ ਨਾਨਕ ਦੇ ਨਾਮ ਲਗਾ ਦਿੱਤੀ ਸੀ ਜੋ ਅੱਜ ਵੀ ਅਦਾਲਤੀ ਜ਼ਮੀਨੀ ਰਿਕਾਰਡ ਵਿਚ ਦਰਜ ਹੈ ਅਤੇ ਬਾਬੇ ਨਾਨਕ ਦੇ ਜਨਮ-ਅਸਥਾਨ ਨਨਕਾਣਾ ਸਾਹਿਬ ਦੇ ਨਾਲ ਲੱਗੀ ਹੋਈ ਹੈ। ਇਹ ਜ਼ਮੀਨ ਕਿਸੇ ਰਾਜੇ ਮਹਾਰਾਜਾ ਨੇ ਨਹੀਂ ਲਗਵਾਈ ਸੀ। ਮਹਾਰਾਜਾ ਰਣਜੀਤ ਸਿੰਘ ਜੀ ਨੇ ਨਿਰਸੰਦੇਹ ਗੁਰਦੁਆਰਾ ਨਨਕਾਣਾ ਸਾਹਿਬ ਦੀ ਕਾਰ ਸੇਵਾ ਦਾ ਕਾਰਜ ਕਰਵਾਇਆ ਪਰ ਜ਼ਮੀਨ ਰਾਇ ਬੁਲਾਰ ਖ਼ਾਨ ਸਾਹਿਬ ਨੇ ਹੀ ਗੁਰੂ ਨਾਨਕ ਦੇਵ ਜੀ ਦੇ ਨਾਮ ਕਰਵਾਈ ਸੀ। ਭੱਟੀ ਸਰਦਾਰ ਰਾਇ ਬੁਲਾਰ ਦੇ ਕੁਝ ਵਾਰਸਾਂ ਨੇ ਜਦੋਂ ਲਾਲਚਵਸ ਆ ਕੇ ਇਹ ਜ਼ਮੀਨ ਆਪਣੇ ਨਾਂਉ ਕਰਵਾਉਣੀ ਚਾਹੀ ਤਾਂ ਉੱਥੋਂ ਦੀ ਸੁਪਰੀਮ ਕੋਰਟ ਦੇ ਜੱਜਾਂ ਨੇ ਉਹਨਾਂ ਨੂੰ ਇਤਿਹਾਸ ਵਿਚ ਉਹਨਾਂ ਦੇ ਬਜ਼ੁਰਗ ਰਾਇ ਬੁਲਾਰ ਅਤੇ ਹਜ਼ਰਤ ਬਾਬਾ ਨਾਨਕ ਦੇ ਆਪਸੀ ਸੰਬੰਧਾਂ ਨੂੰ ਧਿਆਨ 'ਚ ਰੱਖਦਿਆਂ ਫਿਟਕਾਰ ਪਾਈ ਅਤੇ ਮੁਕੱਦਮਾ ਵਾਪਸ ਲੈਣ ਲਈ ਕਿਹਾ। ਜਦੋਂ ਭੱਟੀਆਂ ਨੂੰ ਆਪਣੀ ਭੁੱਲ ਸਮਝ ਆਈ ਤਾਂ ਉਹਨਾਂ ਨੇ ਬਾਬੇ ਨਾਨਕ ਦਾ ਸ਼ੁਕਰਾਨਾ ਕੀਤਾ ਕਿ ਬਾਬੇ ਨੇ ਉਹਨਾਂ ਨੂੰ ਸੁਪਰੀਮ ਕੋਰਟ ਰਾਹੀਂ ਗਲਤ ਰਸਤੇ ਭਟਕਣ ਤੋਂ ਰੋਕਿਆ ਹੈ। ਮਾਲ ਰਿਕਾਰਡ ਅਨੁਸਾਰ ਅੱਜ ਵੀ ਇਹਨਾਂ ਮੁਰੱਬਿਆਂ ਤੇ ਬਾਬੇ ਨਾਨਕ ਦਾ ਹੀ ਨਾਂ ਦਰਜ ਹੈ ਤੇ ਉਹੀ ਇਸ ਜ਼ਮੀਨ ਦਾ ਮਾਲਕ ਹੈ ਜਿਸ ਤੇ ਅਜ ਭੱਟੀ ਸਰਦਾਰ ਰਾਇ ਬੁਲਾਰ ਦੇ ਵੰਸ਼ਜ ਖੇਤੀ ਕਰਦੇ ਹਨ ਤੇ ਜ਼ਮੀਨ ਦਾ ਮਾਲਕ ਹਜ਼ਰਤ ਬਾਬਾ ਨਾਨਕ ਨੂੰ ਮੰਨਦੇ ਹਨ।

-ਮਨਿੰਦਰ ਕੌਰ

 www.sikhbookclub.com

## ਸਫਲ ਗੁਰਪੁਰਬ

**ਭਈ ਨਿਰਾਸੀ ਬਹੁਤੁ ਦਿਨ ਲਾਗੇ॥**
**ਦੇਸ ਦਿਸੰਤਰ ਮੈ ਸਗਲੇ ਝਾਗੇ॥**
(ਸੂਹੀ ਮਹਲਾ ੫-੫)

ਗਰਮੀ ਦੀ ਰੁਤ ਹੋ ਚੁਕੀ, ਸੰਸਾਰ ਭਰ ਨੂੰ ਜ਼ੋਰ ਨਾਲ ਤਪਾ ਕੇ ਹੁਨਾਲ ਹੋਰੀਂ ਵਿਦਾ ਹੋ ਚੁਕੇ, ਮਗਰੋਂ ਤਪਤ ਨਾਲ ਦੁਖੀ ਜੀਵਾਂ ਨੂੰ ਠੰਡ ਪਾਉਣ ਲਈ ਮੀਂਹ ਲੱਥੇ ਸਨ ਅਰ ਬਰਖਾ ਰੁਤ ਦਾ ਰਾਜ ਸਾਰੇ ਹੋ ਗਿਆ ਸੀ, ਪਰ ਜਿਸ ਤਰ੍ਹਾਂ ਸੰਸਾਰ ਵਿਚ ਇਕ ਰਾਜ ਹੁੰਦਾ ਹੈ ਜਦ ਉਹ ਅੱਤ ਚੁਕਦਾ ਹੈ ਤਾਂ ਦੂਜਾ ਉਸ ਨੂੰ ਸਰ ਕਰਕੇ ਆਪਣਾ ਝੰਡਾ ਆ ਗੱਡਦਾ ਹੈ; ਫੇਰ ਉਹ ਵੀ ਭਾਵੇਂ ਪਹਿਲੇ ਰਾਜ ਨੂੰ ਅਤਿਆਚਾਰ ਕਰਕੇ ਨਾਸ਼ ਹੁੰਦਾ ਦੇਖ ਚੁਕਾ ਹੁੰਦਾ ਹੈ ਪਰ ਫੇਰ ਆਪਣੇ ਰਾਜ ਮਾਤ੍ਰ ਵਿਚ ਮੱਤਿਆ ਹੋਇਆ ਊਧਮ ਮਚਾਉਂਦਾ ਹੈ; ਜਿਸਦਾ ਅੰਤ ਉਸ ਦੇ ਰਾਜ ਦਾ ਭੀ ਨਾਸ਼ ਹੁੰਦਾ ਹੈ। ਇਸੇ ਤਰ੍ਹਾਂ ਪਰਜਾ ਨੂੰ ਗਰਮੀ ਤੋਂ ਸੁਖ ਦੇਣ ਹਿਤ ਬਰਖਾ ਰੁਤ ਨੂੰ ਰਾਜ ਮਿਲਿਆ ਸੀ ਪਰ ਓਨੇ ਵੀ ਅੱਤ ਚੁਕੀ ਤੇ ਮੀਂਹ ਵਸਾ ਵਸਾ ਕੇ ਹੜ੍ਹ ਲੈ ਆਂਦੇ ਤੇ ਲੋਕਾਂ ਦੇ ਘਰ ਢਾਹੁਣੇ ਸ਼ੁਰੂ ਕਰ ਦਿੱਤੇ। ਇਹ ਅਤਜਾਚਾਰ ਕਦੋਂ ਤਕ ਰਹਿ ਸਕਦਾ ਸੀ, ਸੋ ਬਰਖਾ ਰੁਤ ਦਾ ਬੀ ਅੰਤ ਹੋ ਗਿਆ। ਉਸ ਦੇ ਮਗਰੋਂ ਇਕ ਅਜੇਹੀ ਰੁਤ ਦਾ ਰਾਜ ਆਯਾ ਜੋ ਸਦਾ ਹੀ ਸ਼ਾਂਤਿ ਦਾਇਨੀ ਸੀ। ਬਰਖਾ ਦੇ ਮਗਰੋਂ ਸਰਦ ਰੁਤ ਆਈ, ਸਦਾ ਸ਼ਾਂਤਿ ਰਹਿਣ ਦਾ ਤੇ ਹੋਰਨਾਂ ਨੂੰ ਸ਼ਾਂਤੀ ਦੇਣ ਦਾ ਸੁਭਾਗ ਇਸੇ ਨੂੰ ਪ੍ਰਾਪਤ ਹੋਣਾ ਸੀ, ਕਿਉਂ ਜੋ ਇਸ ਸੁਹਾਉਣੀ ਰੁਤ ਵਿਚ ਪ੍ਰੇਮ ਸਰੂਪ, ਸ਼ਾਂਤਿ ਦੇ ਦਾਤੇ, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਅਵਤਾਰ ਧਾਰਣ ਕਰਕੇ ਇਸੇ ਰੁਤ ਨੂੰ ਨਿਵਾਜਿਆ ਸੀ, ਜਿਸ ਸਤਿਗੁਰੂ ਦੀ ਪੰਜਵੀਂ ਜੋਤ ਨੇ ਦੱਸਿਆ ਹੈ:-

**ਗਰੀਬੀ ਗਦਾ ਹਮਾਰੀ॥**
**ਖੰਨਾ ਸਗਲ ਰੇਨੁ ਛਾਰੀ॥**
**ਇਸੁ ਆਗੈ ਕੋ ਨ ਟਿਕੈ ਵੇਕਾਰੀ॥**
(ਸੋਰਠਿ ਮ: ੫-੮੦)

ਉਨ੍ਹਾਂ ਦੇ ਅਵਤਾਰ ਦੀ ਰੁਤ ਵੀ ਕਿਉਂ ਸ਼ਾਂਤਿ ਦਾਇਕ ਨਾ ਹੁੰਦੀ।

ਸਰਦ ਰੁਤ ਹੈ ਤੇ ਪਹਾੜੀ ਦੇਸ਼, ਪ੍ਰਭਾਤ ਦਾ ਵੇਲਾ, ਇਕਾਂਤਿ ਸਥਾਨ, ਕਿਹਾ ਪਜਾਰਾ ਦਰਸ਼ਨ ਹੈ! ਕੁਦਰਤ ਪੂਰੇ ਰੰਗ ਤੇ ਹੈ, ਸੁਰ ਤਾਲ ਨਿਰਮਲ ਜਲ ਨਾਲ ਡਲ੍ਹਕ ਡਲ੍ਹਕ ਕਰਦੇ ਹਨ, ਨਦੀ ਨਾਲੇ ਮੋਤੀਆਂ ਦੀ ਆਬ ਵਾਙੂ ਝਲਕਦੇ ਜਲ ਨਾਲ ਸਹਿਜੇ ਸਹਿਜੇ ਮਸਤ ਤੁਰੇ ਜਾਂਦੇ ਹਨ। ਬਨਾਸਪਤੀ ਵੀ ਰੰਗੋ. ਰੰਗ ਦੇ ਟਾਵੇਂ ਟਾਵੇਂ ਫੁਲਾਂ ਨਾਲ ਸੂਹਾ ਰਹੀ ਹੈ, ਮਾਨੋਂ ਕਿਸੇ ਮਹਾਂਪੁਰਖ ਤੇ ਪੁਸ਼ਪਾਂ ਦੀ ਬਰਖਾ ਕਰਨ ਲਈ ਏਹ ਚੁਪ ਖੜੇ ਪ੍ਰੇਮੀ ਰਾਹ ਤੱਕ ਰਹੇ ਹਨ; ਜਾਂ ਐਉਂ ਆਖੋ ਕਿ ਕੁਦਰਤ ਅਜ ਆਪਣੇ ਮਾਲਕ ਦੇ ਪ੍ਰੇਮ ਵਿਚ ਮੱਤੀ ਚੁਪ ਚਾਪ ਖੜੋਤੀ ਹੈ। ਭਾਵੇਂ ਸੁਹਜ ਸੁਭਾਵ ਹੀ ਸ਼ਿੰਗਾਰੀ ਹੋਈ ਹੈ, ਪਰ ਨਾ ਤਾਂ ਆਪਣੇ ਇਸ ਕੁਦਰਤੀ ਸ਼ਿੰਗਾਰ ਦਾ ਤੇ ਨਾ ਹੀ ਅਪਣੇ ਰੂਪ ਦਾ ਮਾਣ ਤਾਣ ਹੈ, ਮਾਨੋਂ ਕੁਦਰਤ ਅਪਣੀ ਚੁਪ ਨਾਲ ਇਹ ਕਹਿ ਰਹੀ ਹੈ:-

**ਹਉ ਖੜੀ ਨਿਹਾਲੀ ਪੰਧੁ ਮਤੁ ਮੂੰ ਸਜਣੁ ਆਵਏ॥**
**ਕੋ ਆਣਿ ਮਿਲਾਵੈ ਅਜੁ ਮੈ ਪਿਰੁ ਮੇਲਿ ਮਿਲਾਵਏ॥**
(ਵਾ: ਤੇ ਵ: ਮ: ੪-੫)

ਜੇ ਧਰਤੀ ਤੇ ਕੁਦਰਤ ਨੇ ਇਹ ਸ਼ਾਂਤਿ-ਮਈ ਸਾਜ ਸਜਾਯਾ ਹੈ ਤਾਂ ਅਕਾਸ਼ ਨੇ ਵੀ ਨਿਰਮਲ ਸਾਫ ਨੀਲ ਵਿਚ ਤਾਰਿਆਂ ਦੀ ਪਜਾਰੀ ਜੜਤ ਜੜੀ ਹੈ, ਮਾਨੋਂ ਪਜਾਰੇ ਦੇ ਸੰਸਾਰ ਵਿੱਚ ਆਉਂਦਿਆਂ ਨੂੰ ਆਗਤ ਭਾਗਤ ਤੇ ਜੀ ਆਇਆਂ ਕਰਨ ਹਿਤ ਚੰਦੋਆ ਤਾਣਿਆ ਹੈ।

ਰਾਤ ਬੀਤ ਚੁਕੀ ਹੈ, ਚੰਦ ਵੀ ਲੁਕ ਗਿਆ ਹੈ ਪਰ ਤਾਰੇ ਅਜੇ ਡਲ੍ਹਕਾਂ ਮਾਰ ਰਹੇ ਹਨ। ਆਪ ਤੋਂ ਆਪ ਮਨ ਇਸ ਸਮੇਂ ਕੱਠਾ ਹੁੰਦਾ ਤੇ ਅੰਤਰ ਮੁਖਿ ਬ੍ਰਿਤੀ ਧਾਰਣ ਕਰਨਾ ਹੁੰਦਾ ਹੈ। ਜੇ ਆਲੇ ਦੁਆਲੇ ਨਜ਼ਰ ਮਾਰੋ ਤਾਂ "ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥

 www.sikhbookclub.com

ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ" ਦੀ ਧੁਨੀ ਲਹਿਰੇ ਲੈਂਦੀ ਜਾਪਦੀ ਹੈ। ਜੇ ਇਸੇ ਤਰ੍ਹਾਂ ਮਨ ਨੂੰ ਲਗਾ ਕੇ ਬਾਣੀ ਪੜ੍ਹਨ ਬਹਿ ਜਾਈਏ ਤਾ ਤੁਕ ਤੁਕ ਉਪਰ ਜੋ ਸੁਆਦ ਆਉਂਦਾ ਹੈ ਵੁਹ ਕਿਹਾ ਨਹੀਂ ਜਾਂਦਾ। ਸੱਚ ਮੁਚ ਅੱਖਾਂ ਦੇ ਸਾਮ੍ਹਣੇ ਵਾਹਿਗੁਰੂ 'ਕਰਤਾ ਪੁਰਖ' ਹੋਕੇ ਦਿੱਸਦਾ ਹੈ। 'ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥' ਦਾ ਪਾਠ ਐਸ ਵੇਲੇ ਆਪਣੇ ਭਾਵ ਨੂੰ ਸਪਸ਼ਟ ਕਰ ਰਿਹਾ ਹੈ। 'ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜ ਧਰਮੁ ਦੁਆਰੇ' ਦਾ ਅਸਲੀ ਰੰਗ ਐਥੇ ਹੀ ਖੁੱਲ੍ਹਦਾ ਹੈ ਤੇ ਸਾਮਰਤੱਖ ਪਿਆ ਦਿਸਦਾ ਹੈ ਕਿ ਕੁਦਰਤ ਦੇ ਏਹ ਪਦਾਰਥ ਸੱਚ ਮੁੱਚ ਪਿਆਰੇ ਦੇ ਗੀਤ ਗਾਉਂਦੇ ਹਨ। ਪੰਛੀਆਂ ਦੇ ਚੁਹਚੁਟੇ, ਸਰਦ ਪੌਣ ਦੇ ਮੰਦ ਮੰਦ ਸਰਕਦੇ ਰੁਮਕੇ ਅਰ ਕੋਲ ਵਗਦੀ ਕੂਹਲ ਦੀ ਨਿੱਕੀ ਨਿੱਕੀ ਤਿਲਕਵੀਂ ਅਵਾਜ਼ ਸਭੇ ਕਿਸੇ ਬਜੱਯੇ ਦੇ ਸਾਜ਼ਾਂ ਦੀ ਮਧੁਰ ਧੁਨੀ ਵਾਂਗੂੰ ਕੁਦਰਤੀ ਰਾਗ ਅਲਾਪਦੇ ਜਾਪਦੇ ਹਨ। ਪਰ ਕੋਈ ਵਿਰਲੇ ਭਾਗਾਂ ਵਾਲੇ ਹੀ ਇਹਨਾਂ ਪਿਆਰੀਆਂ ਮੌਜਾਂ ਨੂੰ ਮਾਣ ਸਕਦੇ ਹਨ, ਨਹੀਂ ਤਾਂ ਇਸ ਸਮੇਂ ਪਿਆਰੀ ਨੀਂਦਰ ਤੋਂ ਕੌਣ ਵਿਛੁੜਦਾ ਹੈ? ਹਰ ਕੋਈ ਨੀਂਦ ਦੀ ਮਸਤੀ ਵਿਚ ਬੇਸੁਧ ਪਿਆ ਹੈ ਅਰ ਸਿਰ ਪਰ ਸਮਾਂ ਕੂਕ ਰਿਹਾ ਹੈ:-

**'ਫਰੀਦਾ ਪਿਛਲ ਰਾਤਿ ਨਾ ਜਾਗਿਓਹਿ ਜੀਵਦੜੋ ਮੁਇਓਹਿ॥'**

ਅਜੇ ਪਹੁ ਫੁਟਾਲਾ ਹੀ ਹੋਇਆ ਸੀ ਜੋ ਇਕ ਮਿੱਠੀ ਸੁਰੀਲੀ ਤੇ ਬੇਨਤੀ ਨਾਲ ਭਰੀ ਅਵਾਜ਼ ਸੁਣਾਈ ਦਿੱਤੀ:-

**"ਭਈ ਨਿਰਾਸੀ ਬਹੁਤੁ ਦਿਨ ਲਾਗੇ॥**
**ਦੇਸ ਦਿਸੰਤਰ ਮੈ ਸਗਲੇ ਝਾਗੇ॥**
**ਖਿਨੁ ਰਹਨੁ ਨ ਪਾਵਉ ਬਿਨੁ ਪਗ ਪਾਗੇ॥**
**ਹੋਇ ਕ੍ਰਿਪਾਲੁ ਪ੍ਰਭ ਮਿਲਹ ਸਭਾਗੇ॥"**
(ਸੂਹੀ ਮ: ੫-੫)

ਇਹ ਬਿਰਹੁ ਵਿਚ ਭਰਿਆ ਸ਼ਬਦ ਇਸ ਸ਼ਾਂਤ ਸਮੇਂ ਇਕ ਪੱਥਰ ਦੀ ਸਿਲ ਉਤੇ ਬੈਠੀ ਇਕ ਵੀਹ ਬਾਈ ਵਰ੍ਹੇ ਦੀ ਬੀਬੀ ਗਾ ਰਹੀ ਹੈ।

 www.sikhbookclub.com

ਇਸ ਦੇ ਤਿੰਨੇ ਪਾਸੇ ਪਹਾੜੀ ਤੇ ਸਾਹਮਣੇ ਪਾਸੇ ਖੱਡ ਹੈ ਤੇ ਜਿਥੋਂ ਤਕ ਵੇਖੋ ਪਰਬਤ ਹਰੇ ਹਰੇ ਫਰਸ਼ ਨਾਲ ਫਬ ਰਹੇ ਹਨ। ਕੈਸਾ ਅਜੀਬ ਦਰਸ਼ਨ ਹੈ? ਉੱਚੇ ਪਰਬਤ ਪਰ ਸੰਸਾਰ ਤੋਂ ਵੀ ਉੱਚੀ ਹੋਈ ਜਾਪਦੀ ਹੈ। ਇਸ ਦੇ ਨਿਰਦੋਖ ਦਰਸ਼ਨਅਰ ਭੋਲੇ ਚਿਹਰੇ ਤੋਂ ਪਵਿੱਤ੍ਰਤਾ ਟਪਕਦੀ ਪਈ ਹੈ। ਇਸ ਨੂੰ ਵੇਖਦਿਆਂ ਹੀ ਚਿੰਤਾ ਮਨੋਂ ਨਾਸ਼ ਹੋ ਜਾਂਦੀ ਹੈ। ਅਰ ਐਉਂ ਜਾਪਦਾ ਹੈ ਕਿ ਇਸ ਦੀ ਸੁੰਦਰਤਾ ਦੇ ਵਿਚ ਹੀ ਅੰਮ੍ਰਿਤ ਹੈ; ਜੋ ਵੇਖਣ ਵਾਲੇ ਨੂੰ ਪੁਜਾਰੀ ਲੱਗਦੀ ਤੇ ਪਵਿੱਤ੍ਰ ਬਣਾ ਦੇਂਦੀ ਹੈ। ਜਿਸ ਤਰ੍ਹਾਂ ਪਰਬਤ ਦੀ ਪੌਣ ਹਲਕੀ ਤੇ ਮਨ ਨੂੰ ਉਚਿਆਂ ਕਰਦੀ ਹੈ, ਤਿਵੇਂ ਇਸ ਦੇਵੀ ਦਾ ਫੁੱਲਾਂ ਵਰਗਾ ਨਿਰਮਲ ਤੇ ਹਲਕੇਪਨ ਵਾਲਾ ਪ੍ਰਭਾਉ ਆਤਮਾ ਨੂੰ ਤਰਾਵਤ ਦੇਂਦਾ ਤੇ ਉਚਿਆਂ ਕਰਦਾ ਹੈ। ਇਸ ਸ਼ਾਂਤਿ ਮਈ ਸਮੇਂ ਇਸ ਦਾ ਇਸ ਸੱਚੇ ਹਿਰਦੇ ਨਾਲ ਪਵਿਤ੍ਰ ਸ਼ਬਦ ਨੂੰ ਗਾਉਣਾ ਹੋਰ ਬੀ ਇਸ ਦੀ ਸ਼ੋਭਾ ਨੂੰ ਵਧਾ ਰਿਹਾ ਹੈ।

ਨੇਤ੍ਰ ਬੰਦ ਹਨ, ਗੁਲਾਬੀ ਚਿਹਰੇ ਤੇ ਦੋ ਕੁ ਹੰਝੂ ਤ੍ਰੇਲ ਵਾਂਗੂੰ ਪਏ ਹਨ। ਇਹ ਦੇਵੀ ਆਪਣੇ ਸਤਿਗੁਰਾਂ ਅਗੇ ਬੇਨਤੀ ਵਿਚ ਮਗਨ ਹੈ। ਜਪੁਜੀ ਸਾਹਿਬ ਤੇ ਆਸਾ ਦੀ ਵਾਰ ਆਦਿ ਬਾਣੀ ਦਾ ਪਾਠ ਪ੍ਰੇਮ ਨਾਲ ਕਰ ਚੁਕੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਦਾ ਗੁਰਪੁਰਬ ਨੇੜੇ ਹੈ ਇਸ ਕਰਕੇ ਮਨ ਵਿਚ ਗੁਰੂ ਬਾਣੀਆਂ ਦੇ ਪਾਠ ਦਾ ਵਧੀਕ ਉਮਾਹ ਹੈ, ਅਜ ਪ੍ਰੇਮ ਦੀਆਂ ਕਾਂਗਾਂ ਜ਼ੋਰ ਤੇ ਹਨ ਅਰ ਐਉਂ ਉਮੰਡ ਉਮੰਡ ਕੇ ਆ ਰਹੀਆਂ ਹਨ:-

**ਪ੍ਰਭ ਦਾਤਉ ਦਾਤਾਰ ਪਰ੍ਹਿਉ ਜਾਚਕੁ ਇਕੁ ਸਰਨਾ॥**
**ਮਿਲੈ ਦਾਨੁ ਸੰਤ ਰੇਨ ਜੇਹ ਲਗਿ ਭਉਜਲੁ ਤਰਨਾ॥**
**ਬਿਨਤਿ ਕਰਉ ਅਰਦਾਸਿ ਸੁਨਹੁ ਜੇ ਠਾਕੁਰ ਭਾਵੈ॥**
**ਦੇਹੁ ਦਰਸੁ ਮਨਿ ਚਾਉ ਭਗਤਿ ਇਹੁ ਮਨੁ ਠਹਰਾਵੈ॥**
**ਬਲਿਓ ਚਰਾਗੁ ਅੰਧ੍ਯਾਰ ਮਹਿ**
**ਸਭ ਕਲਿ ਉਧਰੀ ਇਕ ਨਾਮ ਧਰਮ॥**
**ਪ੍ਰਗਟੁ ਸਗਲ ਹਰਿ ਭਵਨ ਮਹਿ**
**ਜਨੁ ਨਾਨਕੁ ਗੁਰ ਪਾਰਬ੍ਰਹਮ॥**
(ਸਵਯੇ ਸ੍ਰੀ_ਮਖ: ਮ: ਪ-੯)

ਕਿਸ ਤਰਲਿਆਂ ਭਰੀ ਅਵਾਜ਼ ਨਾਲ ਇਹ ਸਵਯਾ ਗਾਂਵਿਆਂ ਹੈ, ਜੋ ਸੱਚ ਮੁਚ ਦਿਲ ਦਾ ਭਾਵ ਸਾਫ ਪਿਆ ਪ੍ਰਗਟ ਹੋਵੇ ਅਰ ਸੁਣਨ ਵਾਲੇ ਦਾ ਮਨ ਵੀ ਪਿਆ ਬੇਨਤੀਆਂ ਕਰੇ:

**'ਮਿਲੈ ਦਾਨੁ ਸੰਤ ਰੇਨ ਜੇਹ ਲਗਿ ਭਉਜਲੁ ਤਰਨਾ॥'**

ਸ਼ਬਦ ਮੁਕਣ ਤੇ ਠੰਡਾ ਸਾਹ ਲੈ ਕੇ ਬੋਲੀ:

'ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲ ਉਧਰੀ ਇਕ ਨਾਮ ਧਰਮ'; ਹੈਂ, ਹਾਇ! ਤੇ ਮੇਰੇ ਅੰਦਰ ਹਨੇਰੇ ਦਾ ਹਨੇਰਾ ਹੀ ਪਿਆ ਹੈ! ਮੈਂ ਅਭਾਗਣ ਨਾਉਂ ਨੂੰ ਸਿਖ ਵੀ ਸਦਾਂਦੀ ਹਾਂ ਪਰ 'ਅੰਦਰ ਘੋਰ ਗੁਬਾਰ ਹੱਥ ਤੇ ਹੱਥ ਨ ਦਿੱਸੇ'। ਹਾਇ! ਮੇਰੇ ਅੰਦਰ ਚਰਾਗ ਨਾ ਬਲਿਆ। ਮੈਂ 'ਨਾਮ ਧਰਮ' ਧਾਰ ਕੇ ਆਪਣਾ ਉਧਾਰ ਨਾ ਕੀਤਾ। 'ਜਨੁ ਨਾਨਕੁ ਗੁਰ ਪਾਰਬ੍ਰਹਮ' ਸਾਰੇ ਪਵਣ ਵਿਚ ਪ੍ਰਗਟ ਹੋਇਆ, ਪਰ ਮੇਰੇ ਭਾਗ, ਮੈਨੂੰ ਕਦੇ ਦਰਸ਼ਨ ਨਸੀਬ ਨਾ ਹੋਏ, ਹਾਂ ਸੱਚ ਹੈ :-

**'ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥'**
**ਉਹ ਅੱਖੀਆਂ ਮੈਂ ਨਾ ਖੋਲ੍ਹੀਆਂ।**
**ਮੈਂ ਅੱਖਾਂ ਦੇ ਹੁੰਦਿਆਂ ਫੇਰ ਅੰਨ੍ਹੀ ਰਹੀ।**

ਫੇਰ ਪਲ ਕੁ ਚੁਪ ਕਰ ਰਹੀ ਤੇ ਮਗਰੋਂ ਅਵਾਜ਼ ਨਿਕਲੀ:-

**ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ॥**
**ਖੋਲਿ੍ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ॥ਛੰਤ॥**

**ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ॥**
**ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ॥**
**ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨੁ ਦੀਜੈ॥**
**ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਭੀ ਨਾ ਧੀਰੀਜੈ॥**
**ਪ੍ਰਭ ਸਿਉ ਮਨ ਲੀਨਾ ਜਿਉ ਜਲ ਮੀਨਾ**
**ਚਾਤ੍ਰਿਕ ਜਿਵੈ ਤਿਸੰਤੀਆ॥**
**ਜਨ ਨਾਨਕ ਗੁਰੁ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆ॥੧੧॥**
(ਜੈਤਸਰੀ ਮ: ੫ ਛੰਤ-੧)

 www.sikhbookclub.com

ਛੰਤ ਪੜ੍ਹਦੀ ਪੜ੍ਹਦੀ ਬਿਹਬਲ ਹੋ ਗਈ, ਗਾਉਂਦਿਆਂ ਸਰੀਰ ਵੀ ਦੋ ਤ੍ਰੈ ਵੇਰੀ ਕੰਬ ਉਠਿਆ ਅਰ ਨੈਣਾਂ ਤੋਂ ਜਲ ਜਾਰੀ ਹੋ ਗਿਆ। ਫੇਰ ਬੇਬਸ ਹੋ ਕੇ ਬੋਲਣ ਲਗੀ:-'ਹਾਇ! ਮੈਂ ਕੀ ਤੇ ਇਹ ਸ਼ਬਦ ਗਾਉਣਾ ਕੀ? ਇਹ ਤਾਂ ਉਨ੍ਹਾਂ ਲਈ ਹੈ ਜਿਨ੍ਹਾਂ ਨੂੰ ਦਿਨੇ ਰਾਤੀ ਪਜਾਰੇ ਗੁਰੂ ਦੇ ਦਰਸ਼ਨ ਦੀ ਪਜਾਸ ਹੋਵੇ ਤੇ ਜੋ ਸਤਿਗੁਰ ਨੂੰ ਪਪੀਹੇ ਦੀ ਤਰ੍ਹਾਂ ਸਾਰੇ ਟੋਲਦੀਆਂ ਫਿਰਨ ਤੇ ਜੋ ਇਕ ਭੋਰੀ ਦਰਸ਼ਨ ਪਿਛੇ ਸਿਰ ਲਾਹ ਕੇ ਅੱਗੇ ਧਰਨ ਲਈ ਤਿਆਰ ਹੋਣ। ਹਾਇ! ਮੈਂ ਮਾਯਾ ਵਿਚ ਰੱਤੀ ਹੋਈ ਨੇ ਨਾ ਘਾਲ ਘਾਲੀ ਤੇ ਨਾ ਭਾਲ ਕੀਤੀ, ਮੈਨੂੰ ਕਿਥੇ ਢੋਈ? ਮੇਰੇ ਇਹ ਭਾਗ ਕਿੱਥੇ ਜੋ ਸਤਿਗੁਰਾਂ ਦੇ ਦਰਸ਼ਨ ਮੈਨੂੰ ਹੋਣ।' ਪਲਕ ਮਗਰੋਂ ਫੇਰ ਤਰਲਿਆਂ-ਭਰੀ ਅਵਾਜ਼ ਨਾਲ ਗਾਉਣ ਲਗ ਪਈ। ਗਾਉਂਦੀ ਕੀਹ ਸੀ? ਮਾਨੋ ਸਚਮੁਚ ਹੱਥ ਬੰਨ੍ਹ ਬੰਨ੍ਹ ਤੇ ਘੜੀ ਮੁੜੀ ਮੱਥੇ ਟੇਕ ਕੇ ਕਿਸੇ ਦੇ ਅੱਗੇ ਤਰਲੇ ਕਰ ਰਹੀ ਸੀ:-

**ਆਸ ਪਿਆਸੀ ਮੈ ਫਿਰਉ ਕਬ ਪੇਖਉ ਗੋਪਾਲ॥**
**ਹੈ ਕੋਈ ਸਾਜਨੁ ਸੰਤ ਜਨੁ ਨਾਨਕ ਪ੍ਰਭ ਮੇਲਣਹਾਰ॥੧॥**
**ਬਿਨੁ ਮਿਲਬੇ ਸਾਂਤਿ ਨ ਊਪਜੈ ਤਿਲੁ ਪਲੁ ਰਹਣੁ ਨ ਜਾਇ॥**
**ਹਰਿ ਸਾਧਹ ਸਰਣਾਗਤੀ ਨਾਨਕ ਆਸ ਪੁਜਾਇ॥**
(ਰਾਮਕਲੀ ਮ: ੫ ਰੁਤੀ-੫)

ਇਸੇ ਤਰ੍ਹਾਂ ਬਿਹਬਲ ਹੋਈ ਹੋਈ ਬਿਰਹੁੰ ਬੇਨਤੀ ਦੇ ਸ਼ਬਦ ਗਾਉਂਦੀ ਰਹੀ। ਫੇਰ ਮੂੰਹੋਂ ਇਹ ਗੀਤ ਨਿਕਲਿਆ:-

ਟੇਕ- ਹੇ ਗੁਰ ਨਾਨਕ ਪਿਆਰੇ ਜੀ!
ਆ ਮਿਲ ਗੁਰ ਨਾਨਕ ਪਜਾਰੇ ਜੀ!

ਕਰ ਮੇਹਰ ਪਿਤਾ ਗੁਰ ਪਜਾਰੇ ਜੀ! ਕਰ ਕਿਰਪਾ ਦੇਹੁ ਦਿਦਾਰੇ ਜੀ!
ਤੈਂ ਬਚੜੀ ਓਟ ਨਿਹਾਰੇ ਜੀ! ਆ ਮਿਲ ਗੁਰ ਨਾਨਕ ਪਜਾਰੇ ਜੀ! 1.

ਨਾ ਯੋਗ, ਫਸੀ ਵਿਚ ਮਾਯਾ ਮੈਂ, ਨਾ ਹਰਿ ਹਰਿ ਨਾਮ ਧਿਆਯਾ ਮੈਂ,
ਨਾ ਕਰਮ ਮੇਰੇ ਸੁਖਕਾਰੇ ਜੀ! ਆ ਮਿਲ ਗੁਰ ਨਾਨਕ ਪਜਾਰੇ ਜੀ! 2.

ਨਾ ਨਿਰਮਲ ਆਤਮ ਮੇਰਾ ਹੈ, ਨਾ ਮਨ ਵਿਚ ਤੇਰਾ ਡੇਰਾ ਹੈ,
ਨਾ ਫੇਰਾ ਤੇਰੇ ਦੁਆਰੇ ਜੀ! ਆ ਮਿਲ ਗੁਰ ਨਾਨਕ ਪਜਾਰੇ ਜੀ! 3.


www.sikhbookclub.com

ਜਗ ਭਾਰਾਂ ਹੇਠ ਦਬਾਈ ਮੈਂ, ਨਾ ਸੁਰਤ ਉਠਣ ਦੀ ਰਾਈ ਮੈਂ,
ਉਡ ਪਹੁੰਚਾਂ ਕਿਵੇਂ ਦੁਆਰੇ ਜੀ! ਆ ਮਿਲ ਗੁਰ ਨਾਨਕ ਪਜਾਰੇ ਜੀ! 4.

ਨਾ ਜਤਨ ਕੋਈ ਵੀ ਬਣਦਾ ਹੈ, ਨਾ ਕੋਈ ਵਸੀਲਾ ਠਣਦਾ ਹੈ।,
ਸਭ ਕਰਮ ਧਰਮ ਵੀ ਹਾਰੇ ਜੀ!ਆ ਮਿਲ ਗੁਰ ਨਾਨਕ ਪਜਾਰੇ ਜੀ! 5.

ਮੈਂ ਤਰਲੇ ਲੈਂਦੀ ਹਾਰ ਰਹੀ, ਪਰ ਬਣੀ ਨ ਕੋਈ ਜੁਗਤ ਸਹੀ,
ਇਕ ਤੇਰੇ ਚਰਨ ਨਿਹਾਰੇ ਜੀ! ਆ ਮਿਲ ਗੁਰ ਨਾਨਕ ਪਜਾਰੇ ਜੀ! 6.

ਤੂੰ ਦਯਾ ਸਿੰਧੁ ਕਿਰਪਾਲੂ ਹੈਂ, ਤੂੰ ਰੱਖਕ ਜਗਤ ਦਯਾਲੂ ਹੈਂ,
ਨਿਤ ਦਾਸਾਂ ਬਿਰਦ ਉਬਾਰੇ ਜੀ! ਆ ਮਿਲ ਗੁਰ ਨਾਨਕ ਪਜਾਰੇ ਜੀ! 7.

ਤੈਂ ਜਸ ਤ੍ਰੈਲੋਕੀ ਗਾਂਦੀ ਹੈ, ਸੋਭਾ ਦੇ ਗੀਤ ਸੁਣਾਂਦੀ ਹੈ,
ਗਾ ਰਹੇ ਦੇਵ ਰਲ ਸਾਰੇ ਜੀ! ਆ ਮਿਲ ਗੁਰ ਨਾਨਕ ਪਜਾਰੇ ਜੀ! 8.

ਸਭ ਸੰਤ ਭਗਤ ਧਨ ਧੰਨ ਕਹੇ, ਗੁਰ ਨਾਨਕ ਨਾਨਕ ਗਾਇ ਰਹੇ,
ਗੁਰ ਜਗਤ ਗੁਰੂ ਜਗ ਤਾਰੇ ਜੀ!ਆ ਮਿਲ ਗੁਰ ਨਾਨਕ ਪਜਾਰੇ ਜੀ! 9.

ਤੂੰ ਤਾਰੇ ਪਾਪੀ ਭਾਰੇ ਜੀ! ਸਭ ਮੂੜ੍ਹ ਮੁਗਧ ਨਿਸਤਾਰੇ ਜੀ!
ਸ਼ਰਨਾਗਤ ਲਏ ਉਬਾਰੇ ਜੀ! ਆ ਮਿਲ ਗੁਰ ਨਾਨਕ ਪਜਾਰੇ ਜੀ! 10.

ਤੈਂ ਬਾਝ ਗੁਰੂ! ਦੁਖ ਪਾਵਾਂ ਮੈਂ, ਦਿਨ ਰਾਤੀਂ ਦੁਖੀਂ ਵਿਹਾਵਾਂ ਮੈਂ,
ਵਿਚ ਚਿੰਤਾ ਦਿਵਸ ਗੁਜ਼ਾਰੇ ਜੀ!ਆ ਮਿਲ ਗੁਰ ਨਾਨਕ ਪਜਾਰੇ ਜੀ! 11.

ਵੈਰੀ ਨਿਤ ਪੰਜ ਸਤਾਂਦੇ ਨੇ, ਦਿਨ ਰਾਤੀਂ ਤੀਰ ਲਗਾਂਦੇ ਨੇ,
ਰਲ ਤੇਰੇ ਚਰਨ ਵਿਸਾਰੇ ਜੀ! ਆ ਮਿਲ ਗੁਰ ਨਾਨਕ ਪਜਾਰੇ ਜੀ! 12.

ਹੁਣ ਜਿੰਦ ਦੁਖੀ ਅਤਿ ਹੋਈ ਹੈ, ਤੈਂ ਬਾਝ ਨ ਕਿਧਰੇ ਢੋਈ ਹੈ,
ਕਰ ਬਖਸ਼ ਤੇ ਲੇਹੁ ਉਬਾਰੇ ਜੀ!ਆ ਮਿਲ ਗੁਰ ਨਾਨਕ ਪਜਾਰੇ ਜੀ! 13.

ਗਈ ਭੱਜ ਆਸ ਹੁਣ ਸਾਰੀ ਹੈ, ਇਕ ਆਸ ਮਿਹਰ ਦੀ ਧਾਰੀ ਹੈ,
ਕਰ ਮਿਹਰ ਕਰੋ ਨਿਸਤਾਰੇ ਜੀ! ਆ ਮਿਲ ਗੁਰ ਨਾਨਕ ਪਜਾਰੇ ਜੀ! 14.

ਤੈਂ ਦਰਸਨ ਨਿਰਮਲ ਕਰਦਾ ਹੈ, ਸਭ ਦੋਖ ਪਾਪ ਇਹ ਹਰਦਾ ਹੈ,
ਇਹ ਅੰਮ੍ਰਿਤ ਬਰਸਨ ਭਾਰੇ ਜੀ, ਆ ਮਿਲ ਗੁਰ ਨਾਨਕ ਪਜਾਰੇ ਜੀ! 15.

ਹੁਣ ਏਹੋ ਨਿੱਤ ਅਲਾਵਾਂ ਮੈਂ, ਗੁਰ ਨਾਨਕ ਦੇ ਗੁਣ ਗਾਵਾਂ ਮੈਂ:-
ਕਰ ਬਖ਼ਸ਼ ਦੇਹੁ ਦੀਦਾਰੇ ਜੀ, ਆ ਮਿਲ ਗੁਰ ਨਾਨਕ ਪਜਾਰੇ ਜੀ! 16.

ਹੁਣ ਭਿਜੀਆਂ ਅੱਖਾਂ ਖੋਲ੍ਹੀਆਂ; ਚਾਰੇ ਪਾਸੇ ਤ੍ਰੇਲ ਪਈ ਤੋਂ ਕੁਦਰਤ ਰੋਂਦੀ ਜਾਪਦੀ ਸੀ। ਇਰਦ ਗਿਰਦ ਨਜ਼ਰ ਫੇਰਦਿਆਂ ਸਾਰ ਮੂੰਹੋਂ ਇਹ ਤੁਕਾਂ ਨਿਕਲੀਆਂ ਤੇ ਅੱਖਾਂ ਫੇਰ ਬੰਦ ਹੋ ਗਈਆਂ ਅਰ ਨੈਣਾਂ ਤੋਂ ਜਲ ਵਗ ਤੁਰਿਆ:-

**'ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ॥**
**ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ॥**
(ਵਡਹੰਸ ਮ: ੧-੩)

ਫੇਰ ਹਥ ਜੋੜ ਕੇ ਤੇ ਗੋਡਿਆਂ ਦੇ ਪਾਰ ਖਲੋਕੇ ਉਪਰ ਵੱਲ ਤੱਕੀ ਤੇ ਬੋਲੀ:-

'ਜੇ ਮੈਂ ਭੁੱਲੀ ਸਤਿਗੁਰ ਪਿਆਰੇ! ਅਪਣਾ ਬਿਰਦ ਰਖਾਵੀਂ ਤੂੰ!
ਬਿਰਦ ਰਖਾਵੀਂ, ਨਾ ਤਰਸਾਵੀਂ, ਚਰਨਾਂ ਨਾਲ ਲਗਾਵੀਂ ਤੂੰ!
ਚਰਨ ਸਮਾਵੀਂ, ਦਰਸ ਦਿਖਾਵੀਂ, ਅਪਣੀ ਸੇਵ ਕਰਾਵੀਂ ਤੂੰ!
ਗੁਰੂ ਪਿਆਰੇ, ਬਖਸ਼ਨ ਹਾਰੇ, ਆਪੇ ਬਖਸ਼ ਮਿਲਾਵੀਂ ਤੂੰ!

ਹੁਣ ਫੇਰ ਚੁਪ ਹੋ ਗਈ ਪਰ ਅੱਖਾਂ ਤੋਂ ਜਲ ਜਾਰੀ ਹੈ। ਥੋੜੇ ਚਿਰ ਮਗਰੋਂ ਹਾਹੁਕਾ ਲੈ ਕੇ ਬੋਲੀ:-'ਵਾਹ ਪਜਾਰੇ ਦੀ ਮੇਹਰ ਤੇ ਵਾਹ ਮੇਰੇ ਅਵੈੜ-ਪਨੇ! ਸਤਿਗੁਰਾਂ ਨੇ ਪ੍ਰੇਮ ਦੀ ਖਿੱਚ ਮਾਰੀ, ਬਿਰਹੋਂ ਹਾਂ ਸੁਲਤਾਨ ਬਿਰਹੋਂ ਦੇ ਫੇਰੇ ਪੁਆਏ, ਅਪਣੇ ਪਿਆਰ ਵਿਚ ਤਣੁਕੇ ਦਿਤੇ, ਬੇਨਤੀ ਵਿਚ ਲਾਇਆ, ਪਰ ਵਾਹ ਵਾਹ! ਮੈਂ ਲੁਹਾਰ ਦੀ ਸੰਨ੍ਹੀ ਵਾਂਙ ਜਲ ਦੀ ਟੁੱਭੀ ਲੈਂਦੇ ਹੀ ਫੇਰ ਅੱਗ ਵਿਚ ਫੇਰਾ। ਇਟ ਮਨ ਵੀ ਅਜਬ ਵੈਰੀ ਹੈ ਅਰ ਘਰ ਦਾ ਵੈਰੀ। ਦੇਖੋ ਸਤਿਗੁਰ ਦੇ ਪ੍ਰੇਮ ਮੰਡਲ ਵਿਚੋਂ ਅੜਿਕੇ ਦੇ ਦੇ ਕੇ ਘਰ ਵਲ ਖਿੱਚਦਾ ਹੈ!

'ਹੇ ਅੜੀਅਲ ਮਨਾ! ਘਰ ਓਸੇ ਤਰ੍ਹਾਂ ਵਸਦਾ ਹੈ, ਕੰਮਾਂ ਨੇ ਵੀ ਆਪੇ ਸੌਰਨਾ ਹੈ, ਤੂੰ ਅਰਾਮ ਨਾਲ ਕਿਉਂ ਨਹੀਂ ਬਹਿੰਦਾ ਤੇ ਬਾਣੀ ਤੋਂ ਕਿਉਂ ਨੱਸਦਾ ਹੈਂ। ਰਤਾਕੁ ਤਾਂ ਸਤਿਗੁਰਾਂ ਦੀ ਬਾਣੀ ਦਾ ਅਨੰਦ ਲੈ ਲੈਣਦੇ। ਪਰ ਹਾਇ! ਇਹ ਮਨ 'ਖਿਨੁ ਆਵੈ ਤਿਲੁ ਜਾਵੈ।' ਜੇ ਅਪਣਾ ਮਨ ਵੀ ਟੁੱਟ ਕੇ ਸਤਿਗੁਰਾਂ ਦੀ ਚਰਨੀਂ ਨਹੀਂ ਪੈਂਦਾ ਤਾਂ ਫੇਰ ਸਤਿਗੁਰਾਂ ਨੂੰ ਮਿਲਣ

ਦੀ ਆਸ ਕਿਵੇਂ ਪੁੱਗੇ। ਤੇਰੀ ਸਾਰੀ ਉਮਰਾ ਐਵੇਂ ਬਿਅਰਥ ਜਾਊ!' ਇਹ ਕਹਿੰਦਿਆਂ ਹੀ ਫੇਰ ਨੇਤ੍ਰਾਂ ਵਿਚ ਜਲ ਭਰ ਆਯਾ ਹਥ ਜੁੜ ਗਏ ਤੇ ਅਵਾਜ਼ ਨਿਕਲੀ:-

**'ਇਨਿ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ॥**
**ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ॥**
(ਬਿਲਾਵਲ ਕਬੀਰ ਜੀ-੯)

ਮੇਰੇ ਅੰਦਰ ਤਾਂ ਬਿਰਹਾ ਵੀ ਨਹੀਂ ਜਾਪਦਾ, ਸਤਿਗੁਰ ਨੇ ਭੇਜਿਆ ਸੋ ਬੀ ਮੈਂ ਨਾ ਵਮਾਯਾ, ਜੇ ਬਿਰਹੋਂ ਦੀ ਪੀੜ ਅੰਦਰ ਵਸ ਜਾਂਦੀ ਤਾਂ ਹੋਰ ਸਾਰੇ ਦੁੱਖ ਭੁੱਲ ਜਾਂਦੇ। ਮੇਰਾ ਪਾਪੀ ਮਨ ਤਾਂ ਅਜੇ ਮਾਯਾ ਦੇ ਜਾਲ ਵਿਚ ਹੀ ਫਾਥਾ ਪਿਆ ਹੈ। ਹੁਣ ਤਾਂ ਸਰੀਰ ਇਸ ਤਰ੍ਹਾਂ ਕੰਬ ਉਠਿਆ ਮਾਨੋਂ ਅੰਦਰ ਕਾਤੀ ਫਿਰ ਗਈ ਤੇ ਹਿਰਦਾ ਪਾਟਕੇ ਵਾਜ ਨਿਕਲੀ:-

'ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥ ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ'॥ ਹੁਣ ਤਾਂ ਨਿਰਾਸਾ ਨੇ ਆਣ ਨੱਪਿਆ 'ਹਾਇ' ਮੇਰਾ ਮਨ ਮਸਾਣ ਹੈ, ਹੁਣ ਦਰਸ਼ਨ ਕਿਵੇਂ ਹੋਣ? ਕੀ ਐਡੇ ਪਵਿੱਤ੍ਰ ਸਤਿਗੁਰੂ ਜੀ ਮਸਾਣ ਹਿਰਦੇ ਵਿਚ ਆ ਕੇ ਨਿਵਾਸ ਕਰਨਗੇ? ਇਸੇ ਤਰ੍ਹਾਂ ਕਰਦੀ ਦੇ ਚਿਹਰੇ ਤੇ ਕੁਝ ਆਸ ਦੀ ਝਲਕ ਪਈ ਅਰ ਗਦ ਗਦ ਕੰਠ ਨਾਲ ਬੋਲ ਉੱਠੀ:-

**'ਹਰਿ ਆਪੇ ਹੋਇ ਕ੍ਰਿਪਾਲੁ ਆਪਿ ਲਿਵ ਲਾਵਹਿਗੇ॥'**
(ਕਲਿਆਨ ਮ: ੪-੬)

ਮੂੰਹੋਂ ਸ਼ੁਕਰ ਸ਼ੁਕਰ ਨਿਕਲ ਪਿਆ। ਮਾਨੋ ਸ਼ੁਕਰ ਦੇ ਫੁਹਾਰੇ ਤੁਰ ਪਏ ਅਰ ਤ੍ਰਿਣ ਤ੍ਰਿਣ ਸਭ ਕੁਝ ਸ਼ੁਕਰ ਹੀ ਕਰਦਾ ਜਾਪੇ। ਇਸੇ ਮੌਜ ਵਿਚ ਉਠੀ ਅਰ ਕੁਝ ਫੁੱਲ ਤੋੜ ਕੇ ਇਕ ਨਿੱਕਾ ਜਿਹਾ ਗੁਲਦਸਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਭੇਟ ਕਰਨ ਲਈ ਬਣਾਇਆ।

ਦਿਨ ਚੜ੍ਹ ਆਇਆ ਸੀ, ਅਰ ਗੁਲਦਸਤਾ ਗੁੰਦ ਕੇ ਹੱਥੋਂ ਰੱਖਿਆ ਹੀ ਸੀ ਕਿ ਉਪਰੋਂ ਇਕ ਦਾਸੀ ਨੇ ਆ ਕੇ ਇਕ ਚਿੱਠੀ ਹੱਥ ਫੜਾਈ ਅਰ ਆਪ ਇਹ ਆਖ ਕੇ ਮੁੜ ਗਈ ਕਿ ਬੇਬੇ ਜੀ ਚੇਤੇ ਕਰ ਰਹੇ ਸਨ ਜੋ ਤੁਸੀਂ ਅਜੇ ਹੁਣੇ ਤਕ ਨਿਤਨੇਮ ਤੋਂ ਵਿਹਲੇ ਨਹੀਂ ਹੋਏ, ਹੋਰ ਸਾਰਾ


www.sikhbookclub.com

(ਇਸ ਸਾਰੇ ਹੀ ਟੱਬਰ ਦਾ ਵਤੀਰਾ ਸੀ ਜੋ ਅੰਮ੍ਰਿਤ ਵੇਲੇ ਪਹਾੜੀਆਂ ਦੇ ਓਹਲੇ ਵਖੋ ਵੱਖ ਬਹਿ ਕੇ ਇਕਾਂਤ ਵਿਚ ਸਵੇਰੇ ਨਿਤਨੇਮ ਤੇ ਬੇਨਤੀ ਕਰਦੇ ਹੁੰਦੇ ਸਨ।) ਟੱਬਰ ਘਰ ਪਹੁੰਚ ਗਿਆ ਹੈ। ਇਸ ਦੇਵੀ ਨੇ ਜਿਸ ਦਾ ਨਾਮ ਪ੍ਰੇਮ ਕੌਰ ਸੀ। ਲਿਫਾਫੇ ਤੋਂ ਹੀ ਅੱਖਰ ਪਛਾਣ ਲਏ ਅਰ ਸਮਝ ਗਈ ਜੋ ਮੇਰੇ ਛੋਟੇ ਵੀਰ ਪ੍ਰੀਤਮ ਸਿੰਘ ਦਾ ਪੱਤਰ ਹੈ। ਪ੍ਰੇਮ ਭਰੇ ਦਿਲ ਨਾਲ ਪਿਆਰੀਆਂ ਪਿਆਰੀਆਂ ਉਂਗਲਾਂ ਨੇ ਲਿਫਾਫਾ ਖੋਲ੍ਹਿਆ ਅਰ ਵਿਚੋਂ ਇਹ ਕੁਝ ਪੜ੍ਹਿਆ:-

ੴ ਸਤਿਗੁਰ ਪ੍ਰਸਾਦਿ॥

ਮੇਰੀ ਪਰਮ ਸਤਿਕਾਰ ਯੋਗ ਕ੍ਰਿਪਾਲੂ ਭੈਣ ਜੀ,

ਸਤਿ ਸ੍ਰੀ ਅਕਾਲ

ਆਪ ਦੀ ਪ੍ਰੇਮ ਪਤ੍ਰਿਕਾ ਪਹੁੰਚੀ। ਸਾਰੇ ਪਰਵਾਰ ਵਿਚ ਅਕਾਲ ਪੁਰਖ ਦੀ ਕਿਰਪਾ ਨਾਲ ਸੁਖ ਸਾਂਦ ਹੈ। ਆਪ ਦੀ ਸੁਖ ਸ੍ਰੀ ਗੁਰੂ ਜੀ ਤੋਂ ਸਦਾ ਚਾਹੁੰਦੇ ਹਾਂ। ਸਨਿਮ੍ਰ ਬੇਨਤੀ ਹੈ ਜੋ ਆਪ ਨੂੰ ਇਥੋਂ ਗਿਆਂ ਇਕ ਵਰ੍ਹਾ ਹੋ ਗਿਆ ਹੈ, ਮੈਂ ਤਾਂ ਭਾਵੇਂ ਗਰਮੀਆਂ ਦੀਆਂ ਛੁੱਟੀਆਂ ਵਿਚ ਆ ਕੇ ਆਪ ਦੇ ਕੋਲ ਰਹਿ ਗਿਆ ਸਾਂ, ਪਰ ਮਾਤਾ ਜੀ ਅਰ ਪਿਤਾ ਜੀ ਤੇ ਛੋਟੀ ਭੈਣ ਜੀ ਦਾ ਚਿਤ ਆਪ ਦੇ ਦਰਸ਼ਨਾਂ ਨੂੰ ਬਹੁਤ ਕਰਦਾ ਹੈ। ਸੋ ਆਪ ਜ਼ਰੂਰ ਹੀ ਗੁਰਪੁਰਬ ਤੋਂ ਪਹਿਲਾਂ ਇਥੇ ਆ ਕੇ ਦਰਸ਼ਨ ਦਿਓ। ਜੇ ਹੁਕਮ ਕਰੋ ਤਾਂ ਮੈਂ ਲੈ ਜਾਣ ਲਈ ਹਾਜ਼ਰ ਹੋਵਾਂ।

ਨਾਲੇ ਇਸ ਸਾਲ ਭਾਈ ਗਿਆਨ ਸਿੰਘ ਜ਼ੀ ਨੇ ਭਾਈਏ ਹੁਰਾਂ ਨੂੰ ਗੁਰਪੁਰਬ ਤੇ ਸਾਰੇ ਟੱਬਰ ਸਣੇ ਸ੍ਰੀ ਅੰਮ੍ਰਿਤਸਰ ਜੀ ਸੱਦਿਆ ਹੈ। ਤੁਸੀਂ ਤਾਂ ਭੈਣ ਜੀ ਜਾਣਦੇ ਹੀ ਹੋ ਜੋ ਭਾਈ ਸਾਹਿਬ ਦਾ ਲਿਖਿਆ ਭਾਈਆ ਜੀ ਜ਼ਰੂਰ ਮੰਨਣਗੇ। ਸੋ ਅਸੀਂ ਸਾਰੇ ਹੀ ਐਤਕੀ ਗੁਰਪੁਰਬ ਤੋਂ ਦੋ ਤ੍ਰੈ ਦਿਹਾੜੇ ਪਹਿਲਾਂ ਹੀ ਸਾਰੇ ਸ੍ਰੀ ਅੰਮ੍ਰਿਤਸਰ ਜੀ ਚੱਲਾਂਗੇ। ਭੈਣ ਜੀ! ਵੇਖੋ ਨਾ ਵੱਡੀ ਮੌਜ ਬਣੇਗੀ, ਇੱਕ ਤਾਂ ਗੁਰਮੁਖਾਂ ਦਾ ਮੇਲ ਫੇਰ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਤੇ ਨਾਲੇ ਗੁਰਪੁਰਬ ਦੀ ਮੌਜ, ਤੁਸਾਂ ਜ਼ਰੂਰ ਹੀ ਆਉਣਾ। ਇਕੱਠਿਆਂ ਵੱਡਾ ਹੀ ਅਨੰਦ ਆਵੇਗਾ।

 www.sikhbookclub.com

ਹੋਰ ਤਾਂ ਭੈਣ ਜੀ! ਸਾਰੇ ਖ਼ੁਸ਼ੀ ਖ਼ੁਸ਼ੀ ਦਰਬਾਰ ਸਾਹਿਬ ਜਾਣਾ ਚਾਹੁੰਦੇ ਹਨ, ਪਰ ਭੈਣ ਜੀ! ਵੱਡੇ ਭਰਾ ਹੁਰੀਂ ਉਥੇ ਜਾਣਾ ਨਹੀਂ ਮੰਨਦੇ। ਖ਼ਬਰ ਨਹੀਂ ਉਹਨਾਂ ਨੂੰ ਕੀ ਹੋ ਗਿਆ ਹੈ। ਉਹ ਅਗੇ ਚੰਗੇ ਭਲੇ ਹੁੰਦੇ ਸਨ ਪਰ ਹੁਣ ਮੁਭਾ ਵੱਡਾ ਬਦਲ ਗਿਆ ਹੈ। ਸਗੋਂ ਵਿਦਵਾਨ ਹੋ ਕੇ ਚੰਗੇਰਾ ਤੇ ਵਧੀਕ ਪ੍ਰੇਮੀ ਹੋਣਾ ਸੀ ਪਰ ਉਹ ਤਾਂ ਹੁਣ ਉਲਟੀਆਂ ਉਲਟੀਆਂ ਗੱਲਾਂ ਕਰਨ ਲੱਗ ਪਏ ਹਨ। ਕੁਝ ਤਾਂ ਕਾਲਜ ਵਿਚ ਹੀ ਉਹਨਾਂ ਦੇ ਖ਼ਿਆਲ ਬਦਲ ਗਏ ਸਨ ਤੇ ਬਾਕੀ ਇਸ ਸਾਲ ਕੁਸੰਗ ਨੇ ਤਾਂ ਵੱਡਾ ਹੀ ਖਰਾਬ ਕੀਤਾ ਹੈ। ਤੁਸੀਂ ਜਾਣਦੇ ਹੋ ਉਨ੍ਹਾਂ ਦੇ ਜਮਾਤੀ ਤਾਰਾ ਤੇ ਸ਼ਾਮ ਜੋ ਐਤਕੀ ਬੀ.ਏ. ਵਿਚੋਂ ਫੇਹਲ ਹੋ ਗਏ ਸਨ, ਕਾਲਜੋਂ ਕੱਢੇ ਗਏ ਤੇ ਹੁਣ ਘਰ ਬੈਠੇ ਹਨ। ਭਰਾ ਜੀ ਨੂੰ ਉਹਨਾਂ ਦੀ ਸੰਗਤ ਨੇ ਵੱਡਾ ਖ਼ਰਾਬ ਕਰ ਦਿੱਤਾ ਹੈ। ਉਹ ਉਹਨਾਂ ਵਰਗੇ ਭੈੜੇ ਤਾਂ ਨਹੀਂ ਹੋਏ ਪਰ ਪਤਾ ਨਹੀਂ ਕੀ ਹੋ ਗਿਆ ਹੈ : ਨਾ ਬਾਣੀ ਦਾ ਪਾਠ, ਨਾ ਰਹਿਤ; ਕੁਝ ਵੀ ਨਹੀਂ ਰਿਹਾ! ਪਿਤਾ ਜੀ ਕਹਿੰਦੇ ਸਨ ਕਿ ਜਦੋਂ ਭਾਈ ਗਿਆਨ ਸਿੰਘ ਜੀ ਦੇ ਉਪਦੇਸ਼ ਨਾਲ ਮੈਂ ਤੇ ਤੁਸਾਂ ਅੰਮ੍ਰਿਤ ਛਕਿਆ ਸੀ ਤਾਂ ਸੁੰਦਰ ਸਿੰਘ ਹੁਰੀਂ (ਵਡੇ ਭਰਾ ਦਾ ਨਾਮ ਹੈ) ਇਥੇ ਨਹੀਂ ਸਨ ਸੋ ਉਹਨਾਂ ਨੂੰ ਨਾਲ ਲਿਜਾ ਕੇ ਐਤਕੀਂ ਅੰਮ੍ਰਿਤ ਛਕਾਵਾਂਗੇ। ਪਰ ਉਹ ਤਾਂ ਹੁਣ ਕਿਸੇ ਦੀ ਸੁਣਦੇ ਹੀ ਨਹੀਂ। ਸ੍ਰੀ ਅੰਮ੍ਰਿਤਸਰ ਜਾਣੋਂ ਮੂਲੋਂ ਨਾਂਹ ਕਰਦੇ ਹਨ। ਪਤਾ ਨਹੀਂ ਕਿਉਂ ਅੜੀ ਕਰਦੇ ਹਨ ਤੇ ਕੁਛ ਮਾਤਾ ਪਿਤਾ ਜੀ ਦੇ ਸਾਹਮਣੇ ਬੀ ਅੱਗੇ ਵਾਂਙ ਅਦਬ ਅਦਾਬ ਨਹੀਂ ਰਖਦੇ। ਮੈਨੂੰ ਤਾਂ ਡਰ ਹੈ ਕਿ ਜੇਕਰ ਕੁਸੰਗ ਇਸੇ ਤਰ੍ਹਾਂ ਰਿਹਾ ਤਾਂ ਪਤਿਤ ਵੀ ਨਾ ਹੋ ਜਾਣ, ਸਭਨਾ ਨੂੰ ਉਨ੍ਹਾਂ ਦੀ ਦਸ਼ਾ ਵੇਖ ਕੇ ਸ਼ੋਕ ਆਉਂਦਾ ਹੈ। ਤੁਸਾਡੇ ਨਾਲ ਉਹਨਾਂ ਦਾ ਵੱਡਾ ਪਿਆਰ ਹੈ, ਸੋ ਤੁਸੀਂ ਆ ਜਾਓ ਤੇ ਉਨ੍ਹਾਂ ਨੂੰ ਸਮਝਾਓ, ਖ਼ਬਰੇ ਮੰਨ ਜਾਣ। ਭਾਈਆ ਜੀ ਦੀ ਵੀ ਇਹੀ ਮਰਜ਼ੀ ਹੈ। ਮਹਿੰਦਰ ਸਿੰਘ (ਬੀਬੀ ਦੇ ਮੁੰਡੇ ਦਾ ਨਾਉਂ ਸੀ) ਨੂੰ ਪਿਆਰ। ਸਭਨਾ ਜੋਗ ਸ੍ਰੀ ਵਾਹਿਗੁਰੂ ਜੀ ਦੀ ਫਤਹ। ਕੋਈ ਸੇਵਾ?

ਆਪ ਦਾ ਲਾਡਲਾ ਵੀਰ
-ਪ੍ਰੀਤਮ ਸਿੰਘ

 www.sikhbookclub.com

ਪੱਤ੍ਰ ਪੜ੍ਹਦਿਆਂ ਪੜ੍ਹਦਿਆਂ ਪਹਿਲਾਂ ਤਾਂ ਬੀਬੀ ਦੇ ਮੂੰਹ ਤੇ ਖੁਸ਼ੀ ਪ੍ਰਗਟ ਹੋਈ ਅਰ ਗੁਰਪੁਰਬ ਤੇ ਅੰਮ੍ਰਿਤਸਰ ਸਾਰੇ ਟੱਬਰ ਦਾ ਜਾਣਾ ਪੜ੍ਹ ਕੇ ਪ੍ਰਸੰਨ ਹੋਈ; ਪਰ ਵੀਰ ਦਾ ਹਾਲ ਪੜ੍ਹ ਕੇ ਚਿਹਰਾ ਬਦਲ ਗਿਆ ਅਰ ਅੰਤ ਵਿਚ ਇਹ ਪੜ੍ਹ ਕੇ 'ਕਿ ਕਿਤੇ ਪਤਿਤ ਹੀ ਨਾ ਹੋ ਜਾਣ' ਇਸ ਦਾ ਰੰਗ ਉਡ ਗਿਆ ਤੇ ਸ਼ੋਕ ਸਮੁੰਦਰ ਵਿਚ ਡੁੱਬ ਗਈ। 'ਹੈਂ! ਕੀ ਇਹ ਹਾਲ ਹੋ ਗਿਆ? ਹੇ ਗੁਰੂ! ਇਹ ਕੀ ਖੇਡ ਹੈ? ਵੀਰ! ਪਿਆਰਾ ਵੀਰ! ਕੀ ਸਤਿਗੁਰੂ ਜੀ ਨੂੰ ਪਿਆਰ ਨਹੀਂ ਕਰਦਾ। ਹੈਂ, ਗੁਰਸਿਖਾਂ ਦਾ ਸਤਿਕਾਰ ਵੀਰ ਦੇ ਮਨ ਵਿਚ ਨਹੀਂ ਰਿਹਾ, ਪਿਤਾ ਜੀ ਦੀ ਨਿਰਾਦਰੀ ਤੇ ਵੀ ਤਿਆਰ ਹੋ ਪਿਆ, ਕੀ ਇਹ ਸੱਚ ਹੈ? ਤਦ ਉਹ ਮੇਰਾ ਵੀਰ ਨਹੀਂ ਰਹੇਗਾ। ਪ੍ਰੀਤਮ ਸਿੰਘ ਜੀ ਮੈਨੂੰ ਸੱਦਦੇ ਹਨ ਮੈਂ ਗਰੀਬ ਜਾ ਕੇ ਕੀ ਕਰਾਂਗੀ? ਕੀ ਮੇਰੇ ਆਖਿਆਂ ਵੀਰ ਕੁਝ ਮੰਨ ਜਾਵੇਗਾ? ਜਿਸ ਨੇ ਮਾਪਿਆਂ ਦਾ ਆਖਿਆ ਨਾ ਮੰਨਿਆ ਤਾਂ ਮੇਰਾ ਆਖਿਆ ਕਦੋਂ ਮੰਨਣ ਲੱਗਾ ਹੈ? ਮੈਂ ਉਸ ਨੂੰ ਕੀ ਆਖਾਂਗੀ ਤੇ ਕਿਵੇਂ ਸਮਝਾਵਾਂਗੀ? ਉਹ ਪੜ੍ਹਿਆ ਲਿਖਿਆ ਬੀ.ਏ. ਪਾਸ ਤੇ ਮੈਂ ਅਨਪੜ੍ਹ, ਮੇਰੇ ਸਮਝਾਇਆਂ ਉਹ ਕਦੋਂ ਮੰਨਣ ਲੱਗਾ ਹੈ? ਹੇ ਗੁਰੂ! ਫੇਰ ਕੀ ਵੀਰ ਸਿੱਖੀ ਤੋਂ ਗਿਰ ਜਾਵੇਗਾ? ਕੀ ਗੁਰਪੁਰਬ ਵਾਲੇਂ ਦਿਹਾੜੇ ਵੀਰ ਸਤਿਗੁਰੂ ਤੋਂ ਬੇਮੁਖ ਰਹੇਗਾ। ਹੇ ਸਤਿਗੁਰੂ! ਉਹ ਅਭਾਗ ਦਿਹਾੜਾ ਕਦੇ ਨਾ ਦਿਖਾਵੀਂ। ਵੀਰ! ਤੂੰ ਕੀ ਪੜ੍ਹਿਆ ਤੇ ਤੇਰੀ ਮਤ ਨੂੰ ਕੀ ਹੋ ਗਿਆ? ਤੈਨੂੰ ਦੀਨ ਦੁਨੀ ਦੇ ਵਾਲੀ ਗੁਰੂ ਨਾਨਕ ਦੇਵ ਜੀ ਦੀ ਜੋਤ ਨਜ਼ਰ ਨਹੀਂ ਪੈਂਦੀ? ਕੀ ਤੈਨੂੰ ਪੜ੍ਹ ਲਿਖ ਕੇ ਸ੍ਰੀ ਗੁਰੂ ਕਲਗੀਧਰ ਜੀ ਦੇ ਉਪਕਾਰ ਵੀ ਭੁੱਲ ਗਏ?" ਇਸੇ ਤਰ੍ਹਾਂ ਚਿੰਤਾ ਵਿਚ ਪੈ ਗਈ ਤੇ ਸ਼ੋਕ ਵਿਚ ਡੁਬੀ ਦੇ ਮੂੰਹੋਂ ਨਿਕਲਿਆ:-

**'ਦੁਖੀਆ ਦਰਦ ਘਣੇ ਵੇਦਨ ਜਾਣੇ ਤੂ ਧਨੀ।'**

'ਹੇ ਗੁਰੂ! ਸੱਚੇ ਪਾਤਸ਼ਾਹ! ਇਹ ਮਹਾਂ ਦੁਖ ਹੈ, ਹਾਇ ਵੀਰ ਦਾ ਵਿਛੋੜਾ ਭੈਣਾਂ ਲਈ ਕਹਿਰ ਹੁੰਦਾ ਹੈ ਤੇ ਇਹ ਧਰਮ ਵਿਛੋੜਾ ਤਾਂ ਕਹਿਰ ਕਹਾਰ ਹੋਵੇਗਾ। ਹੇ ਗੁਰੂ ਕਲਗੀਆਂ ਵਾਲੇ! ਇਹ ਸੱਲ ਨਾ ਦਿਖਾਵੀਂ, ਪਰ ਨਾ ਦਿਖਾਵੀਂ। ਇਕ ਕੁੱਖ ਤੋਂ ਨਿੰਮੇ, ਇਕ ਅੰਮ੍ਰਿਤ ਸ਼ੋਮੇ ਤੋਂ ਪਲੇ, ਇਕ ਗੁਰੂ ਦੇ ਉਪਾਸ਼ਕ ਵਿਛੜ ਜਾਣ ਤਾਂ ਕੇਡਾ ਅਨਰਥ ਹੋਵੇਗਾ। ਕੀ

ਹੋਵੇਗਾ? ਜੇ ਭਾਈਆ ਜੀ ਦੇ ਸਮਝਾਇਆਂ ਨਹੀਂ ਸਮਝਿਆ, ਉਟ ਮੇਰਾ ਆਖਿਆ ਕੀ ਮੰਨੇਗਾ? ਚੰਗਾ! ਜੋ ਹੋਵੇ ਸੋ ਹੋਵੇ, ਵੀਰ ਨੂੰ ਵਿਛੜਨ ਤਾਂ ਨਹੀਂ ਦੇਣਾ, ਉਹ ਦੁਧ ਦੀ ਨਦੀ ਕੀਕੂੰ ਟੱਪੇਗਾ, ਉਹ ਪਿਆਰ ਦਾ ਸਾਗਰ ਕਿਸ ਤਰ੍ਹਾਂ ਤਰੇਗਾ? ਉਹ ਬਾਣੀ ਦੇ ਬਲ ਦੇ ਅੱਗੇ ਕਿਸ ਤਰ੍ਹਾਂ ਅੜੇਗਾ? ਉਹ ਗੁਰੂ ਦਾਯਾ ਦੀ ਕਾਂਗ ਅਗੇ ਕੀਕੂੰ ਖੜੋਵੇਗਾ? ਗੁਰੂ, ਪਿਆਰਾ ਗੁਰੂ ਉਸ ਨੂੰ ਜ਼ਰੂਰ ਸਵਾਹੇਗਾ।'

ਇਸੇ ਤਰ੍ਹਾਂ ਆਖ ਹੀ ਰਹੀ ਸੀ ਜੋ ਇਕ ਹੋਰ ਖਿਆਲ ਆਇਆ ਜਿਸ ਨੇ ਦਿਲ ਨੂੰ ਇਕ ਹੋਰ ਚੋਭ ਮਾਰੀ ਤੇ ਬੋਲੀ: 'ਪਰ ਮੈਂ ਜਾਵਾਂ ਕਿਵੇਂ? ਪਤੀ ਜੀ ਇਥੇ ਹਨ ਨਹੀਂ ਕਾਕਾ ਬਹੁਤ ਬੀਮਾਰ ਹੈ ਜੇ ਇਸੇ ਹਾਲ ਲੈ ਜਾਵਾਂ ਤਾ ਪਤੀ ਜੀ ਗੁੱਸੇ ਹੋਣਗੇ ਤੇ ਬੇਬੇ ਜੀ ਜਾਣ ਵੀ ਨਹੀਂ ਦੇਣਗੇ! ਕੀ ਕਰਾਂ? ਪਤੀ ਜੀ ਨੇ ਫੁਰਮਾਇਆ ਸੀ ਗੁਰਪੁਰਬ ਇਕੱਠੇ ਹੀ ਮਨਾਵਾਂਗੇ, ਹੁਣ ਉਹਨਾਂ ਦੀ ਆਗਿਆ ਕਿਵੇਂ ਮੋੜਾਂ?' ਗਰੀਬਣੀ ਦੋ-ਦਿਲੀ ਵਿਚ ਫਸ ਗਈ।

ਇਸ ਚਿੰਤਾ ਨੇ ਮਨ ਨੂੰ ਬਹੁਤ ਵਿਆਕੁਲ ਕਰ ਦਿਤਾ ਪਰ ਫੇਰ ਸੋਚ ਲਿਆ ਕਿ ਪਤੀ ਜੀ ਸਦਾ ਬੇਬੇ ਜੀ ਦੀ ਆਗਿਆ ਮੰਨਣ ਹਿਤ ਆਖਦੇ ਹੁੰਦੇ ਹਨ ਸੋ ਜੇਕਰ ਉਹ ਆਗਿਆ ਦੇ ਦੇਣ ਤਾਂ ਮੈਂ ਜਾ ਸਕਦੀ ਹਾਂ। ਕਾਕੇ ਦਾ ਫਿਕਰ ਅਜੇ ਨਾਲ ਸੀ, ਪਰ ਮਨ ਨੇ ਆਖਿਆ "ਲਾਲ ਦਾ ਰਾਖਾ ਗੁਰੂ ਹੈ" ਮੈਂ ਵੀਰ ਦੇ ਇਸ ਆਤਮਕ ਰੋਗ ਦੇ ਸਮੇਂ ਸੇਵਾ ਜ਼ਰੂਰ ਕਰਾਂਗੀ ਤੇ ਨਾਲੇ ਗੁਰੂ ਜੀ ਦੇ ਦਰਬਾਰ ਦੇ ਦਰਸ਼ਨ ਕਰਾਂਗੀ। ਇਹ ਸੋਚ ਹੀ ਰਹੀ ਸੀ ਜੋ ਫੇਰ ਮਨ ਵਿਚ ਚਿੰਤਾ ਉਠੀ ਤੇ ਦਿਲ ਦ੍ਰਵ ਗਿਆ, ਹੁਣ ਹੱਥ ਜੁੜ ਗਏ ਤੇ ਮੱਥਾ ਧਰਤੀ ਤੇ ਲੱਗ ਗਿਆ ਅਰ ਮੂੰਹੋਂ ਨਿਕਲਿਆ:-

**ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥**
**ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ॥**
**ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ॥**
(ਸੋਰਠਿ ਮ: ੫-੬੨)

ਇਹ ਤੁਕਾਂ ਪੜ੍ਹ ਰਹੀ ਸੀ ਅਰ ਫਰਨ ਫਰਨ ਨੈਣਾਂ ਤੋਂ ਹੰਝੂ ਕਿਰ

 www.sikhbookclub.com

ਰਹੇ ਸਨ। ਮਨ ਦੇ ਅੱਗੇ ਸਤਿਗੁਰਾਂ ਦਾ ਸਰੂਪ ਆ ਖਲੋਤਾ ਤੇ ਇਸ ਬੀਬੀ ਨੇ ਵੀਰ ਨੂੰ ਫੜ ਕੇ ਸਤਿਗੁਰਾਂ ਦੇ ਚਰਨਾਂ ਵਿਚ ਪਾ ਕੇ ਬੇਨਤੀ ਕੀਤੀ:-

**ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ॥**
**ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥**
**ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥**
**ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ**
**ਤਿਹ ਮਿਲੰਤ ਜਮ ਤ੍ਰਾਸ ਮਿਟਾਈ॥**
**ਇਕ ਅਰਦਾਸਿ ਭਾਟ ਕੀਰਤਿ ਕੀ**
**ਗੁਰ ਰਾਮਦਾਸ ਰਾਖਹੁ ਸਰਣਾਈ॥**
(ਸਵਈਏ ਮ: ੪ ਕੇ-੫੮)

ਇਸੇ ਦਸ਼ਾ ਵਿਚ ਚਿਰ ਤੱਕ ਭਰਾ ਦੀ ਆਤਮਾ ਲਈ ਸੱਚੇ ਵੈਦ ਦੇ ਚਰਨਾਂ ਵਿਚ ਬੇਨਤੀ ਕਰਦੀ ਰਹੀ। ਇਸੇ ਦਸ਼ਾ ਵਿਚ ਬੀਬੀ ਦੀ ਸੱਸ ਆਣ ਪਹੁੰਚੀ; ਉਹ ਹੈਰਾਨ ਸੀ ਜੋ ਅੱਜ ਬੀਬੀ ਨੇ ਏਨਾਂ ਚਿਰ ਕਿਉਂ ਲਾਯਾ! ਉਸ ਨੇ ਦੂਰੋਂ ਹੀ ਵਾਜ ਮਾਰ ਕੇ ਪੁੱਛਿਆ ਤਾਂ ਬੀਬੀ ਨੇ ਉਸ ਵਲ ਤੱਕਿਆ ਅਰ ਅੱਗੇ ਹੋ ਕੇ ਹਾਹੁਕਾ ਭਰ ਕੇ ਭਰਾ ਦੀ ਚਿੱਠੀ ਹੱਥ ਫੜਾਈ, ਸੱਸ ਹਰਯਾਨ ਜੇਹੀ ਹੋ ਗਈ ਤੇ ਪੁੱਛਿਆ ਕੀ ਗੱਲ ਹੈ? ਬੀਬੀ ਨੇ ਕਿਹਾ ਆਪ ਪੜ੍ਹ ਲਓ। ਚਿੱਠੀ ਪੜ੍ਹ ਕੇ ਸੱਸ ਨੂੰ ਵੀ ਵੱਡਾ ਸ਼ੋਕ ਹੋਇਆ ਅਰ ਸੁੰਦਰ ਸਿੰਘ ਦਾ ਹਾਲ ਪੜ੍ਹ ਕੇ ਹੈਰਾਨੀ ਨਾਲ ਬੋਲੀ ਖ਼ਬਰੇ ਸੁੰਦਰ ਸਿੰਘ ਨੂੰ ਕੀ ਹੋ ਗਿਆ? ਕੁਝ ਚਿਰ ਦੁਖ ਭਰੀਆਂ ਗੱਲਾਂ ਦੇ ਮਗਰੋਂ ਸੱਸ ਨੇ ਪੁਛਿਆ ਫਿਰ ਹੁਣ ਕੀ ਸਲਾਹ ਹੈ?

ਬੀਬੀ— ਜੀ, ਜਿਵੇਂ ਹੁਕਮ?

ਸੱਸ ਨੂੰਹ ਦੀ ਪੀੜ ਨੂੰ ਸਮਝ ਗਈ ਸੀ। ਬੋਲੀ-ਮੇਰੀ ਜਾਚੇ ਤਾਂ ਕੱਲ ਤੁਰ ਜਾਓ ਤਾ ਠੀਕ ਹੈ, ਪਰ ਕਾਕੇ ਦਾ ਕੀ ਕਰੋਗੇ?

ਬੀਬੀ ਪਹਿਲਾਂ ਤਾਂ ਰੁਕੀ ਫੇਰ ਬੋਲੀ-ਜੀ! ਕਾਕੇ ਦੀ ਚਿੰਤਾ ਤਾਂ ਵੱਡੀ ਹੈ ਪਰ ਕੀ ਕਰਾਂ ਵੀਰ ਦੀ ਇਹ ਦਸ਼ਾ ਪੜ੍ਹ ਕੇ ਰਹਿ ਨਹੀਂ ਸਕਦੀ, ਗੁਰੂ ਰਾਖਾ ਹੈ।

ਉਥੋਂ ਦੋਵੇਂ ਜਣੀਆਂ ਘਰ ਆਈਆਂ ਤੇ ਅਗਲੇ ਦਿਨ ਬੀਬੀ ਪ੍ਰੇਮ


www.sikhbookclub.com

ਕੌਰ ਸੱਸ ਦੀ ਆਗਿਆ ਅਨੁਸਾਰ ਕਾਕੇ ਨੂੰ ਲੈ ਕੇ ਘਰੋਂ ਤੁਰਨ ਲਈ ਤਿਆਰ ਹੋ ਪਈ।

ਪਜਾਰੇ ਲਾਲ ਨੂੰ ਇਸ ਹਾਲ ਵਿਚ ਲਿਜਾਣਾ ਕਠਨ ਕੰਮ ਸੀ ਅਰ ਕਲੇਜਾ ਕੰਬਦਾ ਸੀ ਜੋ ਮਤਾਂ ਰਾਹ ਦੀ ਖੇਚਲ ਨਾਲ ਕੁਝ ਹੋ ਨਾ ਜਾਵੇ, ਪਰ ਵੀਰ ਦੇ ਬੇਮੁਖ ਹੋਣ ਦਾ ਡਰ ਕੋਈ ਘੱਟ ਗੱਲ ਨਹੀਂ ਸੀ। ਜੇ ਵੀਰ ਬੀਮਾਰ ਹੁੰਦਾ ਤਦ ਸ਼ਾਇਦ ਨਾ ਜਾਂਦੀ ਪਰ ਇਸ ਆਤਮਾ ਦੇ ਰੋਗ ਵਿਚ ਜਾਏ ਖਿਨਾਂ ਰਹਿ ਨਹੀਂ ਸੀ ਸਕਦੀ, ਉਸ ਨੂੰ ਡਰ ਸੀ ਕਿ ਮਤਾਂ ਮਗਰੋਂ ਜੀਉਂਦੇ ਜਾਗਦੇ ਭਰਾ ਦਾ ਦਰਸ਼ਨ ਨਾ ਹੋਇਆਂ ਵਰਗਾ ਹੋ ਜਾਵੇ, ਨਿਰਾਸਤਾ ਵਿਚ ਆ ਆ ਕੇ ਤਰਲੇ ਲੈਂਦੀ ਉਹ ਤੁਰਨ ਲਈ ਤਿਆਰ ਹੋ ਗਈ। ਜਿਗਰ ਦੇ ਟੋਟੇ ਲਾਲ ਵੱਲ ਵੇਖਦੀ ਤਾਂ ਘਾਬਰਦੀ ਪਰ ਫੇਰ ਗੁਰੂ ਤੇ ਭਰੋਸਾ ਕਰਦੀ। ਓੜਕ ਕਾਰਜ ਸਿਧੀ ਲਈ ਗੁਰੂ ਜੀ ਅੱਗੇ ਅਰਦਾਸਾ ਸੋਧ ਕੇ ਤੁਰ ਪਈ ਤੇ ਤੁਰਨ ਵੇਲੇ ਸੱਸ ਨੇ ਵੀ ਪਿਆਰ ਨਾਲ ਅਸੀਸ ਦਿੱਤੀ। ਵਹਿਣਾਂ ਵਿਚ ਡੁੱਬੀ ਨੂੰ ਪੇਕੇ ਪਹੁੰਚਣ ਦੇ ਵਕਤ ਦੀ ਖ਼ਬਰ ਦੇਣੀ ਵੀ ਚੇਤੇ ਨਾ ਰਹੀ ਅਰ ਰਾਹ ਵਿਚ ਇਕ ਸਟੇਸ਼ਨ ਤੋਂ ਤਾਰ ਪਾਉਣੀ ਪਈ ਜੋ ਘਰ ਰੇਲ ਦੇ ਸਮੇਂ ਤੋਂ ਕੇਵਲ ਦੋ ਘੰਟੇ ਪਹਿਲਾਂ ਪਹੁੰਚੀ।

2

ਪ੍ਰੇਮ ਕੌਰ ਇਕ ਵਡੇ ਘਰਾਣੇ ਦੀ ਧੀ ਸੀ ਜੋ ਨਾ ਕੇਵਲ ਧਨ ਕਰਕੇ ਹੀ ਵੱਡਾ ਸੀ ਸਗੋਂ ਆਪਣੇ ਰਹਿਣ ਦੇ ਵਤੀਰੇ ਕਰਕੇ ਉਸ ਨਾਲੋਂ ਵੀ ਵਡੇਰਾ ਹੋਣ ਦਾ ਹੱਕ ਰੱਖਦਾ ਸੀ। ਉਸ ਦਾ ਪਿਤਾ ਚੰਗਾ ਵਿਦਵਾਨ ਅਰ ਗੁਰੂ ਘਰ ਦਾ ਪ੍ਰੇਮੀ ਸੀ। ਮਾਤਾ ਭਾਵੇਂ ਪੜ੍ਹੀ ਹੋਈ ਬਹੁਤ ਘੱਟ ਸੀ ਪਰ ਬਾਣੀ ਦਾ ਪ੍ਰੇਮ ਉਸ ਨੂੰ ਚੰਗਾ ਸੀ। ਪ੍ਰੇਮ ਕੌਰ ਪਲੇਠੀ ਦੀ ਧੀ ਸੀ। ਇਸਨੂੰ ਵਡੇ ਪਿਆਰ ਨਾਲ ਪਾਲਿਆ ਸੀ, ਅਰ ਨਾਲ ਦੇ ਨਾਲ ਨਾਲ ਪਿਤਾ ਜੀ ਨੇ ਸ਼ੁਭ ਗੁਣ ਵੀ ਕੁਟ ਕੁੱਟ ਕੇ ਉਸ ਵਿਚ ਭਰ ਦਿਤੇ ਸਨ। ਸੁੰਦਰ ਸਿੰਘ ਪ੍ਰੇਮ ਕੌਰ ਕੋਲੋਂ ਛੋਟਾ ਸੀ ਪਰ ਹੋਰ ਕਈ ਕੰਮਾਂ ਵਿਚ ਰੁੱਝਿਆ ਰਹਿਣ ਕਰਕੇ ਉਸ ਨੂੰ ਉਹ ਸਿੱਖਿਆ ਨਹੀਂ ਸਨ ਦੇ ਸਕੇ, ਜੋ ਪ੍ਰੇਮ ਕੌਰ ਨੂੰ ਦਿੱਤੀਆਂ ਸਨ। ਭਾਵੇਂ ਆਚਰਣ ਤਾਂ ਸੁੰਦਰ ਸਿੰਘ ਦਾ ਸਾਫ਼ ਸੀ ਪਰ ਬਾਣੀ ਦਾ ਪਿਆਰ ਆਦਿ ਸ਼ੁਭ ਗੁਣਾਂ ਨੇ ਉਸ ਵਿਚ ਪਰਵੇਸ਼ ਨਹੀਂ ਸੀ ਕੀਤਾ। ਪ੍ਰੀਤਮ ਸਿੰਘ ਛੋਟਾ ਪੁਤ੍ਰ ਸੀ ਅਰ ਉਸ ਨੂੰ ਪ੍ਰੇਮ ਕੌਰ ਨੇ ਬਹੁਤ ਕੁਝ

ਸਿੱਖੀ ਦਾ ਪਿਆਰ ਸਿਖਾਇਆ ਸੀ। ਸੁੰਦਰ ਸਿੰਘ ਨੂੰ ਨਾ ਕੇਵਲ ਘਰ ਵਲੋਂ ਹੀ ਘਾਟਾ ਪਿਆ ਸੀ, ਸਗੋਂ ਸਕੂਲੋਂ ਵੀ ਕੋਈ ਮਦਦ ਧਰਮ ਦੀ ਨਾ ਮਿਲੀ। ਕਾਲਜ ਜਾਣ ਮਗਰੋਂ ਭਾਈ ਗਿਆਨ ਸਿੰਘ ਜੀ (ਭਾਈ ਗਿਆਨ ਸਿੰਘ ਜੀ ਲੁਧਿਆਣੇ ਦੇ ਇਕ ਪਿੰਡ ਦੇ ਚੰਗੇ ਜ਼ਿਮੀਂਦਾਰ ਸਨ। ਬਾਣੀ ਦੇ ਪ੍ਰੇਮੀ ਅਰ ਨਾਮ ਦੇ ਰਸੀਏ ਸਨ।) ਦੀ ਸੰਗਤ ਨੇ ਸਾਰੇ ਪਰਵਾਰ ਨੂੰ ਸਿੱਖੀ ਦੀ ਗੂੜ੍ਹੀ ਰੰਗਤ ਚਾੜ੍ਹ ਦਿਤੀ ਸੀ ਅਰ ਬੀਬੀ ਪ੍ਰੇਮ ਕੌਰ ਨੇ ਤਾਂ ਇਹਨਾਂ ਦੀ ਸੰਗਤ ਤੋਂ ਬਹੁਤ ਲਾਭ ਉਠਾਇਆ ਸੀ ਅਰ ਓਹ ਇਹਨਾਂ ਦੀ ਸੰਗਤ ਤੋਂ ਬਾਣੀ ਵਿਚ ਮਗਨ ਹੋਣਾ ਤੇ ਬੇਨਤੀ ਵਿਚ ਲੀਨ ਹੋ ਜਾਣਾ ਸਿਖ ਲਿਆ ਸੀ। ਸੁੰਦਰ ਸਿੰਘ ਇਸ ਸੋਮੇ ਤੋਂ ਵੀ ਦੂਰ ਹੀ ਰਿਹਾ ਸੀ ਅਰ ਉਸ ਨੂੰ ਕਦੇ ਭਾਈ ਗਿਆਨ ਸਿੰਘ ਜੀ ਦੀ ਸੰਗਤ ਦਾ ਅਵਸਰ ਬੀ ਨਹੀਂ ਸੀ ਮਿਲਿਆ। ਹੁਣ ਬੀ.ਏ. ਪਾਸ ਕਰਕੇ ਸਿਹਤ ਖਰਾਬ ਹੋਣ ਦੇ ਕਾਰਨ ਇਸ ਸਾਲ ਵਿਹਲਾ ਰਿਹਾ ਸੀ। ਸਤਿਸੰਗ ਦਾ ਪਿਆਰ ਨਾ ਹੋਣ ਕਰਕੇ ਕੁਸੰਗਤ ਨੇ ਛੇਤੀ ਕਾਬੂ ਕਰ ਲਿਆ ਸੀ। ਬਹੁਤ ਖ਼ਿਆਲ ਕਾਲਜ ਵਿਚ ਵੀ ਵਿਗੜ ਚੁਕੇ ਸਨ, ਕਿਉਂ ਜੋ ਧਾਰਮਿਕ ਸਿੱਖਿਆ ਤੋਂ ਬਿਨਾ ਵਿਦਿਆ ਕਈ ਵਾਰੀ ਗੁਣਵਾਰੀ ਹੋਣ ਦੀ ਥਾਂ

**'ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥'**

ਵਾਲੀ ਦਸ਼ਾ ਬਣਾ ਦਿੰਦੀ ਹੈ। ਜਿਸ ਤਰ੍ਹਾਂ ਭਾਵੇਂ ਦਹੀਂ ਅਰ ਕਾਂਜੀ ਦੋਵੇਂ ਖੱਟੀਆਂ ਹੁੰਦੀਆਂ ਹਨ ਪਰ ਇਕ ਦੇ ਪਾਯਾਂ ਦੁਧ ਜੰਮ ਕੇ ਦਹੀਂ ਬਣ ਜਾਂਦਾ ਹੈ। ਅਰ ਦੂਜੀ ਦੇ ਪਾਇਆਂ ਪਾਟ ਜਾਂਦਾ ਹੈ। ਇਸੇ ਤਰ੍ਹਾਂ ਮਨੁਖ ਨੂੰ ਜੇਕਰ ਧਾਰਮਿਕ ਪਿਆਰ ਸਮੇਤ ਵਿਦਿਆ ਮਿਲੇ ਤਾਂ ਉਹ ਦੇਵਤਾ ਬਣ ਜਾਂਦਾ ਹੈ; ਨਹੀਂ ਤਾਂ ਧਰਮੋਂ ਸੱਖਣੀ ਵਿਦਿਆ ਓਸੇ ਨੂੰ ਵਿਖ ਹੋ ਕੇ ਲੱਗਦੀ ਹੈ ਅਰ ਉਹ ਹਉਮੈਂ ਦਾ ਮਾਰਿਆ ਰਾਖਸ਼ ਬਣ ਜਾਂਦਾ ਹੈ। ਭਾਵੇਂ ਘਰ ਦੀ ਸਿਖਿਆ ਨੇ ਸੁੰਦਰ ਸਿੰਘ ਨੂੰ ਬਹੁਤ ਕੁਝ ਠੀਕ ਰਖਿਆ ਸੀ ਪਰ ਹਉਮੈਂ ਦੇ ਰੋਗ ਅਰ ਅੰਗ੍ਰੇਜ਼ੀ ਤਾਲੀਮ ਤੋਂ ਆਈ ਮਾਯਾਵੀ ਚਮਕ ਨੇ ਉਸ ਨੂੰ ਪਰਮਾਰਥ ਵਲੋਂ ਅੰਨ੍ਹਾ ਕਰ ਛਡਿਆ ਸੀ। ਹੁਣ ਸ਼ਾਮ ਅਰ ਤਾਰੇ ਦੀ ਕੁਸੰਗਤ ਇਸ ਨੂੰ ਆਚਰਨ ਤੋਂ ਵੀ ਡੇਗਣ ਨੂੰ ਤਿਆਰ ਸੀ, ਜਿਸ ਦਾ ਪਹਿਲਾ ਪ੍ਰਭਾਵ ਪਿਤਾ ਜੀ ਦੀ ਆਗਿਆ ਮੋੜਨੀ ਤੇ ਉਹਨਾਂ

ਦੇ ਮੋਹਰੇ ਬੋਲਣਾ ਸੀ। ਸੱਚ ਹੈ, ਜਿਸ ਪੁਰਸ਼ ਨੂੰ ਧਰਮ ਦਾ ਪਿਆਰ ਅਰ ਪਰਮਾਰਥ ਦੀ ਪਿਆਸ ਨਾ ਹੋਵੇ ਉਸ ਦਾ ਆਚਰਨ ਡਿਗਦਿਆਂ ਵੀ ਕੋਈ ਚਿਰ ਨਹੀਂ ਲੱਗਦਾ ਤੇ ਜਿਸ ਵੇਲੇ ਕੋਈ ਪੁਰਸ਼ ਧਰਮ ਦੀ ਪਰਵਾਹ ਨਾ ਕਰੇ ਤਾਂ ਦੁਆਲੇ ਦਾ ਕੁਸੰਗ ਉਸ ਨੂੰ ਫੌਰਨ ਡੇਗਣ ਨੂੰ ਤਿਆਰ ਹੋ ਜਾਂਦਾ ਹੈ। ਸੁੰਦਰ ਸਿੰਘ ਨੂੰ ਧਰਮ ਵੱਲੋਂ ਬੇਮੁਖ ਵੇਖ ਕੇ ਸ਼ਾਮ ਅਰ ਤਾਰੇ ਨੂੰ ਸਮਾਂ ਮਿਲ ਗਿਆ ਸੀ, ਅਰ ਜਦੋਂ ਤੋਂ ਉਹ ਪਿਤਾ ਦੇ ਮੂਹਰੇ ਬੋਲਿਆ ਸੀ ਉਹ ਉਸ ਨੂੰ ਹੋਰ ਬੀ ਹੇਠਾਂ ਡੇਗ ਕੇ ਆਪਣੇ ਨੀਚ ਕਰਮਾਂ ਵਿਚ ਸ਼ਾਮਲ ਕਰਨਾ ਚਾਹੁੰਦੇ ਸਨ।

ਬੀਬੀ ਪ੍ਰੇਮ ਕੌਰ ਨਾਲ ਸੁੰਦਰ ਸਿੰਘ ਦਾ ਵੱਡਾ ਪਿਆਰ ਸੀ। ਅਰ ਉਹਨਾਂ ਦੇ ਪਿਤਾ ਜੀ ਜਾਣਦੇ ਸਨ ਕਿ ਅਜੇਹੇ ਸਮੇਂ ਬੀਬੀ ਦਾ ਪਿਆਰ ਹੀ ਸੁੰਦਰ ਸਿੰਘ ਤੇ ਅਸਰ ਪਾ ਸਕਦਾ ਹੈ। ਉਨ੍ਹਾਂ ਨੇ ਆਪ ਉਸ ਨੂੰ ਆਖਣਾ ਛੱਡ ਦਿੱਤਾ ਸੀ ਪਰ ਪ੍ਰੀਤਮ ਸਿੰਘ ਨੂੰ ਆਖ ਕੇ ਬੀਬੀ ਨੂੰ ਸੱਦ ਘੱਲਿਆ ਸੀ, ਅਰ ਸਭ ਕੁਝ ਉਸ ਤੇ ਅਰ ਪ੍ਰੀਤਮ ਸਿੰਘ ਤੇ ਛੱਡ ਦਿੱਤਾ ਸੀ। ਉਹ ਜਾਣਦੇ ਸਨ ਜੋ ਬੀਬੀ ਦੀ ਨਿੰਮ੍ਰਤਾ ਅਰ ਪਿਆਰ ਜ਼ਰੂਰ ਸੁੰਦਰ ਸਿੰਘ ਤੇ ਅਸਰ ਪਾਵੇਗਾ। ਉਹਨਾਂ ਨੂੰ ਬੀਬੀ ਦੀ ਅਕਲ ਤੇ ਵੀ ਪੂਰਾ ਭਰੋਸਾ ਸੀ।

ਤਾਰ ਜਿਸ ਵੇਲੇ ਪਹੁੰਚੀ ਸੀ ਦੋਵੇਂ ਭਰਾ ਘਰ ਨਹੀਂ ਸਨ, ਇਸ ਲਈ ਸਾਈਸ ਤੇ ਇਕ ਨੌਕਰ ਮੁੰਡਾ ਹੀ ਗੱਡੀ ਲੈ ਕੇ ਰੇਲ ਤੇ ਆਏ ਹੋਏ ਸਨ। ਬੀਬੀ ਗੱਡੀ ਵਿਚ ਬਹਿ ਕੇ ਘਰ ਪਹੁੰਚੀ। ਉਸ ਨੂੰ ਵੇਖਦਿਆਂ ਸਾਰ ਨਿਕੇ ਵੱਡੇ ਸਭ ਨੂੰ ਚੰਦ ਚੜ੍ਹ ਗਿਆ। ਸਾਰੇ ਵੱਡੇ ਆਦਰ ਅਰ ਪਿਆਰ ਨਾਲ ਮਿਲੇ। ਦੋਵੇਂ ਭਰਾ ਅਜੇ ਤਕ ਬਾਹਰੋਂ ਨਹੀਂ ਸਨ ਆਏ। ਅਜੇ ਬੀਬੀ ਸਭਨਾ ਨੂੰ ਮਿਲ ਬੀ ਨਹੀਂ ਚੁਕੀ ਸੀ ਕਿ ਸੁੰਦਰ ਸਿੰਘ ਬਾਹਰੋਂ ਆ ਗਿਆ। ਭਾਵੇਂ ਸੁੰਦਰ ਸਿੰਘ ਅੱਜ ਕਲ ਸਾਰੇ ਘਰਦਿਆਂ ਤੋਂ ਫਰੰਟ ਹੋਇਆ ਹੋਇਆ ਸੀ, ਪਰ ਵੱਡੀ ਭੈਣ ਨੂੰ ਵੇਖ ਕੇ ਉਸ ਅੰਦਰ ਪਿਆਰ ਨੇ ਅਜੇਹਾ ਜੋਸ਼ ਮਾਰਿਆ ਜੋ ਬੀਬੀ ਜੀ ਦੇ ਪੈਰੀਂ ਆ ਡਿੱਗਾ। ਭੈਣ ਨੇ ਵੀਰ ਦਾ ਸਿਰ ਸੰਭਾਲ ਕੇ ਗਲ ਲਾ ਲਿਆ। ਬੀਬੀ ਵੀ ਪਿਆਰ ਦੀ ਪੁਤਲੀ ਸੀ ਮਿਲਣ ਦੇ ਸਮੇਂ ਬੀਬੀ ਦੇ ਹਿਰਦਿਓਂ ਆਪ ਤੋਂ ਆਪ ਵੀਰ ਦੀ ਕਲਿਆਣ ਲਈ ਪ੍ਰਾਰਥਨਾ ਨਿਕਲੀ ਅਰ ਇਸੇ ਮਗਨਤਾ ਵਿਚ ਭੈਣ ਭਰਾ ਦੀ ਗਲਵੱਕੜੀ ਕੁਝ ਮਿੰਟ

ਪਈ ਰਹੀ। ਫੇਰ ਬਹਿ ਕੇ ਪਿਆਰ ਦੀਆਂ ਗੱਲਾਂ ਕਰਨ ਲਗ ਗਏ। ਬੀਬੀ ਨੇ ਜਾਣ ਕੇ ਸ੍ਰੀ ਅੰਮ੍ਰਿਤਸਰ ਜਾਣ ਦੀ ਕੋਈ ਗੱਲ ਅਜੇ ਨਾ ਛੇੜੀ ਕਿਉਂ ਜੋ ਉਹ ਜਾਣਦੀ ਸੀ ਕਿ ਹੁਣੇ ਜੇ ਜ਼ਿਕਰ ਕੀਤਾ ਤਾਂ ਭਰਾ ਨੂੰ ਮਤਾਂ ਹਠ ਪੈ ਜਾਵੇ। ਭੈਣ ਭਰਾ ਵਿਚ ਪਿਆਰ ਦੀਆਂ ਗੱਲਾਂ ਕਿੰਨਾ ਚਿਰ ਤਕ ਹੁੰਦੀਆਂ ਰਹੀਆਂ। ਹੁਣ ਰਾਤ ਪੈ ਗਈ ਅਰ ਚੰਦ ਚੜ੍ਹ ਆਇਆ। ਪ੍ਰੀਤਮ ਸਿੰਘ ਅਜੇ ਤਕ ਨਹੀਂ ਸੀ ਮਿਲਿਆ, ਬੀਬੀ ਨੂੰ ਉਸ ਦੇ ਮਿਲਣ ਦੀ ਤਾਂਘ ਹੋਈ ਤਾਂ ਪਤਾ ਲੱਗਾ ਜੋ ਘਰ ਦੇ ਨਾਲ ਵਾਲੇ ਬਗ਼ੀਚੇ ਵਿਚ ਰਹਿਰਾਸ ਸਾਹਿਬ ਦਾ ਪਾਠ ਕਰਦਾ ਸੀ, ਪਤਾ ਨਹੀਂ ਕਿਉਂ ਨਹੀਂ ਆਇਆ। ਭੈਣ ਭਰਾ ਨੂੰ ਚੰਗੀ ਤਰ੍ਹਾਂ ਜਾਣਦੀ ਸੀ, ਸਮਝ ਗਈ ਜੋ ਗੁਰਪੁਰਬ ਦੀ ਉਡੀਕ ਵਿਚ ਬੇਨਤੀ ਦੇ ਕਾਰੇ ਲੱਗਾ ਹੋਣਾ ਹੈ। ਚਾਅ ਆਇਆ ਜੋ ਉਥੇ ਹੀ ਜਾਕੇ ਮਿਲਾਂ। ਬਗ਼ੀਚੇ ਵਿਚ ਥੋੜੇ ਜਿਹੇ ਕਦਮ ਜਾ ਕੇ ਉਸ ਦੀ ਨਜ਼ਰ ਸ਼ਾਮ ਤੇ ਤਾਰੇ ਤੇ ਪਈ ਜੋ ਇਕ ਵੇਲਾਂ ਦੇ ਝੁੰਡ ਜਿਹੇ ਦੇ ਓਹਲੇ ਇਕ ਬੈਂਚ ਤੇ ਬੈਠੇ ਗੱਲਾਂ ਕਰ ਰਹੇ ਸਨ। ਬੀਬੀ ਨੇ ਨੇੜੇ ਜਾ ਕੇ ਤਾਰੇ ਦੇ ਮੂੰਹੋਂ ਸੁਣਿਆ:-

ਤਾਰਾ— ਸ਼ਾਮ! ਲੈ ਸੁੰਦਰ ਨੂੰ ਅੰਮ੍ਰਿਤਸਰ ਜਾਣੋਂ ਤੂੰ ਰੱਖ ਲੈ ਤੇ ਫੇਰ ਕਾਬੂ ਮੈਂ ਕਰ ਲਵਾਂਗਾ।

ਬੀਬੀ ਇਹ ਸੁਣ ਕੇ ਤ੍ਰਬਕੀ ਤੇ ਸੋਚਣ ਲੱਗੀ 'ਹੈਂ! ਇਹ ਕੀ ਗੱਲ ਹੈ, ਇਹ ਭਰਾ ਜੀ ਨੂੰ ਕਿਉਂ ਕਾਬੂ ਕਰਨ ਦਾ ਪਤਾ ਪਕਾ ਰਹੇ ਹਨ, ਇਹ ਕੀ ਸ਼ੈਤਾਨੀ ਮਸਲਤ ਹੋ ਰਹੀ ਹੈ?' ਭਾਵੇਂ ਪ੍ਰੀਤਮ ਸਿੰਘ ਨੂੰ ਪਿਆਰ ਦੀ ਖਿੱਚੀ ਛੇਤੀ ਛੇਤੀ ਮਿਲਣ ਜਾਂਦੀ ਪਈ ਸੀ ਪਰ ਇਹ ਸੁਣ ਕੇ ਵੇਲਾਂ ਦੇ ਓਹਲੇ ਖਲੋ ਗਈ ਅਰ ਉਨ੍ਹਾਂ ਦੀਆਂ ਗੱਲਾਂ ਸੁਣਨ ਲੱਗੀ।

ਸ਼ਾਮ— ਲੈ ਮੈਂ ਤਾਂ ਉਸ ਨੂੰ ਕਦੇ ਨਹੀਂ ਜਾਣ ਦੇਣਾ, ਉਹ ਪਿਉ ਨਾਲ ਵੀ ਲੜ ਪਿਆ ਹੈ; ਪਰ ਤੂੰ ਮਗਰੋਂ ਉਸ ਨੂੰ ਕਿਵੇਂ ਕਾਬੂ ਕਰ ਲਏਂਗਾ? ਉਹ ਵਿਗੜਨ ਵਾਲਾ ਨਹੀਂ ਭਾਵੇਂ ਤੂੰ ਹਜ਼ਾਰ ਜ਼ੋਰ ਲਾ ਲਵੀਂ।

ਤਾਰਾ— ਬਸ ਇਹੀ ਤਾਂ ਗੱਲ ਹੈ, ਜਦੋਂ ਉਸ ਨੇ ਪਿਉ ਨਾਲ ਵਿਗਾੜ ਲਿੱਤੀ ਫੇਰ ਸਾਡੇ ਵੱਸ ਹੈ, ਜੋ ਚਾਹੀਏ ਕਰਾਈਏ। ਉਹਨੂੰ ਅਜੇਹਾ ਕਾਬੂ ਕਰਾਂਗਾ ਜੋ ਉਹ ਘਰ ਦਿਆਂ ਦੇ ਕੰਮ ਦਾ ਹੀ ਨਾ ਰਹੇ, ਫੇਰ ਉਸ ਦੀ ਅਮੀਰੀ ਤੇ ਸਾਡੀ ਗਰੀਬੀ ਰਲ ਵਰਤੇਗੀ।

 www.sikhbookclub.com

ਸ਼ਾਮ— ਉਹ ਕਿਵੇਂ?

ਤਾਰਾ— ਬਸ ਸਿਖ ਨਹੀਂ ਰਹਿਣ ਦਿਆਂਗੇ।

ਇਹ ਸੁਣ ਕੇ ਬੀਬੀ ਦੇ ਪੈਰਾਂ ਹੇਠੋਂ ਮਿੱਟੀ ਉਡ ਗਈ, ਪਰ ਉਹ ਸੰਭਲੀ ਅਰ ਸ਼ੁਕਰ ਕੀਤਾ ਜੋ ਇਹਨਾਂ ਦੇ ਇਸ ਮਾੜੇ ਮੰਤਵ ਦਾ ਪਤਾ ਮੈਨੂੰ ਲੱਗ ਗਿਆ ਹੈ। ਇਹ ਗਲਾਂ ਕਰਕੇ ਤਾਰਾ ਅਰ ਸ਼ਾਮ ਉਠ ਕੇ ਚਲੇ ਗਏ ਅਰ ਬੀਬੀ ਵੀ ਪ੍ਰੀਤਮ ਸਿੰਘ ਨੂੰ ਲੱਭਣ ਤੁਰ ਪਈ। ਰਤਾ ਅਗੇ ਜਾ ਕੇ ਉਸ ਦੇ ਕੰਨੀਂ ਅਵਾਜ਼ ਪਈ:-

**ਕਦੇ ਤਾਂ ਮਿਹਰ ਹੋਵੇਗੀ, ਕਦੇ ਤਾਂ ਦਰਸ ਦੇਵੋਗੇ!**
**ਕਦੇ ਤਾਂ ਬਖਸ਼ ਮੇਲੋਗੇ, ਕਦੇ ਤਾਂ ਗੋਦ ਲੇਵੋਗੇ!**
**ਮੈਂ ਭੁੱਲਾ ਰਾਤ ਦਿਨ ਹੈਵਾਂ, ਗੁਰੂ ਜੀ ਆਪ ਰਾਹ ਪਾਵੋ;**
**ਇਹ ਡੁੱਬਦੀ ਨਾਉ ਹੈ ਮੇਰੀ, ਕਦੇ ਆ ਆਪ ਖੇਵੋਗੇ।**
**ਨ ਮੈਂ ਰਾਹ ਆਪ ਦਾ ਜਾਣਾ, ਨ ਮੈਨੂੰ ਸੁਰਤ ਹੈ ਕੋਈ,**
**ਕਦੇ ਤਾਂ ਬਿਰਦ ਪਾਲੋਗੇ, ਸੁਰਤ ਦਾਸਾਂ ਦੀ ਲੇਵੋਗੇ।**

ਬੀਬੀ ਕੋਲ ਪਹੁੰਚੀ ਤਾਂ ਵੀਰ ਨੇ ਮੱਥਾ ਟੇਕਿਆ ਹੋਇਆ ਸੀ, ਪਲ ਕੁ ਮਗਰੋਂ ਇਹ ਤੁਕਾਂ ਪੜ੍ਹਕੇ ਪ੍ਰੀਤਮ ਸਿੰਘ ਨੇ ਸਿਰ ਚੁੱਕਿਆ।

**ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ॥**
**ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ॥**
(ਗਉੜੀ ਚੇਤੀ ਮ: ੧-੧੭)

ਅੱਖਾਂ ਮਸਤ ਜਿਹੀਆਂ ਤੇ ਜਲ ਨਾਲ ਭਿੱਜੀਆਂ ਹੋਈਆਂ, ਇਸੇ ਮੌਜ ਵਿਚ ਉਠਿਆ, ਸਿਰ ਫੇਰਿਆ ਤੇ ਨਜ਼ਰ ਪਾਈ। ਭੈਣ ਵੀ ਚਿਰੋਕਣੀ ਉਡੀਕ ਰਹੀ ਸੀ, ਵੀਰ ਪੈਰਾਂ ਤੇ ਡਿੱਗਾ ਪਰ ਭੈਣ ਨੇ ਛੇਤੀ ਨਾਲ ਵੀਰ ਦਾ ਸੀਸ ਬੋਚ ਕੇ ਗਲ ਲਾ ਲਿਆ ਤੇ ਫਤਹ ਗਜਾਈ।

ਮਿਲ ਕੇ ਦੋਵੇਂ ਘਰ ਨੂੰ ਤੁਰੇ। ਰਾਹ ਵਿਚ ਬੀਬੀ ਨੇ ਪੁੱਛਿਆ ਕਿ ਵੀਰ ਜੀ! ਗੁਰਪੁਰਬ ਲਈ ਤਿਆਰੀਆਂ ਹੋ ਰਹੀਆਂ ਹਨ? ਇਹ ਸੁਣਕੇ ਪ੍ਰੀਤਮ ਸਿੰਘ ਦੇ ਦਿਲ ਵਿਚ ਚੋਭ ਜਿਹੀ ਲਗੀ ਅਰ ਹਾਹੁਕਾ ਭਰਕੇ ਬੋਲਿਆ:-"ਭੈਣ ਜੀ! ਅਸਾਂ ਨਿਮਾਣਿਆਂ ਕੀ ਗੁਰਪੁਰਬ ਦੀਆਂ ਤਯਾਰੀਆਂ ਕਰਨੀਆਂ ਹਨ, ਸੱਚ ਪੁਛੋ ਤਾਂ ਅਸੀਂ ਦਿਖਾਵੇ ਦਾ ਹੀ ਗੁਰਪੁਰਬ ਮਨਾ

ਛਡਦੇ ਹਾਂ, ਅਪਣਾ ਮਨ ਵੀ ਇਸ ਜੋਗ ਨਹੀਂ ਜੋ ਗੁਰਪੁਰਬ ਵਾਲੇ ਦਿਨ ਸਤਿਗੁਰਾਂ ਦੀ ਭੇਟਾ ਕਰ ਸਕੀਏ। ਪ੍ਰੇਮੀ ਉਸ ਦਿਨ ਸਤਿਗੁਰਾਂ ਨੂੰ ਮਿਲਣ ਦੀਆਂ ਆਸਾਂ ਰਖਦੇ ਹਨ ਪਰ ਸਾਡੇ ਤਾਂ ਇਹ ਭਾਗ ਵੀ ਨਹੀਂ ਜੋ ਬਾਣੀ ਵਿਚ ਮਨ ਲਾਕੇ ਬੇਨਤੀ ਹੀ ਕਰ ਸਕੀਏ। ਭੈਣ ਜੀ! 'ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ' ਵਾਲਾ ਹਾਲ ਹੈ। ਰੋਜ਼ ਜਤਨ ਕਰਦਾ ਹਾਂ ਕਿ ਅੰਮ੍ਰਿਤ ਵੇਲੇ ਉਠਕੇ ਬਾਣੀ ਦਾ ਪਾਠ ਕਰਾਂ, ਪਰ ਆਲਸ ਅਜੇਹਾ ਆਕੇ ਨੱਪਦਾ ਹੈ ਜੋ ਬਸ ਨੀਂਦਰ ਹੀ ਪਜਾਰੀ ਲਗਦੀ ਹੈ, ਏਹੋ ਚਿੰਤਾ ਹੈ ਜੋ ਗੁਰੂ ਜੀ ਦੇ ਪੁਰਬ ਦੇ ਦਿਨ ਵੀ ਬਾਣੀ ਦੀ ਮੌਜ ਕਿਵੇਂ ਲਵਾਂਗਾ, ਮਨ ਤਾਂ ਰਤਾ ਨਹੀਂ ਖਲੋਂਦਾ", ਹਉਕੇ ਭਰ ਕੇ:-

ਸਭਿ ਸਹੀਆ ਮਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ।

"ਪ੍ਰੇਮੀ ਜਨਾਂ ਨੂੰ ਮੇਲ ਦੀ ਤਾਂਘ ਤੇ ਮੈਨੂੰ ਪ੍ਰੇਮ ਵੀ ਨਸੀਬ ਨਹੀਂ, ਵਾਹ ਭਾਗ, ਭਲਾ ਮੇਰੀਆਂ ਤਜਾਰੀਆਂ ਕੀ ਤੇ ਪੁਰਬ ਮਨਾਉਣਾ ਕੀ?"

ਇਸੇ ਤਰ੍ਹਾਂ ਗਲਾਂ ਕਰਦਿਆਂ ਘਰ ਪਹੁੰਚ ਗਏ, ਬੀਬੀ ਨੇ ਇਕ ਦਿਨ ਤਾਂ ਸੁੰਦਰ ਸਿੰਘ ਨੂੰ ਕੁਝ ਨਾ ਕਿਹਾ ਪਰ ਦੂਜੇ ਦਿਨ ਪਜਾਰ ਨਾਲ ਬੋਲੀ:- 'ਵੀਰ ਜੀ! ਭਲਾ ਸ੍ਰੀ ਅੰਮ੍ਰਿਤਸਰ ਜੀ ਕਿਥੋਂ ਕਿਥੋਂ ਦੀ ਸੈਲ ਕਰਾਓਗੇ।' ਇਹ ਪਜਾਰ ਭਰੀ ਪੁੱਛ ਇਸ ਤਰ੍ਹਾਂ ਦੀ ਸੀ ਜੋ ਭਰਾ ਤੋਂ ਸਿੱਧੀ ਨਾਂਹ ਨਿਕਲਣੀ ਹੀ ਔਖੀ ਸੀ, ਬੀਬੀ ਦੀ ਅਰਦਾਸ ਗੁਰੂ ਨੇ ਸੁਣ ਲਿਤੀ ਸੀ ਅਰ ਭਰਾ ਦੀ ਤਬੀਅਤ ਪਲਟਾ ਖਾਣ ਲਗ ਪਈ ਸੀ। ਟਾਲ ਜਿਹੀ ਨਾਲ ਬੋਲਿਆ:- "ਭੈਣ ਜੀ! ਪਤਾ ਨਹੀਂ ਜੋ ਮੈਂ ਜਾਵਾਂ ਕਿ ਨਾ, ਕੁਝ ਸਲਾਹ ਕੱਚ ਪੱਕ ਹੈ।"

ਪ੍ਰੇਮ ਕੌਰ— ਵੀਰ ਜੀ! ਜੇ ਤੁਸੀਂ ਨਾ ਗਏ ਤਾਂ ਕੀਹ ਸੁਆਦ?

ਭੈਣ ਦਾ ਪਜਾਰ ਦਿਲ ਵਿਚ ਵਸਦਾ ਸੀ ਤੇ ਭੈਣ ਹਿਤ ਦੀ ਮੂਰਤ ਸੀ, ਉਸਨੂੰ ਸਾਹਮਣੇ ਵੇਖ ਹਠ ਦੀ ਕੰਧ ਟੁਟ ਗਈ ਅਰ ਜੀ ਦੇ ਰੁਕਦਿਆਂ ਵੀ ਮੂੰਹੋਂ ਨਿਕਲ ਹੀ ਗਿਆ ਕਿ 'ਚੰਗਾ ਵੇਖੀ ਜਾਊ'। ਭੈਣ ਨੇ ਇਕ ਵੇਰੀ ਹੋਰ ਪਜਾਰ ਨਾਲ ਆਖਿਆ ਤੇ ਭਰਾ ਨੂੰ ਤੁਰਨ ਲਈ ਤਜਾਰ ਕਰ ਲਿਆ।

ਅਗਲੇ ਦਿਨ ਸਾਰੇ ਦੇ ਸਾਰੇ ਸ੍ਰੀ ਅੰਮ੍ਰਿਤਸਰ ਜੀ ਵੱਲ ਤੁਰ ਪਏ, ਉਥੇ ਪਹੁੰਚ ਕੇ ਡੇਰਾ ਕੀਤਾ ਤੇ ਫੇਰ ਸ੍ਰੀ ਦਰਬਾਰ ਸਾਹਿਬ ਜੀ ਗਏ ਤੇ


www.sikhbookclub.com

ਗੁਰਦੁਆਰੇ ਦੀ ਯਾਤ੍ਰਾ ਦਾ ਆਨੰਦ ਲਿਆ। ਪ੍ਰੇਮ ਕੌਰ ਦੇ ਪਿਤਾ ਭਾਈ ਸੋਹਨ ਸਿੰਘ ਜੀ ਪ੍ਰਕਰਮਾ ਕਰ ਰਹੇ ਸਨ ਜੋ ਉਨ੍ਹਾਂ ਨੂੰ ਭਾਈ ਗਜਾਨ ਸਿੰਘ ਜੀ ਮਿਲ ਪਏ, ਜੋ ਦੀਪਮਾਲਾ ਤੋਂ ਬੀ ਢੇਰ ਚਿਰ ਪਹਿਲੋਂ ਦੇ ਆਏ ਅਜੇ ਤਕ ਅੰਮ੍ਰਿਤਸਰ ਹੀ ਟਿਕੇ ਹੋਏ ਸਨ। ਭਾਈ ਸੋਹਨ ਸਿੰਘ ਜੀ ਨੇ ਬੜੇ ਅਦਬ ਨਾਲ ਫਤਹ ਬੁਲਾਈ ਅਰ ਭਾਈ ਗਜਾਨ ਸਿੰਘ ਜੀ ਨੇ ਉਨ੍ਹਾਂ ਨੂੰ ਗਲ ਨਾਲ ਲਾ ਲਿਆ, ਘਰ ਦੀ ਕੁਸ਼ਲ ਆਦਿ ਪੁਛੀ ਤੇ ਮਗਰੋਂ ਪਰਵਾਰ ਵਿਚ ਸਿਖੀ ਦੇ ਪਿਆਰ ਦਾ ਹਾਲ ਪੁਛਿਆ। ਸਭ ਦੇ ਮਗਰੋਂ ਸੋਹਨ ਸਿੰਘ ਹੋਰਾਂ ਸੁੰਦਰ ਸਿੰਘ ਦਾ ਹਾਲ ਦਸਿਆ, ਆਖਿਆ; ਜੋ ਮੈਨੂੰ ਅਰ ਉਸ ਦੀ ਮਾਈ ਦੁਹਾਂ ਨੂੰ ਸ਼ੋਕ ਹੈ ਜੋ ਕਾਕੇ ਦਾ ਸੁਧਾਰ ਕਿਕੂੰ ਹੋਵੇ? ਗੁਰੂ ਜੀ ਦੀ ਬਾਣੀ ਨਹੀਂ ਪੜ੍ਹਦਾ, ਗੁਰੂ ਜੀ ਨਾਲ ਪ੍ਰੇਮ ਨਹੀਂ ਕਰਦਾ ਤੇ ਸਤਿਸੰਗ ਤੋਂ ਦੂਰ ਨੱਸਦਾ ਹੈ। ਪਤਾ ਨਹੀਂ ਕਿਸ ਮੰਦ ਕਰਮਾਂ ਦਾ ਫਲ ਇਹ ਮਿਲਿਆ ਹੈ। ਇਹ ਆਖਦੇ ਇਕ ਸ਼ਬਦ ਮੂੰਹੋਂ ਨਿਕਲਿਆ ਅਰ ਜਿਸ ਦਾ ਜਿਉਂ ਜਿਉਂ ਪਾਠ ਕਰੇ ਸੋਹਨ ਸਿੰਘ ਬਿਹਬਲ ਹੁੰਦਾ ਜਾਵੇ:-

**ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥**
**ਬਿਧਵਾ ਕਸ ਨ ਭਈ ਮਹਤਾਰੀ॥੧॥**
**ਜਿਹ ਨਰ ਰਾਮ ਭਗਤਿ ਨਹਿ ਸਾਧੀ॥**
**ਜਨਮਤ ਕਸ ਨ ਮੁਓ ਅਪਰਾਧੀ॥੧॥ਰਹਾਉ॥**
**ਮੁਚੁ ਮੁਚੁ ਗਰਭ ਗਏ ਕੀ ਨ ਬਚਿਆ॥**
**ਬੁਡਭੁਜ ਰੂਪ ਜੀਵੇ ਜਗ ਮਝਿਆ॥੨॥**
**ਕਹੁ ਕਬੀਰ ਜੈਸੇ ਸੁੰਦਰ ਸਰੂਪ॥**
**ਨਾਮ ਬਿਨਾ ਜੈਸੇ ਕੁਬਜ ਕੁਰੂਪ॥**
(ਗਉੜੀ ਕਬੀਰ ਜੀ-੨੫)

ਭਾਈ ਗਿਆਨ ਸਿੰਘ ਜੀ ਉਸ ਦੀ ਪੀੜ ਨੂੰ ਸਮਝ ਗਏ ਅਰ ਧੀਰਜ ਦੇਂਦੇ ਹੋਏ ਆਖਣ ਲਗੇ: ਭਾਈ ਸਾਹਿਬ ਘਾਬਰਣ ਦੀ ਕੋਈ ਗੱਲ ਨਹੀਂ, ਸਤਿਗੁਰੂ ਆਪਣੇ ਦਾਸਾਂ ਦੀ ਆਪ ਪਤ ਰਖੇਗਾ; ਕਾਕਾ ਕੁਸੰਗ ਵਿਚ ਰਿਹਾ ਹੈ, ਹੁਣ ਸਤਿਸੰਗ ਵਿਚ ਆ ਵਸਿਆ ਹੈ, ਆਪੇ ਠੀਕ ਹੋ ਜਾਵੇਗਾ। ਅਸਲ ਵਿਚ ਉਸ ਦੇ ਵੱਸ ਕੋਈ ਨਹੀਂ। ਤੁਸੀਂ ਆਪ ਉਸ ਨੂੰ ਸਿੱਖੀ

ਨਹੀਂ ਸਿਖਾ ਸਕੇ, ਉਤੋਂ ਉਹ ਕਿਸੇ ਸਿਖਾਂ ਦੇ ਆਸ਼ਰਮ ਵਿਚ ਨਹੀਂ ਪੜ੍ਹਿਆ ਜੋ ਸਿੱਖੀ ਸਿੱਖਦਾ। ਕਾਲਜੋਂ ਵੀ ਕੋਈ ਧਰਮ ਦੀ ਸਿਖਿਆ ਨਹੀਂ ਮਿਲੀ। ਫੇਰ ਦੱਸੋ ਸਤਿਸੰਗ ਤੋਂ ਬਿਨਾਂ ਸਿੱਖੀ ਕਿੱਥੋਂ ਆਵੇ। ਹੁਣ ਉਸ ਨੂੰ ਬੀਬੀ ਦਾ ਸਤਿਸੰਗ ਹੋ ਗਿਆ ਹੈ ਗੁਰੂ ਕਰੇਗਾ ਕਿ ਠੀਕ ਹੋ ਜਾਵੇਗਾ। ਅਸਲ ਵਿਚ ਇਹ ਉਕਾਈ ਹੋ ਗਈ ਹੈ ਜੋ ਵੁਸ ਨੂੰ ਕਿਸੇ ਸਿੱਖ ਆਸ਼ਰਮ ਵਿਚ ਵਿਦਿਆ ਨਹੀਂ ਪੜ੍ਹਾਈ ਗਈ। ਹੁਣ ਮੈਂ ਆਪ ਨੂੰ ਇਹੀ ਆਖਦਾ ਹਾਂ ਜੋ ਨਿਕੇ ਕਾਕੇ ਨੂੰ ਜ਼ਰੂਰ ਸਿੱਖ ਆਸ਼ਰਮ ਵਿਚ ਹੀ ਵਿਦਿਆ ਪੜ੍ਹਨ ਲਈ ਘੱਲਣਾ; ਕ੍ਰਿਪਾ ਕਰਕੇ ਇਸ ਵੇਲੇ ਜ਼ਰਾ ਆਗਿਆ ਦੇਣੀ, ਮੈਂ ਕਿਸੇ ਕੰਮ ਲਈ ਜ਼ਰੂਰੀ ਜਾਣਾ ਹੈ।

ਇੱਨੇ ਨੂੰ ਬੀਬੀ ਪ੍ਰੇਮ ਕੌਰ ਆਣ ਪਹੁੰਚੀ। ਜਦੋਂ ਉਸ ਨੂੰ ਪਤਾ ਲੱਗਾ ਜੋ ਭਾਈ ਗਿਆਨ ਸਿੰਘ ਜੀ ਪਿਤਾ ਜੀ ਨੂੰ ਮਿਲ ਕੇ ਕਿਸੇ ਕੰਮ ਚਲੇ ਗਏ ਹਨ ਤੁਰੰਤ ਆਗਿਆ ਲੈ ਕੇ ਉਹਨਾਂ ਦੇ ਪਿਛੇ ਗਈ। ਭਾਈ ਸਾਹਿਬ ਤਾਂ ਹੁਣ ਚਲੇ ਗਏ ਸਨ, ਪਰ ਪ੍ਰੇਮ ਕੌਰ ਨੂੰ ਇਕ ਬਿਰਧ ਮਾਈ, ਜੋ ਇਸ ਸ਼ਹਿਰ ਦੀ ਪੁਰਾਤਨ ਗੁਰਮੁਖ ਮਾਈ ਸੀ, ਮਿਲ ਪਈ। ਇਹਨਾਂ ਨਾਲ ਬਚਨ ਬਿਲਾਸ ਤੁਰ ਪਏ, ਤਦ ਭਾਈ ਗਿਆਨ ਸਿੰਘ ਜੀ ਦੇ ਨਵੇਂ ਉਪਕਾਰਾਂ ਦੇ ਕਈ ਪ੍ਰਸੰਗ ਸੁਣੇ ਜੋ ਉਨ੍ਹਾਂ ਨੇ ਇਸ ਗੁਰ ਨਗਰੀ ਵਿਚ ਇਹਨੀਂ ਦਿਨੀਂ ਕੀਤੇ ਸਨ।

ਅੱਜ ਰਾਤ ਇਕ ਭਾਰੀ ਸਤਿਸੰਗ ਸੀ, ਪਰ ਇਹ ਇਕ ਸ਼ਹਿਰ ਦੇ ਬੜੇ ਉਜਾੜ ਜਿਹੇ ਮਹੱਲੇ ਵਿਚ ਸੀ। ਇਹਨਾਂ ਪਰਦੇਸੀਆਂ ਨੂੰ ਸ਼ਹਿਰ ਦੇ ਹਾਲਾਂ ਦਾ ਪੂਰਾ ਥਹੁ ਨਹੀਂ ਸੀ। ਬੀਬੀ ਪ੍ਰੇਮ ਕੌਰ ਰਾਤ ਨੂੰ ਜਦ ਪ੍ਰੀਤਮ ਸਿੰਘ ਨੂੰ ਨਾਲ ਲੈ ਕੇ ਟੁਰੀ, ਤਦ ਸੁੰਦਰ ਸਿੰਘ ਦੂਰੋਂ ਦੇਖ ਕੇ ਹੈਰਾਨ ਹੋਇਆ ਕਿ ਭੈਣ ਕਿੱਧਰ ਚੱਲੀ ਹੈ। ਉਹ ਜਾਣਦਾ ਸੀ ਕਿ ਭੈਣ ਨੂੰ ਪਰਉਪਕਾਰ ਦਾ ਬੜਾ ਸ਼ੌਕ ਹੈ, ਹਨੇਰੇ ਸਵੇਰੇ ਦੁਖ ਦੂਰ ਕਰਨ ਜਿਥੇ ਕਿਤੇ ਨਿਰਭੈ ਚਲੀ ਜਾਂਦੀ ਹੈ ਤੇ ਕਈ ਵੇਰ ਦੁਖਾਂ ਦੇ ਸਾਹਮਣੇ ਬੀ ਕਰ ਲੈਂਦੀ ਹੈ। ਇਸ ਲਈ ਉਹ ਬੀ ਵੇਖਣ ਲਈ ਮਲਕੜੇ ਜਿਹੇ ਮਗਰ ਹੋ ਤੁਰਿਆ।

ਰਸਤੇ ਵਿਚ ਜਦ ਉਜਾੜ ਬਜ਼ਾਰ ਆਏ ਤਾਂ ਇਕ ਥਾਂ ਬੀਬੀ ਨੇ ਕੀ ਵੇਖਿਆ ਜੋ ਦੋ ਚੋਰਾਂ ਨੇ ਇਕ ਤ੍ਰੀਮਤ ਨੂੰ ਫੜਿਆ ਹੋਇਆ ਹੈ ਅਰ

ਉਸ ਦੇ ਗਹਿਣੇ ਲਾਹ ਰਹੇ ਹਨ। ਇਸ ਤ੍ਰੀਮਤ ਨੂੰ ਉਹ ਚੋਰ ਧੋਖਾ ਦੇ ਕੇ ਲੈ ਆਏ ਸਨ। ਬੀਬੀ ਨੇ ਵੇਖਦਿਆਂ ਸਾਰ ਲਲਕਾਰ ਕੇ ਕਿਹਾ:- ਓ ਦੁਸ਼ਟੋ! ਕੀ ਪਏ ਕਰਦੇ ਹੋ? ਛੱਡ ਦਿਓ, ਇਸ ਵਿਚਾਰੀ ਨੂੰ ਕਿਉਂ ਫੜਿਆ ਹੈ? ਚੋਰਾਂ ਆਖਿਆ ਇਕ ਸ਼ਿਕਾਰ ਹੋਰ ਲੱਭਾ ਉਹ ਅਗੋਂ ਮਗੋਂ ਇਸ ਨੂੰ ਖਾਣ ਨੂੰ ਪਏ! ਕਾਨੂੰਨ ਸ਼ਸਤਰ ਰੱਖਣ ਦੀ ਆਗਿਆ ਹਰ ਕਿਸੇ ਨੂੰ ਨਹੀਂ ਸੀ ਦਿੰਦਾ ਪਰ ਉਹ ਬੀਬੀ ਰਹਿਤ ਦੀ ਪਿਆਰੀ ਆਪਣੀ ਕ੍ਰਿਪਾਨ ਜ਼ਰੂਰ ਆਪਣੇ ਕੋਲ ਰੱਖਦੀ ਹੁੰਦੀ ਸੀ। ਇਹ ਕ੍ਰਿਪਾਨ ਅਜ ਕਲ ਦੀ ਕੰਘੇ ਵਿਚ ਸਮਾ ਜਾਣ ਵਾਲੀ ਛਿਲਤਰ ਨਹੀਂ ਸੀ; ਪਰ ਨੌਂ ਇੰਚ ਦੀ ਸੁੰਦਰ ਅਸਪਾਤ ਦੀ ਲਿਸ਼ਕਦੀ ਕ੍ਰਿਪਾਨ ਸੀ। ਉਸ ਨੂੰ ਇਹ ਵੀ ਪਤਾ ਸੀ ਜੋ ਆਪਣੇ ਸਰੀਰ ਦੀ ਰੱਖਿਆ ਹਿਤ ਦੋਖੀ ਤੇ ਵਾਰ ਕਿਵੇਂ ਕਰ ਸਕੀਦਾ ਹੈ। ਉਹੋ ਕ੍ਰਿਪਾਨ ਕੱਢ ਕੇ ਨਿਸੰਗ ਹੋ ਖਲੋਤੀ। ਇਕ ਚੋਰ ਤਾਂ ਉਸ ਮਾਈ ਦੇ ਗਹਿਣਿਆਂ ਵਿਚ ਰੁੱਝਾ ਰਿਹਾ ਤੇ ਦੂਸਰੇ ਨੇ ਪ੍ਰੇਮ ਕੌਰ ਤੇ ਵਾਰ ਕੀਤਾ, ਪਰ ਅਗੇ ਕ੍ਰਿਪਾਨ ਧਾਰੀ ਸਿੰਘਣੀ ਤੇ ਭੁਜੰਗੀ ਖੜੇ ਸਨ। ਇਹਨਾਂ ਦੇ ਮਿਲਵੇਂ ਵਾਰ ਨੇ ਇਸ ਨੂੰ ਜ਼ਖਮੀ ਕਰਕੇ ਭੁਇੰ ਪਟਕਿਆ ਤੇ ਹੁਣ ਭੈਣ ਭਰਾ ਵੁਸ ਤ੍ਰੀਮਤ ਦੀ ਮਦਦ ਨੂੰ ਵਧੇ! ਸੁੰਦਰ ਸਿੰਘ ਜੋ ਮਗਰ ਮਗਰ ਸਲਕੜੇ ਆ ਰਿਹਾ ਸੀ, ਇਸ ਕੌਤਕ ਨੂੰ ਵੇਖ ਕੇ ਭੈਣ ਦੀ ਸਹਾਇਤਾ ਲਈ ਨੱਠਾ, ਪਰ ਤਿਲਕ ਜਾਣ ਕਰਕੇ ਢਹਿ ਪਿਆ। ਛੇਤੀ ਨਾਲ ਆਪ ਨੂੰ ਸੰਭਾਲ ਕੇ ਫੇਰ ਉਠਿਆ, ਅਰ ਲਲਕਾਰ ਕੇ ਬੋਲਿਆ। ਇਸ ਦੀ ਅਵਾਜ਼ ਅਰ ਦੋ ਜਣਿਆਂ ਦਾ ਆ ਪਹੁੰਚਣਾ ਦੂਸਰੇ ਚੋਰ ਨੂੰ ਹੈਰਾਨ ਕਰ ਗਿਆ। ਹੁਣ ਉਸ ਨੂੰ ਭੱਜਣ ਤੋਂ ਛੁਟ ਹੋਰ ਕੋਈ ਰਾਹ ਨਹੀਂ ਸੀ, ਸੋ ਉਹ ਦੋਵੇਂ ਮਾਨੋਂ ਪੈਰ ਸਿਰ ਤੇ ਰੱਖ ਕੇ ਪਿਛਲੇ ਪਾਸੇ ਨੱਠ ਗਿਆ।

ਹੁਣ ਬੀਬੀ ਪ੍ਰੇਮ ਕੌਰ ਨੇ ਅਗੇ ਜਾਣ ਨਾਲੋਂ ਉਸ ਤ੍ਰੀਮਤ ਨੂੰ ਉਸ ਦੇ ਘਰ ਪਹੁੰਚਾਉਣਾ ਜ਼ਰੂਰੀ ਸਮਝਿਆ ਅਰ ਭੈਣ ਭਰਾ ਉਸ ਤ੍ਰੀਮਤ ਨੂੰ ਲੈ ਕੇ ਮੁੜ ਚੱਲੇ ਸੀ ਪਰ ਸੁੰਦਰ ਸਿੰਘ ਨੂੰ ਵੇਖ ਕੇ ਹੈਰਾਨ ਹੋਏ। ਇਹ ਹੈਰਾਨੀ ਕੁਝ ਐਸੀ ਨਹੀਂ ਸੀ ਕਿਉਂਕਿ ਦੋਹਾਂ ਧਿਰਾਂ ਨੂੰ ਇਕ ਦੂਜੇ ਦੇ ਮਤਲਬ ਦੀ ਝੱਟ ਪਟ ਸੋਝੀ ਪੈ ਗਈ ਸੀ। ਭਰਾ ਭੈਣ ਦਾ ਕਰਤਬ ਵੇਖ ਕੇ ਹੈਰਾਨ ਹੋ ਗਿਆ ਸੀ ਪਰ ਭੈਣ ਨੇ ਦੱਸਿਆ ਜੋ ਗੁਰੂ ਦਾ ਹੁਕਮ ਜਾਣ ਕੇ ਮੈਂ ਇਹ ਕੀਤਾ ਹੈ ਅਰ ਗੁਰੂ ਨੇ ਹੀ ਮੇਰੀ ਸਹਾਇਤਾ ਕੀਤੀ

 www.sikhbookclub.com

ਹੈ। ਬੀਬੀ ਨੇ ਫੇਰ ਭਰਾ ਨੂੰ ਸਮਝਾਇਆ ਜੋ ਗੁਰੂ ਦੇ ਸਿਖ ਸਦਾ ਵਾਹਿਗੁਰੂ ਨੂੰ ਅੰਗ ਸੰਗ ਸਮਝ ਕੇ ਨਿਰਭੈ ਰਹਿੰਦੇ ਹਨ ਅਰ ਇਸੇ ਦੇ ਆਸਰੇ ਪਿਛਲੇ ਸਮੇਂ ਵਿਚ ਉਹਨਾਂ ਉਹ ਉਹ ਬੀਰਤਾ ਦੇ ਕੰਮ ਕੀਤੇ ਜਿਨ੍ਹਾਂ ਦੀ ਮਿਸਾਲ ਸੰਸਾਰ ਤੇ ਨਹੀਂ ਲੱਭਦੀ। ਇਹ ਵੀਰ ਜੀ! ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਸਿੱਖੀ ਦਾ ਹੀ ਪ੍ਰਤਾਪ ਸੀ ਜੋ ਹਰ ਇਕ ਸਿਖ ਕਥਨੀ ਕਰਨੀ ਦਾ ਸੂਰਾ ਹੁੰਦਾ ਸੀ ਅਰ ਨਿਰਭੈ ਹੋ ਕੇ ਪਰਮ ਹਿਤ ਯੁੱਧ ਕਰਦਾ ਸੀ। ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਦਾ ਹੀ ਪ੍ਰਤਾਪ ਸੀ ਜੋ ਸਿਖਾਂ ਨੇ ਦੇਸ ਦਾ ਛੁਟਕਾਰਾ ਜ਼ਾਲਮਾਂ ਕੋਲੋਂ ਜਾਨਾਂ ਦੇ ਦੇ ਕੇ ਕਰਵਾਇਆ ਅਰ ਸੱਚੇ ਦੇਸ਼ ਹਿਤੈਸ਼ੀ ਬਣੇ।

ਸੁੰਦਰ ਸਿੰਘ ਸਾਹਮਣੇ ਮਿਸਾਲ ਵੇਖ ਚੁੱਕਾ ਸੀ, ਉਸ ਦੇ ਦਿਲ ਤੇ ਸਿੱਖੀ ਦੀ ਵਡਿਆਈ ਅਰ ਇਜ਼ਤ ਨੇ ਕਬਜ਼ਾ ਪਾ ਲਿਆ। ਜਿਸ ਸਿੱਖੀ ਨੂੰ ਉਹ ਵਿਅਰਥ ਜਿਹੀ ਚੀਜ਼ ਸਮਝਦਾ ਸੀ, ਹੁਣ ਪਤਾ ਲੱਗਾ ਜੋ ਉਹ ਕੀ ਕੀ ਕਰਾ ਸਕਦੀ ਹੈ। ਅਸਲ ਵਿਚ ਤਾਂ ਉਸ ਦਾ ਮਨ ਹੁਣ ਜਿੱਤਿਆ ਗਿਆ ਸੀ ਪਰ ਅਜੇ ਜਿੱਤ ਨੂੰ ਪੂਰਨ ਕਰਨ ਦੀ ਲੋੜ ਬਾਕੀ ਸੀ।

ਚਾਅ ਵਿਚ ਆ ਕੇ ਭੈਣ ਤੋਂ ਹੋਰ ਗੱਲਾਂ ਪੁਛਣ ਲੱਗਾ ਅਰ ਇਸ ਤਰ੍ਹਾਂ ਗੱਲਾਂ ਬਾਤਾਂ ਹੁੰਦਿਆਂ ਘਰ ਪਹੁੰਚ ਗਏ ਅਰ ਆ ਕੇ ਸੌਂ ਰਹੇ।

ਅਗਲੇ ਦਿਨ ਪ੍ਰਸ਼ਾਦ ਛਕ ਕੇ ਬੀਬੀ ਸੁੰਦਰ ਸਿੰਘ ਨੂੰ ਨਾਲ ਲੈ ਕੇ ਉਸ ਨੂੰ ਭਾਈ ਗਿਆਨ ਸਿੰਘ ਜੀ ਦੇ ਪਰਉਪਕਾਰ ਦੀ ਕੁਝ ਝਲਕ ਵਿਖਾਉਣ ਲੈ ਚੱਲੀ। ਸਭ ਤੋਂ ਪਹਿਲਾਂ ਇਕ ਵਿਧਵਾ ਵਿਖਾਈ ਅਰ ਉਸ ਤੋਂ ਉਸ ਦਾ ਹਾਲ ਪੁੱਛਿਆ। ਉਸ ਨੇ ਦੱਸਿਆ ਜੋ ਕਿਸ ਤਰ੍ਹਾਂ ਉਸ ਦੇ ਪਤੀ ਜੀ ਚਲਾਣਾ ਕਰ ਗਏ ਸਨ ਤੇ ਉਸਨੂੰ ਸਹੁਰਿਓਂ ਸੱਸ ਨੇ ਮਿਹਣੇ ਦੇ ਦੇ ਕੇ ਕੱਢ ਦਿੱਤਾ ਸੀ। ਪੇਕੇ ਆਕੇ ਸਿਰ ਲੁਕਾਯਾ ਤਾਂ ਪਿਤਾ ਜੀ ਥੋੜੇ ਦਿਨਾਂ ਮਗਰੋਂ ਚਲਾਣਾ ਕਰ ਗਏ ਤੇ ਮਗਰੋਂ ਭਰਾ ਨੇ ਭਰਜਾਈ ਦੇ ਚੁਕਿਆਂ ਚੁਕਾਯਾਂ ਘਰੋਂ ਕੱਢ ਦਿੱਤਾ। ਵਿਚਾਰੀ ਇਹ ਬਿਪਤਾ ਦੱਸਦੀ ਰੋ ਪਈ ਤੇ ਬੋਲੀ ਫੇਰ ਦੋ ਦਿਨ ਭੁਖਿਆਂ ਹੀ ਕੱਟੇ, ਮੰਗਣ ਜੋਗੀ ਨਾ, ਤੇ ਪੈਸੇ ਬੀ ਪੱਲੇ ਨਾਹ; ਭਲੇ ਨੂੰ ਰੁਤ ਗੁਲਾਬੀ ਸੀ ਜੇ ਸਿਆਲ ਹੁੰਦਾ ਤਾਂ ਪ੍ਰਕਰਮਾਂ ਵਿਚ ਸੁਤੀ ਪਾਲੇ ਨਾਲ ਆਕੜ ਕੇ ਹੀ ਮਰ ਜਾਂਦੀ। ਫੇਰ ਭਾਈ ਸਾਹਿਬ ਨੂੰ ਅਸੀਸਾਂ ਦੇ ਕੇ ਬੋਲੀ; ਭਲਾ ਹੋਵੇ ਓਨ੍ਹਾਂ ਦਾ ਜਿਨ੍ਹਾਂ ਨੇ ਇਹ

ਘਰ ਭਾੜੇ ਲੈ ਦਿਤਾ, ਵਿਧਵਾ ਆਸ਼੍ਰਮ ਵਿਚ ਦਾਖਲ ਕਰਾ ਦਿਤਾ ਅਰ ਸਤਿਸੰਗ ਵਿਚ ਪਾਕੇ ਸ਼ਾਂਤ ਕਰ ਦਿਤਾ ਤੇ ਇੰਵ ਮੈਨੂੰ ਮਰਦੀ ਨੂੰ ਬਚਾ ਲਿਆ। ਸੁੰਦਰ ਸਿੰਘ ਇਹ ਹਾਲ ਸੁਣਕੇ ਵਡਾ ਹੈਰਾਨ ਹੋਇਆ, ਅਰ ਸਿਖੀ ਦੀ ਵਡਿਆਈ ਉਸ ਦੇ ਮਨ ਵਿਚ ਘਰ ਕਰ ਗਈ। ਫੇਰ ਪ੍ਰੇਮ ਕੌਰ ਨੇ ਉਸ ਨੂੰ ਸੱਤ ਅਠ ਵਰ੍ਹੇ ਦੇ ਬਾਲ ਦਿਖਾਏ। ਇਹਨਾਂ ਯਤੀਮਾਂ ਨੂੰ ਭੁੱਖ ਹੋਟੇ ਮਰਦਿਆਂ ਭਾਈ ਸਾਹਿਬ ਮਾਰਵਾੜ ਵਲੋਂ ਲੈ ਆਏ ਸਨ ਅਰ ਪੜ੍ਹਾਉਣਾ ਸ਼ੁਰੂ ਕੀਤਾ ਹੋਇਆ ਸੀ। ਸੁੰਦਰ ਸਿੰਘ ਇਹ ਗਲ ਸੁਣ ਕੇ ਚਕ੍ਰਿਤ ਰਹਿ ਗਿਆ ਜੋ ਇਕ ਸਾਲ ਭਾਈ ਸਾਹਿਬ ਨੇ ਉਨ੍ਹਾਂ ਨੂੰ ਤੀਜੀ ਜਮਾਤ ਤੋਂ ਵਧ ਤਕ ਪੜ੍ਹਾਈ ਕਰਾ ਦਿੱਤੀ ਸੀ ਅਰ ਓਹ ਬੱਚੇ ਨਚਿੰਤ, ਅਰੋਗ, ਤਕੜੇ, ਖਿੜੇ ਹੋਏ ਮੁਖੜਿਆਂ ਵਾਲੇ ਮਨ ਅਰ ਦੂਹਾਂ ਤੋਂ ਇਕ ਸ਼ਬਦ ਸੁਣਿਆਂ। ਉਨ੍ਹਾਂ ਨੇ ਅਜੇਹੀ ਸੁਰ ਨਾਲ ਸ਼ਬਦ ਪੜ੍ਹਿਆ ਜੋ ਪੜ੍ਹਨ ਅਰ ਸੁਣਨ ਵਾਲੇ ਸਾਰੇ ਹੀ ਮਸਤ ਹੋ ਗਏ। ਹੁਣ ਭਾਈ ਸਾਹਿਬ ਇਨ੍ਹਾਂ ਬਾਲਕਿਆਂ ਨੂੰ ਪੰਥ ਦੇ ਵਡੇ ਯਤੀਮ ਖਾਨੇ ਵਿਚ ਦਾਖਲ ਕਰਨੇ ਲਈ ਲਿਆਏ ਹੋਏ ਸਨ। ਇਸ ਤੋਂ ਪਿਛੋਂ ਪ੍ਰੇਮ ਕੌਰ ਹੋਰ ਕਈ ਥਾਂ ਭਰਾ ਨੂੰ ਲੈ ਗਈ ਅਰ ਉਥੇ ਓਸ ਨੇ ਕਈ ਇਸਤ੍ਰੀ ਪੁਰਖ ਦੱਸੇ ਜੋ ਉਪਕਾਰ ਦੇ ਪਾਤ੍ਰ ਬਣੇ ਸਨ; ਉਨ੍ਹਾਂ ਦੀਆਂ ਵਾਰਤਾਂ ਤੋਂ ਪਤਾ ਲਗਦਾ ਸੀ ਜੋ ਭਾਈ ਸਾਹਿਬ ਕਿਸ ਤਰ੍ਹਾਂ ਦੇ ਪਰਉਪਕਾਰੀ, ਦੁਖੀਆਂ ਦੇ ਦਰਦੀ ਤੇ ਮਨੁਖ ਮਾਤ੍ਰ ਨਾਲ ਪਿਆਰ ਕਰਨ ਵਾਲੇ ਹਨ। ਇਸਤੋਂ ਵੀ ਵਧ ਕੇ ਓਹ ਹੈਰਾਨ ਹੋਯਾ ਜੋ ਕਿਸ ਤਰ੍ਹਾਂ ਨਾਲ ਉਨ੍ਹਾਂ ਦੇ ਉਪਦੇਸ਼ਾਂ ਨੇ ਅਨੇਕਾਂ ਦੇ ਮਨ ਜਿੱਤੇ ਅਰ ਸਿਖ ਬਣਾਯਾ ਸੀ। ਹੁਣ ਉਸਦੇ ਮਨ ਵਿਚ ਭਾਈ ਸਾਹਿਬ ਦੇ ਦਰਸ਼ਨ ਦੀ ਇੱਛਾ ਪੈਦਾ ਹੋਈ! ਅਗਲੇ ਦਿਨ ਉਸਨੂੰ ਸਾਰੇ ਪਰਵਾਰ ਸਮੇਤ ਤੜਕੇ ਤਿੰਨ ਬਜੇ ਸ੍ਰੀ ਹਰਿ ਮੰਦਰ ਜੀ ਲੈ ਗਏ। ਉਥੋਂ ਦੀ ਦੈਵੀ ਦਸ਼ਾ ਨੇ ਉਸਦੇ ਮਨ ਤੇ ਅਜੀਬ ਅਸਰ ਕੀਤਾ ਅਰ ਆਸਾ ਦੀ ਵਾਰ ਦੇ ਕੀਰਤਨ ਦੀ ਇੱਕ ਇਕ ਤੁਕ ਨੇ ਉਸ ਦੇ ਮਨ ਨੂੰ ਵਿੰਨ੍ਹਣਾ ਆਰੰਭ ਕੀਤਾ। ਹੁਣ ਉਹ ਸੁੰਦਰ ਸਿੰਘ ਨਹੀਂ ਸੀ ਜੋ ਕੁਤਰਕ ਦ੍ਰਿਸ਼ਟੀ ਨਾਲ ਹਰ ਇਕ ਗਲ ਨੂੰ ਵੇਖਦਾ। ਉਸ ਦਾ ਦਿਲ ਸਿੱਖੀ ਦੀ ਭਾਲ ਵਿਚ ਸੀ ਅਰ ਬਾਹਰ ਦੀ ਥਾਂ ਆਪਣੇ ਅੰਦਰ ਔਗੁਣ ਵੇਖ ਰਿਹਾ ਸੀ। ਮੁੜਦੇ ਹੋਏ ਪ੍ਰੇਮ ਕੌਰ, ਸੁੰਦਰ ਸਿੰਘ ਤੇ ਪ੍ਰੀਤਮ ਸਿੰਘ ਗੱਲਾਂ ਕਰਨ ਲਗ ਪਏ। ਬੀਬੀ ਨੇ ਆਖਿਆ

ਧੰਨ ਗੁਰੂ ਹੈ ਜਿਨ ਜਗਤ ਨੂੰ ਜੀਅਦਾਨ ਦਿੱਤਾ ਅਰ ਨਾਮ ਦੀ ਦਾਤ ਬਖਸ਼ੀ। ਪ੍ਰੀਤਮ ਸਿੰਘ ਬੋਲਿਆ: ਸਤਿਗੁਰਾਂ ਦੀ ਮਹਿਮਾ ਕੀ ਕੀ ਕਹੀਏ, ਬਲਿਹਾਰ ਜਾਈਏ ਸਤਿਗੁਰਾਂ ਦੇ ਜਿਨ੍ਹਾਂ ਦੇਸ਼ ਨੂੰ ਰੱਖ ਲਿਆ। ਕਿਥੇ ਅਸੀਂ ਡੁਬੇ ਹੋਏ ਭਰਮਾਂ ਵਿਚ ਪਏ ਮਰਦੇ ਸਾਂ ਤੇ ਕਿਥੇ ਸਭ ਨੂੰ ਅਕਾਲ ਪੁਰਖ ਦੇ ਉਪਾਸ਼ਕ ਬਣਾ ਦਿੱਤਾ! ਭਾਈਚਾਰਕ ਸੁਧਾਰ ਵੱਲ ਦੇਖੋ ਤਾਂ ਗੁਰੂ ਜੀ ਦੀ ਕਿਰਪਾ ਨੇ ਹੀ ਪੰਜਾਬ ਵਿਚੋਂ ਜਾਤ-ਪਾਤ ਤੇ ਛੂਤ ਛਾਤ ਦੇ ਭਰਮ ਅਜੇਹੇ ਦੂਰ ਕੀਤੇ ਹਨ ਜੋ ਸੌ ਵਰ੍ਹਿਆਂ ਦੀ ਅੰਗ੍ਰੇਜ਼ੀ ਤਾਲੀਮ ਮਦਰਾਸ ਅਰ ਬੰਗਾਲ ਵਿਚੋਂ ਅਜੇ ਤੱਕ ਨਹੀਂ ਕੱਢ ਸਕੀ। ਵੇਖੋ ਇਸਤ੍ਰੀਆਂ ਦੀ ਦਸ਼ਾ, ਪੰਜਾਬ ਵਿਚ ਆਪ ਤੋਂ ਆਪ ਗੁਰੂ ਜੀ ਦੀ ਕਿਰਪਾ ਨਾਲ ਉੱਚੀ ਹੁੰਦੀ ਜਾਂਦੀ ਹੈ।

ਫੇਰ ਦੇਖੋ ਸਤਿਗੁਰਾਂ ਨੇ ਵਿਗਜਾਨ ਅਰ ਭਗਤੀ ਦਾ ਕੀ ਅਚਰਜ ਮੇਲ ਕੀਤਾ ਹੈ। ਰਾਜ ਜੋਗ ਦੇ ਮਾਣਨ ਵਾਲੇ ਸਤਿਗੁਰੂ ਨਾਨਕ ਨੇ ਵੇਖੋ ਸਾਨੂੰ ਰਾਜ ਜੋਗ ਦੀ ਕੀ ਅਮੋਲਕ ਦਾਤ ਬਖਸ਼ੀ ਹੈ। ਦੇਸ਼ ਦਾ ਜ਼ਾਲਮਾਂ ਦੇ ਹੱਥਾਂ ਤੋਂ ਛੁੱਟਣਾਂ ਸੱਚੀ ਦੇਸ਼ ਸੇਵਕ ਸਿੱਖਾਂ ਦੀ ਕੌਮ ਸਦਕਾ ਹੀ ਹੈ ਅਰ ਇਹ ਸਾਰਾ ਕੰਮ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਹੈ। ਇਹ ਸਾਰੀਆਂ ਗੱਲਾਂ ਅੱਜ ਸੁੰਦਰ ਸਿੰਘ ਤੇ ਅਜਬ ਅਸਰ ਕਰ ਰਹੀਆਂ ਸਨ ਅਰ ਉਹ ਸਿੱਖੀ ਦੇ ਗੁਣ ਸੁਣ ਸੁਣ ਕੇ ਮੋਹਿਤ ਹੋ ਰਿਹਾ ਸੀ, ਘਰ ਪਹੁੰਚ ਕੇ ਸਮਾਂ ਪਾ ਕੇ ਪ੍ਰੇਮ ਕੌਰ, ਓਹ ਗੱਲਾਂ ਜੋ ਪ੍ਰੀਤਮ ਸਿੰਘ ਨੂੰ ਮਿਲਣ ਜਾਂਦਿਆਂ ਸ਼ਾਮ ਅਰ ਤਾਰੇ ਤੋਂ ਸੁਣੀਆਂ ਸਨ, ਸਭ ਸੁਣਾ ਦਿਤੀਆਂ। ਜਿਨ੍ਹਾਂ ਨੂੰ ਸੁਣ ਕੇ ਸੁੰਦਰ ਸਿੰਘ ਦੀਆਂ ਅੱਖਾਂ ਖੁਲ੍ਹ ਗਈਆਂ ਅਰ ਉਸਨੂੰ ਓਹਨਾਂ ਤੇ ਰੋਹ ਆਯਾ ਜੋ ਬੇਈਮਾਨ ਮੈਨੂੰ ਪਤਿਤ ਕਰਕੇ ਪਿਤਾ ਜੀ ਤੋਂ ਵੀ ਤੋੜਨਾਂ ਚਾਹੁੰਦੇ ਹਨ। ਇਸ ਚੋਟ ਨੇ ਉਸ ਨੂੰ ਝੂਠੇ ਮਿਤ੍ਰਾਂ ਦੀ ਕਰਤੂਤ ਖੋਲ੍ਹ ਦਿੱਤੀ। ਕੱਲਿਆਂ ਜਾਕੇ ਬੜਾ ਚਿਰ ਸੋਚਦਾ ਰਿਹਾ ਅਰ ਹੁਣ ਪਛੁਤਾਵੇ ਨੇ ਆ ਡੇਰਾ ਜਮਾਯਾ ਹੈ। ਹੈਂ! ਮੈਂ ਕਿਨ੍ਹਾਂ ਨੂੰ ਮਿਤ੍ਰ ਸਮਝਦਾ ਰਿਹਾ ਜੋ ਅਜੇਹੇ ਨੀਚ ਹਨ। ਹਾਇ! ਉਨ੍ਹਾਂ ਦੇ ਆਖੇ ਲਗ ਕੇ ਮੈਂ ਪਿਤਾ ਜੀ ਦੀ ਅਵੱਗਯਾ ਕੀਤੀ, ਮੇਰੇ ਜਿਹਾ ਪਾਪੀ ਕੌਣ ਹੈ? ਫੇਰ ਮੈਂ ਭਾਈ ਗਜਾਨ ਸਿੰਘ ਜੀ ਨੂੰ ਮਖ਼ੌਲ ਕੀਤੇ, ਹਾਂ! ਹੁਣ ਮੈਨੂੰ ਕਿਤੇ ਢੋਈ ਨਹੀਂ। ਇਹ ਸੁਣਦਿਆਂ ਸਾਰ ਹੀ ਉਸਨੂੰ ਸੁਖਮਨੀ ਸਾਹਿਬ ਦੀਆਂ ਇਹ ਦੋ ਤੁਕਾਂ ਚੇਤੇ ਆ ਗਈਆਂ

 www.sikhbookclub.com

ਅਰ ਉਹ ਕੰਬ ਉਠਿਆ:-

**ਸੰਤ ਕਾ ਨਿੰਦਕੁ ਮਹਾ ਹਤਿਆਰਾ॥**
**ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ॥**

ਸਚਮੁਚ ਮੈਂ ਪਰਮੇਸਰ ਮਾਰਿਆ ਹਾਂ, ਹੁਣ ਮੈਨੂੰ ਕਿਤੇ ਢੋਈ ਨਹੀਂ; ਪਰ ਹੁਣ ਉਸ ਦੇ ਮੂੰਹੋਂ ਨਿਕਲ ਗਿਆ 'ਨਾਨਕ ਸੰਤ ਭਾਵੈ ਤਾ ਉਸਕਾ ਭੀ ਹੋਇ ਮੋਖੁ"। ਕੁਝ ਆਸ ਦਾ ਰੰਗ ਪਲਟਿਆ, ਇਸੇ ਤਰ੍ਹਾਂ ਚਿਰ ਤਕ ਹੁੰਦਾ ਰਿਹਾ; ਫੇਰ ਮੂੰਹੋਂ ਕਦੇ ਕੋਈ ਤੁਕ ਅਰ ਕਦੇ ਕਿਸੇ ਕਵੀ ਦੀ ਰਚਿਤ ਕੋਈ ਬੇਨਤੀ ਦਾ ਲੇਖ ਮੂੰਹੋਂ ਪੜ੍ਹਦਾ ਅਰ ਬਿਹਬਲ ਹੋ ਹੋ ਜਾਂਦਾ। ਥੋੜੇ ਚਿਰ ਮਗਰੋਂ ਮੂੰਹੋਂ ਇਹ ਗੀਤ ਨਿਕਲਿਆ:-

**ਮੈਂ ਨੀਚ ਭਾਰਾ, ਅਧਮ ਪਾਪੀ, ਗੁਰੋ ਬੇਮੁਖ ਹੋਇਆ!**
**ਫਸਿਆ ਕੁਸੰਗਤ ਵਿੱਚ ਹਾਂ, ਨਿਜ ਜਨਮ ਬਿਰਥਾ ਖੋਇਆ।**
**ਹਾਂ! ਭੁਲਿਆ ਮੈਂ ਧਰਮ ਨੂੰ, ਤੇ ਪਾਪ ਮੈਨੂੰ ਗ੍ਰਸ ਲਿਆ।**
**ਮੂੰਹ ਗੁਰੂ ਜੀ ਤੋਂ ਫੇਰਿਆ ਹੁਣ ਵਿਚ ਕਲੇਸ਼ਾਂ ਫਸ ਗਿਆ।**
**ਮੈਂ ਗੁਰੂ ਧ੍ਰੋਹੀ, ਸੰਤ ਦੋਖੀ, ਪਿਤਾ ਦਾ ਤ੍ਰਿਸਕਾਰੀ ਹਾਂ।**
**ਮੈਂ ਕਰੀ ਮਾਤਾ ਦੀ ਅਵੱਗਜਾ, ਹੋਯਾ ਪਾਪੀ ਭਾਰੀ ਹਾਂ।**
**ਮੈਂ ਰੁੱਖ ਅੰਮ੍ਰਿਤ ਕਟਿਆ, ਵਿਹੁ ਜਾਣ ਮਿੱਠਾ ਖਾਇਆ,**
**ਉਹ ਜ਼ਹਿਰ ਸਾਰੇ ਪਸਰਿਆ, ਤਨ ਰੋਗ ਭਾਰਾ ਲਾਇਆ।**
**ਜੋ ਮੀਤ ਸੇ ਮੈਂ ਗਿਣੇ ਵੈਰੀ, ਪਿਠ ਉਨ੍ਹਾਂ ਵੱਲ ਹੈ ਕਰੀ।**
**ਤੇ ਜਾਣ ਮਿੱਤਰ ਵੈਰੀਆਂ ਮਨ, ਪ੍ਰੀਤ ਉਹਨਾਂ ਦੀ ਧਰੀ।**
**ਇਉਂ ਕੱਟ ਹੱਥੀਂ ਰੁੱਖ ਸੁਖ ਦਾ ਬਾਗ਼ ਦੁਖ ਦਾ ਲਾਇਆ।**
**ਫਲ ਲਗੇ ਦੇਣੇ ਦੁੱਖ ਹਨ, ਡੇਰਾ ਦੁਖਾਂ ਨੇ ਪਾਇਆ।**
**ਹੁਣ ਆਪ ਕੀਤਾ ਆਪ ਭੋਗਾਂ ਕੌਣ ਮੱਦਤ ਆ ਕਰੇ।**
**ਹਾ ਕੌਣ ਆਪੇ ਫਾਥੜੀ ਦੇ ਆਣ ਕੇ ਬੰਧਨ ਹਰੇ?**
**ਮੈਂ ਆਪ ਦੀਵਾ ਹੱਥ ਲੈ ਕੇ ਵਿਚ ਖੂਹ ਜਾ ਪਾਇਆ।**
**ਹੁਣ ਕੌਣ ਕੱਢੇ ਹਾਇ! ਮੈਂ, ਹਰ ਪਾਸਿਓਂ ਘਬਰਾਇਆ।**
**ਹੁਣ ਸਮਝ ਆਈ ਭੁੱਲ ਅਪਣੀ, ਬੀਜ ਮੰਦਾ ਬੋ ਲਿਆ।**
**ਤੇ ਸੁਭਾਗਾਂ ਅਪਣਿਆਂ ਨੂੰ ਖੋ ਲਿਆ ਮੈਂ ਖੋ ਲਿਆ।**


www.sikhbookclub.com

ਜੋ ਆਪ ਲਾਈ ਅੱਗ ਅੰਦਰ, ਆਪ ਉਸ ਵਿਚ ਹੁਣ ਸੜਾਂ।
ਨਾ ਹੋਰ ਕੋਈ ਔਖਧੀ, ਇਕ ਅੱਗ ਦੇ ਵਿਚ ਜਲ ਮਰਾਂ।
ਏ ਦੁੱਖ ਭਾਰਾ, ਜਲਨ ਡਾਢੀ, ਪੀੜ ਨਾ ਜਾਂਦੀ ਸਹੀ।
ਨਾ ਹਟੇ ਦੁਖ, ਨਾ ਜਾਨ ਨਿਕਲੇ, ਜਿੰਦੜੀ ਟੁਟ ਹੈ ਰਹੀ।
ਹੈ ਤਰਸ ਵਾਲਾ ਕੋਈ ਪਜਾਰਾ, ਬਾਹੁੜੀ ਜੋ ਆ ਕਰੇ।
ਆਏ ਕੋਈ ਗੁਰੁ ਪਜਾਰੂਆ ਜੋ ਇਸ ਸਮੇਂ ਆ ਪੁੱਕਰੇ।
ਕੋਈ ਲੈ ਚਲੇ ਗੁਰਦੁਆਰੇ ਗੁਰੂ ਤੋਂ ਬਖ਼ਸ਼ਾ ਦਏ।
ਤਨ ਜਿੰਦ ਮਨ ਤੇ ਸੀਸ ਲੇਵੇ ਗੁਰੂ ਚਰਨੀ ਲਾ ਲਏ।
ਤਜ ਮਾਨ ਉਸ ਹੱਥੀਂ ਵਿਕਾਂ, ਤੇ ਜੋ ਕਹੇ ਸੋਈਓ ਕਰਾਂ।
ਕੀਤੀ ਨ ਭੁੱਲਾਂ ਓਸ ਦੀ, ਗੋਲਾ ਸਦਾ ਮੈਂ ਹੋ ਰਹਾਂ।

ਗਾ ਰਿਹਾ ਸੀ ਅਰ ਅੱਖਾਂ ਤੋਂ ਜਲ ਵਗ ਰਿਹਾ ਸੀ। ਫੇਰ ਮੱਥਾ ਟੇਕਿਆ ਅਰ ਮੂੰਹੋਂ ਨਿਕਲਿਆ:-

ਕਾਚੀ ਦੇਹ ਮੋਹ ਫੁਨਿ ਬਾਂਧੀ ਸਠ ਕਠੋਰ ਕੁਚੀਲ ਕੁਗਿਆਨੀ॥
ਧਾਵਤ ਭ੍ਰਮਤ ਰਹਨੁ ਨਹੀ ਪਾਵਤ ਪਾਰ ਬ੍ਰਹਮ ਕੀ ਗਤਿ ਨਹੀ ਜਾਨੀ॥
ਜੋਬਨ ਰੂਪ ਮਾਇਆ ਮਦ ਮਾਤਾ ਬਿਚਰਤ ਬਿਕਲ ਬਡੌ ਅਭਿਮਾਨੀ॥
ਪਰ ਧਨ ਪਰ ਅਪਵਾਦ ਨਾਰਿ ਨਿੰਦਾ ਯਹ ਮੀਠੀ ਜੀਅ ਮਾਹਿ ਹਿਤਾਨੀ॥
ਬਲਬੰਚ ਛਪਿ ਕਰਤ ਉਪਾਵਾ ਪੇਖਤ ਸੁਨਤ ਪ੍ਰਭ ਅੰਤਰਜਾਮੀ॥
ਸੀਲ ਧਰਮ ਦਯਾ ਸੁਚ ਨਾਸਿਤ ਆਇਓ ਸਰਨਿ ਜੀਅ ਕੇ ਦਾਨੀ॥
ਕਾਰਣ ਕਰਣ ਸਮਰਥ ਸਿਰੀਧਰ ਰਾਖਿ ਲੇਹੁ ਨਾਨਕ ਕੇ ਸੁਆਮੀ॥
(ਸਵ: ਸ੍ਰੀ ਮੁਖ ਮ: ੫)

ਇਸ ਦਾ ਭੋਗ ਪਿਆ ਹੀ ਸੀ ਜੋ ਬੂਹਾ ਖੋਲ੍ਹ ਕੇ ਭਾਈ ਗਿਆਨ ਸਿੰਘ ਜੀ, ਜੋ ਕੁਝ ਚਿਰ ਤੋਂ ਇਹ ਵਿਰਲਾਪ ਸੁਣ ਰਹੇ ਸਨ, ਅੰਦਰ ਆਣ ਪਹੁੰਚੇ ਅਰ ਭਾਈ ਸਾਹਿਬ ਨੇ ਚੁਕ ਕੇ ਸੁੰਦਰ ਸਿੰਘ ਨੂੰ ਗਲ ਨਾਲ ਲਾ ਲਿਆ ਅਰ ਪਿਆਰ ਦੇ ਕੇ ਕਿਹਾ:-

ਮੈਂ ਤੈਨੂੰ ਕਦ ਆਖਿਆ ਸਾਕਤ ਕੇ ਸੰਗ ਬਹੁ।
ਨਦੀ ਵਹੰਦੜੀ ਡੁਬ ਮਰ ਸਾਕਤ ਸੰਗ ਨ ਰਹੁ।

ਕਾਕਾ ਜੀ! ਹੁਣ ਗੁਰੂ ਦੀ ਕ੍ਰਿਪਾ ਹੋ ਗਈ, ਆਪ ਕੁਸੰਗਤ ਵਿਚ ਪੈ ਕੇ ਗੁਰੂ ਜੀ ਤੋਂ ਮੁਖ ਮੋੜਨ ਲਗੇ ਸਾਓ ਪਰ ਗੁਰੂ ਨੇ ਹੱਥ ਦੇ ਕੇ ਬਖਸ਼ ਲਿਆ; ਹੁਣ ਮੁੜ ਕੁਸੰਗ ਦੇ ਨੇੜੇ ਨਾ ਜਾਣਾਂ ਅਰ ਰੋਜ਼ ਗੁਰੂ ਦੀ ਸੰਗਤ ਵਿਚ ਹਾਜ਼ਰ ਹੋਕੇ ਸਤਿਸੰਗ ਕਰਨਾ। ਸੁੰਦਰ ਸਿੰਘ ਦੀ ਦਸ਼ਾ ਹੁਣ ਕੌਣ ਕਹੇ ਉਹ ਭਾਈ ਗਿਆਨ ਸਿੰਘ ਦੀ ਇਹ ਕ੍ਰਿਪਾ ਵੇਖਕੇ ਉਟ ਹੈਰਾਨੀ ਅਰ ਸ਼ੁਕਰ ਨਾਲ ਰੋ ਪਿਆ ਅਰ ਇਸੇ ਤਰ੍ਹਾਂ ਕੁਝ ਚਿਰ ਰੋਂਦਾ ਰਿਹਾ ਤੇ ਮੂੰਹੋਂ ਬੋਲ ਵੀ ਨਾ ਨਿਕਲਿਆ ਫੇਰ ਅਚਾਨਕ ਬੋਲ ਉਠਿਆ: 'ਬਖਸ਼ੋ! ਬਖ਼ਸ਼ੋ!! ਮੈਂ ਪਾਪੀ ਨੂੰ ਬਖਸ਼ ਲਓ।' ਫੇਰ ਚੁਪ ਹੋ ਗਿਆ ਫੇਰ ਬੋਲਿਆ: 'ਤੁਸੀਂ ਗੁਰੂ ਦੇ ਪਿਆਰੇ ਹੋ, ਬਖਸ਼ੋ ਅਰ ਮੈਂ ਕੁਪੁਤਰ ਨੂੰ ਪਿਤ ਜੀ ਤੋਂ ਬੀ ਬਖਸ਼ਾ ਦਿਓ।'

ਭਾਈ ਸਾਹਿਬ ਬਾਹੋਂ ਫੜ ਕੇ ਭਾ: ਮੋਹਨ ਸਿੰਘ ਹੁਰਾਂ ਕੋਲ ਲੈ ਗਏ ਅਰ ਸੁੰਦਰ ਸਿੰਘ ਨੂੰ ਉਹਨਾਂ ਦੀ ਚਰਨੀਂ ਪੁਆਇਆ, ਪਿਤਾ ਨੇ ਚੁਕ ਕੇ ਛਾਤੀ ਨਾਲ ਲਾਇਆ। ਹੁਣ ਸਭਨਾਂ ਦੀ ਖੁਸ਼ੀ ਦੀ ਕੋਈ ਕੀ ਕਹੇ, ਸਾਰੇ ਹੀ ਸ਼ੁਕਰ ਵਿਚ ਮਸਤ ਸਨ ਅਰ ਹਰ ਥਾਂ ਤੋਂ ਸ਼ੁਕਰ ਸ਼ੁਕਰ ਦੀ ਹੀ ਵਾਜ ਆਉਣ ਲੱਗੀ। ਕੁਝ ਚਿਰ ਮਗਰੋਂ ਫੈਸਲਾ ਹੋਯਾ ਜੋ ਕੱਲ੍ਹ ਗੁਰਪੁਰਬ ਵਾਲੇ ਦਿਨ ਭਾਈ ਸਾਹਿਬ ਸੁੰਦਰ ਸਿੰਘ ਨੂੰ ਅੰਮ੍ਰਿਤ ਛਕਾਉਣ।

ਤਾਂਘਾਂ ਤਾਂਘਦਿਆਂ ਲੋਚਾਂ ਲੋਚਦਿਆਂ ਗੁਰਪੁਰਬ ਦਾ ਸ਼ੁਭ ਦਿਹਾੜਾ ਆਣ ਪਹੁੰਚਾ, ਜਿਸ ਦਿਨ ਦੀਨ ਦੁਨੀ ਦੇ ਵਾਲੀ ਸਤਿਗੁਰੂ ਨਾਨਕ ਦੇਵ ਜੀ ਨੇ ਅਵਤਾਰ ਲੈ ਕੇ ਸੰਸਾਰ ਦਾ ਉਧਾਰ ਕੀਤਾ ਸੀ। ਉਸ ਗੁਰੂ ਜਜੋਤੀ ਦੇ ਪੁਰਬ ਦਾ ਦਿਨ ਚੜ੍ਹਿਆ, ਜਿਸ ਨੇ ਆ ਕੇ ਸੰਸਾਰ ਤੋਂ ਪਾਪ ਦਾ ਨਾਸ਼ ਕਰਕੇ ਸਤਿਨਾਮ ਦਾ ਪ੍ਰਚਾਰ ਕਰਕੇ ਦੁਖੀਆਂ ਦੇ ਦੁਖ ਨਿਵਾਰੇ ਸਨ, ਜਿਸ ਮਹਾਂ ਪੁਰਖ ਨੇ ਅਕਾਲ ਪੁਰਖ ਤੋਂ ਵਿਛੜੀ ਹੋਈ ਸ੍ਰਿਸ਼ਟੀ ਨੂੰ ਉਸ ਨਾਲ ਮੇਲਣ ਦਾ ਰਾਹ ਦਿਖਾਯਾ ਸੀ।

ਇਸ ਸ਼ੁਭ ਦਿਨ ਤੇ ਭਾਈ ਮੋਹਨ ਸਿੰਘ ਜੀ ਦਾ ਟੱਬਰ ਸ੍ਰੀ ਦਰਬਾਰ ਸਾਹਿਬ ਆਸਾ ਦੀ ਵਾਰ ਦਾ ਰਸਾਲ ਕੀਰਤਨ ਸੁਣਕੇ ਅਪਣੀ ਮੌਜ ਵਿਚ ਖੁਸ਼ ਹੈ ਸਾਰਾ ਹੀ ਟਬਰ ਅਜ ਬੇਹਦ ਸ਼ੁਕਰ ਵਿਚ ਅਰ ਬਾਣੀ ਦੇ ਰਸ ਵਿਚ ਮਗਨ ਹੈ। ਸੁੰਦਰ ਸਿੰਘ ਲਈ ਤਾਂ ਅਜ ਹੈਸੀ ਹੀ ਭਾਗਾਂ ਵਾਲਾ ਦਿਨ, ਜਿਸ ਦਿਨ ਬੇਮੁਖ ਹੁੰਦਾ ਉਹ ਬਚ ਗਿਆ ਸੀ ਅਰ ਅਜ ਜਹਾਜ਼

ਚੜ੍ਹਨਾ ਸੀ: ਹੋਰ ਸਾਰਾ ਟੱਬਰ ਤਾਂ ਸ਼ੁਕਰ ਵਿਚ ਮਸਤ ਸੀ ਤੇ ਪ੍ਰੀਤਮ ਸਿੰਘ ਇਕ ਕਮਰੇ ਵਿਚ ਬੈਠਾ ਸੋਚਾਂ ਸੋਚ ਰਿਹਾ ਸੀ:-'ਹਾਇ! ਗੁਰਪੁਰਬ ਆ ਗਿਆ, ਸਾਰੇ ਮੌਜਾਂ ਮਾਣ ਰਹੇ ਹਨ, ਸਭ ਨੂੰ ਗੁਰੂ ਦੇ ਮੇਲ ਦਾ ਅਨੰਦ ਹੋ ਰਿਹਾ ਹੈ ਪਰ ਮੈਂ ਅਜ ਕਿਸ ਮੂੰਹ ਨਾਲ ਪੁਰਬ ਮਨਾਵਾਂ ਤੇ ਗੁਰੂ ਦੇ ਹਜ਼ੂਰ ਜਾਵਾਂ। ਮੈਂ ਸਾਰਾ ਵਰ੍ਹਾ ਬੇਅਰਥ ਗੁਆਯਾ, ਨਾ ਕੋਈ ਸੇਵਾ ਕੀਤੀ ਤੇ ਨਾ ਬਾਣੀ ਨਾਲ ਮਨ ਸ਼ੁੱਧ ਕੀਤਾ। ਕਪੜੇ ਵੀ ਬਦਲ ਲਏ ਤੇ ਸ਼ਰੀਰ ਵੀ ਸਜਾਇਆ ਪਰ ਗੁਰੂ ਜੀ ਨੇ ਤਾਂ ਮਨ ਵਿਚ ਆਕੇ ਬਿਰਾਜਣਾ ਹੈ, ਉਹ ਤਾਂ ਮੈਲੇ ਦਾ ਮੈਲਾ ਪਿਆ ਹੈ; ਫੇਰ ਮਿਹਰ ਦੀ ਕਿਥੇ ਆਸਾ? ਮੈਂ ਬਾਹਰਲੀ ਸਫਾਈ ਤਾਂ ਕੀਤੀ, ਹੋਰ ਸਾਰੀਆਂ ਗਲਾਂ ਗੁਰਪੁਰਬ ਮਨਾਉਣ ਦੀਆਂ ਕੀਤੀਆਂ ਪਰ ਮਨ ਸ਼ੁੱਧ ਨਾ ਕੀਤਾ। ਫੇਰ ਅੱਜ ਦੇ ਦਿਨ ਹੁਣ ਕਿਹੜੇ ਮੂੰਹ ਨਾਲ ਗੁਰਪੁਰਬ ਮਨਾਵਾਂ। ਜਦੋਂ ਅੰਦਰ ਝਾਤੀ ਮਾਰਦਾ ਹਾਂ ਤਾਂ ਸ਼ਰਮ ਆਉਂਦੀ ਹੈ, ਸਮਾ ਬੇਅਰਥ ਗਿਆ ਪਰ ਹਾਇ! ਕੁਝ ਨਾ ਸੌਰਿਆ। ਹੈਂ! ਕੀ ਇਸੇ ਤਰ੍ਹਾਂ ਵਰ੍ਹੇ ਬੀਤਦੇ ਜਾਣਗੇ ਅਰ ਮੇਰਾ ਕੁਝ ਨਾ ਸੌਰੇਗਾ? ਮੈਂ ਬਥੇਰਾ ਜਤਨ ਕੀਤਾ ਹੈ ਪਰ ਕੁਝ ਪੇਸ਼ ਨਹੀਂ ਜਾਂਦੀ। ਹਾਇ ਰੱਬਾ! ਵੇਖੋ, ਬਾਣੀ ਪੜ੍ਹਦਾ ਹਾਂ ਪਰ ਮਨ ਨਹੀਂ ਟਿਕਦਾ। ਪਾਪੀ ਮਨਾ! ਅਜ ਤਾਂ ਟੁੱਟਕੇ ਗੁਰਾਂ ਦੇ ਚਰਨਾਂ ਵਿਚ ਬੇਨਤੀ ਕਰ, ਗੁਰਪੁਰਬ ਦਾ ਦਿਹਾੜਾ ਤਾਂ ਸਫਲ ਕਰ ਲੈਣ ਦੇਹ। ਹਾਇ! ਕੀ ਇਹ ਸ਼ੁਭ ਦਿਨ ਬੀ ਅਫਲ ਜਾਵੇਗਾ ਅਰ ਮਨ ਗੁਰੂ ਬਾਣੀ ਨਾਲ ਮੇਲ ਨਾ ਹੋਣ ਦੇਵੇਗਾ?' ਇਹ ਕਹਿੰਦਿਆਂ ਦਿਲ ਨਿਰਾਸਤਾ ਵਿਚ ਚਲਿਆ ਗਿਆ ਅਰ ਪ੍ਰੀਤਮ ਸਿੰਘ ਜ਼ਾਰੋ ਜ਼ਾਰ ਰੋਣ ਲਗ ਪਿਆ। ਘੜੀ ਮੁੜੀ ਪਛੁਤਾਵੇ ਦਾ ਤੀਰ ਅੰਦਰ ਵਜਦਾ ਹੈ ਤੇ ਅੱਖਾਂ ਤੋਂ ਹੰਝੂ ਵਗਾ ਦਿੰਦਾ ਹੈ। ਇਸੇ ਤਰ੍ਹਾਂ ਕਿੰਨਾ ਚਿਰ ਬੀਤ ਗਿਆ। ਫੇਰ ਬੋਲ ਪਿਆ: 'ਹੈਂ! ਕੀ ਫੇਰ ਹੁਣ ਕੋਈ ਆਸ ਨਹੀਂ? ਕੀ ਬਣੇ? ਕੀ ਮੇਰੇ ਭਾਗ ਅਜਿਹੇ ਮੰਦੇ ਹਨ ਜੋ ਅਜ ਦੇ ਸ਼ੁਭ ਦਿਹਾੜੇ ਵੀ ਗੁਰੂ ਜੀ ਦੇ ਦਰਸ਼ਨ ਨਹੀਂ ਹੋਣਗੇ? ਹਾਇ! ਫੇਰ ਜੇ ਗੁਰੂ ਜੀ ਦੇ ਦਰਸ਼ਨ ਨਾ ਹੋਏ ਤਾਂ ਮੇਰਾ ਸਭ ਕੁਝ ਹੀ ਬੇਅਰਥ ਹੋ ਗਿਆ। ਮੇਰੇ ਇਹ ਬਾਹਰਲੇ ਜਤਨ ਸਾਰੇ ਅਸਫਲ ਗਏ।' ਹੁਣ ਇਕ ਸ਼ਬਦ ਸਿੰਮ੍ਰਤੀ ਨੇ ਰਸਨਾ ਤੇ ਲੈ ਆਂਦਾ:-

ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ॥
ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ॥੧॥
ਰੇ ਚਿਤ ਚੇਤਿ ਚੇਤ ਅਚੇਤ॥ ਕਾਹੇ ਨ ਬਾਲਮੀਕਹਿ ਦੇਖ॥
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ
ਰਾਮ ਭਗਤਿ ਬਿਸੇਖ॥੧॥ਰਹਾਉ॥
ਸੁਆਨ ਸੁਤ੍ਰੁ ਅਜਾਤੁ ਸਭ ਤੇ ਕ੍ਰਿਸਨ ਆਵੈ ਹੇਤੁ॥
ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ॥੨॥
ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸ॥
ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ॥੩॥
(ਕੇਦਾਰਾ ਰਵਿਦਾਸ ਜੀ)

ਅੰਤਲੀ ਤੁਕ ਤੇ ਆ ਕੇ ਨਿਰਾਸਤਾ ਆਸ ਵਿਚ ਪਲਟਾ ਖਾ ਗਈ। ਸ਼ੁਕਰ ਦਾ, ਆਸ ਦਾ ਭਾਵ ਫੈਲਣ ਲੱਗਾ। ਧੰਨ ਹੈ ਵਾਹਿਗੁਰੂ! ਜਦੋਂ ਇਕ ਦਾਤ ਦਾ ਸ਼ੁਕਰ ਕਰੋ ਤਾਂ ਓਹ ਦਾਤਾਰ ਦਾਤਾਂ ਦਾ ਭੰਡਾਰ ਖੋਲ੍ਹ ਦਿੰਦਾ ਹੈ।

ਪ੍ਰੀਤਮ ਸਿੰਘ ਦੇ ਮਨ ਵਿਚ ਹੁਣ ਸ਼ੁਕਰ ਦਾ ਅਨੰਦ ਆਯਾ, 'ਧੰਨ ਵਾਹਿਗੁਰੂ ਹੈ ਜਿਨ੍ਹ ਇੰਨਾਂ ਚਿਰ ਵੀ ਥੋੜੀ ਜਿਹੀ ਬੇਨਤੀ ਕਰਵਾਈ। ਸ਼ੁਕਰ, ਸ਼ੁਕਰ। ਧੰਨ ਗੁਰੂ, ਧੰਨ ਵਾਹਿਗੁਰੂ, ਜਿਨ੍ਹ ਮੈਂ ਪਾਪੀ ਨਿਮਾਣੇ ਨੂੰ ਇੰਨੀ ਦੇਰ ਆਪਣੀ ਯਾਦ ਵਿਚ ਰਹਿਣ ਦਾ ਅਵਸਰ ਬਖਸ਼ਿਆ ਹੈ। ਬੱਸ ਹੁਣ ਤਾਂ ਸ਼ੁਕਰ ਸ਼ੁਕਰ ਅਰ ਧੰਨ ਧੰਨ ਹੀ ਰਹਿ ਗਿਆ।' 'ਧੰਨ ਗੁਰੂ, ਗੁਰੂ ਗੁਰੂ' 'ਗੁਰੂ ਨਾਨਕ' 'ਧੰਨ ਗੁਰੂ ਨਾਨਕ' ਘੜੀ ਮੁੜੀ 'ਵਾਹਿਗੁਰੂ' 'ਵਾਹਿਗੁਰੂ' 'ਧੰਨ ਗੁਰੂ' 'ਸ਼ੁਕਰ' ਹੀ ਮੂੰਹੋਂ ਨਿਕਲਦਾ ਸੀ! ਇਸੇ ਮੌਜ ਵਿਚ ਸਨ ਕਿ ਭਾਈ ਗਿਆਨ ਸਿੰਘ ਜੀ ਅੰਦਰ ਆਏ ਅਰ ਪਿਆਰ ਕਰਕੇ ਬੋਲੇ: 'ਕਾਕਾ ਜੀ! ਗੁਰੂ ਜੀ ਦੀ ਆਪ ਤੇ ਵੱਡੀ ਕ੍ਰਿਪਾ ਹੈ, ਸਤਿਗੁਰੂ ਤੁਸਾਨੂੰ ਗੁਰੂ ਬਾਣੀ ਦਾ ਹੋਰ ਬੀ ਪ੍ਰੇਮ ਬਖਸ਼ੇ।' ਫੇਰ ਦੋਵੇਂ ਜਣੇ ਬਾਹਰ ਆਏ ਅਰ ਹੋਰ ਸਾਰੇ ਰਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿਚ ਪਹੁੰਚੇ! ਅਗੇ ਬੀਬੀ ਪ੍ਰੇਮ ਕੌਰ ਬੜੇ ਪ੍ਰੇਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਸ੍ਵੈਯੇ ਸ੍ਰੀ ਮੁਖਵਾਕ ਮ: 5 ਦਾ ਪਾਠ ਕਰ ਰਹੀ ਸੀ। ਅੱਖਾਂ ਤੋਂ ਜਲ ਜਾਰੀ ਸੀ, ਤੁਕ ਤੁਕ ਤੇ ਮਸਤ ਅਰ ਕੁਰਬਾਨ ਹੋ ਹੋ ਜਾਂਦੀ ਸੀ। ਜਗਤ ਰਖ਼ਜਕ

 www.sikhbookclub.com

ਸਤਿਗੁਰੂ ਮਾਨੋ ਸਰੂਪ ਧਾਰ ਕੇ ਉਸ ਦੀਆਂ ਅੱਖੀਆਂ ਦੇ ਅਗੇ ਖਲੋਤੇ ਸਨ ਅਰ ਉਹ ਕਦੇ-

**'ਹਰਿ ਗੁਰੁ ਨਾਨਕੁ ਜਿਨ੍ ਪਰਸਿਓ**
**ਤੇ ਇਤ ਉਤ ਸਦਾ ਮੁਕਤੇ'**
ਅਰ ਕਦੇ

'ਹਰਿ ਗੁਰੁ ਨਾਨਕ ਜਿਨ੍ ਪਰਸਿਓ ਤੇ ਬਹੁੜਿ ਫਿਰਿ ਜੋਨਿ ਨ ਆਏ' ਦਾ ਪਾਠ ਕਰ ਕਰਕੇ ਮਸਤ ਹੋ ਰਹੀ ਸੀ; ਅਰ ਉਸ ਦੇ ਚਿਹਰੇ ਤੇ ਲਾਲੀ ਚੜ੍ਹੀ ਹੋਈ ਅਰ ਖ਼ੁਸ਼ੀ ਟਪਕਦੀ ਪਈ ਸੀ; ਮਾਨੋਂ ਉਹ ਹੁਣ ਅਨੁਭਵ ਵਿਚ ਗੁਰੂ ਨਾਨਕ ਦੀ ਕਿਰਪਾ ਪਾ ਕੇ ਸੱਚਖੰਡ ਦੀ ਝਾਕੀ ਮਾਣ ਰਹੀ ਸੀ: ਅੰਤਲਾ ਸ੍ਵੈਯਾ ਉਸ ਨੇ ਦੋ ਤ੍ਰੈ ਵੇਰੀ ਪੜ੍ਹਿਆ। ਉਸ ਨੂੰ ਪਤਾ ਵੀ ਨਾ ਲੱਗਾ। ਇਸ ਤੁਕ ਨੇ ਉਸ ਦੀ ਅਕਹਿ ਦਸ਼ਾ ਕਰ ਦਿਤੀ ਸੀ:-

**ਬਲਿਓ ਚਰਾਗੁ ਅੰਧ੍ਯਾਰ ਮਹਿ**
**ਸਭ ਕਲ ਉਧਰੀ ਇਕ ਨਾਮ ਧਰਮ॥**
**ਪ੍ਰਗਟੁ ਸਗਲ ਹਰਿ ਭਵਨ ਮਹਿ**
**ਜਨੁ ਨਾਨਕੁ ਗੁਰ ਪਾਰ ਬ੍ਰਹਮ॥**

ਮਾਨੋਂ ਉਹ ਆਪਣੇ ਗੁਰੂ ਨਾਨਕ ਦੇ ਨਾ ਕੇਵਲ ਦਰਸ਼ਨ ਕਰ ਰਹੀ ਹੈ, ਸਗੋਂ ਸਾਰੇ ਭਵਨ ਵਿਚ ਗੁਰੂ ਨਾਨਕ ਨੂੰ ਪ੍ਰਗਟ ਦੇਖਣ ਦੀ ਮੌਜ ਮਾਣ ਰਹੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਦਿਨ ਬੀਬੀ ਨੂੰ ਜੋ ਰਸ ਇਨ੍ਹਾਂ ਸ੍ਵੈਯਾਂ ਦੇ ਇਕਾਂਤ ਵਿਚ ਪਾਠ ਦਾ ਆਯਾ ਉਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਚੇ ਪ੍ਰੇਮੀ ਹੀ ਜਾਣ ਸਕਦੇ ਹਨ। ਭਾਈ ਗਿਆਨ ਸਿੰਘ ਜੀ ਬੀਬੀ ਦੇ ਇਸ ਪ੍ਰੇਮ ਨਾਲ ਸ੍ਵੈਯਾਂ ਦੇ ਪਾਠ ਨੂੰ ਵੇਖ ਕੇ ਗਦ ਗਦ ਹੋ ਗਏ। ਮਗਰੋਂ ਬੀਬੀ ਨੇ ਮਹਲੇ ਪਹਿਲੇ ਦੇ ਸ੍ਵੈਯਾਂ ਦਾ ਪਾਠ ਭਾਈ ਸਾਹਿਬ ਦੇ ਆਖਣ ਤੇ ਉਸੇ ਪ੍ਰੇਮ ਨਾਲ ਕੀਤਾ। ਹੁਣ ਸਾਰਾ ਪਰਵਾਰ ਮਸਤ ਅਰ ਕੁਰਬਾਨ ਹੋ ਹੋ ਜਾਂਦਾ ਸੀ ਅਰ ਅਪਣੇ ਸਤਿਗੁਰਾਂ ਦੀ ਮਹਿਮਾਂ ਵਿਚ ਮਗਨ ਸੀ। ਇਨ੍ਹਾਂ ਨੂੰ ਮਾਨੋ ਸਾਰਾ ਬ੍ਰਹਮਾਂਡ ਹੀ ਸ੍ਰੀ ਗੁਰੂ ਨਾਨਕ

 www.sikhbookclub.com

ਦੇਵ ਜੀ ਦਾ ਜਸ ਗਾਉਂਦਾ ਦਿੱਸਦਾ ਸੀ, ਅੰਤ ਇਹ ਤੁਕਾਂ ਸਭਨਾਂ ਨੇ ਹਲਕੇ ਪੜ੍ਹੀਆਂ:-

**ਦੂਰਬਾ ਪਰੂਰਉ ਅੰਗਰੈ ਗੁਰ ਨਾਨਕ ਜਸੁ ਗਾਇਓ॥**
**ਕਬਿ ਕਲ ਸੁਜਸੁ ਨਾਨਕ ਗੁਰ ਘਟਿ ਘਟਿ ਸਹਜਿ ਸਮਾਇਓ॥੧੦॥**
(ਸਵਈਏ ਮਹਲੇ ਪਹਿਲੇ ਕੇ)

ਹਾਂ,

ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥

ਵਾਹ! ਵਾਹ!! ਧੁਨੀ ਬੱਝ ਗਈ, ਕਮਰੇ ਆਦਿ ਦੀਆਂ ਕੰਧਾਂ ਤਕ ਗੁਰੂ ਨਾਨਕ ਦਾ ਜਸ ਗਾਉਂਦੇ ਦਿੱਸੇ, ਤ੍ਰੈਲੋਕੀ ਵਿਚੋਂ 'ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ' ਦੀ ਅਵਾਜ਼ ਆਉਂਦੀ ਜਾਪੇ ਅਰ ਸ੍ਰੀ ਗੁਰੂ ਜੀ ਦਾ ਅਬਿਚਲ ਅਟੱਲ ਰਾਜ ਵਣ ਤ੍ਰਿਣ ਤੇ ਪਸਰਿਆ ਹੋਇਆ ਦਿੱਸੇ। ਇਸੇ ਮੌਜ ਵਿਚ ਪਤਾ ਨਹੀਂ ਕਿੰਨੀ ਕੁ ਵਾਰੀ ਸਭਨਾਂ ਨੇ ਇਹਨਾਂ ਤੁਕਾਂ ਦਾ ਪਾਠ ਕੀਤਾ। ਫੇਰ ਅਰਦਾਸਾ ਸੋਧ ਕੇ ਅੰਮ੍ਰਿਤ ਤਿਆਰ ਕੀਤਾ ਗਿਆ ਅਰ ਭਾਈ ਸੁੰਦਰ ਸਿੰਘ ਨੂੰ ਛਕਾਇਆ ਗਿਆ ਅਰ ਸਾਰਾ ਟੱਬਰ ਸ਼ੁਕਰ ਵਿਚ ਮਗਨ ਸਾਰੀ ਰਾਤ ਕੀਰਤਨ ਕਰਦਾ ਰਿਹਾ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦਾ ਇਹ ਅਵਤਾਰ ਪੁਰਬ ਇਸ ਦੈਵੀ ਟੱਬਰ ਦਾ ਸਫਲਾ ਹੋਇਆ।

-o-


www.sikhbookclub.com

# ਵਿਸਮਾਦੀ ਵੈਰਾਗ

1.

ਸ੍ਰੀ ਗੁਰ ਨਾਨਕ ਦੇਵ ਜੀ ਦੇ 'ਵਾਹਿਗੁਰੂ ਪ੍ਰੇਮ ਦੇ ਅਪਣੇ ਰੰਗ' ਅਨੂਠੇ ਹਨ, ਫਿਰ ਆਪ ਦੇ ਜਗਤ ਨਿਸਤਾਰਨ ਦੇ ਨਿਪੰਗ ਵਤੀਰੇ, ਗਜਾਨ ਉਪਦੇਸ਼ ਦੇ ਸੁਰੰਗ ਤ੍ਰੀਕੇ, ਪਰਵਾਣ ਗ੍ਰਿਹਸਤ ਉਦਾਸ ਟੋਰਨ ਦੇ ਨਿਰਾਲੇ ਢੰਗ, ਅਪਣੇ ਰੰਗ ਲੋਕਾਂ ਨੂੰ ਲਾ ਦੇਣ ਦੇ ਨਿਰਵਜੰਗ ਰਸਤੇ ਦੰਗ ਕਰ ਦੇਣ ਵਾਲੇ ਹਨ। ਵਿਕਾਰਾਂ ਨਾਲ ਜੰਗ ਕਰਨ ਦੀ ਜਾਚ ਦੱਸਣੀ, ਕੁਸੰਗ ਤੋਂ ਵਰਜ ਕੇ ਸਤਿਸੰਗ ਵਿਚ ਪਾ ਦੇਣਾ, ਨਾਮ ਦੁਆਰਾ ਮਾਯਾ ਨਾਗਨ ਦੇ ਡੰਗੇ ਦੀ ਵਿਸ ਝਾੜ ਕੇ ਵਾਹਿਗੁਰੂ ਅੰਗ ਸੰਗ ਲਖਾ ਦੇਣਾ, ਸਦਾ ਹਜ਼ੂਰੀ ਵਿਚ ਵੱਸਣ ਦਾ ਅਰੰਗ ਰੰਗ ਲਾ ਦੇਣਾ, ਐਸਾ ਕਿ ਜਿਸ ਵਿਚ ਫੇਰ ਕਦੇ ਭੰਗ ਨਾ ਪਵੇ ਤੇ ਵਾਸ਼ਨਾ ਤ੍ਰਿਸ਼ਨਾ ਦੀ ਮੰਗ ਮੁੜਕੇ ਕਦੇ ਤੰਗ ਨਾ ਕਰੇ, ਆਤਮ ਲੱਖਤਾ ਐਸੀ ਹੋ ਜਾਏ ਕਿ 'ਹਉਂ ਅਹੰਗ', ਅਣਹੋਂਦ ਦੇ ਦੇਸ਼ ਟੰਗੀ ਰਹਿ ਜਾਏ ਆਪ ਦਾ ਹੀ ਕੰਮ ਸੀ। 'ਗ੍ਰਿਹਸਤ ਤੇ ਉਦਾਸ' 'ਗ੍ਰਹਿਣ ਤੇ ਤਜਾਗ' 'ਅਰਥ ਤੇ ਪਰਮਾਰਥ' ਜੋ ਸਦਾ ਇਕ ਦੂਜੇ ਦਾ ਰਸ ਭੰਗ ਕਰਨ ਵਾਲੇ ਵਿਰੋਧੀ ਅੰਗੇ ਜਾਂਦੇ ਸਨ, ਗੁਰੂ ਨਾਨਕ ਨੇ ਇਕ ਰੰਗ ਕਰ ਦਿਖਾਏ, ਐਸੇ ਕਿ ਇਕ ਦੂਜੇ ਦੇ ਅੰਗ ਅੰਗੀ ਬਣ ਗਏ(ਰਾਜਨ ਜੋਗੁ ਕਰਿ ਹਾਂ॥-ਆਸਾ ਮ:5)। ਮਤ ਮਤਾਂਤਰਾਂ ਦੇ ਜੰਗ, ਮਜ਼ਹਬੀ ਝਗੜਿਆਂ ਦੇ ਕੁਢੰਗ ਸੱਚ ਦੀ ਸ਼ਮਅ ਦੇ ਪਤੰਗੇ ਬਣਾ ਦਿਤੇ।

ਇਸ ਪ੍ਰਕਾਰ ਦੇ ਸੁਹਣੇ ਗੁਰ ਨਾਨਕ ਦੇ ਸੁਵਰਨ ਰੰਗ ਰੰਗੇ ਨਿਪੰਗ ਨੀਰ ਵਰਗੇ ਉਜਲੇ ਵੰਨਾਂ ਵਾਲੇ ਕਈ ਪ੍ਰਸੰਗ ਕਈ ਵੇਰ ਲਿਖੇ ਗਏ ਤੇ ਆਪ ਨੇ ਪੜ੍ਹੇ ਹਨ। ਅਜ ਅਸਾਂ ਆਪ ਨੂੰ ਗੁਰੂ ਨਾਨਕ ਦੇਵ ਜੀ ਦੇ 'ਵੈਰਾਗ' ਵੰਨਗੀ ਦੇ ਉਤੰਗ ਰੰਗ ਦੀ ਕੁਛ ਝਾਲ ਝਲੰਗ ਦੱਸਣੀ ਹੈ।

 www.sikhbookclub.com

ਜਨਮ ਸਾਖੀ ਵਿਚ ਲਿਖਿਆ ਹੈ ਕਿ ਇਕ ਦਿਨ ਗੁਰੂ ਸਾਹਿਬ ਵਿਚਰਦੇ ਵਿਚਰਦੇ ਇਕ ਲਾਗ ਦੇ ਉਜਾੜ ਬਨ ਵਿਚ ਚਲੇ ਗਏ। ਵੇਲਾ ਸਵੇਰ ਦਾ ਸੀ, ਅੰਮ੍ਰਿਤ ਵੇਲੇ ਦਾ ਕੀਰਤਨ ਹੋ ਚੁਕਾ ਸੀ, ਜਦੋਂ ਸਾਹਿਬ ਬਾਹਰ ਨੂੰ ਟੁਰ ਪਏ ਸੇ। ਅਕਸਰ ਉਜਾੜਾਂ ਬਨਾਂ ਦੇ ਲਾਗੇ ਗਿਰਾਂ ਤੇ ਵਸਤੀਆਂ ਬੀ ਹੁੰਦੀਆਂ ਸਨ ਤੇ ਹਨ, ਜਿਥੇ ਖੇਤਾਂ ਦੀ ਸੁੰਨ੍ਹ ਤੇ ਬਨ ਆਪੋ ਵਿਚ ਆ ਮਿਲਦੇ ਹਨ। ਅਚਾਨਕ ਸਾਹਿਬ ਖੜੇ ਹੋ ਗਏ ਤਾਂ ਕੀ ਦੇਖਦੇ ਹਨ ਕਿ ਇਕ ਐਸੇ ਟਿਕਾਣੇ ਇਕ ਲਹਿਲਹਿ ਕਰਦਾ ਸੁਹਣਾ ਬਾਗ ਹੈ, ਜੋ ਥੋੜੇ ਚਿਰ ਤੋਂ ਲੱਗਾ ਹੈ, ਜਿਸ ਵਿਚ ਨਵੇਂ ਨਵੇਂ ਵੰਨ ਦੇ ਬੂਟੇ ਹਨ, ਅੰਗੂਰੀਆਂ ਫੁਟ ਰਹੀਆਂ ਹਨ। ਇਕ ਪਾਸੇ ਸੁਹਣਾ ਹਰਿਆ ਹਰਿਆ ਧਾਨਾਂ ਦਾ ਖੇਤ ਹੈ। ਛੋਟਾ ਜਿਹਾ ਵਿਚ ਸੁਹਣਾ ਤਾਲ ਹੈ। ਬਨ ਦੇ ਹਰਨਾਂ ਤੋਂ ਬਚਾਉ ਲਈ ਮਾਲਕਾਂ ਨੇ ਕੰਡਿਆਂ ਦੀ ਵਾੜ ਲਾਈ ਹੋਈ ਸੀ, ਪਰ ਕਈ ਦਿਲ ਚਲੇ ਹਰਨ ਕੁਦਾੜਾਂ ਮਾਰ ਮਾਰ ਕੇ ਵਾੜ ਟੱਪ ਜਾਇਆ ਕਰਦੇ ਸਨ: ਅਜ ਮਾਲਕ ਨੇ ਇਸ ਵਾੜੀ ਦੇ ਅੰਦਰ ਫਾਹੀ ਲਵਾਈ ਹੋਈ ਸੀ ਜੋ ਜਾਨਵਰਾਂ ਦੀ ਨਜ਼ਰ ਪਛਾਣ ਨਹੀਂ ਸੀ ਸਕਦੀ। ਸ੍ਰੀ ਗੁਰੂ ਜੀ ਦੇ ਖੜੇ ਖੜੇ ਇਕ ਕਾਲਾ ਹਰਨ ਆਇਆ। ਕਾਲਾ ਹਰਨ ਉਹੋ ਹੁੰਦਾ ਹੈ ਜਿਸ ਨੂੰ ਹੀਰਾ ਮਿਰਗ ਤੇ ਹੀਰਾ ਹਰਨ ਬੀ ਆਖਦੇ ਹਨ। ਜਿਸ ਦੇ ਗੀਤ ਬੀ ਗਾਏ ਜਾਂਦੇ ਹਨ।

ਹਾਂ, ਸਾਹਿਬਾਂ ਦੇ ਦੇਖਦੇ ਦੇਖਦੇ ਇਕ ਕਾਲਾ ਹਰਨ ਆਇਆ, ਦੂਰੋਂ ਚੁੰਗੀਆਂ ਭਰਦਾ, ਦੁੜੰਗੇ ਮਾਰਦਾ, ਵਾੜ ਟੱਪ ਕੇ ਖੇਤ ਦੇ ਵਿਚ ਜਾ ਪਿਆ। ਮਨ ਮੰਗੀ ਮੁਰਾਦ ਮਿਲ ਗਈ, ਲੱਗਾ ਵੰਨ ਵੰਨ ਦੇ ਸੁਆਦ ਲੈਣ। ਨਵੀਆਂ ਨਵੀਆਂ ਅੰਗੂਰੀਆਂ ਤੇ ਹਰੀ ਹਰੀ ਖੇਤੀ ਲਗਾ ਚੁਗਣ ਤੇ ਮੌਜਾਂ ਮਾਣਨ। ਪਰ ਥੋੜੇ ਚਿਰ ਵਿਚ ਹੀ ਵਿਚਰਦਾ ਵਿਚਰਦਾ ਫਾਹੀ ਵਿਚ ਫਸ ਗਿਆ। ਹਰਨ ਕਈ ਵੇਰ ਅੱਗੇ ਇਸ ਵਾੜੀ ਵਿਚ ਵੜ ਕੇ ਹਰੀਆਂ ਅੰਗੂਰੀਆਂ ਚੁਗ ਗਿਆ ਹੋਇਆ ਸੀ, ਉਸ ਨੂੰ ਕੀਹ ਪਤਾ ਸੀ ਕਿ ਇਹ ਮਿੱਠੀ ਮਿੱਠੀ ਚਰ ਜੋ ਮੈਂ ਚਰ ਜਾਂਦਾ ਹਾਂ ਕਿਸੇ ਦਿਨ ਕਉੜੀ ਤੇ ਮਨ ਨੂੰ ਤਪਾਉਣ ਵਾਲੀ ਹੋ ਜਾਏਗੀ।

ਹਰਨ ਫਾਹੀ ਵਿਚ ਫਾਥਾ ਵਿਆਕੁਲ ਹੋ ਰਿਹਾ ਸੀ, ਕਿ ਮਾਲਕ ਆ ਗਿਆ। ਦੋ ਚਾਰ ਚਾਬਕਾਂ ਲਾਕੇ ਕਾਮਿਆਂ ਨੂੰ ਕਿਹਾ: ਲੈ ਚਲੋ ਬੇਈਮਾਨ

 www.sikhbookclub.com

ਨੂੰ, ਚੱਲਕੇ ਝਟਕਾ ਦਿਓ। ਹਰਨ ਦੀ ਸੁਹਣੀ, ਜੋਬਨ ਭਰੀ ਸੂਰਤ ਤੇ ਉਸ ਦੀ ਹੁਣ ਤੜਫਣੀ ਤੇ ਮਾਲਕ ਦਾ ਆਕੇ ਉਸ ਨੂੰ ਪਕੜ ਕੇ ਲੈ ਜਾਣਾ, ਵਾੜੋਂ ਪਾਰ ਖੜੀਆਂ ਹਰਨੀਆਂ ਦਾ ਦੇਖ ਦੇਖ ਵਿਆਕੁਲ ਹੋਣਾ ਤੇ ਫੇਰ ਤ੍ਰਹਕ ਕੇ ਭੱਜ ਪੈਣਾ ਗੁਰੂ ਸਾਹਿਬ ਨੇ ਡਿੱਠਾ ਤੇ ਤਰਸ ਆਯਾ, ਕੋਮਲ ਹਿਰਦੇ ਦੀਆਂ ਵਿਰਾਗ ਦੀਆਂ ਤਰਬਾਂ ਬੋਲ ਉਠੀਆਂ, ਹਾਂ, ਸਹਿਜ ਵੈਰਾਗ ਵਾਲੇ ਹਿਰਦੇ ਦੀਆ ਤਰਬਾਂ 'ਵਿਸਮਾਦੀ-ਵੈਰਾਗ' ਵਿਚ ਸੰਗੀਤਕ ਹੋ ਗਈਆਂ।

ਇਕ ਵੈਰਾਗ ਹੁੰਦਾ ਹੈ ਜੋ ਜਗਤ ਵਲੋਂ ਯਾ ਆਪਣਿਆਂ ਪਰਾਇਆਂ ਵਲੋਂ ਬੁਰੇ ਸਲੂਕ ਮਿਲਨ ਤੇ ਉਪਜ ਖਲੋਂਦਾ ਹੈ! ਇਕ ਵੈਰਾਗ ਹੁੰਦਾ ਹੈ ਕਿਸੇ ਪਿਆਰੇ ਦੇ ਮਰਨ ਸਮੇਂ ਆ ਵਾਪਰਦਾ ਹੈ। ਇਕ ਵੈਰਾਗ ਹੁੰਦਾ ਹੈ ਜੋ ਕਿਸੇ ਉਪਦੇਸ਼ ਨੂੰ ਸੁਣ ਕੇ ਯਾ ਪੜ੍ਹ ਕੇ ਕੁਛ ਸਮੇਂ ਲਈ ਜਾਗ ਪੈਂਦਾ ਹੈ। ਇਕ ਵੈਰਾਗ ਹੁੰਦਾ ਹੈ ਜੋ ਕਿਸੇ ਇਕ ਦੇ ਪਜਾਰ ਵਿਚ ਹੋਰਨਾਂ ਤੋਂ ਉਦਾਸ ਕਰ ਦੇਂਦਾ ਹੈ ਅਤੇ ਇੱਕੋ ਦੇ ਮਗਰ ਵੈਰਾਗੀ ਕਰੀ ਫਿਰਦਾ ਹੈ; ਇਕ ਸਹਿਜ ਵਿਰਾਗ ਹੁੰਦਾ ਹੈ, ਇਹ ਨਾਮੀ ਪੁਰਖਾਂ ਦੀ ਵਸਤੂ ਹੈ।

ਹਾਂ ਜੀਓ, ਵਿਸਮਾਦੀ ਵੈਰਾਗ ਅਕਸਰ ਸਹਜ ਵੈਰਾਗ ਵਾਲਿਆਂ ਨੂੰ ਹੀ ਝਲਕੇ ਮਾਰਦਾ ਹੈ, ਜੋ ਲੱਗੇ ਹੋਏ ਹੁੰਦੇ ਹੈਨ। ਵਿਸਮਾਦੀ ਵੈਰਾਗ ਉਦਾਸੀ ਵਿਚ ਨਿੰਮੋਝਾਣ ਨਹੀਂ ਹੋਣ ਦੇਂਦਾ, ਉਹ ਵਿਸਮਾਦ ਵਿਚ ਵੈਰਾਗ ਛੁਹ ਦੇਂਦਾ ਹੈ ਤੇ ਕਈ ਵੇਰ 'ਅਨੰਤ' ਦੀ ਛੋਹ ਵਿਚ ਲੈ ਜਾਂਦਾ ਹੈ। ਤਦੋਂ ਇਹ ਪਹਿਲਾਂ ਸੁੰਨ ਮੰਡਲ ਵਿਚ ਲੈ ਜਾਕੇ ਆਪਣੇ ਘਰ ਪਹੁੰਚਾ ਕੇ ਅਲਖ ਨਾਲ ਲੱਖਤਾ ਦੇ ਦੇਂਦਾ ਹੈ-

**ਅਨਦਿਨੁ ਰਾਤਾ ਮਨੁ ਬੈਰਾਗੀ ਸੁੰਨ ਮੰਡਲਿ ਘਰੁ ਪਾਇਆ॥**
**ਆਦਿ ਪੁਰਖੁ ਅਪਰੰਪਰੁ ਪਿਆਰਾ ਸਤਿਗੁਰਿ ਅਲਖੁ ਲਖਾਇਆ॥**
(ਆਸਾ ਮ:੧)

ਗੁਰੂ ਜੀ ਦਾ ਇਸ ਵੇਲੇ ਦਾ ਵੈਰਾਗ ਵਿਸਮਾਦੀ ਵੈਰਾਗ ਸੀ, ਸਹਜ ਵੈਰਾਗ ਤਾਂ ਉਨ੍ਹਾਂ ਦਾ ਸਦੈਵੀ ਸੀ ਹੀ
(ਸਹਜਿ ਪਿਆਰਿ ਬੈਰਾਗਿ॥-ਮ:੩)


www.sikhbookclub.com

ਜਨਮ ਸਾਖੀ ਵਿਚ ਲਿਖਿਆ ਹੈ ਕਿ "ਇਹ ਤਮਾਸ਼ਾ ਗੁਰੂ ਜੀ ਦੇਖ ਕਰ ਬਹੁਤ ਬਿਸਮਾਦ ਦੇ ਘਰ ਵਿਚ ਆਇ ਗਏ।" ਵਿਸਮਾਦੀ ਵੈਰਾਗ ਸਾਰੇ ਵੈਰਾਗਾਂ ਤੋਂ ਅਨੂਠਾ ਹੁੰਦਾ ਹੈ। ਇਸ ਵੈਰਾਗ ਵਿਚ ਵੈਰਾਗ ਦਾ ਕਾਰਣ ਤਾਂ ਠੋਕਰ ਦੇਕੇ ਉਹਲੇ ਹੋ ਜਾਂਦਾ ਹੈ ਤੇ ਸੁਰਤ ਨਾਸ਼ਮਾਨ ਨੂੰ ਦੇਖਦੀ ਤਾਂ ਹੈ ਪਰ ਉਸੇ ਨਾਸ਼ ਰੰਗ ਵਿਚ ਦੇਖਦੀ ਹੈ ਨਾਸ਼ਮਾਨ ਨੂੰ ਤੇ ਫੇਰ ਅਬਿਨਾਸ਼ ਰੰਗ ਵਿਚ ਦੇਖਦੀ ਹੈ ਅਬਿਨਾਸ਼ ਨੂੰ, ਜਿਥੇ ਕੁ ਵੈਰਾਗਤਾ ਤੇ ਪ੍ਰੇਮ ਦੀ ਸੰਧੀ ਹੋਕੇ ਇਕ ਅਨੂਠੀ ਤਰ੍ਹਾਂ ਦਾ ਰੰਗ ਲੱਗ ਜਾਂਦਾ ਹੈ:

ਇਸ ਹਾਲ ਵਿਚ ਰਬ ਦੇ ਪਿਆਰੇ ਕਦੇ ਤਾਂ ਆਪੇ ਵਿਚ ਮਗਨ ਹੋ ਜਾਂਦੇ ਹਨ। ਕਦੇ ਮਗਨਤਾ ਤੋਂ ਉਠਕੇ ਜਗਤ ਉਤੇ ਤਰਸ ਖਾਕੇ ਕੁਛ ਬੋਲ ਪੈਂਦੇ ਹਨ। ਓਹ ਬੋਲ ਉਨ੍ਹਾਂ ਦਾ ਜਗਤ ਨੂੰ ਸੁਧਾਰਨ ਤੇ ਉਧਾਰਨ ਵਾਲਾ ਜਾਦੂ ਅਸਰ ਵਾਲਾ ਹੁੰਦਾ ਹੈ। ਜਾਪਦਾ ਐਉਂ ਹੈ ਕਿ ਆਪਣੇ ਮਨ ਨੂੰ ਕਹਿ ਰਹੇ ਹਨ, ਪਰ ਓਹ ਕਹਿੰਦੇ ਹੁੰਦੇ ਹਨ 'ਰਾਗ ਵਿਚ ਫਾਥੇ' ਜਗਤ ਨੂੰ ਉੱਚਾ ਵੈਰਾਗ ਲਾਉਣ ਲਈ।

ਵਡੀਆਂ ਵਿਦਿਆ ਦੇ ਦਾਨਿਆਂ ਨੇ ਉਪਦੇਸ਼ ਦੇ ਤ੍ਰੈ ਢੰਗ ਦੱਸੇ ਹਨ। ਇਕ ਹੈ 'ਓਹ ਕਰਕੇ' ਉਪਦੇਸ਼ ਕਰਨਾ, ਯਥਾ- 'ਓਹ ਜੋ ਝੂਠ ਬੋਲਦੇ ਹਨ ਮਾੜਾ ਕਰਦੇ ਹਨ।' ਇਕ ਸਾਹਮਣੇ ਖੜੇ ਨੂੰ 'ਤੂੰ ਕਰਕੇ' ਉਪਦੇਸ਼ ਕਰਦੇ ਹਨ-- ਯਥਾ-- 'ਤੂੰ ਭਾਈ! ਜੋ ਝੂਠ ਬੋਲਿਆ ਹੈ ਮਾੜਾ ਕੀਤਾ ਹੈ।' ਤੀਸਰਾ ਹੈ ਆਪਣੇ ਮਨ ਨੂੰ ਸੰਬੋਧਨ ਕਰਕੇ ਕਹਿੰਦੇ ਹਨ। ਕਹਿਣਾ ਤਾਂ 'ਮੈਂ' ਨੂੰ ਸੰਬੋਧਨ ਕਰਕੇ ਪਰ ਉਪਦੇਸ਼ ਹੋਣਾ ਸਾਂਝਾ 'ਓਹ' ਤੇ 'ਤੂੰ' ਲਈ। ਯਥਾ- 'ਹੇ ਮੇਰੇ ਮਨ! ਝੂਠ ਸਦਾ ਮਾੜਾ ਹੁੰਦਾ ਹੈ!'

ਅਜ ਗੁਰੂ ਨਾਨਕ ਦੇਵ ਜੀ ਦੀਆਂ ਸੁਹਲ-ਮਨ-ਤਰਬਾਂ ਨੇ ਹਰਨ ਦੀ ਇਹ ਕਿਸਮਤ ਵੇਖ ਕੇ ਜੋ ਵਿਸਮਾਦੀ ਰਾਗ ਅਲਾਪਿਆ ਉਹ ਉਪਰਲੀ ਤੀਸਰੀ ਭਾਂਤਿ ਦਾ ਸੀ, ਜੋ ਆਪ ਦੇ ਇਲਾਹੀ ਸੰਗੀਤਕ ਗਲੇ ਨੇ ਆਸਾ ਦੀ ਵੈਰਾਗ ਮਈ ਸੁਰ ਵਿਚ ਉਚਾਰਨ ਕੀਤਾ:-

**ਆਸਾ ਮਹਲਾ ੧ ਛੰਤ ਘਰੁ ੩**
**ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ॥**
**ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ॥**
**ਫਿਰਿ ਹੋਇ ਤਾਤਾ ਖਰਾ ਮਾਤਾ ਨਾਮ ਬਿਨੁ ਪਰਤਾਪਏ॥**

**ਓਹੁ ਜੇਵ ਸਾਇਰ ਦੇਇ ਲਹਰੀ ਬਿਜੁਲ ਜਿਵੈ ਚਮਕਏ॥**
**ਹਰਿ ਬਾਝੁ ਰਾਖਾ ਕੋਇ ਨਾਹੀ ਸੋਇ ਤੁਝਹਿ ਬਿਸਾਰਿਆ॥**
**ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਹਰਣਾ ਕਾਲਿਆ॥੧॥**

ਜਿਥੇ ਖੜੇ ਸ੍ਰੀ ਗੁਰੂ ਜੀ ਇਹ ਵੈਰਾਗ ਪੂਰਤ ਛੰਤ ਗਾਉਂ ਰਹੇ ਸਨ, ਉਸ ਤੋਂ ਥੋੜੀ ਦੂਰ ਇਕ ਸਾਧੂ ਵੀ ਖੜਾ ਸੀ। ਇਹ ਕਦੇ ਕੁਛ 'ਕਾਰਣ ਵੈਰਾਗੀ' ਹੋਕੇ ਘਰਬਾਰ ਛੱਡਕੇ ਅਤੀਤ ਹੋ ਗਿਆ ਸੀ ਤੇ ਇਸ ਬਨ ਦੇ ਲਾਗ ਵਸੋਂ ਦੇ ਨੇੜੇ ਕੁਟੀਆ ਪਾਕੇ ਰਹਿੰਦਾ ਸੀ। ਇਹ ਵਿਦਵਾਨ ਵੀ ਸੀ, ਕੁਛ ਤਪ ਵੀ ਕੀਤਾ ਸੀ ਪਰ ਮਾਇਆ ਪਿੱਛਾ ਨਹੀਂ ਛੋੜਦੀ, ਆਪਣੇ ਨਿਜ ਸੁਖ ਤੇ ਵਡਿਤ ਦੇ ਫੁਰਨੇ ਫੁਰਦੇ ਸੇ, ਇਸ ਲਈ ਲੋਕਾਂ ਵਿਚ ਵਡਾ ਬਣਨੇ ਦੇ ਉਪਰਾਲੇ ਕਰਦਾ ਸੀ। ਪਹਿਲਾਂ ਸਾਧਾਰਨ ਸਨ ਉਪਰਾਲੇ ਫੇਰ ਕੁਛ ਦੰਭ ਦੀ ਸ਼ਕਲ ਵੀ ਲੈ ਗਏ। ਇਸ ਨੇ ਜਦ ਮਿਠੀ ਮਿਠੀ ਸੁਰ ਵਿਚ ਦੈਵੀ ਗਾਇਨ ਸੁਣਿਆਂ ਤਾਂ ਧਿਆਨ ਦੇਕੇ ਸੁਣਿਆ। ਸੁਹਣੇ ਗਲੇ ਦੇ ਰਾਗ ਦਾ ਅਸਰ ਮਨ ਨੂੰ ਕੋਮਲ ਕਰ ਗਿਆ, ਸਚੇ ਵੈਰਾਗੀ ਦੇ ਵੈਰਾਗ ਦੀ 'ਵੈਰਾਗ-ਛੁਹ' ਲਗ ਗਈ, ਮਨ ਦਾ ਥਰ ਪੰਘਰ ਪਿਆ। ਬਿਦ ਦੇ ਅਰਥ ਭਾਵ ਨੇ ਆਪਣੇ ਅਵਗੁਣ ਅੱਖਾਂ ਅਗੇ ਲਿਆ ਦਿਤੇ; ਇਉਂ ਭਾਸਿਓ ਸੁ ਕਿ ਕੋਈ ਅਰਸ਼ਾਂ ਤੋਂ ਆਯਾ ਹੈ, ਮੈਨੂੰ ਸਮੋਧ ਕਰਨ ਵਾਸਤੇ। ਉਤਮ ਉਪਦੇਸ਼ ਦਾਤਾ ਕਹਿ ਤਾਂ ਨਿਜ ਮਨ ਨੂੰ ਰਿਹਾ ਹੈ, ਪਰ ਉਪਦੇਸ਼ ਮੈਨੂੰ ਕਰ ਰਿਹਾ ਹੈ।.....ਕਿਵੇਂ ਜਾਣ ਲਏ ਸੂ ਮੇਰੇ ਅਵਗੁਣ ਤੇ ਕਿਵੇਂ ਇਸ ਫਾਥੇ ਗਏ ਹਰਨ ਦਾ ਨਮੂਨਾ ਮਨ ਨਾਲ ਮੇਲਕੇ ਵੈਰਾਗ ਕੀਤਾ ਸੂ ਤੇ ਉਪਦੇਸ਼ ਮੈਨੂੰ ਦਿਤਾ ਸੂ ਕਿ ਹੇ ਮੇਰੇ ਮਨ ਸੰਭਲ ਤੇ ਤਜਾਗ ਦੇਹ ਪਕੜਾਂ ਤੇ ਬਨਾਵਟਾਂ।.....ਕਿਵੇਂ, ਹੇ ਮਨ! ਵੇਖ ਉਪਦੇਸ਼ ਹੋਇਆ ਹੈ ਤੈਨੂੰ ਕਿ ਹੇ ਕਾਲੇ ਹਰਨਾਂ ਵਾਂਗੂੰ ਅਪਣੇ ਅਭਿਮਾਨੀ ਰੰਗ ਵਿਚ ਰੰਗੇ ਹੋਏ ਸੰਸਾਰ ਵਿਚ ਲੁਭਿਤ ਮਨ! ਤੂੰ ਇਸ ਕਾਲੇ ਹਰਨ ਵਾਂਙੂੰ ਸੰਸਾਰਕ ਪਦਾਰਥਾਂ ਤੇ ਸਨੇਹਾਂ ਦੀ ਵਾੜੀ ਵਿਚ ਕਿਉਂ ਮਸਤ ਹੋਕੇ ਲਗ ਪਿਆ ਹੈਂ? ਭਲੇ ਬੁਰੇ! ਨੂੰ ਨਹੀਂ ਪਛਾਣਦਾ, ਪਾਪ ਪੁੰਨ ਨੂੰ ਨਹੀਂ ਸਿਆਣਦਾ, ਹਕ ਅਨਹਕ ਨੂੰ ਨਹੀਂ ਖਿਆਲਦਾ, ਜਿਥੇ ਲੁਭਾਇਮਾਨਤਾ(ਜਹਾ ਲੋਭੁ ਤਹ ਕਾਲੁ॥-ਸਲੋਕ ਭ:ਕਬੀਰ ਜੀ) ਦੇਖਦਾ ਹੈਂ, ਲੈਣ ਨੂੰ ਤੇ ਭੋਗਣ ਨੂੰ ਛਾਲ ਮਾਰ ਦੇਂਦਾ ਹੈਂ। ਦੇਖ ਹਰਨ ਨੂੰ ਕਰਤਾ ਪੁਰਖ ਨੇ ਬਨ ਵਿਚ ਪੈਦਾ ਕੀਤਾ ਤੇ ਬਨ

 www.sikhbookclub.com

ਦੇ ਨਰੋਏ ਘਾਹ ਬੂਟ ਤੇ ਨਿਰਮਲ ਵਗਦੇ ਪਾਣੀ ਦਿੱਤੇ ਤਾਂ ਉਹਨਾਂ ਨੂੰ ਛਡਕੇ ਉਹ ਪਰਾਈ ਵਾੜੀ ਦੇ ਖਾਣ ਦੇ ਰਸ ਵਿਚ, ਜਿਸ ਵਿਚ ਉਸਦਾ ਕੋਈ ਹੱਕ ਨਹੀਂ ਸੀ, ਜਾ ਵੜਿਆ। ਕੁਛ ਦਿਨ ਤਾਂ ਮੌਜ ਮਾਣੀ, ਅੰਤ ਫਾਹੀ ਵਿਚ ਫਸ ਗਿਆ। ਹੁਣ ਫਾਹੀ ਪੈ ਗਈ, ਉਹ ਮਿਠੀ ਖੇਤੀ ਜ਼ਹਰ ਹੋ ਢੁੱਕੀ। ਜ਼ਹਰ ਦਾ ਸੁਭਾਵ ਹੈ ਕਿ ਜੇ ਕਿਸੇ ਮਿਠੇ ਵਿਚ ਰਲਾਕੇ ਖਾ ਜਾਈਏ ਤਾਂ ਖਾਣ ਵੇਲੇ ਤਾਂ ਮਿਠਾ ਲਗਦਾ ਹੈ, ਪਰ ਅੰਦਰ ਜਾਕੇ ਤਪਸ਼, ਕਾਹਲ ਤੇ ਘਬਰਾ ਪੈਦਾ ਕਰਦਾ ਹੈ। ਇਸੀ ਤਰ੍ਹਾਂ ਹਰਨ ਨੇ ਜੋ ਅਵਿਹਤ ਵਸਤੂ ਖਾਧੀ ਜ਼ਹਰ ਹੋ ਢੁੱਕੀ ਹੈ, ਹੁਣ ਉਸਦੀ ਤਪਸ਼ ਤੇ ਘਬਰਾ ਉਸਦੀ ਜਾਨ ਖਾ ਰਹੇ ਹਨ। ਤਿਵੇਂ ਹੇ ਮਨ! ਜੋ ਕੁਛ ਕਿ ਤੇਰਾ ਹੱਕ ਹਲਾਲ ਦਾ ਹੈ, ਉਸਨੂੰ ਖਾਹ ਪੀ ਤੇ ਭੋਗ, ਉਹ ਖਾਣਾ ਅੰਮ੍ਰਿਤ ਹੋਵੇਗਾ। ਜੇ ਤੂੰ ਅਣਹੱਕੇ ਪਦਾਰਥ ਲਵੇਂਗਾ, ਖਾਵੇਂਗਾ ਤਾਂ ਤੂੰ ਜਾਣ ਲੈ ਕਿ ਉਸਦਾ ਫਲ ਦੁਖ ਹੋਵੇਗਾ, ਏਥੇ ਬੀ ਤੇ ਅੱਗੇ ਬੀ। ਤੇਰਾ ਹੀ ਮਨ ਤੈਨੂੰ ਵੱਢ ਵੱਢ ਖਾਵੇਗਾ, ਕਿ ਮੈਂ ਕਿਉਂ ਦੂਸਰਿਆਂ ਦੇ ਹੱਕ ਗੁਆਏ ਤੇ ਅਣਹੱਕੇ ਆਪ ਲਏ।

ਸਾਧੂ ਸੋਚੇ: ਹੇ ਮਨ! ਜੇ ਤੂੰ ਮਾਯਕ ਸਾਗਰ ਦੀਆਂ ਲਹਿਰਾਂ ਵਿਚ ਮਸਤ ਹੁੰਦਾ ਰਿਹਾ ਤੇ ਬਿਜਲੀ ਦੇ ਚਮਕਾਰੇ ਵਿਚ ਖਿਨਭੰਗ੍ਰੀ ਵਿਸ਼ੇ-ਸੁਖਾਂ ਦੀ ਲੁਭਾਇਮਾਨਤਾ ਵਿਚ ਭੁੱਲ ਕੇ ਰਚਦਾ ਰਿਹਾ ਤਾਂ ਇਕ ਦਿਨ ਪਸਚਾਤਾਪ ਤੈਨੂੰ ਖਾਏਗਾ।.....(ਸੋਚ ਕੇ) ਹੈਂ, ਕੀ ਆਖਿਆ ਨੇ ? ਸਮੁੰਦਰ ਲਹਿਰਾਂ ਮਾਰੇਗਾ ਤੇ ਬਿਜਲੀ ਵਾਂਗੂ ਕੁਛ ਚਮਕੇਗਾ, ਕਿਤੇ ਇਹ ਵੈਰਾਗੀ ਇਹ ਸੈਨਤ ਤਾਂ ਨਹੀਂ ਮਾਰ ਰਿਹਾ ਕਿ ਜਦੋਂ ਵੈਤਰਨੀ ਨਦੀ ਸਮੁੰਦਰ ਦੀਆਂ ਛੱਲਾਂ ਵਾਂਗੂੰ ਠਾਠਾਂ ਮਾਰੇਗੀ ਤੇ 'ਅਸਿਪੱਤ੍ਰ' ਵਾਲਾ ਨਰਕ ਬਿਜਲੀ ਦੀ ਲਿਸ਼ਕ ਮਾਰੇਗਾ('ਅਸਿਪੱਤ੍ਰ' ਪੁਰਾਣਾਂ ਵਿਚ ਇਕ ਨਰਕ ਦਾ ਨਾਮ ਹੈ ਜੋ ਤਪੀ ਧਰਤੀ ਤੇ ਹੈ, ਇਥੇ ਇਕ ਬਨ ਹੈ ਜਿਸਦੇ ਪੱਤੇ ਤਲਵਾਰ ਵਰਗੇ ਹਨ ਜੋ ਰਾਹੀਆਂ ਉਤੇ ਡਿਗ ਕੇ ਉਨ੍ਹਾਂ ਨੂੰ ਕਟ ਦੇਂਦੇ ਹਨ। ਓਹ ਚਮਕਦੇ ਬਹੁਤ ਹਨ।) ਓਸ ਵੇਲੇ ਹਰੀ ਬਿਨਾ ਤੇਰਾ ਰਾਖਾ ਕੋਈ ਨਹੀਂ ਹੋਣ ਲੱਗਾ। ਉਹ ਤੂੰ ਮਨੋ ਵਿਸਾਰ ਦਿੱਤਾ ਹੈ। ਉਸ ਨੂੰ ਚੇਤ, ਨਹੀਂ ਤਾਂ, ਹੇ ਮਨ! ਕਾਲੇ ਹਰਣ ਵਾਂਗੂ ਫਾਹੀ ਫਾਥਾ ਮਰੇਂਗਾ।.....ਹਾਂ ਸਚੀਂ, ਇਸ ਛੰਤ ਦੇ ਅਖੀਰ ਨਾਮ ਆਇਆ ਹੈ ਨਾਨਕ, 'ਸਚੁ ਕਹੈ ਨਾਨਕੁ'। ਇਹ ਨਾਨਕ ਹੈ ਆਪ, ਉਹ

ਨਾਨਕ, ਜੋ ਆਖਦੇ ਹਨ ਕਲਜੁਗ ਵਿਚ ਮੁਸ਼ਕਿਆ ਫਕੀਰ ਪ੍ਰਗਟ ਹੋਯਾ ਹੈ! ਜਿਸ ਦੀ ਸਚਾਈ ਤੇ ਸ਼ਕਤੀ ਦਾ ਲੋਹਾ ਹਿੰਦੂ ਮੁਸਲਿਮ ਸਾਰੇ ਮੰਨ ਰਹੇ ਹਨ! ਹੈਂ! ਕੀ ਇਹ ਉਹੋ ਹੈ? ਮਨਾ! ਇਹ ਸਮਾਂ ਨਾ ਗੁਆ, ਮਗਰ ਲਗ ਇਸ ਦੇ। ਤੇਰੀ ਜੋ ਹੁਣ ਜਾਗ ਖੁੱਲੀ ਹੈ, ਮਤਾਂ ਇਸ ਦੇ ਸੰਗ ਨਾਲ ਖੁਲੀ ਰਹੇ, ਫੇਰ ਨਾ ਮਾਯਕ ਨੀਂਦ ਵਿਚ ਗੜੂੰਦ ਹੋ ਜਾਵੇਂ। ਇਹ ਸੋਚ ਕੇ ਉਠ ਤੁਰਿਆ ਤੇ ਨੇੜੇ ਆ ਕੇ ਸਿਰ ਨਿਵਾ ਕੇ ਮੱਥਾ ਟੇਕਿਆ, ਫੇਰ ਹਥ ਜੋੜ ਖੜੋਤਾ ਤੇ ਬੋਲਿਆ:-

ਦਾਤਾ ਲੋਕ! ਸਚ ਗਾਵਿਆਂ ਨੇ। ਤੁਸਾਂ ਇਹ ਸਮੋਧ ਮੇਰੇ ਮਨ ਨੂੰ ਕੀਤਾ ਹੈ। ਤੁਸੀਂ ਕੋਈ ਪਰਮ ਉੱਤਮ ਲੋਕ ਹੋ ਜੋ ਸਮਝਾਉਂਦੇ ਸਾਡੇ ਵਰਗੇ ਮਾਇਆ ਫਾਹੀ ਵਿਚ ਫਾਥਿਆਂ ਨੂੰ ਹੋ ਅਤੇ ਜਾਪਦਾ ਐਉਂ ਹੈ ਕਿ ਸਮੋਧਦੇ ਅਪਣੇ ਮਨ ਨੂੰ ਪਏ ਹੋ, ਕਿ ਮੇਰੇ ਉਪਾਰ ਲਈ ਆਏ ਹੋ! ਰੱਖ ਲਓ, ਮੈਂ ਮਿਰਗ ਵਾਂਗੂ ਵਾਥਾ ਪਿਆ ਹਾਂ।

2.

ਗੁਰੂ ਜੀ ਆਪਣੇ ਵਿਸਮਾਦ ਵਿਚ ਮਗਨ ਸਨ, ਓਸ ਸਾਧੂ ਵਲ ਨਜ਼ਰ ਭਰ ਨਾ ਤੱਕੇ, ਨਾ ਕੁਝ ਬੋਲੇ। ਜਿਵੇਂ ਖੜੇ ਸਨ ਤਿਵੇਂ ਖੜੇ ਰਹੇ ਤੇ ਪਲ ਮਗਰੋਂ ਟੁਰ ਪਏ ਉਸੇ ਲਟਕ-ਲਟਬਉਰੀ ਲਟਕ ਵਿਚ ਟੁਰੀ ਗਏ।

ਕੁਛ ਦੂਰ ਨਿਕਲ ਗਏ ਤਾਂ ਇਕ ਛੰਭ ਆ ਗਿਆ। ਇਸ ਛੰਭ ਵਿਚ ਕਵਲ ਦੇ ਪੱਤੇ ਵਿਸਤ੍ਰਿਤ ਹੋ ਰਹੇ ਸਨ, ਜਿਵੇਂ ਕਿਸੇ ਨੇ ਚਿਟੇ ਚਿਟੇ ਪਾਣੀਆਂ ਵਿਚ ਸਾਵੀ ਮਖ਼ਮਲ ਦੇ ਗੋਲ ਗੋਲ ਟੁਕੜੇ ਕੱਟ ਕੇ ਵਿਛਾਏ ਹੋਏ ਹਨ। ਵਿਚ ਵਿਚ ਸੁਹਣੀ ਕਵਲ ਕਲੀਆਂ ਸਿਰ ਨਿਹੁੜਾਏ ਖੜੀਆਂ ਹਨ। ਕਿਤੇ ਇਹੋ ਜਿਹੀਆਂ ਕਲੀਆਂ ਸਿਰ ਸਿੱਧਾ ਕਰ ਕੇ ਮਾਨੋਂ ਅਕਾਸ਼ਾਂ ਵਲ ਰੁਚੀ ਉਭਾਰੀ ਖੜੀਆਂ ਹਨ! ਕਿਤੇ ਕਵਲ ਫੁਲ ਖਿੜ ਰਹੇ ਹਨ, ਕਿਤੇ ਕਵਲ ਖਿੜ ਪਏ ਹਨ ਜੋ ਕੱਲ ਖਿੜੇ ਸਨ, ਪਰ ਰਾਤ ਬੰਦ ਰਹੇ ਸਨ, ਹਾਂ, ਓਹ ਹੁਣ ਫਿਰ ਖਿੜ ਰਹੇ ਸਨ। ਇਹ ਸੁੰਦਰ ਦਰਸ਼ਨ, ਇਹ ਵਿਸਮਾਦੀ ਝਲਕ ਦੇਣ ਵਾਲੀ ਝਾਕੀ ਤੱਕ ਕੇ ਵਿਸਮਾਦ ਰਮੀਏ ਗੁਰੂ ਨਾਨਕ ਦੇਵ ਜੀ ਖੜੋ ਗਏ। ਤੱਕਦੇ ਰਹੇ ਤੇ ਤੱਕਦੇ ਰਹੇ, ਤੇ ਵਿਸਮਾਦ ਰਸ ਨਾਲ ਹੋਰ ਛਕਦੇ ਰਹੇ, ਕਿ ਇੰਨੇ ਨੂੰ ਇਕ ਕਵਲ ਦਾ ਫੁੱਲ ਜੋ ਕੰਢੇ ਦੇ ਨੇੜੇ ਵਾਰ ਸੀ ਖਿੜ ਪਿਆ। ਇਸ ਵਿਚ ਇਕ ਭਵਰਾ ਸੀ,

ਭਵਰਾ ਜੀਉਂਦਾ ਨਹੀਂ ਸੀ ਮੁਰਦਾ ਸੀ! ਹਵਾ ਰੁਮਕ ਰਹੀ ਸੀ, ਖਿੜੇ ਕਵਲ ਝੂਮ ਰਹੇ, ਤ੍ਰਿੱਖੇ ਬੁਲਿਆਂ ਨਾਲ ਉਲਟਵੀਂ ਟੇਢ ਲੈਂਦੇ ਸਨ ਜਿਸ ਨਾਲ ਓਸ ਕਵਲ ਦੀ ਗੋਦ ਵਿਚੋਂ ਮੋਯਾ ਭਉਰਾ ਪਾਣੀ ਵਿਚ ਜਾ ਪਿਆ; ਇਧਰ ਤਾਂ ਆਪ ਨੇ ਕਵਲ ਦੀ ਗੋਦ ਵਿਚ ਮੋਇਆ ਭਵਰਾ ਪਿਆ ਤੇ ਫਿਰ ਡਿਗਦਾ ਡਿੱਠਾ, ਓਧਰ ਖਿੜੇ ਕਵਲਾਂ ਉਤੇ ਹੋਰ ਭਵਰੇ ਉਡਦੇ ਬੈਠਦੇ ਤੇ ਕਵਲ ਦਾ ਮਕਰੰਦ ਰਸ ਲੈਂਦੇ ਦੇਖੇ(ਅਲੀਅਲ ਗੁੰਜਾਤ ਅਲੀਅਲ ਗੁੰਜਾਤ ਹੇ ਮਕਰੰਦ ਰਸ ਬਾਸਨ ਮਾਤ ਹੇ ਪ੍ਰੀਤਿ ਕਮਲ ਬੰਧਾਵਤ ਆਪ॥-ਆਸਾ ਮ:5 ਛੰਤ।)! ਇਹ ਦੁਇ ਨਜ਼ਾਰੇ ਦੇਖਕੇ ਵਿਸਮਾਦੀ ਰੰਗ ਵਿਚ ਖੜੇ ਗੁਰੂ ਜੀ ਦੇ ਅੰਦਰ ਫੇਰ ਇਕ ਡੂੰਘੇ ਵੈਰਾਗ ਦਾ ਝਲਕਾ ਵੱਜਾ, ਉਹੋ 'ਹਰਨ-ਦਰਸ਼ਨ' ਵੇਲੇ ਦਾ ਵਿਸਮਾਦੀ ਵੈਰਾਗ ਉਠ ਖੜੋਤਾ, ਜਗਤ ਨਿਸਤਾਰਨ ਵਾਲੇ ਦਾਤਾ ਜੀ ਫੇਰ ਬੋਲ ਪਏ; ਸੁਹਣੇ ਸੁਰੀਲੇ ਗਲੇ ਤੋਂ ਫੇਰ ਆਸਾ ਦੀ ਧੁਨਿ ਉਠੀ:-

**ਭਵਰਾ ਫੂਲਿ ਭਵੰਤਿਆ ਦੁਖੁ ਅਤਿ ਭਾਰੀ ਰਾਮ॥**
**ਮੈ ਗੁਰੁ ਪੂਛਿਆ ਆਪਣਾ ਸਾਚਾ ਬੀਚਾਰੀ ਰਾਮ॥**
**ਬੀਚਾਰਿ ਸਤਿਗੁਰੁ ਮੁਝੈ ਪੂਛਿਆ ਭਵਰੁ ਬੇਲੀ ਰਾਤਓ॥**
**ਸੂਰਜੁ ਚੜਿਆ ਪਿੰਡੁ ਪੜਿਆ ਤੇਲੁ ਤਾਵਣਿ ਤਾਤਓ॥**
**ਜਮ ਮਗਿ ਬਾਧਾ ਖਾਹਿ ਚੋਟਾ ਸਬਦ ਬਿਨੁ ਬੇਤਾਲਿਆ॥**
**ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਭਵਰਾ ਕਾਲਿਆ॥੨॥**
(ਆਸਾ ਮ: ੧)

ਇਹ ਗਾਯਨ ਅਤਿ ਦੇ ਵੈਰਾਗ ਦਾ ਸੀ। ਸਾਧੂ ਜੋ ਮਗਰ ਮਗਰ ਆ ਰਿਹਾ ਸੀ ਤੇ ਹੁਣ ਗੁਰੂ ਜੀ ਦੇ ਖੜੇ ਹੋਣ ਨਾਲ ਮਗਰੇ ਖੜਾ ਹੋ ਗਿਆ ਸੀ ਤੇ ਉਸ ਨੇ ਬੀ ਭੌਰੇ ਦਾ ਕੌਤਕ ਡਿੱਠਾ ਸੀ, ਪਰ ਉਸ ਕਉਤਕ ਨਾਲ ਉਸ ਉਤੇ ਵਿਸਮਾਦੀ ਰੰਗ ਦਾ ਵੈਰਾਗ ਨਹੀਂ ਸੀ ਉਪਜਿਆ; ਉਸ ਦਾ ਮੋਏ ਭਵਰੇ ਤੇ ਉਡਦੇ ਜੀਉਂਦੇ ਭਉਰੇ ਤੇ ਦੋਹਾਂ ਦਾ ਫਰਕ ਵਲ ਧਿਆਨ ਵੀ ਨਹੀਂ ਸੀ ਗਿਆ। ਪਰ ਗੁਰੂ ਜੀ ਦੇ ਵੈਰਾਗ ਭਰੇ ਗਾਇਨ ਤੇ ਸ਼ਬਦ ਦੇ ਭਾਵ ਨੇ ਉਸ ਨੂੰ ਹੋਸ਼ ਲਿਆ ਦਿਤੀ ਸੀ। ਉਹ ਵਿਦਵਾਨ ਸੀ, ਸਮਝ ਵਾਲਾ ਸੀ, ਕਸਰ ਸੀ ਤਾਂ ਇਹ ਕਿ ਆਪਣੇ ਅੰਦਰੋਂ ਮਾਇਆ ਦੀ

ਲੁਭਾਇਮਾਨਤਾ ਦੀ ਮੈਲ ਨੂੰ ਮਲੀਆਮੇਟ ਨਹੀਂ ਸੀ ਕਰ ਸਕਿਆ। ਇਧਰ ਸਾਹਿਬ ਛੰਭ ਕੰਢੇ ਗਾਉਂਦੇ ਰਹੇ ਤੇ ਉਹ ਹਥ ਜੋੜ ਕੇ ਪਿਛੇ ਖੜਾ ਸੁਣਦਾ ਰਿਹਾ ਤੇ ਸੱਚੇ ਵੈਰਾਗੀ ਦੀ ਵੈਰਾਗ ਸੁਰ ਨਾਲ ਛੋਹ ਲੈਂਦਾ ਵਿਰਾਗੀ ਹੋਂਦਾ ਰਿਹਾ; ਕੋਈ ਕੋਈ ਟੇਪਾ ਜਲ ਦਾ ਵੀ ਸਰੋਵਰ ਦੇ ਕੰਢੇ ਡਿਗਦਾ ਰਿਹੋਸੁ! ਸ਼ਬਦ ਸੁਣਕੇ ਸੋਚਣ ਲੱਗ ਪਿਆ:-

ਆਪ ਇਸ ਛੰਤ ਵਿਚ ਸਰਬ ਜੀਵਾਂ ਦੇ ਕਲਯਾਨ ਅਰਥ ਫੁਰਮਾ ਰਹੇ ਹਨ। ਪਰ ਨਹੀਂ, ਇਹ ਤਾਂ ਮੈਨੂੰ ਤਾਰਨ ਆਏ ਹਨ, ਮੈਨੂੰ ਸਮੋਧ ਕਰ ਰਹੇ ਹਨ, ਏਹ ਮੈਨੂੰ ਫੁਰਮਾ ਰਹੇ ਹਨ ਕਿ ਹੇ ਫੁਲਾਂ ਦੇ ਘੁੰਮਰ ਪਾਕੇ ਉਡ ਰਹੇ ਭਵਰੇ, ਰਸਾਂ ਦੇ ਲੋਭੀ! ਜਿਸ ਲੁਭਾਇਮਾਨਤਾ ਵਿਚ ਤੂੰ ਹੈਂ, ਉਸ ਦਾ ਫਲ ਦੁੱਖ ਹੈ, ਬਹੁਤ ਵਡਾ ਦੁੱਖ ਹੈ। ਦੇਖ ਤੂੰ ਤਾਂ ਇਸ ਵੇਲੇ ਅਪਣੇ ਜੋਬਨ ਮਤਾ, ਰਸ ਦੇ ਲੋਭ ਵਿਚ ਰੱਤਾ, ਇਸ ਫੁਲ ਤੇ ਬੈਠਣ ਨੂੰ ਤੇ ਮਕਰੰਦ ਰਸ ਲੈਣ ਤੇ ਪ੍ਰਾਗ ਸੁਗੰਧੀ ਸੁੰਘਣੇ ਨੂੰ ਪਰਮ ਸੁਖ ਮੰਨ ਰਿਹਾ ਹੈਂ, ਦੇਖ ਨਾਲ ਦੇ ਕਵਲ ਫੁਲ ਵਿਚ ਤੇਰੇ ਵਰਗਾ ਲੋਭੀ ਤੇਰਾ ਵੀਰ ਭਉਰਾ ਮੋਇਆ ਪਿਆ ਹੈ। ਹੇ ਭਵਰੇ ਜੇ ਤੂੰ ਬੀ ਇਸੇ ਰਸ ਮੱਤਾ ਸਾਰਾ ਦਿਨ ਰਿਹਾ ਤੇ ਕਵਲ ਵਿਚ ਬੈਠਾ ਰਸ ਮਾਣਦਾ ਰਿਹਾ ਤਾਂ ਰਾਤ ਵੇਲੇ ਕਵਲ ਨੇ ਬੰਦ ਹੋ ਜਾਣਾ ਹੈ, ਤੂੰ ਇਸ ਆਪਣੇ ਮੋਏ ਭਿਰਾ ਭਵਰੇ ਵਾਂਗੂ ਵਿਚੇ ਫਸ ਜਾਣਾ ਹੈ ਤੇ ਕਲ ਤੂੰ ਮੋਇਆ ਹੋਇਆ ਨਿਕਲਨਾ ਹੈਂ। ਹਾਂ ਸਵੇਰੇ ਜਦ ਸੂਰਜ ਚੜ੍ਹੇਗਾ ਕਵਲ ਖਿੜੇਗਾ ਤਾਂ ਤੇਰਾ ਮੋਇਆ ਸਰੀਰ ਪਾਣੀ ਵਿਚ ਡਿਗ ਪਵੇਗਾ। ਸੂਰਜ ਤਪੇਗਾ, ਛੰਭ ਦਾ ਜਲ ਨਾਲ ਤਪੇਗਾ ਤਦ ਤੇਰਾ ਸਰੀਰ ਤੱਤੇ ਤੇਲ ਵਿਚ ਪਏ ਸਰੀਰ ਵਾਂਗੂ ਤਪੇਗਾ।

ਹਾਂ ਹੇ ਮੇਰੇ ਮਨ ਸਿੱਖ, ਲੈ ਮਤ; ਹਾਂ ਹੇ ਮੇਰੇ ਮਨ! ਤੂੰ ਇਹ ਦੇਖ ਕੇ ਹੋਸ਼ ਕਰ, ਭਵਰੇ ਵਾਂਗੂੰ ਤੂੰ ਬੀ ਜੇ ਗ਼ਾਫਲੀ ਵਿਚ ਰਿਹਾ ਤੇ ਪਦਾਰਥਾਂ ਦੇ ਲੋਭ ਵਿਚ ਤੇ ਸੁਹਣਿਆਂ ਦੇ ਸਨੇਹ ਵਿਚ ਸਾਰੀ ਉਮਰ ਫਾਥਾ ਰਿਹਾ ਤੇ ਹੋਸ਼ ਨਾ ਕੀਤੀ ਤਾਂ ਦੁਖ ਪਾਏਂਗਾ। ਫੇਰ ਦੇਖੋ ਮੈਨੂੰ ਸਮਝਾ ਰਹੇ ਹਨ ਕਿ ਇਹ ਨਿਰਾ ਮੇਰਾ ਹੀ ਵੀਚਾਰ ਨਹੀਂ ਜੋ ਭਵਰੇ [‘ਬੇਲਿ’ ਨਾਮ ਕਟੋਰੇ ਦਾ ਹੈ। ਬੇਲੀ ਨਾਮ ਗੋਲ ਛੋਟੀ ਕਟੋਰੀ ਦਾ ਹੈ, ਜੋ ਕਮਲ ਦੇ ਆਕਾਰ ਦੀ ਹੁੰਦੀ ਹੈ। ਅਸਲ ਵਿਚ ‘ਬੇਲਿ’ ਨਾਮ ‘ਕਮਲ’ ਦਾ ਸੀ। ਕਮਲ ਦੇ ਆਕਾਰ ਦੀ ਹੋਣ ਕਰਕੇ ਕਟੋਰੇ ਕਟੋਰੀ ਦਾ ਨਾਮ ‘ਬੇਲਿ’ ਯਾ ‘ਬੇਲੀ’

 www.sikhbookclub.com

ਪੈ ਗਿਆ। ਭਾਈ ਗੁਰਦਾਸ ਜੀ ਲਿਖਦੇ ਹਨ: 'ਸਾਗਰ ਅਥਾਹ ਜੈਸੇ ਬੇਲੀ ਮਹਿ ਸਮਾਈਐ' ਅਰਥਾਤ ਸਮੁੰਦਰ ਜਿਵੇਂ 'ਛੋਟੇ ਕਟੋਰੇ' ਵਿਚ ਸਮਾ ਲਈਏ। ਅਜ ਕਲ ਗੋਲ ਕਟੋਰੀ ਨੂੰ 'ਕੌਲ' ਕਹਿੰਦੇ ਹਨ; ਕੌਲ ਨਾਮ ਕਟੋਰੀ ਦਾ ਨਹੀਂ ਪਰ ਕਮਲ ਦੇ ਆਕਾਰ ਦੀ ਗੁਲਿਆਈ ਕਰਕੇ 'ਕੌਲ' ਨਾਮ ਕਟੋਰੀ ਦਾ ਪੈ ਗਿਆ ਹੈ। ਪੰਜਾਬੀ ਵਿਚ ਕਮਲ ਫੁਲ ਨੂੰ 'ਕੌਲ' ਫੁਲ ਬੋਲਦੇ ਹਨ। ਸੋ ਹੁਣ ਕੌਲ ਨਾਮ ਕਮਲ ਦਾ ਬੀ ਹੈ ਤੇ ਕਟੋਰੀ ਦਾ ਬੀ (ਯਾ ਗੋਲ ਪਿਆਲੀ ਦਾ ਬੀ) ਹੈ। ਇਸੇ ਤਰ੍ਹਾਂ 'ਬੇਲਿ' ਨਾਮ ਕਮਲ ਦਾ ਬੀ ਸੀ ਤੇ ਗੋਲ ਕਟੋਰੀ ਦਾ ਬੀ ਸੀ। (ਅ) ਉਞ ਬੇਲੀ ਪਦ ਦੀ ਸੈਨਤ ਦਾਸ਼ਟਾਂਤ ਵਲ ਵੀ ਹੋ ਸਕਦੀ ਹੈ ਕਿ ਭਉਰਾ ਤਾਂ ਕਮਲਾਂ ਵਿਚ ਰਤਾ ਹੈ, ਤੇ ਜੀਵ ਇਸਤ੍ਰੀ ਵਿਚ, ਬੇਲੀ (ਸੰਸਕ੍ਰਿਤ, ਵੇਲਿ) ਇਸਤ੍ਰੀ ਦਾ ਨਾਮ ਬੀ ਹੈ। (ੲ) ਬੇਲੀ ਨਾਮ 'ਮਿਤ੍ਰ' ਦਾ ਵੀ ਹੈ;] ਦਾ ਦੁਖ ਦੇਖ ਕੇ ਤਰਸ ਖਾਕੇ ਕਿ ਭੈ ਖਾਕੇ ਮੈਨੂੰ ਉਪਜਿਆ ਹੈ, ਮੈਂ ਅਪਣੇ ਸਚੀ ਵੀਚਾਰ ਵਾਲੇ ਗੁਰੂ ਤੋਂ ਬੀ ਕਦੇ ਪੁੱਛਿਆ ਸੀ, ਤਾਂ ਸਚੀ ਵੀਚਾਰ ਵਾਲੇ ਗੁਰੂ ਨੇ ਦੱਸਿਆ ਸੀ ਜੋ ਪੁਰਖ ਭੋਗਾਂ ਵਿਚ ਤੇ ਪਦਾਰਥਾਂ ਆਦਿ ਦੇ ਲੋਭ ਵਿਚ ਹੀ ਰਚਿਆ ਰਹੇਗਾ ਹੇ ਮਿਤ੍ਰ! ਜਦੋਂ ਮੌਤ ਦਾ ਸੂਰਜ ਚੜ੍ਹੇਗਾ, ਅੰਦਰ ਦੀਆਂ ਸਹੇੜੀਆਂ ਅਸਲੀਅਤਾਂ ਖੁੱਲ੍ਹਣਗੀਆਂ। ਸਰੀਰ ਤਾਂ ਮੁਰਦਾ ਹੋਇਆ ਹੋਵੇਗਾ। ਤਦ ਆਪਣੇ ਕੀਤੇ ਕਰਮਾਂ ਦੇ ਪਸਚਾਤਾਪ ਦਾ ਤਾਲ ਤਪ ਉਠੇਗਾ ਤੇ ਆਤਮਾ ਨੂੰ ਘੁੱਟ ਨੱਪ ਦੇਣ ਵਾਲੇ ਯਮਾਂ ਦੇ ਯਮ ਮਾਰਗ ਵਿਚ ਬੱਧਾ ਹੋਇਆ ਜੀਵ ਚੋਟਾਂ ਖਾਏਗਾ। ਮੈਨੂੰ ਕਹਿ ਰਹੇ ਹਨ: ਤੇਰੀ ਅਵਸਥਾ ਤਦੋਂ ਭੂਤਾਂ ਵਾਲੀ ਹੋਵੇਗੀ। ਭੂਤ ਬ੍ਰਿਤੀ ਖਿੰਡਾਉ ਵਿਚ ਹੁੰਦੀ ਹੈ, ਤੂੰ ਬੀ ਸੁਰਤ ਦੇ ਖਿੰਡਾਉ ਵਿਚ ਹੋਵੇਂਗਾ, ਕਿਉਂਕਿ ਸਾਰੀ ਉਮਰ ਜੋ ਖਿੰਡਾਉ ਬ੍ਰਿਤੀ ਦਾ ਅਭਯਾਸ ਹੁੰਦਾ ਰਿਹਾ ਸੀ। ਜੀਉਂਦੇ ਜੀ ਸ਼ਬਦ ਦੀ ਸੰਭਾਲ ਕਰਦਾ ਤਾਂ ਹੁਣ ਬੀ ਬ੍ਰਿਤੀ ਏਕਾਗ੍ਰਤਾ ਵਿਚ ਹੁੰਦੀ। ਨਾਮ ਤਾਂ ਤੇਰੇ ਪਾਸ ਹੋਵੇਗਾ ਨਹੀਂ, ਸੋ ਤੇਰੀ ਭੂਤ ਅਵਸਥਾ ਹੋਵੇਗੀ। ਹੇ ਮਨ! ਸਚ ਕਹਿੰਦਾ ਹਾਂ ਤੈਨੂੰ, ਹੁਣ ਹੋਸ਼ ਕਰ, ਸਿਮਰ ਲੈ ਸਾਈਂ ਨੂੰ, ਤਾਂ ਤੂੰ ਉਸ ਭਵਰੇ ਵਾਂਗੂੰ ਨਹੀਂ ਮਰੇਂਗਾ।

ਮੈਨੂੰ ਹੀ ਮਤਿ ਦੇ ਰਹੇ ਹਨ ਨਾਂ! ਪਰ ਇਹ ਕੀ ਆਖਿਆ ਨੇ– ਸਬਦ, ਨਾਮ, ਚੇਤ। ਉੱਦਮ ਕਰਾਂ, ਪੁੱਛਾਂ ਕਿ ਬਚਾਉ ਦਾ ਰਾਹ 'ਸਬਦ,


www.sikhbookclub.com

ਨਾਮ, ਭੇਤ' ਉਚਾਰ ਰਹੇ ਹੋ, ਇਸ ਦਾ ਕੁਛ ਭੇਤ ਖੋਲ੍ਹਕੇ ਸਮਝਾ ਦਿਓ, ਮੋਟੇ ਅਰਥ ਤਾਂ ਮੈਂ ਕੁਛ ਜਾਣਦਾ ਹਾਂ, ਪਰ ਇਹ ਇਸ ਪਰ ਖਾਸ ਜ਼ੋਰ ਦੇ ਰਹੇ ਹਨ.....। ਪੁੱਛਾਂ ?.....। ਅਗੇ ਹੋਇਆ, ਪਰ ਸਹਿਮ ਗਿਆ, ਪੁੱਛਣ ਦਾ ਹੁਣ ਹੀਆ ਨਾ ਪਿਆ, ਪਰ ਖਿੱਚ ਡਾਢੀ ਪਈ ਤੇ ਪਰੇ ਨਾ ਹੋਇਆ ਜਾਵੇ!

3.

ਸ੍ਰੀ ਗੁਰੂ ਜੀ ਇਹ ਛੰਤ ਗਾਉਂਦੇ ਉਸੇ ਵੈਰਾਗੀ ਰੰਗ ਵਿਚ ਅੱਗੇ ਟੁਰ ਪਏ ਤੇ ਇਸ ਛੰਭ ਦੇ ਪਾਰਲੇ ਕੰਢੇ ਜਾ ਖੜੋਤੇ। ਇਥੋਂ ਫੇਰ ਟੁਰ ਗਏ ਤਾਂ ਇਕ ਨਦੀ ਦੇ ਕਿਨਾਰੇ ਜਾ ਖੜੋਤੇ। ਉਹ ਸਾਧੂ ਬੀ ਮਗਰੇ ਮਗਰ ਟੁਰਦਾ ਗਿਆ ਮਾਨੋ ਕਿਸੇ ਨੇ ਗਲੇ ਰੱਸੀ ਪਾਈ ਹੈ ਜੋ ਦੀਹਦੀ ਨਹੀਂ, ਪਰ ਧੂਹੀ ਲਈ ਜਾਂਦੇ ਹੈ। ਹਾਂ ਕੋਈ ਦਿਲੀ ਖਿੱਚ ਪੈ ਗਈ ਹੈ ਜੋ ਖਿੱਚੀ ਲਈ ਜਾ ਰਹੀ ਹੈ। ਉਸ ਦਾ ਚਿਤ ਕਰੇ ਕਿ ਇਸ ਅਨੂਠੇ ਵੈਰਾਗੀ ਨਾਲ ਦੋ ਗਲਾਂ ਕਰਾਂ, ਦਿਲ ਦਾ ਭਾਰ ਹੌਲਾ ਕਰਾਂ; ਹਾਂ ਇਸ ਤਾਸੀਰ ਵਾਲੇ ਗਾਯਕ ਪਾਸੋਂ ਦਵਾਈ ਪੁੱਛਾਂ!

ਪਰ ਦਾਤਾ ਜੀ ਨੇ ਰੁਖ਼ ਨਾ ਕੀਤਾ ਤੇ ਆਪਣੇ ਰੰਗ ਤੁਰੀ ਗਏ ਤੇ ਹੁਣ ਜਾ ਦਰਯਾ ਕੰਢੇ ਖੜੇ ਹੋ ਗਏ। ਓਥੇ ਇਕ ਹੋਰ ਖੇਲ ਵਰਤ ਰਿਹਾ ਸੀ। ਝੀਵਰ ਨੇ ਇਕ ਜਾਲ ਨਦੀ ਵਿਚ ਸੁਟਿਆ ਸੀ ਤੇ ਹੁਣ ਜਾਲ ਨੂੰ ਖਿੱਚਕੇ ਬਾਹਰ ਕੱਢਕੇ ਜਾਂ ਛੰਡਿਆ ਤਾਂ ਅਨੇਕਾਂ ਮੱਛ ਮੱਛੀਆਂ ਧਰਤੀ ਤੇ ਪੈਕੇ ਤੜਫਨ ਲੱਗ ਪਈਆਂ, ਪਰ ਬੇਤਰਸ ਝੀਵਰ ਉਨ੍ਹਾਂ ਦੀ ਤੜਫਨੀ ਤੋਂ ਬੇਪਰਵਾਹ ਉਨ੍ਹਾਂ ਨੂੰ ਕੂੜੇ ਵਾਂਙੂ ਮੇਲਕੇ ਟੋਕਰੇ ਵਿਚ ਪਾਕੇ ਲੈ ਗਿਆ। ਜਨਮ ਸਾਖੀ ਵਿਚ ਲਿਖਿਆ ਹੈ ਕਿ "ਇਹ ਤਮਾਸ਼ਾ ਸ੍ਰੀ ਗੁਰੂ ਨਾਨਕ ਦੇਵ ਜੀ ਦੇਖ ਕਰ ਬਹੁਤ ਬਿਸਮਾਦ ਦੇ ਘਰ ਮੇਂ ਆਇ ਗਏ ਤੇ (ਮਨੋ ਮਨ) ਆਖਣ ਲੱਗੇ: ਕਿਥੇ ਏਹ ਮਛੀਆਂ ਸਨ ਅਸਗਾਹ ਜਲ ਵਿਚ ਅਰ ਕਿਥੇ ਇਹ ਝੀਵਰ ਸੀ।" ਇਉਂ ਦੀ ਹਿਰਾਨੀ ਤੇ ਅਸਚਰਜ ਵਿਚ ਅਗੇ ਹੀ "ਬਿਸਮਾਦੀ ਵਿਰਾਗ" ਵਾਲੇ ਰੰਗ ਵਿਚ ਟੁਰੇ ਆ ਰਹੇ ਸਨ, ਹੁਣ ਗੁਰੂ ਜੀ ਹੋਰ ਉਚੇ ਵਿਸਮਾਦੀ ਰੰਗ ਵਿਚ ਚੜ੍ਹ ਗਏ, ਫੇਰ ਜੀਵਾਂ ਦੀ ਕਲਜਾਨ ਦੀ ਮੇਹਰ ਵਿਚ ਆ ਗਏ, ਤੇ ਜਗਤ ਦੀ ਗਾਫਲੀ ਤੇ ਦੁਖ ਤੇ ਤਰਸਾਂ ਵਾਲੇ ਵਿਰਾਗ ਮਈ ਉਪਦੇਸ਼ ਵਿਚ ਆਸਾ ਦੀ ਮਿਠੀ ਸੁਰ

ਨਾਲ ਫੇਰ ਬੋਲ ਪਏ, ਹਾਂ ਐਸੀ ਖੁਸ਼ ਸੁਰ ਵਿਚ ਗਾਵੇਂ ਕਿ ਪੰਛੀ ਵੀ ਸੁਣਨ ਨੂੰ ਖੜੇ ਹੋ ਜਾਣ:-

**ਮੇਰੇ ਜੀਅੜਿਆ ਪਰਦੇਸੀਆ ਕਿਤੁ ਪਵਹਿ ਜੰਜਾਲੇ ਰਾਮ॥**
**ਸਾਚਾ ਸਾਹਿਬੁ ਮਨਿ ਵਸੈ ਕੀ ਫਾਸਹਿ ਜਮਜਾਲੇ ਰਾਮ॥**
**ਮਛੁਲੀ ਵਿਛੁੰਨੀ ਨੈਣ ਰੁੰਨੀ ਜਾਲੁ ਬਧਿਕਿ ਪਾਇਆ॥**
**ਸੰਸਾਰੁ ਮਾਇਆ ਮੋਹੁ ਮੀਠਾ ਅੰਤਿ ਭਰਮੁ ਚੁਕਾਇਆ॥**
**ਭਗਤਿ ਕਰਿ ਚਿਤੁ ਲਾਇ ਹਰਿ ਸਿਉ ਛੋਡਿ ਮਨਹੁ ਅੰਦੇਸਿਆ॥**
**ਸਚੁ ਕਹੈ ਨਾਨਕੁ ਚੇਤਿ ਰੇ ਮਨ ਜੀਅੜਿਆ ਪਰਦੇਸੀਆ॥੩॥**

ਇਹ ਸੱਦ ਲਾਕੇ ਅਰਸ਼ੀ ਦਾਤਾ ਜੀ ਨਦੀ ਕੰਢੇ ਹੀ ਇਕ ਸੁੱਕੇ ਥਾਂ ਬਹਿ ਗਏ, ਥੋੜੀ ਦੂਰ ਉਹ ਸਾਧੂ ਬੀ ਬਹਿ ਗਿਆ। ਇਕ ਤਾਂ ਉਸ ਉਤੇ ਵੈਰਾਗ ਵਾਲੀ ਧੁਨਿ ਦਾ ਅਸਰ ਹੋਇਆ, ਦੂਜੇ ਜੋ ਭਾਵ ਸੀ ਛੰਤ ਵਿਚ, ਓਹ ਵੈਰਾਗ ਮਈ ਤੇ ਯਥਾਰਥ ਉਪਦੇਸ਼ ਦਾ ਸੀ, ਉਸ ਪਰ ਬੀ ਕੁਛ ਉਚੇਰਾ ਉਚੇਰਾ ਭਾਵ ਛਾ ਗਿਆ। ਗਾਵਣਹਾਰ ਦੀ ਵਜਕਤੀ ਨਾਲ ਖਿਚ ਵਧੇਰੇ ਪੈ ਗਈ ਤੇ ਉਸਦੀ ਸਿਫਤ ਸਲਾਹ ਅੰਦਰ ਵੜਨ ਲਗ ਪਈ। ਮਨ ਹੀ ਮਨ ਆਖੇ: ਵਾਹ ਇਸ ਦਾਤੇ ਦਾ ਮਨ! ਮਛੀਆਂ ਦੀ ਨਿਤ ਵਰਤ ਰਹੀ ਦਸ਼ਾ ਦੇਖਕੇ ਕੀਕੂੰ ਦ੍ਰਵੇ ਹਨ। ਬੱਧਕ ਦੇ ਜਾਲ ਨੂੰ ਕੀਕੂੰ ਲਿਆ ਨੇ। ਦ੍ਰਵੇ ਸਨ ਮਛੀਆਂ ਦੀ ਬੇਬਸੀ ਤੇ ਉਨ੍ਹਾਂ ਦੇ ਅੰਤ ਉਤੇ, ਦ੍ਰਵ ਗਏ ਹਨ ਨਾਲ ਜਗਤ ਜੀਵਾਂ ਦੀ ਅਚੇਤਤਾਈ, ਗਾਫਲੀ ਤੇ ਨਿਰਭੈ ਜੀਵਨ ਬਸਰ ਕਰਨ ਉਤੇ। ਮਛੀਆਂ ਦੀ ਤੜਫਣੀ ਤੇ ਕਿਸੇ ਕਿਸੇ ਦੀ ਅੱਖ ਵਿਚੋਂ ਜਲ ਦੇ ਸਮਾਏ ਟੇਪੇ ਢਹਿੰਦੇ ਦੇਖਕੇ ਕੀਕੂੰ ਉਸਨੂੰ ਗਾਫਲ ਜੀਵਾਂ ਦੇ ਅੰਤ ਸਮੇਂ ਦੇ ਪਸਚਾਤਾਪ ਵਿਚ ਲੈ ਲਿਆ ਨੇ। ਫਿਰ ਕਿਵੇਂ ਜਗਤ ਜੀਵਾਂ ਨੂੰ ਸਮੋਧ ਕਰਨ ਦੀ ਥਾਵੇਂ ਆਪਣੇ ਆਪ ਤੇ ਉਲਟ ਪਏ ਹਨ ਤੇ ਆਪਣੇ ਮਨ ਨੂੰ ਸਮੋਧ ਕਰਦੇ ਹਨ, ਕਿਸ ਸੁੰਦਰਤਾ ਨਾਲ ਆਪਣੇ ਮਨ ਨੂੰ ਪਰਦੇਸੀ ਆਖਦੇ ਹਨ। ਇਹ ਜ਼ਰੂਰ ਸਾਈਂ ਦੇ ਦੇਸ਼ ਅੱਪੜੇ ਹੋਏ ਹਨ। ਅੱਪੜੇ ਹੋਏ ਨਹੀਂ, ਉਹ ਤਾਂ ਇਨ੍ਹਾਂ ਦਾ ਆਪਣਾ ਸ੍ਵਦੇਸ਼ ਹੈ ਤੇ ਏਥੇ ਏਹ ਸਾਡੇ ਜੇਹੇ ਅਧਮ ਜੀਵਾਂ ਨੂੰ ਰਾਹੇ ਪਾਉਣ ਆਏ ਹਨ। ਠੀਕ ਪ੍ਰਦੇਸੀ ਹਨ, ਇਸ ਦੁਨੀਆਂ ਨੂੰ ਤਦੇ ਪਰਦੇਸ਼ ਪ੍ਰਤੀਤ ਕੀਤਾ ਨੇ ਕਿ ਮੈਂ

ਆਪਣਾ ਦੇਸ਼ ਛਡਕੇ ਕਿਸ ਪਰਾਏ ਦੇਸ਼ ਵਿਚ ਆ ਗਿਆ ਹਾਂ। ਜਿਥੇ ਮੇਰੇ ਸੁਦੇਸ਼ ਵਾਲਾ 'ਪ੍ਰਭੂ-ਪਜਾਰ' ਲੋਕਾਂ ਵਿਚ ਹੈ ਨਹੀਂ। ਇਕੋ 'ਪਰਦੇਸੀਆ' ਪਦ ਕਹਿਕੇ ਸਾਨੂੰ ਕਿਵੇਂ ਜਣਾ ਦਿਤਾ ਨੇ ਕਿ ਭਾਈ ਤੁਸਾਂ ਏਥੇ ਸਦਾ ਨਹੀਂ ਰਹਿਣਾ, ਏਥੇ ਉਸ ਤਰ੍ਹਾਂ ਰਹੋ ਜਿਵੇਂ ਕਿ ਪਰਾਏ ਦੇਸ਼ ਵਿਚ ਕੋਈ ਜਾਕੇ ਸੁਹਣੇ ਦਿਨ ਗੁਜ਼ਾਰਦਾ ਹੈ ਪਰ ਓਥੇ ਫਸ ਨਹੀਂ ਮਰਦਾ। ਫਿਰ ਸਾਡੇ ਪ੍ਰਤੀ ਜਣਾ ਰਹੇ ਹਨ ਕਿ ਜਗਤ ਜੰਜਾਲ ਹੈ, ਇਸ ਜਾਲ ਵਿਚ ਨਾ ਫਸੋ। ਫਿਰ ਦੁਹਰਾਕੇ ਕਿਹਾ ਨੇਕੀ, - ਫਾਸਹਿ ਜਮਜਾਲੇ'। ਭਾਈ! ਨਾ ਫਸੋ ਸੰਸਾਰ ਦੀ ਮਾਯਾ ਵਿਚ, ਜਿਸਨੂੰ ਮੋਹ ਦੁਆਰਾ ਮਿੱਠਾ ਸਮਝਕੇ ਤੁਸੀਂ ਫਸਦੇ ਹੋ। ਪਰ ਇਸਦਾ ਅੰਤ ਭਲਾ ਨਹੀਂ। ਇਹ ਮਿੱਠੇ ਵਿਚ ਫਸਣਾ ਜਮ ਦੇ ਜਾਲ ਵਿਚ ਫਸਣਾ ਹੈ। ਜਿਵੇਂ ਮੱਛੀ ਜਾਲ ਵਿਚ ਫਸੀ ਹੋਈ ਨਹੀਂ ਜਾਣਦੀ ਕਿ ਫਸੀ ਮੈਂ ਹਾਂ

**ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ॥**
**ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ॥**
**ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ॥੧॥**
**ਭਾਈ ਰੇ ਇਉ ਸਿਰਿ ਜਾਣਹੁ ਕਾਲੁ॥**
**ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ॥੧॥ਰਹਾਉ॥**
(ਸਿਰੀ ਰਾਮ ਮ:੧)

ਪਰ ਜਦ ਝੀਵਰ ਜਾਲ ਮੇਲਕੇ ਖਿਚਦਾ ਹੈ ਤਾਂ ਹੋਸ਼ ਆਉਂਦੀ ਹੈ ਕਿ ਜਾਲ ਵਿਚ ਫਾਥੀ ਪਈ ਹਾਂ। ਇਸੀ ਤਰ੍ਹਾਂ ਜੀਵ ਨੂੰ ਮਰਨ ਸਮੇਂ ਤੇ ਮਰਕੇ ਹੋਸ਼ ਆਉਂਦੀ ਹੈ ਕਿ ਜਿਸ ਮੋਹ ਮਾਯਾ ਵਿਚ ਅਚੇਤ ਤੇ ਅਚਿੰਤ ਰਹੇ, ਓਹ ਅਸੀਂ ਜਮ ਦੇ ਜਾਲ ਵਿਚ ਆਪ ਹੀ ਫਸਦੇ ਰਹੇ ਸਾਂ। ਫੇਰ ਦਾਰੂ ਵੀ ਦੱਸ ਦਿਤਾ ਨੇ ਕਿ- "ਸਾਚਾ ਸਾਹਿਬੁ ਮਨਿ ਵਸੈ।" ਇਸ ਮਨ ਵਿਚ ਸਾਹਿਬ ਦੇ ਵਸਣੇ ਨੂੰ ਕਿਸ ਸਾਹਿਤਜਕ ਸੁੰਦਰਤਾ ਨਾਲ ਖੋਹਲ ਵੀ ਦਿਤਾ ਨੇ, 'ਛੋਡਿ ਮਨਹੁ ਅੰਦੇਸਿਆ': ਅੰਦੇਸੇ ਛਡਕੇ ਭਗਤੀ ਕਰ। ਭਗਤੀ ਦਾ ਰੂਪ ਕੀਹ ਦਸਿਆ ਨੇ- 'ਚਿਤੁ ਲਾਇ ਹਰਿ ਸਿਉ।' ਹਰਿ ਸਿਉ ਚਿਤ ਲਾਉਣ ਦਾ ਵੱਲ ਕੀਹ ਹੈ? ਤਾਂ ਦੱਸ ਦਿਤਾ ਨੇ: ਚੇਤਿ ਟੇ ਮਨ-ਹੇ ਮੇਰੇ ਮਨ ਉਸ ਨੂੰ ਯਾਦ ਕਰ। ਹਛਾ ਮਨਾ! ਦੇਖ ਸਾਰਾ ਉਪਦੇਸ਼

 www.sikhbookclub.com

ਅਪਣੇ ਮਨ ਤੇ ਲਾਕੇ ਆਖ ਦਿੱਤਾ ਨੇ, ਜਗਤ ਨੂੰ ਸਮੋਧ ਕੀਤਾ ਨੇ, ਪਰ ਨਹੀਂ, ਤੂੰ ਸਮਝ ਕਿ ਤੈਨੂੰ ਉਪਦੇਸ਼ ਦਿਤਾ ਨੇ ਕਿ ਜਾਹ ਭਾਈ, ਸਾਡੇ ਮਗਰ ਨਾ ਪਉ ਤੇ ਜੋ ਕੰਮ ਅਸਾਂ ਕਿਹਾ ਹੈ ਕਰ।

.....ਹੱਛਾ! ਕੀਹ ਇਹ ਸਮਝਕੇ ਮੁੜ ਜਾਵਾਂ? ਨਹੀਂ, ਮੇਰੇ ਮਨ! ਮਗਰੇ ਮਗਰ ਟੁਰ। ਇਹ ਕੋਈ ਬੜਾ ਪਹੁੰਚ ਵਾਲਾ ਹੈ, ਇਸ ਅਗੇ ਆਪਣੀਆਂ ਮਨ ਦੀਆਂ ਨਿਤਾਣਤਾਈਆਂ ਕਹੁ ਤੇ ਖਾਸ ਅਪਣੇ ਲਈ ਦਾਰੂ ਮੰਗ। ਇਸਦੀ ਮਿਹਰ ਮੰਗ, ਇਸਦੀ ਸਹਾਇਤਾ ਮੰਗ। ਦੇਖ ਇਸ ਦੇ ਹਰ ਛੰਤ ਵਿਚ ਨਾਉਂ ਆਉਂਦਾ ਹੈ- ਨਾਨਕ- ਇਹ ਉਹੋ ਨਾਨਕ ਤਾਂ ਨਹੀਂ, ਜਿਸ ਦੀ ਉਪਮਾਂ ਜਗਤ ਵਿਚ ਉਭਰ ਰਹੀ ਹੈ? ਐਡਾ ਤਾਸੀਰ ਵਾਲਾ, ਐਡਾ ਮਰਮੀ ਦਿਲ ਵਾਲਾ ਹੋਰ ਕੌਣ ਹੋ ਸਕਦਾ ਹੈ?.....ਮਤਾਂ ਉਸਦਾ ਕੋਈ ਸਿਖ ਹੋਵੇ, ਜਿਸ ਨੇ ਉਸਦੇ ਛੰਤ ਯਾਦ ਕੀਤੇ ਹੋਣ ਤੇ ਸਮੇਂ ਸਮੇਂ ਸਿਰ ਗਾਉਂ ਰਿਹਾ ਹੋਵੇ!.....ਧੱਤ ਮੇਰੇ ਮਨ! ਓਹੋ ਸੰਸੇ ਬ੍ਰਿਤੀ! ਹੈਂ? ਇਵੇਂ ਹੀ ਨਿਸਚੇ ਦੇ ਘਰ ਤੋਂ ਧੱਕੇ ਖਾਂਦੇ ਰਹਿਣ ਨਾਲ ਤੂੰ ਆਪਣਾ ਜੀਵਨ ਗ੍ਰਿਹਸਤ ਵਿਚੋਂ ਕੱਢ ਕੇ ਬੀ ਫੇਰ ਮੋਹ ਮਾਯਾ ਵਿਚ ਫਸਾ ਲਿਆ। ਹਾ! ਹਾ! ਮਾਨੁਖ ਨੂੰ ਸੰਸੇ ਬ੍ਰਿਤੀ ਖਾ ਜਾਂਦੀ ਹੈ।.....ਭਲਾ ਬਈ ਜੇ ਚੇਲਾ ਬੀ ਹੈ ਉਸਦਾ, ਤਾਂ ਰਸੀਆ ਹੈ ਤੇ ਉਚੀ ਪਹੁੰਚ ਵਾਲਾ ਹੈ। ਐਸੇ ਤਰੇ ਹੋਏ ਚੇਲੇ ਦੇ ਮਗਰ ਲਗਣਾ ਬੀ ਸੁਭਾਗ ਹੈ। ਦੇਖ ਸੋਚ ਕਰ, ਛੋਟੀਆਂ ਕੂਲ੍ਹਾਂ ਕਦੇ ਦਰਯਾਵਾਂ ਵਿਚ ਅੱਪੜ ਸਕਦੀਆਂ ਹਨ? ਉਹ ਆਪਣੇ ਤੋਂ ਵਡੀ ਕੂਲ੍ਹ ਵਿਚ ਆਪ ਨੂੰ ਸਟਦੀਆਂ ਹਨ, ਉਹ ਉਸ ਤੋਂ ਵਡੀ ਵਿਚ, ਇਉਂ ਨਿਕੀਆਂ ਤੋਂ ਨਿਕੀਆਂ ਕੂਲ੍ਹਾਂ ਨਦੀ ਵਿਚ ਜਾ ਪੈਂਦੀਆਂ ਹਨ, ਨਦੀ ਸਭ ਨੂੰ ਲੈ ਕੇ ਸਮੁੰਦਰ ਵਿਚ ਅਪੜ ਪੇਂਦੀ ਹੈ। ਜੇ ਇਹ ਨਾਨਕ ਤਪੇ ਦਾ ਚੇਲਾ ਬੀ ਹੈ ਤਾਂ ਸੁਘੜ ਚੇਲਾ ਹੈ, ਇਸ ਨੂੰ ਮਿਲ ਪਉ, ਇਹ ਤੈਨੂੰ ਉਸ ਨਾਨਕ ਪਾਸ ਲੈ ਜਾਏਗਾ, ਜਿਸ ਨੂੰ ਨਿਰੰਕਾਰੀ ਆਖਦੇ ਹਨ! ਹਾਂ, ਨਾਨਕ ਤੈਨੂੰ ਨਿਰੰਕਾਰ ਪਾਸ ਲੈ ਜਾਏਗਾ। ਆਖਦੇ ਹਨ ਬੜਾ ਉਪਕਾਰੀ ਹੈ।.....

ਮਨ! ਸ਼ਰਮ ਕਿਉਂ? ਤੂੰ ਸਾਧੂ ਹੈਂ। ਲਟਾਕੇ ਛੱਡਕੇ ਫੇਰ ਅਣਹੋਏ ਲਟਾਕਿਆਂ ਵਿਚ ਫਸਿਆ ਹੈਂ! ਸਚ ਸਚ ਚੱਲ ਕੇ ਆਖ ਦੇਹ ਇਸੇ ਨੂੰ, ਜੇ ਇਹ ਚੇਲਾ ਹੈ ਤਾਂ ਬੀ, ਜੇ ਆਪ ਹੈ ਤਾਂ ਬੀ। ਇਹ ਨਿਸਚੇ ਜਾਣ

ਲੈ ਕਿ ਜਿਸ ਦੀ ਬਾਣੀ ਇਹ ਗਾਂਵੀਂ ਗਈ ਹੈ, ਉਸ ਬਾਣੀ ਦਾ ਕਰਤਾ ਨਾਨਕ ਹੈ ਤੇ ਉਹ ਕਰਤਾ ਜ਼ਰੂਰ ਨਿਰੰਕਾਰ ਵਿਚ ਲੀਨ ਹੈ ਤੇ ਜਗਤ ਵਿਚ ਉਪਕਾਰ ਖ਼ਾਤਰ ਵਿਚਰ ਰਿਹਾ ਹੈ। ਓਹੋ ਤੇਰੇ ਜੇਹੇ ਜਿਲ੍ਹਣ ਫਾਥੇ ਨੂੰ ਕੱਢ ਸਕੇਗਾ। ਕਿਸੇ ਘਟੀਆ ਪਾਸੋਂ ਤੇਰਾ ਛੁਟਕਾਰਾ ਨਹੀਂ ਬਣ ਆਉਣਾ।

ਇਸ ਤਰ੍ਹਾਂ ਦੀਆਂ ਵਿਚਾਰਾਂ ਮਨ ਨਾਲ ਕਰਦਾ ਸਾਧੂ ਬੈਠਾ ਰਿਹਾ! ਕੁਛ ਕਾਲ ਮਗਰੋਂ ਗੁਰ ਨਾਨਕ, ਜਿਸਦਾ ਸਾਰਾ ਬ੍ਰਹਮੰਡ ਸ੍ਵਦੇਸ਼ ਹੈ ਤੇ ਜੋ ਸਦਾ ਅਦੇਸ਼ ਵਿਚ ਵਸਦਾ ਹੈ, ਪਰ ਮੋਹ ਮਾਇਆ ਦੇ ਦੇਸ਼ ਵਿਚ ਪਰਦੇਸੀ ਹੈ, ਫੇਰ ਉਸੇ ਵੈਰਾਗੀ ਵਿਸਮਾਦ ਦੇ ਰੰਗ ਉਠ ਟੁਰਿਆ। ਨਦੀ ਦੇ ਕੰਢੇ ਕੰਢੇ ਵਿਚਰਦਾ ਕੁਛ ਦੂਰ ਲੰਘ ਗਿਆ, ਪਰ ਪਰਤ ਕੇ ਨਾ ਡਿੱਠੋਸੁ ਕਿ ਕੋਈ ਮਗਰ ਆ ਰਿਹਾ ਹੈ।

ਉਹ ਸਾਧੂ ਨਿਮੋਝਾਣ ਪਰ ਇੰਜ ਖਿੱਚੀਂਦਾ ਜਿਵੇਂ ਚੁੰਬਕ ਦੇ ਮਗਰ ਲੋਹਾ ਖਿੱਚੀਂਦਾ ਹੈ, ਸਹਿਜੇ ਸਹਿਜੇ ਤੁਰੀ ਗਿਆ ਤੇ ਨਾਲ ਨਾਲ ਟੁਰੀ ਗਈ ਰੁਮਕੇ ਰੁਮਕੇ ਠੰਢੀ ਠੰਢੀ ਮਿੱਠੀ ਮਿੱਠੀ ਰਿਵੀ।

4.

ਕੁਛ ਦੂਰ ਜਾ ਕੇ ਆਪ ਕੀ ਦੇਖਦੇ ਹਨ ਕਿ ਚੜ੍ਹਦੇ ਸਾਵਣ ਜੋ ਹੜ੍ਹ ਆਏ ਸਨ, ਉਨ੍ਹਾਂ ਦੇ ਜ਼ੋਰ ਕਰ ਕੇ ਇਸ ਨਦੀ ਦਾ ਇਕ੍ਹ ਬੰਨਾ ਖਹਿ ਕੇ ਵਹਿ ਗਿਆ ਹੈ ਤੇ ਉਸ ਪਾਸਿਓਂ ਨਦੀ ਦਾ ਇਕ ਰੌਂ ਬਾਹਰ ਨੂੰ ਵੱਖਰਾ ਹੋ ਤੁਰ ਪਿਆ ਹੈ। ਉਸ ਨੇ ਵਹਿ ਵਹਿ ਕੇ ਇਤਨੀ ਮਿੱਟੀ ਕੰਢੇ ਦੀ ਖਾਰ ਲਈ ਹੈ ਕਿ ਹੁਣ ਵਖਰਾ ਵਾਹਿੜਾ ਹੋ ਕੇ ਨਦੀ ਦੇ ਰੌਂ ਰੁਖ ਤੋਂ ਵੱਖਰੇ ਪਾਸੇ ਨੂੰ ਵਹਿ ਰਿਹਾ ਹੈ। ਇਹ ਕੁਦਰਤੀ ਕਉਤਕ ਦੇਖ ਕੇ ਸਧਾਰਣ ਜਗਤ ਹੋਣੀ ਸਮਝ ਕੇ, ਵਾਹਿੜੇ ਦਾ ਵਖ ਰੌ ਤੁਰ ਪੈਣਾ ਤੇ ਨਦੀ ਤੋਂ ਖੱਬੇ ਹੱਥ ਦੇ ਰੁਖ ਵਲ ਟੁਰਨਾ ਇਕ ਸਧਾਰਨ ਗਲ ਵਾਂਙੂ ਬਿਨਾਂ ਗਉਲੀ ਗਲ ਹੋਕੇ ਗੁਰੂ ਨਾਨਕ ਦੇਵ ਦੇ ਹਿਰਦੇ ਤੋਂ ਐਵੇਂ ਨਾ ਲੰਘ ਗਈ। ਨਾਜ਼ਕ ਦਿਲ ਦੀਆਂ ਤਰਬਾਂ ਕਿਸੇ ਮਰਮੀ ਪ੍ਰੀਤ ਦੀ ਮਿਜ਼ਰਾਬ ਨਾਲ ਬੋਲ ਪਈਆਂ। ਵਾਹੇ ਦਾ ਵਿਛੜ ਜਾਣਾ ਦੇਖ ਕੇ ਮਰਮੀ ਵਿਛੋੜਾ ਵੇਗ ਲੈ ਆਯਾ ਬਿਰਹੇ ਜਾਣਾ ਦੇਖ ਕੇ ਮਰਮੀ ਵਿਛੋੜਾ ਵੇਗ ਲੈ ਆਯਾ ਬਿਰਹੇ ਪੀੜਾ ਦਾ:-ਹਾਂ, ਅਸੀਂ ਜੀਵਨ ਦੇ ਵਿਸ਼ਾਲ ਤੇ ਅਨੰਦ ਰੂਪ ਦਰਯਾ ਨਿਰੰਕਾਰ ਤੋਂ ਵਿਛੜੇ ਹਾਂ, ਵਗਦੇ ਵਗਦੇ ਮੋਹ ਮਾਯਾ ਦੇ ਦੇਸ਼ ਆ ਗਏ ਹਾਂ, ਹੇ ਮੇਰੇ ਵਹਿਦਤ


www.sikhbookclub.com

ਦੇ ਦਰਯਾ! ਹੇ ਮੇਰੇ ਰੱਬ ਲਾ ਸ਼ਰੀਕ, ਹੇ ਮੇਰੇ ਅਦੁਤੀ ਜੀਵਨ ਰਊ ਦੇ ਮਹਾਂਨਦ!ਅਸੀਂ ਤੈਥੋਂ ਵਿਛੜੇ ਹਾਂ, ਹੁਣ ਮੇਲਾ ਕਦ ਹੋਵੇਗਾ? ਹਾਇ ਮਾਲਕ! ਹਾਇ ਮੇਰੇ, ਮੇਰੇ, ਮੇਲਾ ਕਦ ਹੋਵੇਗਾ? ਹਾਇ ਮਾਲਕ! ਹਾਇ ਮੇਰੇ, ਮੇਰੇ, ਮੇਰੇ ਮਾਲਕ! ਹੁਣ ਕੀਹ ਮੇਲੇ ਸੰਜੋਗਾਂ ਨਾਲ ਹੋਣਗੇ? ਕਦੋਂ, ਕੀਕੂੰ, ਕਿੱਥੇ, ਹਾਂ ਕਿੱਥੇ ਤੇ ਕਦੋਂ? ਇਹ ਵਾਹਿੜਾ ਕਿਤੇ ਫੇਰ ਭਉਂ ਚਉਂ ਕੇ ਨਦੀ ਨੂੰ ਮਿਲ ਪਵੇਗਾ ਕਿ ਅੰਤ ਸਮੁੰਦਰ ਵਿਚ ਜਾ ਕੇ ਹੀ ਮਿਲੇਗਾ, ਕਿ ਰਸਤੇ ਵਿਚ ਰੇਤੇ ਹੀ ਇਸ ਨੂੰ ਪੀ ਜੀਉਰ ਜਾਣਗੇ? ਹਾਂ! ਕੀਹ ਇਹ ਜੀਵ ਹਰ ਜੁਗ ਵਿਚ ਤੈਥੋਂ ਵੱਖਰਾ ਹੀ ਵਗਦਾ ਟੁਰੇਗਾ? ਹਰ ਜੁਗ ਵਿਚ ਜ਼ਹਿਰ ਮਿਠੇ ਦੇ ਭੁਲੇਵੇ ਖਾਂਦਾ ਰਹੇਗਾ, ਕੀ ਇਹ ਭਰਮ ਵਿਚ ਹੀ ਭੁੱਲਾ ਵਾਹਿੜੇ ਵਾਂਙ ਰੇਤ ਥਲਿਆਂ ਵਿਚ ਟੁਰਿਆ ਰਹੇਗਾ, ਤੇ ਅਚੇਤ ਰਹਿ ਕੇ ਮੂਰਖਤਾ ਵਿਚ ਫਾਥਾ ਪਚਦਾ ਹੀ ਰਹੇਗਾ, ਦੁਖੀ ਹੁੰਦਾ ਸੜਦਾ ਰਹੇਗਾ ਤੇ ਅੰਤ ਸਮੇਂ ਢਾਹਾਂ ਮਾਰ ਮਾਰ ਕੇ ਰੋਂਦਾ ਰਹੇਗਾ? ਕਦੋਂ ਇਸ ਵਿਛੁੜੇ ਵਾਹਿੜੇ-ਜੀਵ-ਦਾ ਆਪ ਨਾਲ ਮੇਲਾ ਹੋਵੇਗਾ? ਕੌਣ ਜਾਣਦਾ ਹੈ? ਕਰਤਾਰ! ਹਾਂ, ਕਰਤਾ ਪੁਰਖ ਜਾਣਦਾ ਹੈ, ਯਾ ਉਹ ਜਾਣਦਾ ਹੈ ਜੋ ਕਰਤਾ ਪੁਰਖ ਨਾਲ ਜੁੜਿਆ ਜੋਗੀ ਹੈ।

ਇਸ ਪ੍ਰਕਾਰ ਦਾ ਇਕ ਮਨੋਂ ਵੇਗ ਬਿਜਲੀ ਦੇ ਲਿਸ਼ਕਾਰੇ ਵਾਂਙੂ ਆਪ ਦੇ ਕੋਮਲ ਭਾਵਾਂ ਦੀ ਵੀਣਾ ਵਰਗੇ ਸਦਾ ਸੁਰ ਹੋਏ ਮਨੋਸਾਜ਼ ਦੇ ਵਿਚ ਦੀ ਲੰਘਿਆ। ਵਾਹੇ ਦਾ ਵਿਛੋੜਾ ਮਾਨੁਖ ਦਾ ਸਾਈਂ ਨਾਲ ਵਿਛੋੜਾ ਹੋ ਭਾਸਿਆ ਤਦ ਫੇਰ ਆਸਾ ਦੀ ਭਿੰਨੀ ਭਿੰਨੀ ਵੈਰਾਗ ਭਰੀ ਸੁਰ ਛਿੜ ਪਈ ਤੇ ਉਚਾਰ ਹੋਇਆ:-

**ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ॥**
**ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ॥**
**ਕੋਈ ਸਹਜਿ ਜਾਣੈ ਹਰਿ ਪਛਾਣੈ ਸਤਿਗੁਰੂ ਜਿਨਿ ਚੇਤਿਆ॥**
**ਬਿਨੁ ਨਾਮ ਹਰਿ ਕੇ ਭਰਮ ਭੂਲੇ ਪਚਹਿ ਮੁਗਧ ਅਚੇਤਿਆ॥**
**ਹਰਿ ਨਾਮੁ ਭਗਤਿ ਨ ਰਿਦੈ ਸਾਚਾ ਸੇ ਅੰਤਿ ਧਾਹੀ ਰੁੰਨਿਆ॥**
**ਸਚੁ ਕਹੈ ਨਾਨਕੁ ਸਬਦਿ ਸਾਚੈ ਮੇਲਿ ਚਿਰੀ ਵਿਛੁੰਨਿਆ॥੪॥੧॥੫॥**

ਇਹ ਦਿਲ-ਖਿੱਚਵੀਂ ਸੁਰ ਵਿਚ ਗਾਉਂਦੇ ਗਾਉਂਦੇ ਆਪ ਦੇ ਨੈਣ ਮੁੰਦ ਗਏ ਤੇ ਜਿਥੇ ਖੜੇ ਸਨ ਮਲਕੜੇ ਬੈਠ ਗਏ।


www.sikhbookclub.com

ਸਾਧੂ ਜੋ ਮਗਰ ਖੜਾ ਸੀ ਉਹ ਬੀ ਬੈਠ ਗਿਆ। ਉਸ ਪਰ ਹੁਣ ਹੋਰ ਡੂੰਘਾ ਅਸਰ ਪਿਆ, ਹੈਰਾਨ ਹੋ ਹੋ ਸੋਚੇ: ਸਾਧਾਰਨ ਗਲ ਹੈ, ਕੱਸੀਆਂ ਨਾਲਿਆਂ ਦਾ ਨਦੀਆਂ ਵਿਚ ਆਕੇ ਪੈਣਾ, ਯਾ ਕਿਸੇ ਥਾਵੋਂ ਵਾਹੜਿਆਂ ਦਾ ਵੱਖ ਹੋ ਕੇ ਨਵੇਂ ਪਾਸੀਂ ਵਹਿ ਤੁਰਨਾ; ਪਰ ਇਸ ਦ੍ਰਿਸ਼ਜ ਨੇ ਕਿਸ ਅਸਚਰਜਤਾ ਵਿਚ, ਕਿਸ ਵਿਸਮਯ ਭਾਵ ਵਿਚ ਇਸ ਸੁਹਣੇ ਨੂੰ ਚੁੱਕਿਆ ਹੈ? ਅਤੇ ਕਿਸ ਵੈਰਾਗ ਵਿਚ ਪਾਯਾ ਹੈ। ਏਹ ਕਿਸ ਤਰ੍ਹਾਂ ਆਪਣੇ ਕਿਸੇ ਉਚੇ ਵਿਛੋੜੇ ਨੂੰ ਲੈ ਕੇ ਦ੍ਰਵੀਭੂਤ ਹੋ ਗਏ ਹਨ। ਚਾਹੋ ਜ਼ਾਹਿਰਾਂ ਤਾਂ ਜੋ ਕੁਛ ਕਿਹਾ ਨੇ ਅਪਣੇ ਤੇ ਆਪਣੇ ਆਪ ਨੂੰ ਕਿਹਾ ਨੇ, ਪਰ ਮੈਨੂੰ ਹੁਣ ਤਾਂ ਸਾਮਰਤਖ ਹੋ ਗਿਆ ਹੈ ਕਿ ਮੈਨੂੰ ਤੇ ਹਾਂ ਮੈਨੂੰ ਖੁੱਭਣ ਵਿਚੋਂ ਕੱਢ ਲੈਣ ਲਈ ਮਾਫ ਉਪਦੇਸ਼ ਦਿਤਾ ਨੇ। ਅਸੀਂ ਜੀਵ ਬੀ ਭਗਵੰਤ ਤੋਂ ਵਿਛੁੜੇ ਹਾਂ। ਹੁਣ ਮੇਲਾ ਕਦੋਂ? ਸੰਜੋਗਾਂ ਨਾਲ। ਸੰਜੋਗਾਂ ਦਾ ਵੇਲਾ ਕਿਹੜਾ ਹੋਇਆ? ਮਨੁੱਖਾ ਜਨਮ ਕਿ ਕੋਈ ਹੋਰ? ਪਰ ਅਸੀਂ ਇਹ ਮਨੁੱਖਾ ਜਨਮ ਕਈ ਵੇਰ ਗੁਆਉਂਦੇ ਰਹੇ ਹਾਂ। ਹਰ ਜਨਮ ਵਿਚ ਮਿੱਠੇ ਦੇ ਲਾਲਚ ਵਿੱਸ ਖਾਂਦੇ ਰਹੇ ਹਾਂ, ਭਰਮਾਂ ਵਿਚ ਭੁੱਲੇ ਰਹੇ ਹਾਂ, ਕੀ ਅਸੀਂ ਸਾਧੂ ਹੋਏ, ਜੋਗੀ ਹੋਏ? ਨਹੀਂ, ਅਸੀਂ ਮੂਰਖ ਹੋਏ ਤੇ ਅਚੇਤ ਤੇ ਗਾਫਲ ਹੋਏ ਤੇ ਹਰ ਜਨਮ ਦੇ ਅੰਤ ਢਾਹਾਂ ਮਾਰ ਮਾਰ ਰੋਂਦੇ ਰਹੇ, ਪਰ ਕਦੇ ਵਿਛੁੜੇ ਵਾਹਿੜੇ ਵਾਂਙੂ ਫੇਰ ਦਰਯਾ ਨੂੰ ਨਾ ਮਿਲੇ, ਪਰ ਨਾ ਮਿਲੇ।.....ਵਾਹ ਸੁਹਣਿਆਂ!.....ਵਾਹ ਵਾਹ.....।

ਹੇ ਅਗੰਮ ਦੇ ਰਸੀਏ! ਹੁਣ ਇਸ ਛੰਤ ਵਿਚ ਤਾਂ ਸਾਰਾ ਰਾਹੇ ਪਾ ਦਿਤਾ ਹਈ। ਕਿਸ ਬਿਰਹ-ਪੀੜਾ ਨਾਲ ਦੱਸਿਆ ਈ ਕਿ ਹੁਣ ਸੰਜੋਗਾਂ ਦਾ ਵੇਲਾ ਹੈ, ਇਸ ਵਿਛੁੜੇ ਮਨ ਨੂੰ ਭਗਵੰਤ ਨਾਲ ਮੇਲ ਲੈਣ ਦਾ। ਹਾਂ ਕਿਸੇ ਜੁੜੇ ਹੋਏ ਜੋਗੀ ਨੂੰ ਮਿਲੋ, ਉਹ ਸਾਰੇ ਭੇਤ ਨੂੰ ਜਾਣਦਾ ਹੈ.....ਹੈਂ! ਆਹੋ ਠੀਕ ਹੈ, ਹੇ ਜੁੜ ਹੋਏ ਦਾਤਾ! ਤੇਰੇ ਸਿਵਾ ਐਸਾ ਜੋਗੀ ਕਿਹੜਾ ਹੈ? ਮੇਰੇ ਵਰਗੇ ਅਨੇਕਾਂ ਹਨ ਜੋ ਆਪ ਡੁੱਬ ਰਹੇ ਹਨ ਤੇ ਹੋਰਨਾਂ ਨੂੰ ਡੋਬ ਰਹੇ ਹਨ।.....ਭੇਤ? ਹੈਂ? ਭੇਤ ਭੂਤ ਸਾਨੂੰ ਕੀਹ ਪਤਾ, ਤੈਨੂੰ ਪਤਾ ਹੋਸੀ, ਤੈਨੂੰ ਪਤਾ ਹੈ ਜੋ ਸੁਰ ਹੋਈ ਵੀਣਾਂ ਵਾਂਙੂ ਹਰਜ਼ਰਖ ਨਾਲ ਸੰਗੀਤ ਹੋ ਬੋਲਦਾ ਹੈਂ। ਹਾਂ ਤੂੰਹੀ ਜੋਗੀ ਹੈਂ ਜਾਣਨ ਵਾਲਾ, ਤੂੰ ਹੀ ਹੈਂ ਦੱਸਣ ਵਾਲਾ। ਦੱਸ ਫੇਰ.....। ਦੱਸ ਦਿੱਤਾ ਹਈ ਦਾਤਾ! ਹੁਣ ਤਾਂ ਦੱਸ ਦਿਤਾ ਹਈ:-'ਨਾਮ' ਫੜੋ। ਉਸ ਨਾਲ ਮਾਯਾ ਵਿਸ ਦੇ ਮਿੱਠੇ ਲੱਗਣ ਦਾ ਭਰਮ

ਦੂਰ ਹੋਵੇਗਾ, ਫ਼ਿਰ ਹਰੀ ਪਛਾਣ ਹੋਵੇਗਾ, ਫੇਰ ਸਹਜ ਦੀ ਪਛਾਣ ਹੋਵੇਗੀ। 'ਸਹਜ' ਕੀ ਹੋਇਆ? 'ਸਹਜ' ਕੀ ਹੋਇਆ? ਇਸ ਬਿਰਹ ਕੁੱਠੇ ਜੋਗੀ ਦੀ ਕੋਈ ਨਵੀਂ ਖੇਡ ਹੋਣੀ ਹੈ। ਇਹ ਪੁੱਛਣਾਂ ਪੁਛਿਆਂ ਹੀ ਸੂਛਤਾ ਮਿਲੇਗੀ। ਪਰ ਹਰੀ ਨਾਮ ਦੀ ਹਿਰਦੇ ਵਿਚ ਸੱਚੀ ਭਗਤੀ ਦਾ ਉਪਦੇਸ਼ ਦਿਤਾ ਨੇ ਤੇ ਹਿਰਦੇ ਨੂੰ ਸਚਾ ਬਨਾਉਣ ਦੀ ਸਿੱਖਿਆ ਸੁਣਾਈ ਨੇ.....। ਓਹ ਹੋ! ਮੇਰੇ ਵਿਚ ਨਾ ਹਰੀ ਦੇ ਨਾਮ ਵਾਲੀ ਭਗਤੀ ਦਾ ਵਾਸਾ ਹੈ, ਨਾ ਮੇਰੇ ਹਿਰਦੇ ਵਿਚ ਸੱਚ ਦਾ ਨਿਵਾਸ ਹੈ! ਜਪ ਤਪ ਕੀਤਾ ਹੈ, ਗ੍ਰਿਹਸਤ ਨਾਲ ਵੈਰਾਗ ਕੀਤਾ ਹੈ, ਪਰ ਫੇਰ ਅਪਣੇ ਐਸ਼੍ਰਰਜ ਬਨਾਉਣ ਦੀ ਮੋਹ ਮਾਯਾ ਛਾ ਗਈ ਹੈ। ਉਹੀ ਵਿੱਸ ਫੇਰ ਮਿਠੀ ਲੱਗਣ ਲਗ ਪਈ ਹੈ। ਆਏ ਗਏ-ਨਾਲ ਕੁਛ ਨਾ ਕੁਛ ਪਲਾਲ ਕਰ ਲਈਦਾ ਹੈ। ਨਹੀਂ ਨਹੀਂ, ਮਾਫ ਗਲ ਇਹ ਹੈ ਕਿ ਉਨ੍ਹਾਂ ਨਾਲ ਤੇ ਆਪਣੇ ਆਪ ਨਾਲ ਦੰਭ ਕਰੀਦਾ ਹੈ। ਮਨਾ! ਅਪਣੇ ਨਾਲ ਤਾਂ ਛਲ ਨਾ ਕਰ।

ਮੈਂ ਤਪੀ ਹਾਂ, ਜਪੀ ਹਾਂ, ਹਾਂ, ਕਦੇ ਆਪਨੂੰ ਪਹੁੰਚੇ ਹੋਏ ਬੀ ਸਮਝ ਬਹੀਦਾ ਹੈ। ਫੇਰ ਅੰਦਰ ਇਹੋ ਰਹਿੰਦਾ ਹੈ ਕਿ ਲੋਕ ਵਡਾ ਸਮਝਣ, ਝੁਕਣ। ਰਾਜੇ ਕਹਿਣ ਕਿ ਇਹ ਜੋਗੀ ਹੈ। ਪਰਜਾ ਕਹੇ ਕਿ ਕਰਾਮਾਤੀ ਹੈ। ਚਿਤ ਵਿਚ ਅਭਿਮਾਨ ਹੈ। ਲੋਕਾਂ ਨਾਲ ਕੀਹ, ਦੂਸਰੇ ਸਾਧੂਆਂ ਨਾਲ ਬੀ ਅੰਦਰ ਈਰਖਾ ਲੁਕੀ ਬੈਠੀ ਹੈ, ਦੂਏ ਦਾ ਐਸ੍ਰਰਜ ਸੁਣਕੇ ਦਿਲ ਵਿਚ ਕਸਤ ਉਠਦਾ ਹੈ। ਸੂਗ ਕਹੋ, ਗਿਲਾਨੀ ਕਹੋ, ਹੇ ਮਨ! ਨਫਰਤ ਕਹੋ, ਇਹ ਵਿਸ ਬੀ ਅੰਦਰ ਹੈ। ਆਪਨੂੰ ਗਜਾਨੀ ਸਮਝ ਬਹੀਦਾ ਹੈ! ਗਜਾਨੀ ਤਾਂ ਤਾਤ ਰਹਿਤ ਹੁੰਦਾ ਹੈ। ਬਹਾਨੇ ਬਣਾਈਦੇ ਹਨ ਕਿ ਫਲਾਣੇ ਵਿਚ ਅਹੁ ਔਗੁਣ ਹੈ, ਇਸ ਕਰਕੇ ਉਸ ਤੋਂ ਸੂਗ ਕਰਦੇ ਹਾਂ। ਪਰ ਕੀਹ ਹੋਰਨਾਂ ਦੇ ਅਵਗੁਣਾਂ ਵਿਚ ਅਸੀਂ ਹਿੱਸੇਦਾਰ ਨਹੀਂ। ਸਾਰੇ ਜੀਵ ਤਾਣੇ ਪੇਟੇ ਵਤ ਉਲਝੇ ਪਏ ਹਨ। ਹਰੇਕ ਦਾ ਅਵਗੁਣ ਦੂਸਰਿਆਂ ਤੇ ਅਸਰ ਰਖਦਾ ਹੈ, ਤਾਂਤੇ ਖਿਮਾਂ ਦੇ ਘਰ ਵੱਸਣਾ ਚਾਹੀਏ। ਕੀਹ ਜਾਣੀਏ ਕੌਣ ਭਲਾ ਹੈ ਤੇ ਕੌਣ ਨਹੀਂ, ਕਰਤਾਰ ਜੋਖਦਾ ਹਾੜਦਾ ਹੈ, ਉਹ ਜਾਣਦਾ ਹੈ। ਜੋਖਣਾ ਕੰਮ ਉਸਦਾ ਹੈ! ਸਾਡਾ ਕੰਮ ਆਪਨੂੰ ਜੋਖਣਾ ਹਾੜਣਾ ਹੈ.....। ਪਰ ਦੇਖੋ ਅਜ ਹੀ ਇਸ ਕਰਾਮਾਤੀ ਦਰਸ਼ਨ ਮੇਲੇ ਨਾਲ ਆਪਣੇ ਅਵਗੁਣ ਅਵਗੁਣ ਹੋ ਭਾਸੇ ਹਨ। ਅਵਗੁਣ ਆਪ ਸਹੇੜੇ, ਅੰਦਰ ਲੁਕਾਏ, ਰੋਗ

 www.sikhbookclub.com

ਹੋ ਢੁਕੇ। ਹਾਂ, ਹੁਣ ਦਿੱਸੇ ਹਨ ਕਿ ਏਹ ਰੋਗ ਹਨ, ਇਹ ਜੋਤਿਮਯ ਵਯਕਤੀ ਨੇ ਕੇਹੀ ਉੱਜਲੀ ਚਮਕ ਦੀ ਰੌਸ਼ਨੀ ਅੰਦਰ ਸਟੀ ਹੈ ਕਿ ਸਾਰੇ ਰੋਗ ਦਿੱਸ ਪਏ ਹਨ। ਇਹ ਕਰਾਮਾਤ ਹੈ ਇਸ ਵਜਕਤੀ ਦੀ। ਇਹ ਵਿਦਜਾ ਪੜਨ ਸੁਣਨ ਦੀ ਨਹੀਂ, ਇਹ 'ਵਜਕਤੀ ਗਤ ਪ੍ਰਭਾਵ'(ਉਹ ਅਸਰ ਜੋ ਉਚੇ ਪ੍ਰਭਾਵ ਵਾਲੇ ਪਰਮੇਸੁਰ ਪਜਾਰੇ ਦੇ ਸੰਗ ਵਿਚ ਮਨ ਉਤੇ ਪੈਂਦਾ ਹੈ।) ਹੈ ਇਸ ਦਿਵਜ ਮੂਰਤੀ ਦਾ, ਕਿ ਅੰਦਰ ਝਾਤੀ ਮਰਵਾ ਦਿਤੀ ਸੂ ਤੇ ਲੁਕੇ ਪਏ ਮਾੜੇ ਭਾਵ ਦਿਖਾ ਦਿਤੇ ਸੂ। ਇਹ 'ਸਮਰਥ ਗੁਰੂ' ਹੈ.....। ਜਿਸਨੇ ਮੰਦ ਭਾਵ ਦਿਖਾਏ ਹਨ, ਇਹੋ ਦੂਰ ਕਰੇਗਾ, ਹਾਂ, ਕੱਟੇਗਾ ਤੇਰਾ ਇਹੋ ਰੋਗ। ਇਸਦਾ ਹੁਣ ਪਿੱਛਾ ਨਾ ਛੱਡ। ਦੇਖ ਅਖੀਰ ਵਿਚ ਕਿਸ ਦਿਲ-ਪੀੜਾ ਨਾਲ ਤ੍ਰੈ ਪਦ ਕਹੇ ਸੂ-

'ਮੇਲਿ ਚਿਰੀ ਵਿਛੁੰਨਿਆ'

ਭਗਵੰਤ ਦਾ ਪ੍ਰੇਮ ਇਸ ਹਿਰਦੇ ਵਿਚ ਕਿੰਨਾ ਡੂੰਘਾ ਹੈ। ਕੀਕੂੰ ਦ੍ਰਵੀਭੂਤ ਹੋਕੇ ਉਚਾਰਿਆ ਸੂ- 'ਮੇਲਿ ਚਿਰੀ ਵਿਛੁੰਨਿਆ'। ਹਾਂ ਮੈਂ ਬੀ ਹੁਣ ਇਸਦੇ ਪੈਰਾਂ ਵਿਚ ਲੇਟ ਕੇ ਆਖਾਂ- 'ਮੇਲਿ ਚਿਰੀ ਵਿਛੁੰਨਿਆ'। ਕੀਹ ਜਾਣੀਏ ਇਸਦਾ ਕੋਮਲਾਂ ਤੋਂ ਕੋਮਲ ਹਿਰਦਾ ਜੋ ਗਲ ਗਲ ਤੇ ਪਸੀਜਦਾ ਹੈ, ਮੇਰੀ ਅਵਗੁਣਾਂ ਦੇ ਜਾਲ ਵਿਚ ਫਸੀ ਜਿੰਦੜੀ ਤੇ ਪਸੀਜ ਪਵੇ ਤੇ ਚਿਰੀ ਵਿਛੁੰਨੇ ਨੂੰ ਚਰਨਾਂ ਨਾਲ ਮੇਲ ਲਵੇ। ਮੇਰੀ 'ਅੰਤਿ ਧਾਹੀ ਰੁੰਨਿਆ' ਵਾਲੀ ਦਸ਼ਾ ਨਾ ਹੋਵੇ। ਮੈਂ ਅਜ ਚਰਨੀ ਪੈਕੇ ਰੋਕੇ ਪੁਕਾਰ ਕਰ ਲਵਾਂ- 'ਮੇਲਿ ਚਿਰੀ ਵਿਛੁੰਨਿਆ'।

5.

ਕਿਤਨਾ ਚਿਰ ਮਗਨਾਨੰਦ ਬੈਠੇ ਰਹੇ ਗੁਰੂ ਨਾਨਕ, ਸਾਈਂ ਆਪਣੇ ਤੋਂ ਸਦਾ ਅਵਿਛੜ, ਪਰ ਫੇਰ ਵਿਛੋੜੇ ਦੀਆਂ ਕਸਕਾਂ ਦੇ ਜਾਣੂ ਤੇ ਪ੍ਰੇਮ-ਰਸੀਏ ਗੁਰੂ ਨਾਨਕ। ਹਾਂ, ਲੀਨ ਰਹੇ ਉਸ ਵਿਚ ਜਿਸਦੀ ਹਜ਼ੂਰੀ ਵਿਚੋਂ ਕਦੇ ਗ਼ੈਰ ਹਾਜ਼ਰ ਨਹੀਂ ਸਨ ਹੁੰਦੇ। ਫਿਰ ਅਚਾਨਕ ਉਠ ਬੈਠੇ, ਰਸੀਲੇ ਨੈਣ ਖੁੱਲ੍ਹੇ, ਅਰਸ਼ਾਂ ਵਲੇ ਤੱਕੇ, ਫਰਸ਼ਾਂ ਵਲ ਤੱਕੇ, ਚੁਫੇਰੇ ਤੱਕੇ, ਫੇਰ ਵਾਹਿੜੇ ਵਲ ਤੱਕੇ:- ਵਾਹ ਭਾਈ ਵਾਹਿੜੇ ਵਿਛੁੰਨੇ ਵਾਹਿੜੇ! ਕਿਵੇਂ ਜਾਗ ਪਵੀ ਵਿਛੋੜੇ ਦੀ ਪੀੜਾ ਤੇ ਫੇਰ ਮਿਲ ਪਵੇਂ। ਸੰਜੋਗੀ ਮੇਲੇ, ਕਰਤਾ ਕਰੇ ਸੰਜੋਗ, ਮੇਲ ਦੇਵੇ ਤੈਨੂੰ-ਮੈਨੂੰ। ਅਨੰਤ ਵਿਚ ਮੇਲੇ।

ਇਉਂ ਆਖਦੇ ਮੁੜ ਪਏ ਉਨ੍ਹੀਂ ਕਦਮੀਂ ਜਿਨ੍ਹੀਂ ਆਏ ਸੀ। ਸੂਰਜ ਹੁਣ ਉਚੇਰਾ ਹੋ ਆਇਆ ਸੀ। ਸਾਵਣ ਦੇ ਅਖ਼ੀਰਲੇ ਦਿਨ ਸਨ, ਧੁਪ ਕਰਾਰੀ ਚੁਭਵੀਂ ਸੀ, ਪਰ ਹਵਾ ਠੰਢੀ ਵਗ ਰਹੀ ਸੀ, ਕਿਧਰੋਂ ਪਾਣੀ ਚੱਟ ਕੇ ਆ ਰਹੀ ਸੀ। ਕੁਛ ਖਦਲਵਾਈ ਹੋ ਪਈ, ਛਾਂ ਹੋ ਆਈ। ਜਿਨ੍ਹੀਂ ਰਾਹੀਂ ਗਏ ਸਨ ਕੋਮਲ ਭਾਵਾਂ ਦੇ ਰਮੀਏ ਉਨੀਂ ਰਾਹੀਂ ਡੇਰੇ ਆ ਗਏ, ਜਿਥੇ ਕਿ ਆਰਜ਼ੀ ਕਯਾਮ ਕੀਤਾ ਹੋਯਾ ਸੀ, ਸਦਾ ਟੁਰੀ ਰਹਿਣ ਵਾਲੀ ਉਪਕਾਰੀ ਵਾਯੂ ਸਮਾਨ ਸੁਖਦਾਤੇ ਰਮਤੇ ਰਹਿਣ ਵਾਲੇ ਸਤਿਗੁਰੂ ਜੀ।

ਸਾਧੂ ਵਲ ਨੈਣ ਭਰ ਇਕ ਵੇਰ ਵੀ ਨਹੀਂ ਤੱਕੇ। ਪਰ ਉਸ ਨੂੰ ਕੋਈ ਐਸੀ ਪੁੜੀ ਸੀ ਕਿ ਉਹ ਮਗਰੇ ਮਗਰ ਟੁਰੀ ਆਇਆ, ਜਿਵੇਂ ਗਿੱਝਿਆ ਹੋਇਆ ਮਿਰਗ ਗਿਝਾਵਣ ਵਾਲੇ ਦੇ ਮਗਰੇ ਮਗਰ ਬਿਨਾ ਰੱਸੀ ਡੋਰੀ ਪਾਏ ਦੇ ਟੁਰਿਆ ਆਉਂਦਾ ਹੈ।

ਅਗੇ ਬੜੇ ਭਾਰੀ ਬੋਹੜ ਦੇ ਤਲੇ ਮਰਦਾਨਾ ਬੈਠਾ ਉਡੀਕਦਾ ਸੀ। ਫੂੜੀਆਂ ਵਿਛੀਆਂ ਸਨ। ਇਕ ਮੰਜੀ ਬੀ ਡਿੱਠੀ ਹੋਈ ਸੀ, ਜਿਸ ਪਰ ਕਿਸੇ ਨੇ ਇਕ ਖੇਸ ਹੁਣੇ ਵਿਛਾਇਆ ਸੀ। ਪੰਜ ਦਸ ਹੋਰ ਪ੍ਰੇਮੀ ਦਰਸ਼ਨਾਂ ਲਈ ਉਡੀਕ ਰਹੇ ਸਨ। ਆਪ ਆਕੇ ਮੰਜੇ ਤੇ ਬੈਠ ਗਏ। ਸਾਰਿਆਂ ਨੇ ਮੱਥਾ ਟੇਕਿਆ। ਮਰਦਾਨਾ ਚਿਹਰੇ ਤੋਂ ਪਛਾਣ ਗਿਆ ਕਿ ਅਜ ਅਪਣੇ ਮੌਲਾ ਦੇ ਰੰਗਰਤੜੇ ਮੇਰੇ ਪਿਆਰੇ ਕੋਈ ਪ੍ਰੇਮ ਕਸਕਾਂ ਦਾ ਵੈਰਾਗੀ ਸੁਆਦ ਲੈ ਕੇ ਆਏ ਹਨ। ਉਸ ਨੇ ਚਾਹਿਆ ਕਿ ਗੁਰੂ ਬਾਬੇ ਨੂੰ ਹੁਣ ਖੇੜੇ ਵਿਚ ਖਿੜਾ ਦਿਆਂ। ਕੋਈ ਹਾਸ ਰਸ ਦਾ ਰੰਗ ਲਾ ਕੇ ਨਾ, ਪਰ ਉਸੇ ਨਿਰੰਕਾਰ ਦੇ ਪਿਆਰ ਦਾ ਵਿਸਮਾਦ ਲਾ ਕੇ। ਹਾਂ ਜੀ, 'ਵਸਲ ਵਿਸਮਾਦ'(ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ॥-ਮਾਰੂ ਮ:1) ਨਾਲ 'ਵੈਰਾਗੀ ਵਿਸਮਾਦ' ਦਾ ਵਟਾਂਦਰਾ ਕਰਨ ਲਗਾ ਹੈ, ਗੁਰੂ ਨਾਨਕ ਦਾ ਪ੍ਰੇਮੀ ਉਨ੍ਹਾਂ ਦੇ ਮਰਮਾਂ ਤੇ ਦਿਲ ਤ੍ਰੰਗਾਂ ਤੇ ਅਵੇਵਾਂ ਦਾ ਜਾਣੂ। ਬਿਨਾਂ ਕੁਛ ਪੁਛੇ, ਬਿਨਾ ਕੁਛ ਆਖੇ ਦੇ ਰਬਾਬ ਲੈ ਲਿਓਸੁ, ਛੇੜ ਦਿਤੀਓਸੁ ਬਿਲਾਵਲ ਦੀ ਸੁਰ। ਟੰਕਾਰਾਂ ਜਦ ਵੱਜੀਆਂ ਬਿਲਾਵਲ ਦੀਆਂ, ਗੁਰੂ ਨਾਨਕ ਦੇ ਸਦਾ-ਥਿਰ ਪਰ ਸੂਹਲ ਮਨ ਨੇ ਸਹਿਜੇ ਤੇ ਛੋਪਲੇ ਹੀ ਰੰਗ ਬਦਲ ਲਿਆ ਵੈਰਾਗ ਤੋਂ ਚਾਉ ਵਾਲੇ ਪਾਸੇ ਦਾ। ਖੇੜੇ ਦੀ ਲਹਿਰ ਵਗ ਗਈ ਹ੍ਰਿਦੇ ਦੇ ਕੂਲੇ ਪਰਦਿਆਂ ਵਿਚ। ਕੁਛ ਚਿਰ ਸੁਹਣਾ ਅਲਾਪ ਕਰਕੇ ਨਿਕੀ

 www.sikhbookclub.com

ਜੇਹੀ ਰਾਤ ਵਜਾਈਓਸੁ ਬਿਲਾਵਲ ਦੀ ਹੀ; ਫੇਰ ਲੈ ਟੁਰਿਆ ਅਪਣੇ ਖੁਸ਼ ਇਲਹਾਨ ਵਾਲੇ ਗਲੇ ਨੂੰ ਨਾਲ ਤੇ ਉਸੇ ਗੁਰੂ ਨਾਨਕ ਦਾ ਉਚਾਰਿਆ ਛੰਤ, ਬਿਲਾਵਲ ਦੱਖਣੀ ਦੀ ਸੁਰ ਵਿਚ, ਗਾਂਵਿਓਸੁ ਸਬਦ, ਮਾਨੋਂ ਮਾਲਕ ਦੇ ਅਗੇ ਮਾਲੀ ਨੇ ਮਾਲਕ ਦੇ ਅਪਣੇ ਬਗੀਚੇ ਦੇ ਫੁਲ ਲਿਆ ਪੇਸ਼ ਧਰੇ ਜੋ ਮਾਲਕ ਦਾ ਮਨ ਖਿੜ ਪਵੇ ਖਿੜੇ ਕਮਲ ਵਾਙੂ ਅਤੇ ਅਪਣੀ ਖੇੜੇ ਵਾਲੀ ਸੁਗੰਧੀ ਵਿਚ ਖੇੜੇ ਦੀਆਂ ਮੁਸ਼ਕਾਂ ਮਾਰਨ ਲਗ ਪਵੇ। ਹਾਂ ਗਾਂਵਿਓਸੁ ਉਸੇ ਗੁਰੂ ਨਾਨਕ ਦਾ ਉਚਾਰਿਆ ਪ੍ਰੇਮਮਯ ਅਰਸ਼ੀ ਗੀਤ, ਡੁਲ ਡੁਲ ਪੈਂਦਾ ਪਜਾਰਾਂ ਤੇ ਸਤੋਗੁਣੀ ਚਾਵਾਂ ਨਾਲ:-

**ਬਿਲਾਵਲੁ ਮਹਲਾ ੧॥**
**ਮੈ ਮਨਿ ਚਾਉ ਘਣਾ ਸਾਚਿ ਵਿਗਾਸੀ ਰਾਮ॥**
**ਮੋਹੀ ਪ੍ਰੇਮ ਪਿਰੇ ਪ੍ਰਭਿ ਅਬਿਨਾਸੀ ਰਾਮ॥**
**ਅਵਿਗਤੋ ਹਰਿ ਨਾਥੁ ਨਾਥਹ ਤਿਸੈ ਭਾਵੈ ਸੋ ਥੀਐ॥**
**ਕਿਰਪਾਲੁ ਸਦਾ ਦਇਆਲੁ ਦਾਤਾ ਜੀਆ ਅੰਦਰਿ ਤੂੰ ਜੀਐ॥**
**ਮੈ ਅਵਰੁ ਗਿਆਨੁ ਨ ਧਿਆਨੁ ਪੂਜਾ**
**ਹਰਿ ਨਾਮੁ ਅੰਤਰਿ ਵਸਿ ਰਹੇ॥**
**ਭੇਖੁ ਭਵਨੀ ਹਠੁ ਨ ਜਾਨਾ ਨਾਨਕਾ ਸਚੁ ਗਹਿ ਰਹੇ॥੧॥**

ਹੁਣ ਮਰਦਾਨੇ ਨੇ ਗਲੇ ਦਾ ਗਾਯਨ ਥੰਮ੍ਹ ਲਿਆ, ਸਹਿਜੇ ਸਹਿਜੇ ਬਿਲਾਵਲ ਦੇ ਟੁੰਕਾਰ ਵਜਦੇ ਮੱਧਮ ਹੁੰਦੇ ਹੁੰਦੇ ਬਿਸ੍ਰਾਮ ਵਿਚ ਹੋ ਗਏ। ਗੁਰੂ ਜੀ ਦੇ ਨੈਣ ਅਜੇ ਆਤਮ-ਉਮਾਹ ਵਿਚ ਰਸ ਲੈ ਰਹੇ ਬੰਦ ਸਨ। ਪਰ ਸਾਧੂ ਜੋ ਪਰੇ ਵਾਰ ਅਦਬ ਨਾਲ ਢੂਡੀ ਤੇ ਬੈਠਾ ਸੀ, ਅਚਰਜ ਰਹਿ ਗਿਆ ਕਿ ਇਸ ਜਾਦੂ ਤਾਸੀਰ ਵਾਲੇ ਗਵੱਯੇ ਨੇ ਅਚਰਜ ਕਰ ਦਿਤਾ ਹੈ। ਉਸੇ ਗੁਰੂ ਨਾਨਕ ਦਾ ਕੋਈ ਸੰਗੀਤ ਗਾਇਆ ਸੂ,- ਉਸੇ ਆਤਮ ਰਸ ਨਾਲ ਭਰਪੂਰ, ਪਰ ਖੇੜੇ ਦੇ ਰੰਗ ਵਾਲਾ। ਕੀਕੂੰ ਅਦਾ ਕੀਤਾ ਸੂ ਕਿ ਚਿਤ ਅਚੰਚਲ ਚਾਉ ਵਿਚ ਆ ਗਿਆ ਹੈ, ਰਾਗ ਬੀ ਬਿਲਾਵਲ ਛੁਹਿਆ ਸੂ। ਗੁਲਾਬ ਵਾੜੀਆਂ ਦੇ ਕੋਲ ਬੁਲਬੁਲਾਂ ਵਸਦੀਆਂ ਸੁਣੀਦੀਆਂ ਸਨ, ਅਜ ਵੇਖ ਲਿਆ ਕਿ ਸਚ ਹੈ ਇਹ ਗੱਲ।

ਪਰ ਦੇਖੋ ਇਸ ਛੰਦ ਵਿਚ ਗਜਾਨ ਧਜਾਨ ਪੂਜਾ ਸਭ ਮਲ ਸਿੱਟੇ ਹਨ। ਭੇਖ, ਭਵਨੀ(ਤੀਰਥਾਂ ਪਰ ਭਉਂਦੇ ਫਿਰਨਾ।), ਹਠ(ਹਠ ਜੋਗ ਤੇ ਹੋਰ ਹਠ ਦੇ ਸਾਧਨ।) ਬੀ ਪਰੇ ਸੱਟੇ ਹਨ। ਇਕ ਨਾਮ ਦਾ ਅੰਤਰ ਵਸੇਬਾ ਦੱਸਿਆ ਹੈ। ਇਹ ਕੀਹ ਗਲ ਹੋਈ। 'ਨਾਮ' ਤਾਂ ਇਕ ਸਾਧਨਾਂ ਵਿਚੋਂ ਸਾਧਨ ਹੈ, ਇਹ ਕਿਉਂ ਰੱਖ ਲਿਆ ਨੇ? ਕਦੇ ਦਾਤਾ ਅਵਸਰ ਦੇਵੇ ਤਾਂ ਪੁੱਛਾਂ। ਫੇਰ 'ਸਚ ਦੀ ਪਕੜ' ਦੱਸੀ, ਇਹ ਕੀ ਹੋਈ? ਓਹੋ ਜੋ ਮੇਰੇ ਪਾਸ ਨਹੀਂ ਰਹਿ ਸਕੀ, ਕਿ ਕੁਛ ਹੋਰ?

ਇੰਨੇ ਨੂੰ ਮਰਦਾਨਾ ਮਾਨੋਂ ਕਿਸੇ ਨੀਂਦ ਵਿਚੋਂ ਕਿ ਸਮਾਧੀ ਵਿਚੋਂ ਜਾਗ ਪਿਆ, ਬਿਲਾਵਲ ਫੇਰ ਰਬਾਬ ਵਿਚੋਂ ਨਿਕਲ ਨਿਕਲ ਵਾਯੂ ਦੇ ਅਵੈਵਾਂ ਨੂੰ ਸੰਗੀਤਕ ਕਰਨ ਲਗ ਪਿਆ। ਪਹਿਲਾਂ ਧੁਨਿ ਉਠੀ, ਫੇਰ ਅਲਾਪ, ਫੇਰ ਸ਼ੁਰੂ ਹੋ ਗਿਆ ਗਾਯਨ.....

**ਭਿੰਨੜੀ ਰੈਣਿ ਭਲੀ ਦਿਨਸ ਸੁਹਾਏ ਰਾਮ॥**
**ਨਿਜ ਘਰਿ ਸੂਤੜੀਏ ਪਿਰਮੁ ਜਗਾਏ ਰਾਮ॥**
**ਨਵਹਾਣਿ ਨਵ ਧਨ ਸਬਦਿ ਜਾਗੀ ਆਪਣੇ ਪਿਰ ਭਾਣੀਆ॥**
**ਤਜਿ ਕੂੜ ਕਪਟੁ ਸੁਭਾਉ ਦੂਜਾ ਚਾਕਰੀ ਲੋਕਾਣੀਆ॥**
**ਮੈ ਨਾਮੁ ਹਰਿ ਕਾ ਹਾਰੁ ਕੰਠੇ ਸਾਚ ਸਬਦੁ ਨੀਸਾਣਿਆ॥**
**ਕਰ ਜੋੜਿ ਨਾਨਕੁ ਸਾਚੁ ਮਾਗੈ ਨਦਰਿ ਕਰਿ ਤੁਧੁ ਭਾਣਿਆ॥੨॥**
(ਬਿਲਾਵਲ ਮ: ੧)

ਗਾਉਂਦੇ ਗਾਉਂਦੇ ਮਰਦਾਨੇ ਦਾ ਹਥ ਥੰਮ੍ਹ ਗਿਆ, ਨੈਣ ਬੰਦ ਹੋ ਗਏ, ਗਲਾ ਆਰਾਮ ਵਿਚ ਹੋ ਗਿਆ, ਰਬਾਬ ਨੇ ਚੁਪ ਧਾਰ ਲਈ। ਸਾਧੂ ਉਤੇ ਤਾਸੀਰ ਬੀ ਹੋਈ ਤੇ ਸਮਝ ਬੀ ਪਈ। ਮਨ ਨੂੰ ਆਖੇ:- ਇਸ ਛੰਦ ਵਿਚ ਬੀ ਕਪਟ ਕੂੜ ਦਾ ਤਜਾਗ ਦੱਸਿਆ ਨੇ। (ਠੰਢਾ ਸਾਹ ਲੈਕੇ) ਏਹ ਦੋ ਬਲਾਵਾਂ ਮੈਂ ਕਿਉਂ ਸਹੇੜ ਲਈਆਂ, ਕਿਸ ਜੀਉਣ ਪਿਛੇ? ਫੇਰ ਓਹੋ 'ਨਾਮ' ਨੂੰ ਕੰਠਹਾਰ ਕਰਨਾ ਕਿਹਾ ਨੇ, ਨਾਲ 'ਸਚ' ਆਖਿਆ ਨੇ।.....ਇਕ ਗਲ ਹੋਰ ਆਖੀ ਨੇ-ਨਦਰ। ਇਹ ਕੀ ਹੋਈ? ਨਜ਼ਰ,. ਕਿਸਦੀ ਨਜ਼ਰ? ਨਜ਼ਰ=ਕਿਸੇ ਦੀ ਨਿਰੀ ਤੱਕ ਹੈ ਕਿ ਕਿਸੇ ਦੀ ਪਜਾਰ ਭਰੀ ਤੱਕ?.....ਹੈਂ ਅਜੇ ਤਾਈਂ ਮੇਰੇ ਵਲ ਤਾਂ ਤਕੇ ਬੀ ਨਹੀਂ, ਪਜਾਰ ਨਜ਼ਰ ਤੱਕਣਾ ਤਾਂ


www.sikhbookclub.com

ਕਿਤੇ ਰਿਹਾ!.....ਚੰਗਾ, ਦਰ ਲਭ ਪਿਆ ਹੈ, ਸ਼ੁਕਰ ਹੈ।.....ਇਹ ਗੰਧਰਬ ਗਵੱਯਾ ਹੈ, ਕੋਈ ਦੇਖੋ ਗਾ ਰਿਹਾ ਹੈ ਕਿ ਮੈਨੂੰ ਉਪਦੇਸ਼ ਕਰ ਰਿਹਾ ਹੈ.....। ਇੰਨੇ ਨੂੰ ਰਬਾਬ ਵਿਚੋਂ ਫੇਰ ਮਿੱਠੇ ਮਿੱਠੇ ਟੁੰਕਾਰ ਉਠੇ, ਬੱਝ ਗਈ ਲਯ ਸੁਹਣੀ, ਫਿਰ ਗਾਯਨ ਹੋਇਆ:-

**ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ॥**
**ਜਿਨਿ ਸੁਣਿ ਮਨਿਐੜੀ ਅਕਥ ਕਹਾਣੀ ਰਾਮ॥**
**ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ ਬੂਝਏ॥**
**ਓਹੁ ਸਬਦਿ ਸਮਾਏ ਆਪੁ ਗਵਾਏ ਤ੍ਰਿਭਵਣ ਸੋਝੀ ਸੂਝਏ॥**
**ਰਹੈ ਅਤੀਤੁ ਅਪਰੰਪਰਿ ਰਾਤਾ ਸਾਚੁ ਮਨਿ ਗੁਣ ਸਾਰਿਆ॥**
**ਓਹੁ ਪੂਰਿ ਰਹਿਆ ਸਰਬ ਠਾਈ ਨਾਨਕਾ ਉਰਿ ਧਾਰਿਆ॥੩॥**
(ਬਿਲਾਵਲ ਮ: ੧)

ਗੁਰੂ ਨਾਨਕ ਦੇਵ ਜੀ ਤਾਂ ਮਗਨ ਬੈਠੇ ਸਨ, ਅਨੰਦ ਵਿਚ, ਚਿਹਰੇ ਤੋਂ ਡੁਲ੍ਹ ਡੁਲ੍ਹ ਪੈ ਰਿਹਾ ਸੀ ਆਨੰਦ। ਸਾਧੂ ਸੁਆਦ ਵਿਚ ਜਾਂਦਾ ਵੀਚਾਰ ਵਿਚ ਡੂੰਘਾ ਉਤਰਦਾ ਗਿਆ। ਇਹ ਤੀਸਰਾ ਪਦਾ ਸੁਣਕੇ ਕਹਿਣ ਲੱਗਾ: ਹੁਣ ਤਾਂ ਮੈਨੂੰ ਵੰਗਾਰਕੇ ਕਿਹਾ ਗਿਆ ਹੈ, 'ਜਾਗ ਸਲੋਨੜੀਏ।' ਫੇਰ ਕਿਹਾ ਗਿਆ ਹੈ 'ਗੁਰੂ ਕੀ ਬਾਣੀ ਬੋਲ'। ਕਿਵੇਂ? ਜਿਵੇਂ ਇਹ ਪਿਆ ਬੋਲਦਾ ਹੈ ਅਪਣੇ ਗੁਰੂ ਦੀ ਬਾਣੀ। ਫਿਰ ਮੈਨੂੰ ਕਿਹਾ ਹੈ: ਤੂੰ ਅਤੀਤ ਹੈਂ, ਆਪ ਰੰਗ ਵਿਚ ਰਚ। ਕਿਵੇਂ ਰਚਾਂ? ਅਗਲੇ ਸਾਧਨ ਤਾਂ ਨਾ ਪੁੱਗੇ, ਫਸ ਗਏ ਮੁੜ ਮਾਯਾ ਵਿਚ। ਕਿਡੀ ਮਰਮ ਦੀ ਗਲ ਅਖੀਰ ਦੱਸੀ ਹੈ: ਸਮਾਨ ਸੱਤਾ ਕਰਕੇ ਤਾਂ ਸਾਰੇ ਪੂਰਨ ਹੈ, ਪਰ ਅਸਾ ਅਜਾਂ ਉਰ ਵਿਚ ਨਹੀਂ ਧਾਰਿਆ। 'ਉਰ ਧਾਰਣਾ' ਹੈ। ਪਰ ਕਿਵੇਂ? ਗਲ ਕਰਨ ਦੀ ਆਗਜਾ ਮਿਲੇ ਤਾਂ ਪੁੱਛਾਂ। ਇੰਨੇ ਨੂੰ ਬੋਲ ਪਿਆ ਰਬਾਬ ਤੇ ਖੁਲ੍ਹ ਪਿਆ ਨਾਲ ਅਰਸ਼ੀ ਰੰਗ ਵਾਲਾ ਗਲਾ ਤੇ ਉਚਾਰ ਹੋਇਆ:-

**ਮਹਲਿ ਬੁਲਾਇੜੀਏ ਭਗਤਿ ਸਨੇਹੀ ਰਾਮ॥**
**ਗੁਰਮਤਿ ਮਨਿ ਰਹਸੀ ਸੀਝਸਿ ਦੇਹੀ ਰਾਮ॥**
**ਮਨੁ ਮਾਰਿ ਰੀਝੈ ਸਬਦਿ ਸੀਝੈ ਤ੍ਰੈ ਲੋਕ ਨਾਥ ਪਛਾਣਏ॥**

 www.sikhbookclub.com

**ਮਨੁ ਡੀਗਿ ਡੋਲਿ ਨ ਜਾਇ ਕਤ ਹੀ ਆਪਣਾ ਪਿਰੁ ਜਾਣਏ॥**
**ਮੈ ਆਧਾਰੁ ਤੇਰਾ ਤੂ ਖਸਮੁ ਮੇਰਾ ਮੈ ਤਾਣੁ ਤਕੀਆ ਤੇਰਓ॥**
**ਸਾਚਿ ਸੂਚਾ ਸਦਾ ਨਾਨਕ ਗੁਰ ਸਬਦਿ ਝਗਰੁ ਨਿਬੇਰਓ॥੪॥੨॥**
(ਬਿਲਾਵਲ ਮ: ੧)

ਫੇਰ ਹੁਣ ਗਲਾ ਬੰਦ ਹੋ ਗਿਆ, ਹੱਥ ਰੁਕ ਗਏ, ਰਬਾਬ ਬਿਸਰਾਮ ਵਿਚ ਹੋ ਗਿਆ। ਦਾਤਾ ਜੀ ਆਪਣੇ ਮੰਜੇ ਤੇ ਬੈਠੇ ਲੇਟ ਗਏ ਤੇ ਚਾਦਰਾ ਤਾਣ ਲਿਆ ਉਪਰ।.....ਸਾਧੂ ਖਿੜ ਪਿਆ, ਆਸਾ ਬੱਝ ਗਈ:- ਮੈਨੂੰ ਉਪਦੇਸ਼ ਹੋਇਆ ਹੈ ਸਾਰਾ, 'ਮਹਲਿ ਬੁਲਾਇੜੀਏ' ਮੈਨੂੰ ਕਿਹਾ ਹੈ। ਹਾਂ ਮੈਂ ਸਮਝਾਂ ਕਿ ਮੈਨੂੰ ਕਿਹਾ ਹੈ। ਨਾਮ ਤੇ ਸੱਚ ਮਿਲੇਗਾ ਇਸ ਦਰੋਂ। ਪਰ ਮੈਂ ਡੀਂਗ ਡੋਲ ਨਾ ਖਾਵਾਂ। ਇਉਂ ਸੋਚਦਾ ਹੀ ਸੀ ਕਿ ਮਰਦਾਨਾ ਉਠਕੇ ਸਾਜ ਸਾਂਭਣ ਟੁਰ ਪਿਆ। ਸਾਧੂ ਮਗਰੇ ਗਿਆ। ਮਿੰਨਤ ਕਰਕੇ ਆਪਣਾ ਹਾਲ ਸੰਖੇਪ ਦੱਸਕੇ ਜੋਦੜੀ ਕੀਤੀਓਸੁ ਕਿ ਦੋ ਗਲਾਂ ਕਰਾ ਦੇਹ, ਤੇਰੇ ਭਲੇ ਦਾ ਭਗਵੰਤ ਹੋਰ ਭਲਾ ਕਰੇ। ਮਰਦਾਨੇ ਕਿਹਾ ਅਜ ਰੰਗ ਹੋਰਵੇਂ ਹਨ, ਕਲ ਸਵੇਰੇ ਆ, ਕੀਰਤਨ ਸੁਣ ਤੇ ਫੇਰ ਗਲ ਬਾਤ ਦਾ ਸਮਾਂ ਮਿਲ ਵੈਸੀ।

7.

ਸਾਧੂ ਰਾਤ ਭਰ ਇਕ ਤਾਰ ਬੱਝਵੀਂ ਨੀਂਦੇ ਸਉਂ ਨਹੀਂ ਸਕਿਆ। ਸਵੇਂ ਪਰ ਮੁੜ ਮੁੜ ਜਾਗੇ। ਗੁਰੂ ਜੀ ਦਾ ਚਿਹਰਾ ਅਖਾਂ ਅਗੋਂ ਨਾ ਹਟੇ, ਮਾਨੋਂ ਅਖਾਂ ਦੇ ਅੰਦਰ ਹੀ ਕਿਤੇ ਧਸ ਗਿਆ ਹੈ, ਨਾਲ ਸ਼ਬਦ ਸੁਣੇ ਦਾ ਰਸ ਕਿਸੇ ਅੰਦਰਲੇ ਟਿਕਾਣੇ ਇਕ ਅਨੋਖੇ ਸੁਹਜ ਨੂੰ ਲੈ ਗਿਆ ਹੈ।

ਸੁਹਜ ਸੁੰਦਰਤਾ ਨਿਰੀ ਸੂਰਤ ਮੂਰਤ ਵਿਚ ਹੀ ਨਹੀਂ ਵਸਦੀ, ਇਹ ਖਯਾਲ ਵਿਚ, ਵਾਕ ਵਿਚ, ਅੰਦਰਲੇ ਭਾਵ ਵਿਚ ਬੀ ਵਸਦੀ ਹੈ।

ਹਾਂ ਉਹ ਸੁੰਦਰਤਾ ਅੰਦਰ ਵੜੀ ਬੀ ਬੇਚੈਨ ਕਰੇ ਹੋਰ ਸੁੰਦਰਤਾ ਲੈਣ ਨੂੰ, ਫੇਰ ਪੁੱਛਣ ਦੀ ਤਾਂਘ ਮਿਠੀ ਮਿਠੀ ਤੜਫਨੀ ਵੀ ਲਾਵੇ। ਮਸਾਂ ਮਸਾਂ ਨੂਰ ਦਾ ਤੜਕਾ ਹੋਇਆ! ਉਠਿਆ ਤੇ ਪਹੁੰਚਾ, ਅੱਗੇ ਕੀਰਤਨ ਹੋ ਰਿਹਾ ਸੀ। ਬੈਠਾ ਸੁਣਦਾ ਰਿਹਾ। ਜਦੋਂ ਭੋਗ ਪੈ ਚੁਕਾ ਤੇ ਗੁਰੂ ਜੀ ਇਕਲਵੰਜੇ ਜਾ ਬੈਠੇ ਤਾਂ ਮਰਦਾਨੇ ਕਿਹਾ, ਪਾਤਿਸ਼ਾਹ! ਕਲ ਦਾ ਇਕ ਸਾਧੂ ਜੋ ਵਿਦਯਾਵਾਨ ਬੀ ਹੈ, ਕੁਛ ਤਪ ਤੁਪ ਬੀ ਕੀਤਾ ਸੁ, ਪਰ ਸਮਝਦਾ ਹੈ


www.sikhbookclub.com

ਕਿ ਮਾਯਾ ਵਿਚ ਫਿਰ ਫਾਥਾ ਹਾਂ, ਮੁਬਹਾਨ ਤੇਰੀ ਸੂਰਤ ਤੇ ਸੀਰਤ ਨੂੰ! ਤੇਰੇ ਦਰਸ਼ਨ ਦਾ ਸਦਕਾ, ਤੇਟੇ ਸ਼ਬਦ ਦਾ ਸਦਕਾ, ਜਾਗ ਪਿਆ ਹੈ ਤੇ ਓਟ ਭਾਲਦਾ ਹੈ, ਦਰਸ ਦੀ ਪਿਆਸ ਹੈਸੂ, ਦੋ ਘੁੱਟ ਪਾਣੀ ਪਿਲਾ ਦਿਓਸੁ ਅਪਣੇ ਹਯਾਤੀ ਚਸ਼ਮੇ ਤੋਂ।

ਮਹਾਰਾਜ ਸੁਣ ਕੇ ਹੱਸੇ:- ਅੱਛਾ ਮਰਦਾਨਿਆਂ! ਜਾਹ ਲੈ ਆਉਸ, ਸਿਪਾਰਸ਼ੀਆ!

ਮਰਦਾਨਾ ਜਾ ਕੇ ਲੈ ਆਯਾ ਤੇ ਸਾਧੂ ਅਸ਼ਟਾਂਗ ਦੰਡੌਤ ਕਰਕੇ ਬੈਠ ਗਿਆ। ਮੂੰਹ ਤੋਂ ਅਵਾਜ਼ ਆ ਰਹੀ ਸੀ 'ਤ੍ਰਾਹਿਮਾਂ, ਤ੍ਰਾਹਿਮਾਂ (ਰਖ ਲੈ ਮੈਨੂੰ।)', 'ਪਾਹਿਮਾਂ, ਪਾਹਿਮਾਂ (ਬਚਾ ਲੈ ਮੈਨੂੰ।)'। ਜਾਂ ਉਠ ਕੇ ਬੈਠਾ ਤਾਂ ਸਤਿਗੁਰ ਨੇ ਪੁੱਛਿਆ: ਸਾਧੂ! ਭਗਵੇ ਪਹਿਨ ਕੇ ਰੋ ਰਿਹਾ ਹੈਂ! ਕਿਸ ਨੂੰ ਰੋ ਰਿਹਾ ਹੈਂ? ਜਦ ਸਭ ਨੂੰ ਇਕੋ ਵੇਰ ਮਰੇ ਸਮਝ ਕੇ ਛਡ ਆਇਆ ਹੈਂ ਤਦ ਕਉਣ ਮੋਇਆ ਹਈ, ਜ਼ਿਸ ਨੂੰ ਰੋਂਦਾ ਹੈਂ?

ਸਾਧੂ ਥਿੜਕਵੀਂ ਅਵਾਜ਼ ਵਿਚ ਬੋਲਿਆ-- ਰੋਂਦਾ ਹਾਂ ਉਸ ਲਈ ਜਿਸ ਲਈ ਸਾਧੂ ਹੋਇਆ ਸਾਂ ਤੇ ਪਾ ਨਹੀਂ ਸਕਿਆ। ਨਾ ਪਾ ਸਕਣ ਕਰਕੇ ਫੇਰ ਅਨਜਾਣੇ ਤਿਲਕ ਪਿਆ ਹਾਂ, ਮਾਇਆ ਦੀ ਘਾਟੀ ਵਲ ਨੂੰ। ਕਲ ਤੂੰ ਤਰਸ ਕਰ ਕੇ ਪਹੁੰਚ ਪਿਆ ਹੈਂ- ਤਿਲਕਦੇ ਜਾਂਦੇ ਤੇ ਡੀਂਗਾ ਡੋਲਦੇ ਨੂੰ ਰਖ ਲੈਣ ਲਈ, ਰਖ ਲੈ!

ਨੈਣ ਮਿਟ ਗਏ ਤੇ ਅਖਰੂ ਕਿਰੇ 'ਤ੍ਰਾਹਿਮਾਂ-ਤ੍ਰਾਹਿਮਾਂ' ਦੀ ਫੇਰ ਅਵਾਜ਼ ਆਈ। ਤਰਸਾਂ ਵਾਲੇ ਦਾਤੇ ਨੇ ਉਠਕੇ ਸਿਰ ਤੇ ਹੱਥ ਧਰਿਆ (ਸਮਰਥ ਗੁਰੂ ਸਿਰਿ ਹਥੁ ਧਰਿਅਉ॥) ਤੇ ਆਖਿਆ ਸਭ ਭੁੱਲਣਹਾਰ ਹਨ। ਮਾਇਆ ਨਦੀ ਤਰਨੀ ਕਠਨ (ਏ ਸਾਜਨ ਕਛੁ ਕਹਹੁ ਉਪਾਇਆ॥ ਜਾਤੇ ਤਰਉ ਬਿਖਮ ਇਹ ਮਾਇਆ॥-ਗਉ: ਬਾਵਨ ਅਖਰੀ ਮ:5) ਹੈ। ਇਹ ਵੇਤਰਨੀ ਹੈ, ਤਰੀ ਨਹੀਂ ਜਾਂਦੀ, ਪਰ ਇਸ ਨੂੰ, ਤਕੜਾ ਹ, ਤਰਨਾ ਹੈ। ਡਿਗ ਡਿਗ ਕੇ ਅਸਵਾਰ ਹੋਈਦਾ ਹੈ, ਤੇਰੇ ਡਿੱਗਣ ਦੇ ਕਈ ਕਾਰਨ ਹਨ। ਮਾਇਆ-ਅਤੀਤ ਦੀ ਸੰਗਤ ਬਿਨਾਂ ਘਰ-ਬਾਰ ਛੱਡੇ ਨੀ। ਕਿਸੇ 'ਕਾਰਣ ਵਿਰਾਗ' ਦੀ ਛਿਨ ਭੰਗਰੀ ਉਦਾਸੀ ਨੇ ਘਰੋਂ ਨਠਾਇਆ ਸੀ। ਫਿਰ ਵਿਦਜਾ ਨੇ ਟਪਲਾ ਦਿਤਾ ਕਿ ਮਨ ਦਾ ਜਾਣਨਾ ਅਸਲੀਅਤ ਨੂੰ ਅੱਪੜ ਪੈਣਾ ਹੈ। ਜੇ ਮਨ ਵੈਰਾਗੀ ਹੋ ਜਾਵੇ, ਸੰਗਤ ਹੋਵੇ ਪੂਰੇ ਦੀ ਤਾਂ ਉਹ ਵੈਰਾਗ

 www.sikhbookclub.com

ਪਕਾਵੇ, ਨਾਮ ਹੋਵੇ, ਦਿਨੇ ਰਾਤ ਦਾ ਵੈਰਾਗ ਹੋਵੇ, ਉਹ ਫਿਰ ਵਿਸਮਾਦੀ ਝੂਟਾ ਦੇਵੇ ਤਾਂ ਸੁੰਨ ਮੰਡਲ ਵਿਚ ਜਾਈਦਾ ਹੈ, ਓਥੇ ਅਪਣਾ ਘਰ ਲੱਭਦਾ ਹੈ। ਉਸ ਘਰ ਵਿਚ ਅਪਰੰਪਰ ਪ੍ਰਭੂ ਮਿਲਦਾ ਹੈ। ਅਲਖ ਐਉਂ ਲਖੀਦਾ ਹੈ। ਓਥੇ ਆਸਣ ਲਾ ਕੇ ਬੈਠਿਆਂ ਨਾਰਾਇਣ ਵਿਚ ਥਿਰਤਾ ਪ੍ਰਾਪਤ ਹੁੰਦੀ ਹੈ।

ਸਾਧੂ- - ਹੇ ਤਾਰਨਹਾਰ ਦਾਤਾ! ਉਹ ਤਾਂ ਅਗੰਮ ਨਗਰੀ ਹੋਈ ਜਿਥੇ ਹਮਾਤੜਾਂ ਦੀ ਗੰਮਤਾ ਨਹੀਂ। ਓਥੇ ਕੀਕੂੰ ਅੱਪੜੀਦਾ ਹੈ?

ਗੁਰੂ ਨਾਨਕ ਜੀ ਬੋਲੇ— ਭਾਈ! ਓਥੇ ਵੈਰਾਗਵਾਨ ਪੁਰਖ ਅੱਪੜਦਾ ਹੈ। ਉਹ ਵੈਰਾਗੀ ਜੋ ਨਾਮ ਵਿਚ ਰਚ ਜਾਂਦਾ ਹੈ ਤੇ ਜੋ 'ਮਾਯਾ ਸ਼ੂੰਨਤਾ' ਵਿਚ ਅੱਪੜਦਾ ਹੈ। ਉਹ ਸੁੰਨ ਮੰਡਲ ਹੈ। ਓਥੇ ਸਦੈਵੀ ਅਨਹਦ ਰੁਣਝੁਣਕਾਰ ਹੈ, ਉਸ ਸੁੰਨ ਵਿਚ ਅਪਰੰਪਰ ਪ੍ਰਭੂ ਵਸਦਾ ਹੈ। ਉਹ ਸੁੰਨ ਸੱਖਣੀ ਸੁੰਨ ਨਹੀਂ।

ਸਾਧੂ— ਨਿਰਾ ਨਾਮ ਅਭਜਾਸ ਓਥੇ ਲੈ ਜਾਏਗਾ ਕਿ ਕੁਛ ਹੋਰ ਬੀ?

ਗੁਰੂ ਜੀ— ਤੈਨੂੰ ਦੱਸਿਆ ਹੈ ਕਿ ਹਿਰਦੇ ਵੈਰਾਗ ਚਾਹੀਏ, ਸਹਿਜ ਬੈਰਾਗ, ਚਾਹੋ ਅਤੀਤ ਤੇ ਚਾਹੋ ਗ੍ਰਿਹਸਤੀ ਫਿਰ ਨਾਮ ਸਿਮਰਨ ਵਿਚ ਆ ਜਾਈਏ। ਨਾਮ ਦਾਰੂ ਹੈ! ਦਾਰੂ ਦੇ ਨਾਲ ਉਪਚਾਰ ਹੁੰਦੇ ਹਨ, ਪਥ ਪ੍ਰਹੇਜ਼ ਹੁੰਦੇ ਹਨ। ਉਹ ਇਸ ਨਾਮ ਦਾਰੂ ਨਾਲ ਏਹ ਹਨ:- ਪਹਿਲਾ ਹੈ ਸਹਿਜ-ਸੰਜਮ, ਇੰਦ੍ਰਿਆਂ ਨੂੰ ਤੇ ਇੰਦ੍ਰਿਆਂ ਦੇ ਰਾਜਾ ਮਨ ਨੂੰ ਸੰਜਮ ਵਿਚ ਰਖਣਾ, ਇਨ੍ਹਾਂ ਨੂੰ ਬੇਧੜਕ ਬੇਮੁਹਾਰ ਨਹੀਂ ਹੋਣ ਦੇਣਾ। ਫਿਰ ਹੈ ਸਚ ਦਾ ਧਾਰਨ ਕਰਨਾ। ਸਚ ਸਾਰੇ ਗੁਣਾਂ ਦਾ ਸਰਦਾਰ ਗੁਣ ਹੈ! ਇਸ ਨੂੰ ਧਾਰਨ ਕਰਦੇ ਜਾਈਏ ਤੇ ਨਾਮ (ਸ਼ਬਦ) ਦੀ ਕਮਾਈ ਕਰੀਏ ਤਾਂ ਗੁਣਾਂ ਦੇ ਸਾਗਰ ਪ੍ਰਭੂ ਨੂੰ ਪਾ ਲਈਦਾ ਹੈ। ਫੇਰ ਉਸ ਦੇ ਗੁਣ ਆਪਣੇ ਵਿਚ ਆਵੇਸ਼ ਕਰ ਜਾਂਦੇ ਹਨ। ਫਿਰ ਅਵਸਥਾ ਆਉਂਦੀ ਹੈ ਲੀਨਤਾ ਦੀ! ਹਉਂ ਵਾਲਾ ਆਪਾ ਮੇਟਕੇ ਪਰੇ ਤੋਂ ਪਰੇ ਨਿਰਗੁਣ ਪਰਮਾਤਮਾਂ ਵਿਚ ਸਮਾਈ ਹੁੰਦੀ ਹੈ। ਓਥੇ ਫੇਰ ਨਾ ਦੁਖਾਂ ਦਾ ਮੂਲ- 'ਅਵਿਦਜਾ' ਹੈ, ਨਾ ਇਸ ਦੀਆਂ ਸ਼ਾਖਾਂ ਵਾਸ਼ਨਾਂ ਤ੍ਰਿਸ਼ਨਾ ਹੈਨ, ਨਾ ਸੰਕਲਪ ਵਿਕਲਪ ਦੇ ਪੱਤੇ ਹਨ। ਨਾ ਮਾਯਾ ਹੈ, ਨਾ ਤਿੰਨ ਗੁਣ ਹੈਨ, ਨਾ ਪੱਤਿਆਂ ਰੂਪੀ ਵਿਸਥਾਰ ਵਾਲਾ ਜਗਤ ਹੈ।

 www.sikhbookclub.com

ਸਾਧੂ— ਜੀਓ ਜੀ! ਗੁਣਾਂ ਤੋਂ ਮੁਰਾਦ ਆਪ ਦੀ ਜਪ, ਤਪ, ਖਾਣ ਪਾਣ ਦੇ ਸੰਜਮ (ਬ੍ਰਤ ਆਦਿ ਹਠਾਂ ਨਾਲ) ਇੰਦ੍ਰਿਆਂ ਨੂੰ ਰੋਕਣ ਦੇ ਜਤਨ ਆਦਿਕ ਪ੍ਰਯਤਨਾਂ ਤੋਂ ਹੈ?

ਗੁਰੂ ਜੀ— ਨਿਰੇ ਜਪ, ਤਪ, ਸੰਜਮ, ਨਿਗ੍ਰਹ, ਹਠ ਮਾਤ੍ਰ ਨਾਲ ਕੀਤੇ ਪ੍ਰਯਤਨ ਪ੍ਰਭੂ ਨੂੰ ਨਹੀਂ ਮਿਲਾਉਂਦੇ, ਇਨ੍ਹਾਂ ਨਾਲ ਤਾਂ ਸਰੀਰ ਵਿਚ ਬੱਝਾਂ ਤੇ ਮਨ ਵਿਚ ਕਰੜਾਈਆਂ ਵਧ ਜਾਂਦੀਆਂ ਹਨ। ਉਹ ਜਗਜੀਵਨ ਦਾਤਾ ਤਾਂ ਸਹਿਜ ਨਾਲ ਮਿਲਦਾ ਹੈ।

ਸਾਧੂ— ਹੇ ਰਾਜ ਰਿਖੀ, ਹੇ ਸ਼ਿਰੋਮਣ! ਕਲ ਤੋਂ ਆਪ ਦੀ ਰਚੀ ਬਾਣੀ ਵਿਚ 'ਸਹਿਜ' ਪਦ ਸੁਣ ਰਿਹਾ ਹਾਂ। ਇਹ ਕੀਹ ਹੁੰਦਾ ਹੈ?

ਗੁਰੂ ਜੀ— ਇਹ ਬੀ ਇਕ ਯੋਗ ਹੈ। ਇਹ ਹਠ ਯੋਗ ਤੋਂ ਉਪਰ, ਰਾਜ ਯੋਗ ਤੋਂ ਉਪਰ 'ਸਹਿਜ ਯੋਗ' ਹੈ(ਸਹਜਿ ਜੋਗੁ ਨਿਜੁ ਪਾਇਅਉ॥- ਸ:ਮ:5 ਕੇ।)। ਇਸ ਦੀ ਸੋਝੀ ਗੁਰੂ ਤੋਂ ਮਿਲਦੀ ਹੈ।

ਸਾਧੂ— ਗੁਰੂ ਦੀ ਲੋੜ ਸੁਣੀ ਪੜ੍ਹੀ ਹੈ, ਪਰ ਗੁਰੂ ਦੀ ਪਛਾਣ?

ਗੁਰੂ ਜੀ— ਗੁਰੂ ਇਕ ਵਿਸ਼ਾਲ ਸਾਗਰ ਦੀ ਤਰ੍ਹਾਂ ਵਿਸ਼ਾਲ ਵਜਕਤੀ ਹੈ। ਉਸ ਵਿਚ ਸਾਰੇ ਗੁਣਾਂ ਦੇ ਰਤਨ ਭਰਪੂਰ ਹੁੰਦੇ ਹਨ। ਗੁਰੂ ਪ੍ਰਿਥਵੀ ਦੇ ਸਤਾਂ ਸਾਗਾਰਾਂ ਤੋਂ ਸ੍ਰੇਸ਼ਟ ਹੈ। ਉਹ ਸਤਜ ਸਰੂਪ ਸਾਗਰ ਹੈ, ਉਹ ਸਤਿਸੰਗ ਦਾ ਸਮੁੰਦਰ ਹੈ। ਉਸ ਵਿਚ ਸਤ, ਸੰਤੋਖ, ਦਇਆ, ਧਰਮ, ਧੀਰਜ, ਵੈਰਾਗ ਤੇ ਗਜਾਨ ਦੇ ਰਤਨ ਹੁੰਦੇ ਹਨ। ਉਸ ਸਾਗਰ ਕਿਨਾਰੇ ਹੰਸ ਰੂਪੀ ਪੰਚ ਲੋਕ (ਸੰਤ) ਵਸਦੇ ਹਨ। ਉਸ ਗੁਰੂ ਸਰੋਵਰ ਵਿਚ ਇਸ਼ਨਾਨ ਕਰਨਾ ਚਾਹੀਏ ਤਾਂ ਕਾਮ; ਕ੍ਰੋਧ, ਕਪਟ, ਵਿਸ਼ਿਆਂ ਦਾ ਪ੍ਰੇਮ, ਲੋਭ ਦੀ ਲਹਰ, ਅੰਤ ਹਉਮੈਂ ਦੀ ਪਕੜ ਸਭ ਛੁਟ ਜਾਂਦੇ ਹਨ। ਇਨ੍ਹਾਂ ਨੂੰ ਮਨ ਵਿਚੋਂ ਕੱਢ ਦੇਵੇ ਤੇ ਮਨ ਵਿਚ ਸੱਚਾ ਨਾਮ ਧਾਰਨ ਕਰੇ, ਫਿਰ ਦੀਨ ਦਇਆਲੁ ਪ੍ਰਭੂ ਮਿਲ ਪੈਂਦੇ ਹਨ। ਭਾਈ! ਸਾਡੀ ਜਾਚੇ ਤਾਂ ਗੁਰੂ ਵਰਗਾ ਤੀਰਥ ਹੋਰ ਕੋਈ ਨਹੀਂ। ਸਚੇ ਗੁਰੂ ਜੀ ਤਾਂ ਗੋਪਾਲ (ਪ੍ਰਭੂ) ਤੁੱਲ ਹਨ।

ਸਾਧੂ— ਸਚ ਫੁਰਮਾਯਾ ਨੇ। ਤੁਸੀਂ ਹੋ ਤੁਸੀਂ।.....ਤੁਸਾਂ ਵਰਗਾ ਗੁਰੂ ਹੁਣ ਕਿਥੋਂ ਭਾਲਾਂ? ਮਿਹਰ ਕਰੋ। ਆਪਾ ਨਾ ਛਿਪਾਓ, ਇਸ ਭੁੱਲੇ ਭਟਕੇ, ਰਾਹੋਂ ਘੁੱਥੇ, ਘਰੋਂ ਘਾਟੋਂ ਗਏ ਗੁਜ਼ਰੇ ਨੂੰ ਚਰਨੀ ਲਾ ਲਓ, ਆਪਣੇ ਸ਼ੁਭ ਪਾਵਨ ਸਰੋਵਰ ਦਾ ਇਸ਼ਨਾਨ ਬਖਸ਼ਕੇ ਪਵਿਤ੍ਰ ਕਰ ਲਓ।

 www.sikhbookclub.com

ਇਸ ਸੁਣਕੇ ਗੁਰੂ ਜੀ ਚੁਪ ਹੋ ਗਏ। ਨੈਣ ਮੁੰਦ ਲਏ। ਕਿਤਨਾ ਕਾਲ ਲੰਘ ਗਿਆ। ਫਿਰ ਨੈਣ ਖੁਲ੍ਹੇ ਤਾਂ ਸਾਧੂ ਚਰਣਾਂਬੁਜ ਨੂੰ ਚੰਬੜ ਗਿਆ। 'ਦਾਤਾ! ਦੇਹ ਦਾਨ, ਅਪਣੇ ਚਰਨਾਂ ਦੀ ਓਟ ਬਖਸ਼ ਦੇਹ।'

ਨਾਮ ਦੀ ਰੌ ਬਿਜਲੀ ਦੀ ਰੌ ਵਾਂਙੂ ਚਰਨਾਂ ਨੂੰ ਛੋਂਹਦਿਆਂ ਇਕ ਛਿਨ ਵਿਚ ਉਸ ਦੇ ਅੰਦਰ ਫਿਰ ਗਈ। ਇਹ ਨਾਮ-ਰੌ ਇਕ ਠੰਢਾ ਆਵੇਸ਼ ਸੀ। ਸਾਧੂ ਨੂੰ ਰਸ ਆ ਗਿਆ। ਜੀਉਂਦਾ ਨਾਮ ਜੀਉਂਦੀ ਕਣੀ ਹੋਕੇ ਅੰਦਰ ਜਾ ਵਸਿਆ, ਸਹਜ ਮਾਰਗ ਦੇ ਦਾਤੇ ਨੇ, ਸਹਜ ਨਾਲ ਜਗਜਾਸੂ ਦੇ ਅੰਦਰ ਨਾਮ ਦਾ ਸਹਜ ਆਵੇਸ਼ ਕਰ ਦਿੱਤਾ, ਕ੍ਰਿਤ ਕ੍ਰਿਤ ਹੋ ਗਿਆ ਸਾਧੂ। ਕਿਸੇ ਤੋਂ ਸੂਗ ਨਾ ਕਰਨ ਵਾਲਾ ਗੁਰੂ ਨਾਨਕ, ਪ੍ਰੇਮ ਦਾ ਪੁੰਜ ਗੁਰੂ ਨਾਨਕ ਤ੍ਰੁਠ ਪਿਆ, ਉਸ ਉਤੇ ਬੀ ਜਿਸਨੂੰ ਦੰਭੀ ਦੰਭੀ ਕਹਿਕੇ ਹੰਕਾਰੀ ਸਾਧੂ, ਤ੍ਯਾਗੀ ਤੇ ਸਨ੍ਯਾਸੀ ਤ੍ਰਾਹ ਦੇਂਦੇ। ਤਾਰ ਦਿਤਾ ਅਵਤਾਰ ਗੁਰੂ ਨੇ ਤ੍ਰੁਠਕੇ ਤੇ ਓਹ ਫੇਰ ਗੁਰਮੁਖ ਹੋਕੇ ਹੋਰਨਾਂ ਨੂੰ ਸੁਖਦਾਈ ਦਾਤਾ ਬਣ ਗਿਆ। ਏਹ ਲੰਮੀਆਂ ਨਦਰਾਂ ਹਨ, ਧੰਨ ਗੁਰੂ ਨਾਨਕ ਦੀਆਂ।

ਫੇਰ ਸਾਹਿਬ ਕਿਸੇ ਤ੍ਰੁਠਵੀਂ ਸੁਰ ਵਿਚ ਬੋਲੇ: ਸੁਣ ਭਾਈ ਸਾਧੂ! ਅਕਾਲ ਪੁਰਖ ਦੇ ਨਾਮ ਬਿਨਾ ਕਦੇ ਮੁਕਤਿ ਨਹੀਂ ਹੋ ਸਕਦੀ, ਇਹ ਨਾਨਕ ਦਾ ਵੀਚਾਰ ਹੈ, ਨਿਰਾ ਵੀਚਾਰ ਨਹੀਂ, ਨਾਨਕ ਨੇ ਬਨ ਬਨ ਦਾ ਕਖ ਕਖ ਭਾਲਕੇ ਡਿੱਠਾ ਹੈ ਕਿ ਕੋਈ ਸਾਧੂ ਨਾਮ ਬਿਨਾ ਨਾਮੀ ਨੂੰ ਪਹੁੰਚਾ ਦਿਸ ਪਵੇ ਪਰ ਨਹੀਂ।

ਸਾਧੂ— ਦਾਤੇ! ਤੂੰ ਪਹੁੰਚਾ ਹੈਂ, ਤੂੰ ਪਹੁੰਚਣਾਂ ਕੀਹ ਤੂੰ ਹੈਂ ਹੀ ਧੁਰਾਂ ਦਾ, ਓਥੋਂ ਦਾ, ਦੇਹ ਨਾਮ ਇਸ ਭਿਖਾਰੀ ਨੂੰ! ਤੇਰੇ ਸਮਾਨ ਗੁਰੂ ਨਹੀਂ ਲੱਭਣਾ ਮੈਨੂੰ, ਤੇਰੇ ਦਿਤੇ ਨਾਮ ਵਿਚ ਜੋ ਬਰਕਤ ਪੈਣੀ ਹੈ, ਹੋਰ ਥੋਂ ਨਹੀਂ ਪੈਣੀ। ਤੇਰੇ ਨਾਮ ਨਾਲ ਤੇਰੇ ਗੁਣਾਂ-ਤੈਂ ਗੁਣ ਸਾਗਰ ਦੇ ਗੁਣਾਂ-ਨੇ ਆਵੇਸ਼ ਕਰਨਾ ਹੈ ਤੇ ਅੰਦਰੋਂ ਅਵਗੁਣਾਂ ਨੇ ਪਾਰ ਪੈਣਾ ਹੈ। ਮਿਹਰ ਕਰ ਤੇ ਦੇਹ ਦਾਨ। ਹੁਣ ਇਸ ਦਰ ਢੱਠੇ ਤੇ ਤ੍ਰੁੱਠ ਪਉ। ਇਹ ਸੁਣਦੇ ਆਪ ਦੇ ਨੈਣ ਉਚੇ ਹੁੰਦੇ ਗਏ ਤੇ ਆਪ ਅਰਦਾਸ ਕਰਨ ਲਗ ਪਏ--

ਹੇ ਮੇਰੇ ਮਾਲਕ! ਤਿੰਨੇ ਭਵਨ ਤੂੰਹੋਂ ਰਚੇ ਹਨ, ਹਾਂ ਸਾਰਾ ਜਗਤ ਤੂੰ ਰਚਿਆ ਹੈ, ਤੂੰ ਸਦਾ ਥਿਰ ਹੈਂ, ਹੋਰ ਸਭ ਕੁਛ ਤੇਰਾ ਕੀਤਾ ਹੋਇਆ ਹੈ, ਤੇਰੇ ਤੁੱਲ ਕੋਈ ਨਹੀਂ। ਤੂੰ ਦਾਤਾ ਹੈਂ, ਸਾਰੇ ਤੇਰੇ ਦਰ ਮੰਗਤੇ ਹਨ।

ਮੈਂ ਤੇਰੇ ਬਿਨ ਕਿਸਦੀ ਸਿਫਤ ਸਲਾਹ ਕਰਾਂ। ਇਹ ਯਾਚਕ ਤੇਰੇ ਦਰ ਪਿਆ ਹੈ, ਹੇ ਦਾਤੇ ਖਿਨਾਂ ਮੰਗੇ ਦਾਨ ਕਰਦੇ ਹੋ। ਤੇਰੀ ਭਗਤੀ ਦੇ ਭੰਡਾਰ ਭਰੇ ਪਏ ਹਨ, ਦਾਨ ਦਿਓ, ਦਾਨ ਦਿਓ, ਹਾਂ ਸਭਨਾਂ ਨੂੰ ਦਾਨ ਦਿਓ, ਅਪਣੀ ਭਗਤੀ ਦਾ ਦਾਨ ਦਿਓ। ਦਾਨ ਦਿਓ ਦਾਤਾ ਦਾਨ ਦਿਓ। ਇਹ ਅਰਦਾਸ ਕਰਦੇ ਆਪ ਨੇ ਸਾਧੂ ਨੂੰ ਨਾਮ ਦਾਨ ਦਿਤਾ।

ਇਹ ਜੋ ਵਾਰਤਾਲਾਪ ਅੱਜ ਸਾਧੂ ਨਾਲ ਹੋਈ ਸ੍ਰੀ ਗੁਰੂ ਜੀ ਨੇ ਸਰਬ ਕਾਲੀ ਤੇ ਸਦਾ ਸੁਖਦਾਤੀ ਹੋਣ ਲਈ ਇਕ ਸ਼ਬਦ ਵਿਚ ਗੁੰਦ ਦਿਤੀ ਜੋ ਸ਼ਬਦ ਕਿ ਆਸਾ ਰਾਗ ਦੇ ਛੰਤ ਮਹਲੇ ਪਹਿਲੇ ਵਿਚ ਹੈ:-

ਆਸਾ ਮਹਲਾ ੧॥ ਅਨਹਦੋ ਅਨਹਦੁ ਵਾਜੈ ਰੁਣ ਝੁਣਕਾਰੇ ਰਾਮ॥ ਮੇਰਾ ਮਨੋ ਮੇਰਾ ਮਨੁ ਰਾਤਾ ਲਾਲ ਪਿਆਰੇ ਰਾਮ॥ ਅਨਦਿਨੁ ਰਾਤਾ ਮਨੁ ਬੈਰਾਗੀ ਸੁੰਨ ਮੰਡਲਿ ਘਰੁ ਪਾਇਆ॥ ਆਦਿ ਪੁਰਖੁ ਅਪਰੰਪਰੁ ਪਿਆਰਾ ਸਤਿਗੁਰਿ ਅਲਖੁ ਲਖਾਇਆ॥ ਆਸਣਿ ਬੈਸਣਿ ਥਿਰੁ ਨਾਰਾਇਣੁ ਤਿਤੁ ਮਨੁ ਰਾਤਾ ਵੀਚਾਰੇ॥ ਨਾਨਕ ਨਾਮਿ ਰਤੇ ਬੈਰਾਗੀ ਅਨਹਦ ਰੁਣ ਝੁਣਕਾਰੇ॥੧॥ ਤਿਤੁ ਅਗਮ ਤਿਤੁ ਅਗਮ ਪੁਰੇ ਕਹੁ ਕਿਤੁ ਬਿਧਿ ਜਾਈਐ ਰਾਮ॥ ਸਚੁ ਸੰਜਮੋ ਸਾਰਿ ਗੁਣਾ ਗੁਰ ਸਬਦੁ ਕਮਾਈਐ ਰਾਮ॥ ਸਚੁ ਸਬਦੁ ਕਮਾਈਐ ਨਿਜ ਘਰਿ ਜਾਈਐ ਪਾਈਐ ਗੁਣੀ ਨਿਧਾਨਾ॥ ਤਿਤੁ ਸਾਖਾ ਮੂਲੁ ਪਤੁ ਨਹੀ ਡਾਲੀ ਸਿਰਿ ਸਭਨਾ ਪਰਧਾਨਾ॥ ਜਪੁ ਤਪੁ ਕਰਿ ਕਰਿ ਸੰਜਮ ਥਾਕੀ ਹਠਿ ਨਿਗ੍ਰਹਿ ਨਹੀ ਪਾਈਐ॥ ਨਾਨਕ ਸਹਜਿ ਮਿਲੇ ਜਗਜੀਵਨ ਸਤਿਗੁਰ ਬੂਝ ਬੁਝਾਈਐ॥੨॥ ਗੁਰੁ ਸਾਗਰੋ ਰਤਨਾਗਰੁ ਤਿਤੁ ਰਤਨ ਘਣੇਰੇ ਰਾਮ॥ ਕਰਿ ਮਜਨੋ ਸਪਤ ਸਰੇ ਮਨ ਨਿਰਮਲ ਮੇਰੇ ਰਾਮ॥ ਨਿਰਮਲ ਜਲਿ ਨਾਏ ਜਾ ਪ੍ਰਭ ਭਾਏ ਪੰਚ ਮਿਲੇ ਵੀਚਾਰੇ॥ ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ॥ ਹਉਮੈ ਲੋਭ ਲਹਰਿ ਲਬ ਥਾਕੇ ਪਾਏ ਦੀਨ ਦਇਆਲਾ॥ ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ॥੩॥ ਹਉ ਬਨੁ ਬਨੋ ਦੇਖਿ ਰਹੀ ਤ੍ਰਿਣੁ ਦੇਖਿ ਸਬਾਇਆ ਰਾਮ॥ ਤ੍ਰਿਭਵਣੋ ਤੁਝਹਿ ਕੀਆ ਸਭੁ ਜਗਤੁ ਸਬਾਇਆ ਰਾਮ॥ ਤੇਰਾ ਸਭੁ ਕੀਆ ਤੂੰ ਥਿਰੁ ਥੀਆ ਤੁਧੁ ਸਮਾਨਿ

**ਕੋ ਨਾਹੀ॥ ਤੂੰ ਦਾਤਾ ਸਭ ਜਾਚਿਕ ਤੇਰੇ ਤੁਧੁ ਬਿਨੁ ਕਿਸੁ ਸਾਲਾਹੀ॥ ਅਣਮੰਗਿਆ ਦਾਨੁ ਦੀਜੈ ਦਾਤੇ ਤੇਰੀ ਭਗਤਿ ਭਰੇ ਭੰਡਾਰਾ॥ ਰਾਮ ਨਾਮ ਬਿਨੁ ਮੁਕਤਿ ਨ ਹੋਈ ਨਾਨਕੁ ਕਹੈ ਵੀਚਾਰਾ॥੪॥੨॥**

ਇਹ ਸ਼ਬਦ ਅਸਾਂ ਤਕ ਅੱਪੜਿਆ ਹੈ, ਇਹ ਸਾਡਾ ਕਲਜਾਣਕਾਰੀ ਹੋਵੇ, ਇਹ ਸਾਨੂੰ ਦਾਤੇ ਨਾਲ ਮੇਲ ਦੇਵੇ, ਜਨਮ ਮਰਨ ਕੱਟ ਦੇਵੇ, ਸਟ ਦੇਵੇ ਸਾਨੂੰ ਵਾਹਿਗੁਰੂ ਦੀ ਝੋਲੀ ਵਿਚ। ਆਖੋ "ਧੰਨ ਗੁਰੂ ਨਾਨਕ"!

**ਇਤਿਹਾਸਕ ਪਹਿਲੂ:**

ਇਹ ਵਾਰਤਾ ਜੋ ਇਸ ਲੇਖ ਵਿਚ ਆਈ ਹੈ, ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਸਵਿਸਥਾਰ ਲਿਖੀ ਹੈ। ਸ਼ਬਦ ਜੋ ਆਸਾ ਰਾਗ ਦਾ ਇਸ ਵਿਚ ਆਇਆ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਚੌਹਾਂ ਪਰਥਾਇ ਜੋ ਚਾਰ ਛੰਤ ਆਖੇ, ਸੋ ਚਾਰੇ ਉਸ ਸ਼ਖਦ ਵਿਚ ਦਰਜ ਹੈਨ। ਬਿਲਾਵਲ ਤੇ ਆਸਾ ਦੇ ਜੋ ਹੋਰ ਸ਼ਬਦ ਆਏ ਹਨ ਸਭ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਨ।

ਪੁਰਾਤਨ ਗਜਾਨੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕਰਦੇ ਸਨ, ਇਸ ਸ਼ਬਦ ਦੀ ਉਥਾਨਕਾ ਇਹੀ ਦੱਸਦੇ ਹਨ ਤੇ ਆਖਦੇ ਹੁੰਦੇ ਸਨ ਕਿ ਇਕ ਸਾਧੂ ਨਮਿਤ ਇਹ ਬਾਣੀ ਉਚਾਰ ਹੋਈ ਸੀ, ਜੋ ਫਕੀਰੀ ਵਿਚ ਕਾਂਪ ਖਾ ਕੇ ਦੰਭੀ ਹੋ ਗਿਆ ਸੀ। ਉਹ ਪੜ੍ਹਿਆ ਬੀ ਸੀ, ਕੁਛ ਸਾਧਕ ਬੀ ਸੀ, ਪਰ ਮਾਯਾ ਫੇਰ ਪ੍ਰਬਲ ਪੈ ਗਈ ਸੀ। ਉਸ ਦੀ 'ਮਾਯਾ-ਮੂਰਛਾ' ਸਤਿਗੁਰੂ ਨੇ ਖੁਹਲੀ ਸੀ ਤੇ ਇਹ ਸ਼ਬਦ ਉਚਾਰ ਕੇ ਖੁਹਲੀ ਸੀ। ਲਿਖਤੀ ਪਾਸੇ ਪ੍ਰਸਿਧ ਗਿਆਨੀ ਭਾਈ ਬਖਸ਼ੀਸ਼ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਦੇ (ਲਿਖਤੀ) ਪ੍ਰਯਾਵਾਂ ਵਿਚ ਇਸ ਵਾਰਤਾ ਦਾ ਇਸ਼ਾਰਾ ਇਉਂ ਦਿਤਾ ਹੈ। ਯਥਾ:- "ਰਮਤੇ ਰਮਤੇ ਆਇ ਕਿਆ ਦੇਖੈਂ ਜੋ ਏਕ ਪੁਰਸ਼ਖੜਾ ਦੰਭ ਖਣਾ ਬੈਠਾ ਹੈ, ਸਾਧੂ ਰੂਪ ਹੋਕੇ, ਏਕ ਬਾਗ ਮੈ ਤੇ ਪਾਸ ਨਦੀ ਚਲਤੀ ਹੈਸੀ। ਉਸ ਕੇ ਦੰਭ ਕੋ ਦੇਖ ਕੇ ਕਹੇ ਹੈਂ। ਸੁਣਾਵੈਂ ਤੋ ਉਸ ਨੂੰ ਤੇ ਕਹੇ ਹੈਂ ਸਾਹਮਣੇ ਹੋਰ ਕੇ ਮੁਖ ਕਰਕੇ। ਏਕ ਹਰਣ ਫਿਰਤਾ ਦੇਖ ਕੇ 'ਉਸ ਵਾੜੀਐ' ਉਸ ਦੁਆਰਾ ਕਹਿਤੇ ਹੈਂ।" ਵਿਸ਼ੇਸ਼ ਹਾਲ ਕਿਸੇ ਹੋਰ ਲਿਖਤ ਵਿਚ ਹੋਵੇ ਤਾਂ ਸਜਣ ਜਨ ਪਤਾ ਦੇਣ।

 www.sikhbookclub.com

## ਗੀਤ 1.

(ਰਾਗ:-ਜੈਜਾਵੰਤੀ। ਭਾਰ-4)

### ਗੁਰੂ ਨਾਨਕ ਚਰਨਾਂ ਵਿਚ ਸਿਖਾਂ ਦੀ ਅਰਦਾਸ

ਲਖ ਚੰਗਿਆਈਆਂ ਸਤਿਗੁਰ ਨਾਨਕ!
ਸਾਥੋਂ ਇਕ ਬੀ ਨਾ ਸਰ ਆਈ॥ਟੇਕ॥
ਲੱਗ ਗਏ ਹਾਂ ਵਿਚ ਬੁਰਿਆਈਆਂ,
ਰੱਬ ਸਾਈ ਤੋਂ ਵਿੱਥਾਂ ਪਾਈਆਂ,
'ਨਾਮ-ਵਿਸਾਰਾ' ਹੋ ਗਿਆ, ਸਾਈਆਂ!
ਅਸਾਂ ਬਾਣੀ ਟੇਕ ਗੁਆਈ।
ਗ੍ਰਸੇ ਗਏ ਹਾਂ ਹੁਣ ਵਿਚ ਵਿਪਦਾ,
ਘੇਰ ਲਿਆ ਚੌਫਰਿਓਂ ਅਪਦਾ,
ਸੱਜਣ ਸੈਣ ਕੋਈ ਨਹੀਂ ਦਿਸਦਾ,
ਬਹੁੜ ਬਹੁੜ ਹੁਣ ਆਪ ਗੁਸਾਈਂ!
ਹੇ ਗੁਰੂ ਨਾਨਕ ਤ੍ਰੁੱਠ ਗੁਸਾਈਂ!
ਅਪਣੀ ਉੱਮਤ ਆਪ ਬਚਾਈਂ,
ਔਗੁਣ ਸਾਰੇ ਬਖ਼ਸ਼, ਭੁਲਾਈਂ।
ਲੜ ਲਾਈ ਨੂੰ ਆਪ ਬਚਾਈਂ।
ਇਕ ਵੇਰ ਫਿਰ ਸਤਿਗੁਰ ਆ ਜਾ,
ਧਰ ਰੁਲਦੀ ਨੂੰ ਫਿਰ ਗਲ ਲਾਜਾ,
ਹੇ ਸਦ-ਚੰਗਿਆ! ਆ ਗਲ ਲਾਜਾ,
ਦਾਤਾ! ਅਪਣੀ ਤਕ ਚੰਗਿਆਈ!
ਹਾਂ, ਅਪਣੀ ਤਕ ਚੰਗਿਆਈ,
ਦਾਤਾ ਅਪਣੀ ਤਕ ਚੰਗਿਆਈ,
ਸਾਥੋਂ ਕੁਛ ਬੀ ਨਾ ਸਰ ਆਈ,
ਅਪਣੀ ਤਕ ਚੰਗਿਆਈ!
ਦਾਤਾ ਅਪਣੀ ਤਕ ਚੰਗਿਆਈ!

–0–

 www.sikhbookclub.com

## ਗੀਤ 2.

(ਰਾਗ-ਖਣਵਾ। ਤਾਲ- ਢਈਆ।)

### ਮੇਰਾ ਸ਼ੁਕਰ ਤੇ ਮੇਰੀ ਸੱਧਰ

ਰਿਵ਼ੀਏ ਟੁਰੀਏਂ ਜਾਂਦੀਏ ਗੁਰ ਨਾਨਕ ਦੇ ਦੇਸ਼ ਨੂੰ!
ਚਰਨ ਕਵਲ ਵਿਚ ਧਰ ਦਈਂ ਮੇਰਾ ਇਹ ਸੰਦੇਸ਼ ਤੂੰ।1।ਟੇਕ।

ਸ਼ੁਕਰ ਲਓ ਨਿਜ ਦਾਤ ਦਾ ਤ੍ਰੁਠ ਜੁ ਦਿੱਤਾ 'ਨਾਮ' ਤੂੰ
ਮੂੰਹ ਲਾ ਦਿਤਾ ਰਸ ਭਰੇ ਸਿਫਤ ਸਲਾਹ ਦੇ ਜਾਮ ਨੂੰ।2।

ਮਿਹਰ ਅਮਿੱਤੀ ਕਰ ਰਹੇ, ਸ਼ੁਕਰ ਕਰੇ ਮਨ, ਜਿੰਦ, ਲੂੰ,
ਫਿਰ ਭੀ ਸ਼ੁਕਰ ਨਾ ਹੋ ਸਕੇ; ਧੰਨ, ਹੇ ਦਾਤਾ ਧੰਨ ਤੂੰ!3।

ਦਾਨ ਕਰੋ ਇਕ ਹੋਰ ਮੈਂ:- ਨੈਣਾਂ ਤੜਫਣਹਾਰ ਨੂੰ
ਸੁਹਣਾ ਝਲਕਾ ਮਾਰ ਇਕ ਦੇਹ ਅਪਣਾ ਦੀਦਾਰ ਤੂੰ।4।

ਤੈਂ 'ਮੁਖ-ਚੰਦ' ਨੂੰ ਤਰਸਦੇ, 'ਨੈਣ-ਚਕੋਰਾਂ' ਜੋਗ ਜੀ!
ਸਦਾ ਲਈ ਮਿਟ ਜਾਣ ਤੋਂ ਪਹਿਲੋਂ ਪਾ ਇਹ ਚੋਗ ਜੀ।5।

ਦੇਹ ਦਰਸ਼ਨ ਦੀ ਦਾਤ ਹੁਣ, ਦਾਤਾ! ਦੇਵਣ ਹਾਰਿਆ!
ਪਾ ਝੋਲੀ ਏ ਖ਼ੈਰ ਇਕ ਨੈਣਾਂ ਦਰਸ ਪਿਆਰਿਆਂ।6।

ਦਰਸ-ਸਮਾਏ ਨੈਣ ਮੈ ਭਰੇ ਰਹਿਣ ਵਿਚ ਰੰਗ ਜੀ,
ਜਦ ਤਕ ਖੁਲ੍ਹਦੇ ਮੀਟਦੇ ਦਰਸ ਰਹੇ ਅੰਗ ਸੰਗ ਜੀ।7।

-0-

# ਸਤਿਗੁਰੁ ਜਾਗਤਾ ਹੈ ਦੇਉ

ਅੱਜ ਗੁਰਪੁਰਬ ਹੈ। ਕਿਹੜਾ?

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦਾ। ਆਪ ਜੀ ਨੇ ਜਗਤ ਜਲੰਦੇ ਵਿਚ ਆ ਕੇ ਠੰਢ ਵਰਤਾਈ, ਸੱਚਾ ਧਰਮ ਫੈਲਾਇਆ, ਪਾਪਾਂ ਵਿਚ ਫਸੇ ਲੋਕਾਂ ਨੂੰ ਪਾਪਾਂ ਤੋਂ ਛੁਟਕਾਰਾ ਪਾਉਣ ਦੀ ਜਾਚ ਦੱਸੀ, ਧਰਮ ਧਾਰਨ ਦਾ ਵੱਲ ਸਿਖਾਇਆ। ਝੂਠ ਕੁਸੱਤ ਤੋਂ ਕੱਢਕੇ ਸੱਚ ਤੇ ਪੱਕਿਆਂ ਕੀਤਾ, ਅਨਲਗਿਆਂ ਨੂੰ ਵਾਹਿਗੁਰੂ ਦੇ ਰਸਤੇ ਲਾਇਆ। ਲਗਿਆਂ ਨੂੰ ਸਿਰੇ ਚਾੜ੍ਹਿਆ। ਉਹ ਜੋ ਅਧਿਕਾਰੀ ਸਨ, ਉਨ੍ਹਾਂ ਦੀ ਬਾਂਹ ਫੜੀ ਤੇ ਬਿਖੜੇ ਦਾਵਾਂ ਤੋਂ ਬਚਾ ਕੇ ਪਾਰ ਪੁਚਾਇਆ।

ਸ੍ਰੀ ਸਤਿਗੁਰੂ ਜੀ ਦੇ ਹਾਲ ਵਾਚਕੇ ਜੀ ਉਮਲ ਪੈਂਦਾ ਹੈ, ਕਿ ਹਾਇ! ਅਸੀਂ ਕਿਉਂ ਨਾ ਉਸ ਵੇਲੇ ਹੋਏ, ਦਰਸ਼ਨ ਕਰਦੇ ਤੇ ਮਿਹਰਾਂ ਪ੍ਰਾਪਤ ਕਰਕੇ ਪਾਰਗਿਰਾਮੀ ਹੋ ਜਾਂਦੇ। ਇਸ ਚਾਉ ਦੀ ਪੂਰਨਤਾ ਇਹ ਹੈ ਕਿ ਅੱਜ ਅਸੀਂ ਸਤਿਗੁਰੂ ਜੀ ਦੇ ਉਸ ਵੇਲੇ ਦੇ ਹੋਏ ਸਿੱਖਾਂ ਦਾ ਹਾਲ ਵਾਚੀਏ, ਉਸ ਨੂੰ ਸਮਝੀਏ ਤੇ ਉਨ੍ਹਾਂ ਹੋ ਚੁਕੇ ਹਾਲਾਤ ਤੋਂ ਆਪਣੇ ਤੇ ਘਟਦੇ ਸਮਾਚਾਰ ਘੋਖ ਕੇ ਸੁਮੱਤਾਂ ਲਈਏ ਤੇ ਆਪਣਾ ਜੀਵਨ ਗੁਰਸਿੱਖੀ ਦਾ ਬਣਾ ਲਈਏ। ਜੇ ਅਸੀਂ ਇਹ ਉਦਮ ਕਰੀਏ ਤਾਂ ਸਤਿਗੁਰੂ ਸਾਡਾ ਉਸੇ ਤਰ੍ਹਾਂ ਸਹਾਈ ਹੈ ਜਿਵੇਂ ਤਦੋਂ ਲੋੜਵੰਦਾਂ ਤੇ ਅਧਿਕਾਰੀਆਂ ਦਾ ਸਹਾਈ ਸੀ। 'ਸਤਿਗੁਰੁ ਜਾਗਤਾ ਹੈ ਦੇਉ' ਗੁਰਬਾਣੀ ਦੱਸਦੀ ਹੈ। ਸਤਿਗੁਰੂ ਨਾਨਕ ਦੇਵ ਉਸੀ ਤਰ੍ਹਾਂ ਜਾਗਤਾ ਦੇਵ ਹੈ ਤੇ ਸਿੱਖਾਂ ਦਾ ਸਹਾਈ ਹੈ, ਇਸ ਲਈ ਆਓ ਅੱਜ ਤ੍ਰੈ ਚਾਰ ਸਾਖੀਆਂ ਉਸ ਸਮੇਂ ਦੇ ਸਿੱਖਾਂ ਦੀਆਂ ਵਾਚੀਏ ਤਾਂ ਜੋ ਸਾਨੂੰ ਰਾਹਨੁਮਾਈ ਮਿਲੇ, ਸਾਨੂੰ ਅਗੁਵਾਨੀ ਮਿਲੇ, ਅਸੀਂ ਸਿਖਿਆ ਪ੍ਰਾਪਤ ਕਰਕੇ ਗੁਰੂ ਕੇ ਉਹ ਸਿੱਖ ਬਣੀਏਂ, ਜਿਨ੍ਹਾਂ ਨੇ ਕਿ ਤਦੋਂ ਪਰਮ ਪਦਵੀ ਪ੍ਰਾਪਤ


www.sikhbookclub.com

ਕੀਤੀ ਸੀ। ਜੀਉਂਦਿਆਂ ਸੁਖੀ ਰਹੀਏ, ਉੱਚ ਸੁਰਤੇ ਰਹੀਏ ਤੇ ਜਗਤ ਤੋਂ ਜਦ ਵਿਦਾ ਹੋਈਏ ਤਾਂ ਸਤਿਗੁਰੂ ਦੇ ਚਰਨਾਂ ਨੂੰ ਪ੍ਰਾਪਤ ਹੋ ਕੇ ਸਦਗਤੀ ਪਾਈਏ।

ਲਓ ਪਹਿਲਾਂ ਸੁਣੋਂ ਸਾਖੀ ਭਾਈ ਤਾਰੂ ਪੋਪਟ ਦੀ।

## 1. ਭਾਈ ਤਾਰੂ ਪੋਪਟ

ਤਾਰੂ ਤਾਂ ਹੈ ਨਾਮ, ਅੱਜ ਕੱਲ ਬੀ ਤਾਰਾ ਚੰਦ ਆਦਿ ਨੂੰ ਤਾਰੂ ਕਹਿਕੇ ਪੁਕਾਰਦੇ ਹਨ, ਪਰ ਪੋਪਟ ਦਾ ਕੀ ਭਾਵ ਹੈ?

ਪੋਪਟ ਆਖਦੇ ਹਨ ਇਕ ਪ੍ਰਕਾਰ ਦੇ ਮੋਟੇ ਪਟਾਖੇ ਨੂੰ, ਜੋ ਤਿੰਨ-ਨੁਕਰਾ ਹੁੰਦਾ ਹੈ, ਵਿਚਕਾਹੇ ਜਿਮ ਦੇ ਤੋੜਾ ਲੱਗਾ ਹੁੰਦਾ ਹੈ। ਜਦ ਇਸ ਤੋੜੇ ਨੂੰ ਅੱਗ ਲਾ ਕੇ ਪਟਾਖਾ ਸੁੱਟੋ ਤਾਂ ਉਹ ਚਲਦਾ ਹੈ, ਅਵਾਜ਼ ਦੇਂਦਾ ਹੈ ਤੇ ਚਲਦਾ ਚਲਦਾ ਕੁਝ ਤ੍ਰਪਣਾ ਦਿਖਾ ਜਾਂਦਾ ਹੈ। ਸੋ ਜੋ ਬੱਚਾ ਜਾਂ ਆਦਮੀ ਤੁਰਤਾ-ਫੁਰਤਾ ਹੋਵੇ, ਛੇਤੀ ਨਾਲ ਕੰਮ ਕਾਜ ਕਰੇ ਯਾ ਗੁੱਸੇ ਰਾਜ਼ੀ ਛੇਤੀ ਹੋ ਜਾਵੇ, ਉਸ ਨੂੰ ਮਾਪੇ ਪੋਪਟ ਆਖਣ ਲੱਗ ਜਾਂਦੇ ਹਨ। ਜਾਪਦਾ ਹੈ ਇਹ ਤਾਰੂ ਆਪਣੇ ਸਰੀਰ ਕਰਕੇ ਫੁਰਤੀਲਾ ਤੇ ਮਨ ਲਾ ਕੇ ਸਮਝੀ ਗੱਲ ਤੇ ਛੇਤੀ ਪਹਿਰਾ ਦੇਣ ਵਾਲਾ ਸੀ ਜੋ ਮਾਪਿਆਂ ਨੇ ਪੋਪਟ ਕਰਕੇ ਕੁਆਉਣਾ। ਇਉਂ ਬਚਪਨ ਦਾ ਇਹ ਪਦ ਅੱਲ ਹੋ ਕੇ ਉਸ ਦੇ ਨਾਮ ਨਾਲ ਸਾਰੀ ਉਮਰ ਲੱਗਾ ਰਿਹਾ(ਇਹ ਬੀ ਕਿਆਸ ਕੀਤਾ ਜਾ ਸਕਦਾ ਹੈ ਕਿ ਪੋਪਟ ਕੋਈ ਜਾਤ ਹੈ। ਪਰ ਅਸਾਂ ਹਰ ਇਕ ਜਾਤ ਦੇ ਬੱਚਿਆਂ ਨੂੰ ਮਾਵਾਂ ਪੋਪਟ ਸੱਦਦੀਆਂ ਵੇਖੀਆਂ ਹਨ।)।

ਸੋ ਇਹ ਤਾਂ ਗੱਲ ਰਹੀ ਨਾਮ ਦੀ। ਹੁਣ ਸਾਖੀ ਇਸ ਸੁਹਣੇ ਬੱਚੇ ਦੀ ਇਹ ਹੈ ਕਿ ਇਹ ਛੋਟੀ ਵਰੇਸ ਵਿਚ ਹੀ ਸੀ, ਮਸਾਂ ਦਸ ਬਰਸਾਂ ਦੀ ਉਮਰ ਹੋਸੀ ਕਿ ਅੰਮ੍ਰਿਤ ਵੇਲੇ ਦੇ ਗੁਰੂ ਕੇ ਦੀਵਾਨ ਵਿਚ ਆਉਣ ਲੱਗ ਪਿਆ। ਸੰਗਤ ਬੀ ਦੇਖਦੀ ਸੀ ਕਿ ਇਹ ਬੱਚਾ ਕਿਵੇਂ ਐਡੀ ਝਲਾਂਗੇ ਆ ਜਾਂਦਾ ਹੈ। ਗੁਰੂ ਜੀ, ਜੋ ਜਾਣੀ ਜਾਣ ਸਨ, ਇਕ ਦਿਨ ਆਪ ਨੇ ਹੁਕਮ ਦਿੱਤਾ ਕਿ ਅੱਜ ਉਸ ਬਾਲਕੇ ਨੂੰ ਅਟਕਾ ਲੈਣਾ, ਭੋਗ ਪਏ ਤੋਂ ਘਰ ਨਾ ਜਾਣ ਦੇਣਾ। ਜੈਸਾ ਕਿ ਕਵੀ ਸੰਤੋਖ ਸਿੰਘ ਜੀ ਲਿਖਦੇ ਹਨ:-

**ਇਕ ਦਿਨ ਸ੍ਰੀ ਗੁਰੁ ਬੈਨ ਬਖਾਨੇ।**
**ਬਾਲਕ ਕੋ ਘਰ ਦੇਹੁ ਨ ਜਾਨੇ।**
(ਸ੍ਰੀ ਗੁ: ਨਾ: ਪ੍ਰਕਾਸ਼)

ਅਗਲੇ ਦਿਨ ਬੱਚਾ ਅਟਕਾਇਆ ਗਿਆ ਤੇ ਗੁਰੂ ਕੇ ਹਜ਼ੂਰ ਹਾਜ਼ਰ ਕੀਤਾ ਗਿਆ। ਉਹ ਅੱਗੇ ਹੀ ਇਹ ਚਾਹੁੰਦਾ ਹੁੰਦਾ ਸੀ ਕਿ ਕਿਵੇਂ ਚਰਨ ਪਰਸਾਂ ਤੇ ਮਿਲਾਂ। ਆ ਕੇ ਇਸ ਨੇ ਮੱਥਾ ਟੇਕਿਆ, ਤਦ ਸਤਿਗੁਰੂ ਨੇ ਪਿਆਰ ਦੇ ਕੇ ਪੁਛਿਆ: ਬੱਚਾ ਇਸ ਛੋਟੀ ਉਮਰੇ ਤੇ ਏਨੀ ਤੜਕੇ ਕਿ ਰਾਤ ਅਜੇ ਮੁੱਕੀ ਨਹੀਂ ਹੁੰਦੀ ਕਿ ਤੂੰ ਦੀਵਾਨ ਵਿਚ ਆ ਜਾਂਦਾ ਹੈਂ, ਤੇਰੀ ਜਾਗ ਕੀਕੂੰ ਖੁਲ੍ਹ ਜਾਂਦੀ ਹੈ? ਬੱਚਿਆਂ ਦਾ ਤਾਂ ਇਹ ਘੂਕ ਸੁੱਤੇ ਹੋਣ ਦਾ ਵੇਲਾ ਹੁੰਦਾ ਹੈ। ਬਾਲ ਤਾਂ ਇਸ ਉਮਰੇ ਖੇਡਾਂ ਮੱਲਾਂ ਵਿਚ ਹੁੰਦੇ ਹਨ, ਤੂੰ ਕੀਰਤਨ ਸੁਣਨ ਵਿਚ ਖੁਸ਼ੀ ਹੁੰਦਾ ਹੈਂ? ਤਾਂ ਬੱਚੇ ਨੇ ਕਿਹਾ: ਜੀਓ ਜੀ, ਮੈਂ ਬੁੱਢੇ ਬਾਬੇ ਦੀ ਮੌਤ ਵੇਖੀ ਸੀ ਤੇ ਜਾਤਾ ਸੀ ਕਿ ਮੈਂ ਬੀ ਮਰਨਾ ਹੋਊ! ਫੇਰ ਖਿਆਲ ਆਇਆ ਕਿ ਬੁੱਢੇ ਹੋ ਕੇ ਮਰੀਦਾ ਹੈ, ਹੁਣ ਕਾਸ ਨੂੰ ਸੋਚੀਏ, ਸੋ ਖੇਡੀਏ ਮੱਲ੍ਹੀਏ, ਪਰ ਇਕ ਦਿਨ ਮੇਰੀ ਮਾਂ ਰੋਟੀ ਪਕਾਉਣ ਦੇ ਆਹਰ ਵਿਚ ਹੋਈ ਤਾਂ ਮੈਨੂੰ ਅੱਗ ਲੈਣ ਭੇਜਿਓ ਸੁ। ਮੈਂ ਨਾਲ ਦੇ ਘਰੋਂ ਅੱਗ ਆਂਦੀ ਤਾਂ ਮਾਂ ਨੇ ਕਿਹਾ: ਲੱਕੜੀਆਂ ਚੁਲ੍ਹੇ ਵਿਚ ਲਾ ਕੇ ਇਸ ਅੰਗਾਰੇ ਨਾਲ ਅੱਗ ਬਾਲ ਦੇ। ਜਾਂ ਮੈਂ ਅੱਗ ਬਾਲਾਂ ਤਾਂ ਬਲੇ ਨਾ! ਤਦ ਮਾਂ ਨੇ ਅਵਾਜ਼ ਦਿੱਤੀ: ਬੱਚਾ ਪਹਿਲੇ ਨਿੱਕੀਆਂ ਨਿੱਕੀਆਂ ਤਰੁੱਮਲਾਂ ਨੂੰ ਅੰਗਾਰ ਤੇ ਰੱਖ ਕੇ ਫੂਕ ਮਾਰ, ਫੇਰ ਨਿੱਕੀਆਂ ਨਿੱਕੀਆਂ ਲੱਕੜੀਆਂ ਲਾਵੀਂ ਤੇ ਉਨ੍ਹਾਂ ਉਪਰ ਵੱਡੀਆਂ!

ਮੈਂ ਇਸੇ ਤਰ੍ਹਾਂ ਕੀਤਾ ਤਾਂ ਅੱਗ ਬਲ ਪਈ। ਪਰ ਮੇਰੇ ਮਨ ਇਹ ਕਾਤੀ ਵਰਤ ਗਈ ਕਿ ਅੱਗ ਤਾਂ ਨਿੱਕੀਆਂ ਨੂੰ ਪਹਿਲਾਂ ਲੱਗਦੀ ਹੈ, ਇਸ ਤਰ੍ਹਾਂ ਮੌਤ ਬੀ ਕਿਤੇ ਨਿੱਕੀਆਂ ਨੂੰ ਪਹਿਲੋਂ ਲੱਗਦੀ ਨਾ ਹੋਵੇ। ਫੇਰ ਮੈਂ ਬਾਲ ਬੀ ਮਰਦੇ ਵੇਖੇ, ਤਦ ਮੇਰੇ ਮਨ ਇਹ ਗੱਲ ਪੁੜ ਗਈ ਕਿ ਮੌਤ ਦਾ ਕੋਈ ਵਿਸਾਹ ਨਹੀਂ, ਖ਼ਬਰੇ ਮੈਨੂੰ ਬੀ ਛੋਟੀ ਉਮਰੇ ਹੀ ਲੈ ਜਾਵੇ। ਫੇਰ ਮੈਂ ਸੁਣਿਆਂ ਹੋਇਆ ਸੀ ਕਿ ਸੰਤ ਹੁੰਦੇ ਹਨ ਜੋ ਮੌਤ ਤੋਂ ਮਗਰਲੀ ਗੱਲ ਜਾਣਦੇ ਹਨ, ਉਨ੍ਹਾਂ ਨੂੰ ਮਿਲਿਆਂ ਮੌਤ ਦਾ ਡਰ ਦੂਰ ਹੁੰਦਾ ਹੈ ਤੇ ਕੁਝ ਚੰਗਾ ਚੰਗਾ ਹੋ ਜਾਂਦਾ ਹੈ ਤੇ ਮਰ ਕੇ ਵੀ ਸੁਖ ਹੁੰਦਾ ਹੈ। ਫੇਰ ਮੈਂ

 www.sikhbookclub.com

ਆਪ ਜੀ ਦੀ ਮਹਿਮਾਂ ਸੁਣੀ ਕਿ ਪੂਰੇ ਰੱਬ ਜੀ ਦੇ ਪਿਆਰੇ ਹਨ। ਫੇਰ ਸਤਿਸੰਗ, ਜੋ ਪਿਛਲੀ ਰਾਤ ਰਹਿੰਦੀ ਲਗਦਾ ਹੈ, ਦੀ ਸੂੰਹ ਪਈ, ਤਦ ਮੈਂ ਆਉਣ ਲੱਗ ਪਿਆ। ਮੌਤ ਦਾ ਡਰ ਤੇ ਸਤਿਸੰਗ ਦਾ ਸੁਆਦ ਜਾਗ ਖੁਹਲ ਦਿੰਦਾ ਹੈ।

ਸਤਿਗੁਰੂ ਸੁਣ ਕੇ ਖੁਸ਼ ਹੋਏ ਤੇ ਪੁਛਿਆ— ਤੇਰਾ ਨਾਮ ਕੀਹ ਹੈ?

ਬਾਲਕ ਨੇ ਕਿਹਾ- - ਜੀ ਨਾਉਂ ਹੈ 'ਤਾਰੂ'।

ਤਾਂ ਗੁਰੂ ਜੀ ਬੋਲੇ— ਭਲਾ ਬੱਚੇ! ਤੂੰ ਕੁਲਤਾਰੂ ਹੋਵੇਂਗਾ।

ਤਦ ਗੁਰੂ ਜੀ ਨੇ ਮੇਹਰ ਕਰਕੇ ਬੱਚੇ ਨੂੰ ਨਾਮ ਦਾਨ ਦਿੱਤਾ। ਸਿੱਖਾਂ ਦੀ ਭਗਤ ਮਾਲ ਵਿਚ ਲਿਖਿਆ ਹੈ: "ਬਾਲਕੇ! ਧਰਮ ਦੀ ਕਿਰਤ ਕਰਕੇ ਵੰਡ ਖਾਏ ਤੇ ਜੋ ਸ੍ਵਾਸ ਅੰਦਰ ਆਵੇ ਸੋ ਵਾਹਿਗੁਰੂ ਜਪਣਾ ਤੇ ਬਾਹਰ ਜਾਵੇ ਤਾਂ ਵਾਹਿਗੁਰੂ ਜਪਣਾ ਤੇ ਮਨ ਨੂੰ ਰਾਗ ਦ੍ਵੈਖ ਤੇ ਸੁਧ ਕਰਣਾ।"

ਇਹ ਉਪਦੇਸ਼ ਪਾ ਕੇ ਇਸ ਦੀ ਕਮਾਈ ਕਰਕੇ ਤਾਰੂ ਸਚਮੁਚ ਗੁਰਮੁਖ ਸਿਖ ਤਿਆਰ ਹੋਇਆ ਤੇ ਕੁਲ ਤਾਰੂ ਬਣਿਆਂ। ਲਿਖਿਆ ਹੈ: "ਭਾਈ ਤਾਰੂ ਧਰਮ ਦੀ ਕਿਰਤ ਕਰੇ ਤੇ ਸਦੀਵ ਭਜਨ ਕਰੇ ਤੇ ਆਇਆਂ ਸਿੱਖਾਂ ਦੀ ਸੇਵਾ ਕਰੇ।"

ਸੋ ਪਾਠਕ ਜੀ! ਆਓ ਅਸੀਂ ਬੀ ਲਗ ਪਈਏ।

ਅੱਗੇ ਸਾਖੀ ਹੋਰ ਸੁਣੋ, ਵੀਚਾਰੋ ਤੇ ਅੱਜ ਗੁਰਪੁਰਬ ਜਾਣ ਕੇ ਉਸ ਤੋਂ ਬੀ ਸਿਖ੍ਯਾ ਲਓ।

## 2. ਭਾਈ ਬੂੜਾ (ਬੁੱਢਾ)

ਭਾਈ ਤਾਰੂ ਵਾਂਗੂ ਇਕ ਹੋਰ ਵੱਡਾ ਗੁਰਮੁਖ ਹੋਇਆ ਹੈ, ਜਿਸ ਨੂੰ ਭੀ ਛੋਟੀ ਉਮਰ ਵਿਚ ਪਰਮਾਰਥ ਦੀ ਠੁਹਕਰ ਲੱਗ ਰਈ ਸੀ, ਇਸ ਦਾ ਨਾਉਂ ਸੀ ਭਾਈ ਬੂੜਾ। ਇਹ ਬੀ ਸਤਿਗੁਰਾਂ ਦੀ ਚਰਨ ਸ਼ਰਨ ਆਉਣ ਲੱਗ ਪਿਆ। ਇਕ ਦਿਨ ਇਸ ਨੇ ਸਮਾਂ ਦੇਖ ਕੇ ਸਤਿਗੁਰਾਂ ਦੇ ਚਰਨਾਂ ਤੇ ਮੱਥਾ ਟੇਕਿਆ। ਬੂੜਾ ਗਊਆਂ ਚਾਰਦਾ ਹੁੰਦਾ ਸੀ, ਜੋ ਦੁੱਧ ਦੀ ਭੇਟ ਲਿਆ ਧਰਿਓ ਸੁ। ਸਤਿਗੁਰੂ ਜੀ ਨੇ ਮਿਹਰ ਦੀ ਨਜ਼ਰ ਨਾਲ ਡਿੱਠਾ, ਸਮਝੇ ਤੇ ਬੋਲੇ: ਬੱਚਿਆ! ਕੀਕੂੰ ਆਇਆ ਹੈਂ? ਤਾਂ ਬੂੜੇ ਕਿਹਾ: ਹੇ ਸੱਚੇ ਪਾਤਸ਼ਾਹ ਮੇਰਾ ਜਨਮ ਮਰਨ ਕੱਟੋ, ਮੈਂ ਇਸ ਕਾਰਣ ਆਇਆ ਹਾਂ।


www.sikhbookclub.com

ਤਾਂ ਆਪ ਜੀ ਮੁਸਕ੍ਰਾ ਕੇ ਬੋਲੇ: ਤੂੰ ਅਜੇ ਬਾਲਕ ਹੈਂ, ਇਹ ਬੁਧਿ ਕਿੱਥੋਂ ਪ੍ਰਾਪਤ ਹੋਈ ਕਿ ਜਨਮ ਮਰਨ ਕਟੀਐ। ਤਦ ਬੂੜੇ ਨੇ ਬੇਨਤੀ ਕੀਤੀ, ਜੀ ਮੈਂ ਸਮਝਦਾ ਹੁੰਦਾ ਸਾਂ ਕਿ ਮਰ ਤਾਂ ਜਾਈਦਾ ਹੈ, ਪਰ ਬੁੱਢੇ ਹੋ ਕੇ। ਸੋ ਮੈਂ ਸੋਚਿਆ, ਬੁੱਢੇ ਹੋ ਕੇ ਜਨਮ ਮਰਨ ਕੱਟਣ ਦਾ ਉਪਰਾਲਾ ਕਰ ਲਵਾਂਗੇ, ਹਾਲੇ ਖਾਵੀਏ। ਪਰ ਫੇਰ ਮੈਂ ਡਿੱਠਾ ਕਿ ਛੋਟੇ ਵੀ ਮਰ ਜਾਂਦੇ ਹਨ, ਮੈਂ ਸੋਚਾਂ ਵਿਚ ਸਾਂ ਕਿ ਸਾਡੇ ਪਿੰਡ ਤੇ ਮੁਗ਼ਲਾਂ ਦੀ ਫ਼ੌਜ ਆ ਉਤਰੀ। ਉਨ੍ਹਾਂ ਨੂੰ ਪੱਠਿਆਂ ਦੀ, ਦਾਣੇ ਦੀ ਲੋੜ ਸੀ, ਉਨ੍ਹਾਂ ਨੇ ਮਲੋ ਮਲੀ ਧੱਕੇ ਨਾਲ ਹਰੀਆਂ, ਡੱਡਰੀਆਂ, ਪੱਕੀਆਂ ਸਭ ਖੇਤੀਆਂ ਵੱਢ ਲਈਆਂ। ਉਹ ਤਾਂ ਚਲੇ ਗਏ, ਪਰ ਮੈਨੂੰ ਸੋਚ ਪੈ ਗਈ ਕਿ ਏਹ ਜਰਵਾਣੇ ਸਨ, ਇਨ੍ਹਾਂ ਦਾ ਹੱਥ ਕਿਸੇ ਨਾ ਫੜਿਆ। ਮੌਤ ਬੀ ਜਰਵਾਣੀ ਹੈ ਉਸ ਦਾ ਹੱਥ ਕਿਸ ਨੇ ਫੜਨਾ ਹੈ। ਬਾਲ, ਜੁਆਨ, ਬੁੱਢੇ ਸਭ ਨੂੰ ਮਾਰ ਲੈਂਦੀ ਹੈ। ਮੈਨੂੰ ਬੀ, ਜੋ ਹਰੀ ਖੇਤੀ ਵਾਂਙੂ ਹਾਂ, ਆ ਮਾਰੇ ਤਾਂ ਉਸ ਦਾ ਹੱਥ ਕੌਣ ਫੜੇਗਾ? ਇਸ ਫਿਕਰ ਵਿਚ ਫਿਰਦਾ ਸਾ ਕਿ ਦੱਸ ਪਈ ਕਿ ਆਪ ਜੀ ਜਗਤ ਤਾਰਨ ਆਏ ਹੋ ਤੇ ਆਪ ਵਿਚ ਰੱਖ ਜੀ ਵੱਸਦੇ ਹਨ।

ਮੈਂ ਕਿਹਾ— ਮੈਂ ਜਾ ਕੇ ਪੁੱਛਾਂ ਕਿ ਮੈਂ ਕੀਹ ਕਰਾਂ। ਮੈਂ ਬਾਲ ਨੂੰ ਹੁਣੇ ਰਸਤੇ ਪਾ ਦਿਓ, ਜੋ ਅੱਗੇ ਜਾ ਕੇ ਔਖਾ ਨਾ ਹੋਵਾਂ।

ਇਹ ਸੁਣ ਕੇ ਗੁਰੂ ਜੀ ਬੋਲੇ— ਬੱਚੇ! ਤੂੰ ਬਾਲ ਨਹੀਂ ਤੂੰ ਤਾਂ ਬੁੱਢਾ ਹੈਂ, ਤੇਰੀ ਅਕਲ ਤੇ ਫੁਰਨੇ ਬਿਰਧਾਂ ਵਰਗੇ ਹਨ। ਲੈ ਸੁਣ, ਵਾਹਿਗੁਰੂ ਜੀ ਕਰਤਾ ਪੁਰਖ ਜਗਤ ਦੇ ਮਾਲਕ ਹਨ, ਜਿਵੇਂ ਰਾਜੇ ਦੀ ਸ਼ਰਨ ਪਿਆਂ ਸਭਨਾਂ ਦੇ ਡਰ ਤੋਂ ਛੁੱਟ ਜਾਈਦਾ ਹੈ ਤਿਵੇਂ ਕਰਤਾਰ ਦੀ ਸ਼ਰਨ ਪਿਆਂ, ਮੌਤ ਦੇ, ਜਨਮ ਮਰਨ ਦੇ ਸਾਰੇ ਹੀ ਡਰ ਦੂਰ ਹੋ ਜਾਂਦੇ ਹਨ। ਸ਼ਰਨ ਕੀਕੂੰ ਪਈਦਾ ਹੈ? ਉਸ ਕਰਤਾਰ ਦਾ ਨਾਮ ਜੋ ਹੈ ਸੋ ਉਸ ਨੂੰ ਜਨਾਵਣਹਾਰ ਹੈ, ਉਹ ਨਾਮ ਜਪੀਦਾ ਹੈ, ਮਨ ਦੇ ਧਿਆਨ ਨੂੰ ਨਾਮ ਵਿਚ ਰੱਖੀਦਾ ਹੈ। ਮਨ ਦਾ ਸੁਭਾਵ ਹੈ ਇਧਰ ਉਧਰ ਹੋਰਨਾਂ ਸੋਚਾਂ ਵਿਚ ਦੌੜਨਾ, ਉਸ ਨੂੰ ਮੋੜ ਮੋੜ ਕੇ ਨਾਮ ਵਿਚ ਲਾਈਦਾ ਹੈ ਜਿਵੇਂ ਤੂੰ ਖਿਲਰੀਆਂ ਗਾਈਆਂ ਨੂੰ ਮੋੜ ਲਿਆਉਂਦਾ ਹੈਂ। ਐਉਂ ਸਹਿਜੇ ਸਹਿਜੇ ਨਾਮ ਦਾ ਪ੍ਰਵਾਹ ਟੁਰ ਪੈਂਦਾ ਹੈ ਤੇ ਧਿਆਨ ਨਾਮ ਵਿਚ ਰਹਿਣ ਲੱਗ ਪੈਂਦਾ ਹੈ ਤੇ ਇਹ ਜਪਣ ਲੱਗ ਪੈਂਦਾ ਹੈ ਕਿ ਅਸੀਂ ਕਰਤਾ ਪੁਰਖ ਦੀ ਹਜ਼ੂਰੀ ਵਿਚ ਹਾਂ; ਕਿਉਂਕਿ


www.sikhbookclub.com

ਸਿਰਜਣਹਾਰ ਕਰਤਾਰ ਸਾਡੇ ਅੰਗ ਸੰਗ ਹੈਗਾ ਹੀ ਹੈ ਅਸੀਂ ਉਸ ਨੂੰ ਭੁੱਲ ਰਹੇ ਹਾਂ। ਸੋ ਬਚਪਨ ਨਾਮ ਜਪਣ ਨਾਲ ਉਹ ਯਾਦ ਵਿਚ ਆ ਜਾਂਦਾ ਹੈ, ਯਾਦ ਵਿਚ ਵੱਸ ਕੇ ਉਹ ਅੰਗ ਸੰਗ ਜਾਪਣ ਲੱਗ ਜਾਂਦਾ ਹੈ। ਇਉਂ ਮਨ ਏਕਾਗਰ ਹੋਈ ਜਾਂਦਾ ਹੈ। ਸੋ ਤੂੰ ਨਾਮ ਜਪ ਤੇ ਸਹਿਜੇ ਸਹਿਜੇ ਏਕਾਗਰ ਮਨ ਹੋ ਕੇ ਨਾਮ ਜਪ, ਤੇਰੀ ਕਲਜਾਣ ਹੋਵੇਗੀ, ਤੇਰੇ ਆਸਰੇ ਹੋਰ ਕਈਆਂ ਦੀ ਕਲਜਾਣ ਹੋਵੇਗੀ, ਤੂੰ ਗੁਰਸਿੱਖੀ ਦਾ ਇਕ ਥੰਮ ਹੋਵੇਂਗਾ।

ਸੋ ਬੂੜਾ ਹੁਣ ਬੁੱਢਾ ਨਾਮ ਤੋਂ ਪ੍ਰਸਿੱਧ ਹੋ ਗਿਆ, ਫੇਰ ਉਸ ਨੂੰ ਭਾਈ ਦਾ ਖਿਤਾਬ ਮਿਲਿਆ। 'ਭਾਈ ਬੁੱਢਾ' ਹੋ ਗਿਆ। ਇਹ ਫਿਰ ਐਡਾ ਗੁਰਮੁਖ ਹੋਇਆ ਕਿ ਗੁਰੂ ਨਾਨਕ ਦੇਵ ਜੀ ਨੇ ਜਦ ਗੱਦੀ ਆਪਣੀ ਗੁਰੂ ਅੰਗਦ ਦੇਵ ਜੀ ਨੂੰ ਦਿੱਤੀ ਤਾਂ ਤਿਲਕ ਇਸ ਦੇ ਹੱਥੀਂ ਕਰਵਾਇਆ। ਇਹ ਭਾਈ ਬੁੱਢਾ ਛੇਵੇਂ ਸਤਿਗੁਰਾਂ ਤਕ ਜੀਵਿਆ। ਇਸ ਨੇ ਦੂਜੇ ਸਤਿਗੁਰਾਂ ਤੋਂ ਲੈ ਕੇ ਛੇਵੇਂ ਸਤਿਗੁਰੂ ਜੀ ਤੱਕ ਨੂੰ ਗੱਦੀ ਮਿਲਣ ਸਮੇਂ ਤਿਲਕ ਲਾਇਆ ਤੇ ਸਾਰੇ ਛੇਆਂ ਸਤਿਗੁਰਾਂ ਦੇ ਸਮੇਂ ਗੁਰਸਿਖੀ ਦਾ ਭਾਰੀ ਥੰਮ੍ਹ ਤੇ ਜਗਤ ਨਿਸਤਾਰਨ ਦੀ, ਮਲਾਹ ਵਾਂਙੂ, ਸੇਵਾ ਕਰਦਾ ਰਿਹਾ।

ਲਓ ਹੁਣ ਅੱਗੇ ਹੋਰ ਪ੍ਰਸੰਗ ਕਵਿਤਾ ਵਿਚ ਪੜ੍ਹੋ:-

### 3. ਪ੍ਰਸੰਗ ਭਾਈ ਮਨਸੁਖ (ਕਵਿਤਾ ਵਿਚ)

ਇਕ ਸਿਖ ਪ੍ਰੇਮੀ ਸਿਦਕੀ ਪਜਾਰਾ, ਮਨਸੁਖ ਨਾਮ ਕਹਾਵੇ।
ਵਿਚ ਲਾਹੌਰ ਸ਼ਹਿਰ ਦੇ ਰਹਿੰਦਾ, ਖਤਰੀ ਜਾਤਿ ਸਦਾਵੇ।
ਪਹਿਲੇ ਸੀ ਉਹ ਦੇਵੀ ਪੂਜਕ, ਮੂਰਤਿ ਪੂਜ ਕਰੇਂਦਾ।
ਤਨ ਮਨ ਤੋਂ ਉਹ ਕਰਦਾ ਸੇਵਾ, ਚੰਗਾ ਭਗਤ ਸਦੇਂਦਾ।1

ਜਗੇ ਭਾਗ ਮਨਸੁਖ ਦੇ ਆਖ਼ਰ, ਗੁਰ ਜਸ ਬਹੁ ਸੁਣ ਪਾਇਆ।
ਸੁਣਿ ਸੁਲਤਾਨ ਪੁਰੇ ਵਿਚ ਟਿਕਦੇ, ਗੁਰ ਨਾਨਕ ਜਗ ਰਾਇਆ।
ਆ ਦਰਸ਼ਨ ਕਰਿ ਗੁਰ ਪੂਰੇ ਦਾ, ਅਰ ਬਾਣੀ ਨੂੰ ਸੁਣ ਕੇ।
ਮਨਸੁਖ ਦਾ ਮਨ ਉਲਟ ਗਿਆ ਤਦ, ਪਛੁਤਾਵੇ ਸਿਰ ਧੁਣਕੇ।2

 www.sikhbookclub.com

ਬੁਤ ਪੂਜਣ ਵਿਚ ਉਮਰ ਗੰਵਾਈ, ਨਹਿੰ ਕੁਛ ਫਲ ਤਿਸ ਪਾਯਾ।
ਗੁਰ ਸੇਵਾ ਤੇ ਬੇਮੁਖ ਰਹ ਕੇ, ਬਿਰਥਾ ਜਨਮ ਗਵਾਇਆ।
'ਸ੍ਰੀ ਗੁਰੂ! ਮੈਂ ਮੂਰਖ ਪਾਪੀ, ਨਹਿੰ ਮਹਿਮਾ ਪ੍ਰਭੁ ਜਾਨੀ।
'ਨਿਕਟ ਵੱਸ ਨਹਿ ਸੇਵ ਕਮਾਈ, ਰਿਹਾ ਬਹੁਤ ਅਗਯਾਨੀ।3

'ਹੁਣ ਮੈਂ ਚਰਨੀਂ ਆ ਕੇ ਢੱਠਾਂ, ਦੇਵੋ ਗੁਰੁ ਉਪਦੇਸ਼ਾ।
'ਜਨਮ ਮਰਨ ਦੇ ਦੁਖ ਮਿਟ ਜਾਵਣ; ਪਾਵਾਂ ਪ੍ਰਭੁ ਜਗਤੇਸ਼ਾ।'
ਸੁਣ ਕੇ ਬਚਨ ਓਸਦੇ ਨਿੰਮ੍ਰਤ; ਗੁਰ ਨਾਨਕ ਜਗ ਸੁਆਮੀ।
ਉਪਦੇਸਜੋ ਤਿਸ ਨੂੰ ਭਲ ਭਾਂਤੀ, ਸ੍ਰੀ ਗੁਰੁ ਅੰਤਰਜਾਮੀ:-4

'ਸਿਮਰੋ ਸਤਿਨਾਮ ਮਨਸੁਖ ਜੀ! ਮਨ ਸੁਖ ਇਸ ਤੇ ਪਾਵੋ।
'ਇਕ ਅਕਾਲ ਨੂੰ ਸੇਵੋ ਸਦ ਹੀ, ਨਹਿ ਔਰਨ ਮਨ ਲਾਵੋ।
'ਸਤਿ ਸੰਗਤ ਦੀ ਸੇਵਾ ਕਰੀਓ, ਅੰਮ੍ਰਿਤ ਵੇਲੇ ਜਾਗੋ।
'ਕਰਿ ਇਸ਼ਨਾਨ ਸਿਮਰ ਪ੍ਰਭ ਅਪਨਾ, ਏਕ ਨਾਮ ਅਨੁਰਾਗੋ।5

'ਨੰਗਾ ਭੁੱਖਾ ਪਯਾਸਾ ਕੋਈ; ਦੇਖੋ ਜੋ ਦੁਖਿਆਰਾ।
'ਤਨ ਮਨ ਧਨ ਤੇ ਸੇਵ ਕਮਾਵੋ, ਕਰੀਓ ਪਰ-ਉਪਕਾਰਾ।
'ਦੇਵੀ ਦੇਵ ਉਪਾਸੋ ਨਾਹੀਂ, ਪੱਥਰ ਪੂਜ ਨ ਕਰੀਏ।
'ਵਾਹਿਗੁਰੂ ਨੂੰ ਧਯਾਵੋ ਹਰਦਮ, ਧਯਾਨ ਤਿਸੀ ਦਾ ਧਰੀਏ'।6

ਇਹ ਉਪਦੇਸ਼ ਸੁਣਿਆਂ ਸਤਿਗੁਰ ਦਾ, ਮਨਸੁਖ ਪਯਾਰੇ ਭਾਈ।
ਧਰਿਆ ਮਨ ਅਪਣੇ ਦੇ ਅੰਦਰ, ਸਿੱਖੀ ਰੀਤਿ ਕਮਾਈ।
ਆਗਯਾ ਲੈ ਕੇ ਸ੍ਰੀ ਗੁਰੂ ਦੀ, ਮੁੜ ਅਪਨੇ ਘਰ ਆਇਆ।
ਸੀ ਧਨਵਾਨ ਸ਼ਾਹ ਬਡ ਭਾਰੀ, ਲੰਗਰ ਚਾਇ ਲਗਾਇਆ।7

ਭੁੱਖਾ ਅਰ ਨੰਗਾ ਜੋ ਆਵੇ, ਖਾਲੀ ਕੋਇ ਨ ਜਾਏ।
ਗੁਰ ਦੇ ਬਚਨ ਵਸਾਵੇ ਹਿਰਦੇ, ਸਭ ਦੀ ਸੇਵ ਕਮਾਏ।
ਪਹਿਰ ਰਾਤ ਦੇ ਰਹਿੰਦਯਾ ਜਾਗੇ, ਗੁਰਮੁਖ ਪਯਾਰਾ ਭਾਈ।
ਕਰਿ ਇਸ਼ਨਾਨ ਪੜ੍ਹੇ ਗੁਰਬਾਣੀ, ਪ੍ਰੇਮ ਸਹਿਤ ਮਨ ਲਾਈ।8

ਐਸੀ ਕਾਰ ਕਰਨ ਨਿਤ ਲੱਗਾ, ਗੁਰ ਸਿਖ ਪ੍ਰੇਮੀ ਭਾਰਾ।
ਨਾਰੀ ਪੁੱਤ ਅਤੇ ਸਨਬੰਧੀ, ਹੋਏ ਸਭ ਅਨੁਸਾਰਾ।
ਗੁਰ ਦੇ ਸਿੱਖ ਹੋਏ ਉਹ ਸਾਰੇ, ਗੁਰਬਾਣੀ ਨਿਤ ਗਾਵਨ।
ਚੰਦਨ ਬਿਰਖ ਪਾਸ ਜਿਉਂ ਚੰਦਨ, ਤਿਉਂ ਹੋਏ ਉਹ ਪਾਵਨ। 9

ਗ੍ਰਿਹਸਤ ਧਰਮ ਵਿਚ ਪੂਰਾ ਭਾਈ, ਬਚਨ ਕਰੇ ਸੋ ਪੂਰਾ।
ਵਣਜ ਵਿਖੇ ਛਲ ਕਪਟ ਨ ਕਰਦਾ, ਜਾਣੇਂ ਗੁਰੂ ਹਜ਼ੂਰਾ।
ਗੁਰੂ ਹਿਤ ਕਰੇ ਸਦੀਵ ਪੰਚਾਂਮ੍ਰਿਤ, ਸੰਗਤ ਵਿਚ ਵਰਤਾਵੇ।
ਪਹਿਲੇ ਸਿਮ੍ਰਨ ਕਰਿ ਸਤਿਗੁਰ ਦਾ, ਫਿਰ ਕੰਮਾਂ ਵੱਲ ਜਾਵੇ। 10

ਨੇਮ ਨਿਬਾਹਵੇ ਇਸ ਬਿਧ ਭਾਈ, ਕਰਦਾ ਵਣਜ ਵਪਾਰਾ,
ਵਾਹਿਗੁਰੂ ਸਿਮਰੇ ਨਿਤ ਹਿਰਦੇ, ਆਵੇ ਲਾਭ ਅਪਾਰਾ।
ਗਏ ਗੁਰੂ ਜੀ ਦੇਸ਼ ਤਿਆਗੇ, ਜੀਵਾਂ ਹੇਤ ਉਧਾਰੀ।
ਸਤਿਨਾਮ ਉਪਦੇਸ਼ੇ ਥਾਂ ਥਾਂ, ਸ੍ਰੀ ਗੁਰ ਪਰਉਪਕਾਰੀ। 11

ਪਿੱਛੇ ਫਿਰ ਭਾਈ ਮਨਸੁਖ ਨੇ, ਕੀਤੀ ਵਣੰਜ ਤਿਆਰੀ,
ਭਰ ਜਹਾਜ਼ ਬਹੁ ਸੌਦਾ ਲੈ ਕੇ, ਗਿਆ ਸਮੁੰਦ ਮਝਾਰੀ।
ਵਿਚ ਸਮੁੰਦਰ ਚਲਿਆ ਜਾਏ, ਦੇਖੇ ਗ੍ਰਾਮ ਸੁਦੇਸਾ,
ਦੀਪ ਸੰਗਲਾ ਪਹੁੰਚਿਓ ਜਾਈ, ਜਹਿੰ ਸ਼ਿਵਨਾਭ ਨਰੇਸ਼ਾ। 12

ਗੁਰ ਨੂੰ ਸਿਮਰ ਜਹਾਜ਼ ਟਿਕਾਯਾ, ਤਿਸ ਥਾਂ ਉਤਰਿਆ ਭਾਈ।
ਵੇਚੇ ਇਸੀ ਨਗਰ ਵਿਚ ਸੌਦਾ, ਮਨ ਵਿਚ ਪ੍ਰਭੁ ਜਗਰਾਈ।
ਸਾਥੀ ਹੋਰ ਜੁ ਸੀਗੇ ਸੰਗੇ, ਸੋ ਭੀ ਨਾਲ ਟਿਕਾਏ,
ਉਹ ਭੀ ਟਿਕੇ ਓਸ ਹੀ ਜਾਗਾ, ਡੇਰੇ ਦਏ ਜਮਾਏ। 13

ਜਿਮ ਬਿਧ ਗੁਰਨਾਨਕ ਉਪਦੇਸਿਆ, ਨੇਮ ਨਾਲ ਉਹ ਕਰਦਾ।
ਪੜ੍ਹੇ ਪ੍ਰੇਮ ਤੇ ਸ਼ਬਦ ਗੁਰੂ ਦੇ, ਰਿਦੇ ਧਿਆਨ ਗੁਰ ਧਰਦਾ।
ਅੰਮ੍ਰਿਤ ਵੇਲੇ ਬਾਣੀ ਪੜ੍ਹਦਾ, ਸੰਝ ਸਮੇਂ ਭੀ ਗਾਵੇ।
ਰਾਤ ਸਮੇਂ ਗੁਰਬਾਣੀ ਪੜ੍ਹਕੇ, ਫਿਰ ਸੋਵਣ ਮਨ ਲਾਵੇ। 14


www.sikhbookclub.com

ਨਿੱਤਨੇਮ ਵਿਚ ਭਾਈ ਪੂਰਾ, ਨਿੱਤ ਇਹੋ ਬਿਧਿ ਕਰਦਾ,
ਕਰ ਅਰਦਾਸ ਵਰਤਾਇ ਤਿਹਾਵਲ, ਪੁਨ ਅਪਣੇ ਮੁਖ ਧਰਦਾ।
ਥਿੱਤ ਇਕਾਦਸ਼ ਵਾਲੇ ਦਿਨ ਨੂੰ, ਭਾਈ ਨੇ ਇਉਂ ਕੀਤਾ:-
ਵਰਤ ਇਕਾਦਸ਼ੀ ਰਖਿਆ ਨਾਹੀਂ, ਛਕ ਪ੍ਰਸ਼ਾਦ ਸੁਖ ਲੀਤਾ।15

ਤਿਸ ਰਾਜੇ ਨੇ ਹੁਕਮ ਦਿਆ ਸੀ, ਅਪਣੇ ਦੇਸ਼ ਮਝਾਰਾ,
ਵਰਤ ਇਕਾਦਸ਼ੀ ਸਾਰੇ ਰੱਖਣ, ਜੇਤੇ ਨਰ ਅਰ ਨਾਰਾ।
ਠਾਕਰ ਪੂਜੋ ਵਰਤ ਰੱਖ ਕੇ, ਮੱਥੇ ਤਿਲਕ ਲਗਾਓ,
ਰੱਖੋ ਸੰਜਮ ਸਾਰਾ ਉਸ ਦਿਨ, ਨਹਿਂ ਸਜਾਇ ਵਡ ਪਾਓ।16

ਭਾਈ ਮਨਸੁਖ ਦੀ ਇਹ ਚਾਲੀ, ਡਿੱਠੀ ਸਭ ਨੇ ਆਹੀ,
ਨਾਂ ਹੀ ਤਿਲਕ ਲਗਾਯਾ ਉਸ ਨੇ, ਨਾਂ ਜੰਞੂ ਗਲ ਮਾਹੀ।
ਠਾਕਰ ਮੂਰਤ ਪੂਜੀ ਨਾਹੀਂ, ਨਾਂ ਦਿਨ ਚੜ੍ਹੇ ਸ਼ਨਾਨਾ।
ਹਿੰਦੂ ਧਰਮੋਂ ਭ੍ਰਸ਼ਟ ਜਾਣ ਉਨ ਰਾਜਾ ਪਾਸ ਬਖਾਨਾ।17

'ਆਯਾ ਇਕ ਸੁਦਾਗਰ ਭਾਰੀ, ਹਿੰਦੂ ਦਿਸਦਾ ਸੋਈ,
'ਪਰ ਨਾਂ ਚਿੰਨ੍ਹ ਹਿੰਦੂਆਂ ਵਾਲਾ, ਉਸ ਨੇ ਧਰਿਆ ਕੋਈ।
'ਆਗਜਾ ਭੰਗ ਓਸ ਨੇ ਕੀਤੀ, ਵਰਤ ਰੱਖਿਆ ਨਾਹੀਂ।
'ਹੈ ਉਹ ਧਰਮ ਭ੍ਰਿਸ਼ਟੀ ਕੋਈ, ਦੇਖ ਲਓ ਅਜ਼ਮਾਈ।'18

ਸੁਣ ਰਾਜੇ ਨੇ ਗੱਲ ਉਨ੍ਹਾਂ ਦੀ, ਮਨ ਵਿਚ ਗੁੱਸਾ ਕੀਤਾ।
ਤੁਰਤ ਸਿੱਖ ਨੂੰ ਪਕੜਨ ਕਾਰਨ, ਹੁਕਮ ਭੇਜ ਉਸ ਦਿੱਤਾ।
ਦੇਖਾਂ ਤਿਸਦਾ ਨਿਸ਼ਚਾ ਕੇਹਾ, ਕੌਣ ਧਰਮ ਦਾ ਧਾਰੀ।
ਕਿਸ ਨੇ ਹੈ ਉਪਦੇਸਿਆ ਤਿਸਨੂੰ, ਚਾਲੀ ਫੜੀ ਨਿਆਰੀ।19

ਸੁਨ ਆਗਜਾ ਰਾਜੇ ਦੇ ਨੌਕਰ, ਮਨਸੁਖ ਪਾਸ ਸਿਧਾਏ।
ਕਿਹੋ 'ਸ਼ਾਹ ਜੀ ਚਲੋ ਨਗਰ ਵਿਚ, ਰਾਜਾ ਤੁਸਾਂ ਬੁਲਾਏ।'
ਮਨਸੁਖ ਸੁਣ ਅਰਦਾਸ ਕਰੀ ਤੇ ਚਲ ਰਾਜੇ ਪਹਿ ਆਇਆ,
ਨਿਰਭੈ ਆਨ ਖੜੋਤਾ ਓਥੇ, ਮੁਖ 'ਕਰਤਾਰ' ਅਲਾਯਾ।20

ਕ੍ਰੋਧ ਨਾਲ ਰਾਜੇ ਤਦ ਕਹਿਆ: 'ਕਿਉਂ ਤੂੰ ਫੜੀ ਕੁਚਾਲੀ?
'ਬ੍ਰਤ ਇਕਾਦਸ਼ੀ ਰੱਖਜਾ ਨਾਹੀਂ, ਸਾਡੀ ਆਰਜਾ ਟਾਲੀ।
'ਦਿਵਸ ਚੜ੍ਹੇ ਇਸ਼ਨਾਨ ਨ ਕੀਤਾ, ਨਾ ਠਾਕਰ ਮਨ ਲਾਇਆ।
'ਕਿਸ ਮਤਿ ਦਾ ਅਨੁਯਾਈ ਤੂੰ ਹੈਂ, ਕੌਣ ਦੇਸ਼ ਤੇ ਆਇਆ?'21

ਹੋ ਨਿਸ਼ੰਕ ਮਨਸੁਖ ਮੁਖ ਆਖੀ: ਬਾਣੀ ਮਿੱਠੀ ਪਜਾਰੀ:-
'ਸ੍ਰੀ ਨਾਨਕ ਸਤਿਗੁਰ ਜੀ ਮੇਰੇ, ਮੈਂ ਸਿੱਖੀ ਹੈ ਧਾਰੀ!
'ਸ਼ਹਿਰ ਲਹੌਰ ਹੈ ਦੇਸ਼ ਹਮਾਰਾ, ਮਨਸੁਖ ਨਾਮ ਹਮਾਰਾ,
'ਸ੍ਰੀ ਗੁਰੂ ਨਾਨਕ ਜੋ ਉਪਦੇਸਿਆ, ਜੋ ਦ੍ਰਿੜ੍ਹ ਕਰ ਹੈ ਧਾਰਾ! 22

'ਮੈਂ ਹਾਂ ਸਿੱਖ ਗੁਰੂ ਦਾ, ਰਾਜਨ! ਗੁਰ ਦੀ ਸੇਵ ਕਮਾਵਾਂ।
'ਤਨ ਮਨ ਧਨ ਸਿਰ ਤਕ ਸਭ ਅਰਪੇ, ਗੁਰਬਾਣੀ ਨਿੱਤ ਗਾਵਾਂ।
'ਗੁਰ ਪਦਵੀ ਲੈ ਪ੍ਰਭ ਤੋਂ ਆਏ, ਧਰ ਮਾਨੁੱਖ ਅਵਤਾਰਾ,
'ਨਾਮ ਦਾਨ ਦੇ ਭਗਤੀ ਲਾਵਣ, ਸਭ ਜਗ ਕਰਨ ਉਧਾਰਾ। 23

'ਗੁਰ ਦੀ ਆਗਜਾ ਸਾਨੂੰ ਐਸੀ, ਬ੍ਰੱਤ ਸਦਾ ਇਹ ਰਾਖੋ,
'ਕਾਮ ਕ੍ਰੋਧ ਦਾ ਸੰਜਮ ਕਰਿਓ, ਝੂਠ ਨ ਮੁਖ ਤੋਂ ਆਖੋ।
'ਸੱਤਿਨਾਮ ਦਾ ਸਿਮਰਨ ਸਦ ਹੀ, ਪਰਤ੍ਰਿਯ ਮਾਤ ਸਮਾਨਾ,
'ਇਹ ਬ੍ਰਤ ਸਭ ਤੋਂ ਉੱਤਮ ਰਾਜਾ, ਅਸਾਂ ਰਿਦੇ ਹੈ ਜਾਨਾ। 24

'ਪੰਦਰਾਂ ਦਿਨ ਵਿਚ ਇੱਕ ਦਿਹਾੜੇ, ਕਰੋ ਤੁਸੀਂ ਬ੍ਰਤ ਸਾਰੇ।
'ਅੰਨ ਤਿਆਗੋ ਠਾਕਰ ਪੂਜੋ, ਸੰਜਮ ਕਰਕੇ ਭਾਰੇ।
'ਸੂਰਜ ਚੜ੍ਹੇ ਕਰੋ ਇਸ਼ਨਾਨਾਂ, ਮੱਥੇ ਤਿਲਕ ਲਗਾਣਾ,
'ਇਹ ਜੋ ਕੰਮ ਤੁਸਾਡਾ ਰਾਜਾ, ਮੇਰੇ ਚਿੱਤ ਨ ਭਾਣਾ। 25

'ਠਾਕਰ ਪੂਜਨ ਜੋ ਹੋ ਆਖੋ, ਤਿਸ ਦਾ ਸੁਣੋਂ ਵਿਚਾਰਾ,
'ਜੜ੍ਹ ਪੱਥਰ ਦੀ ਸੇਵ ਨ ਕਰੀਏ, ਚੇਤਨ ਪ੍ਰਭੁ ਹਮਾਰਾ।
'ਪੱਥਰ ਜੜ੍ਹ ਨੇ ਕੀ ਫਲ ਦੇਣਾ, ਜਿਸ ਤੋਂ ਕਾਜ ਨ ਸਰਦਾ।
'ਠਾਕਰ ਚੇਤਨ ਅਸੀਂ ਪੂਜੀਏ, ਜੋ ਸਭ ਦੁਖੜੇ ਟਾਰਦਾ! 26

 www.sikhbookclub.com

'ਮੱਥੇ ਤਿਲਕ ਲਗਾਵਣ ਦੀ ਥਾਂ, ਪੁਨ ਜੰਞੂ ਗਲ ਪਾਵਨ,
'ਦਇਆ ਕਪਾਹ ਤੇ ਤਿਲਕ ਭਜਨ ਦਾ, ਏਹ ਪ੍ਰਭ ਕੋਲ ਪੁਚਾਵਨ।
'ਜੋ ਦਿਨ ਚੜ੍ਹੇ ਕਰੇ ਇਸ਼ਨਾਨਾਂ, ਸੋ ਫਲ ਕੁੱਝ ਨਾ ਪਾਵੇ।
'ਆਲਸ ਸਾਨੂੰ ਰਤੀ ਨ ਭਾਵੇ, ਸਾਡਾ ਸਤਿਗੁਰ ਗਾਵੇ:-27

'ਅੰਮ੍ਰਿਤ ਵੇਲੇ ਜੋ ਨਰ ਜਾਗੇ, ਕਰੇ ਫੇਰ ਇਸ਼ਨਾਨਾ,
'ਵਾਹਿਗੁਰੂ ਨੂੰ ਸਿਮਰੇ ਹਿਰਦੇ, ਗੁਰ ਸੰਗ ਲਾਏ ਧਯਾਨਾ,
'ਕੱਟੇ ਜਾਣ ਓਸ ਦੇ ਬੰਧਨ, ਦੋਹੰ ਲੋਕੀਂ ਸੁਖ ਪਾਵੇ।
'ਇਹ ਇਸ਼ਨਾਨ ਭਲਾ ਹੈ ਸਭ ਤੋਂ, ਇਉਂ ਸਤਿਗੁਰ ਫੁਰਮਾਵੇ'।28

ਇਉਂ ਕਹਿਕੇ ਰਾਜੇ ਦੇ ਤਾਈਂ, ਫਿਰ ਗੁਰ ਸ਼ਬਦ ਸੁਣਾਏ।
ਅਤਿ ਸੁੰਦਰ ਉਪਦੇਸ਼ ਜਿਨ੍ਹਾਂ ਦਾ, ਹਿਰਦਾ ਵਿੰਨ੍ਹਦਾ ਜਾਏ।
ਤੀਰ ਵਿੰਨ੍ਹਦਾ ਜਿਵੇਂ ਕਲੇਜਾ, ਤਿਉਂ ਵੰਨ੍ਹੇ ਗੁਰਬਾਣੀ।
ਸੁਣ ਰਾਜਾ ਮਨ ਚਕ੍ਰਿਤ ਹੋਇਆ, ਮਨਸੁਖ ਜਦੋਂ ਵਖਾਣੀ।29

'ਸਤਿ ਸਤਿ ਜੀ ਸਤਿ ਸ਼ਾਹ ਜੀ, ਬਚਨ ਸਤਿ ਹਨ ਤੇਰੇ!
'ਧੰਨ ਗੁਰੂ ਦੀ ਬਾਣੀ ਹੈ ਇਹ, ਜਿਨ ਸਭ ਭਰਮ ਨਿਬੇੜੇ'।
ਇਹ ਕਹਿ ਚਰਨ ਫੜੇ ਰਾਜਾ ਨੇ, 'ਤੁਸੀਂ ਗੁਰੂ ਦੇ ਪਜਾਰੇ।
'ਦਰਸ਼ਨ ਮੈਨੂੰ ਆ ਕੇ ਦਿੱਤਾ, ਜਾਗੇ ਭਾਗ ਹਮਾਰੇ।30

'ਸਤਿਗੁਰ ਦਾ ਦਰਸ਼ਨ ਕਰਵਾਵੋ, ਜਿਸ ਦੀ ਬਾਣੀ ਗਾਈ,
'ਰਾਜ ਕਾਜ ਸਾਰਾ ਤਜ ਦੇਵਾਂ, ਤੇਰੇ ਸੰਗ ਸਿਧਾਈ।
'ਦਰਸ਼ਨ ਬਾਝੋਂ ਰਿਹਾ ਨ ਜਾਵੇ, ਜਿਉਂ ਮੱਛੀ ਬਿਨ ਪਾਣੀ।
'ਮੇਰਾ ਜੀਵਨ ਹੈ ਗੁਰ ਦਰਸ਼ਨ, ਇਹ ਨਿਸਚੇ ਮਨ ਜਾਣੀ'।31

ਮਨਸੁਖ ਬੋਲਿਆ ਪ੍ਰੇਮ ਨਾਲ ਫਿਰ: 'ਸੁਣੀਂ ਸੁਹਣਿਆ ਰਾਏ!
'ਰਾਜ ਕਾਜ ਅਪਣੇ ਦਾ ਤਯਾਗਨ ਤੁਸਾਂ ਨਹੀਂ ਬਣ ਆਏ।
'ਕਰੋ ਦੇਸ਼ ਦੀ ਪਾਲਣ ਭਲ ਬਿਧਿ, ਰਿਦੇ ਧਯਾਨ ਗੁਰ ਧਰੀਏ।
'ਪ੍ਰੇਮ ਵੱਸ ਸ਼ੀਘਰ ਗੁਰ ਆਵਨ, ਸੱਚ ਇਹੋ ਦ੍ਰਿੜ੍ਹ ਕਰੀਏ'।32

ਮਨ ਰਾਜਾਂ ਇਹ ਗੱਲ ਮਨਸੁਖ ਦੀ, ਲਗਾ ਧਯਾਨ ਗੁਰ ਧਰਨੇ।
ਹੋਰ ਪਦਾਰਥ ਕੋਈ ਨ ਭਾਵੇ, ਚਿੱਤ ਲਗਾ ਗੁਰ ਚਰਨੇ।
ਭਾਈ ਨੇ ਸਭ ਸੌਦਾ ਵੇਚਿਆ, ਮਾਲ ਉਸ ਥਾਂ ਦਾ ਖ੍ਰੀਦਿਆ।
ਘਰ ਜਾਵਨ ਦੀ ਆਗਯਾ ਮੰਗੀ, ਗੁਰਦਰਸ਼ਨ ਉਦਾਸੀਦਿਆ। 33

ਰਾਜਾ ਕਹੇ 'ਸੁਣੋਂ ਗੁਰ ਪਯਾਰੇ, ਕਿਉਂ ਜਲਦੀ ਹੋ ਜਾਵੇਂ!
'ਕੁਝ ਦਿਨ ਏਥੇ ਹੋਰ ਟਿਕੋ ਜੀ, ਗੁਰ ਜਸ ਅਸਾਂ ਸੁਨਾਵੇਂ'।
ਸੁਨ ਰਾਜਾ ਤੋਂ ਮਨਸੁਖ ਓਥੇ, ਕੁਛ ਦਿਨ ਟਿਕਿਆ ਭਾਈ।
ਨਿਤ ਗੁਰ ਮਹਿਮਾਂ ਕਹੇ ਕਹਾਵੇ, ਸਿੱਖੀ ਰੀੜ੍ਹਿ ਚਲਾਈ। 34

ਚੰਦਨ ਨੇੜੇ ਬਿਰਖ ਜੁ ਅਪਣੇ ਚੰਦਨ ਕਰਦਾ ਜਿੱਕੂੰ।
ਨਰ ਨਾਰੀ ਗੁਰਸਿਖ ਬਣਾਏ, ਮਗਲੇ ਮਨਸੁਖ ਤਿੱਕੂੰ।
ਪਸਰੀ ਮਹਿਮਾਂ ਗੁਰ ਦੀ ਦੁਆਲੇ, ਵੱਸੋਂ ਦੇ ਵਿਚ ਆਈ।
ਊਚ ਨੀਚ ਗੁਰ ਦੇ ਜੱਸ ਗਾਵੇ, ਹੋਰਨ ਆਸ ਚੁਕਾਈ। 35

ਦਿਨ ਥੋੜੇ ਰਹਿ ਕੇ ਫਿਰ ਭਾਈ, ਕੀਤੇ ਜਾਣ ਤਿਆਰੇ।
ਸੁਣਕੇ ਰਾਜਾ ਬਿਹਬਲ ਹੋਇਆ, ਪਾਇ ਨ ਪਰ ਅਟਕਾਰੇ।
ਸ੍ਰੀ ਗੁਰ ਦੇ ਸਭ ਪਤੇ ਲਿਖਾਕੇ, ਮਨਸੁਖ ਗੁਰ ਦਾ ਪਯਾਰਾ।
ਰਾਜਾ ਤੋਂ ਵਿਦਿਆ ਨੂੰ ਲੈ ਕੇ, ਅਪਣੇ ਦੇਸ਼ ਸਿਧਾਰਾ। 36

ਜਿਥੇ ਜਾਵੇ ਗੁਰ ਜਸ ਗਾਵੇ, ਗੁਰਸਿੱਖੀ ਪ੍ਰਗਟਾਵੇ,
ਧੰਨ ਜਨਮ ਉਸ ਦਾ ਜੱਗ ਅੰਦਰ, ਜੋ ਐਸਾ ਜਗ ਆਵੇ।
ਥੋੜ੍ਹੇ ਦਿਨ ਹੀ ਬੀਤੇ ਮਨ ਤਾਂ, ਸ੍ਰੀ ਨਾਨਕ ਗੁਰ ਪਯਾਰੇ।
ਆ ਰਾਜਾ ਨੂੰ ਦਰਸ਼ਨ ਦਿਤਾ, ਕੀਤਾ ਭਵ ਤੋਂ ਪਾਰੇ। 37

ਵਾਹਿਗੁਰੂ ਦਾ ਸਿੱਖ ਬਣਾਯਾ, ਚਰਨਾਂਮ੍ਰਿਤ ਮੁਖ ਦਿੱਤਾ।
ਵਾਹਿਗੁਰੂ ਦਾ ਜਾਪ ਜਪਾ ਕੇ, ਕੱਢ ਨਰਕ ਤੋਂ ਲਿੱਤਾ।
ਇਕ ਅਕਾਲ ਦੀ ਸ਼ਰਣੀ ਲਾਕੇ, ਇੱਕ ਅਕਾਲ ਜਪਾਯਾ।
ਦੇ ਕੇ ਦਾਨ ਨਾਮ ਦਾ ਸੁਹਣਾ, ਆਤਮ ਰਸ ਵਿਚ ਪਾਯਾ। 38


www.sikhbookclub.com

ਨਾਮ ਦਾਨ ਇਸ਼ਨਾਨ ਦ੍ਰਿੜਾਯੋ, ਭਾਵ ਭਗਤਿ ਪ੍ਰਗਟਾਈ,
ਧਰਮਸਾਲ ਸੁੰਦਰ ਬਣਵਾਕੇ, ਦੇਗ ਅਖੰਡ ਚਲਾਈ।
ਸੁਣੋ ਪਿਆਰੇ ਪੰਥ ਖਾਲਸਾ! ਗੁਰਸਿੱਖ ਦੇ ਉਪਕਾਰਾ।
ਰਾਜਾ ਨੂੰ ਗੁਰਧਰਮ ਕਰਾਯਾ, ਪਰਜਾ ਤਈਂ ਉਧਾਰਾ।39

ਗੁਰਸਿੱਖਾਂ ਨੂੰ ਚਹੀਏ ਐਸੇ, ਜਿਥੇ ਜਿਥੇ ਜਾਵਨ।
ਗੁਰਬਾਣੀ ਸਭ ਨੂੰ ਉਪਦੇਸ਼ਨ, ਗੁਰਸਿੱਖੀ ਪ੍ਰਗਟਾਵਨ।

–0–

ਲਓ ਹੋਰ ਪ੍ਰਸੰਗ ਸੁਣੋ:

## 4. ਪ੍ਰਸੰਗ ਭਾਈ ਮੂਲਾ ਕੀੜ

**"ਮੂਲਾ ਕੀੜੁ ਵਖਾਣੀਐ, ਚਲਿਤੁ ਅਚਰਜ ਲੁਭਿਤ ਗੁਰਦਾਸੀ।"**
(ਭਾਈ ਗੁਰਦਾਸ)

ਸ਼ਹਿਰ ਵਿਚ ਲਾਹੌਰ ਦੇ ਰਹੇ ਮੂਲਾ,
ਖੇਡਾਂ ਖੇਡਦਾ ਬੜਾ ਖਿਲਾਰ ਭਾਰੀ।
ਸ਼ਾਹੂਕਾਰ ਵਪਾਰੀ ਸੀ ਮਾਲ ਵਾਲਾ,
ਨਾਲ ਜੂਏ ਦੇ ਪੈਂਠ ਸੀ ਖਰੀ ਜਾਰੀ।
ਦਾਣੇ ਪਾਉਂਦਾ ਸਿੱਟਦਾ ਪਾਸਿਆਂ ਨੂੰ,
ਹਾਰ ਖਾਂਵਦਾ ਛੱਡਦਾ ਨਾਹਿੰ ਮਾਰੀ।
ਰੋਂਦੀ ਕਰਮਾਂ ਨੂੰ ਬੈਠ ਕੇ ਨਾਰਿ ਇਸਦੀ,
ਸੁਣਦੀ ਜਦੋਂ ਸੀ ਆਂਵਦਾ ਦਾਉ ਹਾਰੀ। 1

ਦੀਪਮਾਲਾ ਦਾ ਸਮਾਂ ਸੀ ਨਿਕਟ ਆਯਾ,
ਜੂਆ ਪਸਰਿਆ ਦੇਸ਼ ਦੇ ਵਿਚ ਪਜਾਰੇ!
'ਜੇਹੜੇ ਖੇਡਦੇ ਨਹੀਂ ਹਨ ਏਸ ਮੌਕੇ
ਜੂਨ ਗਧੇ ਦੀ' ਦੱਸਦੇ ਲੋਕ ਸਾਰੇ,
ਖੌਫ ਇਸ ਤਰ੍ਹਾਂ ਦਾ ਖਾ ਕੇ ਬਹੁਤ ਲੋਕਾਂ,
ਮਹਿਲ ਮਾੜੀਆਂ ਜਾਨ ਤੇ ਮਾਲ ਹਾਰੇ

ਮੂਲੇ ਕੀੜ ਨੇ ਹਾਰਿਆ ਸਰਬ ਝੁੱਗਾ,
ਨਾਰਿ ਰੋਂਦੜੀ ਪਿੱਟਦੀ ਆਹ ਮਾਰੇ। 2

ਆਖੇ: 'ਮਾਪਿਆਂ ਵੈਰ ਕਮਾ ਲੀਤਾ,
ਦਿੱਤੀ ਜੋੜ ਮੈਂ ਨਾਲ ਜੁਆਰੀਏ ਦੇ।
'ਖੋਟਾ ਪੱਖ ਲੀਤਾ, ਲੱਖੋਂ ਕੱਖ ਕੀਤਾ,
ਦੇਖੋ ਹੱਥ ਇਸ ਨਿੱਤ ਪੁਆੜੀਏ ਦੇ।
'ਕੂਚਾ ਲਾ ਧਰਿਆ ਝੁੱਗਾ ਸਭ ਗਲਿਆ,
ਮੂੰਹ ਮੁੜੇ ਨਾਹੀਂ ਨਿੱਤ ਹਾਰੀਏ ਦੇ
'ਖੇਖਨ ਸਾੜਦਾ ਠੱਗਦਾ ਮੁੱਝ ਤਾਈਂ,
ਨਿਰਣੇ ਕੌਣ ਕੱਢੇ ਏਸ ਨਜਾਰੀਏ ਦੇ। 3

'ਲੁੱਟੀ ਗਈ ਦੇ ਆਓ ਵੇ ਸਾਕ ਸੈਣੋਂ!
ਰਿਹਾ ਮੁੱਝ ਦਾ ਕੱਖ ਨਾ ਜੱਗ ਉਤੇ।
'ਸਾਈਂ ਮਾਲ ਖਜ਼ਾਨੜੇ ਜੋੜ ਸਾਰੇ,
ਦਿੱਤੇ ਰੱਖ ਸਾਰੇ ਜੂਏ ਅੱਗ ਉਤੇ।
'ਛੱਲਾ ਚੀਚੀ ਦਾ ਰਿਹਾ ਨ ਪਾਸ ਮੇਰੇ,
ਉਮਰਾ ਨਾਸ ਕੀਤੀ ਵਾਰ ਠੱਗ ਉਤੇ।
'ਸ਼ਰਮ ਲਾਜ ਖੋਈ ਸਾਰੀ ਵੱਡਿਆਂ ਦੀ,
ਰੱਖ ਪੈਰ ਇਸ ਝੂਠ ਦੀ ਝੱਗ ਉਤੇ। 4

'ਕਿਸੇ ਹਟਕਿਆ ਹੋੜਿਆ ਵਰਜਿਆ ਨਾ,
ਕਿਸੇ ਮੂਲ ਨਾ ਓਸ ਨੂੰ ਡੱਕਿਆ ਏ!
'ਜੂਏ ਖੇਡਣੋਂ ਮੋੜਿਆ ਕਿਸੇ ਨਾਹੀਂ,
ਓਹ ਆਪ ਭੀ ਢੀਠ ਨਾ ਝੱਕਿਆ ਏ।
'ਮੇਰੀ ਰੋਂਦੀ ਦੀ ਪੇਸ਼ ਨਾ ਗਈ ਕਾਈ,
ਆਵੇ ਇੱਟ ਦਿਲ ਓਸ ਦਾ ਪੱਕਿਆ ਏ!
'ਮਾਯਾ ਅੱਕ ਕੇ ਛੱਡਿਆ ਸਾਥ ਸਾਡਾ,
ਪਿੱਛੇ ਪਰਤ ਨਾ ਮੂਲ ਉਨ ਤੱਕਿਆ ਏ'। 5

ਕੋਈ ਸਾਕ ਮੁਹੱਬਤੀ ਨਾਹਿੰ ਪਹੁਤਾ,
ਬੀਤ ਰਾਤ ਚੱਲੀ ਆਹਾਂ ਮਾਰਦੀ ਨੂੰ:
ਘੋੜੇ ਖਯਾਲਾਂ ਦੇ ਭੇਜ ਪਰਭਾਤ ਆਈ,
ਵੱਗ ਸੋਚਾਂ ਦੇ ਪੌਣ ਵਿਚ ਚਾਰਦੀ ਨੂੰ।
ਬੂਹੇ ਆਣ ਕੇ ਕਿਸੇ ਨੇ ਵਾਜ ਦਿੱਤੀ,
ਕੱਢ ਲਿਆ ਵਹਿਣੋਂ ਹੱਥ ਮਾਰਦੀ ਨੂੰ;
ਲੱਕ ਹੱਥ ਧਰ ਕੇ ਬੂਹਾ ਖੋਲ੍ਹ ਦਿੱਤਾ,
ਅੰਦਰ ਵਾੜ ਲੀਤਾ ਨਾਮ ਉਚਾਰਦੀ ਨੂੰ। 6

ਬਿਰਧ ਤੀਵੀਂ ਏ ਆਖਦੀ: 'ਸੁਣੀਂ ਧੀਏ!
ਛੱਡ ਚਿੰਤਾ ਦੀ ਚਿਤਾ ਤੋਂ ਉਠ ਵਾਰੀ।
'ਦੋਸ਼ ਦੇਹ ਨਾ ਪਤੀ ਤੇ ਰੱਬ ਤਾਈਂ,
ਆਹ ਮਾਪਿਆਂ ਤਾਈਂ ਨਾ ਸੁੱਟ ਵਾਰੀ।
'ਜੋ ਕੁਝ ਬੀਤਿਆ ਜਾਣ ਤੂੰ ਬੀਤਿਆ ਏ,
ਕਦਮ ਅਗਲੜਾ ਸੋਧ ਕੇ ਪੁੱਟ ਵਾਰੀ;
'ਸੱਪ ਗਏ ਦੀ ਲੀਕ ਨੂੰ ਪਿੱਟ ਨਾਹੀਂ,
ਮੋਈ ਖੱਲ ਨਾ ਬਚੜੀਏ ਕੁੱਟ ਵਾਰੀ। 7

'ਕਰਕੇ ਹੀਲੜਾ ਪਤੀ ਮਨਾ ਅੱਜੋ,
ਚੱਲ ਨਾਲ ਮੇਰੇ ਪੁਰਿ ਕਰਤਾਰ ਧੀਏ।
'ਓਥੇ ਰਹੇ ਹਕੀਮ ਸਿਆਨੜਾ ਏ,
ਦਾਰੂ ਦੇਊ ਜੋ ਤੁੱਧ ਦਰਕਾਰ ਧੀਏ।
'ਮਰਜ਼ ਜੂਏ ਦੀ ਕਰੂ ਨਾ ਫੇਰ ਦੌਰਾ,
ਤੈਂ ਪਰ ਪਿੱਟਣਾ ਕਰੇ ਨਾ ਵਾਰ ਧੀਏ।
'ਸੁਖੀ ਰਹੋਗੇ ਰਹਿੰਦੜੇ ਜੱਗ ਤਾਈਂ,
ਪਾਵੋ ਸੁੱਖ ਜੱਗੋਂ ਜਾ ਕੇ ਪਾਰ ਧੀਏ'। 8

ਏਸ ਬਿਰਧ ਮਾਤਾ ਬਹੁ ਉਪਦੇਸ਼ ਕੀਤਾ,
ਠੰਢ ਪਾ ਦਿੱਤੀ ਬਲਦੇ ਭੱਠ ਉਤੇ।
ਸੀਤਲ ਪ੍ਰੇਮ ਦੇ ਬਚਨ ਸੇ ਭਿੱਜਵੇਂ ਓ,

 www.sikhbookclub.com

ਅਸਰ ਪਾ ਦਿੱਤਾ ਤੀਵੀਂ ਚੱਠ ਉਤੇ।
ਮੰਨ ਆਖਿਆ ਪਤੀ ਮਨਾ ਆਂਦਾ,
ਲੱਗੇ ਭੌਣ ਉਪਦੇਸ਼ ਦੀ ਲੱਠ ਉਤੇ।
ਦੋਵੇਂ ਤੀਵੀਂ ਤੇ ਖੌਂਦ ਉਸ ਬ੍ਰਿਧ ਮਾਈ,
ਕਰਕੇ ਤੀਰ ਪੁਚਾਏ ਉਸ ਕੱਠ ਉਤੇ। 9

ਜਿਹੜਾ ਸੰਗ ਬਣਾਇਕੇ ਤਜਾਰ ਸੀਗਾ,
ਕਰੇ ਯਾਤਰਾ ਜਾ ਕਰਤਾਰ ਪੁਰ ਦੀ।
ਕਰਦੇ ਮਜ਼ਲ ਲਾਹੌਰ ਤੋਂ ਜਾ ਪਹੁੰਚੇ,
ਜਿੱਥੇ ਧਰਮ ਨਗਰੀ ਵੱਸੇ ਆਦਿ ਗੁਰ ਦੀ।
ਪਹੁੰਚੇ ਵਿੱਚ ਦਿਵਾਨ ਜਾਂ ਜਦੋਂ ਸਾਰੇ,
ਕੰਨੀ ਪਈ ਬਾਣੀ ਜਿਹੜੀ ਸਿਰੀ ਧੁਰ ਦੀ।
ਤਪਤ ਮਿਟੀ ਤੇ ਪੈ ਗਈ ਠੰਢ ਹਿਰਦੇ,
ਦਿੱਸੇ ਕੂੜ ਦੀ ਕੰਧ ਹੁਣ ਪਈ ਭੁਰਦੀ। 10

ਗੁਰਾਂ ਤੱਕ ਕੇ ਮੂਲੇ ਦੀ ਵੱਲ ਡਿੱਠਾ,
ਮੁਖੋਂ ਮੋਤੀਆਂ ਵਾਂਗ ਇਹ ਬੈਨ ਆਖੇ:-
**"ਚੋਰ ਜਾਰ ਜੂਆਰ ਪੀੜੇ ਘਾਣੀਐ॥**
**ਨਿੰਦਕ ਲਾਇਤਬਾਰ ਮਿਲੇ ਹੜ੍ਹਵਾਣੀਐ॥"**
(ਵਾਰ ਮਲਾਰ ਮ:੧)

ਸੁਣ ਕੇ ਮੂਲੇ ਦੀ ਜਿੰਦ ਨੇ ਖਿੱਚ ਖਾਧੀ,
ਚਰਨੀਂ ਢੱਠ ਕੇ ਮੁੱਖ ਥੀਂ ਬਿਨੈ ਭਾਖੇ।
ਬਿਨੈ ਨਿਕਲਦੀ ਨਹੀਂ ਹੈ ਸੰਘ ਵਿਚੋਂ,
ਸੰਘ ਰੋਕਿਆ ਗੱਚ ਨੇ ਰਾਹ ਠਾਕੇ।
ਗੁਰਾਂ ਥਾਪੜਾ ਦੇ ਪਿਆਰ ਵਾਲਾ,
ਮੁਖੋਂ ਪ੍ਰੇਮ ਦੇ ਬਚਨ ਏ ਆਪ ਭਾਖੇ: 11

'ਮੂਲੇ ਜਾਹ, ਘਰ ਆਪਣੇ ਵੱਸ ਭਾਈ,
ਰੋਗ ਜੂਏ ਦਾ ਰੱਬ ਨੇ ਦੂਰ ਕੀਤਾ।


www.sikhbookclub.com

'ਸੇਵਾ, ਸ਼ੁਕਰ ਤੇ ਬਾਣੀ ਦੀ ਦਾਤ ਬਖਸ਼ੀ,
ਬਿਨੈ, ਨਾਮ ਦੇ ਨਾਲ ਹੈ ਪੂਰ ਕੀਤਾ।
'ਦੋਵੇਂ ਦੰਪਤੀ ਸੇਵਾ ਦੀ ਕਾਰ ਚੁੱਕੋ,
ਦਲ ਔਗਣਾਂ ਦਾ ਸਾਈਂ ਦੂਰ ਕੀਤਾ।
'ਔਗੁਣ ਦੂਏ ਦੇ ਤੱਕ ਅਣਡਿੱਠ ਕਰਨੇ,
ਅਪਣੇ ਛੱਡਣੇ ਸੁਣੀਂ ਏ ਮਤਿ ਮੀਤਾ!' 12

ਪਾ ਕੇ ਸਿੱਖਿਆ ਦੋਏਂ ਨਿਹਾਲ ਹੋਏ,
ਆਗਜਾ ਗੁਰਾਂ ਦੀ ਲੈ ਲਾਹੌਰ ਆਏ।
ਲੱਗੇ ਕਰਨ ਉਹ ਕਾਰ ਜੋ ਗੁਰਾਂ ਦੱਸੀ,
ਹਿਰਦੇ ਸੌਰ ਗਏ, ਪਲਟ ਤੌਰ ਆਏ।
ਪਾਸਾ ਪਰਤਿਆ ਨਾਲ ਵਿਹਾਰ ਵਾਲਾ,
ਦੌਲਤ ਵਾਲੜੇ ਪਰਤਕੇ ਦੌਰ ਆਏ।
ਦੀਨ ਦੁਨੀ ਦੇ ਵਿਚ ਅਬਰੋ ਬੱਝੀ,
ਵਿਗੜੇ ਸਾਰੇ ਹੀ ਮਾਮਲੇ ਸੌਰ ਆਏ। 13

ਪਹਿਰ ਰਾਤ ਰਹਿੰਦੀ ਦੋਵੇਂ ਉਠ ਬਹਿੰਦੇ,
ਜਪਦੇ ਨਾਮ ਧਿਆਂਵਦੇ ਰੱਖ ਤਾਈਂ।
ਦਿਨੇ ਕਾਰ ਵਿਹਾਰ ਉਪਕਾਰ ਕਰਦੇ,
ਸੁੱਖ ਦੇਂਵਦੇ ਪੁੱਜ ਕੇ ਸੱਭ ਤਾਈਂ।
ਔਗਣ ਦੇਖ ਕੇ ਡਿੱਠ ਅਣਡਿੱਠ ਕਰਦੇ,
ਹਿਰ ਲਿਆ ਫਕੀਰਾਂ ਦੀ ਛੱਬਿ ਤਾਈਂ।
ਸਰਲ ਸਾਫ ਹੋਏ, ਵਿੰਗ ਦੂਰ ਕੀਤੇ,
ਭੰਨ ਕੱਢ ਦਿੱਤਾ ਦਿਲ ਦੇ ਕੱਬ ਤਾਈਂ। 14

ਸਮਾਂ ਪਾਇ ਪਰਾਹੁਣਾ ਇੱਕ ਆਇਆ,
ਆਖੇ: 'ਸਿੱਖ ਹਾਂ ਆਦਿ ਸਤਿਗੁਰਾਂ ਦਾ ਮੈਂ'।
ਮਿਲੇ ਨਾਲ ਪਿਆਰ ਬਹਾਲ ਲੀਤਾ,
ਸੇਵਾ ਕਰੇ 'ਹਾਂ ਪਾਸ ਸਤਿਗੁਰਾਂ ਦਾ ਮੈਂ'।

ਰਾਤੀਂ ਘਰੀਂ ਆਂਦਾ ਸੇਵਾ ਬਹੁਤ ਕੀਤੀ,
ਜਾਣਿਆ ਨਿੱਜ ਨੂੰ ਦਾਸ ਹਾਂ ਗੁਰਾਂ ਦਾ ਮੈਂ।
ਖਾ ਪੀ ਕੇ ਸੁੱਤੜੇ ਪਾਠ ਕਰਦੇ,
ਧੰਨਵਾਦ ਕਰਦੇ ਕਹਿੰਦੇ: 'ਗੁਰਾਂ ਦਾ ਮੈਂ'। 15

ਅੱਧੀ ਰਾਤ ਜਾਂ ਬੀਤਦੀ ਲੰਘ ਚੱਲੀ,
ਸਿੱਖ ਉੱਠ ਪਰਾਹੁਣਾ ਚੱਲਿਆ ਏ।
ਡੱਬਾ ਗਹਿਣੇ ਦਾ ਚੁੱਕ ਕੇ ਕੱਛ ਲੀਤਾ,
ਕੋਠਾ ਸਿਦਕ ਦਾ ਦੁਸ਼ਟ ਨੇ ਸੱਲਿਆ ਏ।
ਐਪਰ ਬੂਹੇ ਨੂੰ ਜੰਦਰਾ ਲੱਗਾ ਸੀ ਗਾ,
ਚੋਰ ਹੋਇ ਹੈਰਾਨੜਾ ਖੱਲਿਆ ਏ।
ਫੇਰ ਸੋਚ ਕੇ ਮੂਲੇ ਨੂੰ ਆਇ ਕਹਿੰਦਾ,
'ਬੂਹਾ ਖੋਲ੍ਹ ਦੇਵੋ ਦਾਸ ਚੱਲਿਆ ਏ'। 16

ਮੂਲਾ ਵਾਸਤੇ ਪਾਇਕੇ ਕਹੇ: 'ਭਾਈ,
ਰਾਤ ਕਰੋ ਆਰਾਮ ਫਿਰ ਜਾਵਣਾ ਜੇ।
'ਦਿਨੇ ਵਿਦਾ ਹੋਣਾ ਅੰਨ ਪਾਇ ਪਾਣੀ,
ਭੁਖਾ ਤੋਰ ਮੈਂ ਪਾਪ ਨ ਚਾਵਣਾ ਜੇ'।
ਚੋਰ ਜੋੜਦਾ ਹੱਥ ਤੇ ਕਰੇ ਤਰਲੇ,
ਆਖੇ 'ਟੋਰ ਦੇਵੋ ਅਸਾਂ ਜਾਵਣਾ ਜੇ।
'ਪਾਵਾਂ ਵਾਸਤਾ ਗੁਰਾਂ ਦਾ ਤੁੱਧ ਤਾਈਂ,
ਮੈਨੂੰ ਮੂਲ ਨਾ ਹੋਰ ਅਟਕਾਵਣਾ ਜੇ'। 17

ਸੁਣ ਕੇ ਵਾਸਤੇ ਕੰਬਿਆ ਕੀੜ ਮੂਲਾ,
ਬੂਹਾ ਖੋਲ੍ਹ ਕੇ ਆਖਦਾ: 'ਲਓ ਭਾਈ!
'ਜਿਵੇਂ ਹੁਕਮ ਕੀਤਾ ਦਾਸ ਮੰਨ ਲੀਤਾ,
ਕਰੋ ਜੀ ਆਵੇ ਤੁਰੋ, ਰਵ੍ਹੋ ਭਾਈ।
'ਡੱਬਾ ਡਿੱਗਿਆ ਕੱਛ ਤੋਂ ਧਰਾ ਉਤੇ,
ਚੁੱਕ ਮੂਲੇ ਨੇ ਆਖਿਆ ਲਵੋ ਭਾਈ।


www.sikhbookclub.com

'ਮਾਲ ਆਪਣਾ ਡਿੱਗਿਆ ਸਾਂਭ ਲੈਣਾ,
ਮੇਰੇ ਲੈਕ ਸੇਵਾ ਹੋਵੇ ਕਵ੍ਹੋ ਭਾਈ'। 18

ਡੱਬਾ ਲੈਂਦੜਾ ਤੀਰ ਹੋ ਗਿਆ ਪਾਪੀ,
ਸਿੱਖ ਹੋਇ ਨਚਿੰਦੜਾ ਸੁੱਤੜਾ ਜੇ!
ਤੜਕੇ ਉੱਠ ਕੇ ਨਿੱਤ ਦੇ ਨੇਮ ਕੀਤੇ,
ਮੂੰਹੋਂ ਸਿੱਖ ਨਾ ਕੀਤੜੀ ਹੁੱਤੜਾ ਜੇ।
ਚੜ੍ਹੇ ਦਿਵਸ ਜਾਂ ਨਾਰ ਨੇ ਦੇਖਿਆ ਏ,
ਰਾਤੀਂ ਸਿਖ ਦੇ ਗਿਆ ਏ ਬੁੱਤੜਾ ਜੇ।
ਕਹਿੰਦੀ: 'ਪਤੀ ਜੀ ਚੋਰ ਸੀ ਸਿੱਖ ਭਾਵੇਂ,
ਸਾਨੂੰ ਦੇਇ ਧੋਖਾ ਓਨ ਮੁੱਠੜਾ ਜੇ। 19

'ਐਪਰ ਗੁਰੂ ਜੀ ਅਸਾਂ ਨੂੰ ਸਿਦਕ ਦੇਵਣ,
ਅਸੀਂ ਭੁੱਲ ਜਾਈਏ ਏਸ ਹੋਵਣੀ ਨੂੰ।
'ਭਾਣਾ ਜਾਣ ਕੇ ਸਬਰ ਸੰਤੋਖ ਕਰੀਏ,
ਸ਼ੋਰ ਪਾਈਏ ਨਾ ਮੱਦ ਕੇ ਰੋਵਣੀ ਨੂੰ'।
ਸਿੱਖ ਆਖਦਾ: 'ਪਜਾਰੀਏ ਭੁੱਲ ਤੇਰੀ,
ਦੋਸ਼ ਦੇਹ ਖਾਂ ਆਪਣੀ ਸੋਵਣੀ ਨੂੰ।
'ਸੁੱਤੀ ਪਈ ਨੂੰ ਸਾਰ ਨਾ ਰਹੀ ਕੋਈ,
ਛੱਡ ਦੇਹ ਹੁਣ ਚੱਕੀ ਏ ਝੋਵਣੀ ਤੂੰ। 20

'ਕੋਈ ਚੋਰ ਹੋਊ ਜਿਸ ਨੇ ਮੁੱਠ ਖੜਿਆ,
ਸਿੱਖ ਗੁਰਾਂ ਦੇ ਚੋਰ ਨਾ ਹੋਣ ਨਾਰੇ!
'ਮੇਰੇ ਜਾਚੇ ਹੈ ਸਿੱਖ ਨੇ ਸ਼ਰਮ ਖਾਧੀ,
ਮਤਾਂ ਚੋਰ ਬਣਾਂ, ਅੱਗੇ ਢੋਣ ਨਾਰੇ!
'ਤਾਹੀਓਂ ਤਾਂਘ ਦੇ ਨਾਲ ਉਹ ਵਿਦਾ ਹੋਇਆ,

ਛੱਡ ਨਾਰੀਆਂ ਵਾਲੜੀ ਪੋਣ ਨਾਰੇ!
'ਏਹੋ ਜਾਣ ਨ ਗਿਆ ਏ ਕੁਝ ਸਾਡਾ,
ਛੱਡ ਦੇਹ ਦੋਵੇਂ ਹੱਸਣ ਰੋਣ ਨਾਰੇ'! 21

ਨਾਰਿ ਆਖਦੀ: 'ਪਤੀ ਜੀ ਭੁੱਲ ਹੋਈ,
ਸਿੱਖ ਐਬਾਂ ਤੋਂ ਹੁੰਦਾ ਏ ਸਾਫ਼ ਸਾਈਂ!
'ਜਿਵੇਂ ਰਹੇ ਹਨੇਰ ਨਾਂ ਵਿਚ ਸੂਰਜ,
ਚੰਦ ਵਿਚ ਨਾ ਹੋਂਦੜੀ ਭਾਫ਼ ਸਾਈਂ!
'ਮੈਨੂੰ ਬਖਸ਼ ਕੇ ਆਪ ਬਖਸ਼ਾ ਦੇਵੋ,
ਦਯਾ ਧਾਰ ਕਰਨਾ ਮੈਨੂੰ ਮਾਫ਼ ਸਾਈਂ!
'ਧਨ ਧਾਮ ਸਰੀਰ ਤੇ ਸਭ ਗੁਰ ਦਾ,
ਕਹਿਣਾ ਆਪਣਾ ਕੁਝ ਹੈ ਲਾਫ਼ ਸਾਈਂ!' 22

ਦੁਹਾਂ ਜੀਆਂ ਨੇ ਉੱਠ ਅਰਦਾਸ ਕੀਤੀ,
ਖਿਮਾ ਮੰਗ ਲੀਤੀ ਅਤਿ ਦੀਨ ਹੋ ਕੇ
ਉਧਰ ਚੋਰ ਦੀ ਵਿੱਥਿਆ ਸੁਣੋ ਭਾਈ,
ਦੌੜ ਜਾਇ ਪਹੁੰਚਾ ਬਲਹੀਨ ਹੋ ਕੇ।
ਸੋਚੇ ਆਪਣੀ ਪਾਪ ਦੀ ਬੁਰੀ ਕਰਨੀ,
ਦਇਆ ਸਿੱਖ ਦੀ ਸੋਚਦਾ ਝੀਨ ਹੋ ਕੇ।
ਪਸਚਾਤਾਪ ਤੇ ਹਾਵਿਆਂ ਘੇਰ ਲੀਤਾ,
ਹੋ ਲਾਚਾਰ ਗਿਆ ਗ਼ਮਗੀਨ ਹੋ ਕੇ। 23

ਰਿਹਾ ਗਿਆ ਨਾ ਅੰਤ ਨੂੰ ਦੁਸ਼ਟ ਕੋਲੋਂ,
ਮੂਲੇ ਕੀੜ ਦੇ ਦੁਆਰ ਤੇ ਫੇਰ ਆਇਆ।
ਪੈਰੀਂ ਡਿਗਕੇ ਰੋਂਵਦਾ ਕਰੇ ਮਿੰਨਤਾਂ,
ਆਖੇ: 'ਬਖ਼ਸ਼ ਸਾਈਂ ਦੁਆਰੇ ਫੇਰ ਆਇਆਂ।

'ਕੀਤਾ ਅਸਲ ਵਿਸਾਹ ਸੀ ਘਾਤ ਮੈਂ ਤਾਂ,
ਚਿੱਤ ਤੇਰੇ ਨਾ ਚਿੰਤਾ ਦਾ ਘੇਰ ਆਇਆ।
'ਦਿੱਤੀ ਆਪਣੀ ਵਸਤ ਫੜਾ ਮੈਨੂੰ,
ਮੈਨੂੰ ਸ਼ਰਮ ਹਯਾ ਨਾ ਘੋਰ ਆਇਆ। 24

'ਐਪਰ ਚਿੰਤਾ ਤੇ ਸਹਮ ਹੁਣ ਨੱਪ ਲੀਤਾ,
ਧੌਣ ਭੰਨ ਦਿੱਤੀ ਮੇਰੀ ਹਾਵਿਆਂ ਨੇ।

 www.sikhbookclub.com

'ਮੇਰਾ ਜੀਊਣਾ ਸਭ ਹਰਾਮ ਕੀਤਾ,
ਛਾ ਹਨੇਰ ਦਿੱਤਾ ਪਾਪ-ਆਵਿਆਂ ਨੇ।
'ਮੇਰੇ ਪਾਪ ਨੂੰ ਕੱਟ ਕੇ ਸਾਫ ਕਰਨਾ,
ਜਿਵੇਂ ਖੇਤ ਕੀਤੇ ਸਾਫ ਲਾਵਿਆਂ ਨੇ।
'ਨਹੀਂ ਤਾਂ ਰੋਂਦੜੇ ਰਹਿਣਗੇ ਨੈਣ ਮੇਰੇ
ਝੜੀ ਲਾਈ ਹੈ ਜਿੱਕੁਰਾਂ ਸਾਂਵਿਆਂ ਨੇ! 25

'ਗਹਿਣਾ ਆਪਣਾ ਲਵੋ ਸੰਭਾਲ ਮਿੱਤਰ,
ਚਰਨੀ ਲਾ ਬਖਸ਼ੋ ਔਗੁਣਹਾਰ ਤਾਈਂ'।
ਅਗੋਂ ਮੂਲਾ ਸੁਣ ਬੋਲਿਆ ਚੋਰ ਤਾਈਂ,
ਨਾਲੇ ਤੋਲਿਆ ਓਸ ਦੀ ਕਾਰ ਤਾਈਂ।
'ਚੋਰੀ, ਧੱਕਾ, ਫਰੇਬ, ਛਲ ਕਪਟ, ਜੂਆ,
ਵੱਢੀ, ਚੰਗੜੇ ਏਹ ਆਚਾਰ ਨਾਹੀਂ।
'ਗੁਰੂ ਸੇਵ ਕਰਨੀ ਨਾਲੇ ਜਾਪ ਜਪਣਾ,
ਹੋਵੇ ਸੁਰਖਰੂ ਵਿਚ ਦਰਬਾਰ ਤਾਂ ਹੀ'। 26

ਮਾਰਗ ਸੱਚ ਦਾ ਦੱਸਿਆ ਰੋਂਦੜੇ ਨੂੰ,
'ਨਾਮ-ਨੀਰ' ਸੰਗ ਠੰਢੜਾ ਠਾਰ ਕੀਤਾ।
ਬੇੜਾ ਡੁਬਦਾ ਓਸ ਦਾ ਰੱਖ ਲੀਤਾ,
ਦੇ ਕੇ ਮੋਢੜਾ ਸਾਗਰੋਂ ਪਾਰ ਕੀਤਾ;
ਆਪ ਤਰ ਗਏ ਹੋਰਨਾਂ ਤਾਰ ਗਏ,
ਸਾਰੇ ਕੁੰਬੇ ਪਰਵਾਰ ਨੂੰ ਤਾਰ ਲੀਤਾ!
ਧੰਨ ਸਿੱਖ ਤੇ ਧੰਨ ਸਤਿਗੁਰੂ ਪਿਆਰੇ,
ਨਾਮ ਜਿਨ੍ਹਾਂ ਦਾ ਤਾਰਨੇ ਹਾਰ ਮੀਤਾ। 27

ਠੰਢ ਪਈ ਜਾਂ ਧਰਮ ਦੀ ਹਿਦੇ ਅੰਦਰ,
ਪ੍ਰੇਮ ਜਾਗਿਆ ਓਸ ਦੇ ਚਿੱਤ ਅੰਦਰ।
ਚਲ ਕੇ ਵੇਖੀਏ ਜਿਨ੍ਹੇ ਬੇਕੁੰਠ ਰਚਿਆ,
ਆਂਦਾ ਆਬਿ-ਹਯਾਤ ਇਸ ਛਿਤ ਅੰਦਰ।

ਏਹ ਧਾਰ ਆਸਾ ਪੁਰਿ ਕਰਤਾਰ ਪਹੁੰਚਾ,
ਗੁਰੂ ਨਾਨਕ ਦੇ ਪਹੁੰਚਿਆ ਜਾਇ ਮੰਦਰ।
ਕੱਲਾ ਜਾਇਕੇ ਚਰਨਾਂ ਤੇ ਪਿਆ ਰੋਵੇ,
ਗੁਰਾਂ ਧਾਰ ਦਯਾ ਲੀਤਾ ਹਿਤ ਅੰਦਰ। 28

ਦੋਹਿਰਾ--
ਸੇਵਾ ਸੌਂਪੀ ਗੁਰੂ ਨੇ ਭਵਜਲ ਕੀਤਾ ਪਾਰ।
ਮੂਲੇ ਖਾਤਰ ਚੋਰ ਨੂੰ ਲੀਨਾ ਪਾਰ ਉਤਾਰ। 29

–0–

## 5. ਪ੍ਰਸੰਗ ਭਾਈ ਕ੍ਰੋੜੀਆ

ਵਿੱਚ ਲਾਹੌਰ ਵਸੇਂਦਾ ਖੱਤ੍ਰੀ, ਨਾਮ ਕ੍ਰੋੜੀਆ ਭਾਈ,
ਕਰੇ ਹਕੂਮਤ ਉੱਤਰ ਪਾਸੇ, ਦੋ ਨਦੀਆਂ ਵਿਚਕਾਈ।
ਮਾਲਕ ਜ਼ਿਮੀਂ, ਹੁਕਮ ਦਾ ਭਾਰਾ, ਸ਼ਾਹੂਕਾਰ ਸਿਆਣਾ,
ਦੌਲਤ ਜਮਾਂ ਕਰੇਂਦਾ ਜਿਉਂ ਤਿਉਂ, ਧੋਖਾ ਕਰੇ ਧਿਙਾਣਾ। 1

ਸਾਧ ਫਕੀਰਾਂ ਨੂੰ ਦੁਖ ਦੇਵੇ, ਜਾਣੇ ਇਹ ਹੰਨ ਛਲੀਏ,
ਰੱਬ ਪ੍ਰਮਾਰਥ ਸਮਝੇ ਨਾ ਕੁਝ, ਤ੍ਰਿਸ਼ਨਾ ਅਗਨੀ ਬਲੀਏ।
ਪਰ ਸਭ ਤੋਂ ਇਹ ਅਧਕ ਸੜੇਂਦਾ, ਗੁਰ ਨਾਨਕ ਜਸ ਸੁਣਕੇ,
ਕਹੇ ਕੁਰਾਹੀਆ ਗਾਲ੍ਹਾਂ ਦੇਵੇ, ਤਪੇ ਜਲੇ ਸਿਰ ਧੁਣ ਕੇ। 2

ਸਿੱਖ ਜਿ ਮਿਲੇ ਏਸ ਨੂੰ ਕੋਈ, ਦੁੱਖ ਦੇਵੇ ਵ੍ਹਾਹ ਲੱਗੀ,
ਵੈਰ ਕਰੇ ਨਿਰਵੈਰਾਂ ਨਾਲੇ, ਸੰਤ ਸਭਾ ਸੰਗ ਠੱਗੀ।
ਮੁੱਲਾਂ ਪਾਂਧੇ ਜਾ ਜਾ ਸੀਖਣ, ਆਖਣ: 'ਤੂੰ ਹੈਂ ਰਾਜਾ,
'ਗੁਰ ਨਾਨਕ ਦਾ ਚੱਕ ਟਿਕਾਣਾ ਜਸ ਜਿਸਦਾ ਜਗ ਛਾਜਾ'। 3

ਇਕ ਦਿਨ ਜੋਗੀ ਕਿੰਗ ਵਜਾਵੇ, ਸ਼ਬਦ ਪਿਆ ਇਕ ਗਾਵੇ।
ਸੜ ਬਲ ਕੇ ਕੋਲੇ ਇਹ ਹੋਇਆ, ਪੇਸ਼ ਨ ਕੋਈ ਜਾਵੇ।
ਅੰਤ ਸੋਚਿਆ: ਚਲੀਏ ਉਠਕੇ ਨਾਲ ਜੁਆਨ ਲਿਚਲੀਏ।
ਡੇਰਾ ਪੁਟਕੇ ਪਾਰ ਬੁਲਾਈਏ, ਟਾਲਿਆਂ ਮੂਲ ਨ ਟਲੀਏ। 4

ਚੜ੍ਹ ਘੋੜੀ ਟੁਰ ਪਿਆ ਸੂਰਮਾ, ਮਾਰਨ ਉਸ ਦੇ ਤਾਈਂ,
ਲਾ-ਮਕਾਨ ਵਿਚ ਡੇਰਾ ਜਿਸਦਾ, ਫਿਰ ਵਸਦਾ ਸਭ ਥਾਈਂ।
ਘੋੜੀ ਅੜਕ ਤ੍ਰਬ੍ਹਕ ਕੇ ਪਰਤੀ ਹੇਠ ਕ੍ਰੋੜੀਆ ਛੱਠਾ,
ਕੁਝ ਦਿਨ ਮਗਰੋਂ ਵੱਲ ਹੋਇਕੇ ਤੁਰਿਆ ਪਾਪ ਪਣੱਠਾ। 5

ਇਕ ਦਮ ਰੁਕਿਆ ਘੋੜਾ ਓਥੇ, ਹਰਿਆਨਾ ਘਬਰਾਇਆ,
ਸੂਰਜ ਵਾਂਗ ਦਿਪਤ ਇਕ ਚਾਨਣ, ਨਜ਼ਰੀਂ ਉਸਨੂੰ ਆਯਾ।
ਇਸ ਚਾਨਣ ਦਾ ਝਲਕਾ ਵੱਜਾ, ਅੱਖੋਂ ਦਿੱਸਣ ਰਹਿਆ,
ਦਿਲ ਉਲਟਾ ਹੈਰਾਨੀ ਰੁੜ੍ਹਿਆ, ਕੱਛੂ ਵਾਂਗੂੰ ਛਹਿਆ। 6

ਦੀਦੇ ਪਾੜ ਦੇਖਣਾ ਚਾਹੇ, ਨਜ਼ਰ ਨ ਕੁਛ ਬੀ ਆਵੇ।
ਦੁਸ਼ਟਾਂ ਤਾਈਂ ਸਚ ਦਾ ਸੂਰਜ, ਚੜ੍ਹਿਆ ਨਾ ਦਿਸ ਆਵੇ।
ਮੁੰਦ ਗਈਆਂ ਹੱਤਿਆਰੀਆਂ ਅੱਖਾਂ, ਜੋ ਗੁਰ ਘੂਰਨ ਆਈਆਂ,
ਮਿਲਕੇ ਸੁੰਗੜ ਗਈਆਂ ਓਹ ਦੰਦੀਆਂ, ਜੋ ਗੁਰ ਝਿੜਕਨ ਆਈਆਂ।7

ਹੱਥ ਨਿਕਾਰੇ ਹੋਏ ਪਾਪੀ, ਜੋ ਗੁਰ ਮਾਰਨ ਆਏ।
ਪੈਰ ਜਕੜ ਕੇ ਬੱਝੇ ਓਥੇ, ਜੋ ਗੁਰ ਪਰ ਧਾ ਆਏ।
ਰਿਦਾ ਚੰਡਾਲ ਸੁੰਨ ਉਹ ਹੋਇਆ, ਖੋਟ ਜਿਨ੍ਹੂੰ ਸੀ ਭੁਰਿਆ।
ਸੁਰਤ ਚੱਕ੍ਰੀ ਖਾ ਕੇ ਠਿਟਕੀ, ਜੜਤਾ ਦੇ ਵਿਚ ਰੁੜਿਆ। 8

ਉਸ ਜਾਤਾ ਸੀ ਦੌਲਤ ਤਾਕਤ, ਇਸ ਅਗੇ ਸਭ ਨੀਵੇਂ,
ਆਤਮ ਸੱਤਾ ਤੋਂ ਨਾਵਾਕਫ, ਅੰਨਾ ਸੀ ਦਿਨ ਦੀਵੇਂ।
ਕਦਮ ਮੋੜ ਜਦ ਪਿੱਛੇ ਪਰਤੇ ਤਾਂ ਤਾਂ ਕੁਛ ਦਿਸਿ ਆਵੇ,
ਅੱਗੇ ਕਦਮ ਧਰੇ ਜੇ ਕੋਈ, ਤਾਂ ਅੰਨ੍ਹਾਂ ਹੋ ਜਾਵੇ। 9

ਤਦ ਇਕ ਵਾਜ ਪਿਆਰਾਂ ਵਾਲੀ, ਪਰ ਭਰਵੀਂ ਸੁਣ ਪਾਈ,
'ਹਿੱਕ ਨ ਡਾਹ ਕਾਂਗ ਦੇ ਅੱਗੇ, ਹੈ ਜੁ ਸ਼ੂਕਦੀ ਆਈ';
ਦੂਜੀ ਛਿਨ ਵਿਚ ਕਿਹਾ ਕਿਸੇ ਨੇ, 'ਹੋ ਨੀਵਾਂ ਝੁਕ ਭਾਈ!
'ਗੁਰ ਨਾਨਕ ਹੈ ਜੋਤਿ ਰੱਬ ਦੀ, ਦਿਲ ਉਸ ਵੱਲ ਨਿਵਾਈਂ'। 10

ਸੁਣੀ ਝਿੜਕ ਉਸ ਰਿਦਾ ਨਿਵਾਯਾ ਥੋੜਾ ਕੁਛ ਦਿਸ ਆਯਾ।
ਤਦ ਦਿਲ-ਨਿਸਚਾ ਸਤਿਗੁਰ ਉਤੇ, ਉਸਦੇ ਸੀ ਹੋ ਆਯਾ।
ਹੁਣ ਟੁਰਿਆ ਦਿਲ ਨਿਸਚਾ ਲੈਕੇ:-ਜਾਕੇ ਭੁੱਲ ਬਖਸ਼ਾਵਾਂ।
ਖਤਾ ਜੁ ਕੀਤੀ ਚੜ੍ਹ ਆਵਨ ਦੀ, ਮਾਫੀ ਉਸ ਦੀ ਪਾਵਾਂ। 11

ਬਾਹੋਂ ਫੜ ਉਹ ਨਾਲ ਲੈ ਟੁਰੇ, ਗੁਰ ਚਰਨਾਂ ਵਿਚ ਲਜਾਏ,
ਏਥੇ ਆ ਕੇ ਦੀਦੇ ਸਾਰੇ, ਉਸ ਦੇ ਸਨ ਖੁਲ੍ਹ ਆਏ।
ਢੈ ਚਰਨੀ ਹੱਥ ਜੋੜ ਆਖਦਾ: 'ਅਪਰਾਧੀ ਨੂੰ ਤਾਰੋ,
'ਬਖਸ਼ੋ ਬਖਸ਼ ਲਵੋ ਅਪਰਾਧੀ, ਬਖਸ਼ੋ ਚਾਹੇ, ਮਾਰੋ'। 12

ਨੇਤਰ ਖੋਲ੍ਹ ਸਤਿਗੁਰਾਂ ਡਿੱਠਾ, ਹੰਕਾਰੀ ਅਭਿਮਾਨੀ:
ਨੀਵਾਂ ਹੋ ਕੇ ਪਿਆ ਵਿਲਕਦਾ, ਜੋ ਸੀ ਬੜਾ ਗੁਮਾਨੀ।
ਬੋਲੇ: 'ਪੁਰਖਾ! ਮਰਨ ਚਿਤਾਰੀਂ, ਕਰਤਾ ਯਾਦ ਕਰਾਈਂ,
'ਖ਼ੁਦੀ ਤਕੱਬਰ ਮਨ ਥੀਂ ਕੱਢੀਂ, ਹਿਰਦਾ ਨਾਹਿੰ ਦੁਖਾਈਂ।'13

ਮਿੱਠੀ ਵਾਜ ਲੱਗੀ ਸਤਿਗੁਰ ਦੀ, ਸੁਣ ਸੁਣ ਮਨ ਖਿੜ ਆਇਆ।
ਜਿਉਂ ਜਿਉਂ ਚਰਨ ਗੁਰੂ ਦੇ ਛੋਹੇ, ਤਿਉਂ ਚਾਨਣ ਮੁੜ ਆਇਆ।
ਪਹਿਲੀ ਨਜ਼ਰ ਵਿਕਾਰਾਂ ਵਾਲੀ, ਉੱਡ ਗਈ ਕਿਤ ਵੱਲੇ,
ਦੈਵੀ ਦ੍ਰਿਸ਼ਟ ਮਿਲੀ ਹੁਣ ਉਸਨੂੰ, ਤਾਬ ਦਰਸ ਜੋ ਝੱਲੇ। 14

ਦਿਲ ਧੋਤਾ ਇਉਂ ਸਾਫ ਨਿਕਲਿਆ, ਜਿਉਂ ਮੀਂਹ ਨ੍ਹਾਤੇ ਬੂਟੇ।
ਹੌਲਾ ਫੁੱਲ ਸਰੀਰ ਭਾਸਦਾ, ਹਉਮੈ ਬੰਧਨ ਤੂਟੇ।
ਦੈਂਤੋਂ ਪਲਟ ਦੇਵਤਾ ਹੋਇਆ, ਦੇਵਤਿਓਂ ਸਿਖ ਬਣਿਆ।
ਭਗਤਿ, ਵਿਰਾਗ, ਪ੍ਰੇਮ ਰਸ ਗੁੱਧਾ, ਗੁਰਮੁੱਖਾਂ ਵਿਚ ਗਣਿਆ। 15

ਇਕ ਦਿਨ ਉਸ ਨੇ ਬਿਨੈ ਉਚਾਰੀ, 'ਕ੍ਰਿਪਾਸਿੰਧ ਗੁਰ ਸ੍ਵਾਮੀ।
'ਅਰਜ਼ ਕਰਾਂ ਹੱਥ ਬੰਨ੍ਹ ਗੁਰਾਂ ਪੈ, ਸਤਿਗੁਰ ਅੰਤਰਜਾਮੀ!
'ਇਸ ਜਾਗ੍ਹਾ ਤੇ ਧਰਮਸਾਲ ਇਕ, ਸੁੰਦਰ ਜਾਇ ਉਸਾਰੀ।
'ਆਪ ਕਰੋ ਬਿਸਰਾਮ ਓਸ ਥਾਂ, ਤੇ ਲੰਗਰ ਰਹੇ ਜਾਰੀ'। 16

 www.sikhbookclub.com

ਦੇਖੀ ਸ਼ਰਧਾ ਸਿਖ ਦੀ ਭਾਰੀ, ਸਤਿਗੁਰ ਮੰਨ ਇ ਲੀਤਾ।
ਖੁਸ਼ੀ ਖੁਸ਼ੀ ਸਿਖ ਨੇ ਤਦ ਓਥੇ, ਕਾਰਜ ਆਰੰਭ ਕੀਤਾ।
ਬਣੀ ਅਜਾਇਬ ਧਰਮਸਾਲ, ਤੇ ਨਗਰ ਉਸਰਿਆ ਸੋਹਣਾ;
ਰਾਵੀ ਨਦੀ ਕਿਨਾਰੇ ਨੇੜੇ, ਸਜਿਆ ਮਨ ਨੂੰ ਮੋਹਣਾ। 17

ਧਰਮਸਾਲ ਵਿਚ ਸਤਿਗੁਰਾਂ ਤਾਈਂ, 'ਡੇਰਾ' ਕਹੇ 'ਲਗਾਓ।
ਆਖੇ 'ਅਪਣੇ ਨਾਮ ਮਗਰ, ਇਸ ਨਗਰੀ ਨਾਮ ਚਲਾਓ'।
'ਸ੍ਰੀ ਕਰਤਾਰ ਪੁਰਾ' ਗੁਰ ਬੋਲੇ, 'ਇਸ ਥਲ ਦਾ ਨਾਂ ਆਖੋ।
'ਭਜਨ ਕਰੋ ਹਰਿਨਾਮ ਧਿਆਵੋ, ਦੂਜੀ ਬਾਤ ਨ ਭਾਖੋ'। 18

ਸਿੱਖ ਕੋੜੀਆ ਕ੍ਰਿਤ ਕ੍ਰਿਤ ਹੋਇਆ, ਗੁਰ ਜਿਸ ਪਰ ਪਰਸੰਨੇ।
ਨਰਕ ਜਾਂਵਦਾ ਮੁਕਤੀ ਹੋਇਆ, ਸੁਖ ਪਾਏ ਮਨ ਮੰਨੇ।
ਸਤਿਗੁਰ ਫੇਰ ਬਿਰਾਜੇ ਓਥੇ, ਲੰਗਰ ਦੇਗ ਚਲਾਈ।
ਨਾਮ ਦਾਨ ਦੀ ਲਾਇ ਛਬੀਲਾ, 'ਹਰਿ ਧਨ' ਵੰਡ ਵਡਾਈ। 19

ਰਾਵੀ ਪਾਰ ਵਟਾਲਿਓਂ ਅੱਗੇ, ਏ ਥਾਂ ਅਜੇ ਸੁਹਾਵੇ(ਹੁਣ ਇਹ
ਪਵਿੱਤਰ ਟਿਕਾਣਾ ਪਾਕਸਤਾਨ ਵਿਚ ਰਹਿ ਗਿਆ ਹੈ।)।
ਸਤੋਗੁਣੀ ਏਕਾਂਤ ਸਥਲ ਹੈ, ਦੇਖ ਰਿਦਾ ਖਿੜ ਜਾਵੇ।
ਦੇਖੋ ਸ੍ਰੀ ਗੁਰ ਨਾਨਕ ਜੀ ਦੀ, ਅਚਰਜ ਅਤਿ ਵਡਿਆਈ।
ਸਿਰ ਦੇ ਵੈਰੀ ਤਾਈਂ ਬਖਸ਼ਿਆ, ਲੀਤਾ ਨਿਜ ਲੜ ਲਾਈ। 20

ਬੁਰਾ ਕਰਨ ਸੀ ਆਇਆ ਮਿਥਕੇ, ਗੁਰ ਨੇ ਬੁਰਾ ਨ ਕੀਤਾ।
ਬਖਸ਼ ਬੁਰਾਈ, ਨੇਕੀ ਕੀਤੀ, ਭਵਜਲ ਪਾਰ ਸੁ ਕੀਤਾ।
ਬੁਰੇ ਨਾਲ ਸਭ ਬੁਰਾ ਕਰੇਂਦੇ, ਮਾਫ ਕਰਨ ਕਈ ਸਿਆਣੇ।
ਬੁਰੇ ਨਾਲ ਫਿਰ ਨੇਕੀ ਕਰਨੀ, ਇਹ ਗੁਰ ਨਾਨਕ ਜਾਣੇ। 21

–0–

 www.sikhbookclub.com

## ਨੈਣਾਂ ਵਾਲਿਆ!

### ਨੈਣਾਂ ਵਾਲੇ ਦੇ ਨੈਣ

ਕਮਲਾਂ ਦੀ ਜਦ ਅੱਖ ਖੁਲ੍ਹੀ, ਨਜ਼ਰ ਪਏ ਏ ਨੈਨ।
ਨੈਨ ਦੇਖ ਰੀਝੇ ਕਮਲ, ਨਿਉਂ ਨਿਉਂ ਝੁਕ ਝੁਕ ਪੈਨ।
ਕਮਲਾਂ ਨੂੰ ਜਦ ਦੇਖਿਆ, ਨੈਨਾਂ ਨੇ ਭਰ ਨੈਨ,
"ਚਰਨਾਂ ਨਾਲ ਲਗਾ ਲਓ" ਕਮਲਾਂ ਉਚਰੇ ਬੈਨ।

...

ਨਰਗਸ ਕਹਿ "ਮਖ਼ਮੂਰ ਮੈਂ, ਤਕ ਏ ਮਸਤੇ ਨੈਨ।
"ਮਦ ਦੇ ਟੇਪੇ ਇਨ੍ਹਾਂ ਤੋਂ 'ਨੈਨ-ਕਟੋਰੀ' ਪੈਨ"।

...

ਫੁਲ ਕਲੀਆਂ ਅਜ ਆਖਿਆ, ਚਟਕ ਚਟਕ ਚਟਕੈਨ:-
"ਅਸਾਂ ਖਿੜਾਵੇ ਕੌਣ ਹੈ? ਦਰਸ- ਤਾਂਘ ਇਨ ਨੈਨ।"

...

ਅੱਖ ਫੁੱਟੀ ਹਰ ਸ਼ਾਖ ਦੀ, ਦੇਖਣ ਨੂੰ ਏ ਨੈਨ,
'ਦਰਸ਼ਨ-ਸੱਧਰ' ਨਿੱਕਲੀ, 'ਦਰਸ਼ਨ-ਝਾਕਾ' ਲੈਨ।

...

ਅਗਨੀ ਆਖੇ: "ਮੈਂ ਰਚੇ ਸਾਰੇ ਜਗ ਦੇ ਨੈਨ।
"ਮੈਂ ਦੇਖਾਂ ਝੁਕ ਝੁਕ ਪਵਾਂ, ਏ ਨੂਰਾਨੀ ਨੈਨ।"

...

ਸੂਰਜ ਚੰਦ ਸੂਰੇ ਪੂਰੇ ਤਕੇ ਅਧਖਲੇ ਨੈਨ,
ਉਹ ਚੜ੍ਹਨੋਂ ਉਹ ਡੁਬਣੋਂ ਰੁਕੇ ਖੜੇ ਬੇਚੈਨ।

...


www.sikhbookclub.com

ਬਿਜਲੀ ਚਮਕੀ ਰਾਤ ਨੂੰ, ਦੇਖ ਖੁਲ੍ਹੇ ਏ ਨੈਨ,
ਤੜਫ ਲੁਕੀ ਕਹਿ: "ਨੈਨ ਏ, ਮੈਨੂੰ ਨਾ ਮੁਹਿ ਲੈਨ।"
...
ਅਰਧ ਰਾਤਿ ਦੇਖੇ ਸਖੀ! ਤਾਰਿਆਂ ਨੇ ਏ ਨੈਨ,
ਆਖਣ "ਸਾਥੋਂ ਸੋਹਿਣੇ, ਕਿਨ੍ਹੇ ਰਚੇ ਏ ਹੈਨ?"
...
ਗਗਨ ਝੁਕਜਾ ਅਰਸ਼ੋਂ ਸਖੀ! ਦੇਖਣ ਕਾਲੇ ਨੈਨ,
ਨੀਲਾ ਪੈ ਕੇ ਰਹਿ ਗਿਆ, ਜਿਉਂ ਉਲਟਾਇਆ ਨੈਨ।
...
ਲੱਖ ਅੱਖੀ ਹੋ ਤ੍ਰੇਲ ਹੈ ਵਿਛੀ ਪਈ, ਕਹਿ ਬੈਨ:-
"ਪ੍ਰਤਿਬਿੰਬਤ ਹੋ ਚਮਕਦੇ, ਮੈਂ ਅੱਖੀਂ ਏ ਨੈਨ!"
...
ਹੀਰੇ ਮ੍ਰਿਗ ਦੀ ਡਾਰ ਤਕ, ਹੋਇ ਰਹੀ ਬੇਚੈਨ:
"ਏ ਸਾਡੇ ਓਥੇ ਕਿਵੇਂ, ਚਲੇ ਗਏ ਹਨ ਨੈਨ!"
ਸਭ ਨੇ ਦੇਖ ਸਲਾਮਤੇ, ਆਪੋ ਅਪਣੇ ਨੈਨ
ਕੂਕ ਕਿਹਾ "ਹਾਂ ਇਨ੍ਹਾਂ ਤੋਂ, ਅਸਾਂ ਮਿਲੇ ਏ ਹੈਨ!"
...
ਕਾਲੇ ਨੈਨੀਂ ਕੂੰਜ ਓ, ਤੜਫ ਉਠੀ ਕੁਰਲੈਨ:-
"ਹਾਇ! ਨ ਪਹਿਲੇ ਕਿਉਂ ਤਕੇ, ਸ਼ਜਾਮ ਸਲੋਨੇ ਨੈਨ!"
...
ਬਝੱਕ ਮਸੋਲੇ ਰਹਿ ਗਏ, ਦੇਖ ਨੈਨ ਏ ਕੈਨ:-
"ਨਜ਼ਰ ਆਪ ਦੀ ਅਸੀਂ ਹਾਂ ਕਰਦੇ ਅਪਣੇ ਨੈਨ।"
...
ਮੱਛ ਸ਼ਰਮਦੇ ਨੈਨ ਤਕ, ਬਰ ਨ ਸਕਣ ਮਚੈਨ।
ਪਾਣੀ ਪਰਦਾ ਤਾਣ ਕੇ ਲੁਕ ਲੁਕ ਦੇਖਣ ਨੈਨ।
...
ਠੁਮਕ ਟੁਰਨ ਗ਼ੁਰ ਗ਼ੁਰ ਕਰਨ, ਮਟਕ ਮਟਕ ਮਟਕੈਨ
'ਖ਼ੁਮਰੇ ਆਖਣ: "ਅਸਾਂ ਏ ਦੇਖ ਲਏ ਅਜ ਨੈਨ।"


www.sikhbookclub.com

ਚਕਵਾ ਆਖੇ,-"ਚਕਵੀਏ! ਸਦਾ ਲਈ ਗਈ ਰੈਨ।
"ਕਦੇ ਨ ਡੁੱਬਣ ਵਾਲੜੇ ਚੜ੍ਹ ਪੈ ਸੂਰਜ-ਨੈਨ!"

...
ਮੱਛੀ ਆਖੇ "ਬਗਲਿਆ! ਤੱਕ ਨ ਮੇਰੇ ਨੈਨ।
"ਤੱਕ ਨੈਨ ਏ ਸੋਹਿਣੇ 'ਹੰਸ-ਨੈਨ' ਤੁਧ ਦੈਨ।"

...
ਪਰਭਾਤੇ ਬੁਲਬੁਲ ਕਹੇ: "ਮੈਂ ਅਜ ਡਿੱਠਾ ਰੈਨ।
"ਗੁਲ ਮਸਤਾਇਆ ਤਕ ਰਿਹਾ, ਹੋਰ ਉਚੇਰੇ ਨੈਨ।"

...
ਅੰਮ੍ਰਿਤ ਵੇਲੇ ਬੋਲਿਆ ਪਪੀਆ: "ਮੇਰੀ ਭੈਨ!
"ਮੈਂ ਹੁਣ ਪਾਇਆ ਭੇਤ ਹੈ- ਅੰਮ੍ਰਿਤ ਹਨ ਏ ਨੈਨ।"

...
ਬੱਦਲ ਨੂੰ ਤਕ ਬੋਲਿਆ, ਚਾਤ੍ਰਿਕ ਉਡਦਾ ਗੈਨ:-
"ਸ੍ਵਾਂਤੀ ਬੂੰਦ ਸੁਹਾਵਣੀ, ਵਸ ਰਹੀ ਏਨ੍ਹਾਂ ਨੈਨ।"

...
ਨੈਨਾਂ ਦੀ ਵੇਖੀ ਚਮਕ, ਨੱਚਣ ਤੇ ਕੁਹਕੈਨ
ਕਹਿਣ ਚਕੋਰ:- "ਅਚਰਜ ਹਨ, ਚੰਦ੍ਰ ਵਿਮਲ[1] ਏ ਨੈਨ।"

...
ਕਹੇ ਕਬੂਤਰ -"ਬਿੱਲੀਏ! ਏ ਟਕ-ਬਝਵੇਂ ਨੈਨ।
"ਏਨੀਂ ਨੈਣੀਂ ਲਾਇਂ ਜੇ, ਜੋਗੀ ਹੋ ਜਾਇਂ ਭੈਣ!"

...
"ਤੇਰੇ ਪਾਪ ਕਮਾਂਵਦੇ, ਦੂਰਬੀਨ ਜੋ ਨੈਨ।
"ਉਪਕਾਰੀ ਹੋ ਜਾਣਗੇ, ਦੇਖ ਉਕਾਬਾ[2]! ਨੈਨ।"

...
"ਜਿਉਂ ਜਿਉਂ ਵੱਡਾ ਹੋ ਗਿਓਂ ਨਿੱਕੇ ਪੈ ਗਏ ਨੈਨ!
"ਦੇਖ ਹੰਕਾਰੀ ਹਾਥੀਆ! ਨੈਨ ਜੁ ਗਰਬ-ਗੰਜੈਨ!"

...


www.sikhbookclub.com

ਫਨੀਅਰ ਡੰਗਣ ਆ ਗਿਆ, "ਵਿੱਸ ਚੜ੍ਹਾਵਾਂ ਨੈਣ'
ਝੇਪ ਅੱਖ, ਫਨ ਸਿੱਟਕੇ, 'ਸ਼ਿਵ ਸ਼ਿਵ' ਉਚਰੇ ਬੈਨ।

...

ਮੋਰ ਖੰਭ ਤੇ ਅੱਖ ਜਿਉਂ ਸਭ ਦੇ ਚਿਹਰੇ ਨੈਨ,
ਪਰ ਮੁਰਦੇ ਓ ਨੈਨ ਹਨ, ਏ ਜੀਵੰਦੇ ਹੈਨ।

...

ਜਾਦੂਗਰ ਨੇ ਨੈਨ ਤਕ, ਨੈਨ ਜਮਾਏ ਨੈਨ,
ਅਪਣੇ ਲੈ ਕੇ ਰਹਿ ਗਿਆ, ਨੈਨ ਮੂਰਛਾ ਸੈਨ।

...

ਰਲ ਮੁਟਿਆਰਾਂ ਆਈਆਂ, ਨੈਣੀਂ ਮੇਲਣ ਨੈਨ,
ਦਮਕ ਨੈਨ ਦੀ ਦੇਖਕੇ, ਸਜਦੇ ਵਿਚ ਝੁਕ ਪੈਨ।

...

ਰਤੀ[3] ਕਹੇ "ਮੈਂ ਨੈਨ ਅੱਗ, ਜਿਨ੍ਹਾਂ ਲੁਭਾਇਆ ਮੈਨ[4]।
"ਠਰ ਗਏ ਮੇਰੇ ਨੈਣ ਤਕ, ਏ ਤੇਜੱਸ੍ਰੀ ਨੈਨ।"

...

ਲੇਲੀ, ਸੱਸੀ, ਸੋਹਿਣੀ, ਹੀਰ ਮੁੱਠੀਆਂ ਨੈਨ,
ਦੁੱਖ ਨਾ ਦੇਖਣ ਨੈਨਿ[5] ਜੇ ਦੇਖ ਨੈਨ ਏ ਲੈਨ।

...

ਗਿਆ ਸਿਕੰਦ੍ਰ ਸਮੁੰਦ੍ਰ ਨੂੰ, ਆਬਿਹਯਾਤਾਂ ਲੈਨ,
ਖਾਲੀ ਮੁੜਿਆ, "ਭੋਲਿਆ! ਅੰਮ੍ਰਿਤ ਹਨ ਏ ਨੈਨ!"

...

ਅੱਖ ਕਟੋਰੀ ਨੈਣ[6] ਦੀ ਡੁੱਲ੍ਹ ਪਈ ਤਕ ਨੈਨ:-
"ਚਰਨ ਸ਼ਿੰਗਾਰਨ ਵਾਸਤੇ ਨੌਕਰ ਰਖ ਮੈਂ ਲੈਨ।"

...

"ਕੱਢ ਕਲੇਜਾ ਸੱਟਦੀ" ਕਹਿਣ "ਨਜ਼ਰ ਕੁਈ ਡੈਣ।"
'ਡੈਣ-ਨਜ਼ਰ ਏ ਨੈਨ ਤਕ, ਪਾਵੇ 'ਅੰਮ੍ਰਿਤ-ਨੈਨ'।

...


www.sikhbookclub.com

ਖਾਲੀ ਕੋਏ ਨੈਨ ਦੇ ਅਖਹੀਣੇ ਕਰ ਲੈਨ
ਜੇ ਇਨ੍ਹ ਨੈਣਾਂ ਸਾਮ੍ਹਣੇ, ਪਾ ਲੈਵਣ ਓ ਨੈਨ[7]।

...

ਲੈਨ ਕੱਢ ਮੂਰਖ ਚਹੇ ਦੇਖੇ ਅਪਨੇ ਨੈਨ,
ਦੇਖੇ ਪਰ ਏ ਨੈਨ ਜੇ, ਦੇਖ ਲਵੇ ਨਿਜ ਨੈਨ।

...

'ਨੈਨਾਂ-ਖੂਹ[8]' ਭਰ ਭਰ ਰਹੇ, ਮਾਲਾਂ ਨਾਲ ਭਰੇ ਨਿ[9]।
ਇਕ ਗ਼ਮਜ਼ੇ ਨੈਨਾਂ ਇਨ੍ਹਾਂ ਭਰ ਦਿੱਤੇ ਓ ਨੈਣ।

...

ਨੈਨ ਗਏ ਨੈਨਾਂ ਮਿਲਣ ਦਿਲ ਵੇਚ ਆਏ ਨੈਨ,
ਨੈਨ ਮਿਲੇ ਜੋ ਇਨ੍ਹਾਂ ਨੂੰ, ਨਵੇਂ ਨਵੇਂ ਦਿਲ ਲੈਣ।

...

ਗਰਬੀ-ਧਨੀਆਂ ਦੁਆਰ ਤੇ ਕਵੀਆਂ ਸੰਦੇ ਨੈਨ[10]
ਤਾਹੀਓਂ ਦਿੱਸਣ ਡੋਲਦੇ, ਨਹਿੰ ਦੇਖੇ ਏ ਨੈਨ।

...

ਤਕ ਤਕ ਰੂਪ ਨ ਰੱਜਦੇ, ਰੂਪ-ਕੁਠੇ ਸਭ ਨੈਨ,
'ਰੂਪ ਅਰੂਪੀ' ਨੈਨ ਏ ਤੱਕਣ ਤਾਂ ਤ੍ਰਿਪਤੈਨ।

...

ਤੋਤਾਚਸ਼ਮੀ ਨਾ ਰਹੇ ਇਸ ਦੁਨੀਆਂ ਦੇ ਨੈਨਿ,
ਉਨ੍ਹ ਨੈਨਾਂ ਦੇ ਚਸ਼ਮਿਓਂ ਜੇ ਅੰਮ੍ਰਿਤ ਪੀ ਲੈਣ।

...

ਖਲ ਕੀਤੇ ਵਿਦਵਾਨ ਹਨ, ਇਨ੍ਹ ਨੈਨਾਂ ਦੀ ਸੈਨ[11]
ਜਿਨ੍ਹਾਂ ਮਟੱਕੇ ਨਾਲ ਫਿਰ, ਜਿੱਤੇ 'ਪੰਡਤ-ਨੈਨ'।

...

ਗੋਲੇ ਹੋ ਰਹੇ ਨੀਂਦ ਦੇ ਦੁਨੀਆਂ ਦੇ ਸਭ ਨੈਨ,
ਸਦਾ ਜਾਗਦੇ ਨੈਨ ਏ, ਸੁੱਤਜਾਂ ਜਾਗ੍ਰਤ ਦੈਨ।

...


www.sikhbookclub.com

ਅਦਬ ਨਾਲ ਜੋ ਮੁੰਦ ਗਏ ਤਕ ਏ ਸੁਹਣੇ ਨੈਨ
ਦਿੱਬ ਹੋ ਗਏ ਨੈਨ ਓ, ਦੋ ਪਾਸੀਂ ਖੁਲ੍ਹ ਗਜੇ'ਨ[12]

...

ਨੈਨ ਅਏ ਸਭ ਜਗਤ ਦੇ 'ਨੈਨ-ਦਿਦਾਰਾ' ਲੈਨ
ਮਗਨ ਸਮਾਧੀ ਲਗ ਗਈ, ਦੇਖਦਿਆਂ ਏ ਨੈਨ!

...

ਇਕ ਵਾਰੀ ਜਿਨ ਦੇਖ ਲੈ, ਏ 'ਸਦ-ਹਸਦੇ-ਨੈਨ'
ਨਜ਼ਰ ਚੜ੍ਹੇ ਨਾ ਫਿਰ ਕੁਈ, ਨੈਨ ਉਨ੍ਹਾਂ ਦੀ ਹੈਨ।

...

ਨੈਨ-ਝਰੋਖੇ ਸੰਤ ਬਹਿ ਜਗ ਦਾ ਮੁਜਰਾ ਲੈਨ,
ਨੈਨਾਂ ਦਾ ਮੁਜਰਾ ਸਖੀ! ਏ ਲੈਂਦੇ 'ਸ਼ਾਹ-ਨੈਨ'।

...

ਰੂਪ ਸੁੰਦਰਤਾ ਤਾਂ ਸਫਲ ਨੈਨ ਜਿ ਚਿਹਰੇ ਹੈਨ,
ਨੈਨ ਘਨੇ ਪਰ ਸਫਲ ਏ, ਨੈਨਾਂ ਵਾਲੇ ਨੈਨ।

...

ਨੈਨਾਂ ਦਾ ਇਹ ਧਰਮ ਹੈ, ਖਿਚ ਖਾਵਣ, ਖਿਚ ਦੇਨ[13],
ਏ ਨੈਨਾਂ 'ਖਿਚ-ਮੂਲ' ਹਨ, ਖਿਚ ਰਹੇ ਜਗ ਦੇ ਨੈਨ!

...

ਨੈਨਾਂ ਨੂੰ ਗੁੰਗਾ ਕਹਿਣ, ਪਰ ਏ ਝੂਠੇ ਬੈਨ,
ਰਸਨਾ ਕਾਵਜ ਸੰਗੀਤ ਦੀ ਬੋਲ ਰਹੇ ਏ ਨੈਨ।

...

ਖਾਲੀ ਸ਼ੀਸ਼ਾ ਜਗਤ ਦੇ ਜਿਤਨੇ ਹਨ ਗੇ ਨੈਨ।
ਸਾਰੇ ਚਮਕਣ ਵਾਸਤੇ ਜੋਤ ਇਨ੍ਹਾਂ ਤੋਂ ਲੈਨ।

...

ਪੁਤਲੀ ਜਿਉਂ ਹਰ ਅੱਖ ਵਿਚ ਨੈਨਾਂ ਦੀ ਹੈ ਨੈਨ
ਪੁਤਲੀ ਸਾਰੇ ਜਗਤ ਦੇ ਨੈਨਾਂ ਦੀ ਏ ਹੈਨ।

...


www.sikhbookclub.com

'ਅੰਦਰ-ਸ਼ੀਸ਼ਾ' ਨੈਨ ਏ, 'ਬਾਹਰ-ਸ਼ੀਸ਼ਾ' ਨੈਨ,
ਦੇਖਣ ਰੱਬ, ਦਿਖਾਣ ਰਬ, 'ਰਬ-ਸ਼ੀਸ਼ਾ' ਏ ਨੈਨ।

...

ਰੂਹਾਂ ਦੇ ਸਰਦਾਰ ਰੂਹ ਜਿਵੇਂ ਰੱਬ ਜੀ ਹੈਨ,
ਨੈਣਾਂ ਦੇ ਸਰਦਾਰ ਏ ਰਚੇ ਆਪਨੇ ਨੈਨ।

...

ਅਰਸ਼ਾਂ ਤੇ ਵਸਦੇ ਸਖੀ! ਫਰਸ਼ ਵੇਖ ਗਏ ਨੈਨ,
ਪੰਜ ਪਾਣੀਆਂ ਦੀ ਭੂਮ ਨੂੰ[14] ਆਬ[15] ਦੇ ਰਹੇ ਹੈਨ।

...

ਪ੍ਰੇਮ-ਕਟੋਰਾ ਨੈਨ ਹਨ, ਭਰੇ ਪ੍ਰੇਮ ਦੇ ਰੈਨ,
ਪਵੇ ਨ ਜੇ ਵਿਚ ਹੋਰ ਕੁਝ ਤਾਂ ਤ੍ਰੁੱਠਣ ਏ ਨੈਨ।

...

ਸਿਰ ਤੋਂ ਪੈਰਾਂ ਤੀਕ ਤੂੰ ਬਣ ਜਾ ਸਾਰਾ ਨੈਨ
ਜੇ ਚਾਹੇਂ ਤੂੰ ਨੈਨ ਏ ਨਦਰਾਂ ਵਿਚ ਲੈ ਲੈਣ।

...

ਲਉਬਾਲੀ ਦਰਗਾਹ ਹੈ, 'ਸ਼ਾਹ-ਨੈਨ' ਏ ਹੈਨ,
ਬਖਸ਼ਿਸ਼ ਦਾ ਦਰੀਯਾਉ ਹਨ, ਨਦਰਾਂ ਦੀ ਨੈਂ ਹੈਨ।

...

ਏਨ੍ਹਾਂ ਨੈਨਾਂ ਤੇ ਦਿਲਾ! ਲਾ ਦੇ ਨੈਨ ਸੁਖੈਨ,
ਬਿਰਥੇ ਲਗ ਲਗ ਜਾ ਰਹੇ ਹੋਰ ਥਾਉਂ ਤੇ ਨੈਨ।

...

ਨੈਨਾਂ ਵਾਲੇ ਸਾਂਈਆਂ! ਸੇਜ ਵਿਛਾਵਾਂ ਨੈਨ,
ਇਕ ਛਿਨ ਸੇਜੇ ਆਇਕੇ ਜੇ ਕਰ ਜਾਵੇਂ ਸੈਨ[16]।

...

ਨੈਣਾਂ ਵਾਲੇ ਸੁਹਣਿਆਂ! ਕਦਮ ਧਰੀਂ ਆ ਨੈਨ,
ਨਜ਼ਰ ਵਿਛਾਈ ਵਿਛ ਰਹੀ, ਛੁਹ ਕਦਮਾਂ ਦੀ ਲੈਨ।

...



www.sikhbookclub.com

ਬੈਰਾਗੀ ਨੈਨਾ[17] ਭਏ, ਰੋ ਰੋ ਅਰਜ਼ ਕਰੈਨ:-
"ਇੱਕ ਮਟੱਕਾ ਖੈਰ ਪਾ, ਹੇ ਵਡ ਉਚੜੇ ਨੈਨ!"

...

ਅਪਣੇ ਵੇਚਣ ਮੈਂ ਗਈ ਮੁਫ਼ਤ ਨ ਲੋਕੀਂ ਲੈਨ,
ਨੈਨਾਂ ਵਾਲੇ ਨੇ ਸਖੀ! ਲੱਖੀਂ ਲੈ ਲਏ ਨੈਨ।

...

ਸਮਝ ਨ ਪੈਂਦੀ ਹੇ ਸਖੀ! ਬੇਕੀਮਤ ਮੈਂ ਨੈਨ,
ਨਜ਼ਰਾਂ ਵਾਲੇ ਸ਼ਾਹ ਦੀ ਨਜ਼ਰੇ ਕਿਉਂ ਚੜ੍ਹਗੈ 'ਨੈ'[18]।

...

ਪ੍ਰੱਛ:-
'ਨੈਨ ਸੰਗੀਤ' ਸੁਣਾ ਗਈ, 'ਕਾਵਿ-ਸੁੰਦਰਤਾ ਰੈਨ-
ਸੈਨਤ ਗੁੱਝੀ ਦੇ ਗਈ, 'ਬੁੱਝੋ ਕਿਸ ਦੇ ਨੈਨ?'

...

ਉੱਤਰ:-
ਤੂੰ ਪਾਈ ਮੈਂ ਬੁਝ ਲਈ ਸਖੀਏ ਤੇਰੀ ਸੈਨ[19]।
'ਗੁਰ ਨਾਨਕ ਦੇ ਨੈਨ ਏ' ਤੂੰ ਜੋ ਗਾਏ ਨੈਨ।

...

---

1. ਚੰਦ੍ਰਮਾ ਤੋਂ ਉੱਜਲ। ਇਕ ਸਮਾਧੀ ਦਾ ਨਾਮ ਭੀ ਹੈ।
2. ਸਭ ਤੋਂ ਵੱਡਾ ਸ਼ਿਕਾਰੀ ਪੰਛੀ। 3. ਕਾਮਦੇਵ ਦੀ ਇਸਤ੍ਰੀ!
4. ਕਾਮਦੇਵ ਨੂੰ। 5. ਅਖੀਂ ਦੁਖ ਨਾ ਦੇਖਣ।
6. ਨਾਇਣ। ਨਾਇਣ ਦੀ ਅੱਖ ਮੁਹਣੀ ਸਮਝੀ ਜਾਂਦੀ ਹੈ।
7. ਜੇ ਅਖਟੀਣੇ (ਅੰਨ੍ਹੇ) ਇਨ੍ਹਾਂ ਨੈਣਾਂ ਦੇ ਸਾਹਮਣੇ ਅਪਣੇ ਸਖਣੇ ਕੋਏ ਕਰ ਦੇਣ ਤਾਂ ਓਹ ਨੈਣ ਪ੍ਰਾਪਤ ਕਰ ਲੈਣਗੇ।
8. ਨੈਨਾਂ ਰੂਪੀ ਖੂਹ, ਤ੍ਰਿਸ਼ਨਾਲੂ ਅੱਖ।
9. ਪਰ ਓਹ ਮਾਲ ਦੌਲਤ ਨਾਲ ਨਾ ਭਰੇ। 10. ਕਵੀਸ਼ਰਾਂ ਦੇ ਨੈਣ।
11. ਸੈਨਤ। 12. ਖੁਲ੍ਹ ਗਏ ਹਨ। 13. ਖਿੱਚ ਦੇਂਦੇ ਭਾਵ ਖਿੱਚ ਪਾਉਂਦੇ ਹਨ।
14. ਪੰਜਾਬ ਨੂੰ। 15. ਪਾਣੀ, ਚਮਕ, ਸੁੰਦਰਤਾ। 16. ਸੌਣਾ। 17. ਸਾਡੇ ਨੈਣ।
18. ਚੜ੍ਹ ਗਏ ਹਨ। 19. ਸੈਨਤ।


www.sikhbookclub.com

**1. ਦੌਲਤਾਂ**

ਸਭ ਤੋਂ ਪਹਿਲਾਂ ਏਹ ਸੁਹਣੇ ਨੈਣ ਕਿਸ ਨੇ ਵੇਖੇ ?

ਦੌਲਤਾਂ ਦਾਈ ਨੇ, ਜਦੋਂ ਨੈਣ ਆਏ ਜਗਤ ਨੂੰ ਤਾਰਣ। ਹਾਂ, ਜਦ ਆਪ ਦਾ ਪ੍ਰਕਾਸ਼ ਹੋਇਆ ਬਾਲਕ ਰੂਪ ਵਿਚ ਤਾਂ ਸਭ ਤੋਂ ਪਹਿਲੇ ਦਰਸ਼ਨ ਕੀਤੇ ਦੌਲਤਾਂ ਦਾਈ ਨੇ। ਆਖੇ- ਮੇਰੇ ਹਥਾਂ ਵਿਚ ਕਈ ਬਾਲਕ ਜਨਮੇਂ ਪਰ ਐਸ ਤਰ੍ਹਾਂ ਨੂਰੀ ਖੇੜਿਆਂ ਤੇ ਹਾਸਿਆਂ ਵਾਲੇ ਨੈਣਾਂ ਵਾਲਾ ਅਗੰਮੀ ਸਬਦ ਕਰਦਾ ਬਾਲਕਾ ਇਹੋ ਹੀ ਅਜੇ ਵੇਖਿਆ ਹੈ। (ਮੇਰੇ ਹਥਾਂ ਵਿਚ ਕਈ ਬਾਲਕ ਜਨਮੇ ਪਰ ਅਜਿਹਾ ਬਾਲਕ ਇਸ ਤਰ੍ਹਾਂ ਕੋਈ ਨਹੀਂ ਜਨਮਿਆ। ਜਿਸ ਤਰ੍ਹਾਂ ਕੋਈ ਵਡਾ ਹਸ ਕਰ ਮਿਲਦਾ ਹੈ!) (ਜ:ਸਾ:ਬਾ:)

ਵਾਹ ਵਾਹ ਸੁਹਣੇ ਨੈਣਾਂ ਵਾਲਿਆ, ਜੁਹਾਰ ਤੈਨੂੰ!

**2. ਮਾਤਾ**

ਇਨ੍ਹਾਂ ਨੈਣਾਂ ਨੂੰ ਵੇਖਿਆ ਮਾਂ ਨੇ, ਮਾਂ ਦੀ ਮੋਹ ਮਾਯਾ-ਮਮਤਾ ਨਾਲ, ਠਰ ਗਈ ਸਾਰੀ ਪੁਤ ਨੂੰ ਲਡਿਆਕੇ। ਪਰ ਅਚਰਜ ਰਹਿ ਗਈ ਦੇਖ ਕੇ ਅਲੋਕਾਰ ਦੇ ਸੁਹਣੇ ਨੈਣ।

**3. ਪਿਤਾ**

ਇਨ੍ਹਾਂ ਨੈਣਾਂ ਨੂੰ ਡਿੱਠਾ ਪਿਤਾ ਨੇ, ਵਾਤਸੱਲਜ ਪਯਾਰ ਨਾਲ, ਪੁਤ ਮੋਹ ਵਿਚ ਖਿੜ ਗਿਆ- 'ਆਖਰ ਭਗਵਾਨ ਨੇ ਪੁਤ ਦਾ ਮੂੰਹ ਵਿਖਾਲਿਆ'। ਪਰ ਹਰਿਆਨ ਹੋ ਗਿਆ ਦਾਈ ਤੋਂ ਸੁਣਕੇ ਸੁਹਣੇ ਨੈਣਾਂ ਵਾਲੇ ਦਾ ਖੇੜਾ।

**4. ਪ੍ਰੋਹਿਤ**

ਫੇਰ ਦੇਖੇ ਏਹ ਨੈਣ ਉਸੇ ਰਾਤ ਪ੍ਰੋਹਿਤ ਨੇ। ਆਖੇ ਪਿਤਾ ਕਾਲੂ ਨੂੰ: ਬਾਲਕ ਨੂੰ ਬਾਹਰ ਲਿਆ। ਮਾਤਾ ਕਹੇ: ਨਾ, ਠੰਡ ਹੈ, ਬੱਚਾ ਮਾਸੂਮ ਹੈ। ਪੰਡਿਤ ਕਹੇ ਮੈਂ ਜ਼ਿਮੇਵਾਰ ਹਾਂ। ਪਿਤਾ ਲੈ ਆਇਆ ਮਾਸੂਮ ਬਚੇ ਸੁਹਣੇ ਨੈਣਾਂ ਵਾਲੇ ਨੂੰ। ਦੇਖਿਆ ਪ੍ਰੋਹਿਤ ਨੇ, ਬਝੱਕ ਰਹਿ ਗਿਆ। ਪਿਤਾ ਪੁਛੇ: ਪ੍ਰੋਹਿਤ ਜੀ ਪਰਖਿਆ ਨੇ ਮੇਰੇ ਲਾਲ ਨੂੰ ? ਪ੍ਰੋਹਿਤ ਬੋਲ ਨਾ ਸਕੇ, ਥਿੜਕ ਕੇ ਆਖੇ: ਚੋਲੇ ਵਾਲੇ ਦਿਨ ਦੱਸਸਾਂ। ਨੈਣਾਂ ਵਾਲੇ ਨੂੰ ਨਮਸਕਾਰ ਕਰਕੇ ਪ੍ਰੋਹਿਤ ਵਿਸਮਯ ਹੁੰਦਾ ਟੁਰ ਗਿਆ।

**5. ਭੈਣ**

ਇਨ੍ਹਾਂ ਨੈਣਾਂ ਨੂੰ, ਹਾਂ ਸੁਹਣਿਆਂ ਨੈਣਾਂ ਨੂੰ, ਡਿਠਾ ਭੈਣ ਨੇ, ਦੇਵੀ ਭੈਣ ਨੇ ਦਿੱਵ ਨੈਣਾਂ ਨਾਲ, ਸ਼ਰਧਾ ਭਰੇ ਨੈਣਾਂ ਨਾਲ ਤਾਂ ਖੁਲ੍ਹ ਗਏ ਭੈਣ ਦੇ ਨੈਣ ਅਸੀਮ ਵਿਚ! ਸਿਆਣ ਲਿਓਸੁ; ਇਹ ਹੈ ਨਿਰੰਕਾਰੀ, ਨਿਰੰਕਾਰ ਦੀ ਜੋਤਿ, ਗੁਰੂਜਯੋਤੀ। ਟਾਂ ਸਭ ਤੋਂ ਠੀਕ ਤੇ ਪਹਿਲੀ ਪਛਾਣ ਕੀਤੀ ਭੈਣ ਨੇ।

**6. ਨਗਰੀ ਦੇ ਲੋਕ**

ਫੇਰ ਡਿਠੇ ਏਹ ਨੈਣ ਨਗਰੀ ਦਿਆਂ ਲੋਕਾਂ ਜਦ ਟੁਰ ਫਿਰ ਪਿਆ ਨੈਣਾਂ ਵਾਲਾ ਵਡਾ ਬਾਲਕਾ ਹੋ ਕੇ। ਨਿਉਂ ਨਿਉਂ ਕਰਨ ਜੁਹਾਰਾਂ। ਹਿੰਦੂ ਆਖਣ: 'ਦੇਵਤਾ ਸਰੂਪ ਪੈਦਾ ਹੋਇਆ ਹੈ'। ਮੁਸਲਮਾਨ ਆਖਣ: 'ਖੁਦਾਇਕਾ ਸਾਦਿਕ ਪੈਦਾ ਹੋਇਆ ਹੈ'।(ਪੁ: ਜ: ਸਾਖੀ।)

**7. ਪਾਂਧਾ**

ਮਾਇਆ ਮਮਤਾ ਵਾਲਿਆਂ ਨੇ ਨੈਣਾਂ ਵਾਲੇ ਨੂੰ ਘੱਲ ਦਿਤਾ ਪੜ੍ਹਨੇ ਪਾਂਧੇ ਦੇ, ਜਦੋਂ ਨੈਣਾਂ ਵਾਲਾ ਹੋ ਗਿਆ ਪੜ੍ਹਣ ਦੀ ਵਰੇਸ ਦਾ। ਪਾਂਧੇ ਜਾਤਾ ਨੈਣ ਹਨ ਹੋਰਨਾਂ ਮੁੰਡਿਆਂ ਵਰਗੇ ਨੈਣ। ਉਸਤਾਦ ਬਣਕੇ ਲੱਗਾ ਮੱਤਾਂ ਦੇਣ। ਨੈਣਾਂ ਵਾਲੇ ਨੇ ਵੱਖਰੇ ਬੈਠ ਕੇ ਪੱਟੀ ਲਿਖੀ। ਪੜ੍ਹੀ ਪਾਂਧੇ ਨੇ ਪੱਟੀ। ਤਦ ਤੱਕਿਓ ਸੁ ਨੈਣਾਂ ਵਾਲੇ ਦੇ ਨੈਣ। 'ਹੈਰਾਨ ਹੋਇ ਗਇਆ, ਨਮਸਕਾਰ ਕੀਤੋਸੁ, ਜੋ ਕੋਈ ਪੂਰਾ ਹੈ।' ਆਖਣ ਲਗਾ:- "ਜੋ ਤੇਰੇ ਆਤਮੇ ਆਉਂਦੀ ਹੈ, ਸੋ ਕਰ।"(ਪੁਰਾਤਨ ਜ: ਸਾਖੀ।)

**8. ਮੁੱਲਾਂ**

ਫੇਰ ਇਹ ਨੈਣ ਵੇਖੇ ਮੁਲਾਂ ਨੇ, ਉਸਤਾਦ ਬਣਕੇ। ਪਰ ਨੈਣਾਂ ਵਾਲੇ ਦੇ ਨੈਣਾਂ ਦੇ ਜਾਦੂ ਨੇ ਥਰ ਤੋੜ ਦਿਤੇ ਅਗਯਾਨ ਦੇ, ਤਅੱਸਬ ਦੇ। ਮਥਾ ਟੇਕਿਓ ਸੁ। ਖੁਲ ਗਇਓ ਸੁ ਅੰਦਰਲੇ ਨੈਣ "ਅੰਤ ਕਾਲ ਭਗਵਾਨ ਕੇ ਧਾਮ ਕੋ ਗਿਆ।"(ਬਾਲੇ ਵਾਲੀ ਜਨਮਸਾਖੀ।)

 www.sikhbookclub.com

**9. ਯਗਜੋਪਵੀਤ**

ਹਾਂ ਸੁਹਣੇ ਸੁਹਣੇ ਨੈਣਾਂ ਵਾਲੇ ਨੂੰ ਮੋਹ ਮਾਯਾ ਦੀ ਪ੍ਰੀਤ ਵਾਲੇ ਮਾਤਾ ਪਿਤਾ ਜਨੇਊ ਧਾਰਨ ਕਰਵਾਉਣ ਲਗੇ। ਫੇਰ ਆਯਾ ਪ੍ਰੋਹਿਤ ਜੋ ਜਨਮ ਤੋਂ ਹੀ ਦਰਸ਼ਨ ਕਰਕੇ ਵਿਸਮਯ ਹੋ ਗਿਆ ਸੀ, ਜੋ ਸੋਧਕਾ ਸੋਧਕੇ ਸੱਚ ਦੇ ਘਰ ਅੱਪੜਿਆ ਸੀ ਨਾਮਕਰਨ ਸੰਸਕਾਰ ਕਰਨ ਵੇਲੇ, ਆਖਿਓ ਸੁ- ਇਹ ਸਭ ਅਵਤਾਰਾਂ ਤੋਂ ਵਡਾ ਮਹਾਂਬਲੀ ਗੁਰ-ਅਵਤਾਰ ਹੈ। ਅਜ ਫੇਰ ਉਸਨੇ ਦੇਖੇ ਨੈਣ ਜੰਞੂ ਪੁਆਉਣ ਵੇਲੇ। ਜਿਮ ਵੇਲੇ 'ਗੁਰ ਬ੍ਰਹਮਣ' ਥੀਆ ਹੋਣਾ ਸੀ ਧਾਗੇ ਦੇ ਜੰਞੂ ਦੇ ਗੁਣ ਦਸਿਓ ਸੁ ਪਰ ਨੈਣਾਂ ਵਾਲੇ ਤੋਂ ਆਤਮਿਕ ਜਨੇਊ ਲੈ ਕੇ ਪਹਰ ਲਿਓਸੁ ਤੇ ਹੋ ਗਿਆ ਸਿਖ। ਹਾਂ ਅੱਜ ਦੇਖਿਓ ਸੁ ਨੈਣ, ਇਲਾਹੀ ਨੈਣ, ਅਪਣੇ ਨੈਣ ਦਰਸ਼ਨ ਕਟੋਰੇ ਬਣਾਕੇ ਤੇ ਬੋਲ ਉਠਿਆ:-

**"ਧੰਨ ਧੰਨ ਪੁਨ ਧੰਨ" ਵਖਾਨਹਿ॥**
**"ਆਪਨ ਗਤਿ ਤੁਮ ਆਪਹਿ ਜਾਨਹਿ॥**
**"ਅਵਰ ਨ ਕਾਹੂੰ ਮਹਿਮਾ ਜਾਨੀ॥"**
(ਸ੍ਰੀ ਗੁ:ਨਾ:ਪ੍ਰ:)

ਕਵੀ ਸੰਤੋਖ ਸਿੰਘ ਜੀ ਨੇ ਇਸ ਸਮੇਂ ਇਕ ਭੇਤ ਖ੍ਹੋਲਿਆ ਹੈ:-
ਜਿਹ ਪਰ ਕਰਹਿਂ 'ਹੇਰਿ ਕਰਿ' ਕਰੁਨਾ
ਤਾਹੂੰ ਕੋ ਹਰਿਹੀਂ ਭਵ ਮਰਨਾ॥

ਅਰਥਾਤ ਇਹ ਸੁਹਣੇ ਨੈਣ ਜਿਸ ਕਿਸੇ ਉਤੇ ਕ੍ਰਿਪਾ ਕਰਕੇ ਅਪਣੀ ਨਜ਼ਰ ਪਾਉਂਦੇ ਹਨ, ਉਸਦਾ ਜਨਮ ਮਰਨ ਕਟ ਜਾਂਦਾ ਹੈ।

**10. ਪਛੁਤਾਵਾ**

ਨੈਣਾਂ ਵਾਲੇ ਅਜ ਐਉਂ ਖੜੇ ਹਨ ਜਿਵੇਂ ਸੁਹਣੇ ਨੈਣ ਕਿਸੇ ਭੰਬੀਰੀ ਖੰਭ ਵਰਗੇ ਪਰਦੇ ਹੇਠ ਲੁਕਾ ਰਖੇ ਹਨ। ਹਾਂ ਖੜੇ ਹਨ ਕਚਹਿਰੀ ਵਿਚ। ਤਪੇ ਦਾ ਮਾਲਕ ਹਾਕਮ ਹੋ ਕੇ ਬੈਠਾ ਹੈ ਨਯਾਯ ਦੀ ਕੁਰਸੀ ਤੇ-ਰਾਇ ਬੁਲਾਰ। ਹਾਂ ਹੁਣ ਹਾਕਮ ਰਾਇ ਬੁਲਾਰ ਜੀ ਕਹਿ ਰਹੇ ਹਨ: ਕਾਲੂ! ਤੇਰੇ ਪੁਤ ਨੇ ਇਸ ਭੱਟੀ ਦਾ ਖੇਤ ਖੁਆ ਦਿਤਾ ਹੈ ਮਝੀਆਂ ਅਪਣੀਆਂ ਤੋਂ, ਭਰ ਦੇਹ ਇਸ ਦਾ ਉਜਾੜਾ। ਸਮੁੰਦਰ ਵਿਚ ਖੜੇ ਚਾਨਣ ਮੁਨਾਰੇ

ਵਾਙੂ, ਖੜੇ ਹਨ ਨੈਣਾਂ ਵਾਲੇ, ਖੁਪ ਅਡੋਲ। ਹਾਕਮ ਆਖਦਾ ਹੈ:- ਪਿਆਦਿਓ ਜਾਓ, ਦੇਖੋ ਖੇਤ ਕਿੰਨਾ ਕੁ ਖਾਧਾ ਗਿਆ ਹੈ? ਉਜਾੜੇ ਦਾ ਮੁੱਲ ਗਿਣੀਏ। ਓਹ ਆਕੇ ਦੱਸਦੇ ਹਨ- ਮਾਲਕਾ ਇਕ ਤੀਲਾ ਬੀ ਨਹੀਂ ਖਾਧਾ ਹੋਇਆ, ਖੇਤ ਸਾਰਾ ਲਹਿ ਲਹਿ ਕਰ ਰਿਹਾ ਹੈ। ਚੁਪ ਖੜੇ ਸੁਹਣੇ ਨੇ ਤਰਸ ਨਾਲ ਤੱਕਿਆ ਰਾਇ ਬੁਲਾਰ ਵਲ, ਜਾਗ ਪਏ ਭਾਗ ਰਾਇ ਬੁਲਾਰ ਦੇ। ਅਜ ਪਹਿਲਾ ਦਿਨ ਸੀ ਰਾਇ ਬੁਲਾਰ ਨੂੰ ਜਾਗ੍ਰਤ ਆਈ- ਪਸਚਾਤਾਪ ਦੀ ਜਾਗ੍ਰਤ। ਕਵੀ ਜੀ ਲਿਖਦੇ ਹਨ:-

**ਰਾਇ ਲਖ੍ਯੋ ਰਾਹਕ ਮਤਵਾਰਾ,**
**ਬਿਨ ਉਜਰੇ ਕਿਉਂ ਕਰੀ ਪੁਕਾਰਾ?**
**ਪਸਚਾਤਾਪ ਆਪ ਪੁਨ ਕੀਨਾ।**
**ਮੈਂ ਪਰੁਖਾ ਕਟਿ ਕਿਉਂ ਭੈ ਦੀਨਾ**
(ਕਿ ਮੈਂ ਕਠੋਰ ਬਚਨ ਕਾਲੂ ਨੂੰ ਕਿਉ ਆਖੇ।)
(ਸ੍ਰੀ ਗੁ:ਨਾ:ਪ੍ਰ:)

ਹਾਂ, ਅਜ ਭਾਗਾਂ ਦਾ ਉਦੈ ਹੋ ਗਿਆ। ਆਤਮ ਜਾਗ੍ਰਤ ਦਾ ਪਹਲਾ ਅੰਗ-ਪਸਚਾਤਾਪ-ਪ੍ਰਾਪਤ ਹੋ ਗਿਆ ਰਾਏ ਬੁਲਾਰ ਨੂੰ।

**11. ਸ਼ਰਧਾ**

ਦੇਖੋ ਤਾਸੀਰ ਇਨ੍ਹਾਂ ਸੁਹਣੇ ਨੈਣਾਂ ਦੀ ਜੋ ਇਕ ਕਨਅਖੀਆਂ ਦੀ ਤੱਕ ਪਾ ਆਏ ਸਨ ਰਾਇ ਬੁਲਾਰ ਤੇ, ਜਦੋਂ ਖੜੇ ਕੀਤੇ ਗਏ ਸਨ ਮੁਜਰਮ ਬਨਾਕੇ ਸਾਹਮਣੇ ਰਾਇ ਬੁਲਾਰ ਦੇ। ਅਜ ਫੇਰ ਆ ਨਿਕਲਿਆ ਅਪਣੇ ਸੂਰਮਿਆਂ ਸਣੇ ਉਹਾ ਰਾਇ ਬੁਲਾਰ ਕਿਤੋਂ ਖੇਡਦਾ ਸ਼ਿਕਾਰ ਕਿ ਭਉਂਦਾ ਸੈਰ ਨੂੰ। ਦੁਪਹਿਰਾਂ ਹੋ ਰਹੀਆਂ ਸਨ, ਇਕ ਖੇਤ ਵਿਚ ਸੈਂ ਰਹੇ ਸਨ ਸੁਹਣੇ ਨੈਣਾਂ ਵਾਲੇ। ਇਕ ਫਨੀਅਰ ਸਪ, ਰਾਜਾ-ਫਨੀਅਰ(ਕਿੰਗ ਕੋਬਰਾ। King Cobra)., ਵਡੇ ਵਡੇ ਅਕਾਰ ਵਾਲਾ, ਮਾਨੋਂ ਸ਼ੇਸ਼ਨਾਗ ਆਪ, ਨੀਂਦ ਵਿਚ ਬੰਦ ਨੈਣਾਂ ਵਾਲੇ ਦੇ ਸੀਸ ਤੇ ਫਨ ਖਿਲਾਰੇ ਛਾਯਾ ਕਰ ਰਿਹਾ ਸੀ, ਹਾਂ ਜਿਸ ਸੁਹਣੇ ਦੇ ਬਾਹਰੋਂ ਬੰਦ ਪਰ ਅੰਦਰੋਂ ਖੁਲ੍ਹੇ ਨੈਣ ਸਾਈਂ ਦੇ ਦਰਸ਼ਨਾਂ ਵਿਚ ਮਸਤ ਹੋ ਰਹੇ ਸਨ। ਰਾਇ ਬੁਲਾਰ ਨੇ ਦੇਖਕੇ ਘੋੜਾ ਥੰਮ੍ਹ ਲਿਆ,

ਥੰਮ੍ਹ ਰਾਏ ਨਾਲ ਹੀ ਸਾਥੀਆਂ ਦੇ ਬੀ ਘੋੜੇ। ਟਕ ਲਾਕੇ, ਦੇਖਕੇ, ਨੈਣ ਜਮਾਕੇ, ਤਸੱਲੀ ਕੀਤੀਓ ਸੁ ਕਿ ਠੀਕ ਰਾਜਾ ਫਨੀਅਰ ਹੈ, ਵਡੀ ਛਜਲੀ ਵਾਲਾ ਹੈ, ਪਰ ਡੰਗ ਨਹੀਂ ਮਾਰ ਰਿਹਾ, ਛਾਂ ਕਰਦਾ ਅਡੋਲ ਖੜਾ ਹੈ ਫਨ ਜਿਸ ਦਾ। ਤਸੱਲੀ ਕੀਤੀਓ ਸੁ ਪਹਿਲੋਂ, ਫੇਰ ਘੋੜੇ ਤੋਂ ਉਤਰ ਕੇ, ਅੱਗੇ ਵਧਿਆ ਸਾਥੀਆਂ ਸਣੇ। ਉਪਰ 'ਮਾਨੁਖੀ ਵਿਹੁ' ਤੋਂ ਡਰਦਾ ਸ਼ੇਸ਼ਨਾਗ ਘੋੜੇ ਤੋਂ ਬੀ ਤ੍ਰਿਖੀ ਚਾਲ ਨਾਲ ਗੁੰਮ ਹੋ ਗਿਆ। ਗਿਆ ਤਪੇ ਦਾ ਮਾਲਕ ਸੁੱਤੇ ਪਏ ਸੁਹਣੇ ਦੇ ਪਾਸ। ਠੰਢ ਪੈ ਗਈ ਦੇਖਕੇ ਜਲਾਲ ਭਰੇ ਚਿਹਰੇ ਵਾਲੇ ਦੇ ਸੁਖ ਵਿਚ ਸੁੱਤੇ ਨੈਣਾਂ ਨੂੰ। ਰਿਹਾ ਨਾ ਗਿਆ, ਗਲਵੱਕੜੀ ਵਿਚ ਲੈ ਲਿਆ ਸੁਹਣੇ ਨੂੰ ਤੇ ਮੱਥਾ ਚੁੰਮ ਲਿਆ! ਲੂੰ ਲੂੰ ਵਿਚ ਛਿੜ ਗਈ ਇਕ ਰੌ ਜੋ ਕਦੇ ਨਾ ਪਰਖੀ ਵੇਖੀ ਸੀ! ਨੈਣਾਂ ਵਾਲੇ ਦੇ ਬੰਦ ਨੈਣ ਖੁਲ੍ਹੇ, ਰਾਇ ਨੂੰ ਅਪਣੇ ਰੰਗ ਰਤੜੇ–ਸਾਈਂ ਨਾਲ ਰੰਗ ਰਤੜੇ–ਨੈਣਾਂ ਨਾਲ ਤੱਕਿਆ। ਪਸਚਾਤਾਪ ਨਾਲ ਧੋਤੇ, ਕ੍ਰਾਮਤ ਦੇਖਕੇ ਨਿਮਚੇ ਦੇ ਘਰ ਅੱਪੜੇ, ਰਾਇ ਦੇ ਨੈਣਾਂ ਨੂੰ ਆਤਮ ਛੂਤ ਲਗ ਗਈ। ਰਾਇ ਪਰਮ ਪ੍ਰੇਮੀ ਹੋ ਗਿਆ। ਖੁਲ੍ਹ ਗਏ ਨੈਣ ਰਾਇ ਦੇ ਜਿਨ੍ਹਾਂ ਨੇ ਸੁੱਤੇ ਪਏ ਨੈਣਾਂ ਵਾਲੇ ਦੀ ਅਲੂਹੀਅਤ(ਈਸ਼੍ਵਰਤ੍ਵ।) ਸਿਆਣ ਲਈ।

**ਭਾ ਅਧੀਨ ਮਨ ਕਰ ਬਹੁ ਭਾਊ।**
**ਜਾਨਜੋ ਇਹ ਅਵਤਾਰ ਪ੍ਰਭਾਊ॥**
**ਬਹੁਰ ਨ ਮਨ ਕਬਿ ਕੀਨ ਭੁਲਾਊ॥**
**ਥਿਰ ਕਰ ਸ਼ਰਧਾ ਤਾਂ ਦਿਨ ਰਾਊ॥**
**ਪਰਮੇਸੁਰ ਸਮ ਜਾਨਿ ਸੁਜਾਨਾ॥**
**ਮਨ ਕਰਿ ਬੰਦਹਿ ਪਰ ਰਾਜਾਨਾ॥**
**ਰੁਕਜੋ ਕੰਠ ਪਰਿ ਪੂਰਨ ਪ੍ਰੇਮਾ॥**
**ਬੋਲ ਨ ਸਕਜੋ ਉਚਿਤ ਭਾ ਖੇਮਾ॥**
(ਕੁਸ਼ਲ ਦਾ ਅਧਿਕਾਰੀ ਹੋ ਗਿਆ।)

## 13. ਬ੍ਰਿਛ ਦੀ ਛਾਇਆ

ਫਿਰ ਆ ਗਿਆ ਇਕ ਦਿਨ ਦੁਪਹਿਰੇ ਘੋੜੇ ਚੜ੍ਹਿਆ ਰਾਇ। ਕੀ ਦੇਖੇ ਖੇਤ ਵਿਚ ਉਸੇ ਤਰ੍ਹਾਂ ਪਏ ਹਨ ਨੈਣਾਂ ਵਾਲੇ ਗ਼ਰੀਬੀ ਭੇਸ ਵਿਚ ਲੁਕੇ

ਦਾਤਾ ਜੀ। ਲੌਢਾ ਪਹਿਰ ਹੈ, ਪਰਛਾਵੇਂ ਢਲ ਕੇ ਪੂਰੇ ਨੂੰ ਹੋ ਗਏ ਹਨ, ਪਰ ਉਸ ਬ੍ਰਿਛ ਦਾ ਨਹੀਂ ਢਲਿਆ ਪਰਛਾਵਾਂ, ਜਿਸ ਹੇਠ ਸੁੱਤੇ ਪਏ ਸਨ ਅਜ ਸੁਹਣੇ ਨੈਣਾਂ ਵਾਲੇ। ਇਸ ਲਈ ਕਿ ਧੁਪੇ ਸੌਂ ਗਏ ਤਾਂ ਫੇਰ ਸ਼ੇਸ਼ ਨਾਗ ਨੂੰ ਖੇਚਲ ਨਾ ਕਰਨੀ ਪਵੇ ਤੇ ਅਜ਼ਮਤ ਜ਼ਾਹਰ ਨਾ ਹੋਵੇ, ਪਰ ਜੋ ਸਾਈਂ ਨਾਲ ਅੰਦਰੋਂ ਬਾਹਰੋਂ ਅਭੇਦ ਹੈ, ਜੋ ਉਸਦਾ ਰੂਪ ਹੋ ਚੁਕਾ ਹੈ ਉਸ ਦੀ ਸੇਵਾ ਤਾਂ ਮਾਨੁਖ, ਜੀਵ, ਅਜੀਵ ਸਜੀਵ ਸਭ ਨੇ ਕਰਨੀ ਹੋਈ। "ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥" ਰਾਇ ਅਜ ਅਚੰਭਾ ਹੀ ਨਹੀਂ ਹੋਇਆ ਵਿਸਮਾਦ ਲਗ ਗਿਓਸੁ। ਫੇਰ ਬੋਲਿਆ ਸਾਥੀਆਂ ਨੂੰ:- "ਯਾਰੋ! ਕਲ ਵਾਲੀ ਗੱਲ ਭੀ ਡਿੱਠੀ ਹੈ, ਅਰੁ ਏਹ ਭੀ ਦੇਖਹੁ, ਏਹੁ ਖਾਲੀ ਨਾਹੀ"। ਤਬ ਰਾਇ ਬੁਲਾਰ ਭੱਟੀ ਘਰਿ ਆਇਆ। ਆਇ ਕਰਿ ਕਾਲੂ ਨੂੰ ਸਦਾਇਓਸੁ, ਅਰ ਆਖਿਓਸੁ: "ਕਾਲੂ! ਮਤੁ ਇਸੁ ਪੁਤ੍ਰ ਨੋ ਫਿਟੁ ਮਰੁ ਦੇਂਦਾ ਹੋਵੇਂ, ਇਹੁ ਮਹਾਂ ਪੁਰਖੁ ਹੈ, ਇਸ ਦਾ ਸਦਕਾ ਮੇਰਾ ਸ਼ਹਰੁ ਵਸਦਾ ਹੈ। ਕਾਲੂ ਤੂੰ ਭੀ ਨਿਹਾਲੁ ਹੋਆ, ਅਤੇ ਮੈਂ ਭੀ ਨਿਹਾਲ ਹਾਂ, ਜਿਸਦੇ ਸ਼ਹਰੁ ਵਿਚਿ ਇਹੁ ਪੈਦਾ ਹੋਆ ਹੈ" ਤਬਿ ਕਾਲੂ ਆਖਿਆ, "ਜੀ ਖੁਦਾਇ ਦੀਆਂ ਖੁਦਾਇ ਹੀ ਜਾਣੈ (ਪੁਰਾਣੀ ਜ: ਸਾਖੀ।)"। ਰਾਇ ਦਾ ਨਿਸਚਾ ਕਿ 'ਇਹ ਰਬੀ ਜੋਤ ਹੈ' ਸਦਾ ਲਈ ਕਾਇਮ ਹੋ ਗਿਆ (ਤੀਸਰੀ ਪਾ: ਦੇ ਜ਼ਿਕਰ ਵਿਚ ਸਤੇ ਬਲਵੰਡ ਨੇ ਇਕ ਤੁਕ ਆਖੀ ਹੈ 'ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ'। ਕੋਈ ਦਾਨੇ ਖਯਾਲ ਕਰਦੇ ਹਨ ਕਿ ਇਹ ਧੁਨੀ ਵਿਚ ਇਸ਼ਾਰਾ ਹੈ ਗੁਰੂ ਨਾਨਕ ਸਾਹਿਬ ਦੇ ਖੇਤ ਹਰਾ ਕਰਨ ਤੇ ਸੱਪ ਤੇ ਬ੍ਰਿਛ ਦੀ ਛਾਇਆ ਵਲ; ਜੋ ਸ਼ਕਤੀ ਇਸ ਪ੍ਰਕਾਰ ਦੀ ਗੁਰੂ ਨਾਨਕ ਵਿਚ ਸੀ ਸੋਈ ਤੀਸਰੇ ਸਾਹਿਬਾਂ ਵਿਚ ਬੀ ਹੈ।)।

## 14. ਵੈਦ

ਇਕ ਦਿਨ ਸੁਹਣੇ ਨੈਣਾਂ ਵਾਲੇ ਨੇ ਆਪਣੇ ਨੈਣਾਂ ਵਿਚ 'ਸਾਈਂ ਪਜਾਰ ਦੀ ਮਸਤੀ' ਉਡੋਲਵੀਂ ਭਰ ਲਈ, ਨੈਣ ਮਸਤਾਨੇ ਮਸਤਾਨੇ ਦਿੱਸਣ ਲੱਗ ਪਏ। ਘਰ ਦਿਆਂ ਜਾਤਾ ਕੋਈ ਅਹੁਰ ਹੈ, ਵੈਦ ਬੁਲਾਇਆ, ਨਾੜੀ ਵੇਖੀਓਸੂ। ਹੋਰ ਹਾਲ ਪੁੱਛੇ। ਨੈਣਾਂ ਵਾਲੇ ਨੇ ਤਰਸ ਦੀ ਨਜ਼ਰ ਭਰਕੇ ਵੈਦ ਨੂੰ ਡਿੱਠਾ, ਫੇਰ ਕੁਛ ਆਖਿਆ ਜੋ ਵੈਦ ਨੇ ਸੁਣਿਆਂ ਤੇ ਸਮਝਿਆ, ਕੰਬਿਆ, ਜਾਗ

ਖੁੱਲੀ ਤਦ ਵੈਦ ਬੋਲਿਆ: 'ਹਉ ਹੇਰਿਓ ਹੋਇ ਕਰ ਅਨਜਾਨ'। (ਸ੍ਰੀ ਗੁ:ਨਾ:ਪ੍ਰ:) ਕਿ ਪਹਿਲੇ ਮੈਂ ਤੁਸਾਨੂੰ ਅਨਜਾਨ ਹੋਕੇ ਡਿੱਠਾ ਸੀ! ਹੁਣ ਤਾਂ ਤੁਸਾਡੇ ਨੈਣਾਂ ਨੇ ਮੇਰੀ ਅਵਿਦਯਾ ਵਿੰਨ੍ਹ ਘੱਤੀ ਹੈ।

ਨੈਣਾਂ ਵਾਲੇ ਨੇ ਮੇਹਰ ਦੀ ਨਜ਼ਰ ਪਾਈ। ਜੀਉ ਉਠਿਆ ਤੇ ਅਰੋਗ ਹੋਕੇ ਵੈਦ ਘਰ ਨੂੰ ਗਿਆ।

## 15. ਖ਼ਰਾ ਸੌਦਾ

ਸੁਹਣਿਆਂ ਨੈਣਾਂ ਵਾਲਾ, ਜਿਸਦੀ ਨਜ਼ਰ ਮਿੱਟੀ ਨੂੰ ਸੋਨਾ ਬਣਾ ਸਕਦੀ ਹੈ, ਵੀਹ ਰੁਪਯੇ ਪੱਲੇ ਬੱਧੀ ਵਪਾਰ ਕਰਨ ਤੇ ਕੁਛ ਲਾਹਾ ਖੱਟਣ ਨੂੰ ਤੋਰ ਦਿੱਤਾ ਪਿਤਾ ਨੇ, ਜੋ ਵੇਂਹਦਾ ਸੀ ਪੁੱਤ ਨੂੰ ਮੋਹ ਮਾਯਾ ਦੇ ਨੈਣਾਂ ਨਾਲ। ਕਈ ਕੋਹ ਜਾਕੇ ਆਪ ਨੂੰ ਦਿੱਸ ਪਈ ਟੋਲੀ ਅਕਾਸ਼ੀ ਬ੍ਰਿਤਿ ਵਾਲੀ। ਪਰਖਣਾਂ ਵਾਲੇ ਨੈਣਾਂ ਨੇ ਪਰਖ ਲਿਆ ਕਿ ਇਹ ਅਤੀਤ ਹਨ, ਭਲੇ ਹਨ, ਸਾਈਂ ਦੇ ਢੂੰਡਾਊ ਹਨ, ਸਚ ਵਿਚ ਤਪ ਕਰ ਰਹੇ ਹਨ। ਰੁਪਯਾਂ ਨੂੰ ਚਾਂਦੀ ਦੇ ਜੜ੍ਹ ਰੂਪ ਤੋਂ ਬਦਲ ਘੱਤਿਆ ਨੈਣਾਂ ਵਾਲੇ ਨੇ ਜਿੰਦੀਆਂ ਨੂੰ ਤੁਲਹ ਦੇਣ ਵਾਲੇ ਅੰਨ ਪਾਣੀ ਵਿਚ, ਤੇ ਕਈ ਦਿਨ ਦਾ ਫ਼ਾਕਾ ਦੂਰ ਕਰ ਦਿਤਾ ਉਨ੍ਹਾਂ ਅਤੀਤ ਭੁਖਿਆਂ ਤਪਸ੍ਵੀਆਂ ਦਾ। ਸਿਆਣ ਲਿਆ ਟੋਲੀ ਦੇ ਤਪੀਏ ਮਹੰਤ ਨੇ ਕਿ ਇਹ ਤਾਂ 'ਆਪ' ਹੈ, ਤੇ ਸਾਨੂੰ ਪੋਖਣ ਪਾਲਣ ਆਇਆ ਹੈ, ਵਿਸ੍ਵੰਭਰ ਜੁ ਹੋਇਆ। ਇਹ ਸੋਚਕੇ ਸੁਹਣੇ ਨੈਣਾਂ ਵਾਲੇ ਨੂੰ ਵਿਦਾ ਕੀਤੋਸੁ, ਜਿਸ ਦੇ ਨੈਣ ਕਿ ਉਸਦੇ ਨੈਣਾਂ ਵਿਚ ਭਰ ਰਹੇ ਸਨ ਨਿਰੰਕਾਰ ਦਾ ਪ੍ਰੇਮ ਜੋ ਤਪ ਨੂੰ ਭਾਗ ਲਗ ਜਾਵੇ। ਮਹੰਤ ਦੇ ਨੈਣ ਝੁਕ ਗਏ, ਝੱਲ ਨਾ ਸਕੇ ਤਾਬ, ਚਰਨ ਬੰਦਨਾਂ ਕੀਤੀ ਤੇ ਕਿਹਾ 'ਆਪ ਹੁਣ ਪਧਾਰੀਏ' ਜਦ ਆਪ ਚਲੇ ਗਏ, ਮਗਰੋਂ ਇਕ ਸਾਧੂ ਨੇ ਮਹੰਤ ਨੂੰ ਪੁੱਛਿਆ 'ਐਸੇ ਸੁਹਣੇ ਦਾਤਾ ਨੂੰ ਕਿਉਂ ਛੇਤੀ ਵਿਦਾ ਕੀਤਾ?' ਤਾਂ ਮਹੰਤ ਬੋਲਿਆ:-

'ਓ ਆਪ ਹੀ ਨਿਰੰਕਾਰ ਥਾ, ਨਿਰੰਕਾਰ ਜੀ ਨੇ ਭੇਜਾ ਥਾ, ਹਮ ਤੋ ਅਪਨਾ ਸੀਧਾ ਲੇਨਾ ਥਾ, ਸੇਵਾ ਨਹੀਂ ਕਰਾਉਂਨੀ ਥੀ, ਉਸ ਕਾ ਤੇਜ ਹਮਾਰੇ ਸੇ ਸਹਾਰਿਆ ਨਹੀਂ ਜਾਤਾ ਥਾ (ਬਾ:ਵਾ:ਜ: ਸਾਖੀ।)'

ਇਹ ਸੀ ਨੈਣਾਂ ਵਾਲੇ ਦੇ ਨੈਣਾਂ ਦਾ ਤੇਜ਼ ਕਿ ਤਪੀ ਬੀ ਸਹਾਰ ਨਹੀਂ ਸਨ ਸਕਦੇ।

## 16. ਹਜ਼ੂਰੀ

ਅਜ ਸੁੰਦਰ ਨੈਣਾਂ ਵਾਲਾ ਖੜਾ ਹੈ ਹਜ਼ੂਰੀ ਵਿਚ, ਪ੍ਰਤੱਖ ਹਜ਼ੂਰੀ ਵਿਚ, ਉਸ ਦੀ ਹਜ਼ੂਰੀ ਵਿਚ ਕਿ ਜਿਸ ਨਦਰੀ ਨਦਰ ਨਿਹਾਲ ਕਰਨ ਵਾਲੇ ਦੇ ਨੈਣ-ਸੋਮਿਆਂ ਤੋਂ ਸਦਾ ਆਉਂਦੀ ਹੈ ਜੋਤਿ ਨੈਣਾਂ ਵਾਲੇ ਦੇ ਨੈਣਾਂ ਵਿਚ। ਅਜ ਖੜੇ ਹਨ ਹਜ਼ੂਰੀ ਵਿਚ ਅੰਤ੍ਰੀਵ ਨੈਣ ਜਮਾਏ 'ਸਹਸ ਤਵ ਨੈਨ' ਦੇ 'ਸਹਸ ਪਦ ਬਿਮਲ' ਉਤੇ। ਇੰਨੇ ਨੂੰ ਕੀਹ ਹੋਇਆ ਕਿ ਨੈਣਾਂ ਵਾਲੇ ਨੂੰ (ਏਥੋਂ ਪੁਰਾਤਨ ਜ: ਸਾਖੀ ਦਾ ਪਾਠ ਟੁਰਿਆ।) ਅੰਮ੍ਰਿਤ ਦਾ ਕਟੋਰਾ ਭਰਿ ਕਰਿ ਆਗਿਆ ਨਾਲਿ ਮਿਲਿਆ। ਹੁਕਮ ਹੋਆ: "ਨਾਨਕ! ਇਹੁ ਅੰਮ੍ਰਿਤੁ ਮੇਰੇ ਨਾਮ ਕਾ ਪਿਆਲਾ ਹੈ, ਤੂੰ ਪੀਉ"। ਤਬਿ ਗੁਰੂ ਨਾਨਕ ਤਸਲੀਮ ਕੀਤੀ, ਪਿਆਲਾ ਪੀਤਾ, ਸਾਹਿਬੁ ਮਿਹਰਵਾਨੁ ਹੋਆ, "ਨਾਨਕ ਮੈਂ ਤੇਰੇ ਨਾਲਿ ਹਾਂ। ਮੈਂ ਤੇਰੇ ਤਾਈਂ ਨਿਹਾਲੁ ਕੀਆ ਹੈ, ਅਰੁ ਜੋ ਤੇਰਾ ਨਾਉਂ ਲੇਵੈਗਾ ਸੋ ਸਭ ਮੈਂ ਨਿਹਾਲੁ ਕੀਤੇ ਹੈਨਿ। ਤੂ ਜਾਇ ਕਰਿ ਮੇਰਾ ਨਾਮੁ ਜਪਿ, ਅਰੁ ਲੋਕਾਂ ਥੀਂ ਭੀ ਜਪਾਇ। ਅਰੁ ਸੰਸਾਰ ਥੀ ਨਿਰਲੇਪੁ ਰਹੁ, ਨਾਮ, ਦਾਨ, ਇਸ਼ਨਾਨ, ਸੇਵਾ, ਸਿਮਰਨ ਵਿਚ ਰਹੁ। ਮੈਂ ਤੇਰੇ ਤਾਈਂ ਆਪਣਾ ਨਾਮੁ ਦੀਆ ਹੈ। ਤੂ ਇਹ ਕਿਰਤਿ ਕਰਿ" ਤਬਿ ਗੁਰੂ ਨਾਨਕ ਸਲਾਮ ਕੀਤਾ, ਖੜਾ ਹੋਆ, ਤਬਿ ਹੁਕਮੁ ਆਇਆ, ਆਗਿਆ ਹੋਈ: "ਨਾਨਕ ਮੇਰੇ ਨਾਮ ਦੀ ਵਡਿਆਈ ਕੈਸੀ ਹੈ? ਕਹੁ" ਤਬ ਬਾਬਾ ਬੋਲਿਆ, ਧੁਨਿ ਅਨਹਦੁ ਉਠੀ:-

ਸਿਰੀ ਰਾਗੁ ਮਹਲਾ ੧॥

**ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ॥ ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੧॥ ਸਾਚਾ ਨਿਰੰਕਾਰੁ ਨਿਜ ਥਾਇ॥ ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ॥੧॥ਰਹਾਉ॥ ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ॥ ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੨॥ ਪੰਖੀ ਹੋਇਕੈ ਜੇ ਭਵਾ ਸੈ ਅਸਮਾਨੀ ਜਾਉ॥ ਨਦਰੀ ਕਿਸੈ ਨ ਆਵਉ ਨਾ ਕਿਛੁ ਪੀਆ ਨਾ ਖਾਉ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੩॥ ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ॥ ਮਸੂ ਤੋਟਿ**

**ਨ ਆਵਈ ਲੇਖਣਿ ਪਉਣੁ ਚਲਾਉ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੪॥੨॥**

ਤਬਿ ਫਿਰਿ ਅਵਾਜੁ ਹੋਆ, "ਨਾਨਕ ਮੇਰਾ ਹੁਕਮੁ ਤੇਰੀ ਨਦਰੀ ਆਇਆ ਹੈ, ਤੂੰ ਮੇਰਾ ਹੁਕਮ ਦੀ ਸਿਫਤਿ ਕਰੁ। ਜੋ ਕਿਸੀ ਕਿਆ ਕਿਆ ਹੋਆ ਹੈ, ਅਤੇ ਮੇਰੇ ਦਰਿ ਵਿਚ ਕਿਆ ਕਿਆ ਸੁਣਿਆ ਬਜੰਤ੍ਰ ਗਾਵਨ ਹਾਰੇ"। ਤਬਿ ਬਾਬਾ ਬੋਲਿਆ, ਧੁਨਿ ਉਠੀ:-

**ਰਾਗੁ ਆਸਾ ਜਪੁ ਮ:੧॥ਸਲੋਕ॥**
**ਆਦਿ ਸਚੁ ਜੁਗਾਦਿ ਸਚੁ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ॥੧॥**

ਜਪੁ ਸੰਪੂਰਣੁ ਕੀਤਾ। ਤਬਿ ਫਿਰਿ ਆਗਿਆ ਆਈ, ਹੁਕਮ ਹੋਆ "ਨਾਨਕ ਜਿਸੁ ਊਪਰਿ ਤੇਰੀ ਨਦਰਿ, ਤਿਸ ਉਪਰਿ ਮੇਰੀ ਨਦਰਿ। ਜਿਸੁ ਊਪਰਿ ਤੇਰਾ ਕਰਮੁ, ਤਿਸ ਊਪਰਿ ਮੇਰਾ ਕਰਮ। ਮੇਰਾ ਨਾਉ ਪਾਰਬ੍ਰਹਮੁ ਪਰਮੇਸੁਰ, ਅਰ ਤੇਰਾ ਨਾਉਂ ਗੁਰੂ ਪਰਮੇਸੁਰ"। ਤਬ ਗੁਰੂ ਨਾਨਕ ਪੈਰੀ ਪਇਆ, ਸਿਰੁਪਾਉ ਦਰਗਾਹੋਂ ਬਾਬੇ ਨੂੰ ਮਿਲਿਆ (ਪਿਛੋਂ ਚਲਿਆ ਪੁ:ਜ:ਸਾਖੀ ਦਾ ਪਾਠ ਏਥੇ ਸਮਾਪਤ ਹੈ।)।"

ਹਾਂ ਜੀਉ ਜੀ! ਨੈਣਾਂ ਵਾਲੇ ਸੁਹਣੇ ਗੁਰੂ ਨਾਨਕ ਨੇ ਵਾਹਿਗੁਰੂ ਦੀ ਹਜ਼ੂਰੀ ਵਿਚ ਸਾਮਰਤੱਖ ਹਾਜ਼ਰ ਹੋਣ ਦੀ ਉਪਰ ਦੱਸੀ ਜਨਮ ਸਾਖੀ ਵਾਲੀ ਵਾਰਤਾ ਆਪ ਬੀ ਦੱਸੀ ਹੈ। ਆਪਣੇ ਆਪ ਨੂੰ ਆਪਣੇ ਮਾਲਕ ਨਿਰੰਕਾਰ ਦਾ ਢਾਢੀ ਕਹਿਕੇ, ਗੁਰੂ ਨਾਨਕ ਦੇਵ ਜੀ ਨੇ ਆਪ ਐਉਂ ਸਾਨੂੰ ਦਸਿਆ ਹੈ:-

**ਪਉੜੀ॥ ਹਉ ਢਾਢੀ ਵੇਕਾਰੁ ਕਾਰੈ ਲਾਇਆ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥ ਢਾਢੀ ਸਚੈ ਮਹਲਿ ਖਸਮਿ ਬੁਲਾਇਆ॥ ਸਚੀ ਸਿਫਤਿ ਸਾਲਾਹਿ ਕਪੜਾ ਪਾਇਆ॥ ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥ ਢਾਢੀ ਕਰੇ ਪਸਾਉ ਸਬਦੁ ਵਜਾਇਆ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ॥੨੭॥**
(ਮਾਝ ਦੀ ਵਾਰ ਦੀ ਅੰਤਲੀ ਪਉੜੀ।)

 www.sikhbookclub.com

## 17. ਗ਼ੈਰ ਹਜ਼ੂਰੀ

ਅਜ ਦੇਖੋ ਹਜ਼ੂਰੀ ਦੇ ਪ੍ਰਤੱਖ ਦਰਸ਼ਨ ਕਰ ਆਇਆ, ਸੁਹਣੇ ਸੁਹਣੇ ਨੈਣਾਂ ਵਾਲਾ, ਮਸੀਤੇ ਖੜਾ ਹੈ। ਸੂਬੇ ਦਾ ਮਾਲਕ ਦੌਲਤ ਖਾਂ ਲੋਦੀ ਕਹਿ ਰਿਹਾ ਹੈ: 'ਹੇ ਅਤੀਤ! ਜਿਸ ਨੂੰ ਹਿੰਦੂ ਮੁਸਲਮਾਨ ਵਿਚ ਫ਼ਰਕ ਨਹੀਂ ਸੀ ਦਿੱਸਦਾ, ਅਜ ਸਾਡੇ ਵਿਚ ਖੜਾ ਸਾਡੀ ਨਿਮਾਜ਼ ਵੇਲੇ ਚੰਚਲ ਨੈਣਾਂ ਨਾਲ ਤੱਕਦਾ ਤੇ ਮੁਸਕ੍ਰਾਂਦਾ ਰਿਹਾ ਹੈਂ, ਖ਼ੁਦਾ ਦੀ ਲਾਜ ਨਾ ਆਈ?' ਮੁਸਕ੍ਰਾ ਕੇ ਸੁਹਣੇ ਨੇ ਆਖਿਆ 'ਹਾਂ ਦੇਖਦਾ ਰਿਹਾ ਹਾਂ, ਨਵਾਬ! ਤੇਰੇ ਦਿਲ ਨੂੰ ਜੋ ਘੋੜੇ ਖ਼ਰੀਦਦਾ ਰਿਹਾ ਹੈਂ ਕਾਬਲ ਵਿਚ ਤੇ ਹਿਸਾਨ ਕਰਦਾ ਰਿਹਾ ਹੈਂ ਖ਼ੁਦਾ ਦੇ ਸਿਰ, ਤੇ ਲੋਕਾਂ ਭਾਣੇ ਕਿ ਨਵਾਬ ਨਿਮਾਜ਼ੀ ਹੈ।' ਮੁੱਕਰ ਨਾ ਸਕਿਆ ਨਵਾਬ, ਦੇਖ ਰਹੇ ਸਨ ਦਿਲਾਂ ਨੂੰ ਦੇਖਣ ਵਾਲੇ ਨੈਣ ਉਸਦੇ ਨੈਣਾਂ ਨੂੰ। ਆਖਣ ਲੱਗਾ 'ਸਾਈਂ ਲੋਕਾ! ਸਚ ਕਿਹਾ ਹਈ!' ਕਾਹਲਾ ਹੋਕੇ ਪਾਸ ਖੜਾ ਬੋਲਿਆ ਕਾਜ਼ੀ, 'ਤੂੰ ਤਾਂ ਮੈਂ ਵੱਲ ਤੱਕ ਕੇ ਬੀ ਮੁਸਕ੍ਰਾਇਆ ਸੈਂ, ਮੇਰੇ ਨਾਲ ਹੀ ਪੜ੍ਹ ਲੈਂਦੋਂ ਨਿਮਾਜ਼!' ਮੀਨ ਦੀ ਚਾਲ ਵਰਗੇ ਚਮਕਦੇ ਨੈਣਾਂ ਵਾਲੇ ਨੇ ਕਿਹਾ, 'ਹਾਂ ਪੜ੍ਹ ਲੈਂਦਾ ਤੇਰੇ ਨਾਲ ਵਛੇਰੇ ਦੀ ਨਿਮਾਜ਼ ਜੋ ਅਜ ਜੰਮਿਆਂ ਹੈ ਤੇਰੀ ਘੋੜੀ ਨੂੰ ਹੈ ਤੇ ਨਿਮਾਜ਼ ਵਿਚ ਤੈਨੂੰ ਅਪਣੇ ਮਗਰ ਘੁਮਾਉਂਦਾ ਰਿਹਾ ਹੈ ਕਿ ਮਤੇ ਵਿਹੜੇ ਵਿਚ ਦੇ ਖੂਹ ਵਿਚ ਨਾ ਡਿਗ ਪਵੇ'। ਸੱਚ ਨੂੰ ਪੜਦੇ ਪਾੜਕੇ ਕੱਢ ਲੈਣ ਵਾਲੇ ਦੇ ਨੈਣਾਂ ਦੀ ਤੱਕ ਅਗੇ ਕਾਜ਼ੀ ਥਿੜਕਿਆ, ਪਰ ਝੂਠ ਨਾ ਸਕਿਆ ਬੋਲ, ਆਖਣ ਲਗਾ 'ਸਾਈਂ ਲੋਕਾ! ਸਚ ਕਿਹਾ ਹਈ।' ਚਮਕੇ ਹੋਰ ਸੁਹਣੇ ਹੋ ਕੇ ਨੈਣ ਦੇ ਦਾਤਾ ਜੀ ਨੇ ਅਵਾਜ ਦਿਤੀ: 'ਬੇ ਹਜ਼ੂਰੀ ਦੀ ਨਿਮਾਜ਼ ਮਨਜ਼ੂਰ ਨਹੀਂ, ਬੇਹਜ਼ੂਰੀ ਦੀ ਪੂਜਾ ਪਰਵਾਨ ਨਹੀਂ। ਤਦੇ ਆਖਦਾ ਹਾਂ: ਨਾ ਕੋਈ ਹੈ ਮੁਸਲਮਾਨ ਤੇ ਨਾ ਕੋਈ ਹੈ ਹਿੰਦੂ। ਗ਼ੈਰ ਹਜ਼ੂਰੀ ਵਿਚ ਪਾਠ ਨਿਮਾਜ਼ੀ ਕਰਦੇ ਹੋ, ਕਬੂਲ ਨਹੀਂ ਪੈਂਦੀਆਂ।' ਤਦ ਫ਼ਕੀਰਾਂ ਅਵਾਜ਼ਾ ਦਿਤਾ:- "ਨਾਨਕ ਸਾਹਿਬ ਦੀ ਰੰਙਣ ਵਿਚ ਰੱਤਾ ਹੈ (ਪੁ:ਜ:ਸਾਖੀ।)।" ਅਖਾਂ ਖੁਲ੍ਹ ਗਈਆਂ ਹਿੰਦੂ-ਮੁਸਲਮਾਨਾਂ ਦੀਆਂ ਕਿ 'ਨਾਨਕ ਸਚ ਆਖਦਾ ਹੈ'।

 www.sikhbookclub.com

## 18. ਠੱਗ ਦੇ ਨੈਣ

ਅੱਜ ਇਕ ਠੱਗ 'ਸੱਜਣ' ਨਾਮ ਦਾ ਦੇਖਦਾ ਹੈ ਸੁਹਣੇ ਨੈਣਾਂ ਵਾਲੇ ਦੇ ਨੈਣ। ਮਨ ਵਿਚ ਆਖਦਾ ਹੈ: "ਇਸ ਦੇ ਪੱਲੇ ਬਹੁਤ ਦੁਨੀਆਂ ਹੈ, ਪਰ ਗੁਹਜ ਹੈ। ਇਸ ਦੇ ਮੂੰਹਿ ਵਿਚ ਐਸੀ ਭੜਕ ਹੈ ਸੋ ਖਾਲੀ ਨਾਹੀ।" ਲੈ ਗਿਆ ਡੇਰੇ, ਰਾਤੀ ਮਾਰਸਾਂ ਤੇ ਲੁੱਟ ਲੈਸਾਂ ਸਾਰਾ ਕੁਛ ਜੋ ਪੱਲੇ ਹੈਸੁ: ਹੀਰੇ ਪੰਨੇ। ਰਾਤ ਨੂੰ ਜਦ ਡਿਠੋਸੁ ਬੈਠੇ ਹਨ ਬੰਦਗੀ ਵਿਚ ਤਾਂ ਆਖੇ: 'ਸਵੋਂ ਜੀ, ਰਾਤ ਬਹੁਤ ਗਈ ਹੈ।' ਤਾਂ ਨੈਣਾਂ ਵਾਲੇ ਨੇ ਤਰਸ ਦੀ ਨਜ਼ਰ ਨਾਲ ਡਿੱਠਾ ਤੇ ਸੁਹਣੇ ਨੈਣ ਪੈ ਗਏ ਠਗ ਦੇ ਨੈਣਾਂ ਉਤੇ, ਬੋਲੇ: 'ਇਕ ਸ਼ਬਦ ਗਾਕੇ।' ਤਦ ਸ਼ਬਦ ਹੋਇਆ।

**"ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ"**

ਠੱਗ ਦੇ ਨੈਣ ਜੁੜ ਗਏ, ਸਬਦ ਹੁੰਦਾ ਗਿਆ, ਗੜੂੰਦ ਹੁੰਦੇ ਗਏ ਠਗ ਦੇ ਨੈਣ, ਸ਼ਬਦ ਅੰਤਰ ਆਤਮੇ ਧਸਦਾ ਗਿਆ। ਫੇਰ ਨੈਣ ਖੁਲੇ ਠੱਗ ਦੇ, ਦਰਸ਼ਨ ਦਾ ਸਦਕਾ ਬੁਧਿ ਹੋ ਆਈ, ਪੈਰੀਂ ਪੈ ਗਿਆ, ਆਖੇ: 'ਮੇਰੇ ਗੁਨਾਹ ਫਦਲ ਕਰ।' ਸੁਹਣਿਆਂ ਚਸ਼ਮਾਂ ਵਾਲੇ ਨੇ ਕਿਹਾ: "ਫਜ਼ਲ ਐਵੇਂ ਨਹੀਂ ਹੁੰਦੇ। ਇਕਰਾਰ ਕਰ ਸਾਰੇ ਗੁਨਾਹਾਂ ਦਾ, ਪਛੁਤਾਵਾ ਕਰ, ਤੋਬਾ ਕਰ-ਫੇਰ ਨਾ ਕਰਸਾਂ। ਸੋ ਕੁਛ ਠੱਗਿਆ ਲੁਟਿਆ ਹਈ ਲੁਟਾ ਦੇ, ਫੇਰ ਦੇ, ਮੋੜ ਦੇ, ਲਾ ਦੇ ਰਸਤੇ ਰੱਬ ਦੇ।" ਤਦ ਸੱਜਣ ਨੇ ਹੁਕਮ ਮੰਨਿਆ। ਇਕਰਾਰ ਕੀਤੇ ਪਾਪਾਂ ਦੇ ਗੁਰੂ ਅਗੇ। ਫੇਰ ਵਸਤ ਲਿਆ ਲੁਟਾਈ ਸਾਰੀ, ਮੋੜੀ, ਹਾਂ ਜਿਨ੍ਹਾਂ ਰਬ ਦੇ ਬੰਦਿਆਂ ਨੂੰ ਸਤਾਇਆ ਮਾਰਿਆ ਸਾ ਸੁ, ਉਨ੍ਹਾਂ ਤੋਂ ਮੰਗੇ ਮਾਫੀਆਂ। ਤਦ ਗੁਰੂ ਨਾਨਕ ਦੇਵ ਜੀ ਨੇ ਨਾਮ ਬਖਸ਼ਿਆ। ਹੁਣ ਨਾਮ ਜਪੇ। ਫੇਰ ਘਰ ਢਾਹਿ ਦਿਤੋ ਸੁ, ਕੁਫਰ ਗੜ੍ਹ ਢੈ ਗਿਆ; ਧਰਮ ਸਾਲ ਬਣ ਗਈ। ਸੇਵਾ ਕਰੇ ਨਾਮ ਜਪੇ। ਸੋ ਪਹਿਲੀ ਧਰਮ ਸਾਲ ਇਸ ਠਗ ਦੇ ਘਰ ਦੀ ਬਣੀ ('ਪਹਿਲੀ ਧਰਮ ਸਾਲ ਇਥੇ ਬਧੀ।' (ਪੁ:ਜ:ਸਾਖੀ।)। ਸੁਹਣੇ ਦੇ ਨੈਣਾਂ ਨੇ ਕੇਹੀ ਕਰਾਮਾਤ ਕੀਤੀ:(ਤੁਲੰਬੇ ਦੇ ਇਲਾਕੇ ਭਾਈ ਜੋਧ ਦੀ ਧਰਮਸਾਲ ਦੇ ਨੇੜੇ 'ਸਜਣ ਠੱਗ' ਜੋ 'ਭਾਈ ਸਜਣ' ਬਣ ਗਿਆ ਸੀ ਦੀ ਸਮਾਧ ਅਜੇ ਹੈ। ਕੁਫਰ ਗੜ ਧਰਮ ਗੜ ਬਣਾ ਦਿਤਾ।

## 19. ਸੁੱਕੇ ਹਰੇ

ਖੜੇ ਹਨ ਨੈਣਾਂ ਵਾਲੇ ਦਾਤਾ ਜੀ ਅਜ ਓਥੇ, ਜਿਸ ਨੂੰ ਤਦੋਂ ਗੋਰਖ ਮਤਾ ਤੇ ਹੁਣ ਨਾਨਕ ਮਤਾ ਆਖਦੇ ਹਨ। ਇਕ ਬ੍ਰਿਛ ਸੀ ਖੜਾ, ਪਰ ਸੁਕਾ ਖੜਾ ਸੀ। ਨਜ਼ਰ ਪਈ ਏਸ ਤੇ ਸੁਹਣੇ ਨੈਣਾਂ ਦੀ, ਹਰਿਆ ਹੋ ਗਿਆ। ਉਥੇ ਧੂਣੀ ਪਾ ਬੈਠੇ। ਸਿਧਾਂ ਨੂੰ ਖਬਰ ਹੋਈ ਕਿ ਪੇੜ ਹਰਿਆ ਹੋਇਆ ਹੈ; ਭੱਜੇ ਆਏ, ਡਿਠੋ ਨੇ, ਨਜ਼ਰ ਪਰਖੀਓਨੇ, ਅਚਰਜ ਰਹਿ ਗਏ। ਆਖਣ 'ਇਹ ਤਾਂ ਜੋਗੀ ਨਹੀਂ ਹੈ, ਫਿਰ ਕਰਾਮਾਤ ਕਰਦਾ ਹੈ! ਕਿਵੇਂ!' ਫੇਰ ਹੋਰ ਪਰਖਣ ਲਗੇ। ਗੋਸ਼ਟ ਕੀਤੀਓਨੇ, ਨਿਰੁੱਤਰ ਹੋ ਗਏ। ਤਦ ਆਖਣ ਲੱਗੇ: 'ਇਹ ਤਾਂ ਮਹਾਂਪੁਰਖ ਹੈ ਧੁਰੋਂ ਆਇਆ ਹੈ ਜਿਸ ਨੇ ਸੁੱਕਾ ਪੇੜ ਹਰਾ ਕਰ ਦਿਤਾ ਹੈ'। ਤਦ 'ਆਦੇਮ ਆਦੇਸ (ਪੁ:ਜ: ਸਾਖੀ!)' ਕੀਤੀਓਨੇ।

## 20. ਤਾਰਕ ਨੈਣ

ਨਾਨਕ ਮਤੇ ਤੋਂ ਜਾਂਦੇ ਕਈ ਕੌਤਕ ਕਰਦੇ ਇਕ ਬਨ ਵਿਚ ਲੰਘਦੇ ਜਾਂਦੇ ਖੜੇ ਹਨ ਅਜ ਫੇਰ ਸੁਹਣੇ ਨੈਣਾਂ ਵਾਲੇ ਜਿਥੇ ਠੱਗਾਂ ਨੇ ਘੇਰ ਰਖਿਆ ਹੈ। ਠੱਗ ਸੋਚਦੇ ਹਨ ਕਿ ਏਹ ਜਜੋਤੀ ਚਿਹਰੇ ਵਾਲਾ ਬਹੁਤ ਧਨੀ ਹੈ। ਇਸ ਨੂੰ ਮਾਰੀਏ ਲੁੱਟੀਏ। ਨੈਣਾਂ ਵਾਲੇ ਨੇ ਪੁਛਿਆ: 'ਕੌਣ ਹੋ ਭਾਈ'। ਕੰਨੀ ਵਾਜ ਪੈਂਦਿਆਂ ਹੀ ਠੱਗਾਂ ਦਾ ਬਲ ਕੰਬ ਖੜੋਤਾ ਤੇ ਮੂੰਹੋਂ ਨਿਕਲ ਗਿਆ 'ਠੱਗ ਹਾਂ, ਤੈਨੂੰ ਮਾਰ ਕੇ ਲੁਟਣ ਆਏ ਹਾਂ'' ਸੁਹਣੇ ਨੇ ਆਖਿਆ 'ਭਲਾ ਹੋਵੇ ਨੇ! ਇਕ ਕੰਮ ਕਰ ਕੇ ਮਾਰਨਾ'(ਪੁ:ਜ:ਸਾਖੀ)। ਉਨ੍ਹਾਂ ਨੇ ਪੁਛਿਆ ਕੀਹ ਕੰਮ? ਗੁਰੂ ਜੀ ਨੇ ਕਿਹਾ: 'ਔਹ ਜੋ ਦੂਰ ਧੂਆਂ ਦਿੱਸਦਾ ਹੈ ਓਥੋਂ ਅੱਗ ਲੈ ਆਓ। ਸਾਨੂੰ ਮਾਰ ਕੇ ਸੱਟ ਨਾ ਜਾਣਾ, ਕਾਠ ਬਹੁਤ ਪਿਆ ਹੈ ਬਨ ਵਿਚ, ਇਸ ਵਿਚ ਰਖ ਕੇ ਉਸ ਅੱਗ ਦਾ ਦਾਗ ਦੇ ਦੇਣਾ ਜੋ ਸਰੀਰ ਭਸਮ ਹੋ ਜਾਏ।' ਤਦ ਕੁਛ ਠੱਗਾਂ ਨੇ ਕਿਹਾ ਮਾਰਕੇ ਅਗ ਦਾ ਦਾਗ਼ ਕਉਣ ਦੇਵੇ। ਦੂਜਿਆਂ ਨੇ ਕਿਹਾ: 'ਦੇਖਦੇ ਨਹੀਂ ਹੋ ਕੀਕੂੰ ਹਸ ਹਸਕੇ ਗਲਾਂ ਕਰਦੇ ਹਨ, ਕੀਕੂੰ ਮੌਤ ਤੋਂ ਨਿਡਰ ਹਨ ਦੋਵੇਂ। ਕਦੇ ਕੋਈ ਐਸ ਤਰ੍ਹਾਂ ਮੌਤ ਕਬੂਲਦਾ ਦੇਖਿਆ ਜੇ? ਏਨੀ ਗਲ ਮੰਨ ਲਈਏ ਇਨ੍ਹਾਂ ਦਾ ਕਿਹਾ ਨਾ ਮੋੜੀਏ। ਜਾਓ ਦੋ ਜਣੇ ਅੱਗ ਲਿਆਓ, ਤੇ ਬਾਕੀ ਅਸੀਂ ਉਦਾਲੇ ਖੜੇ ਹਾਂ।' ਤਦ ਦੋ ਜਣੇਂ ਅਗ ਲੈਣ ਗਏ। ਅਗੇ ਚਿਖਾ

ਪਾਸ ਦੇਖਣ ਕਿ ਝਗੜਾ ਹੋ ਰਿਹਾ ਹੈ। ਇਨ੍ਹਾਂ ਠੱਗਾਂ ਨੇ ਪੁਛਿਆ 'ਕੌਣ ਹੋ ਭਾਈ! ਚਿਖਾ ਤੇ ਝਗੜਦੇ?' ਤਦ ਇਕ ਨੇ ਕਿਹਾ: 'ਚਿਖਾ ਭਾਰੇ ਪਾਪੀ ਠਗ ਦੁਸ਼ਟ ਦੀ ਹੈ, ਅਸੀਂ ਜਮਗਣ ਹਾਂ ਇਸ ਦੀ ਰੂਹ ਨੂੰ ਨਰਕਾਂ ਵਿਚ ਲੈ ਜਾਣ ਵਾਸਤੇ ਆਏ ਸਾਂ।' ਠੱਗ ਕੰਬ ਗਏ ਤੇ ਦੂਇਆਂ ਵਲ ਤੱਕੇ। ਉਨ੍ਹਾਂ ਨੇ ਕਿਹਾ: 'ਅਸੀਂ ਰਾਮਗਣ ਹਾਂ। ਇਸ ਦੀ ਆਤਮਾਂ ਨੂੰ ਸੁਰਗਾਂ ਨੂੰ ਲੈ ਜਾਣਾ ਹੈ ਤੇ ਇਨ੍ਹਾਂ ਤੋਂ ਖੋਹ ਲਿਚੱਲੇ ਹਾਂ।' ਠਗਾਂ ਨੇ ਪੁਛਿਆ 'ਕਿਉਂ?' ਤਾਂ ਕਹਿਣ ਲਗੇ: 'ਹੈ ਤਾਂ ਇਹ ਕੁੰਭੀ ਨਰਕ ਦਾ ਅਧਿਕਾਰੀ, ਪਰ ਔਹ ਜੋ ਦੂਰ ਖੜਾ ਹੈ ਰਬ ਦਾ ਬਾਲਕਾ, ਜਿਸਨੂੰ ਤੁਸਾਂ ਮਾਰਨਾ ਹੈ, ਉਸ ਦੇ ਸੁਹਣੇ ਨੈਣਾਂ ਦੀ ਦ੍ਰਿਸ਼ਟੀ ਇਸ ਚਿਖਾ ਤੇ ਪੈ ਗਈ ਏ, ਇਸ ਕਰਕੇ ਨਰਕ ਏਸ ਤੇ ਹਰਾਮ ਹੋ ਗਏ ਹਨ, ਇਸ ਨੂੰ ਬੈਕੁੰਠ ਲੈ ਚੱਲੇ ਹਾਂ'। ਇਹ ਸੁਣ ਕੇ ਠੱਗਾਂ ਦੇ ਪ੍ਰਾਣ ਕੰਬੇ, ਭੱਜੇ ਆਏ ਤੇ ਸਾਥੀਆਂ ਨੂੰ ਦੱਸਿਓਨੇ ਕਿ 'ਇਹ ਤਾਂ ਕੋਈ ਮਹਾਂ ਪੁਰਖ ਹੈ ਜਿਸ ਦੇ ਨੈਣਾਂ ਦੀ ਤੱਕ ਮਾਤ੍ਰ ਕਲਜਾਨ ਕਰਦੀ ਹੈ। ਇਸ ਨੂੰ ਮਾਰ ਕੇ ਕਿਥੇ ਢੋਈ ਮਿਲੇਗੀ।' ਫਿਰ ਉਹਨਾਂ ਨੇ ਚਿਖਾ ਵਾਲਾ ਸਾਰਾ ਕੌਤਕ ਦੱਸਿਆ। ਤਦ ਸਾਰੇ ਗੁਰੂ ਜੀ ਦੇ ਪੈਰੀਂ ਪੈ ਗਏ, ਆਖਣ: 'ਸਾਡੇ ਪਾਪ ਬਿਨਾਸ ਕਰ, ਅਸਾਂ ਘੋਰ ਪਾਪ ਕਮਾਏ ਹਨ।' ਤਦ ਨੈਣਾਂ ਵਾਲੇ ਨੇ ਤਰਸ ਨਾਲ ਤੱਕਿਆ ਤੇ ਕਿਹਾ: 'ਤੁਹਾਡੇ ਪਾਪ ਤਾਂ ਬਿਨਾਸ ਹੋਵਨਿ ਜਾਂ ਇਹ ਕਿਰਤੁ ਛੋਡਹੁ ਅਤੇ ਕਿਰਸਾਣੀ ਕਰੋ (ਪੁ:ਜ: ਸਾਖੀ।)। ਜੋ ਪਿਛਲਾ ਪੱਲੇ ਹੈਨੇ ਓਹ ਪਰਮੇਸੁਰ ਦੇ ਰਾਹ ਤੇ ਵੰਡ ਦਿਓ!' ਗਲ ਕੀਹ ਓਹ ਚਰਨੀ ਪੈ ਗਏ, ਨਾਮਧ੍ਰੀਕ ਹੋਏ, ਸਿਖੀ ਧਾਰਨ ਕੀਤੀ ਤੇ ਕਿਰਤ ਕਮਾਈ ਵਿਚ ਲਗ ਪਏ।

## 21. ਦੋ ਰੰਗੇ ਨੈਣ

ਖੜੇ ਹਨ ਨੈਣਾਂ ਵਾਲੇ, ਦਿਵਜ ਨੈਣਾਂ ਵਾਲੇ ਅੱਜ, ਇਕ ਵਸ਼ੀਕਰਣ (ਜ:ਸਾਖੀ ਵਿਚ ਇਹ ਥਾਂ ਕਾਮਰੂਪ ਦੇਸ ਵਿਚ ਦੱਸੀ ਹੈ। ਤਵਾ:ਖਾ: ਵਿਚ ਢਾਕੇ ਤੋਂ ਕੁਛ ਮੀਲਾਂ ਤੇ ਜਿਥੇ ਬਰਛਾ ਸਾਹਿਬ ਗੁਰਦੁਆਰਾ ਹੈ, ਇਹ ਥਾਂ ਦੱਸੀ ਹੈ।) ਦੀ ਜਾਚ ਵਾਲੀ ਦੇ ਘਰ ਜੋ ਬੜੇ ਤ੍ਰੀਕਿਆਂ ਨਾਲ ਆਪਣੀ ਦੁਕਾਨ ਪੀਰ ਹੋਣ ਦੀ ਚਲਾ ਰਹੀ ਹੈ। ਬੈਠੀ ਹੈ ਇਹ ਆਪਣੇ ਉਤਸ਼ਾਹੀ ਰੰਗ ਵਿਚ, ਪਾਸ ਬੈਠਾ ਹੈ ਮਰਦਾਨਾ ਨਿੰਮੋਝਾਣ ਸਿਰ ਸੁੱਟੀ, ਇਹ ਪੀਰਨੀ ਖੁਸ਼

ਹੋ ਰਹੀ ਹੈ ਕਿ ਮੈਂ ਇਕ ਬੜੇ ਗੁਣੀ ਨੂੰ ਆਪਣੇ ਵਸ਼ੀਭੂਤ ਕਰ ਲਿਆ ਹੈ, ਐਸਾ ਕਿ ਜੇ ਕਹੇ ਤੂੰ ਭਾਈ ਮੇਢਾ ਹੈਂ ਤਾਂ ਉਹ ਮਕਿਆਉਣ ਲਗ ਜਾਵੇ। ਇਹ ਉਹੋ ਵਿਦਜਾ ਹੈ ਜਿਸ ਨੂੰ ਅਜ ਕਲ ਮੈਸਮੇਰਿਜ਼ਮ ਆਖਦੇ ਹਨ। ਇਹ ਮਕਿਆਉਣ ਵਾਲਾ ਫਾਹੀ ਫਾਥਾ ਮਰਦਾਨਾ ਹੈ ਜੋ ਗੁਰੂ ਕੀ ਪੂਰੀ ਰਜ਼ਾ ਲਏ ਬਿਨ ਰੋਟੀ ਲੱਭਣ ਵਸਤੀ ਵਿਚ ਗਿਆ ਸੀ ਤੇ ਇਸ ਦੇ ਘਰ ਸੰਗੀਤ ਦੇ ਰਸਤੇ ਮਗਨ ਹੋਕੇ ਆਪਣੀ ਸੁਰਤ ਵੀ ਫਾਇਲੀਅਤ ਤੋਂ ਮਫਊਲੀਅਤ ਵਿਚ ਅਭੋਲ ਜਾਕੇ ਅਸਰ ਹੇਠ ਆ ਗਿਆ ਸੀ। ਦਿੱਵ ਨੈਣਾਂ ਵਾਲੇ ਗੁਰੂ ਨਾਨਕ ਦੇਵ ਜੀ ਨਗਰੋਂ ਬਾਹਰ ਬੈਠੇ ਲਖ ਗਏ ਕਿ ਮਰਦਾਨਾ ਅਪਦਾ ਵਿਚ ਫਸ ਗਿਆ ਹੈ। ਓਥੇ ਪਹੁੰਚੇ ਹਨ ਧਾਈ ਕਰਕੇ, ਖੜੇ ਹਨ ਸੁਹਣੇ ਨੈਣਾਂ ਵਾਲੇ, ਨਜ਼ਰ ਪਾ ਰਹੇ ਹਨ ਦੋਹਾਂ ਉਤੇ- ਫਾਹੁਣ ਵਾਲੀ ਨੂਰਸ਼ਾਹ ਉੱਤੇ ਤੇ ਫਾਥੇ ਮਰਦਾਨੇ ਉਤੇ। ਅਜ ਉਹ ਇਲਾਹੀ ਜੋਤ ਵਾਲੇ ਇਕ ਰੰਗੇ ਨੈਣ ਦੋ ਰੰਗੇ ਹੋ ਰਹੇ ਹਨ। ਇਕ ਅੱਖ ਮਰਦਾਨੇ ਤੇ ਨਜ਼ਰ ਪਾ ਰਹੀ ਹੈ-ਮਿਹਰਾਂ ਭਰੀ, ਦੂਸਰੀ ਨੂਰਸ਼ਾਹ ਤੇ ਪਾ ਰਹੀ ਹੈ- ਕ੍ਰੋਧ ਭਰੀ। ਚਿਹਰੇ ਦੀ ਕ੍ਰਾਂਤਿ ਬੀ ਨਾਲ ਦੋ ਰੰਗੀ ਹੋ ਰਹੀ ਹੈ (ਖਾਲਸਾ ਸਮਾਚਾਰ ਦੇ ਹਾਲ ਬਜ਼ਾਰ ਵਾਲੇ ਦਫਤਰ ਵਿਚ ਇਕ ਕਲਮੀ ਤਸਵੀਰ ਸੀ ਇਕ ਉਚੇ ਚਿਤ੍ਰਕਾਰ ਦੀ ਰੰਗਦਾਰ ਬਣਾਈ ਹੋਈ। ਕੋਈ ਢਾਈ ਫੁਟ ਉੱਚੀ ਤੇ ਦੋ ਕੁ ਫੁਟ ਚੌੜੀ। ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਖੜੇ ਅਧੇ ਚਿਹਰੇ ਵਿਚ ਗੁੱਸੇ ਭਰੇ ਖਬੇ ਨੇਤ੍ਰ ਨਾਲ ਨੂਰਸ਼ਾਹ ਵਲ ਤੱਕ ਰਹੇ ਤੇ ਸਜੇ ਨੇਤ੍ਰ ਨਾਲ ਮੇਹਰ ਭਰੇ ਰੰਗ ਵਿਚ ਮਰਦਾਨੇ ਵਲ ਤੱਕ ਰਹੇ ਸਨ, ਜਿਸ ਨਾਲ ਦੋਹਾਂ ਨੂੰ ਹੋਸ਼ ਆ ਗਈ ਸੀ। ਸ਼ੋਕ ਹੈ ਕਿ ਉਹ ਤਸਵੀਰ ਸੜ ਗਈ ਹੈ। 15-8-47 ਦੀ ਰਾਤ ਨੂੰ ਸਿਖਾਂ ਤੇ ਹਿੰਦੂਆਂ ਨੇ ਹਾਲ ਬਜ਼ਾਰ ਨੂੰ ਜੋ ਅੱਗ ਲਾਈ ਸੀ ਉਸ ਵਿਚ ਉਹ ਕੋਮਲ ਉਨਰੀ ਸ਼ੈ ਹੋਰ ਪੁਸਤਕਾਂ ਤੇ ਤਸਵੀਰਾਂ ਸਣੇ ਬੀ ਦਗਧ ਹੋ ਗਈ।)। ਅੱਧਾ ਚਿਹਰਾ ਮਿਹਰ ਦੇ ਨਕਸ਼ਾਂ ਵਿਚ ਹੈ ਤੇ ਅੱਧਾ ਕਹਿਰ ਦੇ। ਮਿਹਰ ਭਰੀ ਨਿਗਾਹ ਨਾਲ ਮਰਦਾਨੇ ਨੂੰ ਹੋਸ਼ ਆ ਰਹੀ ਹੈ, ਸਿਹਰ ਬੰਦੀ ਦਾ ਅਸਰ ਟੁੱਟ ਰਿਹਾ ਹੈ। ਕਹਿਰ ਵਾਲੀ ਨਜ਼ਰ ਪੈ ਰਹੀ ਹੈ ਨੂਰ ਸ਼ਾਹ ਉਤੇ, ਉਸਦੇ ਮਨ ਦੇ ਥਰਜੋ ਐਸੇ ਖੇਲ ਕਰ ਕਰਕੇ ਪੱਥਰ ਵਾਂਙੂ ਕਰੜੇ ਹੋ ਰਹੇ ਸਨ, ਪੰਘਰ ਪੰਘਰ ਕੇ ਮੋਮ ਹੋ ਰਹੇ ਹਨ। ਦੇਖੋ ਪੱਥਰ ਪੰਘਰ ਰਹੇ ਹਨ ਅਤੇ ਉਸਨੂੰ

 www.sikhbookclub.com

ਪਾਪਮਈ ਕਠੋਰਤਾ ਤੋਂ ਪੁੰਨਮਈ ਜਾਗ੍ਰਤ ਆ ਰਹੀ ਹੈ। ਨੈਣਾਂ ਵਾਲੇ ਦੀ ਦੁਰੰਗੀ ਨੇ ਅਜ ਉਹ ਰੰਗ ਬੱਧਾ ਕਿ ਦੁਇ ਹੋਸ਼ ਦੇ ਘਰ ਆ ਗਏ। ਮਰਦਾਨੇ ਨੂੰ ਹੋਸ਼ ਆਈ ਤਾਂ ਸ਼ੁਕਰ ਕੀਤਾ ਤੇ ਸੱਜੇ ਚਰਨ ਨੂੰ ਲਿਪਟ ਗਿਆ। ਨੂਰ ਸ਼ਾਹ ਨੇ ਉਹ ਨੂਰ ਡਿੱਠਾ ਜਿਸ ਤੋਂ ਹਨੇਰੇ ਵਿਚ ਰਹਿ ਠੋਕਰਾਂ ਖਾ ਰਹੀ ਸੀ, ਸ਼ੁਕਰ ਵਿਚ ਉੱਠੀ ਤੇ ਖੱਬੇ ਚਰਨਾਂ ਤੇ ਸਿਰ ਧਰ ਦਿਤਾ। ਇਹ ਸੀ ਕਰਾਮਾਤ ਉਨ੍ਹਾਂ ਨੈਣਾਂ ਵਿਚ ਜੋ ਮਿਹਰ ਨਾਲ ਬੀ ਜੀਵਨ ਬਖਸ਼ਦੇ ਸਨ ਤੇ ਕਹਿਰ ਨਾਲ ਬੀ ਜਾਨ ਜਗਾ ਦੇਂਦੇ ਸਨ, ਵੱਖ ਵੱਖ ਅਧਿਕਾਰੀਆਂ ਨੂੰ। ਨੂਰ ਸ਼ਾਹ ਤੇ ਉਸ ਦੀਆਂ ਚੇਲੀਆਂ 'ਤਬਿ ਓਹ ਆਇ ਪੈਰੀ ਪਈਆਂ, ਨਾਉ ਧਰੀਕ ਸਿਖਣੀਆਂ ਹੋਈਆਂ।' (ਪੁ:ਜ: ਸਾਖੀ)

## 22. ਕੋੜ੍ਹ ਦੂਰ

ਚੋਜੀ ਸਾਹਿਬ ਦੁਖ ਹਰਣ ਨੈਣਾਂ ਵਾਲੇ ਬਦੇਸੀਂ ਫਿਰਕੇ ਆਏ ਪੱਟੀ ਦਿਪਾਲਪੁਰ ਦੇ ਪਾਸੇ ਇਕ ਕੋੜ੍ਹੀ ਦੇ ਘਰ ਆ ਖੜੇ ਹਨ। ਕੋੜ੍ਹੀ ਨੂੰ ਆਖਦੇ ਹਨ "ਫ਼ਕੀਰ ਸਾਈਂ ਰਾਤ ਰਹਿਣੇ ਦੀ ਥਾਂ ਦੇਹ।" ਫ਼ਕੀਰ ਬੋਲਿਆ "ਮੇਰਿਅਹੁਂ ਪਾਸਹੁਂ ਜਾਨਵਰ ਨਸਦੇ ਹਨ, ਪਰ ਖ਼ੁਦਾਇ ਦਾ ਕਰਮ ਹੋਆ ਆਦਮੀ ਦੀ ਸੂਰਤਿ ਨਦਰ ਆਈ ਹੈ (ਪੁ:ਜ: ਸਾਖੀ।)। ਆਉ, ਜੀ ਆਇਆਂ ਨੂੰ।" ਮਿਹਰਾਂ ਦਾ ਸਾਈਂ ਮਿਹਰਵਾਨ ਹੋ ਰਿਹਾ ਸੀ। ਤੱਕਿਆ ਕੋੜ੍ਹੀ ਵਲ ਸੁਹਣੇ ਨੈਣਾਂ ਨਾਲ, ਤੇ ਸ਼ਾਰਤ ਕੀਤੀ ਮਰਦਾਨੇ ਨੂੰ -ਸਾਜ਼ ਛੇੜ। ਸਾਜ਼ ਛਿੜਿਆ ਤਾਂ ਸੁਹਣੇ ਨੈਣਾਂ ਵਾਲੇ ਦੇ ਰਸ ਭਰੇ ਗਲੇ ਨੇ ਸ਼ਬਦ ਉਚਾਰਣ ਕੀਤਾ:-

**ਧਨਾਸਰੀ ਮਹਲਾ ੧॥**

**'ਜੀਉ ਤਪਤ ਹੈ ਬਾਰੋਬਾਰ॥ ਤਪਿਤਪਿ ਖਪੈ ਬਹੁਤੁ ਬੇਕਾਰ'॥**

ਦੇਖੋ ਨੈਣਾਂ ਦੀ ਤੱਕਣੀ-ਸਦਾ ਅਰੋਗ ਨਵੇਂ ਨਰੋਏ ਇਲਾਹੀ ਤੰਦਰੁਸਤੀ ਨਾਲ ਭਰੇ ਨੈਣਾਂ ਦੀ ਤੱਕਣੀ-ਦਾ ਅਸਰ, ਕੋੜ੍ਹ ਦੂਰ ਹੋ ਗਿਆ ਕੋੜ੍ਹੀ ਦਾ। ਉਹ ਨਵਾਂ ਨਰੋਆ ਹੋਕੇ ਪੈਰੀਂ ਪਿਆ, ਨਾਉਂ ਧਰੀਕੁ ਹੋਆ। ਗੁਰੂ ਗੁਰੂ ਲਗਾ ਜਪਣਿ। ਸੁਹਣੇ ਨੈਣਾਂ ਦੇ ਯੁਮਨ ਕੈਸੇ ਹਨ!

## 23. ਬੰਦੀ ਛੋੜ ਨੈਣ

ਜ਼ਾਲਮ ਜ਼ੁਲਮ ਕਰਦੇ ਹਨ, ਮਜ਼ਲੂਮ ਸਹਿੰਦੇ ਹਨ, ਕੋਈ ਬਲ ਵਾਲਾ ਹੋਵੇ ਨਾਲ ਰਹਿਮਤਾਂ ਵਾਲਾ ਹੋਵੇ ਤਾਂ ਮਦਦ ਕਰ ਸਕਦਾ ਹੈ। ਸਰੀਰਕ ਜਰਵਾਣੇ ਦੇ ਬਲ ਅਗੇ ਆਤਮ ਬਲ ਘੱਟ ਪੁੱਗਦਾ ਹੈ, ਪਰ ਅਜ ਦੇਖੋ ਸੁਹਣਿਆਂ ਨੈਣਾਂ ਵਾਲਾ ਰੱਬੀ ਬਲ ਨਾਲ ਜੁੜਿਆ ਬਾਬਰ ਵਰਗੇ ਬਲੀ ਤੇ ਜ਼ਾਲਮ ਪਾਤਸ਼ਾਹ ਦੀ ਬੰਦੀ ਵਿਚ ਪਿਆ ਚੱਕੀ ਪੀਹਣ ਤੇ ਲਾਇਆ ਗਿਆ ਹੈ। ਸੁਹਣਾ ਅਜ ਦੱਸੇਗਾ ਕਿ ਆਤਮ ਬਲ ਬਲੀ ਵਸਤੂ ਹੈ। ਚੱਕੀ ਤੇ ਸੁਹਣੇ ਨੈਣ ਨਜ਼ਰ ਪਾ ਰਹੇ ਹਨ, ਚੱਕੀ ਆਪੇ ਫਿਰ ਰਹੀ ਹੈ, ਸੁਹਣਾਂ ਕਿਸੇ ਰੰਗ ਵਿਚ ਰੱਤਾ, ਹਾਂ ਆਪਣੇ "ਸਹਸ ਤਵ ਨੈਨ" ਦੇ ਰੰਗ ਰੱਤਾ ਉਸ ਦੀ ਕੀਰਤੀ ਗਾ ਰਿਹਾ ਹੈ। ਅਚਰਜ ਦੀ ਗੱਲ ਸੁਣਕੇ ਬੇਤਰਸ ਪਾਤਸ਼ਾਹ ਆ ਖੜਾ ਹੋਇਆ। ਹੈਰਤ ਵਿਚ ਹੋਕੇ ਸੋਚਦਾ ਹੈ: ਹੈਂ! ਇਹ ਕੀਹ ਕਰਾਮਾਤ ਹੈ, ਚੱਕੀ ਆਪੇ ਫਿਰ ਰਹੀ ਹੈ ਤੇ ਇਹ ਬੇਅਸਰ ਹਮਦੋਸਨਾ ਕਰ ਰਿਹਾ ਹੈ। ਧੰਨ ਹੈ। ਤਾਂ ਪਾਤਸ਼ਾਹ ਬਾਬਰ ਆ ਪੈਰ ਚੁੰਮੇ। ਆਖਿਓਸੁ: 'ਇਸ ਫ਼ਕੀਰ ਦੇ ਵਿਚ ਖ਼ੁਦਾਇ ਨਦਰ ਆਂਵਦਾ ਹੈ (ਪੁ:ਜ: ਸਾਖੀ।)।'

ਫੇਰ ਬਾਬਰ ਆਖਿਆ: ਹੇ ਫ਼ਕੀਰ! ਕੁਛ ਮੰਗ: ਤਦ ਸੁਹਣੇ ਨੈਣਾਂ ਵਾਲਾ ਉਠ ਖੜਾ ਹੋਆ; ਇਕ ਨਜ਼ਰ ਬਾਬਰ ਤੇ ਪਾਈ ਤੇ ਕਿਹਾ 'ਲੋੜ ਕੋਈ ਨਹੀਂ। ਸਾਡੇ ਕੰਮ ਕੁਛ ਨਾਹੀ, ਪਰ ਇਹ ਜੋ ਬੰਦ ਹੋਈ ਹੈ ਸੈਦਪੁਰ ਦੀ, ਸੋ ਛੋਡ ਦੇਹ। ਅਤੇ ਇਹਨਾਂ ਕਾ ਜੋ ਕੁਛ ਗਿਆ ਹੈ ਫੇਰ ਦੇਹ'। ਤਬ ਬਾਬਰ ਪਾਤਸ਼ਾਹ ਹੁਕਮ ਕੀਤਾ 'ਜੋ ਬੰਦ ਹੈ ਸੋ ਛੋਡ ਦੇਹੁ, ਅਤੇ ਵਸਤੁ ਫੇਰ ਦੇਹੁ'(ਪੁ:ਜ:ਸਾਖੀ)। ਤਦ ਸੈਦ ਪੁਰ ਦੇ ਬੰਦੀ ਸਭ ਛੱਡ ਦਿਤੇ ਗਏ, ਸ਼ਹਿਰ ਤੇ ਜੋ ਪਹਿਰੇ ਸਨ ਹਟਾ ਦਿਤੇ ਗਏ, ਢੰਡੋਰਾ ਫਿਰ ਗਿਆ ਕਿ ਪਾਤਸ਼ਾਹ ਨੇ ਸਭ ਨੂੰ ਅਮਾਨ ਦੇ ਦਿਤੀ ਹੈ, ਸਦਕਾ ਗੁਰੂ ਨਾਨਕ ਦਾ। ਗੁਰੂ ਨਾਨਕ ਸੈਦ ਪੁਰ ਆਇਆ, ਸਭ ਦੁਖੀਆਂ ਨੂੰ ਮਿਹਰ ਦੀ ਨਜ਼ਰ ਨਾਲ ਖੁਸ਼ਹਾਲ ਕੀਤਾ। "ਤਬ ਸੈਦ ਪੁਰ ਕਾ ਲੋਕ ਬਹੁਤ ਨਾਉਂ ਧਰੀਕ ਸਿਖ ਹੋਆ" (ਪੁ:ਜ: ਸਾਖੀ।)। ਨੈਣਾਂ ਵਾਲੇ ਦੀ ਮਿਹਰ ਨਜ਼ਰ ਨੇ ਬੰਦੀ ਛੁੜਾਈ।

## 24. ਦੀਦੇ ਦਾਨ

ਖੜਾ ਹੈ ਇਕ ਕੋੜ੍ਹੀਆ ਸਰਦਾਰ ਇਲਾਕੇ ਦਾ ਕਾਰਦਾਰ ਨੈਣਾਂ ਵਾਲੇ ਦੇ ਹਜ਼ੂਰ! ਅਰਜ਼ ਕਰ ਰਿਹਾ ਹੈ। "ਸੁਹਣੇ ਦਾਤਾ! ਤੈਨੂੰ 'ਨਾ ਚੰਗਾ' ਸਮਝ ਕੇ ਤੈਨੂੰ ਬੰਨ੍ਹ ਕੇ ਲੈ ਚੱਲਣ ਲਈ ਘਰੋਂ ਟੁਰਿਆ ਸਾਂ ਕਿ ਮੇਰੇ ਤਲਕੇ ਦੇ ਵਿਚ ਕੌਣ ਆ ਗਿਆ ਹੈ; ਫੜ ਕੇ ਦੂਰ ਕਰਾਂ। ਪਰ ਰਾਹ ਵਿਚ ਨੈਣ ਖੁੱਸ ਗਏ, ਅੰਨ੍ਹਾ ਹੋ ਗਿਆ। ਤੇਰੀ ਇਹ ਕ੍ਰਾਮਤ ਵੇਖਕੇ ਪੈਰੋਂ ਨੰਗਾ ਹੋ ਟੁਰਕੇ ਆਯਾ ਹਾਂ, ਮੈਂ ਤੇ ਫ਼ਜ਼ਲ ਕਰ। ਮੁੜਕੇ ਦੀਦੇ ਦੇ ਦੇਹ।" ਨੈਣਾਂ ਵਾਲੇ ਨੇ ਨੈਣ ਭਰ ਤੱਕਿਆ। ਆਖਿਆ: "ਨਿਹਾਲ"! ਨਿਹਾਲ ਹੋ ਗਿਆ। ਨੈਣਾਂ ਵਾਲੇ ਦੀ ਇਕ ਤੱਕਣੀ ਨੇ ਮੁੜ ਸੁਜਾਖਾ ਕਰ ਦਿਤਾ, ਹਾਂ ਨਵੇਂ ਸਿਰਿਓਂ ਦੀਦੇ ਦਾਨ ਕੀਤੇ। ਇਸ ਕੋੜ੍ਹੀਏ ਨੇ ਓਥੇ ਚੱਕ ਬੱਧਾ, ਨਾਉਂ ਕਰਤਾਰ ਪੁਰ ਧਰਿਆ, ਏਥੇ ਹੀ ਫੇਰ ਟਿਕਦੇ ਰਹੇ ਸਾਡੇ ਨੈਣਾਂ ਵਾਲੇ ਸੁਹਣੇ ਸੁਹਣੇ ਗੁਰੂ ਨਾਨਕ ਜੀ। ਏਥੇ ਹੀ ਦਰਬਾਰ-ਅੰਤਮ ਆਰਾਮਗਾਹ-ਬਣੀ, ਜਿਸਨੂੰ ਆਖਦੇ ਹਨ ਦਰਬਾਰ ਕਰਤਾਰ ਪੁਰ (ਡੇਰਾ ਬਾਬਾ ਨਾਨਕ ਤੋਂ ਰਾਵੀ ਦੇ ਪੱਛਮੀਂ ਕਿਨਾਰੇ ਹੈ ਇਹ ਅਸਥਾਨ।)।

## 25. ਰਾਖਸ਼

ਹਾਂ ਆਦਮੀ ਹੁੰਦੇ ਹਨ 'ਆਦਮ ਖੋਰ', ਜੋ ਆਦਮੀ ਨੂੰ ਮਾਰ ਖਾ ਜਾਂਦੇ ਹਨ। ਇਨ੍ਹਾਂ ਨੂੰ ਰਾਖਸ਼ ਆਖਦੇ ਹਨ। ਦੱਖਣ ਜਾਂਦੇ ਸੁਹਣੇ ਨੈਣਾਂ ਵਾਲੇ ਉਸ ਬਨ ਵਿਚ ਜਾ ਲੰਘੇ ਜਿਥੇ ਐਸਾ ਰਾਖਸ਼ ਰਹਿੰਦਾ ਸੀ (ਊਹਾਂ ਰਾਖਸ਼ ਆਦਮੀ ਭਖਦਾ ਥਾ। ਧਨਾਸਰੀ ਦੇਸ ਕਾ। (ਪੁ:ਜ:ਸਾ:) ਤਦੋਂ ਨਾਲ ਸਨ-ਸੈਦੋ ਘੇਹੋ ਸੀਹੋ ਅਤੇ ਮਰਦਾਨਾ। (ਪੁ:ਜ:ਸਾ: ਹਾਫ਼ਜ਼ਾਬਾਦ ਵਾਲੀ)। ਖੜਾ ਬਲੀ ਜ਼ੋਰਾਵਰ ਰਾਖਸ਼ਾਂ ਦਾ ਸਰਦਾਰ ਸੀ। ਨਾਮ ਸੀ ਕੌਡਾ। ਇਸ ਨੇ ਪਕੜ ਲਿਆ ਮਰਦਾਨੇ ਨੂੰ। ਥਾ:ਵਾ:ਜ: ਸਾਖੀ ਵਿਚ ਲਿਖਿਆ ਹੈ ਕਿ ਮਰਦਾਨਾ ਇਸ ਬਨ ਵਿਚ ਟੁੱਸ ਕੇ ਗੁਰੂ ਨਾਨਕ ਤੋਂ ਵਖ ਹੋਕੇ ਮੁੜ ਪਿਆ ਤੇ ਇਸ ਕੌਡੇ ਦੇ ਢਹੇ ਚੜ੍ਹ ਗਿਆ। ਉਸ ਕੜਾਹਾ ਵੱਡਾ ਤੇਲ ਦਾ ਤਪਾ ਰਖਿਆ ਸੀ, ਮਨੁਖ ਸਾਬਤ ਹੀ ਤਲਦਾ ਤੇ ਰਖ ਛੋੜਦਾ ਸੀ, ਫੇਰ ਸਹਿਜੇ ਸਹਿਜੇ ਖਾਂਦਾ ਰਹਿੰਦਾ ਸੀ। ਸੁਹਣੇ ਨੈਣਾਂ ਵਾਲੇ ਦੇ ਅੰਦਰੋਂ ਖੁਲ੍ਹੇ ਨੈਣਾਂ ਨੇ ਤੱਕ ਲਿਆ ਕਿ ਮਰਦਾਨਾ ਰਾਖਸ਼ ਦੇ ਪੰਜੇ ਫਾਥਾ ਹੈ।


www.sikhbookclub.com

ਆ ਖੜੇ ਹੋਏ ਰਾਖਸ਼ ਦੇ ਸਾਹਮਣੇ, ਪਰ ਜ਼ਰਾ ਉਹਲੇ ਚੁਪ ਕੀਤੇ। ਨੈਣ ਸੁਹਣੇ ਠੰਢੇ ਸੀਤਲ ਨੈਣ, ਸਾਈਆਂ ਜੀ ਦੀ ਸੀਤਲਤਾਈਆਂ ਤੇ ਨਾਮ ਦੀਆਂ ਖੁਨਕੀਆਂ ਵਾਲੇ ਨੈਣ ਗੱਡ ਦਿਤੇ ਤਪਤ ਕੜਾਹੇ ਉਤੇ। ਇਸ ਵੇਲੇ ਰਾਖਸ਼ ਨੇ ਵਗਾਹ ਮਾਰਿਆ ਮਰਦਾਨਾ ਤਪਤ ਕਹਾੜੇ ਵਿਚ। ਕੜਾਹਾ ਠੰਢਾ ਠਾਰ ਹੋ ਗਿਆ। ਨੈਣਾਂ ਵਾਲੇ ਦੀ ਸੀਤਲ ਦ੍ਰਿਸ਼ਟੀ ਨੇ ਠਾਰ ਦਿਤਾ, ਜਿਵੇਂ ਠਾਰਦੇ ਸਨ ਇਹ ਨੈਣ ਸੀਨਿਆਂ ਵਿਚ ਤਪ ਰਹੇ ਕਾਮ ਕ੍ਰੋਧ ਦੇ ਤਪਤ ਕੜਾਹੇ, ਦਾਤੇ ਦੇ ਸੀਤਲ ਨਾਮ ਦੇਣ ਨਾਲ (ਪੰਜਵੇਂ ਸਤਿਗੁਰਾਂ ਨੇ ਆਪਣੇ ਇਕ ਸ਼ਬਦ ਵਿਚ ਸਾਖ ਭਰੀ ਹੈ ਕਿ ਖੁਨਕ ਨਾਮ ਖੁਦਾਇਆ ਨਾਲ ਹਿਰਦਿਆਂ ਦੇ ਤਪੇ ਕੜਾਹੇ ਬੁਝ ਜਾਂਦੇ ਹਨ। ਯਥਾ- ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ॥)। ਹਾਂ ਠਰ ਗਿਆ ਤੱਤਾ ਕੜਾਹਾ। ਮਰਦਾਨਾ ਵਿਚ ਠੰਢੇ ਤੇਲ ਦੇ ਬੈਠਾ ਹੈ ਹੈਰਾਨ ਹੋ ਹੋ, ਤੇ ਹੈਰਾਨ ਹੋ ਹੋ ਤੇਲ ਨੂੰ ਹੱਥ ਲਾ ਲਾ ਵੇਖਦਾ ਹੈ ਕੌਡਾ। ਲਗ ਪਿਆ ਮਰਦਾਨੇ ਨੂੰ ਜੁਹਾਰਾਂ ਕਰਨ। ਮਰਦਾਨਾ ਵੇਖ ਰਿਹਾ ਸੀ ਦੂਰ ਖਲੋ ਆਪਣੇ ਮਿਹਰਾਂ ਦੇ ਸਾਈਂ ਸੀਤਲ ਨੈਣਾਂ ਵਾਲੇ ਨੂੰ, ਓਧਰ ਸੈਨਤ ਕੀਤੀਓਸੁ ਤਾਂ ਕੌਡੇ ਦੇ ਰਾਖਸ਼ ਨੈਣ ਸੁਹਣੇ ਨੈਣਾਂ ਤੇ ਜਾ ਪਏ, ਹੋਸ਼ ਆ ਗਈ, ਜਾ ਚਰਨਾਂ ਤੇ ਢੱਠਾ। ਤਦ ਨੈਣਾਂ ਵਾਲੇ ਦਾਤੇ ਨੇ 'ਸੀਹੋਂ' ਨੂੰ ਕਿਹਾ ਇਸ ਘੁੱਥੇ ਨੂੰ ਪਾਹੁਲ ਦੇਹ। ਸੀਹੋਂ ਨੇ ਪਾਹੁਲ ਦਿੱਤੀ (ਪੁਰਾਤਨ ਜ: ਸਾਖੀ।)। ਰਾਖਸ਼ ਬਣਿਆ ਮਾਨੁਖ ਮੁੜ ਮਾਨੁਖ ਹੋ ਗਿਆ। ਕੀਤੇ ਪਾਪਾਂ ਤੇ ਪਛੁਤਾਵੇ ਤੇ ਨਾਮ ਜਪੇ। ਮਲ ਲਥੀ, ਹੋਸ਼ ਆਈ, ਸਿੱਖ ਹੋ ਗਿਆ। ਵਾਹ ਨੈਣਾਂ ਵਾਲਿਆ! ਵਾਹ ਤੇਰੀ ਨਦਰ! ਨਿਹਾਲ ਕਰਨੇ ਵਾਲੀ ਨਜ਼ਰ, ਰਾਖਸ਼ਾਂ ਨੂੰ ਬੀ ਤਾਰੇ।

## 26. ਜਨਮ ਮਰਨ ਕਟਿਆ

ਇਸ ਸੁਹਣੇ ਨੈਣਾਂ ਵਾਲੇ ਦੀ ਦ੍ਰਿਸ਼ਟੀ ਰਾਖਸ਼ਾਂ ਹੀ ਤੇ ਨਹੀਂ ਪਈ, ਦੁਖੀਆਂ ਹੀ ਤੇ ਨਹੀਂ ਪਈ, ਬੰਦੀਆਂ ਤੇ ਹੀ ਨਹੀਂ ਪਈ, ਪਾਪੀਆਂ ਤੇ ਹੀ ਨਹੀਂ ਪਈ, ਖੁਸ਼ਹਾਲ ਵਸਦੇ ਰਾਜਿਆਂ ਤੇ ਬੀ ਪਈ। ਸੰਗਲਦੀਪ ਇਕ ਰਾਜਾ ਖੜਾ ਹੈ-ਸ਼ਿਵਨਾਭ। ਕਈ ਬਰਸਾਂ ਤੋਂ 'ਧੰਨ ਗੁਰੂ ਨਾਨਕ' 'ਧੰਨ ਗੁਰੂ ਨਾਨਕ' ਕਰ ਰਿਹਾ ਹੈ। ਹਾਂ ਵਿਲਪਦਾ ਹੈ ਤੇ ਆਖਦਾ ਹੈ "ਦੇਹੁ ਦਰਸ, ਦੇਹੁ ਦਰਸ, ਮੈਂ ਬਲਿਹਾਰੀ ਗੁਰੂ ਨਾਨਕ ਦੇਹੁ ਦਰਸ।"(ਤਬ ਰਾਜਾ ਬਿਆਕੁਲ

ਹੋਇ ਗਇਆ। ਪੈਰਾਂ ਤੋਂ ਉਬਾਹਣਾ ਸਿਰ ਤੇ ਨੰਗਾ ਗੁਰੂ ਗੁਰੂ ਕਰਦਾ ਫਿਰੇ।) (ਪੁ:ਜ: ਸਾਖੀ।) ਕਈ ਨੈਣ ਹੀਣ ਗਜਾਨੀ, ਜੋਗੀ, ਜਤੀ ਤਪੀ ਨਾਨਕ ਬਣ ਬਣ ਆਏ। ਰਾਜੇ ਦੀ ਨਿਸ਼ਾ ਨਾ ਹੋਈ। ਅੱਜ ਦੇਖੋ ਗੁਰੂ ਨਾਨਕ ਖੜਾ ਹੈ, ਸਾਹਮਣੇ ਸਿਰ ਨਿਹੁੜਾਏ ਰਾਜਾ ਖੜਾ ਹੈ! ਸੁਹਣੇ ਨੈਣ ਮਿਹਰਾਂ ਕਰ ਰਹੇ ਹਨ। ਜੀਅਦਾਨ ਦਾ ਮੀਂਹ ਵਸ ਰਿਹਾ ਹੈ ਨੈਣਾਂ ਥੀਂ ਤੇ ਫੁਹਾਰ ਪੈ ਰਹੀ ਹੈ ਸ਼ਿਵਨਾਭ ਉਤੇ। ਕੀਹ ਹੋ ਰਿਹਾ ਹੈ ਅਸਰ? ਉਹ ਬਿਰਹੁੰ ਕੁੱਠਾ ਜੀਉ ਜੀਉ ਪੈ ਰਿਹਾ ਹੈ। ਹਾਂ ਸੁਹਣੇ ਨੈਣਾਂ ਦੀ ਕ੍ਰਿਪਾ ਦ੍ਰਿਸ਼ਟੀ ਨਾਲ "ਜਨਮ ਮਰਨ ਰਾਜੇ ਸਿਉਨਾਭ ਕਾ ਕਟਿਆ। ਚਰਨੀਂ ਲਾਇਓਸੁ। ਸਿਖ ਹੋਆ। ਸਾਰਾ ਖੰਡ ਬਖਸ਼ਿਆ ਸਿਉਨਾਭ ਕੇ ਪਿਛੇ (ਪੁ:ਜ: ਸਾਖੀ।)।"

## 27. ਘਾਲੀਆਂ ਤੇ ਨਦਰਾਂ

ਆਲਮ ਹੈ ਅਰਬੀ ਫ਼ਾਰਸੀ ਦਾ ਇਕ ਬੁੱਢਾ ਮੁਸਲਮਾਨ, ਨਾਮ ਹੈਸੁ ਕਮਾਲ, ਜਿਸ ਦੀ ਸਾਰੀ ਉਮਰ ਜ਼ੁਹਦਾਂ ਤਪਾਂ ਤੇ ਘਾਲਨਾ ਵਿਚ ਬੀਤੀ ਹੈ। ਇਕ ਹੈ ਪੰਡਿਤ ਜਿਸ ਦਾ ਨਾਉਂ ਹੈ ਬ੍ਰਹਮ ਦਾਸ, ਗਲ ਵਿਚ ਲਟਕਦੀ ਹੈ ਠਾਕਰ ਦੀ ਪ੍ਰਿਤਮਾ, ਜਿਧਰ ਜਾਏ ਦੋ ਊਠ ਪੁਸਤਕਾਂ ਦੇ ਜਾਣ ਨਾਲ, ਪੜ੍ਹਿਆ ਹੈ ਚੋਖਾ, ਘਾਲੀ ਹੈ ਆਪਣੇ ਤਰੀਕੇ ਦਾ। ਦੁਇ ਬੁੱਢੇ ਹਨ, ਦੁਹਾਂ ਨੂੰ ਨਹੀਂ ਹੋਏ ਦਰਸ਼ਨ ਕਿ ਮੇਲੇ। ਦੁਇ ਵੈਰਾਗ ਕਰਦੇ ਹਨ ਰਲ ਮਿਲ।

ਅਜ ਦੇਖੋ ਨੈਣਾਂ ਵਾਲਾ ਸਾਈਂ ਪਹਾੜ ਉਲੰਘਕੇ ਕਸ਼ਮੀਰ ਦੀ ਵਾਦੀ ਵਿਚ ਇਨ੍ਹਾਂ ਦੇ ਦੁਆਰੇ ਜਾ ਖੜੋਤਾ ਜੇ। ਪਾ ਦਿਤੀ ਸੂ ਆਪਣੀ 'ਸੂਕੇ ਕਾਸਟ ਹਰੇ ਕਰਨ ਵਾਲੀ ਸੁਹਣੀ' ਨਜ਼ਰ ਇਹਨਾਂ ਉਤੇ। ਕਰ ਦਿਤਾ ਸੂ ਨਦਰ ਨਿਹਾਲ। ਕਲ ਪਰਸੋਂ ਤਾਂ ਕ੍ਰਾਮਤਾਂ ਕੀਤੀਆਂ ਸਾਸੁ 'ਐਸ਼ ਮੁਕਾਮ' (ਕਸ਼ਮੀਰ ਵਿਚ ਇਕ ਥਾਂ ਦਾ ਨਾਮ ਹੈ।) ਕੋਲ ਅਯਾਲੀ ਉਤੇ, ਆਮ ਜਨਤਾ ਉਤੇ, ਅੱਜ ਇਨ੍ਹਾਂ ਤਪੀਆਂ ਜ਼ੁਹਦੀਆਂ ਦੀ ਬ੍ਰਿਥਾ ਜਾ ਰਹੀ ਘਾਲ ਨੂੰ ਜਾ ਭਾਗ ਲਾਏ ਸੂ। ਆਇਆ ਜੁ ਸੀ 'ਸਹਸ ਤਵ ਨੈਨ' ਪਾਸੋਂ ਘਾਲੀਆਂ ਨੂੰ ਨਦਰੀ ਨਦਰ ਨਿਹਾਲ ਕਰਨ ਲਈ। ਕ੍ਰਿਥੇ ਸੰਗਲਾਦੀਪ, ਕਿਥੇ ਕਸ਼ਮੀਰ। ਕਿਥੇ ਰਾਜਾ ਕਿਥੇ ਫਕੀਰ। ਪਰ ਦੇਖੋ ਪਾ ਰਿਹਾ ਜੇ ਨਦਰ, ਸੁਹਣੀ ਨਦਰ, ਫਕੀਰਾਂ ਘਾਲੀਆਂ ਉਤੇ; ਦੁਇ ਕਢ ਲਏ ਸੁ ਸੰਸੇ ਦੀ

ਗੋਦ ਵਿਚੋਂ, ਚਾੜ੍ਹ ਦਿਤੇ ਸੁ ਨਿਸਚੇ ਦੇ ਪੰਘੂੜੇ, ਖੋਲ੍ਹ ਦਿਤੇ ਸੂ ਬੰਦ ਨੈਣ, ਦਿਖਾ ਦਿਤਾ ਸੂ ਆਪਣਾ ਪ੍ਰੀਤਮ ਪਜਾਰਾ ਘਟ ਘਟ ਦਾ ਵਾਸੀ, ਆਪਣੇ ਸੁਹਣੇ ਨੈਣਾਂ ਦੇ ਯੁਮਨ ਨਾਲ।

ਹਾਂ ਤਪ ਤੇ ਘੋਖਾਂ, ਵਿਦਜਾ ਦੀਆਂ ਸਿਆਣਪਾਂ, ਦੂਰ ਪਲਾਈਆਂ। ਪੋਥੀਆਂ ਕਿਤਾਬਾਂ ਤੋਂ ਛੁੱਟੀ ਲਈ। ਗੁਰੂ ਗੁਰੂ ਦਾ ਜਾਪ ਆ ਗਿਆ। ਸੋਚਾਂ ਦੀ ਥਾਂ ਨਾਮ ਦੀ ਤਾਰ ਲਗ ਗਈ, ਨਾਮ ਦਾ ਸੰਜੋਗ ਹੋ ਗਿਆ, ਪੋਥੀਆਂ ਦੇ ਭਾਰਾਂ ਦੀ ਥਾਂ ਸਤਿਸੰਗ ਵਿਚ ਪਜਾਰ ਪੈ ਗਿਆ, ਓਟ ਸਤਾਣੀ ਮਿਲ ਗਈ। ਸਤਿਸੰਗ ਤੇ ਨਾਮ ਨੇ ਨਾਮੀ ਵਿਚ ਜੋੜ ਦਿਤਾ। ਤਾਰ ਦਿਤਾ ਨੈਣਾਂ ਵਾਲੇ ਨੇ ਉਨ੍ਹਾਂ ਨੂੰ, ਪਰ ਤਾਰ ਦਿਤਾ ਸਾਨੂੰ ਬੀ ਜੋ ਉਨ੍ਹਾਂ ਪਰਥਾਏਂ ਬਚਨ ਹੋਏ, ਮਲਾਰ ਦੀ ਵਾਰ ਬਣਾਕੇ ਲਿਖ ਦਿਤੇ। ਜੋ ਕਲਮ ਬੰਦ ਕੀਤੇ ਸਨ ਹੱਸੂ ਲੁਹਾਰ ਤੇ ਸੀਹੋਂ ਛੀਂਬੇ ਨੇ। ਸੋ ਉਹ ਜੀਅਦਾਨ ਦਾਤੇ ਦੇ ਵਾਕ ਅਜ ਸਾਡੇ ਪਾਸ ਬੀ ਹਨ, ਸਾਨੂੰ ਤਾਰਨ ਲਈ। ਇਸ ਵਿਚ 27 ਪਉੜੀਆਂ ਸਨ, 1 ਪਉੜੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਰਚਕੇ ਵਿਚ ਪਾਈ(ਇਸ ਪਉੜੀ ਤੇ ਪਤਾ ਲਗਾ ਹੋਇਆ ਹੈ ਪੰਚਮ ਗੁਰੂ ਜੀ ਦਾ।)। ਸੋ ਹੁਣ ਹਨ 28 ਪਉੜੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਤੇ ਅਸੀਂ ਪਾਠ ਕਰ ਕਰ ਠਰਦੇ ਹਾਂ। ਸ਼ਲੋਕ ਬੀ ਵਿਚ ਗੁਰੂ ਅਰਜਨ ਦੇਵ ਜੀ ਨੇ ਚਾੜ੍ਹੇ ਸਨ।

## 28. ਕਿਬਲਿਆਂ ਨੂੰ ਫੇਰਨ ਵਾਲੇ ਨੈਣ

ਨੈਣਾਂ ਵਾਲਾ ਸੁਹਣਾ ਅਜ ਬਾਹਰੋਂ ਨੈਣਾਂ ਨੂੰ ਆਪਣੇ ਸੁਹਣੇ ਛੱਪਰਾਂ ਦੀ ਚਾਦਰ ਵਿਚ ਲੁਕਾਈ ਸੁੱਤਾ ਪਿਆ ਏ। ਹਾਂ ਕਮਲਾਂ ਤੋਂ ਕੂਲੇ ਚਰਨ ਮੱਕੇ ਦੇ ਵਡੇ ਮੰਦਰ ਕਾਬੇ ਵਲ ਕਰੀ ਆਪੇ ਵਿਚ ਮਗਨ ਸੁੱਤਾ ਪਿਆ ਏ ਕਿ ਇਕ ਹਿੰਦ ਤੋਂ ਗਏ ਮੱਕੇ ਦੇ ਸ਼ਰਧਾਲੂ ਨੇ ਲੱਤ ਮਾਰੀ: 'ਪਿਆ ਏ ਪੈਰ ਪਸਾਰੀ ਖ਼ੁਦਾ ਦੇ ਘਰ ਵਲ ਬੇਅਦਬ! ਉਠੀਅ'। ਹੋਸ਼ਾਂ ਵਾਲੀ ਮਸਤੀ ਵਿਚ ਅਲਮਮਤ ਪਏ ਦੀ ਅਵਾਜ਼ ਆਈ 'ਕਰ ਦੇਹ ਪੈਰ ਉਤ ਵਲ ਜਿਤ ਵਲ ਖ਼ੁਦਾ ਦਾ ਘਰ ਨਹੀਂ ਏ।' ਗੁੱਸੇ ਭਰੇ ਸ਼ਰਧਾਲੂ ਨੇ ਸੁਹਣੇ ਪੈਰ ਫੜ ਕੇ ਸਰੀਰ ਘੁਮਾਇਆ। ਘੁੰਮ ਗਏ ਉਸੇ ਪਾਸੇ ਉਸਦੇ ਕਿਬਲਾ ਜੀ। ਭੁਆਵੇ ਤੇ ਦੇਖੇ, ਹਰਿਆਨ ਹੋਵੇ ਕਿ ਮੇਰਾ ਸਿਰ ਫਿਰਦਾ ਹੈ ਕਿ ਕਾਅਬਾ?

ਫੇਰ ਫੇਰ ਤਕ ਤਕ ਨਿਸਚੇ ਦੇ ਘਰ ਆ ਗਿਆ ਕਿ ਠੀਕ ਕਾਬਾ ਫਿਰਦਾ ਹੈ। ਜਾਂ ਨਿਸਚੇ ਦੇ ਘਰ ਆ ਗਿਆ ਤਾਂ ਅੰਦਰਲੇ ਨੈਣ ਖੁਲ੍ਹ ਪਏ, ਕਿ ਇਹ ਤਾਂ ਕੋਈ ਉਲਿਯਾ ਕਿ ਨਬੀ ਏ, ਕਰਾਮਾਤ ਦਾ ਸਾਹਿਬ ਏ। ਕੇਡਾ ਸੱਚ ਕਿਹਾ ਸੂ, ਖ਼ੁਦਾ ਦਾ ਘਰ ਤਾਂ ਸਭ ਪਾਸੇ ਹੈ, ਮੈਂ ਕਿਤ ਵਲ ਪੈਰਾਂ ਨੂੰ ਕਰਾਂ ਕਿਹੜੀ ਸਿੰਮਤ ਖ਼ੁਦਾ ਦੀ ਹਸਤੀ ਤੋਂ ਖਾਲੀ ਹੈ? ਜਦ ਇਹ ਗਯਾਨ ਜਾਗਿਆ ਤਾਂ ਜਿਟੜੇ ਚਰਨ ਘੁਮਾ ਰਿਹਾ ਸੀ, ਉਹਨਾਂ ਨੂੰ ਹੀ ਲਿਪਟ ਗਿਆ, ਪਯਾਰ ਨਾਲ ਚੁੰਮਣ ਲਗ ਪਿਆ ਸਿਰ ਮੱਥਾ ਲਾ ਲਾ ਜੁਹਾਰਾਂ ਕਰੇ (ਟੰਗੋ ਪਕੜ ਘਸੀਟਿਆ ਫਿਰਿਆ ਮਕਾ ਕਲਾ ਦਿਖਾਰੀ। ਹੋਇ ਹੈਰਾਨ ਕਰੇਨ ਜੁਹਾਰੀ। (ਭਾਈ ਗੁਰਦਾਸ ਦੀਆਂ ਵਾਰਾਂ)

ਜਿਤ ਵਲ ਬਾਬੇ ਦੇ ਪੈਰ ਫੇਰੇ ਤਿਤ ਵਲਿ ਮਹਿਰਾਬ ਕਾ ਮੁਹ ਫਿਰਦਾ ਜਾਵੈ।.....ਹੈਰਾਨ ਹੋਇ ਗਇਆ, ਪੈਰੁ ਚੁੰਮਿਉਸ।) (ਪੁ:ਜ: ਸਾਖੀ।), ਉਹ ਬੀ ਤੇ ਹੋਰ ਦਰਸ਼ਕ ਬੀ।

## 29. ਨੈਣਾਂ ਤੋਂ ਮਿਹਰਾਂ ਮੀਂਹ

ਹੁਣ ਆ ਬੈਠਾ ਕਰਤਾਰ ਪੁਰੇ। ਸੁਹਣੇ ਨੈਣਾਂ ਦੀ ਦਾਤ ਮੀਂਹ ਫੁਹਾਰ ਵਾਂਙੂ ਮੱਠੀ ਮੱਠੀ, ਨਿਕੀ ਨਿਕੀ ਪਰ ਲਗਾਤਾਰੀ ਪੈ ਰਹੀ ਹੈ ਸਭ ਉਤੇ।

ਹਾਂ ਜੋ ਆਵੇ, ਜੋ ਸ਼ਰਨ ਆਵੇ, ਇਸ ਮੀਂਹ ਫੁਹਾਰ ਨਾਲ ਜੀ ਉਠੇ। ਸਵੇਰੇ ਦੀਵਾਨ ਸਜਦੇ ਹਨ, ਆਸਾ ਦੀ ਵਾਰ ਲਗਦੀ ਹੈ। ਲੋਕੀ ਜੀਉ ਜੀਉ ਪੈਂਦੇ ਹਨ, ਜੀਵੇ ਹੋਏ ਜਪ ਦਾ ਪਾਠ ਕਰਦੇ, ਜਿਸਦਾ ਜਪ ਕਰਦੇ ਹਨ ਉਸਦੇ ਪਿਆਰ ਵਿਚ ਲੀਨ ਹੁੰਦੇ ਹਨ।

ਸਾਰਾ ਦਿਨ ਆਏ ਗਏ ਪ੍ਰਸ਼ਨੀਆਂ, ਘਾਲੀਆਂ, ਜਗਯਾਸੂਆਂ, ਧਰਮੀਆਂ ਨਾਲ ਵਿਚਾਰਾਂ ਕਰਦੇ, ਨਿਰੁਤ੍ਰ ਕਰਦੇ, ਮਿਹਰਾਂ ਦੇ ਕਟਾਖ੍ਯ ਸੁਹਣੇ ਨੈਣਾਂ ਤੋਂ ਸਟਦੇ ਜੀਅ ਦਾਨ ਲਾ ਲਾ ਦੇਂਦੇ ਹਨ। ਸੰਝਾਂ ਨੂੰ ਸੋਦਰ ਆਰਤੀ ਦਾ ਦੀਵਾਨ ਸਜਦਾ ਹੈ। ਹਰੀ ਕੀਰਤਨ ਦੇ ਰੰਗ ਜਮਦੇ ਹਨ, ਪਾਰ ਉਤਾਰੇ ਹੁੰਦੇ ਹਨ। ਦਾਤਾ ਦਾਤਾਂ ਕਰਦਾ ਹੈ, ਦੇ ਦੇ ਥਕਦਾ ਨਹੀਂ ਲਗਦਾ। ਮਿਹਰਾਂ ਹੀ ਮਿਹਰਾਂ। ਤਾਰਦਾ ਹੈ, ਪਰ ਨੈਣਾਂ ਨਾਲ ਜੋਖਦਾ ਬੀ ਹੈ, ਪਖੰਡ ਨਹੀਂ ਟੁਰਨ ਦੇਂਦਾ, ਬਨਾਵਟ ਨਹੀਂ ਬਣਨ ਦੇਂਦਾ। ਸਚ ਦੇਂਦਾ ਹੈ, ਸਚ ਤੋਲਦਾ ਹੈ, ਸਚ ਦਾ ਮੁੱਲ ਪਾਉਂਦਾ ਹੈ। ਐਉਂ ਸੁਹਣੇ ਨੈਣ ਨਦਰੀ ਨਦਰ

ਨਿਹਾਲ ਪਏ ਕਰਦੇ ਹਨ।

ਭਾਈ ਗੁਰਦਾਸ ਜੀ ਸਾਖ ਭਰਦੇ ਹਨ:-

ਗੜ੍ਹ ਬਗਦਾਦੁ ਨਿਵਾਇਕੈ ਮਕਾ ਮਦੀਨਾ ਸਭ ਨਿਵਾਇਆ।
ਸਿਧ ਚਉਰਾਸੀਹ ਮੰਡਲੀ ਖਟਦਰਸਨਿ ਪਾਖੰਡਿ ਜਿਣਾਇਆ।
ਪਾਤਾਲਾਂ ਆਕਾਸ ਲਖ ਜਿਤੀ ਧਰਤੀ ਜਗਤੁ ਸਬਾਇਆ।
ਜਿਤੀ ਨਵਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ।
ਦੇਵਦਾਨੋ ਰਾਕਸਦੈਤ ਸਭ ਚਿਤਿਗੁਪਤ ਸਭਿ ਚਰਨੀ ਲਾਇਆ।
ਇੰਦ੍ਰਾਸਣਿ ਅਪਛਰਾਂ ਰਾਗ ਰਾਗਨੀ ਮੰਗਲੁ ਗਾਇਆ।
ਭਇਆ ਅਨੰਦ ਜਗਤ ਵਿਚਿ ਕਲਿ ਤਾਰਨ ਗੁਰ ਨਾਨਕ ਆਇਆ।
ਹਿੰਦੂ ਮੁਸਲਮਾਨਿ ਨਿਵਾਇਆ॥੩੭॥
ਬਾਬਾ ਆਇਆ ਕਰਤਾਰਪੁਰਿ ਭੇਖ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।
ਉਲਟੀ ਗੰਗ ਵਹਾਈਓਨਿ ਗੁਰਅੰਗਦ ਸਿਰਿ ਉਪਰਿ ਧਾਰਾ।
ਪੁਤ੍ਰੀਂ ਕਉਲ ਨ ਪਾਲਿਆ ਮਨ ਖੋਟੇ ਆਕੀ ਨਸਿਆਰਾ।
ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ।
ਗਿਆਨਗੋਸ਼ਟ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਿਕਾਰਾ।
ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।
ਗੁਰਮੁਖਿ ਭਾਰ ਅਥਰਬਣ ਤਾਰਾ॥੩੮॥

## 30. ਨੈਣਾਂ ਦਾ ਆਪਾ ਦਾਨ

ਕਰਤਾਰ ਪੁਰ ਵਿਚ ਇਹ ਕੁਛ ਕਰਦੇ ਇਕ ਦਿਨ ਆਪਣੀ ਬੱਧੀ ਧਰਮਸਾਲ ਨੂੰ ਆ ਰਹੇ ਸਨ ਸੁਹਣੇ ਨੈਣਾਂ ਵਾਲੇ ਕਿ ਗਲੀ ਵਿਚ ਮਿਲ ਪਿਆ ਇਕ ਪ੍ਰੇਮ-ਤ੍ਰਿਖਾ ਦਾ ਪਿਆਸਾ, ਪੁਛਦਾ ਏ:- ਗੁਰੂ ਨਾਨਕ ਦਾ ਟਿਕਾਣਾ ਕਿਹੜਾ ਏ? ਸੁਹਣੇ ਨੈਣਾਂ ਵਾਲੇ ਨੇ ਘੂਰ ਪਾ ਕੇ ਤੱਕਿਆ, ਮੁਸਕ੍ਰਾਏ ਤੇ ਕਿਹਾ: ਆ ਜਾ ਆ ਜਾ ਮੇਰੇ ਮਗਰੇ ਮਗਰ। ਆ ਤੈਨੂੰ ਦੱਸਾਂ ਘਰ ਜੋ ਤੂੰ ਢੂੰਡਦਾ ਏਂ। ਦੂਜੇ ਪਾਸਿਓਂ ਆਪ ਜਾ ਬੈਠ ਅੰਦਰ। ਪ੍ਰੇਮੀ ਅੰਦਰ ਜਾ ਕੇ ਦੇਖਕੇ ਕੁਛ ਅਚਰਜ, ਸੇ ਸ਼ਰਮ ਵਿਚ, ਕੁਛ ਨਿੰਮ੍ਰਤਾ ਵਿਚ, ਕੁਛ ਸ਼ੁਕਰ ਵਿਚ,

 www.sikhbookclub.com

ਛਾ ਭਾਵ ਸੰਗਮ ਵਿਚ ਗੁੰਮ ਹੋ ਗਿਆ, ਚਰਨੀਂ ਢਹਿ ਪਿਆ। ਉਠਾਇਆ ਦਾਤੇ ਨੇ ਆਪ ਤੇ ਨੈਣ ਭਰ ਤੱਕਿਆ ਤੇ ਪੁਛਿਆ: 'ਤੇਰਾ ਨਾਮ ਪੁਰਖਾ?'

ਪ੍ਰੇਮੀ- ਪੁਰਖ ਨੇ ਕਿਹਾ: 'ਜੀ, ਲਹਿਣਾ'।

ਫੇਰ ਤੱਕੇ ਨਜ਼ਰ ਭਰਕੇ, ਬੋਲੇ: 'ਆ ਭਾਈ ਲਹਿਣਾ ਤੂੰ ਲਹਿਣਾ ਤੇ ਅਸਾਂ ਤੇਰਾ ਦੇਣਾ।'

ਉਹ ਦੇਣਾ ਕੀਹ ਸੀ ਜੋ ਦੇਣਾ ਸੀ; ਉਹੋ ਆਪਣੇ ਸੁਹਣੇ ਨੈਣ! ਅਗੇ ਤਾਂ ਨੈਣਾਂ ਨਾਲ ਜਗਤ ਤਾਰਦੇ ਸਨ, ਨੈਣਾਂ ਵਿਚੋਂ ਕ਼ਦਰ ਪੈਂਦੀ ਸੀ ਤੇ ਨਿਹਾਲ ਕਰਦੀ ਸੀ। ਅਜ ਆਇਆ ਹੈ ਇਕ ਵਪਾਰੀ ਜਿਸ ਨੂੰ ਪਤਾ ਹੀ ਨਹੀਂ ਕਿ ਇਸ ਸ਼ਾਹ ਤੋਂ ਕੁਛ ਮੈਂ ਲਹਿਣਾ ਬੀ ਹੈ, ਜੋ ਇਸੇ ਤੋਂ ਮਿਲਨਾ ਹੈ! ਲਿਆ ਤਾਂ ਅਗੇ ਬੀ ਸਾਸੁ ਪਰ ਉਹ ਦੁਨੀਆਂ ਦਾ ਸੀ, ਚਿਰ ਹੋ ਚੁਕਾ ਸੀ। ਹਾਂ ਦੇਣ ਹਾਰ ਦਾਤੇ ਨੇ ਹੀ ਦੱਸਿਆ ਕਿ ਤੂੰ ਲਹਿਣਾ ਤੇ ਅਸਾਂ ਤੇਰਾ ਦੇਣਾ। ਹੁਣ ਮਿਹਰ ਦੀਆਂ ਨਜ਼ਰਾਂ ਵਾਲਾ ਹੀ ਦੱਸੇਗਾ ਕਿ ਉਹ ਕੀ ਦੇਣਾ ਹੈ ਜੋ ਲਹਿਣੇ ਨੇ ਲੈਣਾ ਹੈ। ਕੁਛ ਦਿਨਾਂ ਦੀਆਂ ਪਾਸ ਰਹਿਣੀਆਂ ਤੇ ਨਜ਼ਰਾਂ ਹੇਠ ਰਹਿਣ ਦੀਆਂ ਨਿਕਟ ਵਰਤੀਆਂ ਨੇ ਲਹਿਣੇ ਦੇ ਨੈਣ ਖੋਹਲ ਦਿਤੇ, ਉਨ੍ਹਾਂ ਨੈਣਾਂ ਵਿਚ ਮਲਕੜੇ ਜਿਹੇ ਅਣਜਾਣੇ ਹੀ ਵੜ ਗਏ ਸੁਹਣੇ ਦੇ ਨੈਣ। ਦਾਤੇ ਦੇ ਨੈਣ ਲੈਣ ਹਾਰ ਦੇ ਬਣ ਗਏ ਨੈਣ! ਹਾਂ ਇਸ ਮਿਹਰ ਵਿਚ ਤਾਂ ਦਾਤਾ ਦੇ ਦਾਨ ਹੋ ਗਏ ਆਪਣੇ ਨੈਣ।

ਪਰ ਕੀਹ ਦਾਤਾ ਦੇ ਨੈਣ ਦਾਨ ਹੋਕੇ ਫਿਰ ਦਾਤਾ ਦੇ ਨਾ ਰਹੇ? ਨਹੀਂ; ਇਹ ਦਾਨ ਸਾਡਾ ਦਾਨ ਨਹੀਂ ਕਿ ਜੇ ਕੁਛ ਦਿਓ ਤੇ 'ਦਿਤੀ ਜਿੰਨੇ' ਦੇ ਘਾਟੇ ਵਿਚ ਆਪ ਹੋ ਜਾਓ। ਇਹ ਨੈਣ ਦਾਨ ਹੋਕੇ ਆਪਾ ਦੇਕੇ ਫੇਰ ਜਿਉਂ ਕੇ ਤਿਉਂ, ਦਾਤੇ ਦੇ ਸੁਹਣੇ ਸਦਾ ਸਲਾਮਤ ਨੈਣ ਰਹੇ। ਸਮਝ ਨਹੀਂ ਪੈਂਦੀ ਇਸ ਰੂਹਾਨੀ ਅਸੂਲ ਦੀ ਗੱਲ ਕਿ ਸਾਰਾ ਕੁਛ ਦੇ ਦਿਓ ਤੇ ਫੇਰ ਸਾਰਾ ਕੁਛ ਆਪਣੇ ਪਾਸ ਬੀਰਹੇ, ਪਰ ਸਮਝਣ ਲਈ ਦੇਖੋ ਇਕ ਮਿਸਾਲ:- ਇਕ ਲਟ ਲਟ ਬਲਦਾ ਦੀਵਾ ਹੈ ਜੋ ਦੂਸਰੇ ਤੇਲ ਵੱਟੀ ਵਾਲੇ ਦੀਵੇ ਨੂੰ ਛੁਹਕੇ ਆਪਾ ਦਾਨ ਕਰਦਾ ਹੈ। ਦਾਨ ਕਰਕੇ ਆਪ ਬੀ ਲਟ ਲਟ ਪਿਆ ਬਲਦਾ ਹੈ, ਜਿਸ ਨੂੰ ਲਾਟ ਆਪਣੀ ਦਾਨ ਕੀਤੀ ਸੂ, ਉਹ ਬੀ ਉਸੇ ਵਾਂਙੂ ਪਿਆ ਲਟ ਲਟ ਬਲਦਾ ਹੈ। ਯਥਾ:-

 www.sikhbookclub.com

**ਗੁਰੁ ਅੰਗਦ ਗੁਰੁ ਅੰਗ ਤੇ ਅੰਮ੍ਰਿਤ ਬਿਰਖ ਅੰਮ੍ਰਿਤ ਫਲ ਫਲਿਆ॥**
**ਜੋਤੀ ਜੋਤਿ ਜਗਾਈਅਨੁ ਦੀਵੇ ਤੇ ਜਿਉ ਦੀਵਾ ਬਲਿਆ॥**
(ਭਾ:ਗੁ:ਜੀ ਵਾ: ੨੪ ਪੌੜੀ ੮)

ਹਾਂ ਸੁਹਣੇ ਨੈਣਾਂ ਵਾਲੇ ਨੇ ਜਦ ਦੇਖਿਆ ਕਿ ਸਹਸ ਤਵ ਨੈਣਾਂ ਵਾਲਾ ਮੈਨੂੰ ਆਪਣੇ ਪਾਸ ਬੁਲਾ ਰਿਹਾ ਹੈ ਤਾਂ ਜਗਤ ਨੂੰ ਤਾਰਨ ਵਾਲੇ ਆਪਣਿਆਂ ਨੈਣਾਂ ਦੀ ਛੁਹ ਲਾਕੇ, ਨਹੀਂ ਨਹੀਂ ਸਾਰੀ ਜੋਤ ਦਾਨ ਕਰਕੇ ਆਪਣੇ ਵਰਗਾ ਹੂਬਹੂ ਨਦਰਾਂ ਦਾ ਸਾਈਂ, ਸੁਹਣੇ ਸੁਹਣੇ ਨੈਣਾਂ ਵਾਲਾ ਸਾਜਕੇ, ਜੋ ਧੁਰੋਂ ਇਹ ਪਾਰਸ–ਛੁਹ ਲੈਣ ਆਇਆ ਸੀ ਪਾਰਸ ਛੁਹ ਲਾਕੇ, ਸੋਨਾ ਨਾ, ਪਰ ਪਾਰਸ ਬਣਾਕੇ (ਪਾਰਸ ਭੇਟਿ ਭਏ ਸੇ ਪਾਰਸ ਨਾਨਕ ਹਰਿ ਗੁਰਿ ਸੰਗਿ ਥੀਏ॥) ਆਪਣੇ ਵਰਗਾ ਜਗਤ ਤਾਰਨੇ ਵਾਲਾ "ਗੁਰੂ" ਬਣਾ ਦਿਤਾ। ਹਾਂ ਉਸ ਪਾਰਸ ਨੂੰ ਆਪ ਮੱਥਾ ਟੇਕਿਓਸੁ ਨੈਣਾਂ ਵਾਲੇ ਨੇ ਨੈਣਾਂ ਵਾਲੇ ਨੂੰ! ਜੋ ਇਕ ਦਿਨ 'ਲਹਿਣਾ' ਲਹਿਣਦਾਰ ਆਖਿਆ ਗਿਆ ਸੀ, ਅਜ ਉਹ ਅੰਗਦ ਹੋ ਗਿਆ, ਉਹੋ ਜਿਹਾ ਹੂਬਹੂ ਅੰਗ (=ਉਹੋ ਸਰੂਪ) ਸੁਹਣੇ ਨੈਣਾਂ ਵਾਲਾ ਨਾਨਕ ਬਣ ਗਿਆ।

ਆਓ ਤੁਸੀਂ ਅਸੀਂ ਇਨ੍ਹਾਂ ਸੁਹਣੇ ਸੁਹਣੇ ਨੈਣਾਂ ਵਾਲੇ ਪਾਸੋਂ, ਆਪੋ ਆਪਣੇ ਲਈ, ਇਨ੍ਹਾਂ ਦੇ ਪਜਾਰੇ ਪਜਾਰੇ ਨੈਣਾਂ ਤੋਂ ਪਜਾਰੀ ਪਜਾਰੀ ਨਦਰ ਦੀ ਦਾਤ ਮੰਗੀਏ। ਸਾਡੇ ਮਨ ਬੀ ਉਸ ਨਦਰੀ ਦੀ ਨਦਰ ਛੁਹ ਨਾਲ ਜਾਗ ਪੈਣ। ਹਾਂ, 'ਦੇ ਲੰਮੀ ਨਦਰਿ ਨਿਹਾਲੀਐ' ਵਾਲੇ ਹੋਕੇ ਅਸੀਂ ਬੀ ਨਦਰੀ ਦੀ ਨਦਰ ਨਾਲ ਨਿਹਾਲ ਹੋ ਜਾਵੀਏ। ਆਓ ਗਾ ਗਾ ਕੇ ਮੰਗੀਏ, ਸੁਹਣੇ ਗੁਰੂ ਨਾਨਕ ਤੋਂ ਅਤੇ ਗੁਰੂ ਨਾਨਕ ਤੋਂ ਬਣੇ ਗੁਰੂ ਨਾਨਕ ਪਾਸੋਂ; ਹਾਂ, ਉਹਦੇ ਨੈਣਾਂ ਦੀ ਇਕ ਮਿਹਰ ਦੀ ਨਦਰ ਮੰਗੀਏ।

ਕਰਦੇ ਨਦਰੀ ਨਦਰ ਨਿਹਾਲ ਵੋ॥ (ਸ.ਵ.)

 www.sikhbookclub.com

ਗੀਤ
(ਸਭ ਹਕ ਰਾਖਵੇਂ ਹਨ)
ਗੁਰੂ ਨਾਨਕ ਦੀਨ ਦਿਆਲ ਵੋ!
ਕਰਦੇ ਨੈਣਾਂ ਦੇ ਨਾਲ ਨਿਹਾਲ ਵੋ! ਟੇਕ।
ਤੇਰੇ ਨੈਣਾਂ ਨੇ ਵਿੰਮਾਂ ਝਾੜੀਆਂ,
ਹਰੀਆਂ ਕੀਤੀਆਂ ਸੁੱਕੀਆਂ ਵਾੜੀਆਂ,
ਅਪਨੇ ਨੈਣਾਂ ਦਾ ਅੰਮ੍ਰਿਤ ਪਜਾਲ ਵੋ!
ਗੁਰੂ ਨਾਨਕ ਦੀਨ ਦਿਆਲ ਵੋ!
ਕਰ ਦੇ ਨੈਣਾਂ ਦੇ ਨਾਲ ਨਿਹਾਲ ਵੋ!।੧।
ਨੈਣਾਂ ਵਾਲਿਆ ਵੇਖ ਲੈ ਹਾਲ ਵੋ!
ਅਸੀਂ ਹੋਏ ਰਹੇ ਕੰਗਾਲ ਵੋ!
ਪਾਕੇ ਇਕੋ ਮਟੱਕਾ ਜੀਵਾਲ ਵੋ!
ਗੁਰੂ ਨਾਨਕ ਦੀਨ ਦਿਆਲ ਵੋ!
ਕਰ ਦੇ ਨੈਣਾਂ ਦੇ ਨਾਲ ਨਿਹਾਲ ਵੋ!।੨।
ਤੇਰੇ ਨੈਣ ਹਨ ਜਿੰਦੀਆਂ ਪਾਂਵਦੇ
ਦੁਖ ਕੱਟ ਖੁਸ਼ਾਲੀਆਂ ਲਾਂਵਦੇ
ਤੇਰੀ ਝਾਤ ਕਰੇ ਮਾਲਾ ਮਾਲ ਵੋ!
ਗੁਰੂ ਨਾਨਕ ਦੀਨ ਦਿਆਲ ਵੋ!
ਕਰ ਦੇ ਨੈਣਾਂ ਦੇ ਨਾਲ ਨਿਹਾਲ ਵੋ!।੩।
ਤ੍ਰੁਠ ਪਉ ਅਨੇਕਾਂ ਤੇ ਤ੍ਰੁਠਿਓ ਸਉਂ,
ਵੁੱਠ ਪਉ ਜਿਉ ਲਖਾਂ ਤੇ ਵੁੱਠਿਓ ਸਉਂ,
ਕਰ ਦੇ ਨਦਰੀ ਨਦਰ ਨਿਹਾਲ ਵੋ!
ਗੁਰੂ ਨਾਨਕ ਦੀਨ ਦਿਆਲ ਵੋ!
ਹਾਂ
ਕਰ ਦੇ ਨੈਣਾਂ ਦੇ ਨਾਲ ਨਿਹਾਲ ਵੋ!।੪।
(ਮ:ਵ:)

–0–

# ਸ੍ਰੀ ਬੇਬੇ ਨਾਨਕੀ ਜੀਓ ਜੀ
## ਪਵਿਤ੍ਰਤਾ ਅਵਤਾਰ

### 1. ਪਵਿਤ੍ਰਤਾ

ਪਵਿਤ੍ਰਤਾ ਵੱਸਦੀ ਹੈ ਸਦਾ ਸੁੱਤੀਆਂ ਬਰਫ਼ਾਨੀ ਚੋਟੀਆਂ ਦੀ ਉੱਜਲਤਾ ਵਿਚ।

ਪਵਿਤ੍ਰਤਾ ਖੇਲਦੀ ਹੈ ਵਿਸ਼ਾਲ ਸਮੁੰਦਰ ਦੀਆਂ ਚੰਚਲ ਲਹਿਰਾਂ ਦੀ ਸ੍ਵੱਛ ਸਤਹ ਉੱਤੇ।

ਪਵਿਤ੍ਰਤਾ ਪ੍ਰਕਾਸ਼ਦੀ ਹੈ ਸੂਰਜ ਦੀਆਂ ਅਥਿਰ ਤੇ ਰੌਸ਼ਨ ਕਿਰਨਾਂ ਤੋਂ।

ਪਵਿਤ੍ਰਤਾ ਉਛਾਲੇ ਲੈਂਦੀ ਹੈ ਉਮਾਹੂ ਚਸ਼ਮਿਆਂ ਦੀਆਂ ਨਿਰਮਲ ਕਲਾਬਾਜ਼ੀਆਂ ਵਿਚ।

ਹਾਂ, ਡਾਲੀਆਂ ਨਾਲ ਝੂਮਦੀਆਂ ਫੁਲ ਕਲੀਆਂ ਜਦੋਂ ਵਿਕਾਸ਼ ਆਰੰਭ ਕਰਦੀਆਂ ਹਨ ਤਾਂ ਵਿਚੋਂ ਪਵਿਤ੍ਰਤਾ ਆਖਦੀ ਹੈ- ਝਾਤ।

ਘਾਹ ਦੀ ਨੋਕ ਨਾਲ ਲਟਕ ਰਹੀ ਤ੍ਰੇਲ ਦੀ ਬਲੌਰੀ ਬੂੰਦ ਸੈਨਤ ਦੇਂਦੀ ਏ ਪਵਿਤ੍ਰਤਾ ਦੀ।

ਨਿਰਜਨ ਬਨਾਂ ਵਲੋਂ ਆ ਰਹੀ ਬਹਾਰ ਦੀ ਸਮੀਰ ਗਲੇ ਲਗ ਲਗ ਕੇ ਦਾਨ ਕਰਦੀ ਹੈ ਪਵਿਤ੍ਰਤਾ ਦੀ ਛੋਹ।

ਸਿਰ ਨੂੰ ਚਾੜ੍ਹ ਦੇਂਦੀ ਏ ਪਵਿਤ੍ਰਤਾ ਦਾ ਸਰੂਰ ਮਲਜਾਗਰ ਵਲੋਂ ਆ ਰਹੀ ਬਾਵਨ ਚੰਦਨੀ ਸੁਗੰਧਿ।

ਕਦੇ ਦਿੱਸ ਪੈਂਦੀ ਏ ਪਵਿਤ੍ਰਤਾ ਸਤਰੰਗੀ ਪੀਂਘ ਝੂਟਦੀ, ਮੇਘਾਂ ਨਾਲ ਵੇਹੜੇ ਅਕਾਸ਼ਾਂ ਵਿਚ।

ਕਦੇ ਮੀਂਹ ਪੈ ਹਟੇ ਪਿਛੋਂ, ਤਾਰਿਆਂ ਨਾਲ ਪਵਿਤ੍ਰਤਾ ਦੀ ਇਕ ਛਹਿਬਰ।

ਕਾਲੇ ਬੱਦਲਾਂ ਵਿਚੋਂ ਖਿਉਂਕੇ ਅਵਾਜ਼ਾ ਦੇ ਜਾਂਦੀ ਏ ਬਿਜਲੀ:- 'ਦੇਖੋ ਜੇ ਦੇਖੀ ਜਾ ਸਕਦੀ ਜੇ ਪਵਿਤ੍ਰਤਾ ਦੀ ਝਲਕ।'

ਭੜਕਦੇ ਅਲਾਂਬਿਆਂ ਵਿਚ ਪ੍ਰਜ੍ਵਲਤ ਅਗਨੀ ਦੇਂਦੀ ਏ ਨਿਉਤਾ:- 'ਆਓ ਜੇ ਕਿਸੇ ਹੋਣਾ ਏ ਪਵਿਤ੍ਰ!'

ਹਾਂ, ਸੁਣੋ ਬਈ ਹੀਰੇ ਪੰਨੇ ਰਤਨਾਂ ਦੀ ਚੁੱਪ ਆਵਾਜ਼:- 'ਜੇ ਦੇਖਣੀ ਜੇ ਥਿਰ ਹੋ ਗਈ ਪਵਿਤ੍ਰਤਾ ਤਾਂ ਕਰੋ ਸਾਡੇ ਦਰਸ਼ਨ।'

ਪਰ ਇਕ ਹੋਰ ਹੈ ਪਵਿਤ੍ਰਤਾ, ਜੋ ਅਰੂਪ ਰੂਪ ਵਾਲੀ ਹੈ, ਦਿਸਦੀ ਨਹੀਂ, ਪਰ ਵਸਦੀ ਹੈ ਫਰਿਸ਼ਤਿਆਂ ਵਿਚ, ਦੇਵਤਿਆਂ ਵਿਚ, ਸਹਿਜ ਸੁਭਾਵ।

ਇਕ ਹੋਰ ਪਵਿਤ੍ਰਤਾ ਹੈ, ਜੋ ਨਿਰਾਲੰਬ ਹੈ, ਉਹ ਹੈ ਨਿਜ ਸ੍ਵਰੂਪ ਪਰਮਾਤਮ ਦੇਵ ਦਾ-

ਪਵਿਤ੍ਰਤਾ, ਪਵਿਤ੍ਰਤਾ, ਪਵਿਤ੍ਰਤਾ।

ਹਾਂ ਪਵਿਤ੍ਰਤਾ ਹੈ ਸਾਈਂ ਆਪ, 1.

ਪਵਿਤ੍ਰਤਾ ਹੈ ਸਾਈਂ ਤੋਂ ਮਿਲੀ ਦੇਵਤਿਆਂ ਵਿਚ, 2.

ਪਵਿਤ੍ਰਤਾ ਹੈ ਕਾਦਰ ਦੀ ਲਾਈ ਕੁਦਰਤ ਦੇ ਰੰਗਾਂ ਵਿਚ। 3.

ਪਰ ਅਜੇ ਇਕ ਹੋਰ ਹੈ ਪਵਿਤ੍ਰਤਾ, ਜੋ ਕਦੇ ਦਿਖਾਈ ਦੇਂਦੀ ਹੈ ਇਨਸਾਨ ਵਿਚ-

ਹਨੇਰੇ ਵਾਲੇ ਸ਼ਰੀਰ, ਛਾਯਾ ਵਾਲੇ ਮਨ, ਧੁੰਧ ਵਾਲੀ ਮਤ ਵਾਲੇ ਇਨਸਾਨ ਵਿਚ। ਕਠਨ ਹੈ, ਕਠਨ ਹੈ, ਕਠਨ ਹੈ ਇਹ ਪਵਿਤ੍ਰਤਾ।

ਪਰ ਕੁਦਰਤ ਦੀ ਪਵਿਤ੍ਰਤਾ ਇਸ ਪਵਿਤ੍ਰਤਾ ਅੱਗੇ ਹਥ ਜੋੜ ਖਲੋਂਦੀ ਹੈ। ਫਰਿਸ਼ਤੇ ਤੇ ਦੇਵਤੇ ਆਖਦੇ ਹਨ:-ਸਾਡੀ ਇਸ ਪਵਿਤ੍ਰਤਾ ਨੂੰ ਨਮਸਕਾਰ ਹੈ।

ਹਾਂ

ਪਵਿਤ੍ਰਤਾ ਸਰੂਪ ਪਰਮਾਤਮ ਦੇਵ ਆਪ ਰੀਝਦਾ ਹੈ ਇਸ ਪਵਿਤ੍ਰਤਾ ਦੀ ਸੁਗੰਧੀ ਉਤੇ।

ਹੇ ਪਵਿਤ੍ਰਤਾ!

ਤੂੰ ਸਦਾ ਰਹੋ, ਧੂਰ ਮਈ ਧਰਤੀ ਦੇ ਇਸ ਵਾਸੀ ਦੇ ਅੰਗ ਸੰਗ। ਹਾਂ ਸਦਾ ਵੱਸੋ ਇਸ ਛਾਯਾ ਵਿਚ ਰਖੇ ਗਏ ਨਰ ਨਾਰੀ ਦੇ ਨਾਲ।

 www.sikhbookclub.com

**2. ਪਵਿਤ੍ਰਤਾ ਦੀ ਦੇਵੀ ਦਾ ਆਗਮਨ।**

ਪੰਡਿਤ— ਤੁਸਾਂ ਠੀਕ ਕਿਹਾ ਹੈ, ਜਜਮਾਨ! ਪੁਤ੍ਰ ਨਾਲ ਨਾਮ ਰਹਿੰਦਾ ਹੈ ਜਗ ਵਿਚ, ਪੁਤ੍ਰ ਨਾਲ ਤਰੀਦਾ ਹੈ 'ਪੂ' ਨਾਮੇ ਨਰਕ। ਪਰ ਜਜਮਾਨ! ਨਿਰਵੰਸ਼ ਹੋਣ ਨਾਲੋਂ ਪੁਤ੍ਰੀ ਦਾ ਜਨਮ ਬੀ ਚੰਗਾ ਹੈ।

ਕਾਲੂ— ਠੀਕ ਹੈ, ਰੋਂਦਿਆਂ ਦੀ ਅੱਖ ਪੂੰਝਾਈ ਤਾਂ ਹੋ ਜਾਂਦੀ ਹੈ।

ਪੰਡਿਤ (ਹੱਸਕੇ)— ਨਿਰੀ ਇਹ ਗਲ ਨਹੀਂ, ਜਜਮਾਨ! ਕਦੇ ਕੋਈ ਧੀ ਪੈੜੇ ਬੱਧੀ ਬੀ ਹੁੰਦੀ ਹੈ।

ਕਾਲੂ— ਉਹ ਕੀ ਹੋਇਆ?

ਪੰਡਿਤ– ਉਹ ਇਹ ਹੁੰਦਾ ਹੈ ਕਿ ਉਸਦਾ ਆਗਮਨ ਸ਼ੁਭ ਹੁੰਦਾ ਹੈ, ਉਸ ਦੇ ਮਗਰ ਪੁਤ੍ਰ ਤੇ ਸਪੁਤ੍ਰ ਆਉਂਦੇ ਹਨ।

ਕਾਲੂ– ਧੀਆਂ ਤਾਂ ਗਰਬ ਨਿਵਾਰਣ ਆਉਂਦੀਆਂ ਹਨ, ਨਾ ਝੁਕਦਿਆਂ ਨੂੰ ਝੁਕਾ ਦਿੰਦੀਆਂ ਹਨ, ਹੋਰ ਕੀ ਹੈ?

ਪੰਡਿਤ— ਮੈਂ ਉਸ ਦਿਨ ਆਪ ਤੋਂ ਘੜੀ ਪਲ ਜਨਮ ਦੀ ਠੀਕ ਪੁੱਛਕੇ ਟੇਵਾ ਬਨਾਇਆ ਤਾਂ ਕਾਕੀ ਬੜੀ ਭਾਗਸ਼ੀਲ ਸਹੀ ਹੋਈ। ਟੇਵੇ ਤੋਂ ਛੁਟ ਮੇਰੀ ਅਜ ਸਵੇਰੇ ਜਪ ਕਰਦਿਆਂ ਅੱਖ ਲੱਗ ਗਈ ਤਾਂ ਕੀ ਡਿੱਠਾ ਕਿ ਕਾਕੀ ਕੋਈ ਪਵਿੱਤ੍ਰ ਆਤਮਾ ਆਈ ਹੈ, ਪਵਿਤ੍ਰਤਾ ਦੀ ਦੇਵੀ ਹੈ, ਮੇਰਾ ਤਾਂ ਇਸ ਕਰਕੇ ਅਨੁਮਾਨ ਹੈ ਕਿ ਐਸੇ ਜੀਵ ਕਿਸੇ ਭਾਗਵਾਨ ਦੇ ਆਉਣ ਦੀ ਨਿਸ਼ਾਨੀ ਹੁੰਦੇ ਹਨ, ਪਰਮਾਤਮਾ ਚਾਹੇ ਤਾਂ ਇਸ ਤੋਂ ਉਪਰੰਤ ਕੋਈ ਯੋਗੀ ਰਾਜ ਆਵੇਗਾ।

ਕਾਲੂ— ਅੱਛਾ ਪੰਡਿਤ ਜੀ! ਦਿਲ ਪਰਚਾਵੇ ਕਰਨੇ ਹਨ ਕਿਸੇ ਤਰ੍ਹਾਂ ਕਰ ਦਿਓ! ਭਗਵਾਨ ਨਾਲ ਕੋਈ ਪੇਸ਼ ਨਹੀਂ ਨਾ ਜਾਂਦੀ।

ਪੰਡਿਤ— ਚਾਹੋ ਐਉਂ ਕਹਿਕੇ ਉਦਾਸੀ ਅੰਦਰ ਰੱਖ ਲਈ, ਚਾਹੋ ਆਸਾ ਧਾਰ ਕੇ ਖੁਸ਼ੀ ਨੂੰ ਰਾਹ ਖੋਲ੍ਹ ਦਿੱਤਾ।

ਕਾਲੂ— ਹੱਛਾ....., ਨਮਸਕਾਰ ਪੰਡਿਤ ਜੀ!

ਇਉਂ ਗੱਲਾਂ ਕਰਕੇ ਪੰਡਿਤ ਖੂਹ ਨੂੰ ਚਲਾ ਗਿਆ ਤੇ ਕਾਲੂ ਜੀ ਘਰ ਨੂੰ ਚਲੇ ਗਏ, ਜਿਸ ਚੌਕ ਵਿਚ ਗੱਲਾਂ ਹੋਈਆਂ ਸਨ ਅਜੇ ਸਵੇਰਾ ਹੋਣ ਕਰਕੇ ਸੱਖਣਾ ਰਹਿ ਗਿਆ।

### 3. ਸ੍ਰੀ ਕਾਲੂ ਜੀ।

ਸ੍ਰੀ ਕਾਲੂ ਜੀ ਕੌਣ ਹਨ? ਇਨ੍ਹਾਂ ਦਾ ਨਾਉਂ ਹੈ ਕਲਜਾਣ ਚੰਦ ਤੇ ਜਿਵੇਂ ਬਚਪਨ ਵਿਚ ਲਾਡਾਂ ਨਾਲ ਅੱਧਾ ਨਾਮ ਯਾ ਜ਼ਰਾ ਵਿਗਾੜ ਕੇ ਨਾਮ ਲਈਦਾ ਹੈ, ਐਉਂ ਕਲਜਾਣ ਚੰਦ ਦਾ ਕਾਲੂ ਬਣ ਗਿਆ ਸੀ। ਆਪਦਾ ਪਿੱਛਾ ਹੈ ਅਸਲ ਵਿਚ ਪਠੇਵਿੰਡ ਦਾ। ਪਠੇਵਿੰਡ ਵੇਦੀ ਖੱਤ੍ਰੀਆਂ ਦੀ ਵੱਸੋਂ ਦਾ ਥਾਉਂ ਸੀ। ਰੁਜ਼ਗਾਰ ਨੇ ਸ੍ਰੀ ਕਾਲੂ ਜੀ ਨੂੰ ਰਾਇ ਭੋਇ ਦੀ ਤਲਵੰਡੀ ਲੈ ਆਂਦਾ ਸੀ। ਇਸ ਤਪੇ ਦਾ ਓਦੋਂ ਦਾ 'ਰਾਇ' ਸ੍ਰੀ 'ਰਾਇ ਬੁਲਾਰ', ਇਸ ਦੀ ਪਟਵਾਰ ਤੇ ਕਾਰਦਾਰੀ ਤੇ ਆਪ ਮੁਲਾਜ਼ਮ ਸਨ ਤੇ ਹੁਣ ਮੁੱਦਤਾਂ ਤੋਂ ਇੱਥੇ ਹੀ ਰਹਿੰਦੇ ਸਨ, ਪਿੱਛੇ ਨਾ ਗਏ ਤੇ ਨਾ ਸੰਭਾਲ ਕੀਤੀ। ਸੋ ਘਰ ਬਾਰ ਭੋਂ ਸ਼ਰੀਕੇ ਨੇ ਦਬ ਦਬਾ ਲਏ(ਸ੍ਰੀ ਤਰਨ ਤਾਰਨ ਤਸੀਲ ਦੇ ਸਰਹਾਲੀ ਨਾਮੇ ਥਾਣੇ ਵਿਚ 'ਲੋਹਾਰ' ਨਾਮੇ ਪਿੰਡ ਹੈ। ਇਸ ਦੀ ਜੂਹ ਵਿਚ ਤਦੋਂ ਸੀ ਪਠੇਵਿੰਡ। ਇੱਥੇ ਇਕ ਵੇਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਆ ਟਿਕੇ ਸਨ ਤਦੋਂ ਵੇਦੀ ਸ਼ਰੀਕੇ ਨੇ ਜਾਤਾ ਕਿ ਇਹ ਇੱਥੇ ਜੇ ਠਹਿਰੇ ਤਾਂ ਫਕੀਰੀ ਵੇਸ ਨਾਲ ਲੋਕਾਂ ਨੂੰ ਪੱਖੀ ਬਣਾ ਲੈਣਗੇ, ਫੇਰ ਅਪਣੇ ਘਰ ਬਾਰ ਭੋਆਂ ਦਾ ਦਾਵਾ ਕਰਨਗੇ ਤੇ ਖੱਸ ਲੈਣਗੇ। ਸੋ ਉਨ੍ਹਾਂ ਨੇ ਕੋਝੇ ਜਤਨ ਕੀਤੇ ਕਿ ਗੁਰੂ ਜੀ ਇੱਥੋਂ ਉੱਠ ਜਾਣ, ਤਦ ਗੁਰੂ ਜੀ ਨੇ ਸਮਝਾਇਆ:-

ਕਹਜੋ ਗੁਰੂ ਹਮ ਬਾਸ ਨਾ ਕਰੈਂ। ਕੋ ਦਿਨ ਬਸਹਿੰ ਆਨ ਥਲ ਫਿਰੈਂ।
ਨਹੀਂ ਸ਼ਰੀਕਨ ਸੰਗ ਸ਼ਰੀਕੀ। ਤਜੀ ਲਾਲਸਾ--ਨਾਹਿਨ ਨੀਕੀ।-ਸੂ:ਪ੍ਰ:

ਪਰ ਸ਼ਰੀਕੇ ਨੇ ਵਧੇਰੇ ਕ੍ਰੋਧ ਕੀਤਾ ਤਾਂ ਗੁਰੂ ਜੀ ਨੇ ਕਿਹਾ 'ਮਕਾਨ ਮਕੀਨ ਦੁਇ ਸਦਾ ਦੀਆਂ ਵਸਤਾਂ ਨਹੀਂ ਹਨ, ਤੁਸਾਂ ਨਹੀਂ ਰਹਿਣਾ, ਘਰਾਂ ਕੋਠਿਆਂ ਨਹੀਂ ਰਹਿਣਾ, ਕੂੜੇ ਦਾਵੇ ਕਾਸ ਨੂੰ ਬੰਨ੍ਹਦੇ ਹੋ?' ਨਿਰਵੈਰ ਨਿਰਦਾਵੇ ਪਰ ਨਿਰਭੈ ਸਤਿਗੁਰੂ ਉਥੋਂ ਰਮਤੇ ਹੋ ਗਏ। ਕੁਛ ਸਮੇਂ ਬਾਦ ਬੇਦੀਆਂ ਦੇ ਝਗੜੇ ਬਖੇੜੇ ਐਸੇ ਵਧੇ ਕਿ ਪਿੰਡ ਛਡ ਛਡ ਕੇ ਨੱਸਣਾ ਪੈ ਗਿਆ ਤੇ ਘਰ ਕੋਠੇ ਢਹਿ ਢੇਰੀ ਥੇਹ ਹੋ ਗਏ। (ਸੂ:ਪ੍ਰ: ਰਾਸ 7 ਅੰਸੂ 14)। ਪਿੰਡ ਤੋਂ ਬਾਹਰ ਜਿਸ ਥਾਵੇਂ ਤਦੋਂ ਗੁਰੂ ਜੀ ਟਿਕੇ ਸੇ, ਛੇਵੇਂ ਸਤਿਗੁਰਾਂ ਨੇ ਨਿਸ਼ਾਨ ਕਾਇਮ ਕੀਤਾ ਸੀ, ਹੁਣ ਸੁਹਣਾ ਗੁਰਦੁਆਰਾ ਹੈ ਤੇ ਨਾਮ ਡੇਹਰਾ ਸਾਹਿਬ ਹੈ।) ਆਪ ਤਲਵੰਡੀ ਵਿਚ ਸੁਖੀ ਸਨ, ਆਮਦਨ ਸੀ, ਇੱਜ਼ਤ ਸੀ, ਘਰ ਬਾਰ ਸੀ, ਸਭੋ ਕੁਛ ਸੀ, ਪਰ ਇਕ ਲੋੜ ਅਜੇ ਅਪੂਰਣ

 www.sikhbookclub.com

ਸੀ: ਉਹ ਸੀ ਔਲਾਦ ਦੀ। ਕਈ ਅਰਾਧਣਾਂ ਤੇ ਸੁੱਖਣਾਂ ਦੇ ਮਗਰੋਂ ਆਪਦੇ ਗ੍ਰਿਹ ਇਕ ਬੀਬੀ ਦਾ ਜਨਮ ਹੋਇਆ। ਚਾਹੀਦਾ ਸੀ ਕਿ ਦਿਲ ਖੁਸ਼ ਹੁੰਦਾ, ਪਰ ਦਿਲ ਨੇ ਸੁਖ ਮਨਾਉਣ ਦੀ ਥਾਂ ਕੁਛ ਉਦਾਸੀ ਹੀ ਮੰਨੀ। ਹਿੰਦੂ ਖਿਆਲਾਂ ਵਿਚ ਪੁਤ੍ਰ ਬਿਨਾਂ ਸਦਗਤੀ ਨਹੀਂ ਹੁੰਦੀ, ਇਹੋ ਅੰਦਰ ਬੈਠਾ ਖ਼ਿਆਲ ਸ੍ਰੀ ਕਾਲੂ ਜੀ ਨੂੰ ਉਦਾਸ ਕਰਦਾ ਹੈ, ਪਰ ਘਰ ਦਾ ਪ੍ਰੋਹਿਤ ਹਰਿਦਿਆਲ ਭਲਾ ਪੁਰਖ ਹੈ, ਵਿਦਵਾਨ ਹੈ ਤੇ ਪੂਜਾ ਪਾਠ ਵਾਲਾ ਹੈ, ਥੋੜ੍ਹੀ ਯੋਗ ਕ੍ਰਿਆ ਦਾ ਬੀ ਜਾਣੂ ਹੈ, ਉਹ ਕਾਲੂ ਜੀ ਨੂੰ ਧੀਰਜਾਂ ਦਿੰਦਾ ਹੈ ਤੇ ਉੱਤਮ ਉਪਦੇਸ਼ ਦੇਕੇ ਸੁਖੀ ਕਰਦਾ ਹੈ। ਪ੍ਰੋਹਿਤ ਨਿਰੇ ਦਿਲਾਸੇ ਯਾ ਦਿਲ ਪਰਚਾਵੇ ਦੇ ਉਪਦੇਸ਼ ਹੀ ਨਹੀਂ ਦਿੰਦਾ, ਉਹ ਅਪਣੀ ਸੋਚ ਸਮਝ ਮੂਜਬ ਪੁਤ੍ਰ ਪ੍ਰਾਪਤੀ ਲਈ ਪੂਜਾ ਪਾਠ, ਜੱਗ ਆਦਿ ਉਪਰਾਲੇ ਬੀ ਕਰਵਾਉਂਦਾ ਰਹਿੰਦਾ ਹੈ।

**4. ਬਚਪਨ।**

ਕਾਕੀ ਦੇ ਜਨਮ (ਤਵਾ:ਖਾ: ਨੇ ਬੀਬੀ ਦਾ ਜਨਮ 1521 ਬਿ: ਲਿਖਜਾ ਹੈ।) ਦੀ ਮਾਂ ਨੂੰ ਬੀ ਪਿਤਾ ਵਾਂਗੂ ਉਦਾਸੀ ਹੀ ਹੋਈ ਸੀ, ਪਰ ਜਿਉਂ ਜਿਉਂ ਬੱਚੀ ਨੂੰ ਪਾਲਿਆ, ਪਿਆਰ ਤਰਬਾਂ ਪੁਲਕੀਆਂ, ਤਿਉਂ ਤਿਉਂ ਕਾਕੀ ਮਿੱਠੀ ਲੱਗਣ ਲੱਗ ਪਈ। ਬਾਲ ਤਰਸੇਵੇਂ ਦੀ ਘਾਟ ਘਟੀ ਤੇ ਸੁਰਤ ਖਿੜੀ। ਉਧਰ ਬੱਚੀ ਵੱਲੋਂ ਪਿਆਰ ਦੀਆਂ ਤੱਕਾਂ ਤੇ ਜਿਉਂ ਜਿਉਂ ਬੱਚੀ ਵਧੀ ਉਸਦੀਆਂ ਤੋਤਲੀਆਂ ਪਿਆਰ ਗੱਲਾਂ ਨੇ ਹੋਰ ਮੋਹਿਆ, ਪਿਤਾ ਤੇ ਬੀ ਬੱਚੀ ਦੇ ਪਿਆਰ ਦਾ ਅਸਰ ਹੋਇਆ। ਇਹ ਬਾਲਕੀ ਹੈਸੀ ਬੀ ਆਮ ਬਾਲਕਾਂ ਨਾਲੋਂ ਕੁਛ ਵੱਖਰੇ ਸੁਭਾਵ ਦੀ: ਹਰ ਵੇਲੇ ਖਿੜੇ ਰਹਿਣਾ, ਰੋਣਾ ਨਾ, ਤੱਕਣਾ ਜਿਸ ਵੱਲ ਤਾਂ ਚਮਕਦੇ ਨੈਣਾਂ ਵਿਚੋਂ ਪਵਿੱਤ੍ਰਤਾ ਤੇ ਸ਼ਾਂਤੀ ਦਾ ਪ੍ਰਭਾਉ ਪੈਣਾ। ਬੱਚਾ ਸੁਤੇ ਹੀ ਮਾਸੂਮ ਤੇ ਪਵਿੱਤ੍ਰ ਲਗਦਾ ਹੈ, ਪਰ ਜਿਸ ਦੀ ਆਤਮਾ ਹੋਵੇ ਹੀ ਪਵਿੱਤ੍ਰ ਉਸਦਾ ਪ੍ਰਭਾਉ ਤਾਂ ਆ ਮੁਹਾਰਾ ਅਸਰ ਕਰਦਾ ਹੈ, ਸੋ ਇਸ ਪਵਿਤ੍ਰਤਾ ਦੇ ਰੂਪ ਦੇਵੀ ਨਾਲ ਮੋਹ ਵਧ ਵਧ ਕੇ ਮਾਤਾ ਪਿਤਾ ਦੂਇ ਪ੍ਰਸੰਨ ਰਹਿਣ ਲੱਗੇ। ਜਦੋਂ ਕਾਕੀ ਟੁਰਨ ਫਿਰਨ ਦੀ ਵਰੇਸੇ ਅੱਪੜੀ ਤਾਂ ਘਰ ਵਿਚ ਹੋਰ ਰੌਣਕ ਹੋ ਗਈ। ਹੁਣ ਉਸਦੇ ਹੋਰ ਗੁਣ ਪ੍ਰਗਟਣ ਲੱਗੇ, ਜਿਉਂ ਜਿਉਂ ਵਡੀ ਹੋਈ ਅਪਣੀ ਪਾਵਨ ਐਮੀ ਦੀ

ਪਿਆਰ ਤੇ ਪਿਆਰ ਕਰਨ ਵਾਲੀ ਲਾਡਲੀ, ਪਰ ਸੁਖਦਾਈ, ਬੱਚੀ ਬਣ ਗਈ। ਘਰ ਦੇ ਕੰਮ ਕਾਜ ਵਿਚ ਹਿੱਸਾ ਲਵੇ, ਜੋ ਮਾਂ ਕਹੇ ਸੋ ਕਰੇ, ਜੋ ਨਾ ਕਹੇ ਤੇ ਬਚੀ ਸਮਝੇ ਕਿ ਕਰਨੇ ਯੋਗ ਹੈ ਉਹ ਕਰੇ, ਪਰ ਸਭ ਤੋਂ ਵਧੀਕ, ਉਸ ਦਾ ਸੰਤੋਖ, ਸ਼ਾਂਤੀ ਤੇ ਨਿਰਵੈਰਤਾ ਦਾ ਵਰਤਾਉ ਸੀ, ਇਸਦੇ ਨਾਲ ਸਮਝ ਬੜੀ ਸਾਫ ਤੇ ਐਸੀ ਸੀ ਜੋ ਪਤਾ ਦਿੰਦੀ ਸੀ ਕਿ ਅੰਦਰ ਕੋਈ ਉੱਚੀ ਸੁਚੀ ਦਾਨਾਈ ਹੈ ਜੋ ਜਿਉਂ ਜਿਉਂ ਵਡੀ ਹੋਵੇਗੀ ਤਿਉਂ ਤਿਉਂ ਆਪਾ ਪ੍ਰਕਾਸ਼ ਕਰੇਗੀ। ਵਿਦਜਾ ਦੇ ਪ੍ਰਬੰਧ ਤਾਂ ਤਦੋਂ ਸਨ ਨਹੀਂ, ਪਰ ਬੀਬੀ ਸੁਤੇ ਹੀ ਪਰਮਾਰਥੀ ਦਿਲ ਤੇ ਸਮਝ ਵਾਲੀ ਸੀ। ਉਸ ਦਾ ਮਨ ਅਨੁਭਵੀ ਸੀ। ਜੇ ਕੰਨੀ ਕੋਈ ਗਲ ਸਾਈਂ ਦੇ ਪਾਸੇ ਦੀ ਪੈ ਜਾਂਦੀ ਤਾਂ ਉਸ ਨੂੰ ਬੀ ਚੰਗੀ ਤਰ੍ਹਾਂ ਘੋਖ ਲੈਂਦੀ। ਬਾਲ ਵਰੇਸ ਤੋਂ ਹੀ ਉਸਦੇ ਸ਼ੁਭ ਪਰਮਾਰਥੀ ਝੁਕਾਉ ਦੇਖ ਦੇਖ ਸਾਰੇ ਹਰਿਆਨ ਹੁੰਦੇ ਸਨ ਤੇ ਆ ਮੁਹਾਰੇ ਆਖਦੇ ਸਨ ਕਿ ਇਹ ਦੇਵੀ ਹੈ, ਕਿਸੇ ਮਹਾਨ ਉਪਕਾਰ ਦੇ ਕਾਰਨ ਦੇਹ ਧਾਰੀ ਹੋਈ ਹੈ। ਬਾਵਾ ਸੁਖਬਾਸੀ ਰਾਇ ਅਪਣੇ ਨਾਨਕ ਵੰਸ ਪ੍ਰਕਾਸ਼ ਵਿਚ ਤਾਂ ਐਥੋਂ ਤਕ ਲਿਖਦੇ ਹਨ ਕਿ ਪਰਮੇਸਰ ਜੀ ਦੀ 'ਆਦਿ ਸਕਤੀ' ਹੀ ਅਵਤਾਰ ਧਾਰ ਕੇ ਸ੍ਰੀ ਕਾਲੂ ਜੀ ਦੇ ਗ੍ਰਿਹਿ ਜਨਮੀ ਸੀ। ਯਥਾ-

> **ਬੇਦੀ ਕੋ ਬੰਸ ਮਹਾਂ ਸੁਖ ਸੰਪਤ 'ਆਦਿ ਕਲਾ' ਅਵਿਤਾਰ ਬਿਲਾਸੀ॥ ਕਾਰਨਹਾਰ ਕਰੈ ਕਰਤਾ ਹਰਿ ਆਤਮ ਜੋਤ ਜਤੀ ਅਬਿਨਾਸੀ॥ ਜੋ ਜਗ ਓਪਤ ਥਾਪਤ ਮਾਇਕ ਸੁਧ ਚਿਤੰਨ ਅਨੰਤ ਅਕਾਸੀ॥ ਸੋਊ ਕ੍ਰਿਪਾਲ ਦਿਆਲ ਸੁ 'ਨਾਨਕੀ' ਨਾਮ ਕਹਾਇ ਸਦਾ ਸੁਖਵਾਸੀ॥੪੧॥**

ਬਾਵਾ ਜੀ ਲਿਖਦੇ ਹਨ ਕਿ ਅਵਤਾਰ ਧਾਰਨ ਤੋਂ ਪਹਿਲਾਂ ਸ੍ਰੀ ਗੁਰੂ ਜਜੋਤੀ ਨੇ 'ਆਦਿ ਕਲਾ' ਨੂੰ ਆਖਿਆ ਕਿ ਅਸਾਂ ਜਗਤ ਦਾ ਭਾਰ ਹਰਨ ਵਾਸਤੇ ਮਾਤਲੋਕ ਵਿਚ ਜਾਣਾ ਹੈ, ਪਹਿਲਾਂ ਤੁਸੀਂ ਚਲੋ ਤੇ ਸਾਡੇ ਬਣਨ ਵਾਲੇ ਮਾਤਾ ਪਿਤਾ ਦੇ ਗ੍ਰਿਹਿ ਜਨਮ ਲਓ, ਸੋ ਬੀਬੀ ਨਾਨਕੀ ਜੀ ਸੇ। ਇਨ੍ਹਾਂ ਲਿਖਤਾਂ ਤੋਂ ਪਤਾ ਲੱਗਾ ਕਿ ਬੀਬੀ ਜੀ, ਸੁਤੇ ਹੀ ਪ੍ਰਬੁਧ ਸੇ, ਪਰਮ ਪਵਿਤ੍ਰ ਸੁਭਾਵ ਦੇ ਸੇ, ਸ਼ਾਂਤਿਮਯ ਤੇ ਪਰਮਾਰਥ ਰੰਗ ਵਿੱਚ ਰਤੇ ਹੋਏ ਸੇ ਤੇ ਇਹ ਪ੍ਰਭਾਵ ਬਚਪਨ ਵਿਚ ਹੀ ਲੋਕਾਂ ਤੇ ਪੈਰਹੇ ਸੇ। ਧੰਨ ਸ੍ਰੀ ਪਰਮ

ਪਾਵਨ ਬੀਬੀ ਨਾਨਕੀ ਜੀਉ ਜਜੋਤਿ ਰੂਪ ਗੁਰੂ ਨਨਕ ਦੇਵ ਜੀ ਦੇ ਆਗਮਨ ਤੋਂ ਪਹਿਲੋਂ ਆਕੇ, ਅਪਨੇ ਦੈਵੀ ਵੀਰ ਨੂੰ 'ਜੀ ਆਇਆਂ' ਆਖਣ ਵਾਲੀ!

**5. ਪੁਤ੍ਰ ਆਗਮ।**

ਸ੍ਰੀ ਕਾਲੂ ਜੀ ਦੇ ਦਿਲ ਵਿਚ ਪੁਤ੍ਰਕਾਮਨਾ ਹਟੀ ਨਹੀਂ ਸੀ, ਚਾਹੇ ਉਸਦੀ ਪੀੜਾ ਬੀਬੀ ਦੇ ਪਿਆਰ ਵਿਚ ਘਟੀ ਸੀ। ਜਦ ਬੀਬੀ ਜ਼ਰਾ ਸਿਆਣੀ ਹੋ ਗਈ ਤਾਂ ਪੁਤ੍ਰ ਕਾਮਨਾ ਹੋਰ ਵਧੀ, ਭਗਵਾਨ ਦੇ ਘਰੋਂ ਨਿਤ ਇਹੋ ਮੰਗ ਮੰਗਿਆ ਕਰੇ ਜੋ ਕੁਲਤਾਰਕ ਪੁੱਤ੍ਰ ਮਿਲੇ। ਬੀਬੀ ਹੁਣ ਸਿਆਣੀ ਹੋ ਗਈ ਸੀ, ਮਾਤਾ ਪਿਤਾ ਦੀ ਪੁਤ੍ਰ ਕਾਮਨਾ ਦੇਖ ਸੁਣਕੇ ਉਸਦਾ ਜੀ ਬੀ 'ਵੀਰ' ਵੇਖਣ ਲਈ ਸਧਰਾਉਂਦਾ ਸੀ, ਪਰ ਉਸਦੇ ਆਤਮੇ ਘਬਰਾ ਨਹੀਂ ਸੀ, ਉਥੇ ਚਾਉ ਤੇ ਉਮੰਗ ਸੀ, ਸੱਧਰ ਸੀ, ਪਰ ਕੋਈ ਠਰ੍ਹੰਮੇ ਵਾਲਾ ਨਿਹਚਾ ਸੀ ਕਿ ਵੀਰ ਆ ਰਿਹਾ ਹੈ, ਨਿਹਚਾ ਇਤਨਾ ਕਿ ਮਾਤਾ ਪਿਤਾ ਦੀ ਉਦਾਸੀ ਕਿ ਨਿਰਾਸਤਾ ਦਾ ਅਸਰ ਉਸ ਪਰ ਨਹੀਂ ਸੀ ਹੁੰਦਾ। ਅੰਤ ਮਾਤਾ ਪਿਤਾ ਦਾ ਤਰਸੇਵਾਂ ਤੇ ਭੈਣ ਦੀ ਆਸਾ 1526 ਬਿ: ਸੰਮਤ ਵਿਚ ਪੂਰਨ ਹੋ ਗਈ, ਸ੍ਰੀ ਕਾਲੂ ਜੀ ਦੇ ਗ੍ਰਿਹਿ 'ਪੁਤ੍ਰ' ਨੇ ਅਵਤਾਰ ਧਾਰਿਆ। ਹੁਣ ਮਾਤਾ ਤ੍ਰਿਪਤਾ ਤੇ ਪਿਤਾ ਕਲਜਾਨ ਚੰਦ ਦੇ ਆਤਮੇ ਤ੍ਰਿਪਤੀ ਆ ਗਈ। ਪੁਤ੍ਰ ਬੀ ਐਸਾ ਆਇਆ ਕਿ ਲਿਖਿਆ ਹੈ ਕਿ ਜਦੋਂ ਅਵਤਾਰ ਹੋਇਆ ਤਾਂ-

> **ਅਨਹਦ ਸਬਦ ਪਰਮੇਸੁਰ ਕੇ ਦਰਬਾਰ ਵਜੇ, ਤੇਤੀਸ ਕਰੋੜੀ ਦੇਵਤਿਆਂ ਨਮਸਕਾਰ ਕੀਆ, ਚਉਸਠਿ ਜੋਗਣੀ ਬਵਜਾਂ ਵੀਰਾਂ, ਛਿਅ ਜਤੀਆਂ ਨਮਸਕਾਰ ਕੀਆ ਜੋ ਵਡਾ ਭਗਤ ਜਗਤ ਨਿਸਤਾਰਣ ਕਉ ਆਇਆ-ਇਸ ਕਉ ਨਮਸਕਾਰ ਕੀਜੀਐ ਜੀ। ਤਬ ਕਾਲੂ ਖਤ੍ਰੀ ਜਾਤਿ ਵੇਦੀ ਤਲਵੰਡੀ ਰਾਇ ਭੋਇ ਭਟੀ ਦੀ ਵਸਦੀ ਵਿਚ ਵਸਦਾ ਆਹਾ ਉਥੈ ਜਨਮ ਪਾਯਾ॥**
>
> (ਪ: ਜਨਮਸਾਖੀ)

ਭੈਣ ਨੂੰ ਵੀਰ ਦਰਸ਼ਨ ਨੇ ਸ਼ੁਕਰ ਭਰਿਆ ਚਾਉ ਭਰ ਦਿਤਾ। ਇਸ ਸੁਹਣੇ ਬਾਲਕੇ ਦਾ ਨਾਉਂ ਮਾਪਿਆਂ ਨੇ 'ਨਾਨਕ' ਰਖਿਆ। ਮਾਤਾ ਜੀ ਦੇ

ਪਾਲਣ ਪੋਸਣ ਵਿਚ ਭੈਣ ਬੀ ਵੀਰ-ਪਜਾਰ ਤੇ ਵੀਰ-ਸੇਵਾ ਵਿਚ ਚਾ ਮਲ੍ਹਾਰਾਂ ਨਾਲ ਲੱਗੀ ਰਿਹਾ ਕਰੇ।

ਪੰਜਾਬ ਦੀ ਧਰਤੀ ਨੂੰ ਸਦਾ ਤੋਂ ਪਛਮੋਤਰ ਵੱਲੋਂ ਹਮਲਿਆਂ ਦੀ ਖੇਚਲ ਬਣੀ ਰਹੀ ਹੈ। ਇਸ ਧਰਤੀ ਦੇ ਸੂਰਮੇ ਉਨ੍ਹਾਂ ਹੱਲਿਆਂ ਦਾ ਪਹਿਲਾ ਵਾਰ ਸਹਿੰਦੇ; ਅਕਸਰ ਹੱਲੇ ਕਰਨ ਵਾਲਿਆਂ ਨੂੰ ਮਾਰ ਭਜਾਉਂਦੇ, ਕਈ ਵੇਰ ਲੜ ਲੜ ਕੇ ਮਰਦੇ ਮੁਕਦੇ ਹਾਰ ਜਾਂਦੇ, ਤੇ ਲੁੱਟਾਂ ਮਾਰਾਂ ਤੇ ਓਪਰੀਆਂ ਹਕੂਮਤਾਂ ਦੇ ਤਸੀਹੇ ਭੋਗਦੇ ਸਨ। ਇਨ੍ਹਾਂ ਸਦਾ ਦੇ ਘੋਲਾਂ ਘਮਸਾਨਾਂ ਵਿਚ ਜਾਣ ਵਾਲੇ ਸੂਰਮੇ 'ਬੀਰ' ਕਹੇ ਜਾਂਦੇ ਸਨ। ਇਨ੍ਹਾਂ ਨੂੰ ਮੈਦਾਨਾਂ ਵਿਖ ਟੋਰਨ ਵੇਲੇ ਭੈਣਾਂ ਸ਼ਗਨਾਂ ਸੁਆਰਥਾਂ ਨਾਲ ਅਸ਼ੀਰਵਾਦਾਂ ਦੇ ਦੇ ਟੋਰਦੀਆਂ ਸਨ। ਬਿਜੈ ਪ੍ਰਾਪਤ ਜੀਉਂਦੇ ਵਾਪਸ ਆਏ ਵੀਰ ਭੈਣਾਂ ਦੇ ਸੁਆਗਤ ਨਾਲ ਘਰੀਂ ਵੜਦੇ। ਇਸ ਤਰ੍ਹਾਂ ਪੁਰਾਤਣ ਸਮੇਂ ਤੋਂ ਇਸ ਧਰਤੀ ਵਿਖ 'ਵੀਰ ਭੈਣ-ਪਜਾਰ' ਇਕ ਅਨੋਖਾ ਪਜਾਰ ਬਣ ਚੁਕਾ ਹੈ, ਪਰ ਜੋ ਪਜਾਰ ਭੈਣ ਨਾਨਕੀ ਤੇ ਵੀਰ ਨਾਨਕ ਵਿਚ ਹੋਇਆ ਹੈ ਉਹ ਅਦੁਤੀ ਪਜਾਰ ਹੋਇਆ ਹੈ। ਭੈਣ ਹੁਣ ਵੀਰ ਨੂੰ ਦੁਲਾਰਦੀ ਹੈ, ਪਜਾਰਦੀ ਹੈ, ਪੰਘੂੜੇ ਪਰ ਝੂਟੇ ਦਿੰਦੀ ਹੈ, ਕੁਛੜ ਚੁੱਕਕੇ ਖਿਡਾਉਂਦੀ ਹੈ, ਵਿਹੜੇ ਗਲੀ ਵਿਚ ਫਿਰਾਉਂਦੀ ਹੈ। ਸੁਆਉਣ ਵੇਲੇ ਮਾਂ ਦੇ ਨਾਲ ਨਾਲ ਲੋਰੀਆਂ ਗਾਉਂਦੀ ਹੈ:-

**ਸੋਵੋ ਮੇਰੇ ਲਾਲ ਨੀਂਦੀਆ ਬੁਲਾਵੇ,**
**ਸੋਵੋ ਮੇਰੇ ਬਾਲ ਨੀਨੋਂ ਗੋਦੀ ਖਿਲਾਵੇ।**

ਜਾਗਣ ਵੇਲੇ ਮਾਂ ਨਾਲ ਜਾਗ-ਲੋਰੀਆਂ ਗਾਉਂਦੀ ਹੈ:-

**ਜਾਗੋ ਮੇਰੇ ਵੀਰ! ਚਿੜੀਆ ਬਨ ਬੋਲੇ,**
**ਜਾਗੋ ਮੇਰੇ ਲਾਲ ਦਿਓ ਨੈਨਾਂ ਨੂੰ ਖੋਲੇ।**

ਮਾਂ ਕੰਮੇ ਕਾਜੇ ਲੱਗੇ ਤਾਂ ਬੀਬੀ ਵੀਰਨ ਨੂੰ ਝੋਲੀ ਲੈ ਬੈਠਦੀ ਹੈ। ਨਿੱਕੀਆਂ ਨਿੱਕੀਆਂ ਗੱਲਾਂ ਕਰਦੀ ਹੈ, ਮੱਥਾ ਚੁੰਮਦੀ ਹੈ, ਸਿਰ ਤੇ ਹੱਥ ਫੇਰਦੀ ਹੈ, ਦਰਸ਼ਨ ਕਰਦੀ ਹੈ, ਵਾਰਨੇ ਹੁੰਦੀ ਹੈ, ਕੋਈ ਨੇੜੇ ਨਾ ਹੋਵੇ ਤਾਂ ਦੁਇ ਹੱਥ ਜੋੜਦੀ ਹੈ, ਸਿਰ ਬੀ ਝੁਕਾਉਂਦੀ ਹੈ ਤੇ ਆਖਦੀ ਹੈ:-

ਧੰਨ ਧੰਨ ਦਾਤਾ ਤੂੰ! ਧੰਨ ਦਾਤਾ ਤੂੰ!

 www.sikhbookclub.com

ਪਿਤਾ ਜੀ ਦੇ ਅਤੁੱਟ ਪਿਆਰ, ਮਾਤਾ ਜੀ ਦੇ ਭਿੱਜਵੇਂ ਦੁਲਾਰਨ ਤੇ ਭੈਣ ਦੇ ਆਪਾ ਨੁਛਾਵਰ ਲਾਡਾਂ ਵਿਚ ਦੈਵੀ ਬਾਲਕ ਪਲਦਾ ਵਡਾ ਹੋ ਆਇਆ- 'ਬੇਦੀ ਕੁਲ ਦਾ ਬਾਲਕਾ, ਹਸਮੁਖ, ਸੁੰਦਰ, ਸਡੌਲ ਚਿਹਰਾ, ਮਥਾ ਚੌੜਾ, ਨੈਣ ਰਸੀਲੇ, ਬਾਹਾਂ ਲੰਮੀਆਂ ਗੋਡਿਆਂ ਤਕ ਲਮਕਦੀਆਂ।

ਜਦ ਇਹ ਅਨੋਖਾ ਬਾਲਕ ਵੱਡਾ ਹੋਇਆ ਤਾਂ ਲਿਖਿਆ ਹੈ:-

"ਵਡਾ ਹੋਆ ਲਗਾ ਬਾਲਕਾਂ ਨਾਲ ਖੇਡਣ, ਪਰ ਬਾਲਕਾਂ ਤੇ ਇਸ ਦੀ ਦ੍ਰਿਸ਼ਟਿ ਅਉਰ ਆਵੇ। ਆਤਮੇ ਅਭਿਆਸ ਪਰਮੇਸੁਰ ਕਾ ਕਰੇ। ਜਦ ਬਾਬਾ ਬਰਸਾਂ ਪੰਜਾਂ ਕਾ ਹੋਆ ਲਗਾ ਬਾਤਾਂ ਅਗਮ ਨਿਗਮ ਕੀਆ ਕਰਨ। ਜੋ ਕਿਛ ਬਾਤ ਕਰੇ ਸਮਝ ਕਰੇ, ਤਿਸ ਤੇ ਸਭ ਕਿਸੇ ਦੀ ਨਿਸਾ ਹੋਇ ਆਵੇ। ਹਿੰਦੂ ਕਹਨਿ ਕੋਈ ਦੇਵਤਾ ਸਰੂਪ ਪੈਦਾ ਹੋਇਆ ਹੈ, ਮੁਸਲਮਾਨ ਕਹਨਿ ਜੋ ਕੋਈ ਖੁਦਾਇ ਕਾ ਸਾਦਿਕ ਪੈਦਾ ਹੋਇਆ ਹੈ।"-ਪੁ:ਜ:ਸਾ:

## 6. ਦੈਵੀ ਬਾਲਕਾ

ਪੰਜ ਬਰਸ ਦੀ ਵਰੇਸ ਕੋਈ ਵਡੀ ਨਹੀਂ ਹੁੰਦੀ, ਪਰ ਇਹ ਦੈਵੀ ਬਾਲਕਾ ਜੋ ਗਲ ਬਾਤ ਕਰਦਾ ਹੈ ਹੈਰਾਨ ਕਰ ਦਿੰਦੀ ਹੈ। ਚੰਗੇ ਚੰਗੇ ਸਿਆਣੇ ਸੁਣਕੇ ਦੰਗ ਰਹਿ ਜਾਂਦੇ ਹਨ, ਹਿੰਦੂ ਮੁਸਲਮਾਨ ਦੋਇ ਮੰਨ ਜਾਂਦੇ ਹਨ ਕਿ ਕੋਈ ਅਚਰਜ ਹੈ ਏਥੇ। ਹੁਣ ਜਦ ਬਾਹਰ ਅੰਦਰ ਫਿਰਨ ਤੁਰਨ ਲਗ ਪਏ ਤਾਂ ਦਾਨ ਦਾ ਸੁਭਾਵ ਲੋਕਾਂ ਨੂੰ ਦਿਸਣ ਲਗ ਪਿਆ: ਆਏ ਸਾਧ ਫਕੀਰ ਨੂੰ ਖਾਲੀ ਨਾ ਮੋੜਨਾ, ਬਾਹਰ ਜਾਣਾ, ਕੁਛ ਪਾਸ ਹੋਵੇ ਤਾਂ ਮੰਗਣ ਵਾਲੇ ਨੂੰ ਦੇ ਦੇਣਾ। ਛੋਟਾ ਮੋਟਾ ਦੇਣ ਲੈਣ ਤਾਂ ਬੱਚੇ ਦੇ ਗੁਣਾਂ ਵਿਚ ਗਿਣੀਂਦਾ ਰਿਹਾ, ਪਰ ਜਦ ਵਧੇਰੇ ਦਾਨ ਵਲ ਹੱਥ ਵਧਿਆ ਤਾਂ ਪਿਤਾ ਨੂੰ ਫਿਕਰ ਵਧਿਆ, ਸੋਚਾਂ ਵਿਚ ਪੈ ਜਾਇਆ ਕਰੇ ਤੇ ਫੇਰ ਠਾਕਣ ਬੀ ਲਗ ਪਿਆ। ਜੇ ਕਿਸੇ ਠਾਕ ਵੇਲੇ ਉਦਾਸ ਚਿਹਰਾ ਹੋ ਜਾਏ ਤਾਂ ਭੈਣ ਆ ਗਲ ਲਾਵੇ ਤੇ ਪਿਆਰ ਕਰੇ। ਸਤ ਵਰ੍ਹੇ ਦੇ ਲਗ ਪਗ ਜਦ ਹੋਣ ਲਗੇ ਤਾਂ ਪਿਤਾ ਨੇ ਸੋਚਿਆ ਕਿ ਪੰਜ ਵਰਸ ਤਕ ਲਾਡ ਹੁੰਦਾ ਹੈ ਤੇ ਛੇਵੇਂ ਤਾੜਨਾ ਲਿਖਿਆ ਹੈ, ਅਸਾਂ ਲਾਡ ਦੇ ਦਿਨ ਵਧਾਏ, ਤਦੇ ਬੱਚੇ ਦੇ ਚਲਣ ਘਰ ਲੁਟਾਉਣ ਤੇ ਵਿਹਲਿਆਂ ਸਾਧਾਂ ਫਕੀਰਾਂ ਨਾਲ ਮਿਲਨ ਗਿਲਨ ਦੇ ਹੋ ਗਏ ਹਨ। ਹੁਣ ਪੜ੍ਹਨੇ ਪਾਈਏ, ਜੇ ਤਾੜਨਾ ਦੀ ਲੋੜ ਪਵੇ ਤਾਂ ਉਸਤਾਦ ਕਰੇ ਸਾਡਾ ਲਾਡ ਕਰੜਾਈ ਨਾ ਪਕੜੇ।

## 7. ਪਾਂਧਾ

ਸੋ ਇਕ ਦਿਨ ਮਹੂਰਤ ਕਢਾਕੇ ਕੁਛ ਪ੍ਰਸ਼ਾਦ ਨਾਲ ਲੈਕੇ ਸ੍ਰੀ ਕਾਲੂ ਜੀ ਅਪਣੇ ਬੱਚੇ ਨੂੰ ਪਾਂਧੇ ਪਾਸ ਲੈ ਗਏ ਤੇ ਪੜ੍ਹਨ ਬਿਠਾ ਆਏ। ਸੋ ਆਪ ਪਾਂਧੇ ਦੇ ਜਾਂਦੇ ਰਹੇ। ਪੰਡਿਤ ਨੇ ਪਹਿਲਾਂ ਅੱਖਰ ਪਾ ਦਿਤੇ, ਆਪ ਉਸੀ ਤਰ੍ਹਾਂ ਪਟੀ ਲਿਖਣ ਲਗ ਪਏ।

ਇਕ ਦਿਨ ਪਾਂਧੇ ਨੇ ਆਵਾਜ਼ ਦਿਤੀ- "ਨਾਨਕ! ਤੂੰ ਅੱਜ ਪੱਟੀ ਨਹੀਂ ਦਿਖਾਈ!" ਇਕ ਖਾਸ ਰੰਗ ਨਾਲ ਅਨੋਖਾ ਵਿਦਿਆਰਥੀ ਉੱਠਿਆ, ਆ ਪਾਂਧੇ ਦੇ ਹਥ ਇਕ ਪੱਟੀ ਦਿੱਤੀ। ਪਾਂਧਾ ਪੱਟੀ ਲੈਕੇ ਦੇਖੇ ਤਾਂ ਅੱਖਰ ਹਨ ਟਾਕਰੇ ਜੋ ਸਿਖਾਏ ਸਾਸੁ, ਪਰ ਲਿਖਿਆ ਕੀ ਹੈ? ਜੋ ਨਾਨਕ ਪੜ੍ਹਿਆ ਸੀ? ਨਹੀਂ, ਉਹ ਤਾਂ ਕੁਛ ਹੋਰ ਹੈ। ਪਾਂਧਾ ਪੜ੍ਹਨ ਲੱਗਾ, ਇਕ ਇਕ ਅੱਖਰ ਦੇ ਅੱਗੇ ਪਰਮਾਰਥੀ ਅਖਰਾਂ ਦੀ ਬਾਣੀ ਲਿਖੀ ਹੋਈ:- ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ। (ਰਾਗ ਆਸਾ ਮ:1) (ਇਹ ਪਟੀ ਰਾਗ ਆਸਾ ਵਿਚ ਹੈ ਤੇ ਉਤੇ ਲਿਖਿਆ ਹੈ-ਪਟੀ ਲਿਖੀ।) ਪੱਟੀ ਪੜ੍ਹਕੇ ਪਾਂਧੇ ਨੂੰ ਆਪਣੀ ਸਟੀ ਪਟੀ ਸਾਰੀ ਭੁੱਲ ਗਈ। ਹੈਰਾਨ ਹੋਕੇ ਕਦੇ ਚਿਹਰੇ ਵਲ, ਕਦੇ ਚਰਨਾਂ ਵਲ ਤੱਕੇ।

ਇਕ ਦਿਨ ਪਾਂਧੇ ਨੇ ਕਿਹਾ- ਕਾਕਾ! ਵਿਹਲਾ ਕਿਉਂ ਬੈਠਾ ਹੈਂ? ਰਬੀ ਬਾਲਕਾ ਬੋਲਿਆ- ਪੜ੍ਹਨਾ ਸੁਨਣਾ ਸਭ ਬਾਦ ਹੈ ਬਿਨਾ ਪਰਮੇਸੁਰ ਦੇ ਨਾਮ ਦੇ.....। ਪਾਂਧੇ ਆਖਿਆ-ਨਾਮ ਦਾ ਪੜ੍ਹਨਾ ਕੀਕੂੰ ਦਾ ਹੈ ਤਾਂ ਆਪ ਜੀ ਨੇ ਉਚਾਰਨ ਕੀਤਾ:-

ਮੋਹ ਨੂੰ ਸਾੜਕੇ ਸ਼ਾਹੀ ਬਣਾ, ਮਤ ਨੂੰ ਸੁਧ ਕਰਕੇ ਕਾਗਜ਼ ਬਣਾ, ਪ੍ਰੇਮ ਨੂੰ ਲਿੱਖਣ ਬਣਾ, ਚਿਤ ਨੂੰ ਲਿਖਾਰੀ ਬਣਾ ਤੇ ਗੁਰੂ ਤੋਂ ਉਪਦੇਸ਼ ਲੈਕੇ ਲਿਖ। ਕੀਹ ਲਿਖ-ਪਰਮੇਸ਼ਰ ਦੀ ਸਿਫ਼ਤ ਸਲਾਹ ਤੇ ਉਸਦਾ ਨਾਮ। ਇਹ ਸੱਚਾ ਲੇਖਾ ਹੈ, ਜਿਸ ਲਿਖਿਆਂ ਸਚਾ ਨੀਸਾਣ ਬਣਕੇ ਜੀਵ ਦੇ ਨਾਲ ਜਾਵੇਗਾ(ਇਹ ਟੀਕਾ ਹੈ ਸਬਦ ਸਿਰੀ ਰਾਗੁ ਮਹਲੁ1 ਦਾ- ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥)

'ਹੇ ਪੰਡਿਤ ਜੇ ਇਹੁ ਲੇਖਾ ਪੜਿਆ ਹੈਂ ਤਾਂ ਪੜ੍ਹ ਅਰ ਮੁਝ ਕਉ ਭੀ ਪੜਾਇ ਨਾਹੀ ਤਾਂ ਨਾ ਪੜਾਇ।' ਤਬਿ ਪੰਡਿਤੁ ਹੈਰਾਨ ਹੋਇ ਗਇਆ, ਨਮਸਕਾਰ ਕੀਤੋ ਸੁ ਜੁ ਕੋਈ ਪੂਰਾ ਹੈ, ਬੋਲਿਆ-'ਜੋ ਤੇਰੇ ਆਤਮੈ ਆਉਂਦੀ ਹੈ ਸੋ ਕਰੁ।'-ਪੁ:ਜ:ਸਾਖੀ

## 8. ਪੰਡਿਤ

ਹੁਣ ਰਬ ਜੀ ਦੇ ਅੰਤਰ ਆਤਮੇ ਸੰਦੇਸੇ ਲਖਣ ਵਾਲੇ ਤੇ ਵਣਾਂ ਜੂਹਾਂ ਵਿਚ ਰਬ ਜੀ ਦੇ ਸੱਦ ਸੁਣਨ ਵਾਲੇ ਬਾਲਕੇ ਨੇ ਪਾਂਧੇ ਜਾਣਾ ਛਡ ਦਿਤਾ। ਬੈਠਾ ਤਾਂ ਬੈਠਾ ਹੀ ਰਹੇ, ਸੌਵੈ ਤਾਂ ਸੋਇਆ ਹੀ ਰਹੇ, ਫਕੀਰਾਂ ਨਾਲ ਮਜਲਸ ਕਰੇ! ਪਿਤਾ ਜੀ ਫੇਰ ਉਦਾਸ ਹੋ ਗਏ ਕਿ ਪਾਂਧੇ ਪਾਇਆ ਸੀ ਪੜ੍ਹਨ ਦੇ ਆਹਰੇ ਲਗੇਗਾ, ਪਰ ਇਸ ਦੇ ਫੇਰ ਉਹੋ ਚਾਲੇ, ਉਹੋ ਰਾਹ, ਵਿਹਲ, ਅੱਖਾਂ ਮੀਟਣੀਆਂ, ਸੌਣਾ, ਬਨ ਤੇ ਰਮਤੇ ਸਾਧਾਂ ਫਕੀਰਾਂ ਨਾਲ ਗੋਸਟਾਂ। ਕਦੇ ਪਜਾਰ ਨਾਲ ਸਮਝਾਵੇ, ਕਦੇ ਗੁੱਸੇ ਗਿਲੇ ਨਾਲ ਮੱਤ ਦੇਵੇ। ਮਾਂ ਬੀ ਆਖੇ ਵੇਖੇ ਜੋ ਪਿਤਾ ਜੀ ਨੂੰ ਗੁੱਸੇ ਦਾ ਸਮਾਂ ਨਾ ਮਿਲੇ, ਪਰ ਬੀਬੀ ਕੁਛ ਨਾ ਆਖੇ, ਜੇ ਆਖੇ ਤਾਂ ਪਜਾਰ ਤੇ ਸਤਿਕਾਰ ਦੇ ਵਾਕ, ਜੇ ਕਦੇ ਮਾਤਾ ਪਿਤਾ ਦੀ ਝਿੜਕ ਝੰਬ ਨਾਲ ਉਦਾਸੀ ਆਵੇ ਤਾਂ ਭੈਣ ਦਰਦ ਵੰਡਾਵੇ ਤੇ ਇਨਸਾਨੀ ਖਜਾਲ ਦੇ ਨੁਕਤੇ ਤੋਂ ਇਕ ਮਨ ਨੂੰ ਧਿਰਵਾਸ ਦੇਣ ਵਾਲਾ ਆਸਰਾ ਬਣ ਖਲੋਵੇ। ਰਬੀ ਬਾਲਕੇ ਜੀ ਬੀ ਭੈਣ ਨਾਲ ਦਿਲ ਦੀ ਲੈ ਦੇ ਲੈਣ, ਪਰ ਜੋ ਉਨ੍ਹਾਂ ਦਾ ਮਰਮ ਨਾ ਸਮਝਣ ਉਨ੍ਹਾਂ ਨਾਲ ਸਤਿਕਾਰ ਵਾਲੀ ਚੁਪ ਧਾਰੀ ਰੱਖਣ।

ਤਾਂ ਮਹਿਤਾ ਕਾਲੂ ਇਕ ਦਿਨ ਬ੍ਰਿਜਨਾਥ ਪੰਡਿਤ(ਪੰਡਿਤ ਬ੍ਰਿਜਨਾਥ ਦੇ ਸੰਸਕ੍ਰਿਤ ਪੜ੍ਹਨ ਬਿਠਾਏ ਤਵਾਰੀਖਾਂ ਨੇ ਲਿਖਿਆ ਹੈ।) ਦੇ ਲੈ ਗਿਆ। ਪੰਡਿਤ ਨੇ ਹੁਣ ਸੰਸਕ੍ਰਿਤ ਅੱਖਰ ਪਾ ਦਿਤੇ, ਉਹਨਾਂ ਦਾ ਉਠਣਾ, ਬੈਠਣਾ, ਬੋਲ, ਚੁਪ ਤੱਕਣ ਲੱਗਾ, ਮੱਥੇ ਦਾ ਪ੍ਰਭਾਉ, ਅੰਦਰ ਆਏ ਤੇ ਸੁਖ ਦੀ ਪ੍ਰਤੀਤੀ, ਮ੍ਰਿਦੁਲਤਾ ਵੇਖੇ ਤੇ ਅਚਰਜ ਹੋਵੇ, ਕਿ ਜੋ ਪੜ੍ਹਾਵੇ ਉਹ ਬਿਨ ਦੇਰ ਉਹਨਾਂ ਨੂੰ ਆ ਜਾਵੇ। ਇਕ ਦਿਨ ਗੁਰੂ ਜੀ ਅਪਣੇ ਵਿਹੜੇ ਵਿਚ ਇਕ ਕਾਗਤ ਲਈ ਬਾਲਕਾਂ ਵਿਚ ਖੜੇ ਸਨ ਕਿ ਮਹਿਤੇ ਆ ਪੁੱਛਿਆ, 'ਬੇਟਾ ਜੀਓ! ਇਹ ਕੀ ਲਈ ਫਿਰਦੇ ਹੋ?' ਆਪ ਨੇ ਦੱਸਿਆ ਕਿ ਸਪਤ ਸ਼ਲੋਕੀ ਗੀਤਾ ਹੈ।' ਮਹਿਤੇ ਨੇ ਪੁਛਿਆ- ਵਾਚ ਲੈਂਦੇ ਹੋ? ਆਖਣ ਲਗੇ, 'ਹਾਂ'। ਅਚਰਜ ਹੋਕੇ ਮਹਿਤਾ ਜੀ ਬਾਲਕ ਨੂੰ ਨਾਲ ਲੈ ਪੰਡਿਤ ਦੇ ਚਲੇ ਗਏ। ਆਖਣ ਲੱਗੇ- 'ਲਾਲ ਇਹ ਪੱਤ੍ਰਾ ਲਈ ਫਿਰਦਾ ਸੀ ਆਖਦਾ ਹੈ ਇਹ ਸਪਤ ਸਲੋਕੀ ਗੀਤਾ ਹੈ ਤੇ ਅਰਥ ਵੀ ਕਰਨ ਜਾਣਦਾ ਹੈ(ਜ:ਸਾ:ਬਾ:।), ਤੁਸੀਂ ਸੁਣੋ ਸੁ' ਤਾਂ ਅਸਚਰਜ ਹੋਕੇ ਪੰਡਿਤ ਸੁਣਨ


www.sikhbookclub.com

ਲੱਗਾ। ਜਗਤ ਦੇ ਉਸਤਾਦ ਸ਼ਿਸ਼ ਨੇ ਪੱਤ੍ਰਾ ਪੜ੍ਹ ਦਿਤਾ ਤੇ ਅਰਥ ਕਰ ਦਿਤੇ। ਪੰਡਿਤ ਟਕ ਬੰਨੀ ਚਿਹਰੇ ਵਲ ਦੇਖ ਰਿਹਾ ਸੀ, ਨੂਰ ਦੀ ਪ੍ਰਭਾ ਸੀਸ ਦੁਆਲੇ ਮੰਡਲਾ ਰਹੀ ਸੀ, ਪਾਠ ਅਰਥ ਮੁਕ ਗਿਆ ਤੇ ਫੇਰ ਮਿੱਠੇ ਮਿੱਠੇ ਲਬਾਂ ਚੋਂ ਆਵਾਜ਼ ਆਈ:- 'ਪਰ ਪੰਡਿਤ ਜੀ! ਕਲਿਆਨ ਕੀਰਤਨ ਵਿਚ ਹੈ।' ਪੰਡਿਤ ਦੇ ਅਸਚਰਜ ਵਿਚ ਪਥਰਾਏ ਨੈਣ ਤੱਕਦੇ ਤੱਕਦੇ ਰਹਿ ਗਏ, ਮਾਨੋਂ ਬੁੱਤ ਹੋ ਗਿਆ, ਹੱਥ ਜੁੜੇ ਤੇ ਚਰਨਾਂ ਤੇ ਢਹਿ ਪਿਆ:-

ਪਰ ਰੱਬੀ ਬਾਲਕਾ ਇਸਤੋਂ ਪਹਿਲੇ ਬਿਜਲੀ ਦੇ ਲਿਸ਼ਕਾਰੇ ਵਾਂਙੂ ਨਿਕਲ ਗਿਆ ਸੀ। ਜਾਂ ਮਹਿਤਾ ਜੀ ਘਰ ਆਏ ਤਾਂ ਆਪ ਅੱਗੇ ਬਾਲਕਾਂ ਨਾਲ ਖੇਲ ਰਹੇ ਸਨ, ਨੱਸ ਰਹੇ ਸਨ, ਹੱਸ ਰਹੇ ਸਨ, ਰੱਸ ਰਹੇ ਸਨ, ਰੁੱਖ ਤੇ ਚੜ੍ਹ ਉਤਰ ਰਹੇ ਸਨ, ਛਾਲਾਂ ਮਾਰ ਰਹੇ ਸਨ। ਇਕ ਛੂਟ ਕਰਕੇ ਬਾਹਰ ਨੂੰ ਦੌੜੇ ਤਾਂ ਸਾਰੇ ਬੱਚੇ ਮਗਰੇ ਦੌੜੇ। ਸ਼ਾਮਾਂ ਹੋ ਗਈਆਂ, ਦੌੜ ਕੇ ਘਰ ਗਏ, ਮਗਰੇ ਬਾਲਕੇ ਵਿਹੜੇ ਵਿਚ ਆ ਗਏ, ਆਪ ਨੇ ਪੰਗਤ ਲਾ ਦਿਤੀ, ਮਾਤਾ ਦਾ ਪੱਕਾ ਤੇ ਪੱਕ ਰਿਹਾ ਅੰਨ ਪਾਣੀ ਸਭ ਖੁਲਾ ਦਿੱਤਾ ਤੇ ਰਜਾ ਕੇ ਸਭੇ ਘਰੋ ਘਰੀ ਟੋਰੇ(ਗੁ:ਚ::)।

ਇਹ ਰੰਗ ਮਾਤਾ ਪਿਤਾ ਨੂੰ ਭਾਉਂਦੇ ਸਨ। ਭੈਣ ਤਾਂ ਹਰ ਰੰਗ ਤੇ ਵੀਰਨ ਤੋਂ ਵਾਰਨੇ ਜਾਂਦੀ ਸੀ, ਪਰ ਇਸ ਖੇੜੇ ਦੇ ਰੰਗਾਂ ਵਿਚ ਉਹ ਵਧੇਰੇ ਪ੍ਰਸੰਨ ਹੁੰਦੀ ਸੀ, ਕਿਉਂਕਿ ਇਸ ਨਾਲ ਮਾਤਾ ਪਿਤਾ ਬੀ ਖਿੜਦੇ ਤੇ ਖੁਸ਼ ਹੁੰਦੇ ਸਨ, ਪਰ ਥੋੜੇ ਹੀ ਦਿਨਾਂ ਵਿਚ ਇਹ ਰੰਗ ਫੇਰ ਪਲਟ ਗਿਆ, ਫੇਰ ਉਦਾਸੀਆਂ ਨੇ ਆ ਡੇਰੇ ਲਾਏ।

### 9. ਕੁਦਰਤੀ ਇਲਮ

ਉਸ ਮਹਾਨ ਆਤਮਾ ਨੂੰ ਜੋ ਕੁਦਰਤ ਨਾਲ ਇਕਸੁਰ ਸੀ, ਜੋ ਕੁਦਰਤ ਵਿਚ ਰਚਨਾਂ ਦਾ ਉਮਾਹ ਤੱਕਦੀ ਸੀ, ਹਾਂ ਉਸਨੂੰ ਬਨ ਦੀ ਏਕਾਂਤ, ਚਿੜੀਆਂ ਦੇ ਚਿਹਚਿਹੇ, ਹਰਟਾਂ ਦੀ ਗੂੰਜ, ਅਕਾਸ਼ ਦੇ ਨੀਲ, ਸੂਰਜ ਦੀ ਟਿੱਕੀ ਦੇ ਧਰਤੀ ਵਿੱਚੋਂ ਮਿੱਠੇ ਮਿੱਠੇ ਜਲਾਲ ਵਿਚ ਚੜ੍ਹਾਉ, ਰਾਤ ਦੀ ਭਿੰਨੀ ਭਿੰਨੀ ਸੁੰਦਰਤਾ ਵਿਚ ਤਾਰਾ ਮੰਡਲ ਤੋਂ ਵੱਸ ਰਹੇ ਸੁਹਾਉ, ਚੰਦ ਤੋਂ ਧਰਤੀਆਂ ਦੇ ਫਰਸ਼ਾਂ ਤੇ ਆਕੇ ਵਿਛ ਰਹੀ ਚਾਂਦਨੀ ਦੇ ਲਹਿਰਾਉ, ਆਪਣੇ ਸੂਖਮ ਤੇ ਤਰਲ ਸੁੰਦਰਤਾ ਦੇ ਤ੍ਰੰਗਾਂ ਵਿਚ ਲੀਨ ਕਰਦੇ ਤੇ ਚਾਉ ਵਿਚ ਚਾਉ

ਵਾਲਾ ਕਰਕੇ ਸਰੂਰਾਂ ਵਿਚ ਲੈ ਜਾਂਦੇ ਸਨ, ਪਰ ਉਹ ਲੁਭਾਇਮਾਨ ਕਰਨ ਵਾਲੀ ਤੇ ਜਗਤ ਤੋਂ ਉੱਚੀ ਲੈ ਜਾਣ ਵਾਲੀ ਕੁਦਰਤ ਉਨ੍ਹਾਂ ਨੂੰ ਅਪਣੇ ਵਿਚ ਹੀ ਨਹੀਂ ਸੀ ਰੱਖ ਲੈਂਦੀ, ਉਨ੍ਹਾਂ ਨੂੰ ਓਸ ਟਿਕਾਣੇ ਇਹ ਕੁਦਰਤ 'ਕਿਸੇ ਸੁੰਦਰਤਾ ਦੇ ਅਸਲੇ' ਅੱਗੇ-ਉਸੇ ਸੁੰਦਰਤਾ ਦੇ ਕਿਸੇ ਆਭਾਸ ਤੋਂ ਬਣਿਆਂ-ਪਰਦਾ ਦੀਹਦੀ ਸੀ ਤੇ ਪਰਦੇ ਤੋਂ ਪਾਰ ਅਸਲੇ ਵਿਚ ਲੀਨ ਹੋਣ ਦਾ ਰਾਹ ਦਿੰਦੀ ਸੀ। ਕਦੇ ਰੰਗ ਚੜ੍ਹਦਾ ਸੀ ਕੁਦਰਤ ਤੇ ਉਮਾਹ ਦਾ, ਰਚਨਾਂ ਦੇ ਹੁਲਾਰੇ ਤੇ ਖੁਸ਼ੀਆਂ ਦਾ, ਕੁਦਰਤ ਵਿਚ ਵੱਸ ਰਹੇ ਸੁਖ ਚਾਉ ਤੇ ਸੁੰਦਰਤਾ ਦੀ ਪਿਆਰੀ ਪਿਆਰੀ ਵਜ ਰਹੀ ਸੁਰ ਦਾ, ਹਾਂ, ਉਸ ਕੁਦਰਤ ਵਿਚ ਵਸ ਰਹੀ ਦਿੱਸਦੀ ਸੀ:- ਉਸ ਕੁਦਰਤ ਦੀ 'ਅਸਲੀਅਤ' ਜਿਸਦੇ ਉਹ ਆਸਰੇ ਸੀ ਤੇ ਜਿਸਦਾ ਉਹ ਵਿਕਾਸ਼ ਸੀ। ਕਦੇ ਸੁਰਤ ਸੁਰ ਹੋਈ ਉਸ ਅਸਲੇ ਨਾਲ, ਜੋ ਕੁਦਰਤ ਵਿਚ ਵਸਦਾ, ਕੁਦਰਤ ਦੇ ਪਿੱਛੇ ਵੱਖ ਅਕੇਲਾ, ਤਾਕੋ ਤਾਕ, ਸਭ ਤੋਂ ਉੱਚਾ, ਸੁੱਚਾ ਤੇ ਪਾਕ, ਅਡੋਲ ਅਪਣੀ ਅਡੋਲਤਾ ਵਿਚ ਇਸਥਿਤ ਹੈ, ਹਾਂ, ਇਸ ਅਸਲੇ ਵਿਚ ਲੀਨ ਹੋ ਜਾਂਦੀ ਸੀ, ਜੋ ਕਾਰਣ ਹੈ ਕੁਦਰਤ ਦਾ, ਜੋ ਕਾਦਰ ਹੈ ਸਾਰੀ ਕੁਦਰਤ ਉਤੇ। 'ਅਲੱਖ ਅਰੀਮ ਅਰੂਪ' ਰੂਪ ਵਿਚ ਨੌਜਵਾਨ ਰੱਬੀ ਬਾਲਕਾ ਸਦਾ ਵਸਦਾ ਸੀ, ਤਾਰੀਆਂ ਲਾਂਦਾ ਤੇ ਗੋਤੇ ਮਾਰਦਾ ਸੀ।

## 10. ਫਾਰਸੀ ਦਾ ਉੱਦਮ

ਇਹ ਹਾਲ ਦੇਖਕੇ ਸ੍ਰੀ ਕਾਲੂ ਜੀ- ਜਿਨ੍ਹਾਂ ਨੂੰ ਲੋਕੀ ਮਹਿਤਾਜੀ ਕਰਕੇ ਕੁਆਉਂਦੇ ਸਨ-ਦਿਲਗੀਰ ਹੁੰਦੇ ਸਨ ਕਿ ਮਤੇ ਪੁਤ ਸਾਧ ਹੋਕੇ ਘਰੋਂ ਨਾ ਨਿਕਲ ਜਾਵੇ। ਅਚਾਨਕ ਇਕ ਦਿਨ ਰਾਇ ਬੁਲਾਰ ਨੇ ਸਲਾਹ ਦਿਤੀ ਕਿ ਹੇ ਕਾਲੂ! ਤੂੰ ਪੁਤ੍ਰ ਨੂੰ ਫਾਰਸੀ ਪੜ੍ਹਾਉਣ ਉਸਤਾਦ ਪਾਸ ਲੈ ਜਾਹ, ਕੀਹ ਜਾਣੀਏ ਫਾਰਸੀ ਪੜ੍ਹਕੇ ਉਸਟੱਗੀ ਪਕੜ ਆਵੇ, ਫਾਰਸੀ ਪੜ੍ਹ ਗਿਆ ਤਾਂ ਖਰਾ ਮੁਨਸ਼ੀ ਬਣ ਜਾਵੇਗਾ। ਸੋ ਮਹਿਤਾ ਜੀ ਫਾਰਸੀ ਦੇ ਉਸਤਾਦ ਪਾਸ ਲੈ ਗਏ। ਕੁਛ ਦਿਨ ਆਪ ਜਾਂਦੇ ਰਹੇ, ਕਵੀ ਸੰਤੋਖ ਸਿੰਘ ਜੀ ਲਿਖਦੇ ਹਨ:-

**ਸਿਫਤ ਪ੍ਰਕਾਸ਼ ਭਈ ਕਾਲੂ ਸੁਤ ਬੁਧਿ ਰਾਸ**
**ਪਾਰਸੀ ਇਲਮ ਜੋ ਕਠਨ ਸੀਖਜੋ ਬੇਗ ਹੀ।**

ਕੁਛ ਚਿਰ ਪੜ੍ਹਦੇ ਰਹੇ, ਪਰ ਫੇਰ ਉਦਾਸੀ ਨੇ ਰੰਗ ਆ ਜਮਾਇਆ। ਉਸਤਾਦ ਨੇ ਪੁਛਿਆ-ਹੇ ਨਾਨਕ! ਤੂੰ ਹੁਣ ਪੜ੍ਹਦਾ ਘੱਟ ਹੈਂ, ਆਉਂਦਾ ਬੀ ਵੇਲੇ ਸਿਰ ਨਹੀਂ, ਕੀਹ ਤੂੰ ਪੜ੍ਹਨਾ ਨਹੀਂ ਚਾਹੁੰਦਾ? ਆਪ ਬੋਲੇ: ਪੜ੍ਹ ਰਿਹਾ ਹਾਂ। ਤਾਂ ਮੁਲਾਂ ਨੇ ਪੁਛਿਆ: ਕੀਹ ਪੜ੍ਹਦੇ ਹੋ? ਆਪ ਨੇ ਇਕ ਸੀਹਰਫੀ ਜੋ ਲਿਖੀ ਸੀ, ਮੁੱਲਾਂ ਦੇ ਹਥ ਦਿਤੀ। ਉਸ ਨੇ ਵਾਚੀ ਤੇ ਦੰਗ ਰਹਿ ਗਿਆ ਕੀਕੂੰ ਇਕ ਇਕ ਹਰਫ ਲੈਕੇ ਮਾਰਫਤ ਦੇ ਨੁਕਤੇ ਹਲ ਕੀਤੇ ਹਨ(ਇਹ ਸੀਹਰਫੀ ਗੁੰਮ ਦਸੀਦੀ ਹੈ।)।

ਹੁਣ ਫੇਰ ਰੰਗ ਵਟੀਜਿਆ ਤੇ ਫੇਰ ਮਗਨਤਾ ਵਿਚ ਗੁੰਮ ਰਹਿਣ ਲਗ ਪਏ, ਯਾ ਬਨ ਜਾ ਬੈਠਣ, ਯਾ ਘਰ ਲੰਮੀ ਤਾਣਕੇ ਪਏ ਰਹਿਣ, ਨਾ ਕੂਣਾ ਨਾ ਸਹਣਾ; ਬੀਬੀ ਨੇ ਬੁਲਾਉਣਾ ਤਾਂ ਖੁੱਲ੍ਹਕੇ ਗੱਲ ਨਾ ਕਰਨੀ, ਘੂਰਮ ਜੇਹੀ ਹਾਲਤ ਵਿੱਚੋਂ ਕੁਛ ਬੋਲਣਾ ਤੇ ਫੇਰ ਘੂਰਮ ਹੋ ਜਾਣਾ। ਮਹਿਤਾ ਜੀ ਨੂੰ ਪਰਵਾਰ ਦੇ ਲੋਕਾਂ ਨੂੰ ਵੀਚਾਰ ਫੁਰੀ ਕਿ ਰਾਤ ਬਿਰਾਤੇ ਬਨੀਂ ਫਿਰਦਿਆਂ ਕੋਈ ਆਸੇਬ ਹੋ ਗਿਆ ਹੈ, ਸੋ ਮੁੱਲਾਂ ਨੂੰ ਸਦਵਾਯਾ ਗਿਆ।

ਮੁੱਲਾਂ ਨੇ ਆਕੇ ਬਹੁਤ ਯਤਨ ਕੀਤੇ, ਪਰ ਉਹ ਜਿਵੇਂ ਪਏ ਸਨ, ਅੱਖਾਂ ਮੀਟ ਕੇ ਪਏ ਹੀ ਰਹੇ! ਜਦ ਮੁੱਲਾਂ ਹਾਰ ਗਿਆ ਤਾਂ ਉਸਨੇ ਹੌਲੇ ਜਿਹੇ ਕਿਹਾ, ਨਾਨਕ! ਜਿਸ ਸਾਈਂ ਦਾ ਤੂੰ ਪਿਆਰਾ ਹੈਂ, ਉਸਦੇ ਸਦਕੇ ਇਕ ਵੇਰੀ ਤਾਂ ਉਠ ਬੈਠ। ਆਪਣੇ ਪਿਆਰੇ ਦਾ ਵਾਸਤਾ ਸੁਣਦੇ ਸਾਰ ਆਪ ਉਠ ਬੈਠੇ, ਤੇ ਅਰਸ਼ਾਂ ਵਲ ਤੱਕ ਕੇ ਬੋਲੇ:-

**ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥**
**ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ॥੧॥**
**ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ॥**
(ਤਿਲੰ:ਮ:੧)

ਇਹ ਉਚਾਰਕੇ ਆਪ ਨੇ ਮੁੱਲਾਂ ਨੂੰ ਸਮੋਧ ਕੀਤਾ ਕਿ ਆਯੂ ਐਉਂ ਬਿਰਥਾ ਜਾ ਰਹੀ ਹੈ, ਸੰਭਾਲੋ। ਹੁਣ ਮੁੱਲਾਂ ਬੋਲਿਆ:-

**ਚਰਨ ਸਰਨ ਮੈ ਕੀਨੋ ਪਰਨਾ। ਹਰਹੁ ਮੋਹਿ ਜਗ ਜਨਮ ਜੁ ਮਰਨਾ।**
**ਬ੍ਰਿੱਧਨ ਤੇ ਤੁਮ ਬ੍ਰਿੱਧ ਵਡੇਰੇ। ਕਰ ਉਪਦੇਸ ਕਟਹੁ ਦੁਖ ਮੇਰੇ।**
(ਗੁ:ਨਾ: ਪ੍ਰਕਾਸ਼)

ਆਪ ਨੇ ਉਪਦੇਸ਼ ਦਿਤਾ:-

**ਸਤਿਨਾਮ ਇਕ ਚਿੱਤ ਲਿਵਲਾਈ।**
**ਜਪਹੁ ਦੇਹਿ ਅਭਿਮਾਨ ਗਵਾਈ।**
**ਸਤਿਸੰਗਤ ਕੀ ਸੇਵ ਅਭੰਗਾ।**
**ਕਰਹੁ ਸੁਖਦ ਨਿਤ ਸੰਗ ਉਮੰਗਾ**
(ਗੁ:ਨਾ:ਪ੍ਰ:)

ਮੁੱਲਾਂ ਰਾਜ਼ੀ ਕਰਨ ਆਯਾ ਆਪ ਰਾਜ਼ੀ ਹੋਕੇ ਟੁਰ ਗਿਆ।

ਕਦੇ ਅਗੰਮ ਅਕਹਿ ਖੇੜੇ ਤੇ ਕਦੇ ਮੋਨ ਚੁਪ ਧਾਰਕੇ ਪੈ ਰਹਿਣਾ, ਦੋ ਰੰਗ ਅਸਚਰਜ ਸਨ। ਜਾਪਦਾ ਹੈ ਕਿ ਉਨ੍ਹਾਂ ਦੇ ਅਪਣੇ ਰੂਹਾਨੀ ਹੁਲਾਰੇ, ਰਚਨਾ ਦੇ ਰਸ ਰੰਗ, ਕੁਦਰਤ ਦੇ ਸੁਹਜ, ਕਾਦਰ ਦੀਆਂ ਅੰਦਰੋਂ ਬਾਹਰੋਂ ਛੋਹਾਂ ਤਾਂ ਉਨ੍ਹਾਂ ਨੂੰ ਅੰਦਰਲੇ ਦੇ ਉੱਚੇ ਚਾਉ ਵਿਚ ਰਖਦੀਆਂ ਸਨ, ਪਰ ਜਗ਼ਤ ਦਾ ਦੁਖ, ਜਗਤ ਜਲੰਦੇ ਦੀ ਪੀੜਾ, ਇਹ ਕਿਵੇਂ ਦੂਰ ਹੋਵੇ? ਉਹਨਾਂ ਨੂੰ ਚੁਪ ਤੇ ਕਈ ਕਈ ਦਿਨ ਗੁੰਮ ਪਏ ਰਹਿਣ ਵਾਲੀ ਅਵਸਥਾ ਵਿਚ ਲੈ ਲੈ ਜਾਂਦੀਆਂ ਸਨ।

## 11. ਮੱਝੀਆਂ ਛੇੜੂ।

ਇਕ ਦਿਨ ਬੀਬੀ ਨੇ ਕਿਹਾ ਮਿਠੇ ਵੀਰਨ! ਤੁਸਾਂਨੂੰ ਤੇ ਤੁਸਾਂ ਦੇ ਰੰਗਾਂ ਨੂੰ ਸਿਆਣਦਾ ਕੋਈ ਨਹੀਂ, ਮੇਰੀ ਸਮਝੇ ਪੈਂਦਾ ਹੈ ਕਿ ਤੁਸੀਂ ਧੁਰੋਂ ਆਏ ਹੋ ਤੇ ਦੁਨੀਆਂ ਦਾ ਭਲਾ ਕਰਨ ਆਏ ਹੋ, ਤੁਸੀਂ ਉੱਚੇ ਹੋ, ਲੋਕ ਤੁਹਾਨੂੰ ਪਛਾਣ ਨਹੀਂ ਸਕਦੇ; ਵੀਰਨ! ਪਜਾਰੇ ਵੀਰਨ! ਮਾਤਾ ਪਿਤਾ ਬੜੇ ਦੁਖੀ ਹਨ, ਓਹ ਸਿਆਣਦੇ ਨਹੀਂ, ਪਰ ਮੋਹ ਦੇ ਬੱਧੇ ਆਪ ਨੂੰ ਆਸੇਬ ਹੋਇਆ ਜਾਣ ਮੁੱਲਾਂ ਨੂੰ ਲੈ ਆਏ, ਉਹ ਕੀ ਜਾਣੇ ਆਪ ਦੇ ਭੇਤ। ਆਪ ਆਪਣਾ ਲੁਕਾ ਨ ਕਰੋ, ਖੁਲ੍ਹੇ ਹੋਕੇ ਵਿਚਰੋ, ਜੋ ਸਭ ਨੂੰ ਸਮਝੇ ਪੈ ਜਾਵੇ ਜੋ ਮੇਰੀ ਸਮਝੇ ਪਿਆ ਹੈ, ਚਮਕਾਰ ਮਾਰੋ ਅਪਣੇ ਧੁਰੋਂ ਗੁਰੂ ਹੋਕੇ ਆਉਣਾ ਦਾ। ਕਦ ਤਕ ਲੁਕੋਗੇ ਤੇ ਦੁੱਖ ਸਹੋਗੇ? ਇਸ ਤਰ੍ਹਾਂ ਕੁਝ ਚਿਰ ਭੈਣ ਨੇ ਗੱਲਾਂ ਕੀਤੀਆਂ, ਫੇਰ ਆਪ ਖੀ ਕੁਛ ਬਚਨ ਕਰਦੇ ਰਹੇ। ਉਸ ਦਿਨ ਤੋਂ ਫੇਰ ਰੰਗ ਬਦਲਿਆ। ਆਪ ਹੁਣ ਬਨ ਵਿਚ ਤਾਂ ਜਾ ਬਿਹਾ ਕਰਨ, ਪਰ ਵੇਲੇ

ਸਿਰ ਘਰ ਆਉਣ, ਰੋਟੀ ਵੇਲੇ ਸਿਰ ਖਾਣ; ਗੱਲਾਂ ਬਾਤਾਂ ਬੀ ਕਰਨ, ਹੱਸਣ ਖੇਡਣ ਬੀ, ਤਦ ਮਹਿਤੇ ਵਿਚਾਰ ਕੀਤੀ ਕਿ ਪੁਤ ਨੂੰ ਬਹੁਤ ਸੁਭਾ ਬਨ ਦਾ ਹੈ ਏਸ ਨੂੰ ਐਸਾ ਕਿੱਤਾ ਦੇਈਏ ਕਿ ਬਨ ਵਿਚ ਰਹੇ ਤੇ ਕੰਮ ਵਿਚ ਬੀ ਪਰਚੇ, ਚੱਲੋ ਅਮੀਰੀ ਨਾ ਸਹੀ ਗਰੀਬੀ ਸਹੀ, ਕਮਾਊ ਤਾਂ ਹੋ ਜਾਵੇ, ਸੋ ਗਊਆਂ ਮਹੀਆਂ ਚਾਰਨ ਦਾ ਕੰਮ ਉਸਦੀ ਸੋਚੇ ਆਇਆ ਕਿ ਇਨ੍ਹਾਂ ਨੂੰ ਪਰਚਾ ਲਏਗਾ, ਬਾਹਰ ਬੀ ਰਹੇਗਾ, ਤੇ ਕੰਮ ਬੀ ਪਿਆ ਕਰੇਗਾ ਸੋ ਪਿਤਾ ਨੇ ਉਹਨਾਂ ਨੂੰ ਇਹ ਗਲ ਆਖੀ। ਬੜੇ ਸਾਵਧਾਨ ਹੋਕੇ ਆਪ ਨੇ ਸੁਣੀ, ਮਹੀਆਂ ਲੈ ਦਿਤੀਆਂ ਤੇ ਲੈਕੇ ਟੁਰ ਪਏ। ਕੁਝ ਦਿਨ ਮਨੁੱਖਾਂ ਨੂੰ ਸਾਈਂ ਦੇ ਦੇਸ ਉਡਾਰੀ ਦੇਣ ਵਾਲੇ ਦਾਤਾ ਜੀ ਮਝੀਂ ਦੇ ਚਾਰਨਹਾਰ ਬਣੇ। ਇਕ ਦਿਨ ਬਨ ਵਿਚ ਬੈਠੇ ਉਸੇ ਨਿਰੰਕਾਰ ਦੀ ਧੁਨ ਵਿਚ ਮਗਨ ਹੋ ਗਏ। ਜਾਗੇ ਤਾਂ ਇਕ ਖੇਤ ਵਾਲਾ ਕਹਿ ਰਿਹਾ ਸੀ: "ਆਪ ਸੌਂ ਰਿਹਾ ਹੈ, ਮਝੀਆਂ ਮੇਰਾ ਖੇਤ ਖਾ ਗਈਆਂ ਹਨ।" ਤਾਂ ਆਪ ਤੱਕਕੇ ਬੋਲੇ "ਸਾਂਈ ਦੇ ਬੰਦੇ! ਧਰਤੀ ਸਾਈਂ ਦੀ ਹੈ, ਜੀ ਸਾਈਂ ਦੇ ਹਨ, ਜੇ ਕਿਸੇ ਰੁੱਗ ਭਰ ਲਿਆ ਤਾਂ ਨਿਰੰਕਾਰ ਦਾ ਧਿਆਨ ਕਰ, ਸਾਈਂ ਤੈਨੂੰ ਏਸੇ ਵਿਚ ਬਰਕਤ ਪਾਸੀ, ਮਿਹਰ ਹੋਸੀ, ਖ਼ਫ਼ਾ ਨਾ ਹੋ।" ਪਰ ਉਹ ਜਗਤ ਨਾਥ ਨੂੰ ਨਾਲ ਲੈ ਰਾਇ ਬੁਲਾਰ ਪਾਸ ਜਾ ਪਹੁੰਚਾ। ਲੋਕਾਂ ਆਖਿਆ, ਰਾਇ ਜੀ! ਮਹਿਤੇ ਦਾ ਪੁਤ ਕਮਲਾ ਹੈ, ਇਸ ਨੂੰ ਕੀਹ ਕਹਿਣਾ ਹੈ। ਤਾਂ ਮਹਿਤੇ ਨੂੰ ਸਦਵਾਕੇ ਬੁਲਾਰ ਨੇ ਕਹਿਆ, ਦੇਖ ਮਹਿਤਾ! ਮੈਂ ਤੇਰੇ ਤਾਈਂ ਗੁਨਾਹ ਬਖਸ਼ਿਆ, ਪਰ ਤੂੰ ਇਸਦਾ ਉਜਾੜਾ ਭਰ ਦਿਹ। ਤਦ ਦੈਵੀ ਬਾਲਕ ਨੇ ਆਖਿਆ: "ਧਰਤੀ ਸਾਈਂ ਦੀ ਹੈ, ਜੀਵ ਸਾਈਂ ਦੇ ਹਨ, ਜਿਥੋਂ ਸਾਈਂ ਦੇ ਜੀਵ ਖਾਣ ਉਥੇ ਉਜਾੜਾ ਕਿਉਂ ਹੋਵੇ, ਉਥੇ ਚੱਲਕੇ ਤੱਕੋ ਤਾਂ ਸਹੀ"। ਜਾਂ ਪਿਆਦੇ ਖੇਤ ਦੇਖਕੇ ਮੁੜ ਆਏ ਤਾਂ ਆਖਣ ਲਗੇ: ਉਥੇ ਤਾਂ ਇਕ ਪੱਤਾ ਬੀ ਮਹੀਂ ਦਾ ਟੁਕਿਆ ਨਜ਼ਰ ਨਹੀਂ ਪੈਂਦਾ, ਰਾਇ ਜੀ, ਖੇਤ ਹਰਿਆ ਭਰਿਆ ਹੈ, ਤਦ ਰਾਇ ਹਰਿਆਨੀ ਤੇ ਅਦਬ ਨਾਲ ਭਰ ਗਿਆ ਤੇ ਗਿਲਾ ਦੇਣ ਵਾਲੇ ਨੂੰ ਝੂਠਾ ਕਰ ਟੋਰਿਆ ਤੇ ਬੋਲਿਆ 'ਹੇ ਨਾਨਕ! ਕੋਈ ਖਹੁ ਦੇਹ ਤੂੰ ਜੋਗੀ ਹੈਂ? ਤਪੀ ਸਾਧ ਹੈਂ? ਤੁਧ ਕਿੱਥੋਂ ਪਾਈ? ਕੋਈ ਅਸਾਂ ਨੂੰ ਬੀ ਰਾਹ ਦੱਸ।' ਉਸ ਵੇਲੇ ਉਚਾਰ ਹੋਇਆ:-

 www.sikhbookclub.com

**ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ॥**
**ਤਪੀਆ ਹੋਵੈ ਤਪੁ ਕਰੇ ਤੀਰਥਿ ਮਲਿ ਮਲਿ ਨਾਇ॥੧॥**
**ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ॥**
(ਸੂਹੀ ਮ:੧)

## 12. ਜਨੇਊ

ਦੈਵੀ ਬਾਲਕੇ ਦੇ ਰੰਗ ਹੁਣ ਹੁਸ਼ਿਆਰੀ ਵਾਲੇ ਤੱਕਕੇ ਪਿਤਾ ਨੇ ਸੋਚਿਆ ਕਿ ਇਹ ਕੰਮ ਢੁੱਕ ਪਿਆ ਹੈ, ਹੁਣ ਜੰਞੂ ਪਾਕੇ ਕੁਲਾਰੀਤ ਕਰ ਲਈਏ। ਸੋ ਜੰਞੂ ਦਾ ਦਿਨ ਥਾਪਿਆ ਗਿਆ, ਸਾਕ ਕਬੀਲਾ ਪਰਿਵਾਰ ਸੱਦਿਆ ਆਯਾ, ਰਸਤ ਪਾਣੀ ਪਹਿਲੋਂ ਕੱਠੇ ਕੀਤੇ ਹੋਏ ਸੇ, ਪ੍ਰੋਹਿਤ ਹਰਿਦਿਆਲ ਤਿਆਰੀ ਕਰ ਚੁੱਕਾ, ਤਦ ਜੰਞੂ ਲੇ ਆਇਆ ਜੋ ਗਲੇ ਪਾਵੇ। ਤਾਂ ਗੁਰੂ ਨਾਨਕ ਜੀ ਨੇ ਉਸ ਦੇ ਨੇਤ੍ਰਾਂ ਵਿਚ ਪਿਆਰ ਦਾ ਰੰਗ ਤੱਕਕੇ ਜੰਞੂ ਵਾਲਾ ਹੱਥ ਫੜ ਲੀਤਾ ਤੇ ਆਖਿਆ- ਕੀ ਕਰਨ ਲੱਗੇ ਹੋ ਪੰਡਿਤ ਜੀ? ਜਦ ਪੰਡਿਤ ਨੇ ਸਮਝਾਇਆ ਕਿ ਆਪ ਉੱਚ ਕੁਲ ਦ੍ਵਿਜਜ਼ਾਤੀ ਹੋ, ਇਹ ਦੂਸਰਾ ਜਨਮ ਹੈ, ਇਹ ਰਸਮ ਆਪ ਨੂੰ ਆਪਣੀ ਜਾਤੀ ਵਿਚ ਸਨਮਾਨਤ ਕਰੇਗੀ। ਇਹ ਸੁਣਕੇ ਪ੍ਰੋਹਿਤ ਵਲ ਤੱਕੇ ਤੇ ਬੋਲੇ:-

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥**
**ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥**
**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥**
(ਵਾਰ ਆਸਾ ਮ:੧)

ਪ੍ਰੋਹਿਤ ਨੇ ਮੁਸਕ੍ਰਾਕੇ ਕਿਹਾ- ਇਹ ਧਰਮ ਬੀ ਨਿਸ਼ਾਨੀ ਹੈ, ਸਦਾ ਨਾਲ ਰਹਿੰਦੀ ਹੈ। ਆਪ ਬੋਲੇ:-

**ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥**
**ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ॥**
**ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ॥੧॥**
(ਵਾਰ ਆਸਾ ਮ:੧)

ਪ੍ਰੋਹਿਤ— ਬਰਖੁਰਦਾਰ ਜੀ! ਜੋ ਤੁਸਾਂ ਕਿਹਾ ਹੈ ਠੀਕ ਹੈ, ਪਰ ਜਨੇਊ ਦੀ ਰੀਤੀ ਪਰੰਪਰਾ ਤੋਂ ਆਈ ਹੈ, ਰਿਖੀ ਮੁਨੀ ਅਵਤਾਰ ਸਭ ਪਹਿਨਦੇ ਆਏ, ਆਪ ਬੀ ਪਹਿਨੋ, ਗੁਰੂ ਜੀ ਤਦ ਬੋਲੇ:-

**ਮ:੧॥ ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ॥**
**ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ॥**
**ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ॥**
**ਕੁਹਿ ਬਕਰਾ ਰਿੰਨਿ ਖਾਇਆ ਸਭੁ ਕੋ ਆਖੈ ਪਾਇ॥**
**ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ॥**
**ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ॥੨॥**

ਤਦ ਬ੍ਰਾਹਮਣ ਜ਼ਰਾ ਡਰ ਗਿਆ।

ਪ੍ਰੋਹਿਤ— ਭਲਾ ਜੀ! ਤਾਂ ਕਿਹੜਾ ਜੰਞੂ ਠੀਕ ਹੈ?

ਗੁਰੂ ਜੀ— **ਮ:੧॥ ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ। ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ॥੩॥**

ਇਹ ਸੁਣ ਕੇ ਪੰਡਿਤ ਦੇ ਅੰਦਰ ਹੋਰ ਕੰਬਣੀ ਫਿਰੀ ਕਿ ਕੈਸਾ ਉੱਚਾ ਉੱਡਣ ਵਾਲਾ ਇਹ ਬਾਲਕਾ ਹੈ, ਪਰ ਫੇਰ ਮਿੰਨਤ ਕੀਤੀ ਕਿ ਜੀਉ ਜੀ! ਇਹ ਮ੍ਰਿਯਾਦਾ ਹੈ, ਏਸ ਬਿਨਾਂ ਵਰਣ ਸ਼ੰਕਰ ਹੋ ਜਾਏਗਾ। ਸਰੀਰ ਨੂੰ ਇਸ ਤਾਗੇ ਦੀ ਲੋੜ ਹੈ।

ਗੁਰੂ ਜੀ— **ਮ:੧॥ ਤਗੁ ਨ ਇੰਦ੍ਰੀ ਤਗੁ ਨ ਨਾਰੀ॥ ਭਲਕੇ ਥੁਕ ਪਵੈ ਨਿਤ ਦਾੜੀ॥ ਤਗੁ ਨ ਪੈਰੀ ਤਗੁ ਨ ਹਥੀ॥ ਤਗੁ ਨ ਜਿਹਵਾ ਤਗੁ ਨ ਅਖੀ॥ ਵੇਤਗਾ ਆਪੇ ਵਤੈ॥ ਵਟਿ ਧਾਗੇ ਅਵਰਾ ਘਤੈ॥ ਲੈ ਭਾੜਿ ਕਰੇ ਵੀਆਹੁ॥ ਕਢਿ ਕਾਗਲੁ ਦਸੇ ਰਾਹੁ॥ ਸੁਣਿ ਵੇਖਹੁ ਲੋਕਾ ਏਹੁ ਵਿਡਾਣੁ॥ ਮਨਿ ਅੰਧਾ ਨਾਉ ਸੁਜਾਣੁ॥੪॥** -ਵਾਰ ਆਸਾ

ਇਹ ਸੁਣਕੇ ਪ੍ਰੋਹਤ ਦਾ ਮਨ ਕਾਂਬਾ ਖਾਕੇ ਵਟੀਜ ਗਿਆ, ਤੇ ਨਿਉਂ ਗਿਆ:-

**ਮੁਨ ਹਰਿਦਿਆਲ ਸੁ ਅਸ ਉਪਦੇਸ਼॥**
**ਰਿਦੈ ਧਾਰ ਲਜੋ ਲਖਿ ਜਗਤੇਸ਼॥**

 www.sikhbookclub.com

**ਧੰਨ ਧੰਨ ਪੁਨ ਧੰਨ ਵਖਾਣਹਿ॥**
**ਆਪਨ ਗਤਿ ਤੁਮ ਆਪਨ ਜਾਣਹਿ॥** -ਗੁ:ਨਾ:ਪ੍ਰ:

## 13. ਛਾਂ ਤੇ ਛਜਲੀ

ਹੁਣ ਬਨ ਵਿਚ ਰੋਜ ਮੱਝੀਆਂ ਚਾਰਨ ਜਾਂਦੇ ਹਨ। ਪਿਤਾ ਕਹਿੰਦਾ ਹੈ: ਚਲੋ ਕੁਛ ਕਰੇ ਸਹੀ, ਮੱਝੀਆਂ ਹੀ ਚਾਰੇ। ਹਾਂ, ਦੇਖੋ ਜਾਲ ਦਾ ਇਕ ਬੁੱਢਾ ਬੂਟਾ ਹੈ, ਇਸ ਦੇ ਹੇਠ ਬੈਠਿਆਂ ਆਪਨੂੰ ਇਕ ਦਿਨ ਅਰਸ਼ੀ ਬਾਬਲ ਦੀ ਕੋਈ ਡਾਢੀ ਸੈਨਤ ਵੱਜੀ ਕਿ ਅਪਣੇ ਬਾਬਲ ਦੇ ਸੈਨਤ ਬੱਝੇ ਸੁਹਣੇ ਰੰਗ ਵਿਚ ਨਿਮਗਨ ਉਸ ਜਾਲ ਹੇਠਾਂ ਛਾਵੇਂ ਛਾਵੇਂ ਬਿਰਾਜ ਰਹੇ, ਪਏ ਰਹੇ ਬਾਬਲ, ਅਰਸ਼ੀ ਬਾਬਤ ਦੀ ਗੋਦ ਵਿਚ, ਰਾਇ ਬੁਲਾਰ ਕੋਲ ਦੀ ਲੰਘਿਆ, ਡਿਠੋਸੁ, ਮੇਰੇ ਕਾਰਦਾਰ ਦਾ ਪੁਤ-ਕਮਲਾ ਨਾਨਕ, ਪਰ ਜਿਸਦੀ ਕਾਜੀ, ਮੁੱਲਾਂ, ਪੰਡਿਤ, ਪਾਂਧੇ ਸ਼ਲਾਘਾ ਕਰਦੇ ਹਨ-ਪਿਆ ਹੈ, ਪਿਆ ਰਹੁ ਸੁਹਣੇ!

ਬੁਲਾਰ ਗਿਆ ਸ਼ਿਕਾਰ ਨੂੰ, ਸੂਰਜ ਟੁਰ ਪਿਆ ਪੱਛੋਂ, ਪਰਛਾਵੇਂ ਟੁਰ ਪਏ ਪੂਰਬ, ਧੁੱਪ ਨੇ ਜਾ ਧਰਤੀ ਦਾ ਲਹਿੰਦੇ ਦਾ ਦਾਮਨ ਚੁੰਮਿਆਂ। ਰਾਇ ਬੁਲਾਰ ਆ ਗਿਆ ਸ਼ਿਕਾਰ ਕਰਕੇ, ਡਿੱਠੋਸੁ ਉਵੇਂ ਹੀ ਪਿਆ ਹੈ 'ਕਮਲਾ ਨਾਨਕ'। ਯਾਰੋ ਲੋਕਾਂ ਨਾਨਕ ਦੇ ਕ੍ਰਿਸ਼ਮੇ ਡਿੱਠੇ, ਅਸਾਂ ਸੁਣੇ, ਪਰ ਡਿੱਠਾ ਨਾ ਕੋਈ, ਤੱਕੋ ਸਾਰੇ ਬ੍ਰਿੱਛਾਂ ਦੇ ਸਾਏ ਪਰਤ ਗਏ, ਏਸ ਜਾਲ ਦਾ(ਜ਼ਾਲ ਦਾ ਇਹ ਬੁਢਾ ਬ੍ਰਿੱਛ ਅਜੇ ਬੈਠਾ ਹੈ।) ਛਾਇਆ ਨਹੀਂ ਪਰਤਿਆ, ਨਾਨਕ ਦੇ ਤਨ ਨੂੰ ਛਾਉਂ ਦੇਣ ਦੇ ਪਹਰੇ ਤੇ ਕਿਸੇ ਦਾ ਖੜਾ ਕੀਤਾ ਪਹਿਰੇਦਾਰ ਜਾਪਦਾ ਹੈ। ਸੁਣ ਕੇ ਸਾਰੇ ਸਾਥੀ ਤੱਕੇ; ਠੀਕ ਨਾਨਕ ਉੱਤੇ ਜਾਲ ਦੀ ਛਾਂ ਅਜੇ ਖੜੀ ਹੈ। ਬੁਲਾਰ ਨੇ ਆਖਿਆ, ਨਾਨਕ ਮਹਾਂਪੁਰਖ ਹੈ; ਅਗਲੇ ਦਿਨ ਖੇਤ ਹਰਾ ਕੀਤਾ, ਅਸਾਂ ਸੁਣਿਆਂ, ਡਿੱਠਾ ਨਾ, ਪਰ ਗੱਲ ਪੱਕੀ ਤੇ ਅਮੀਨੇ ਵਾਲੀ ਸੀ, ਅਜ ਅੱਖੀਂ ਡਿੱਠਾ। ਸੀਸ ਨਿਵਾਕੇ ਆਖਿਓ ਸੁ 'ਜਾਓ ਜਗਾਓ'। ਸੁਹਣਾ ਸੁਗੰਧੀ ਵਾਲਾ ਸੁਆਸ ਲੈ ਕੇ ਰੱਬ ਦੀ ਗੋਦ ਤੋਂ ਬਾਲਕਾ ਉੱਠਿਆ, ਰਾਇ ਵੱਲ ਤੱਕਿਆ। ਉਸ ਹਸੀਲੇ ਨੈਣ ਜੋ ਸਾਈਂ ਦੇ ਰੰਗ ਦੀ ਰੰਗਣ ਵਿਚ ਭਿੱਜੇ ਪਏ ਸੇ, ਉੱਠੇ, ਬੁਲਾਰ ਦੇ ਅਸਚਰਜ ਤੇ ਸ਼ਰਧਾ ਵਾਲੇ ਨੈਣਾਂ ਉਤੇ ਪਏ, ਕੋਈ ਛੁਹ ਲਾ ਗਏ, ਕਲੇਜਾ ਕੰਬਾ ਗਏ, ਹਾਂ,

ਅਪਣੇ ਅਰਸ਼ੀ ਦੇਸ ਦਾ ਕੋਈ ਪੁੰਗਰਵਾਂ ਬੀਜ ਬੀਜ ਗਏ, ਰਾਇ ਘਰ ਆਇਆ, ਮਹਿਤੇ ਨੂੰ ਸਦਾ ਘੱਲਿਆ। ਆਏ ਨੂੰ ਅੱਖੀਂ ਡਿੱਠੀ ਗੱਲ ਦੱਸਕੇ ਕਹਿਣ ਲੱਗਾ-

"ਕਾਲੂ! ਮਤ ਇਸ ਪੁਤ ਨੂੰ ਫਿਟ ਮਰ ਦੇਂਦਾ ਹੋਵਹਿਂ। ਇਹ ਮਹਾਂ ਪੁਰਖ ਹੈ, ਇਸਦਾ ਸਦਕਾ ਮੇਰਾ ਸ਼ਹਿਰ ਵੱਸਦਾ ਹੈ! ਕਾਲੂ! ਤੂੰ ਬੀ ਨਿਹਾਲ ਹੈਂ ਜੋ ਤੇਰਾ ਪੁਤਰ ਹੈ ਅਰ ਮੈਂ ਬੀ ਨਿਹਾਲ ਹਾਂ ਜਿਸਦੇ ਸ਼ਹਿਰ ਵਿਚ ਇਹ ਪੈਦਾ ਹੋਇਆ ਹੈ।"

ਇਸੇ ਤਰ੍ਹਾਂ ਇਕ ਦਿਨ ਮੱਝੀਆਂ ਤਾਂ ਚਰਨ ਬਨ ਵਿੱਚ ਤੇ ਆਪ ਟਿਕ ਗਏ ਇਕ ਮੱਲਗੁਜ਼ਾਰ ਵਿੱਚ। ਰੁੱਤ ਗਰਮੀ ਦੀ ਸੀ, ਜਿਸ ਬ੍ਰਿੱਛ ਹੇਠ ਟਿਕੇ ਸਨ ਕੁਛ ਚਿਰ ਮਗਰੋਂ ਦੂਜੇ ਪਾਸੇ ਤੋਂ ਧੁਪ ਟਿਕਕੇ ਚਿਹਰੇ ਤੇ ਪੈਣ ਲੱਗੀ, ਇਸ ਵੇਲੇ ਇਕ ਬੁੱਢਾ ਪੁਰਾਣਾ, ਫਨੀਅਰ ਸੱਪ (ਸ਼ਾਹ ਫਨੀਅਰ) ਸੀਸ ਦੇ ਪਿੱਛੇ ਆ ਖੜੋਤਾ ਤੇ ਅਪਣੀ ਛਜਲੀ ਤਾਣਕੇ ਚਿਹਰੇ ਉੱਤੇ ਕਰ ਦਿੱਤੀ, ਜਿਸ ਨਾਲ ਧੁੱਪ ਪੈਣੋਂ ਰੁਕ ਗਈ(ਘਟਕਾ ਖਟ ਬੀਤ ਗਈ ਜਬ ਹੀ ਬਦਲੀ ਤਰ ਛਾਇ ਲਗੀ ਮੁਖ ਘਾਮਾ। ਸ੍ਵੇਦ ਕੇ ਬਿੰਦ ਮਨੋ ਅਰਬਿੰਦ ਪੈ ਹੈ ਮਕਰੰਦ ਕਨੀ ਅਭਿਰਾਮਾ। ਸੇਸ ਜੂ ਆਨ ਕਰੀ ਅਭਿਬੰਦਨ ਸ੍ਵੇਤ ਸਰੂਪ ਮਹਾਂ ਛਬਿ ਧਾਮਾ। ਤੀਨ ਪ੍ਰਦੱਛਨ ਦੈ ਪ੍ਰਭੁ ਕੋ ਫਨ ਛਾਇ ਕਰੀ ਮੁਖ ਪੈ ਤਿਹਠਾਮਾ)। -ਸ੍ਰੀ ਗੁਰੂ ਨਾਨਕ ਸੂਰਜੋਦੈ ਕਵਿ ਗਣੇਸ਼ਾ ਸਿੰਘ ਬਿ:ਪੁਰ।

ਅੱਜ ਬੀ ਸੁਭਾਗ ਰਾਇ ਬੁਲਾਰ ਆ ਨਿਕਲਿਆ, ਉਸ ਜਾਤਾ ਕਿ ਕੋਈ ਛੇੜੂ ਕੱਪੜਾ ਤਾਣ ਸੁੱਤਾ ਹੈ, ਪਰ ਗਹੁ ਤੱਕਣ ਨਾਲ ਪਤਾ ਲੱਗਾ ਜੋ ਕਪੜਾ ਨਹੀਂ ਛੱਜਲੀ ਵਾਲਾ ਸੱਪ ਹੈ। ਤ੍ਰਭ੍ਰਕ ਗਿਆ ਤੇ ਸਵਾਰ ਨੂੰ ਕਿਹਾ ਕਿ ਸੱਪ ਨੂੰ ਡਰਾ ਕੇ ਤੋਰ ਦਿਓ, ਖੜਾਕ ਸੁਣਕੇ ਅਰਸ਼ੀ ਮਾਲਕ ਦੀ ਗੋਦ ਵਿਚ ਟਿਕਿਆ ਲਾਲ ਉੱਠ ਬੈਠਾ। ਨਾਗ ਪਹਿਲੋਂ ਹੀ ਗੁੰਮ ਹੋ ਚੁਕਾ ਸੀ, ਪਰ ਰਾਇਬੁਲਾਰ ਹੱਕਾ ਬੱਕਾ ਹੋ ਅਗੇ ਵਧਿਆ, ਟਕ ਬੰਨ੍ਹ ਕੇ ਤੱਕੇ, ਸੋਚੇ- ਹੈਂ! ਸੱਪ ਬੀ ਇਸ ਨੂੰ ਛਾਇਆ ਕਰਦੇ ਹਨ(ਸਤਹੁ ਖੇਤੁ ਜਮਾਇਓ, ਮਤਹੁ ਛਾਵਾਣੁ।) -ਵਾਰ ਰਾਮ:ਸਤਾ:ਖਲ: ? ਪਰ ਹੇ ਰਾਇ ਬੁਲਾਰ! ਦੇਖ ਫਰੀਦ ਕੀਹ ਦੱਸਦਾ ਹੈ-ਰੱਬ ਦੀ ਜ਼ਬਾਨੀ-

**"ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ।"**

ਰਾਇ ਦੀ ਹੈਰਾਨੀ ਨੂੰ ਸ਼ਰਧਾ ਨੇ ਆਕੇ ਸ਼ਾਂਤ ਕੀਤਾ, ਜੋ ਫਨੀਅਰ ਸੱਪ ਦੀ ਐਤਨੀ ਨਿਕਟਤਾ ਵਿਚ ਜ਼ੀਉਂਦਾ ਹੈ, ਇਹ ਜ਼ਰੂਰ ਕਰਾਮਾਤੀ ਬੰਦਾ ਹੈ! ਅੱਗੇ ਹੋਕੇ ਸੁਹਣੇ ਸੰਤ ਨੂੰ ਸੀਸ ਨਿਵਾਇਆ, ਫੇਰ ਗਲੇ ਲਾਕੇ ਉਹ ਛੋਹ ਪ੍ਰਾਪਤ ਕੀਤੀ ਜੋ ਰੱਬੀ ਰੌ ਨਾਲ ਸਰਸ਼ਾਰ ਸੁਹਣੇ ਦੇ ਸਰੀਰ ਤੋਂ ਰੱਬੀ ਰੰਗ ਦੀ ਛੂਤ ਉਸਨੂੰ ਬੀ ਲਾ ਗਈ।

ਸਭ ਤੋਂ ਪਹਿਲਾਂ ਨਾਨਕ ਵੀਰਨ ਨੂੰ ਭੈਣ ਨਾਨਕੀ ਨੇ ਸਿਵਾਤਾ ਕਿ ਇਹ ਧੁਰੋਂ ਹੈ, ਰਬ ਦਾ ਘੱਲਿਆ ਆਇਆ ਹੈ, ਹੁਣ ਦੂਜੀ ਸਿਆਣ ਰਾਇ ਬੁਲਾਰ ਨੂੰ ਮਿਲੀ।

## 14. ਵੈਦ

ਥੋੜੇ ਦਿਨ ਬਾਦ ਰੱਬੀ ਰੰਗ ਵਾਲੇ ਸਾਈਂ ਦੇ ਲਾਡਲੇ ਫੇਰ ਅਪਣੀ ਨਿਵਲੀਨਤਾ ਦੇ ਰੰਗਾਂ ਵਿਚ ਹੋ ਗਏ। ਲੋਕਾਂ ਵਿਚ ਚਰਚਾ ਚੱਲ ਪਈ ਕਿ ਇਹ ਦੀਵਾਨਾ ਹੈ। ਇਕ ਦਿਨ ਪਿਤਾ ਜੀ ਨੇ ਉਨ੍ਹਾਂ ਨੂੰ ਅਪਣੀ ਮਗਨਤਾ ਤੋਂ ਹੋਸ਼ ਵਿਚ ਵੇਖਕੇ ਸਮਝਾਇਆ। ਕਿਰਸਾਣੀ, ਵਣਜ, ਸੁਦਾਗਰੀ ਆਦਿ ਕਿੱਤਿਆਂ ਲਈ ਆਖਿਆ, ਪਰ ਗੁਰੂ ਜੀ ਨੇ 'ਮਨੁ ਹਾਲੀ ਕਿਰਸਾਣੀ ਕਰਣੀ' ਦਾ ਸਬਦ ਉਚਾਰਕੇ ਕੇਵਲ ਸਾਹਿਬ ਦੇ ਰੰਗ ਰਤੇ ਰਹਿਣ ਦਾ ਅਪਨਾ ਕਿੱਤਾ ਦੱਸਿਆ ਤੇ 'ਸੁਣਿ ਵਡਾ ਆਖੈ ਸਭੁ ਕੋਇ' ਦਾ ਸਬਦ ਉਚਾਰਿਆ। ਫੇਰ ਮਾਤਾ ਨੇ ਸਮਝਾਇਆ ਤਦ ਆਪ ਨੇ ਸਬਦ ਉਚਾਰਿਆ- 'ਆਖਾ ਜੀਵਾ ਵਿਸਰੈ ਮਰਿ ਜਾਉ'। ਆਪ ਫੇਰ ਉਸੇ ਰੰਗ ਵਿਚ ਹੋ ਗਏ। ਇਸਤ੍ਰਾਂ ਤ੍ਰੈ ਕੁ ਮਹੀਨੇ ਲੰਘ ਗਏ, ਤਦ ਵੇਦੀਆਂ ਦੇ ਪਰਵਾਰ ਵਿਚ ਬਹੁਤ ਚਿੰਤਾ ਵਧੀ। ਸਾਰਿਆਂ ਨੇ ਇਹ ਵਿਚਾਰ ਕੀਤੀ ਮਤੇ ਇਸ ਦੇ ਦਿਲ ਦਿਮਾਗ ਨੂੰ ਕੋਈ ਅਹੁਰ ਹੋਵੇ, ਇਸਦਾ ਦਾਰੂ ਕੀਚੇ। ਸੋ ਵੈਦ ਬੁਲਾਇਆ ਗਿਆ। ਵੈਦ ਆਕੇ ਬਾਂਹ ਦੀ ਨਾੜ ਵੇਖਣ ਲੱਗਾ, ਤਦ ਆਪ ਨੇ ਬਾਂਹ ਖਿੱਚ ਲਈ ਤੇ ਪੈਰ ਕੱਠੇ ਕਰਕੇ ਉੱਠ ਬੈਠੇ ਤੇ ਪੁੱਛਣ ਲੱਗੇ, ਤੂੰ ਕੀਹ ਕਰਦਾ ਹੈਂ? ਵੈਦ ਨੇ ਕਿਹਾ ਤੁਹਾਡੇ ਰੋਗ ਦੀ ਪਛਾਣ ਕਰਨ ਲਗਾ ਹਾਂ, ਤਦ ਅੰਦਰੋਂ ਸਦਾ ਖਿੜੇ ਰੰਗ ਰੱਤੜੇ ਦੇ ਬੁੱਲ੍ਹ ਮੁਸਕ੍ਰਾਏ ਤੇ ਹੱਸਕੇ ਬੋਲੇ:-

**ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥**
**ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥** -ਵਾਰ ਮਲਾਰ ਮ:੧

 www.sikhbookclub.com

ਤਦ ਵੈਦ ਨੇ ਕਿਹਾ- ਹੇ ਨਾਨਕ ਜੇ ਕਲੇਜੇ ਦੀ ਪੀੜ ਹੈ ਤਾਂ ਮੈਨੂੰ ਦੇਖ ਲੈਣ ਦੇਹ, ਐਸਾ ਦਾਰੂ ਦਿਆਂਗਾ ਜੋਰਾ ਜੀ ਥੀਵੇਂ ਤਦ ਫਿਰ ਆਪ ਹੱਸ ਬੋਲੇ:-

**ਦੁਖ ਮਹੁਰਾ ਮਾਰਣ ਹਰਿ ਨਾਮੁ॥**
**ਸਿਲਾ ਸੰਤੋਖ ਪੀਸਣੁ ਹਥਿ ਦਾਨੁ॥** -ਮਲਾ:ਮ:੧

ਤਦ ਵੈਦ ਡਰਕੇ ਪਿੱਛੇ ਹਟਿਆ, ਨੈਣ ਮੁੰਦ ਗਏ ਤੇ ਹੰਝੂ ਭਰ ਆਏ, ਦੁਇ ਹਥ ਜੋੜ ਨਮਸਕਾਰ ਕੀਤੀ ਤੇ ਕਿਹਾ:-

**ਅਬ ਮੁਝ ਪਰ ਇਹੁ ਕਰਣਾ ਕਰੀਏ।**
**ਮਨ ਕੇ ਰੋਗ ਸਗਲ ਪਰਹਰੀਏ।**
**ਸ੍ਰੀ ਗੁਰ ਕਹਿਓ ਕਰੋ ਸਤਿਸੰਗਾ।**
**ਦਿਨ ਥੋਰਨ ਮੈ ਹੋਵਹਿ ਭੰਗਾ** -ਗੁ:ਨਾ:ਪ੍ਰ:

ਫਿਰ ਨਮਸਕਾਰ ਕਰ ਵਿਦਾ ਹੋਇਆ ਤੇ ਪਰਿਵਾਰ ਨੂੰ ਕਹਿ ਗਿਆ: ਇਹ ਮਹਾਂ ਪੁਰਖ ਹਨ।

## 15. ਦਿਲਗੀਰੀ

ਮਾਤਾ— ਜਿਉਂ ਦੀ ਠੰਢੀ ਰੁਤ ਆਈ ਹੈ, ਕਾਕੀ! ਤੇਰੇ ਵੀਰ ਜੀ ਹੁਣ ਦਿਨੇ ਰਾਤ ਪਏ ਹੀ ਰਹਿੰਦੇ ਹਨ; ਨਾ ਉੱਠਦੇ ਹਨ, ਨਾ ਫਿਰਦੇ ਹਨ, ਨਾ ਟੁਰਦੇ ਹਨ, ਨਾ ਕਿਸੇ ਨਾਲ ਕੂੰਦੇ ਸਹਿੰਦੇ ਹਨ, ਕਦੇ ਤੇਰੇ ਨਾਲ ਭੀ ਬੋਲੇ ਚਲੇ ਹਨ ਕਿ ਨਹੀਂ?

ਬੀਬੀ— ਅੰਮਾ ਜੀ! ਘੱਟ ਹੀ ਬੋਲਦੇ ਹਨ, ਅਪਣੇ ਕਿਸੇ ਰੰਗ ਵਿਚ ਮਗਨ ਪਏ ਰਹਿੰਦੇ ਹਨ!

ਮਾਤਾ ਜੀ— ਕੀ ਕਰੀਏ? ਇਕੋ ਇਕ ਪੁੱਤ, ਉਹ ਬੀ ਕਦੇ ਬਾਉਲਾ ਕਦੇ ਕਮਲਾ, ਕਦੇ ਘਰ ਲੁਟਾਉਂਦਾ ਕਦੇ ਪਿਆ ਰਹਿੰਦਾ, ਕਦੇ ਉਸਰੱਗੀਆਂ ਕਦੇ ਦਿਲਗੀਰੀਆਂ! ਹੇ ਭਗਵੰਤ! ਸਾਡੇ ਭਾਗ!

ਬੀਬੀ— ਅੰਮਾਂ ਜੀ! ਇਉਂ ਨਾ ਆਖੋ, ਸਾਡੇ ਭਾਗ ਸਾਰੇ ਜਗਤ ਤੋਂ ਚੰਗੇ, ਵੀਰ ਜੀ ਸਾਰਿਆਂ ਤੋਂ ਉੱਚੇ, ਜੋ ਕੌਤਕ ਕਰਦੇ ਹਨ ਸਭ ਉਨ੍ਹਾਂ ਦੇ ਚੋਜ ਹਨ, ਓਹ ਜਗਤ ਦੀ ਹੋਸ਼ ਹਨ, ਮਾਂ ਜੀ! ਕਮਲੇ ਨਾ ਆਖੋ।

 www.sikhbookclub.com

ਮਾਤਾ— ਕਾਕੀ! ਤੈਨੂੰ ਪਤਾ ਨਹੀਂ ਕੀਹ ਦਿੱਸਦਾ ਹੈ ਸਾਡੀ ਤਾਂ ਨਮੋਸ਼ੀ ਨਾਲ ਜਾਨ ਅਕੁਲਕਾਂਦੀ ਹੈ। ਹੋਸ਼ ਕਰੇ, ਉਠੇ, ਟੁਰੇ, ਫਿਰੇ, ਕੰਮ ਕਾਜ ਕਰੇ, ਘਰ ਬਾਰ ਸਾਂਭੇ, ਸੁਹਣਾ ਖਟਾਊ ਪੁੱਤ੍ਰ ਬਣੇ, ਹੱਸੇ, ਵੱਸੇ, ਰੱਸੇ, ਖਿੜੇ ਖਿੜਾਵੇ; ਹਰ ਵੇਲੇ ਪਏ ਰਹਿਣਾ ਕਦੇ ਰੋਣ ਲੱਗਣਾ ਤਾਂ ਰੋਈ ਹੀ ਜਾਣਾ, ਹੱਸਣ ਲੱਗਣਾ ਤਾਂ ਹੱਸੀ ਹੀ ਜਾਣਾ, ਸਿਰ ਮੂਧੇ ਪੈਣਾ ਤਾਂ ਰੋਟੀ ਕਈ ਡੰਗ ਭੁੱਲ ਜਾਣੀ, ਜੇ ਉੱਠਣਾ, ਟੁਰਨਾ, ਫਿਰਨਾ ਤਾਂ ਘਰ ਦੀਆਂ ਸ਼ੈਆਂ ਬਾਹਰ ਦੇ ਆਉਣੀਆਂ; ਘਰ ਘਰ ਵਿਚ ਇਹਦੀਆਂ ਗੱਲਾਂ ਦੀ ਚਰਚਾ ਹੈ। ਕਿਹੜੀ ਗੱਲ ਦਾ ਮੈਂ ਮਾਣ ਕਰਾਂ ਤੇ ਤੇਰੇ ਵਾਂਙੂ ਆਖਾਂ— ਡਾਢਾ ਚੰਗਾ ਹੈ? ਕਹਿੰਦੇ ਹਨ ਇਕ ਪੁਤ ਦੀ ਮਾਂ ਅੰਨ੍ਹੀ ਹੁੰਦੀ ਹੈ, ਉਹ ਗੱਲ ਸੱਚੀ ਹੈ, ਇਕੋ ਇਕ ਪੁਤ, ਕਦੇ ਲੋਕਾਂ ਦੇ ਪੁਤਾਂ ਵਾਂਙੂ ਨਾ ਖਿੜਿਆ ਡਿੱਠਾ, ਨਾ ਕੰਮੇ ਲੱਗਾ।

ਬੀਬੀ— ਅੰਮਾਂ ਜੀ! ਠੀਕ ਪਏ ਆਂਹਦੇ ਹੋ, ਪਰ ਵੀਰ ਦੁਨੀਆਂ ਦਾ ਨਹੀਂ, ਵੀਰ ਧੁਰਾਂ ਦਾ ਹੈ, ਮੈਨੂੰ ਜੋ ਝਲਕਾਰੇ ਪੈਂਦੇ ਹਨ ਵੀਰ ਦੇ, ਉਹ ਡਾਢੇ ਅਨੋਖੇ ਹਨ; ਵੀਰ ਖੇਤੀਆਂ ਤੇ ਹੁੱਦੇਦਾਰੀਆਂ ਲਈ ਨਹੀਂ ਆਇਆ, ਤੁਸੀਂ ਓਦਰਿਆ ਨਾ ਕਰੋ, ਵੀਰ ਨੂੰ ਖੁਸ਼ ਰੱਖੋ, ਤਦ ਦੇਖੋ ਕੋਈ ਗੱਲ ਐਸੀ ਨਿਕਲੇਗੀ ਕਿ ਤੁਸੀਂ ਹੈਰਾਨ ਹੋਸੋ। ਬੀਬੀ ਅੰਮਾਂ ਜੀ! ਵੀਰ ਡਾਢੇ ਉੱਚੇ ਹਨ, ਉਹ ਤਾਂ ਮਾਂ ਜੀ! ਨਿਰੇ ਚਾਨਣ ਹਨ; ਮੈਂ ਆਪ ਡਿੱਠੇ ਹਨ ਚਾਨਣ।

ਮਾਤਾ— ਭੈਣਾਂ ਨੂੰ ਵੀਰਾਂ ਨਾਲ ਮੋਹ ਹੁੰਦਾ ਹੀ ਹੈ, ਡਾਢਾ ਕੂਲਾ ਕੂਲਾ ਪਜਾਰ, ਪਰ ਕਦੇ ਤੂੰ ਸਮਝਾਯਾ ਬੀ ਹੈ ਕਿ ਮਾਂ ਪਿਉ ਕਲਪਦੇ ਹਨ, ਇਨ੍ਹਾਂ ਦੇ ਆਖੇ ਲੱਗ? ਬੱਚੀਏ! ਐਵੇਂ ਨਾਹ ਨਾ ਪਈ ਵੇਖ, ਤੂੰ ਵਡੀ ਭੈਣ ਹੈਂ, ਕੁਛ ਸਮਝਾਯਾ ਕਰ।

ਬੀਬੀ— ਅੰਮਾਂ ਜੀ! ਮੈਂ ਉਮਰੋਂ ਤਾਂ ਵਡੀ ਠਹਿਰੀ, ਪਰ ਉਹ ਡਾਢੇ ਉੱਚੇ ਹਨ, ਉੱਚੇ ਨੂੰ ਮੈਂ ਕੀ ਆਖਾਂ? ਮੇਰੇ ਨਾਲ ਜੇ ਕੋਈ ਗੱਲ ਕਰਦੇ ਹਨ ਤਾਂ ਇਹ ਕਿ ਜੋ ਦਿੱਸਦਾ ਹੈ ਭੁਲਾਵਾ ਹੈ, ਇਸਦੇ ਵਿਚ ਅਸਲ ਹੋਰ ਹੈ। ਫੇਰ ਉਹਦੀਆਂ ਗੱਲਾਂ ਡਾਢੇ ਪਿਆਰ ਨਾਲ ਕਰੀ ਜਾਂਦੇ ਹਨ ਤੇ ਨੈਣ ਛੰਮ ਛੰਮ ਵਹਿੰਦੇ ਹਨ, ਜੇ ਮੈਂ ਕਦੇ ਆਖਦੀ ਹਾਂ ਕਿ ਮਾਂ ਤੇ ਪਿਤਾ ਜੀ ਦੁਖੀ ਹਨ, ਕੁਛ ਉਹਨਾਂ ਦੇ ਜੀ ਦੀ ਬੀ ਸੁਣਿਆਂ ਕਰੋ, ਤਾਂ

 www.sikhbookclub.com

ਮੇਰੇ ਵੱਲ ਤੱਕਕੇ ਕਹਿੰਦੇ ਹਨ-ਬੀਬੀ! ਤੂੰ ਬੀ ਓਹੋ ਗੱਲਾਂ ਕਰਨ ਲੱਗੀ ਹੈਂ? ਫੇਰ ਮਾਂ ਜੀ!-ਮੇਰੇ ਅੰਦਰ ਇਕ ਖੋਹ ਪੈਕੇ-ਮੈਂ ਚੁਪ ਕਰਕੇ ਬਹਿ ਜਾਂਦੀ ਹਾਂ ਤੇ ਆ ਮੁਹਾਰੇ ਕਹਿ ਦੇਂਦੀ ਹਾਂ-ਨਹੀਂ ਵੀਰ ਜੀ! ਜਿਵੇਂ ਤੁਸਾਂ ਦੀ ਰਜ਼ਾ! ਕਿਸੇ ਵੇਲੇ ਮੈਂ ਕਹਿੰਦੀ ਹਾਂ-ਪਿਤਾ ਜੀ ਡਾਢੇ ਦੁਖ ਵਿਚ ਹਨ, ਤਾਂ ਅਰਸ਼ਾਂ ਵੱਲ ਤੱਕਕੇ ਨੈਣ ਭਰ ਲੈਂਦੇ ਤੇ ਕਹਿੰਦੇ ਹਨ-'ਹਾਂ, ਭੈਣੀ ਜੀਓ! ਜਗਤ ਬੜਾ ਦੁਖੀ ਹੈ।'

ਮਾਤਾ-- ਹੁਣ ਦੋ ਮਹੀਨੇ ਮੂਪੜੇ ਮੂੰਹ ਪਿਆਂ ਰਹਿਣ ਨੂੰ ਆਏ, ਕਦੇ ਇਹ ਤਾਂ ਸਮਝਾ ਸੂ ਭਈ ਹੋਰ ਤਾਂ ਛਡਿਆ ਅਪਣੇ ਸਰੀਰ ਦੀ ਹੀ ਹੋਸ਼ ਕਰੇ?

ਬੀਬੀ-- ਮਾਂ ਜੀ! ਇਨ੍ਹਾਂ ਦਿਨਾਂ ਵਿਚ ਮੈਂ ਜਦ ਕਦੇ ਵੀਰਨ ਕੋਲ ਜਾ ਬੈਠੀ ਹਿਕੇ ਵਾਜ ਮਾਰੀ ਹੈ-'ਵੀਰ ਜੀ!' ਤਾਂ ਅੱਗੋਂ ਕੂਏ ਨਹੀਂ। ਮੈਂ ਮਲਕੜੇ ਪਾਸ ਬਹਿ ਗਈ ਹਾਂ ਤਾਂ ਸਹਿਜੇ ਸਹਿਜੇ ਮੈਨੂੰ ਇਕ ਲੋ ਵੀਰਨ ਜੀ ਦੇ ਉਦਾਲੇ ਦਿੱਸਣ ਲੱਗ ਪਈ ਹੈ। ਇਕ ਦਿਨ ਏਸੇ ਤਰ੍ਹਾਂ ਓਸ ਲੋ ਵਿਚ ਚਾਨਣੇ ਜਿਹੇ ਦੇ ਬਣੇ ਹੋਏ ਲੋਕੀ ਤੱਕੇ। ਇਕ ਦਿਨ ਓਥੇ ਡਾਢੇ ਮਿੱਠੇ ਗੌਣਾਂ ਦੀ ਆਵਾਜ਼ ਆ ਮੁਹਾਰੀ ਪਈ ਆਵੇ। ਕਲੇਜਾ ਪਾਸ ਬੈਠਿਆਂ ਠਰਦਾ ਹੈ, ਆ ਮੁਹਾਰਾ ਚਿਤ ਕਿਸੇ ਸੁਆਦ ਵਿਚ ਗੁੰਮਦਾ ਗੁੰਮਦਾ ਜਾਂਦਾ ਹੈ, ਸੋ ਮੈਂ ਜਿੰਨੀ ਵੇਰ ਅੰਮੀ ਜੀ! ਗਈ ਹਾਂ, ਅਦਬ ਤੇ ਸਹਿਮ ਨਾਲ ਠਠੰਬਰ ਗਈ ਹਾਂ ਤੇ ਕੁਝ ਕੂ ਸਹਿ ਨਹੀਂ ਸਕੀ।

ਮਾਂ-- ਤੂੰ ਬੀ ਖਬਰੇ ਵੀਰ ਦੇ ਮਗਰੇ ਬਾਉਲੀ ਹੋ ਚੱਲੀ ਏਂ, ਕੁੜੀਏ! ਹੋਸ਼ ਕਰ, ਉਹ ਤਾਂ ਆਦਮੀ ਹੈ, ਜਿਵੇਂ ਕਿਵੇਂ ਦਿਨ ਕੱਟ ਸੱਕਦਾ ਹੈ, ਤੂੰ ਧੀ ਦਾ ਧਨ ਹੈਂ, ਪਰਾਏ ਘਰ ਜਾਣਾ ਹੈ, ਸੱਸਾਂ ਨਿਨਾਣਾਂ ਨਾਲ ਕੱਟਣੀ ਹੈ, ਤੂੰ ਬੀ ਜੇ ਏਹੋ ਬੋਲੀਆਂ ਪਾਉਣ ਸਿੱਖ ਗਈ ਤਾਂ ਕਿਹੜੇ ਖੂਹ ਤੈਨੂੰ ਧੱਕਾ ਦਿਆਂਗੇ? ਆ ਮੁਹਾਰੇ ਰਾਗ ਤੇ ਆ ਮੁਹਾਰੇ ਚਾਨਣੇ ਤੇ ਅਮਰੀ ਲੋਕ ਪਏ ਤੁਹਾਨੂੰ ਭੈਣ ਭਰਾਵਾਂ ਨੂੰ ਦੀਹਦੇ ਹਨ ਤੇ ਅਸੀਂ ਪਾਸ ਬੈਠੇ ਰੋਂਦੇ ਕੁਰਲਾਂਦੇ ਨਹੀਂ ਦੀਹਦੇ!

ਬੀਬੀ (ਨੈਣ ਭਰਕੇ)— ਅੰਮੀ ਜੀ! ਗੁੱਸੇ ਨਾ ਹੋਵੋ, ਡਾਢੇ ਚੰਗੇ ਅੰਮੀ ਜੀ! ਮੇਰਾ ਜੀ ਖੁੱਸਦਾ ਹੈ, ਤੁਸੀਂ ਗੁੱਸੇ ਨਾ ਹੋਵੋ। ਮਾਂ ਜੀ! ਵੀਰ ਡਾਢਾ ਉੱਚਾ ਵੇ, ਇਹ ਕਹਿੰਦੀ ਬੀਬੀ ਦਾ ਗੱਚ ਨਾ ਠੱਲ੍ਹਿਆ ਗਿਆ, ਬੇਵਸੀ

ਹੋਕੇ ਰੁੰਨੀ, ਇੰਨੀ ਰੁੰਨੀ ਕਿ ਹਥ ਨਾ ਆਵੇ। ਮਾਂ ਨੇ ਧੀ ਨੂੰ ਗਲ ਲਾਯਾ, ਸਿਰ ਤੇ ਪਿਆਰ ਦਿੱਤਾ, ਮੱਥਾ ਸੁੰਘਿਆ, ਪਰ ਉਹਦਾ ਗੱਚ ਠਲ੍ਹੀਵੇ ਨਾ, ਛੇਕੜ ਰੋਂਦੀ ਸਿਸਕੀਆਂ ਤੇ ਆ ਗਈ ਤੇ ਮਾਂ ਦੀ ਛਾਤੀ ਨਾਲ ਲਗੀ ਲਗੀ ਹੀ ਸੌਂ ਗਈ! ਇੰਨੇ ਨੂੰ ਮਹਿਤਾ ਕਾਲੂ ਜੀ ਆ ਗਏ। ਮਾਂ ਨੇ ਧੀ ਨੂੰ ਸਿਰ੍ਹਾਣਾ ਰੱਖਕੇ ਲਿਟਾ ਦਿੱਤਾ ਤੇ ਆਪ ਰੋਟੀ ਖੁਆਉਣ ਦੇ ਆਹਰ ਲੱਗੀ। ਰੋਟੀ ਖਾਂਦਿਆਂ ਆਪ ਨੇ ਪੁੱਛਿਆ:- ਤ੍ਰਿਪਤਾ! ਨਾਨਕ ਉਠਿਆ ਕਿ ਨਹੀਂ?

ਤ੍ਰਿਪਤਾ— ਬਸ ਉੱਠਕੇ ਬਾਹਰ ਦੋ ਘੜੀਆਂ ਲਾਕੇ ਆ ਰਿਆ ਹੈ, ਫਿਰ ਓਸੇ ਤਰ੍ਹਾਂ ਪਿਆ ਹੈ, ਪਰਸੋਂ ਦੀ ਰੋਟੀ ਖਾਧੀ ਹੋਈ ਹੈ, ਉਹ ਬੀ ਬੀਬੀ ਮਿੰਨਤ ਤਰਲੇ ਨਾਲ ਦੋ ਬੁਰਕੀਆਂ ਖੁਆ ਆਈ ਸੀ।

ਕਾਲੂ— ਬੀਬੀ ਨੂੰ ਹੀ ਕਹੁ, ਕੁਛ ਸਮਝਾਵੇ।

ਤ੍ਰਿਪਤਾ— ਅੱਜ ਬੀਬੀ ਨੂੰ ਹੀ ਆਖਿਆ ਸੀ ਕਿ ਵੀਰ ਨੂੰ ਕੋਈ ਮੱਤ ਦਿਹ, ਪਰ ਮੈਂ ਅਜੇ ਸਮਝਾਂਦੀ ਹੀ ਸਾਂ ਕਿ ਗੱਚ ਭਰ ਆਇਓਸੁ ਤੇ ਰੋਣ ਲੱਗ ਪਈ, ਠੱਲ੍ਹੀ ਨਾ ਜਾਵੇ ਤੇ ਆਖੀ ਜਾਵੇ-ਵੀਰ ਡਾਢਾ ਉੱਚਾ ਹੈ, ਤੁਸੀਂ ਕੁਝ ਨਾ ਆਖੋਸੁ, ਆਪੇ ਜੋ ਚਾਹੇ ਕਰੇਗਾ, ਉਸਦੇ ਚੋਜ ਹਨ; ਨਾਲੇ ਕਹਿੰਦੀ ਸੀ-ਮੈਂ ਉਸਦੇ ਉਦਾਲੇ ਕੋਈ ਚਾਨਣੇ ਦੀ ਲੋ ਵੇਂਹਦੀ ਹਾਂ, ਉਸਦੇ ਉਦਾਲੇ ਅਮਰੀ ਰਾਗ ਹੁੰਦੇ ਹਨ, ਉਸਦੇ ਪਾਸ ਚਾਨਣੇ ਦੇ ਜੀਉ ਹਜ਼ਾਰਾਂ ਪਏ ਅਦਬਾਂ ਵਿਚ ਖੜੇ ਦੀਂਹਦੇ ਹਨ। ਮੈਂ ਤਾਂ ਸੁਣਕੇ ਕੰਬੀ: 'ਜਿਸ ਰਾਹੇ ਪੁੱਤ ਗਿਆ ਓਸੇ ਰਾਹੇ ਧੀ ਚੱਲੀ।' ਅਸੀਂ ਹੀ, ਹੇ ਭਗਵਾਨ! ਜਗਤ ਵਿਚ ਹਾਸੋਹੀਣੇ ਹੋਣ ਲਈ ਰਹਿ ਗਏ ਹਾਂ! ਪਰ ਬੀਬੀ ਨੂੰ ਮੇਰੇ ਬਿਨਾਂ ਕੁਝ ਆਖੇ ਹੀ ਏਡਾ ਵਿਰਾਗ ਛੁੱਟਾ ਜੋ ਛਾਤੀ ਨਾਲ ਲੱਗ ਲੱਗ ਰੋਈ, ਖੱਸ ਨਹੀਂ ਸੂ ਕੀਤੀ, ਰੋਂਦੀ ਰੋਂਦੀ ਹੀ ਸੌਂ ਗਈ। ਹੁਣੇ ਤੁਸਾਡੇ ਆਇਆਂ ਲੰਮੀ ਪਾਕੇ ਆਈ ਹਾਂ। ਦੱਸੋ ਸਮਝਾਵਾਂ ਕੀ?

## 16. ਖੇੜੇ

ਰੁਤ ਸਿਆਲ ਦੀ ਟੁਰ ਗਈ, ਬਸੰਤ ਆਈ। ਦੇਖੋ, ਉਹ ਤ੍ਰੈ ਮਹੀਨੇ ਕੋਠੇ ਵਿਚ ਮੂਧੜੇ ਮੂੰਹ ਪਿਆ 'ਨਾਨਕ' 'ਅਰਸ਼ੀ ਨਾਨਕ' ਹੁਣ 'ਰੰਗਿ ਹਸਹਿ' ਦੇ ਘਰ ਵਿੱਚ ਆ ਗਿਆ-

**ਅਮਬਿਧਿ ਸੋਂ ਜੁਗ ਮਾਸ ਬਿਤਾਏ॥**
**ਫਿਰਨ ਲਗੇ ਪੁਨ ਸਹਜ ਸੁਭਾਏ॥**
**ਰੁਚਿ ਸੋਂ ਖਾਨ ਪਾਨ ਕੋ ਕਰਹੀਂ॥**
**ਮਾਤ ਬਿਲੋਕ ਹਰਖ ਉਰ ਧਰਹੀਂ॥**
(ਗੁ:ਨਾ:ਪ੍ਰ:)

ਦੋਨੋਂ ਵੇਲੇ ਰੁਚੀ ਨਾਲ ਚੌਂਕੇ ਵਿਚ ਬੈਠਕੇ ਪ੍ਰਸ਼ਾਦ ਛਕਦੇ ਹਨ, ਨਵੇਂ ਕਪੜੇ, ਜੋ ਮਾਂ ਨੇ ਚਾ ਨਾਲ ਸੁਆਏ ਹਨ, ਪਹਿਨਦੇ ਹਨ। ਗੱਲਾਂ ਕਰਦੇ ਹਨ, ਹੱਸਦੇ ਹਨ, ਬਾਹਰ ਅੰਦਰ ਫਿਰਦੇ ਹਨ, ਸਾਕ ਸੈਨ ਮਿਲਦੇ ਹਨ ਤਾਂ ਚੰਗੀ ਤਰ੍ਹਾਂ ਕੂੰਦੇ ਹਨ। ਮਾਂ ਭੈਣ ਨਾਲ, ਲੋੜ ਪਵੇ ਤਾਂ, ਪਿਤਾ ਚਾਚੇ ਨਾਲ ਗੱਲਾਂ ਕਰਦੇ ਹਨ, ਚਿਹਰੇ ਦਾ ਰੰਗ ਅਚਰਜ ਲਾਲੀ ਭਾ ਵਿੱਚ ਹੈ, ਮੁਖ ਤੇ ਚਮਕਾਰ ਹੈ, ਨੈਣਾਂ ਵਿਚ ਇਕ ਇਲਾਹੀ ਖਿੱਚ ਤੇ ਇਕ ਮਿੱਠਾ ਮਿੱਠਾ ਲਿਸ਼ਕਾਰ ਹੈ।

**ਸੁੰਦਰ ਸੋਭਤ ਬੈਸ ਕਿਸ਼ੋਰਾ॥**
**ਗਿਰਾ ਮ੍ਰਿਦੁਲ ਮਧੁਰੀ ਚਿਤ ਚੋਰਾ॥**
(ਚਿਤ ਨੂੰ ਚੁਰਾ ਲੈਣ ਵਾਲੀ ਮਨਮੋਹਨ।)
**ਲਲਿਤ ਬਿਲੋਚਨ ਦਲ ਉਤਪਲ ਸੇ**
(ਸੁਹਣੇ ਨੇਤ੍ਰ ਕਮਲ ਪਤ੍ਰਾਂ ਵਰਗੇ॥)
**ਤਾਰੇ ਸਜਾਮ ਰੀਡਕੀ ਮਿਲਸੇ ਤਾਰੇ ਰੀਡਕ**
(ਅੱਖਾਂ ਦੇ, ਨਾਮੇ ਨਦੀ ਦੀਆਂ, ਕਾਲੀਆਂ ਗੀਟੀਆਂ ਵਰਗੇ ਹਨ।)
(ਗੁ:ਨਾ:ਪ੍ਰ:)

ਭੈਣ ਨਾਨਕੀ ਨੇ ਤਾਂ ਅਤਿ ਸੁਖੀ ਹੋਣਾ ਹੀ ਸੀ, ਮਾਤਾ ਪਿਤਾ ਬੀ ਇਹ ਰੰਗ ਵੇਖਕੇ ਖਿੜ ਰਹੇ ਹਨ। ਰਾਇ ਬੁਲਾਰ ਨੂੰ ਬੀ ਸੋਝੀ ਪਈ ਕਿ ਨਾਨਕ ਹੁਣ ਖੇੜਿਆਂ ਦੇ ਘਰ ਵਿਚ ਹੈ, ਉਸਨੂੰ ਵੀ ਬੜੀ ਖੁਸ਼ੀ ਹੋਈ।

ਲੋਕੀ ਗੁਰੂ ਜੀ ਦੀਆਂ ਉਦਾਸੀਆਂ ਤੇ ਖੇੜਿਆਂ ਨੂੰ ਨਹੀਂ ਸਮਝਦੇ ਓਹ ਔਹਰ ਸਮਝਦੇ ਹਨ। ਇਕ ਨਾਨਕੀ ਹੈ ਜੋ ਸਮਝਦੀ ਹੈ ਕਿ ਵੀਰ ਜਗਤ ਦਾ ਨਹੀਂ, ਪਰ ਜਗ ਤੋਂ ਪਾਰ ਦਾ ਹੈ। ਰੱਬ ਦਾ ਪਜਾਇਾ, ਰੱਬੀ ਜੋਤ ਨਾਲ ਭਰਪੂਰ ਰੱਬ ਰੂਪ ਹੈ। ਪਰ ਮਾਂ ਨੂੰ ਪੁੱਤ ਦੀਹਦਾ ਹੈ, ਜੋ ਔਹਰਿਆ

ਗਿਆ ਸੀ ਤੇ ਹੁਣ ਵੱਲ ਹੋਇਆ ਹੈ। ਉਹ ਦਾਨ ਕਰਦੀ ਹੈ, ਵਾਰੇ ਫੇਰੇ ਕਰਦੀ ਤੇ ਗਰੀਬਾਂ ਨੂੰ ਵੰਡਦੀ ਹੈ। ਪਿਉ ਹੈ ਕਿ ਹੁਣ ਖੁਸ਼ ਹੈ, ਕਿ ਸ਼ੁਕਰ ਹੈ ਹੁਣ ਪੁੱਤ੍ਰ ਵੱਲ ਹੋਇਆ ਹੈ।

## 17. ਖਰਾ ਸੌਦਾ

ਹੁਣ ਕਾਲੂ ਜੀ ਨੇ ਇਕ ਵਿਉਂਤ ਸੋਚੀ ਕਿ ਬੱਚੇ ਨੂੰ ਫਿਰਨ ਦਾ ਸੁਭਾ ਹੈ ਇਸਨੂੰ ਤੁਰ ਫਿਰਕੇ ਕਰਨ ਵਾਲੇ ਵਣਜ ਵਿਚ ਪਾਈਏ। ਸੋ ਸਮਝਾਇਆ ਤੇ ਕੁਛ ਰੁਪੱਯੇ ਨਾਲ ਦਿਤੇ, ਇਕ ਸੇਵਕ ਨਾਲ ਦਿਤਾ ਤੇ ਕਿਹਾ ਕਿ ਬਾਹਰ ਜਾਓ ਕੋਈ ਮਾਲ ਖਰੀਦ ਲਿਆਓ ਤੇ ਏਥੇ ਆਕੇ ਵੇਚੋ। ਸਾਈਂ ਭਾਵੇ ਨਫਾ ਹੋ ਜਾਵੇ। ਫਿਰ ਕੁਛ ਦਿਨ ਅਰਾਮ ਕਰੋ, ਫੇਰ ਬਾਹਰ ਜਾਓ ਵਣਜ ਕਰੋ। ਐਉਂ ਕੰਮ ਵੀ ਤੇ ਵਿਹਲ ਬੀ ਦੁਇ ਗੱਲਾਂ ਮਿਲ ਜਾਣਗੀਆਂ। ਇਹ ਕਹਿਕੇ ਆਪ ਨੂੰ ਟੋਰ ਦਿਤਾ। ਰਬੀ ਵਪਾਰੀ ਜੀ ਟੁਰ ਪਏ। ਜਦ ਬਾਰਾਂ ਕੁ ਕੋਹ ਗਏ ਤੇ ਚੂੜ੍ਹਕਾਣੇ ਦਾ ਨਗਰ ਆਯਾ ਤਾਂ ਆਪ ਨੇ ਨਗਰੋਂ ਉਰੇ ਵਾਰ ਇਕ ਝੁਗੀ ਵਿਚ ਸਾਧੂ ਮੰਡਲੀ ਵੇਖੀ। ਪਾਸ ਜਾਕੇ ਪਤਾ ਲੱਗਾ ਕਿ ਸਾਰੇ ਤਪਸ੍ਵੀ ਹਨ ਤੇ ਕਈ ਦਿਨਾਂ ਦੇ ਭੁੱਖੇ ਹਨ, ਇਹ ਬੀ ਪਤਾ ਲਗਾ ਕਿ ਏਹ ਮੰਗਦੇ ਨਹੀਂ, ਜੋ ਕੁਛ ਪਰਾਲਬਧ ਨਾਲ ਆ ਜਾਵੇ ਉਸ ਪਰ ਗੁਜ਼ਾਰਾ ਕਰਦੇ ਹਨ। ਗੁਰੂ ਨਾਨਕ ਦੇ, ਜਗਤ ਪੀੜਾ ਦੇ ਸਿਆਣੂ ਮਨ ਨੇ ਅਪਣੇ ਉਚੇ ਆਦਰਸ਼ ਵਿਚ ਫੈਸਲਾ ਕੀਤਾ ਕਿ ਇਸਤੋਂ ਨਫੇਵੰਦਾ ਸੌਦਾ ਹੋਰ ਕੀਹ ਹੋਣਾ ਹੈ? ਦੁਖ ਨਿਵਿਰਤੀ, ਭੁਖ ਦੀ ਦੁਖ ਨਵਿਰਤੀ, ਇਹੋ ਤਾਂ ਜਗਤ ਵਿਚ ਸਭ ਤੋਂ ਵਡੀ ਸੁਦਾਗਰੀ ਹੈ, ਸੋ ਆਪ ਨੇ ਰਸਤਪਾਣੀ ਖਰੀਦਿਆ ਤੇ ਸੰਤਾਂ ਸਾਧੂਆਂ ਨੂੰ ਖੁਲਾ ਦਿਤਾ। ਦਾਸ ਮਨ੍ਹਾ ਕਰਦਾ ਰਿਹਾ, ਪਰ ਆਪ ਨੇ ਗਉਲਿਆ ਨਹੀਂ। ਇਹ ਪੀੜਾ ਹਰਨ ਦਾ ਵਣਜ ਕਰ ਹੀ ਘੱਤਿਆ ਤੇ ਮੁੜ ਪਏ। ਹੁਣ ਰਸਤੇ ਵਿਚ ਸੋਚ ਫੁਰੀ ਕਿ ਪਿਤਾ ਜੀ ਨੇ ਤਾਂ ਇਸ ਨੂੰ ਖੋਟਾ ਸੌਦਾ ਸਮਝਣਾ ਹੈ, ਜਿਸਨੂੰ ਕਿ ਮੈਂ ਕਰਤਾਰ ਪਿਤਾ ਦੀ ਮੈਨਤ ਵਿਚ ਖਰਾ ਸੌਦਾ ਸਮਝਿਆ ਹੈ। ਜਦੋਂ ਤਲਵੰਡੀ ਪਹੁੰਚੀ ਤਾਂ ਘਰ ਨਾ ਗਏ ਤੇ ਇਕ ਸੁੱਕੇ ਤਾਲ ਦੇ ਲਾਗ ਪੁਰਾਣੇ ਵਣ ਦੇ ਉਹਲੇ ਸਮਾਧੀ ਲਾਕੇ ਬਹਿ ਗਏ। ਦਾਸ ਵੀ ਆਪਣੇ ਘਰ ਚਲਾ ਗਿਆ, ਰਾਤ ਆਪ ਨੂੰ ਸਾਈਂ ਰੰਗ ਰਤਿਆਂ ਲੰਘ ਗਈ। ਅਗਲੇ ਦਿਨ ਪਿਤਾ ਜੀ ਨੂੰ

ਪਤਾ ਲਗ ਗਿਆ ਕਿ ਦਾਸ ਜਿਸਦਾ ਨਾਂ 'ਬਾਲਾ' ਲਿਖਿਆ ਹੈ ਘਰ ਆ ਗਿਆ ਹੈ, ਤਦ ਹੈਰਾਨ ਹੋਕੇ ਉਸ ਨੂੰ ਸਦਵਾਇਆ ਤੇ ਸਾਰਾ ਹਾਲ ਪਤਾ ਕਰ ਲਿਆ। ਫੇਰ ਉਸ ਨੂੰ ਨਾਲ ਲੈਕੇ ਗੁੱਸੇ ਦੇ ਰੰਗ ਵਿਚ ਪੁਤ ਨੂੰ ਲੱਭਣ ਟੁਰ ਪਏ। ਮਗਰੋਂ ਮਾਤਾ ਤ੍ਰਿਪਤਾ ਜੀ ਨੂੰ ਸੋਝੀ ਆਈ ਕਿ ਮੇਰੇ ਪਤੀ ਦਾ ਸੁਭਾਵ ਵਡੇ ਗੁੱਸੇ ਦਾ ਹੈ, ਕੀਹ ਜਾਣੀਏ ਕੀ ਕਰ ਗੁਜਰੇ, ਧੀ ਨੂੰ ਕਹਿਣ ਲਗੀ-ਬਚੀ! ਮਗਰੇ ਜਾਹ ਤੇ ਪਿਤਾ ਦੇ ਗੁੱਸੇ ਨੂੰ ਜਾਕੇ ਠੱਲ। ਧੀ ਅਗੇ ਹੀ ਭਰਾ ਦੇ ਪਜਾਰ ਵਿਚ ਬਿਹਬਲ ਹੋ ਰਹੀ ਸੀ, ਨੱਸ ਪਈ, ਮਗਰੇ ਮਾਂ ਨੇ ਦੌਲਤਾਂ ਦਾਸੀ ਤੇ ਇਕ ਹੋਰ ਸੇਵਕ ਨੂੰ ਧੀ ਦੀ ਰਾਖੀ ਲਈ ਟੋਰਿਆ।

ਸ੍ਰੀ ਕਾਲੂ ਜੀ ਨੇ ਜਾ ਜਗਤ ਨੂੰ ਅਪਰਾਧਾਂ ਦੀ ਖਿਮਾ ਲੈ ਦੇਣ ਵਾਲੇ ਨਾਨਕ ਨੂੰ ਮਮਾਧੀ ਵਿਚੋਂ ਫੜ ਉਠਾਇਆ ਤੇ ਭੜਕੇ ਕ੍ਰੋਧ ਵਿਚ ਝਿੜਕਾਂ ਪਾਈਆਂ ਤੇ ਚਪੇੜਾਂ ਜੜੀਆਂ ਇੰਨੇ ਜ਼ੋਰ ਦੀਆਂ ਕਿ ਕਵੀ ਜੀ ਲਿਖਦੇ ਹਨ:-

**ਸੋਹਤ ਪਰ ਗਏ ਨੀਲ ਕਪੋਲਾ॥**
**ਜਿਉਂ ਉਤਪਲ ਪਰ ਅਲਿਨ ਅਡੋਲਾ।**
(ਗੁ:ਨਾ:ਪ੍ਰ:)

ਇਸ ਹਾਲਤ ਵਿਚ ਅਪਣੇ ਵੀਰ ਦੀ ਪਜਾਰੀ ਤੇ ਪਛਾਣ ਵਾਲੀ ਨਾਨਕੀ ਇਕੋ ਸਾਹੀ ਭਜਦੀ ਅੱਪੜ ਪਈ, ਉਸ ਤੋਂ ਪਹਿਲਾਂ ਬੀ ਕਈ ਤਮਾਸ਼ਾ ਦੇਖਣ ਵਾਲੇ ਅੱਪੜ ਪਏ ਹੋਏ ਸਨ। ਇਸ ਕਠੋਰ ਜਗਤ, ਇਸ ਤਮਾਸ਼ਬੀਨ ਜਗਤ ਦਾ ਕੋਈ ਬੰਦਾ ਜਗਤ ਦੇ ਰੱਖਜਕ 'ਨਾਨਕ' ਤੇ ਤਰਸ ਨਹੀਂ ਸੀ ਕਰ ਰਿਹਾ! ਭੀੜ ਚੀਰਕੇ ਨਾਨਕੀ ਅੱਗੇ ਲੰਘੀ ਤੇ ਬਾਉਲੀ ਹੋ ਪਿਤਾ ਨੂੰ ਚੰਬੜ ਗਈ ਤੇ ਪਜਾਰ— ਧੱਕਾ ਦੇਕੇ ਪਰੇ ਧੱਕ ਲੈ ਗਈ, 'ਨਾ ਪਿਤਾ ਜੀ! ਵੀਰ ਸਮੂਮ ਨੂੰ ਨਾ ਮਾਰੋ। ਨਾ ਪਿਤਾ ਜੀ! ਰੱਬ ਵੀਰ ਨੂੰ ਨਾ ਮਾਰੋ।'

ਕਾਲੂ ਦਾ ਗੁੱਸਾ ਪਤਾ ਨਹੀਂ ਕਿਥੋਂ ਤਕ ਜਾਂਦਾ ਤੇ ਹੋਰ ਕੋਈ ਛੁਡਾਣ ਨੂੰ ਵਧਦਾ ਤਾਂ ਪਤਾ ਨਹੀਂ ਕੀ ਹੁੰਦਾ? ਪਰ ਉਸ ਦੇਵੀ ਦੀ ਠੰਢੀ ਗਲਵਕੜੀ ਨੇ ਉਸ ਕ੍ਰੋਧ ਦੀ ਜੁਆਲਾ ਨੂੰ ਠੱਲ੍ਹਿਆ। ਹੁਣ ਲੋਕੀ ਬੀ ਲੱਗੇ ਕਾਲੂ ਨੂੰ ਸਮਝਾਉਣ। ਕਿਉਂ ਨਾ ਸਮਝਾਉਣ? ਉਸ ਦੇਵੀ ਨੇ ਰੌ ਜੁ ਬਦਲ

ਦਿਤਾ। ਚਾਰ ਆਦਮੀ ਅੱਗੇ ਹੋਏ, ਉਨ੍ਹਾਂ ਕਾਲੂ ਨੂੰ ਫੜ ਲਿਆ ਜੋ ਫੇਰ ਅੱਗੇ ਨਾ ਵਧੇ! ਭੈਣ ਨੇ ਹੁਣ ਪਿਤਾ ਛੱਡ ਕੇ ਵੀਰ ਨੂੰ ਜਾ ਗਲ ਲਾਇਆ, ਉਸ ਕਸ਼ਟ ਦੇ ਵੇਲੇ ਬੀ ਵੀਰ ਦੀ ਛੁਹ ਨਾਲ ਨਾਨਕੀ ਦੇ ਲੂੰ ਲੂੰ ਵਿਚੋਂ ਰੱਬੀ ਝਰਨਾਟ ਛਿੜੀ।

ਨਾਨਕੀ ਸਮਝੀ ਸੀ ਕਿ ਮੈਂ ਵੇਲੇ ਸਿਰ ਅੱਪੜੀ ਹਾਂ ਤੇ ਵੀਰਨ ਨੂੰ ਅਜੇ ਚਪੇੜ ਪਈ ਨਹੀਂ ਸੀ ਤੇ ਮੈਂ ਪਿਉ ਦਾ ਉਲਰਦਾ ਹੱਥ ਰੋਕ ਲਿਆ ਹੈ, ਪਰ ਹੁਣ ਜਦ ਵੀਰ ਦੇ ਨੈਣ ਡੁੱਲ੍ਹਦੇ ਤੇ ਗੱਲ੍ਹਾਂ ਨੀਲੀਆਂ ਤੱਕੀਆਂ ਤਾਂ ਗਸ਼ ਖਾਕੇ ਢੱਠੀ, ਘਰ ਦੀ ਗੋਲੀ ਨੇ ਬੀਬੀ ਨੂੰ ਸੰਭਾਲਿਆ, ਹੋਸ਼ ਆਈ ਤਾਂ ਫੇਰ ਵੀਰ ਨੂੰ ਚੰਬੜ ਗਈ ਤੇ ਲੈਕੇ ਘਰ ਵੱਲ ਟੁਰੀ। ਟੁਰੀ ਜਾਂਦੀ ਹੈ, ਪਰ ਨੈਣਾਂ ਤੋਂ ਨੀਰ ਜ਼ਾਰੀ ਹੈ, ਟਹਲਣ ਤੇ ਦਾਸੀ ਨਾਲ ਨਾਲ ਹਨ, ਦਸ ਸਰੀਰ ਹੋਰ ਬੀ ਹੁਣ ਮਗਰ ਹਨ। ਦਸ ਸਰੀਰ ਕਾਲੂ ਨੂੰ ਸਮਝਾ ਬੁਝਾ ਰਹੇ ਹਨ: ਉਧਰ ਬਾਉਲੀ ਹੋਈ ਮਾਂ ਨੂੰ ਘਰ ਚੈਨ ਨਹੀਂ, ਧੀ, ਦਾਸੀ, ਨੌਕਰ ਘੱਲ ਕੇ ਬੀ ਚੈਨ ਨਹੀਂ, ਬੇਵੱਸੀ ਘਰ ਖੁੱਲ੍ਹਾ ਛੱਡ ਟੁਰੀ ਆ ਰਹੀ ਹੈ, ਪਿੰਡੋਂ ਬਾਹਰ ਆ ਗਈ ਨੂੰ ਅੱਗੋਂ ਪੁੱਤ ਮਿਲਿਆ। ਚੁੱਪ ਦੀ ਮੂਰਤ, ਸ਼ਾਂਤ, ਅੱਥਰੂ ਸੁੱਕ ਚੁਕੇ ਹਨ, ਪਰ ਗਲ੍ਹਾਂ ਦੇ ਨੀਲ ਵੇਖਕੇ ਮਾਂ ਦੀਆਂ ਭੁੱਬਾਂ ਨਿਕਲ ਗਈਆਂ, ਘੁੱਟ ਕੇ ਪੁੱਤ ਨੂੰ ਗਲ ਨਾਲ ਲਾਇਆ, ਸਿਰ ਤੇ ਹੱਥ ਫੇਰਿਆ, ਘਰ ਲੈ ਆਈ। ਵਾਰੇ ਫੇਰੇ ਹੁੰਦੀ ਹੈ, ਨੈਣ ਭਰਦੀ ਹੈ, ਬਲਾਵਾਂ ਲੈਂਦੀ ਹੈ, ਪਜਾਰ ਦੇਂਦੀ ਹੈ।

## 18. ਬੀਬੀ ਦਾ ਵਿਆਹ

ਉਸ ਸਮੇਂ ਸੁਲਤਾਨ ਪੁਰ ਦਾ ਹਾਕਮ ਦੌਲਤ ਖਾਂ ਲੋਦੀ ਸੀ ਜੋ ਅਜ ਕਲ ਕਪੂਰਥਲੇ ਦੀ ਰਜਾਸਤ ਵਿਚ ਹੈ। ਇਥੇ ਇਕ ਭਲਾ ਪੁਰਖ ਰਹਿੰਦਾ ਸੀ, ਜਿਸਦਾ ਨਾਉਂ ਜੈਰਾਮ ਦਾਸ ਸੀ। ਇਹ ਚੜ੍ਹਦੀ ਜਵਾਨੀ ਦਾ ਗਭਰੂ, ਦਿੱਸਣੋਂ ਪੁੱਸਣੋ ਸੁਹਣਾ ਤੇ ਸੁਭਾਵ ਦਾ ਵੀ ਬੜਾ ਨੇਕ ਸੀ। ਇਹ ਜਾਤ ਦਾ ਪਲਤਾ ਖਤ੍ਰੀ ਸੀ ਤੇ ਨਵਾਬ ਪਾਸ ਨੌਕਰ ਸੀ ਤੇ ਕਣ ਕੂਤ ਕੱਢਣ ਤੇ ਕਾਛੀਆਂ ਕਰਨ ਦਾ ਉਸ ਸਮੇਂ ਦਾ ਇਕ ਚੰਗਾ ਹੁਦੇਦਾਰ ਸੀ। ਦੇਵ ਸੰਜੋਗ ਨਾਲ ਇਸਦੀ ਕੁੜਮਾਈ ਬੀਬੀ ਨਾਨਕੀ ਜੀ ਨਾਲ ਹੋ ਗਈ। ਕੁੜਮਾਈ ਤੋਂ ਥੋੜ੍ਹੇ ਸਮੇਂ ਮਗਰੋਂ ਲਿਖਿਆ ਹੈ ਕਿ ਵਿਸਾਖ ਦੇ ਮਹੀਨੇ ਬੀਬੀ ਜੀ ਦਾ ਵਿਆਹ

ਹੋ ਗਿਆ। ਕੁੜਮਾਈ ਤੇ ਵਿਆਹ ਵਿਚ ਰਾਇ ਨੇ ਬਹੁਤ ਹਿੱਸਾ ਲਿਆ ਸੀ। ਕਾਲੂ ਜੀ ਬੜੇ ਦਯਾਨਤਕਾਰ ਤੇ ਲਾਯਕ ਕਾਰਦਾਰ ਸੇ। ਰਾਇਬੁਲਾਰ ਉਨ੍ਹਾਂ ਦੀ ਕਦਰ ਬਹੁਤ ਕਰਦਾ ਸੀ। ਬੀਬੀ ਦੇ ਕਾਜ ਵਿਚ ਰਾਇ ਨੇ ਸੱਕੀਆਂ ਧੀਆਂ ਵਰਗਾ ਵਰਤਾਉ ਕੀਤਾ ਤੇ ਜੈਰਾਮ ਜੀ ਤੇ ਪਰਮ ਪਾਵਨ ਬੀਬੀ ਨੂੰ ਚੰਗੇ ਆਦਰ ਮਨਮਾਨ ਦੇ ਦਾਜ ਦੌਨ ਨਾਲ ਸੁਲਤਾਨ ਪੁਰੇ ਵਿਦਾ ਕੀਤਾ।

ਸੁਲਤਾਨ ਪੁਰ ਤੋਂ ਪਹਲੇ ਫੇਰੇ ਮੁੜ ਤਲਵੰਡੀ ਸੱਦਣੇ ਲਈ ਮਹਿਤਾ ਜੀ ਨੇ ਇਕ ਦਿਨ ਆਖਿਆ ਬਚਾ ਨਾਨਕ! ਤੂੰ ਜਾਹ ਸੁਲਤਾਨਪੁਰੇ ਤੇ ਅਪਣੀ ਭੈਣ ਨੂੰ ਲੈ ਆਉ। ਇਉਂ ਰਬ ਦੇ ਪਜਾਰੇ ਜੀ ਪਹਿਲੀ ਵੇਰ ਸੁਲਤਾਨਪੁਰ ਗਏ ਤੇ ਬੀਬੀ ਜੀ ਨੂੰ ਲੈ ਆਏ। ਭੈਣ ਦਾ ਨਵਾਂ ਘਰ ਵੇਖਕੇ ਆਪ ਪ੍ਰਸਿੰਨ ਹੋਏ ਸਨ ਤੇ ਜੈਰਾਮ ਜੀ ਨੇ ਆਪ ਨੂੰ ਸੁਲਤਾਨਪੁਰੇ ਰਹਿ ਪੈਣ ਵਾਸਤੇ ਆਖਿਆ ਸੀ, ਪਰ ਉਨ੍ਹਾਂ ਨੇ ਜਵਾਬ ਦਿਤਾ ਕਿ ਹੁਣ ਅਸੀਂ ਬੇਬੇ ਜੀ ਨੂੰ ਲੈਣ ਵਾਸਤੇ ਆਏ ਹਾਂ, ਫੇਰ ਅੰਨ ਜਲ ਅਧੀਨ ਹੈ।

ਕੁਛ ਮਹੀਨੇ ਬਾਦ ਜੈਰਾਮ ਜੀ ਤਲਵੰਡੀ ਫੇਰ ਆਏ ਤੇ ਬੀਬੀ ਜੀ ਨੂੰ ਮਾਪਿਆਂ ਦੇ ਸ਼ਗਨਾਂ ਸੁਆਰਥਾਂ ਵਿਚ ਸੁਲਤਾਨ ਪੁਰੇ ਲੈ ਗਏ (ਬਾ:ਜ:ਸਾ: ਵਿਚ ਲਿਖਿਆ ਹੈ- ਤਾਂ ਜੈਰਾਮ ਮੁਕਲਾਵਾ ਲੈਕਰ ਆਪਣੇ ਘਰ ਸੁਲਤਾਨਪੁਰ ਨੂੰ ਆਯਾ, ਭਾਵ ਇਹ ਕਿ ਜੈਰਾਮ ਜੀ ਦਾ ਇਹ ਆਉਣਾ ਮੁਕਲਾਵੇ ਲਈ ਸੀ।)। ਜਾਣ ਤੋਂ ਪਹਿਲੋਂ ਰਾਇ ਬੁਲਾਰ ਨੇ ਜੈਰਾਮ ਜੀ ਨੂੰ ਸਮਝਾਇਆ ਕਿ ਬੀਬੀ ਨਾਨਕੀ ਦਾ ਭਰਾ ਇਕ ਵਲੀ ਪੁਰਖ ਹੈ, ਮੇਰੀ ਜਾਚੇ ਤਾਂ ਉਸ ਦੇ ਸਾਰੇ ਲੱਛਣ ਪਿਗ਼ੰਬਰੀ ਦੇ ਹਨ, ਪਤਾ ਨਹੀਂ ਅਜੇ ਆਪਣੇ ਉਸ ਰੰਗ ਵਿਚ ਪ੍ਰਗਟਦਾ ਕਿਉਂ ਨਹੀਂ। ਖੈਰ ਰਬ ਦੇ ਭੇਤ ਰਬ ਜਾਣੇ, ਪਰ ਉਹ ਏਥੇ ਸੁਖੀ ਨਹੀਂ, ਪਿਤਾ ਦਾ ਸੁਭਾਉ ਹੋਰਵੇਂ ਹੈ; ਜੇ ਸੁਲਤਾਨ ਪੁਰੇ ਤੂੰ ਰਬੀ ਨਾਨਕ ਨੂੰ ਕਿਸੇ ਕਾਰੇ ਲਾਵੇਂ ਤਾਂ ਤੈਨੂੰ ਬੀ ਸਵਾਬ ਹੋਸੀ। ਜੈਰਾਮ ਨੂੰ ਸਮਝ ਪੈ ਚੁਕੀ ਸੀ ਕਿ ਬੀਬੀ ਪਵਿਤ੍ਰਤਾ ਦੀ ਦੇਵੀ ਪਰਮੇਸ਼ੁਰ ਦੀ ਭਗਤ ਹੈ ਤੇ ਉਸ ਦਾ ਸੁਹਣਾ ਵੀਰ ਕੋਈ ਹੋਰ ਉਚੇਰਾ ਰਬ ਦਾ ਬੰਦਾ ਹੈ, ਸੋ ਉਸਨੇ ਸਤਿ ਬਚਨ ਕੀਤਾ ਤੇ ਸੁਲਤਾਨਪੁਰੇ ਨੂੰ ਚਲਾ ਗਿਆ।

 www.sikhbookclub.com

## 19. ਤਲਵੰਡੀ ਤੋਂ ਵਿਦੈਗੀ

ਸ੍ਰੀ ਗੁਰੂ ਜੀ ਅਪਣੇ ਰੰਗੀਂ ਤੇ ਅਪਣੇ ਰਾਹੀਂ ਉਸੇ ਤਰ੍ਹਾਂ ਵਿਚਰਦੇ ਰਹੇ। ਉਹੋ ਕਰਤਾਰ ਨਿਰੰਕਾਰ ਦਾ ਪ੍ਰੇਮ, ਉਹੋ ਮਗਨਤਾਈਆਂ, ਕੰਮਾਂ ਕਾਜਾਂ ਤੋਂ ਉਦਾਸੀਆਂ, ਸਾਧੂ ਸੰਤਾਂ ਦੇ ਮੇਲੇ। ਇਕ ਦਿਨ ਆਪ ਬਾਹਰ ਗਏ ਤਾਂ ਅਗੇ ਇਕ ਸਾਧੂ ਬੈਠਾ ਸੀ। ਇਸ ਨਾਲ ਵਾਰਤਾਲਾਪ ਕਰਕੇ ਆਪ ਨੇ ਲੋੜਵੰਦ ਸਿਆਤਾ ਤਾਂ ਹਥੋਂ ਅਪਣੀ ਛਾਪ ਲਾਹਕੇ ਉਸਨੂੰ ਦੇ ਦਿਤੀ ਤੇ ਜੋ ਗੜਵਾ ਅਪਣੇ ਪਾਸ ਪਾਣੀ ਭਰਨ ਦਾ ਸੀ ਸੋ ਭੀ ਦੇ ਦਿਤਾ। ਘਰ ਆਏ ਤਾਂ ਪਿਤਾ ਜੀ ਨੂੰ ਪਤਾ ਲਗਾ ਕਿ ਸੋਨੇ ਦੀ ਛਾਪ ਤੇ ਪਿਤਲ ਦਾ ਗੜਵਾ ਦੂਇ ਪਾਸ ਨਹੀਂ ਹਨ। ਪੁੱਛਿਆ, ਝਿੜਕਿਆ, ਪਰ ਸੁਹਣੇ ਦਾਤਾ ਜੀ ਨੇ ਕੋਈ ਉੱਤਰ ਨਾ ਦਿਤਾ। ਪਿਤਾ ਨੂੰ ਮਾਯਾ ਅਪਣੀ ਲੱਗਦੀ ਸੀ ਤੇ ਪੁਤ੍ਰ ਨੂੰ ਮਾਯਾ ਭਗਵੰਤ ਦੀ ਦਿੱਸਦੀ ਸੀ। ਆਪ ਚੁਪ ਰਹੇ, ਪਰ ਪਿਤਾ ਦਾ ਗੁੱਸਾ ਹੋਰ ਵਧਿਆ। ਅੱਜ ਬੀਬੀ ਘਰ ਨਹੀਂ ਜੋ ਪਿਤਾ ਦੇ ਗਲੇ ਗਲੱਕੜੀ ਪਾਕੇ ਰੋਕ ਲਵੇ, ਪਰ ਮਾਤਾ ਜੀ ਦੇ ਕਹਿਣ ਤੇ ਸ੍ਰੀ ਕਾਲੂ ਜੀ ਨੇ ਕੋਈ ਹਥੀਂ ਮਾਰ ਨਹੀਂ ਕੀਤੀ, ਪਰ ਕਲੇਸ਼ ਇਤਨਾ ਕੀਤਾ ਕਿ ਰਾਇ ਤਕ ਖਬਰ ਪਹੁੰਚੀ। ਰਾਇ ਨੇ ਸੱਦਕੇ ਫੇਰ ਸਮਝਾਇਆ ਤੇ ਆਖਿਆ ਹੁਣ ਕਲੇਸ਼ ਛਡ ਦੇਹ ਤੇਰੇ ਬੇਟੇ ਨੂੰ ਹੁਣ ਸੁਲਤਾਨਪੁਰ ਬੀਬੀ ਪਾਸ ਘੱਲ ਦੇਂਦੇ ਹਾਂ। ਦੋਵੇਂ ਭੈਣ ਭਿਰਾ ਰਬੀ ਰੰਗ ਵਾਲੇ ਇਕ ਦੂਏ ਨੂੰ ਸਿਆਣਨ ਵਾਲੇ ਸੁਖੀ ਰਹਿਣਗੇ। ਕਾਕਾ ਆਹਰੇ ਬੀ ਲਗ ਜਾਏਗਾ। ਪੁ:ਜ:ਸਾਖੀ ਵਿਚ ਲਿਖਿਆ ਹੈ ਕਿ ਭਾਈਏ ਜੈਰਾਮ ਦੀ ਤਦੋਂ ਨੂੰ ਸੱਦੇ ਦੀ ਚਿਠੀ ਬੀ ਆ ਗਈ ਤੇ ਬਾ: ਵਾਲੀ ਜ:ਸਾਖੀ ਵਿਚ ਲਿਖਿਆ ਹੈ ਕਿ ਰਾਇ ਨੇ ਬੀ ਇਕ ਚਿਠੀ ਜੈਰਾਮ ਵਲ ਆਪਣੇ ਦਸਖਤੀ ਲਿਖ ਦਿਤੀ ਕਿ ਭਾਈ ਜੈਰਾਮ! ਸ੍ਰੀ ਨਾਨਕ ਜੀ ਦੀ ਤਵਾਜ਼ਿਆ ਕਰਨੀ ਤੇ ਕੰਮੇ ਲਾ ਦੇਣਾ।

ਜਦੋਂ ਗੁਰੂ ਜੀ ਤਲਵੰਡੀ ਤੋਂ ਵਿਦਾ ਹੋਣ ਲਗੇ ਤਾਂ ਰਾਇ ਬੁਲਾਰ ਨੇ ਉਨ੍ਹਾਂ ਦੀ ਵਿਦੈਗੀ ਵਿਚ ਜ਼ਜਾਫਤ ਦਿਤੀ, ਜਿਸ ਵਿਚ ਉਨ੍ਹਾਂ ਦੇ ਪਜਾਰੇ ਸਾਰੇ ਆਏ, ਕੀਰਤਨ ਹੋਇਆ ਤੇ ਟੁਰਨ ਲਗਿਆਂ ਰਾਇ ਨੇ ਆਖਿਆ ਹੇ ਰੱਬੀ ਜੋਤ! ਮੈਨੂੰ ਆਗਜਾ ਕਰੋ ਕਿ ਮੈਂ ਤੁਸਾਂ ਲਈ ਕੀਹ ਕਰਾਂ? ਸ੍ਰੀ ਜੀ ਨੇ ਮੁਸਕ੍ਰਾਕੇ ਕੁਛ ਆਖਿਆ ਜਿਸਦਾ ਭਾਵ ਇਹ ਸੀ:-

ਜੇ ਤੂੰ ਮੰਨੇ ਤਾਂ ਮੇਰਾ ਇਕ ਹੁਕਮ ਹੈ, "ਜਦੋਂ ਤੇਰਾ ਆਪਣਾ ਬਲ ਕੰਮ ਨਾ ਸਾਰ ਸਕੇ ਦੋਵੇਂ ਹੱਥ ਜੋੜ ਕੇ ਕਰਤਾਰ ਦੀ ਸ਼ਰਨ ਪੈ ਜਾਵੀਂ।"

## 21. ਸੁਲਤਾਨ ਪੁਰ

ਜਦੋਂ ਗੁਰੂ ਜੀ ਸੁਲਤਾਨ ਪੁਰ ਬੀਬੀ ਦੇ ਘਰ ਅੱਪੜੇ ਤਾਂ ਅਗੋਂ ਬੀਬੀ ਧਾਕੇ ਉੱਠੀ ਤੇ ਪੈਰਾਂ ਤੇ ਢੈਹ ਪਈ, ਆਪ ਨੇ ਸੰਭਾਲਿਆ ਤੇ ਆਖਿਆ ਬੀਬੀ! ਤੂੰ ਵਡੀ ਹੈਂ, ਮੇਰਾ ਪੈਰੀ ਪਉਣਾ ਬਣਦਾ ਹੈ। ਬੀਬੀ ਡਾਢੇ ਪਜਾਰ ਤੇ ਸ਼ਰਧਾ ਵਿਚ ਵੀਰ ਦੇ ਅਸਲੀ ਰੂਪ ਨੂੰ ਦੇਖ ਰਹੀ ਸੀ, ਪੁਕਾਰ ਕੇ ਬੋਲੀ: ਵੀਰਨ ਤੂੰ ਸਚ ਆਖਦਾ ਹੈਂ, ਪਰ ਜੇ ਤੂੰ ਆਦਮੀ ਹੋਵੇਂ ਤਾਂ ਇਹ ਬਾਤ ਕਰਾਂ, ਤੂੰ ਤਾਂ ਮੈਨੂੰ ਪਰਮੇਸ਼ਰ ਹੀ ਨਜ਼ਰ ਆਉਂਦਾ ਹੈਂ'। ਇਸ ਤਰ੍ਹਾਂ ਗਲਾਂ ਬਾਤਾਂ ਕਰਦਿਆਂ ਸੁਘੜ ਬੀਬੀ ਨੇ ਵੀਰਨ ਨੂੰ ਪੀੜ੍ਹੇ ਤੇ ਬਹਾਲਿਆ ਤੇ ਆਪ ਅਦਬ ਨਾਲ ਪਾਸ ਪੀੜ੍ਹੀ ਤੇ ਬੈਠ ਗਈ। ਇੰਨੇ ਨੂੰ ਜੈਰਾਮ ਜੀ ਆ ਗਏ, ਆਪ ਉੱਠੇ ਤੇ ਉਸਦੇ ਪੈਰਾਂ ਵਲ ਝੁਕੇ, ਤਦ ਉਸ ਨੇ ਸਿਰ ਬੋਚ ਲਿਆ ਤੇ ਆਖਿਆ, ਤੁਸੀਂ ਚਾਹੇ ਮੇਰੇ ਸਾਕੇਦਾਰ ਹੋ, ਪਰ ਮੈਂ ਤਾਂ ਤੈਨੂੰ ਪਰਮੇਸ਼ੁਰ ਕਰਕੇ ਸਿਆਣਦਾ ਹਾਂ, ਮੇਰੇ ਭਾਗ ਬੜੇ ਹੋਏ ਹਨ ਜੋ ਤੁਸੀਂ ਮੇਰੇ ਪਾਸ ਆ ਪਹੁੰਚੇ ਹੋ। ਜੈਰਾਮ ਜੀ ਉਂਞ ਤਾਂ ਇਹ ਚਾਹੁੰਦੇ ਸਨ ਕਿ ਸ੍ਰੀ ਨਾਨਕ ਜੀ ਅਪਣੇ ਰੰਗ ਰਵਦੇ ਰਹਿਣ, ਕੰਮ ਨਾ ਕਰਨ, ਅੰਨ ਪਾਣੀ ਘਰ ਵਿਚ ਖੁੱਲ੍ਹਾ ਹੈ, ਪਰ ਗੁਰੂ ਜੀ ਆਪ ਉਸ ਉਤੇ ਅਪਣੇ ਸਰੀਰਕ ਨਿਰਖਾਹ ਦਾ ਬੋਝ ਨਹੀਂ ਸੀ ਪਾਇਆ ਚਾਹੁੰਦੇ। ਬੀਬੀ ਨੇ ਬੀ ਵੀਰਜੀ ਨੂੰ ਇਹੋ ਗਲ ਆਖੀ, ਜੋ ਕਿਰਤ ਕਰਨ ਦੀ ਲੋੜ ਨਹੀਂ, 'ਭਾਈ ਤੂੰ ਪਰਮੇਸ਼ਰ ਦਾ ਰੂਪ ਹੈਂ, ਤੂੰ ਨਿਰੰਕਾਰ ਜੀ ਦਾ ਭਗਤ ਹੈਂ, ਫਕੀਰਾਂ ਦਾ ਦੋਸਤ ਹੈਂ।

ਸ੍ਰੀ ਨਾਨਕ ਜੀ— ਭਲਾ ਬੀਬੀ ਜੀ! ਜਿਵੇਂ ਤੁਸੀਂ ਆਖਸੋ, ਪਰ 'ਕਿਰਤ ਕਰਕੇ ਖਾਈਦਾ ਹੈ ਤਾਂ ਪਵਿਤ੍ਰ ਹੋਈਦਾ ਹੈ (ਬਾਲੇ ਵਾ:ਜ:ਸਾ:)।

ਦੋ ਚਾਰ ਦਿਨ ਮਗਰੋਂ ਜੈਰਾਮ ਨਵਾਬ ਦੀ ਆਗਜਾ ਲੈਕੇ ਜਗਤ ਦੇ ਮਾਲਕ ਨੂੰ ਨਵਾਬ ਦੀ ਨੌਕਰੀ ਲਈ ਲੈ ਗਿਆ। ਨਵਾਬ ਨੇ ਬਹੁਤ ਗਲਾਂ ਬਾਤਾਂ ਕੀਤੀਆਂ ਤੇ ਆਖਿਆ, ਇਹ ਖਹੂੰ ਦਿਆਨਤਦਾਰ ਪੁਰਖ ਜਾਪਦਾ ਹੈ। ਭਲਾ ਹੈ, ਵਿੱਦਜਵਾਨ ਹੈ, ਮੇਰਾ ਕੰਮ ਚੰਗਾ ਕਰੇਗਾ, ਇਸਨੂੰ ਮੋਦੀ

ਖਾਨੇ ਤੇ ਲਾਓ। ਸੋ ਮੋਦੀਖਾਨੇ ਦਾ ਕੰਮ ਸਪੁਰਦ ਹੋ ਗਿਆ, ਖਾਨ ਵਲੋਂ ਸਿਰੋਪਾਉ ਮਿਲਿਆ, ਕੁਛ ਰਸਦਾਂ ਮੁਕਰਰ ਹੋਈਆਂ ਤੇ ਕੁਛ ਤਲਬ।

ਕੰਮ ਮੋਦੀ ਦਾ ਬਹੁਤ ਹੱਛਾ ਨਿਭਣ ਲੱਗਾ, ਸੱਚੇ ਤੇ ਸੁਚੇ ਹੱਥਾਂ ਵਿਚੋਂ ਜੋ ਕੁਛ ਹੁੰਦਾ ਹੈ ਸੁਹਣਾ ਹੁੰਦਾ ਹੈ, ਹਰੇਕ ਨੂੰ ਚੀਜ ਪੂਰੀ ਤੇ ਚੰਗੀ ਮਿਲੇ, ਸਾਰੇ ਨੌਕਰ ਚਾਕਰ ਅਫਸਰ ਬੜੇ ਪ੍ਰਸੰਨ ਹੋਣ ਲੱਗੇ ਤੇ ਇਸ ਪ੍ਰਸਿੰਨਤਾਈ ਦੀਆਂ ਖਬਰਾਂ ਨਵਾਬ ਪਾਸ ਵੀ ਅੱਪੜ ਗਈਆਂ।

ਕਿਰਤ ਵਿਚ ਤਾਂ ਇਹ ਜਸ ਪਾਸਾ ਤੇ ਅਪਣਾ ਕੰਮ ਪੂਰਾ ਨਿਬ੍ਹਾਯਾ। ਦੂਜੇ ਪਾਸੇ ਅਪਣੇ ਰੱਬੀ ਰੰਗ ਨੂੰ ਰਤਾ ਨਹੀਂ ਵਿਸਰੇ, ਉਹੋ ਸੁਭਾਉ, ਉਹੋ ਸ਼ੌਕ, ਉਹੋ ਵਰਤਾਉ। ਪਹਿਰ ਰਾਤ ਰਹਿੰਦੇ ਉਠਕੇ ਬਨ ਨੂੰ ਚਲੇ ਜਾਣਾ, ਇਕ ਵੇਈਂ (ਛੋਟੀ ਨਦੀ) ਏਥੇ ਵਗਦੀ ਸੀ, ਉਸ ਵਿਚ ਇਸ਼ਨਾਨ ਕਰਕੇ ਸੂਰਜ ਚੜ੍ਹੇ ਤੱਕ ਅਪਣੇ ਪ੍ਰੀਤਮ ਵਾਹਿਗੁਰੂ ਦੇ ਰੰਗ ਵਿਚ ਉਸੇ ਬਨ ਵਿਚ ਮਗਨ ਬੈਠੇ ਰਹਿਣਾ, ਕਦੇ ਕਿਨਾਰੇ, ਕਦੇ ਕਿਸੇ ਸੋਹਣੀ ਬਰੇਤੀ ਵਿਚ। ਦਿਨ ਚੜ੍ਹੇ ਕਪੜੇ ਪਹਿਨ ਕੇ ਤਿਲਕ ਲਾਇਕੇ ਦਫਤਰ ਵਿਚ ਜਾਕੇ ਆਪਣਾ ਲਿਖਣ ਪੜ੍ਹਨ ਦਾ ਮੋਦੀਖਾਨੇ ਦਾ ਕੰਮ ਕਰਨਾ। ਦੁਪਹਿਰ ਤੋਂ ਪਹਿਲਾਂ ਕੰਮ ਤੋਂ ਵਿਹਲਿਆਂ ਹੋਕੇ ਘਰ ਆਉਣਾ। ਪਰ ਇਸ ਕੰਮ ਕਰਨ ਦੇ ਵਕਤ ਵਿਚ ਬੀ ਅਨੇਕਾਂ ਸਮੇਂ ਆ ਜਾਣੇ ਕਿ ਆਪਦੇ ਨੈਣ ਹੋਰ ਰੰਗੇ ਹੋ ਜਾਣੇ ਤੇ "ਤੇਰਾ ਤੇਰਾ" ਦੀ ਧੁਨ ਬੱਝ ਜਾਣੀ।

ਬੀਬੀ ਤੇ ਜੈਰਾਮ ਆਪ ਦੇ ਸਤਿਸੰਗ ਨਾਲ ਸੁਖੀ ਹੁੰਦੇ। ਆਪ ਦੇ ਰਚੇ ਸ਼ਬਦ ਸਲੋਕ ਸੁਣਦੇ ਤੇ ਯਾਦ ਕਰ ਲੈਂਦੇ ਸਨ, ਪਰ ਸਭ ਤੋਂ ਪਹਿਲਾਂ ਆਪਣੇ ਪ੍ਰੀਤਮ ਦੇ ਜਸ ਸੁਨਾਉਣ ਵਾਲਾ ਸਖਾ ਮਰਦਾਨਾ ਆਯਾ, ਕਈ ਰਬੀ ਬੰਦੇ ਸੁਲਤਾਨ ਪੁਰੇ ਦੇ ਬੀ ਚੰਦਨ ਦੀ ਵਾਸ਼ਨਾ ਨਾਲ ਮਹਿਕ ਉੱਠੇ, ਬੜਾ ਅਨੂਪਮ ਠਾਠ ਬੱਝ ਗਿਆ।

ਇਕ ਵੇਰੀ ਵਿਚੋਂ ਬਾਬਾ ਕਾਲੂ ਜੀ ਵੀ ਸੁਲਤਾਨ ਪੁਰੇ ਆਏ। ਪੁਤਰ ਨੂੰ ਕਾਰ ਕਰਦਿਆਂ ਤੇ ਖੁੱਭਕੇ ਕਾਰ ਕਰਦਿਆਂ ਦੇਖਕੇ ਪਰਸਿੰਨ ਹੋਏ, ਪਰ ਜਦ ਪਤਾ ਕੀਤਾ ਕਿ ਮਾਯਾ ਜਮਾਂ ਕੋਈ ਨਹੀਂ ਕੀਤੀ ਜੋ ਖੱਟਿਆ ਸੋ ਗ੍ਰੀਬਾਂ, ਲੋੜਵੰਦਾਂ, ਬੰਦਗੀ ਵਾਲੇ ਲੋਕਾਂ ਵਿਚ ਵੰਡ ਦੇਂਦੇ ਹਨ ਤਾਂ ਦਿਲਗੀਰ ਹੋਏ ਤੇ ਬੀਬੀ ਪਾਸ ਗਿਲਾ ਕਰਨ ਲਗੇ। ਬੀਬੀ ਨੇ ਉਤਰ ਦਿਤਾ, ਪਿਤਾ ਜੀ ਤੁਸੀਂ ਚਾਹੁੰਦੇ ਹੁੰਦੇ ਸੀ ਕਿ ਵੀਰਨ, ਮੇਰਾ ਪਯਾਰਾ ਵੀਰਨ ਕਿਸੇ ਕਾਰ

ਵਿਹਾਰ ਵਿਚ ਲਗੇ। ਹੁਣ ਜੇ ਕਾਰ ਵਿਚ ਪਰਚਿਆ ਹੈ ਤਾਂ ਪਿਤਾ ਜੀ ਸ਼ੁਕਰ ਦਾ ਥਾਉਂ ਹੈ, ਦੇਖੋ ਖਾਂ ਕਿਡੀ ਸੁਹਣੀ ਤਰ੍ਹਾਂ ਐਡਾ ਵਡਾ ਕੰਮ ਵੀਰ ਜੀ ਨਿਭਾ ਰਹੇ ਹਨ, ਜੇ ਅਪਣੀ ਕਮਾਈ ਮਾਯਾ ਵੰਡ ਦੇਂਦੇ ਹਨ ਤਾਂ ਘਰੋਂ ਤਾਂ ਨਹੀਂ ਨਾ ਕੁਛ ਪਿਆ ਜਾਂਦਾ। ਸਹਜੇ ਸਹਜੇ ਕੀ ਅਸਚਰਜ ਹੈ ਕਿ ਕੁਛ ਜੋੜ ਵੀ ਲੈਣ। ਮਾਯਾ ਨੇ ਉਨ੍ਹਾਂ ਦੇ ਅਨੁਸਾਰ ਵਰਤਣਾ ਹੈ, ਉਨ੍ਹਾਂ ਨੇ ਮਾਯਾ ਦੇ ਅਨੁਸਾਰ ਨਹੀਂ ਵਰਤਣਾ। ਤਾਂ ਬਾਬੇ ਕਾਲੂ ਨੇ ਜੈਰਾਮ ਜੀ ਨੂੰ ਕਿਹਾ। ਉਸਨੇ ਆਖਿਆ ਪਿਤਾ ਜੀ! ਮਾਯਾ ਇਸ ਤਰ੍ਹਾਂ ਖੁੱਲ੍ਹੇ ਹਥੀਂ ਖਰਚ ਹੁੰਦੀ ਵੇਖਕੇ ਮੈਂ ਕਦੇ ਡੋਲ ਜਾਂਦਾ ਹਾਂ, ਪਰ ਤੁਸਾਂ ਦੀ ਰਬ ਸੁਆਰੀ ਬੱਚੀ ਨਹੀਂ ਡੋਲਦੀ, ਮੇਰੀ ਡੋਲ ਇਹ ਹੁੰਦੀ ਹੈ ਕਿ ਮਤੇ ਨ੍ਵਾਬ ਦਾ ਮਾਲ ਨਾ ਲੁਟੀ ਜਾਵੇ, ਪਰ ਹਿਸਾਬ ਕਿਤਾਬ ਬਹੀ ਖਾਤਾ ਠੀਕ ਹੈ ਤੇ ਕੋਈ ਘਾਟਾ ਨਹੀਂ ਹੈ। ਹਿਸਾਬ ਤੱਕਕੇ ਤਦ ਬਾਬਾ ਕਾਲੂ ਨੇ ਕਿਹਾ-- ਬੇਟਾ! ਹੁਣ ਜਦ ਲੇਖਾ ਹੋਵੇ ਤਾਂ ਜੋ ਵਾਧਾ ਨਿਕਲੇ ਸੋ ਤੁਸਾਂ ਸੰਭਾਲ ਲੈਣਾ, ਇਕ ਵੇਰ ਜਮਾ ਹੋ ਗਿਆ ਤਾਂ ਖਬਰੇ ਫੇਰ ਨਾਨਕ ਨੂੰ ਬੀ ਜੋੜਨ ਦਾ ਵੱਲ ਆ ਜਾਵੇ।

## 22. ਲੇਖੇ ਦੀ ਪੜਤਾਲ

ਇਕ ਦਿਨ ਕਿਸੇ ਨੇ ਭਾਈਆ ਜੈਰਾਮਦਾਸ ਨੂੰ ਡਾਢਾ ਸ਼ੱਕ ਪਾਯਾ ਕਿ ਨਾਨਕ ਮੋਦੀ ਖਾਨਾ ਲੁਟਾ ਰਿਹਾ ਹੈ, ਜੇ ਰਕਮ ਖੁੱਟ ਗਈ ਤਾਂ ਪਠਾਣ ਹਾਕਮ ਨੇ ਤੈਨੂੰ ਬੰਨ੍ਹ ਲੈਣਾ ਹੈ। ਜੈਰਾਮ ਸਿਦਕਵਾਨ ਸੀ, ਪਰ ਸੰਸਾ ਸਿਦਕ ਨੂੰ ਕਈ ਵੇਰ ਡੁਲਾ ਦੇਂਦਾ ਹੈ। ਉਦਾਸ ਚਿਤ ਘਰ ਆਏ ਤਾਂ ਬੀਬੀ ਨੇ ਸਾਰੀ ਗਲ ਸੁਣਕੇ ਆਖਿਆ- 'ਜਿਥੋਂ ਤੋੜੀ ਸੰਸਾਰ ਵਿਚ ਮਾਯਾ ਹੈ ਸੋ ਸਭਸੈ ਦਾ ਮਾਲਕ ਖਾਵੰਦ ਗੁਰੂ ਨਾਨਕ ਜੀ ਹੈ, ਸਭੋ ਮਾਯਾ ਨਾਨਕ ਜੀ ਦੇ ਹਥਾਂ ਵਿਚੋਂ ਨਿਕਲਦੀ ਹੈ। ਪਰ ਤੁਸੀਂ ਹੁਣ ਇਕ ਵਾਰ ਲੇਖਾ ਕਰੋ....." (ਜ.ਸ.ਬ.)। ਤਦ ਬੀਬੀ ਜੀ ਨੇ ਤੁਲਸਾਂ ਦਾਸੀ ਨੂੰ ਘੱਲਕੇ ਵੀਰ ਜੀ ਨੂੰ ਘਰ ਸਦਵਾਯਾ ਤੇ ਸਾਰੀ ਵਿਥਯਾ ਕਹਿ ਸੁਣਾਈ, ਸੁਣਕੇ ਆਪ ਹੱਸੇ ਤੇ ਕਹਿਣ ਲਗੇ ਲੇਖਾ ਕਰ ਕਰਾ ਲੈਣਾ ਚੰਗਾ ਹੈ। ਸੋ ਜਦੋਂ ਲੇਖਾ ਹੋ ਚੁਕਾ ਤਾਂ ਰਬੀ ਮੋਦੀ ਜੀ ਦੇ ਦਾਨ ਪੁੰਨ ਵੰਡ ਖਰੈਤਾਂ ਹੋਰ ਸਾਰੇ ਖਰਚ ਕੱਢਕੇ ਫੇਰ ਇਕ ਰਕਮ ਵਾਧੇ ਦੀ ਨਿਕਲੀ। ਤਦ ਗੁਰੂ ਜੀ ਨੇ ਭੈਣ ਦੇ ਰੂਬਰੂ

ਜੈਰਾਮ ਜੀ ਨੂੰ ਆਖਿਆ- ਜੀਜਾ ਜੀ ਹੁਣ ਤੁਸਾਂ ਦੀ ਰਹਿ ਬਣ ਆਈ ਹੈ, ਰਕਮ ਵਾਧੇ ਨਿਕਲੀ ਹੈ। ਮੇਰਾ ਸੁਭਾ ਮਾਯਾ ਨੂੰ ਦੁਖ ਹਰਨੀ ਕਰਕੇ ਵਰਤਣ ਵਰਤਾਣ ਦਾ ਹੈ ਮਤੇਂ ਕਿਸੇ ਵੇਲੇ ਕੁਛ ਥੁੜ ਨ ਜਾਵੇ ਤੇ ਆਪ ਨੂੰ ਗਲ ਦੇਣੀ ਆ ਜਾਵੇ, ਇਸ਼ ਲਈ ਚੰਗਾ ਹੋਵੇ ਜੋ ਹੁਣ ਮੈਨੂੰ ਛੁਟੀ ਮਿਲੇ। ਜੈਰਾਮ ਜੀ ਨੇ ਕਿਹਾ, ਮੇਰੇ ਮਨ ਪ੍ਰਤੀਤ ਹੈਸੀ ਪੂਰੀ, ਪਰ ਮਨੁਖ ਦਾ ਮਨ ਹੈ, ਡੋਲ ਖਲੋਤਾ ਸਾਂ, ਪਰ ਹੁਣ ਜੋ ਪ੍ਰਤੀਤ ਆਈ ਹੈ ਸਾਈਂ ਭਾਵੇ ਤਾਂ ਨਾ ਟੁੱਟੇਗੀ। ਆਪ ਬਖਸ਼ਿੰਦ ਹੋ ਬਖਸ਼ੋ ਤੇ ਕਾਰ ਨਾ ਛੋੜੋ। ਫੇਰ ਬੀਬੀ ਜੀ ਨੇ ਆਖਿਆ ਵੀਰਨ ਜੀਓ! ਸਾਨੂੰ ਛੋੜਕੇ ਨਾ ਜਾਓ ਤੇ ਕਾਰ ਕਰੀ ਚਲੋ। ਇਸ ਤਰ੍ਹਾਂ ਰਬ ਦਾ ਮੋਦੀ ਫੇਰ ਨਵਾਬ ਦੇ ਮੋਦੀਖਾਨੇ ਵਿਚ ਜਾ ਬੈਠਾ! ਇਸ ਤੋਂ ਕੁਛ ਕਾਲ ਮਗਰੋਂ ਨਵਾਬ ਪਾਸ ਉਹੋ ਸ਼ਕਾਇਤ ਹੋਈ ਕਿ ਗੁਰੂ ਨਾਨਕ ਮੋਦੀਖਾਨਾ ਉਜਾੜ ਰਿਹਾ ਹੈ। ਫੇਰ ਨਵਾਬ ਦੇ ਅਪਣੇ ਹੁਕਮ ਨਾਲ ਲੇਖਾ ਕੀਤਾ ਗਿਆ ਤਾਂ ਬੀ ਵਾਧਾ ਗੁਰੂਜੀ ਦਾ ਹੀ ਨਿਕਲਿਆ।

## 23. ਸਿਰੀ ਚੰਦ ਲਖਮੀ ਦਾਸ ਜੀ

ਪੁ:ਜ:ਸਾਖੀ ਵਿਚ ਲਿਖਿਆ ਹੈ ਕਿ ਸ੍ਰੀ ਗੁਰੂ ਜੀ ਦਾ ਵਿਵਾਹ ਤਲਵੰਡੀ ਛੋਟੀ ਉਮਰੇ ਹੋ ਗਿਆ ਸੀ, ਪਰ ਬਾ:ਵਾ:ਸਾਖੀ ਵਿਚ ਵਿਵਾਹ ਸੁਲਤਾਨ ਪੁਰ ਇਸ ਲੇਖੇ ਤੋਂ ਬਾਦ ਹੋਇਆ ਲਿਖਿਆ ਹੈ।

ਪਰ ਇਹ ਗਲ ਸਹੀ ਹੈ ਕਿ ਸੁਲਤਾਨਪੁਰ ਵਾਸ ਦੇ ਦਿਨਾਂ ਵਿਚ ਬੇਬੇ ਸੁਲਖਣੀ ਜੀ- ਗੁਰੂ ਨਾਨਕ ਦੇਵ ਜੀ ਦੀ ਸੁਪਤਨੀ ਜੀ- ਸ੍ਰੀ ਸੁਲਤਾਨ ਪੁਰ ਆ ਰਹੇ ਸੇ ਤੇ ਬੇਬੇ ਜੀ ਨੇ ਗੁਰੂ ਜੀ ਦਾ ਵੱਖਰਾ ਘਰ ਅੱਡ ਦਿਤਾ ਸੀ। ਫਿਰ ਬੀ ਗੁਰੂ ਜੀ ਦੀ ਰਹੁਰੀਤ ਉਹ ਬੰਦਗੀ ਵਾਲੀ ਤੇ ਦਾਨ ਵਾਲੀ ਹੀ ਰਹੀ ਸੀ। ਘਰ ਕਈ ਕਈ ਦਿਨ ਨਾ ਆਉਂਦੇ। ਬੇਬੇ ਭਰਜਾਈ ਨੂੰ ਬਹੁਤ ਪਿਆਰ ਕਰਦੀ, ਪਰ ਉਨ੍ਹਾਂ ਦੀ ਸ਼ਿਕਯਤ ਬਣੀ ਹੀ ਰਹਿੰਦੀ। ਇਹ ਸ਼ਿਕਾਯਤਾਂ ਪੈਕੇ ਪੁੱਜੀਆਂ ਤਾਂ ਉਨ੍ਹਾਂ ਦੀ ਮਾਂ ਚੰਦੋ ਰਾਣੀ ਨੇ ਆ ਬੇਬੇ ਨਾਨਕੀ ਨੂੰ ਉਲਾਂਭੇ ਦਿਤੇ। ਬੇਬੇ ਜੀ ਨੇ ਦੱਸਿਆ ਕਿ ਭਰਜਾਈ ਜੀ ਨੂੰ ਕਿਸੇ ਗਲ ਦੀ ਥੁੜ ਨਹੀਂ, ਮੇਰੇ ਵੀਰ ਨੇ ਸਾਰੇ ਸੁਖਾਂ ਦੇ ਸਾਮਾਨ ਕਰ ਦਿਤੇ ਹੋਏ ਨੇ, ਉਨ੍ਹਾਂ ਦਾ ਸੁਭਾਵ ਸੰਤ ਹੈ ਤੇ ਸੰਤ ਮਤੇ ਰਹਿੰਦੇ

ਹਨ; ਭਾਬੀ ਜੀ ਨੂੰ ਸਮਝਾਓ ਕਿ ਸੰਤ ਜਾਣਕੇ ਸ਼ਰਧਾ ਧਾਰਕੇ ਸੇਵਾ ਕਰੇ, ਹੋਰ ਸੁਖੀ ਹੋ ਜਾਸੀ। ਇਸ ਤਰਾਂ ਸਮਝਾ ਬੁਝਾਕੇ ਬੇਬੇ ਜੀ ਨੇ ਸਭਨਾਂ ਨੂੰ ਸੁਖੀ ਕੀਤਾ। ਮੁਲਤਾਨ ਪੁਰ ਰਹਿੰਦਿਆਂ ਹੀ ਸ੍ਰੀ ਗੁਰੂ ਜੀ ਦੇ ਗ੍ਰਿਹਿ ਦੋ ਬਾਲਕੇ ਹੋਏ। ਵਡੇ ਦਾ ਨਾਉਂ ਸ੍ਰੀ ਚੰਦ ਤੇ ਛੋਟੇ ਦਾ ਲਖਮੀ ਦਾਸ ਧਰਿਆ।

## 24. ਨਿਮਾਜ਼

ਇਕ ਦਿਨ ਪਹਿਰ ਰਾਤ ਰਹਿੰਦੀ ਉਠਕੇ ਆਪ ਵੇਈਂ ਨੂੰ ਗਏ। ਕਿਨਾਰੇ ਅੱਪੜਕੇ ਕੱਪੜੇ ਉਤਾਰੇ ਤੇ ਖਿਦਮਤਗਾਰ ਨੂੰ ਦਿੱਤੇ, ਆਪ ਦਰਯਾ ਵਿਚ ਵੜੇ, ਥੋੜ੍ਹਾ ਚਿਰ ਦਾਸ ਨੂੰ ਵੇਈਂ ਵਿਚ ਨ੍ਹਾਉਂਦੇ ਤੇ ਤਰਦੇ ਦਿੱਸੇ, ਪਰ ਫੇਰ ਨਜ਼ਰੋਂ ਦਿੱਸਣੋਂ ਰਹਿ ਗਏ। ਉਹ ਆਦਮੀ ਸੂਰਜ ਚੜ੍ਹੇ ਤਕ ਬੈਠਾ ਰਿਹਾ, ਅੰਤ ਨਿਰਾਸ ਹੋਕੇ ਮੁੜ ਆਇਆ ਤੇ ਖਾਨ ਨੂੰ ਖਬਰ ਕੀਤੀ। ਉਧਰੋਂ ਘਰਦਿਆਂ ਨੂੰ ਖਬਰ ਹੋਈ, ਸਾਰੇ ਵੇਈਂ ਤੇ ਆਏ, ਇੰਨੇ ਨੂੰ ਨਵਾਬ ਬੀ ਘੋੜੇ ਤੇ ਚੜ੍ਹਕੇ ਆਇਆ, ਮਲਾਹ ਬੁਲਾਏ ਗਏ, ਨਦੀ ਵਿਚ ਬੜੀ ਟੋਲ ਕੀਤੀ, ਦੋ ਚਾਰ ਮੀਲ ਹੇਠਾਂ ਤਕ ਗਏ, ਪਰ ਕੁਝ ਪਤਾ ਨਹੀਂ ਲੱਗਾ, ਆਖਰ ਇਹ ਸਮਝਕੇ, ਕਿ ਦਰਯਾ ਵਿਚ ਡੁੱਬ ਰੁੜ੍ਹ ਗਏ ਹਨ ਸਾਰੇ ਦਿਲਗੀਰ ਹੋਕੇ ਘਰੀਂ ਆ ਗਏ।

ਜੈਰਾਮ ਜੀ ਲੱਗੇ ਤਲਵੰਡੀ ਖਬਰਾਂ ਘੱਲਣ, ਪਰ ਬੀਬੀ ਨਾਨਕੀ ਨੇ ਹੋੜਿਆ ਤੇ ਆਖਿਆ: ਮੇਰਾ ਵੀਰ ਰੱਬੀ ਨੂਰ ਹੈ, ਉਸਨੂੰ ਕਿਹੜਾ ਦਰਯਾ ਡੋਬਣ ਵਾਲਾ ਹੈ? ਜਿਸ ਦੇ ਚਾਨਣੇ ਸਭ ਨੂੰ ਚਾਨਣ ਹੁੰਦਾ ਹੈ, ਉਸਨੂੰ ਕੌਣ ਹਨੇਰੇ ਪਾ ਸਕਦਾ ਹੈ? ਇਹ ਕੋਈ ਕੌਤਕ ਹੈ ਤੇ ਪਿਛਲਿਆਂ ਤੋਂ ਵੱਡਾ ਕੌਤਕ ਹੈ। ਗੱਲ ਕੀ ਸਾਰੇ 'ਡੁੱਬ ਜਾਣ' ਵਾਲੇ ਖਯਾਲ ਵਿਚ ਪੈ ਜਾਂਦੇ ਸਨ, ਪਰ ਇਕ ਬੀਬੀ ਦਾ ਨਿਸਚਾ ਅਹਿੱਲ ਸੀ, ਉਸਨੂੰ ਕੋਈ ਯਕੀਨ ਨਹੀਂ ਸੀ ਕਰਾ ਸਕਦਾ ਕਿ ਤਾਰਨ ਹਾਰ ਜੀ ਡੁੱਬ ਗਏ ਹਨ। ਤ੍ਰੈ ਦਿਨ ਇਸ ਤਰ੍ਹਾਂ ਬੀਤ ਗਏ, ਪਰ ਜਗਤ ਰੱਖਯਕ ਜੀ ਦੀ ਕੋਈ ਸੂੰਹ ਨਾ ਪਈ।

ਆਪ ਕਿੱਥੇ ਗਏ ਤੇ ਰਹੇ ਸੇ ਤੇ ਕੀਹ ਕੁਛ ਵਰਤਿਆ ਸੀ, ਉਹ ਸਾਡੀ ਬੋਲੀ ਤੇ ਸਾਡੇ ਤ੍ਰੀਕੇ ਵਿਚ ਸਾਡੇ ਸਾਮਾਨ ਦੇ ਵਾਂਙੂ ਜੋ ਕਿਹਾ ਜਾ

ਸਕਦਾ ਹੈ, ਸਤਿਗੁਰੂ ਜੀ ਨੇ ਸਾਡੀ ਸਮਝ ਗੋਚਰਾ ਕਰਨੇ ਲਈ ਅਪਣੇ ਮੁਖਾਰਬਿੰਦੋਂ ਐਉਂ ਦਸਿਆ ਹੈ:-

**ਹਉ ਢਾਢੀ ਵੇਕਾਰੁ ਕਾਰੈ ਲਾਇਆ॥**
**ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥**
**ਢਾਢੀ ਸਚੈ ਮਹਲਿ ਖਸਮਿ ਬੁਲਾਇਆ॥**
**ਸਚੀ ਸਿਫਤਿ ਸਾਲਾਹਿ ਕਪੜਾ ਪਾਇਆ॥**
**ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ।**
**ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥**
**ਢਾਢੀ ਕਰੇ ਪਸਾਉ ਸਬਦੁ ਵਜਾਇਆ॥**
**ਨਾਨਕ ਸਚੁ ਸਾਲਾਹਿ ਪੂਰਾ ਪਾਇਆ॥**
(ਮਾਝ ਕੀ ਵਾਰ ਮ:੧)

ਜਨਮ ਸਾਖੀ ਨੇ ਸਾਡੀ ਸਮਝ ਗੋਚਰਾ ਕਰਨੇ ਲਈ ਕੁਛ ਐਉਂ ਕਰਕੇ ਦਸਿਆ ਹੈ, ਕਿ ਜਾਂ ਸਤਿਗੁਰੂ ਜੀ ਵੇਈਂ ਵਿਚ ਵੜੇ ਤਾਂ ਅਰਸ਼ਾਂ ਦੇ ਕੋਈ ਨੂਰੀ ਆਏ ਤੇ ਗੁਰੂ ਜੀ ਦੀ ਆਤਮਾ ਨੂੰ ਵਾਹਿਗੁਰੂ ਦੇ ਦੇਸ ਲੈ ਗਏ। ਜਿਤ ਦਰ ਦੇਵੀ ਦੇਵ ਅਵਤਾਰ ਪੀਰ ਪਿਕਾਂਬਰ ਖੜੇ ਸਿਰ ਝੁਕਾਉਂਦੇ ਹਨ, ਉਸ ਦਰਗਾਹੇ ਧੁਰ ਅੰਦਰ ਸੱਚੇ ਪੁਰਖ ਦੇ ਪਾਸ ਲੈ ਗਏ। "ਤਾਂ ਅੰਮ੍ਰਿਤ ਦਾ ਕਟੋਰਾ ਭਰ ਕਰ ਆਗਿਆ ਨਾਲ ਮਿਲਿਆ।" ਹੁਕਮ ਹੋਯਾ, 'ਨਾਨਕ ਇਹੁ ਅੰਮ੍ਰਿਤ ਮੇਰਾ ਨਾਮ ਕਾ ਪਿਆਲਾ ਹੈ, ਤੂੰ ਪੀਉ, ਤਬ ਗੁਰੂ ਨਾਨਕ ਤਸਲੀਮ ਕੀਤੀ, ਪਿਆਲਾ ਪੀਤਾ, ਸਾਹਬ ਮੇਹਰਬਾਨ ਹੋਆ:- ਨਾਨਕ ਮੈਂ ਤੇਰੇ ਨਾਲ ਹਾਂ, ਮੈਂ ਤੇਰੇ ਤਾਂਈ ਨਿਹਾਲ ਕੀਆ ਹੈ। ਅਰ ਜੋ ਤੇਰਾ ਨਾਉਂ ਲੇਵੇਗਾ ਸੋ ਸਭ ਮੈਂ ਨਿਹਾਲ ਕੀਤੇ ਹੈਨ। ਤੂੰ ਜਾਇ ਕਰ ਮੇਰਾ ਨਾਮ ਜਪ ਅਰ ਲੋਕਾਂ ਥੀਂ ਭੀ ਜਪਾਇ ਅਰ ਸੰਸਾਰ ਥੀ ਨਿਰਲੇਪ ਰਹੁ, ਨਾਮ, ਦਾਨ, ਇਸ਼ਨਾਨ, ਸੇਵਾ, ਸਿਮਰਨ ਵਿੱਚ ਰਹੁ। ਮੈਂ ਤੇਰੇ ਤਾਂਈ ਆਪਣਾ ਨਾਮ ਦੀਆ ਹੈ ਤੂੰ ਇਹ ਕਿਰਤ ਕਰ, (ਭਾਵ ਜਪ ਤੇ ਜਪਾਉ)"। ਤਦ ਗੁਰੂ ਜੀ ਨੇ ਮੱਥਾ ਟੇਕਿਆ ਅਰ ਖੜੇ ਹੋਕੇ ਇਹ ਸਿਫਤ ਗਾਂਵੀ:-

**ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ॥**
**ਚੰਦੁ ਸੂਰਜ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨਾ ਥਾਉ॥**

 www.sikhbookclub.com

**ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥**
(ਸਿਰੀ ਰਾਗ ਮ:੧)

ਇਸ ਪਰ ਆਵਾਜ਼ ਹੋਆ-ਨਾਨਕ ਮੇਰਾ ਹੁਕਮ ਤੇਰੀ ਨਦਰੀ ਆਇਆ ਹੈ। ਮੇਰੇ ਹੁਕਮ ਦੀ ਸਿਫਤ ਕਰ.....(ਪੁ:ਜ:ਸਾ:)।' ਤਦ ਸ੍ਰੀ ਗੁਰੂ ਜੀ ਨੇ ਸਲੋਕ ਤੇ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਦਾ ਉਚਾਰ ਕੀਤਾ ਤਦ ਫੇਰ ਆਗਿਆ ਆਈ ਹੁਕਮ ਹੋਆ- 'ਨਾਨਕ! ਜਿਸ ਉਪਰ ਤੇਰੀ ਨਦਰ ਉਸ ਉਪਰ ਮੇਰੀ ਨਦਰ, ਜਿਸ ਉਪਰ ਤੇਰਾ ਕਰਮ ਤਿਸ ਉਪਰ ਮੇਰਾ ਕਰਮ, ਮੇਰਾ ਨਾਉਂ ਪਾਰਬ੍ਰਹਮ ਪਰਮੇਸਰੁ ਤੇਰਾ ਨਾਉਂ ਗੁਰੂ ਪਰਮੇਸੁਰ। ਤਬ ਗੁਰੂ ਨਾਨਕ ਪੈਰੀਂ ਪਿਆ, ਸਿਰੋਪਾਉ ਦਰਗਾਹੋਂ ਬਾਬੇ ਨੂੰ ਮਿਲਿਆ।' (ਪੁ:ਜ:ਸਾ:)

ਹੁਣ ਸੱਚਖੰਡ ਤੋਂ ਮਾਤਲੋਕ ਵਲ ਰੁਖ ਕੀਤਾ, ਸੁਲਤਾਨ ਪੁਰੇ ਆਏ, ਡੇਰੇ ਗਏ। ਡੇਰੇ ਦਾ ਆਪਣਾ ਮਾਲ ਮਤਾ ਲੁਟਾ ਦਿੱਤਾ। ਲੋਕੀ ਆਨ ਜੁੜੇ, ਖਾਨ ਬੀ ਸੁਣਕੇ ਆਯਾ, ਸਾਰੇ ਲੋਕ ਤੀਏ ਦਿਨ ਫੇਰ ਪਾਣੀ ਵਿਚੋਂ ਤਰ ਆਯਾ ਸਮਝਕੇ ਅਚੰਭਾ ਹੋ ਰਹੇ ਸਨ। ਇਸ ਵੇਲੇ ਗੁਰੂ ਜੀ ਦਾ ਚਿਹਰਾ ਇਕ ਡਾਢੇ ਅਚਰਜ ਰੰਗ ਵਿਚ ਲਸ ਰਿਹਾ ਸੀ। ਖਾਨ ਨੇ ਪੁਛਿਆ "ਨਾਨਕ! ਤੈਨੂੰ ਕੀ ਹੋਇਆ?" ਪਰ ਗੁਰੂ ਜੀ ਬੋਲੇ ਨਹੀਂ"; ਲੋਕਾਂ ਕਿਹਾ ਦੇਖੋ ਚਿਹਰਾ ਕੈਸਾ ਦਮਕਦਾ ਹੈ, ਬੋਲਦਾ ਕੁਸਕਦਾ ਨਹੀਂ ਤੇ ਮਾਲ ਲੁਟਾਈ ਜਾਂਦਾ ਹੈ; ਇਸ ਨੇ ਦਰਯਾ ਵਿਚ ਕੋਈ ਚੋਟ ਖਾਧੀ ਹੈ। ਜਦ ਗੁਰੂ ਜੀ ਕੂਏ ਸਹੇ ਨਾ ਤਾਂ ਨਵਾਬ ਦਿਲਗੀਰ ਹੋਕੇ ਟੁਰ ਪਿਆ। ਇਧਰ ਗੁਰੂ ਜੀ ਨੇ ਤਨ ਦੇ ਕਪੜਿਆਂ ਬਿਨਾਂ ਸਭ ਲੁਟਾਕੇ ਉਜਾੜ ਜਾ ਡੇਰਾ ਲਾਇਆ, ਤੇ ਮਰਦਾਨਾ ਰਬਾਬ ਲੈਕੇ ਪਾਸ ਜਾਇ ਬੈਠਾ! ਹੋਰ ਪ੍ਰੇਮੀ ਭੀ ਜਾ ਬੈਠੇ,ਦੂਜੇ ਮਤਾ ਦੇ ਸਾਧੂ ਭੀ ਜਾ ਬੈਠੇ, ਪਰ ਆਪ ਅੱਠ ਪਹਿਰ ਨਾ ਬੋਲੇ ਨਾ ਚਾਲੇ! ਘਰ ਦੇ ਬੀ ਆਏ, ਸਭ ਦੇਖਕੇ ਮੁੜ ਗਏ, ਬੋਲੇ ਨਹੀਂ, ਚਿਹਰਾ ਇਕ ਨੂਰ ਦਾ ਅਲਾਂਬਾ ਲਗਦਾ ਸੀ ਤੇ ਨੈਣਾਂ ਤੋਂ ਮਾਨੋਂ ਕੁਛ ਬਰਸਦਾ ਸੀ।

ਗੁਰੂ ਜੀ ਦਾ ਇਸ ਤਰ੍ਹਾਂ ਪ੍ਰਗਟ ਹੋ ਜਾਣਾ, ਮਾਤਾ ਸੁਲੱਖਣੀ ਲਈ ਅਤਿ ਖੁਸ਼ੀ ਦਾ ਕਾਰਨ ਸੀ, ਪਰ ਜਦ ਸੁਣਿਆਂ ਕਿ ਅਪਣਾ ਮਰਦਾਵਾਂ ਡੇਰਾ ਜਿਥੇ ਆਏ ਗਏ ਨੂੰ ਮਿਲਦੇ ਸੇ ਲੁਟਾ ਘੱਤਿਆ ਹੈ ਤੇ ਬੋਲਦੇ ਨਹੀਂ

 www.sikhbookclub.com

ਤੇ ਉਜਾੜ ਵਿਚ ਜਾ ਬੈਠੇ ਹਨ ਤਾਂ ਵਧੇਰਾ ਸੰਤਾਪ ਹੋਯਾ। ਨਿਨਾਣ ਨੂੰ ਆਖੇ ਕਿ ਕੋਈ ਉਪਾਉ ਕਰੋ, ਖਬਰੇ ਬਨ ਵਿਚ ਕੋਈ ਬਲਾ ਚੋਟ ਕਰ ਗਈ ਹੋਵੇ। ਆਂਢ ਗੁਆਂਢ ਬੇਬੇ ਨੂੰ ਆਖਣ ਕੋਈ ਭਰਾ ਦਾ ਉਪਰਾਲਾ ਕਰ ਕੋਈ ਮੁੱਲਾਂ ਪੰਡਤ ਲੈ ਜਾ ਝਾੜਾ ਦਾਰੂ ਕਰੇ; ਪਰ ਬੇਬੇ ਆਖਦੀ ਸੀ ਉਹ ਬੀ ਇਕ ਕੌਤਕ ਸੀ, ਇਹ ਬੀ ਇਕ ਕੌਤਕ ਹੈ, ਵੀਰ ਰੱਬੀ ਜੋਤ ਹੈ ਉਸ ਤੋਂ ਜੋ ਹੁੰਦਾ ਹੈ ਸੋ ਠੀਕ ਹੈ, ਸੋਈ ਭਲਾ ਹੈ। ਪਰ ਲੋਕੀ ਆਖੇ ਨਾ ਲੱਗੇ, ਸਾਂਝ ਪਜਾਰ ਵਾਲੇ ਇਕ ਮੁੱਲਾਂ ਨੂੰ ਲੈ ਗਏ, ਓਹ ਕੁਛ ਝਾੜੇ ਫੂਕੇ ਕਰਨ ਲੱਗਾ, ਪਰ ਅੱਗੋਂ ਆਵਾਜ਼ ਆਈ:-

**ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥**
**ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ॥**
-ਸਾਰੰ:ਵਾਰ ਮ:੧

**ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥**
**ਕੋਈ ਆਖੈ ਆਦਮੀ ਨਾਨਕੁ ਵੇਚਾਰਾ॥.....**
-ਮਾਰੂ ਮ:੧

ਇਹ ਤੱਕ ਕੇ ਮੁੱਲਾਂ ਟੁਰ ਗਿਆ ਕਿ ਇਹ ਫਕੀਰ ਹੈ, ਇਸ ਨੂੰ ਚੋਟ ਕੋਈ ਨਹੀਂ। ਅਗਲੇ ਦਿਨ ਗੁਰੂ ਜੀ ਬੋਲੇ ਤਾਂ ਗਿਰਦ ਆਏ ਸਜਣਾਂ ਨੂੰ ਪਹਿਲਾ ਵਾਕ ਇਹ ਸੁਣਾਇਆ:- "ਨਾ ਕੋਈ ਹਿੰਦੂ ਹੈ ਨਾ ਮੁਸਲਮਾਨ"। ਗਲ ਫੈਲ ਗਈ, ਹਿੰਦੂਆਂ ਵਿਚ ਤਾਂ ਤਾਣ ਕੋਈ ਨਹੀਂ ਸੀ, ਪਰ ਕਾਜ਼ੀ ਨੂੰ ਅੱਗ ਲੱਗੀ ਕਿ ਇਸ ਦੀ ਨਜ਼ਰ ਵਿਚ ਕੋਈ ਮੁਸਲਮਾਨ ਹੀ ਨਹੀਂ ਰਿਹਾ, ਇਹ ਤਾਂ ਸਾਡੇ ਦੀਨ ਪਰ ਵਾਰ ਕਰਦਾ ਹੈ। ਓਸ ਨਵਾਬ ਪਾਸ ਚੁਗਲੀ ਲਾਈ, ਨਵਾਬ ਨੇ ਕਿਹਾ ਨਾਨਕ ਦੇ ਖਹਿੜੇ ਨਾ ਪਉ, ਉਹ ਕੋਈ ਵਲੀ ਜਾਪਦਾ ਹੈ, ਜੇ ਐਸਾ ਨਾ ਹੁੰਦਾ ਤਾਂ ਇੱਡੀ ਚੰਗੀ ਨੌਕਰੀ ਛੱਡਦਾ? ਡੇਰਾ ਲੁਟਾਂਦਾ, ਜੰਗਲੀਂ ਜਾ ਬਹਿਦਾ? ਪਰ ਕਾਜ਼ੀ ਮੁਫਤੀ ਨੇ ਜ਼ੋਰ ਦਿੱਤਾ ਕਿ ਇਸ ਵਿਚ ਦੀਨ ਦੀ ਹਾਣਤ ਹੈ। ਅੰਤ ਨਵਾਬ ਨੇ ਗੁਰੂ ਜੀ ਨੂੰ ਸੱਦ ਭੇਜਿਆ, ਦਾਸ ਨੇ ਕਿਹਾ ਕਿ ਖਾਨ ਆਖਦਾ ਹੈ ਕਿ ਤੁਸੀਂ ਰੱਬ ਦੇ ਪਿਆਰ ਵਾਲੇ ਹੋ, ਰੱਬ ਲੇਖੇ ਆਕੇ ਦੀਦਾਰ ਦਿਓ(ਅਜ਼ਬਰਾਹ ਖੁਦਾ ਏਕਬਾਰ ਦੀਦਾਰ ਦੇਹੁ। -ਜ:ਸ:ਹਾ:ਵਾਦੀ)। ਰੱਬ ਦਾ ਵਾਸਤਾ ਸੁਣਕੇ

ਉਠ ਖੜੇ ਹੋਏ ਤੇ ਖਾਨ ਪਾਸ ਆਏ। ਖਾਨ ਨੇ ਉਠਕੇ ਅਦਬ ਨਾਲ ਬਿਠਾਯਾ ਤੇ ਆਖਿਆ 'ਇਹ ਮੁਤਕਾ ਗਲੋਂ ਲਾਹ ਦਿਓ ਤੇ ਚੋਗਾ ਪਾਕੇ ਕਮਰ ਬੰਦ ਲਾਓ'। ਗੁਰੂ ਜੀ ਨੇ ਮੁਤਕਾ ਲਾਹਕੇ ਕਮਰਬੰਦ ਲਾ ਲਿਆ, ਫੇਰ ਨਵਾਬ ਨੇ ਆਪਣਾ ਅਫਸੋਸ ਪ੍ਰਗਟ ਕੀਤਾ। ਗੁਰੂ ਜੀ ਮੁਸਕ੍ਰਾਏ ਤੇ ਬੋਲੇ, 'ਨਾ ਕੋਈ ਹਿੰਦੂ ਹੈ ਨਾ ਮੁਸਲਮਾਨ'।

ਕਾਜ਼ੀ ਨੇ ਆਖਿਆ ਕਿ ਜੇ ਇਹ ਗੱਲ ਹੈ ਤਾਂ ਤੈਨੂੰ ਦੁਇ ਇਕੋ ਹਨ, ਸੋ ਚਲ ਸਾਡੇ ਨਾਲ ਨਮਾਜ਼ ਪੜ੍ਹ। ਆਪ ਮਸੀਤੇ ਚਲੇ ਗਏ। ਪਰ ਅਲੱਗ ਖੜੇ ਰਹੇ ਤੇ ਇਕ ਦੋ ਵੇਰੀ ਮੁਸਕ੍ਰਾਏ। ਜਦ ਨਮਾਜ਼ ਹੋ ਮੁਕੀ ਤੇ ਫੇਰ ਆਕੇ ਬੈਠੇ ਤਾਂ ਕਾਜ਼ੀ ਨੇ ਗੁਰੂ ਜੀ ਦੀ ਨਿਮਾਜ਼ ਨੂੰ ਹਾਸੀ ਕਰਨ ਦੀ ਸ਼ਿਕਾਇਤ ਨਵਾਬ ਪਾਸ ਕੀਤੀ। ਗੁਰੂ ਜੀ ਨੇ ਜਵਾਬ ਦਿਤਾ "ਨਵਾਬ ਜੀ! ਕਾਜ਼ੀ ਜਦ ਨਿਮਾਜ਼ ਪੜ੍ਹਦਾ ਸੀ, ਖੁਦਾ ਦੀ ਨਿਮਾਜ਼ ਨਹੀਂ ਪੜ੍ਹਦਾ ਸੀ, ਇਸ ਦੇ ਘਰ ਘੋੜੀ ਸੂਈ ਸੀ, ਇਸਨੂੰ ਫਿਕਰ ਖਾਂਦਾ ਰਿਹਾ ਹੈ ਜੋ ਮਤਾਂ ਵਛੇਰੀ ਵਿਹੜੇ ਦੇ ਖੂਹ ਵਿਚ ਨਾ ਜਾ ਪਵੇ", ਇਹ ਸੱਚੀ ਗੱਲ ਜਦ ਗੁਰੂ ਜੀ ਨੇ ਦੱਸ ਦਿੱਤੀ ਤਾਂ ਕਾਜ਼ੀ ਕੰਬ ਉਠਿਆਂ, ਉਸ ਨੇ ਮੰਨਿਆਂ ਕਿ ਗੱਲ ਸੱਚ ਹੈ ਤੇ ਗੁਰੂ ਜੀ ਦੇ ਪੈਰੀਂ ਹੱਥ ਲਾਇਆ। ਤਦ ਗੁਰੂਜੀ ਨੇ ਨਵਾਬ ਨੂੰ ਬੀ ਦੱਸਿਆ ਕਿ ਨਮਾਜ਼ ਵੇਲੇ ਆਪ ਦਾ ਦਿਲ ਕਾਬਲ ਵਿਚ ਘੋੜੇ ਖਰੀਦ ਰਿਹਾ ਸੀ। ਨਵਾਬ ਨੇ ਬੀ ਇਹ ਗੱਲ ਸੱਚੀ ਪਾਈ, ਉਸਦੇ ਦਿਲ ਤੇ ਬੀ ਗੁਰੂ ਜੀ ਦੇ ਵਲੀ ਪਿਕੰਬਰ ਹੋਣ ਦੀ ਸੱਟਵਦਾਣ ਦੀ ਚੋਟ ਵਾਂਙੂ ਪਈ।

## 25. ਜੈਰਾਮ ਨਿਸਤਾਰਾ

ਜਦ ਆਪ ਨਿਮਾਜ਼ ਪੜ੍ਹਨ ਗਏ ਤਾਂ ਜੈਰਾਮ ਇਹ ਖਬਰ ਸੁਣਕੇ ਅਤਿ ਦੁਖੀ ਹੋ ਘਰ ਆਇਆ ਤੇ ਬੇਬੇ ਨਾਨਕੀ ਜੀ ਨੂੰ ਕਹਿਣ ਲੱਗਾ-ਭਾਗਵਾਨੇ ਸ਼ਹਿਰ ਵਿਚ ਰੌਲਾ ਪੈ ਰਿਹਾ ਹੈ ਨਾਨਕ ਮੁਸਲਮਾਨ ਹੋ ਗਿਆ ਏ ਤੇ ਇਹ ਮੈਂ ਨਿਸਚੇ ਕਰ ਆਇਆ ਹਾਂ ਕਿ ਮਸੀਤੇ ਨਿਮਾਜ਼ ਪੜ੍ਹਨ ਗਿਆ ਹੈ, ਮੈਂ ਤਾਂ ਕਿਤੇ ਹੁਣ ਮੂੰਹ ਦੇਣ ਜੋਗਾ ਨਹੀਂ। ਤਦ ਬੇਬੇ ਜੀ ਬੋਲੇ-ਸੁਆਮੀ ਜੀ, ਨਿਸਚਾ ਨਾ ਡੁਲਾਓ, ਅਰਾਮ ਨਾਲ ਭੋਜਨ ਪਾਓ, ਇਹ ਹੋ ਨਹੀਂ ਸਕਦਾ। ਨਾਨਕ ਆਪ ਧੁਰੋਂ ਆਇਆ ਹੈ, ਉਸਦੀ ਉੱਮਤ ਟੁਰੇਗੀ,

ਉਹ ਉੱਮਤਾਂ ਦਾ ਬਰਦਾ ਨਹੀਂ ਬਣਨ ਲਗਾ। ਪਰ ਜੈਰਾਮ ਪੱਕੀ ਗਲ ਸੁਣਕੇ ਆਇਆ ਸੀ, ਡਰਦਾ ਡੋਲਦਾ ਗੱਲਾਂ ਕਰਦਾ, ਕਦੇ ਉਸ ਦੇਵੀ ਦੇ ਅਹਿੱਲ ਨਿਸਚੇ ਨਾਲ ਖੜੋ ਜਾਂਦਾ ਕਦੇ ਪੱਕੀ ਗੱਲ ਸੁਣੀ ਕਰਕੇ ਕੰਬ ਜਾਂਦਾ। ਇੰਨੇ ਨੂੰ ਨਿਪਾ ਬ੍ਰਾਹਮਣ ਆਇਆ ਤੇ ਉਸ ਨੇ ਮਸੀਤ ਦੀ ਸਾਰੀ ਗੱਲ ਸੁਣਾਈ। ਹੁਣ ਜੈਰਾਮ ਦੀ ਜਿੰਦ ਵਿਚ ਜਿੰਦ ਆਈ, ਨਾਲ ਅਹਿੱਲ ਨਿਸਚਾ ਲੈ ਆਈ ਕਿ ਜੋ ਮੁਤਅੱਸਬ ਕਾਜ਼ੀਆਂ ਤੇ ਡਾਢੇ ਹਾਕਮਾਂ ਨੂੰ ਨਿਵਾ ਆਇਆ ਹੈ ਉਹ ਜ਼ਰੂਰ ਧੁਰੋਂ ਆਇਆ ਹੈ। ਇਸ ਹਾਲਤ ਵਿਚ ਬੀਬੀ ਜੀ ਨੇ ਕਿਹਾ-ਸੁਆਮੀ ਜੀ! ਮੇਰੇ ਵੀਰਨ ਤੇ ਸਿਦਕ ਧਾਰੋ, ਕਦੇ ਨਾ ਡੋਲੋ, ਲੋਕ ਪ੍ਰਲੋਕ ਸੰਵਰ ਜਾਏਗਾ। ਇੰਨੀਆਂ ਗੱਲਾਂ ਕਰ ਰਹੇ ਸਨ ਕਿ ਗੁਰੂ ਨਾਨਕ ਦੇਵ ਜੀ ਜੋ ਜਾਣਦੇ ਸਨ ਕਿ ਮਸੀਤੇ ਜਾਣਾ ਬੇਬੇ ਜੀ ਪਾਸ ਕਈ ਬਣੌਟੀ ਗਲਾਂ ਲੈਕੇ ਜਾਏਗਾ ਆ ਪਹੁੰਚੇ ਤੇ ਸਾਰਾ ਮਾਜਰਾ ਕਹਿ ਸੁਣਾਇਆ। ਹੁਣ ਜੈਰਾਮ ਬਹਿਬਲ ਹੋਕੇ ਚਰਨਾਂ ਤੇ ਢੱਠਾ ਤੇ ਉਸਦਾ ਨਿਸਚੇ ਵਾਲਾ ਇਨਸਾਨੀ ਮਨ ਜੋ ਨਿਸਚੇ ਦੇ ਹੁੰਦੇ ਸੰਦਿਆਂ ਕਦੇ ਕਦੇ ਭਾਵੀ ਵਰਤਣ ਤੇ ਡੋਲ ਖੜੋਂਦਾ ਸੀ ਅਹਿੱਲ ਨਿਸਚੇ ਦੇ ਘਰ ਆ ਗਿਆ। ਅੱਜ ਜੈਰਾਮ ਜੀ ਬੀ ਉਸ ਦ੍ਰਿਸ਼ਟੀ ਵਿਚ ਦ੍ਰਿੜ ਹੋ ਗਏ ਜਿਸ ਵਾਲੀ ਕਿ ਬੀਬੀ ਸੀ। ਨਿਸਚਾ ਤਾਂ ਸੀ ਪਰ ਅਜ ਅਡੋਲ ਹੋ ਗਿਆ।

ਗੁਰੂ ਜੀ ਕੁਛ ਦਿਨ ਬਾਹਰ ਉਜਾੜ ਵਿਚ ਟਿਕੇ। ਮਰਦਾਨਾ ਗੁਰੂ ਜੀ ਪਾਸ ਹੀ ਠਹਰ ਰਿਹਾ ਸੀ, ਕੀਰਤਨ ਕਰੇ ਤੇ ਆਪ ਸੁਣਨ। ਇਕ ਦਿਨ ਆਪ ਦੀ ਸਮਾਧੀ ਐਸੀ ਲਗੀ ਕਿ ਦੋ ਦਿਨ ਬਾਦ ਖੁੱਲੀ। ਮਰਦਾਨਾ ਭੁੱਖ ਨਾਲ ਵਿਆਕੁਲ ਹੋ ਰਬਾਬ ਛਡ ਬੈਠਾ। ਜਦ ਸਮਾਧ ਖੁਲ੍ਹੀ, ਗੁਰੂ ਜੀ ਨੂੰ ਕਹਿਣ ਲਗਾ ਕਿ ਜੀ ਮੈਨੂੰ ਵਿਦਾ ਦਿਓ; ਆਪ ਤਾਂ ਭੁਖ ਤ੍ਰਿਖਾ ਜਿੱਤ ਚੁਕੇ ਹੋ ਮੈਂ ਜੀਵ ਹਾਂ, ਯਾ ਮੇਰੀ ਬੀ ਭੁੱਖ ਦੂਰ ਕਰੋ। ਗੁਰੂ ਜੀ ਨੇ ਕਿਹਾ ਭਾਈ ਸਾਡੇ ਪਾਸ ਸਹਜ ਹੈ, ਜਿਵੇਂ ਰਖੇ ਰਹਣਾ; ਬੰਦਗੀ ਕਰ, ਕਰਤਾਰ ਭਲੀ ਕਰੇਗਾ। ਪਰ ਮਰਦਾਨਾ ਆਗਿਆ ਲੈਕੇ ਟੁਰ ਪਿਆ। ਪਹਲੋਂ ਖੀਬੀ ਦੇ ਘਰ ਗਿਆ ਰਬਾਬ ਅਪੜਾਵਨ ਤੇ ਦੱਸਿਓ ਸੁ ਕਿ ਮੈਂ ਵਿਦਾ ਹੋ ਆਇਆ ਹਾਂ। ਤਾਂ ਬੀਬੀ ਜੀ ਦੇ ਹਿਰਦੇ ਵਿਚ ਵੀਰ ਦੀ ਇਕੱਲ ਦੀ ਟੋਟ ਪਈ। ਉਹ ਜੋ ਨਾਮ ਰਸੀਆ ਸੀ, ਉਹ ਜੋ ਗੁਰ ਨਾਨਕ ਬਾਣੀ ਦੀ ਪਾਠ ਕਰਨ ਵਾਲੀ ਤੇ ਬਾਣੀ ਦੇ ਆਧਾਰ ਭਰੋਸੇ ਵਾਲੀ ਤੇ ਪ੍ਰਬੁਧ

 www.sikhbookclub.com

ਸੀ ਵੀਰ ਦੀ ਇਕਲ ਦੇ ਪਜਾਲ ਨਾਲ ਵੈਰਾਗ ਦੇ ਘਰ ਚਲੀ ਗਈ। ਜੋ ਜਾਣਦੀ ਸੀ ਕਿ ਵੀਰ ਕਦੇ ਇਕੱਲਾ ਨਹੀਂ ਜਿਸਨੇ ਸਭ ਤੋਂ ਪਹਿਲਾਂ ਸਿਆਣਿਆਂ ਸੀ ਕਿ ਵੀਰ ਪੁਰੋਂ ਸਾਈਂ ਦਾ ਘੱਲਿਆ ਆਇਆ ਜੋਤ ਨਿਰੰਜਨੀ ਹੈ, ਉਹ ਬਿਹਬਲ ਹੋਈ। ਕਿਉਂ? ਬੀਬੀ ਜਾਣਦੀ ਹੈ ਕਿ ਇਸ ਪਦਾਰਥਾਂ ਤੇ ਸਾਕਾਂ ਮਿਤ੍ਰਾਂ ਨਾਲ ਭਰੇ ਸੰਸਾਰ ਵਿਚ ਵੀਰ ਨੇ ਕਿਸੇ ਸ਼ੈ ਦਾ ਆਸਰਾ ਆਧਾਰ ਨਹੀਂ ਤੱਕਿਆ ਹੋਇਆ। ਜੋ ਦ੍ਰਿਸ਼ਟਮਾਨ ਜਗਤ ਵਿਚੋਂ ਕਿਸੇ ਅਰਸ਼ੀ ਸ਼ੈ ਦਾ ਆਧਾਰ ਉਸਨੇ ਚੁਣਿਆ ਹੈ ਤਾਂ ਉਹ ਕੀਰਤਨ ਹੈ, ਤੇ ਅਜ ਉਸ ਨਿਰਾਧਾਰ ਰਹਣ ਵਾਲੇ ਦਾ ਇਹ ਆਧਾਰ ਮਰਦਾਨਾ ਲੈ ਆਇਆ ਹੈ। ਭਾਈਆ ਜੈਰਾਮ ਜੀ ਨੇ ਜਦ ਇਹ ਮਰਮ ਸਮਝਿਆ ਤਾਂ ਉਮਨੂੰ ਸੋਝੀ ਆਈ ਕਿ ਇਹ ਭਾਗਵਾਨ ਸੱਚ ਆਖਦੀ ਹੈ। ਧੰਨ ਹਨ ਏਹ ਵੀਰ ਭੈਣ ਤੇ ਇਨ੍ਹਾਂ ਦੇ ਮਰਮ। ਉਸਨੇ ਫੇਰ ਮਰਦਾਨੇ ਨੂੰ ਕਿਹਾ ਕਿ ਭਾਈ ਤੂੰ ਸਤਪੁਰਖ ਦਾ ਸੰਗ ਨਾ ਛੋੜ, ਦੇਖ ਰਾਇ ਬੁਲਾਰ ਤੇ ਲੋਦੀ ਵਰਗੇ ਰਾਜੇ, ਲੋਂਹਦੀ ਮਾਂ ਤੇ ਤਰਸਦਾ ਪਿਉ, ਤੜਫਦੀ ਵਹੁਟੀ ਤੇ ਵਿਲਕਦੇ ਬਾਲ, ਪਜਾਰ ਕਰਨ ਵਾਲੇ ਸਤਿਸੰਗੀ ਤੇ ਮੇਰੇ ਵਰਗੇ ਦਾਸ, ਭੈਣ ਵਰਗੇ ਸਚੇ ਭਰਾਤ, ਉਨ੍ਹਾਂ ਨੂੰ ਬੰਨ੍ਹ ਨਹੀਂ ਸਕੇ। ਸਭ ਤੋਂ ਦੂਰ ਜਾ ਬੈਠੇ ਹਨ, ਤੈਨੂੰ ਕਹਿੰਦੇ ਹਨ ਨਾਲ ਰਹੁ। ਵਡਭਾਗੇ! ਸੰਗ ਨ ਛੋੜ ਰਬ ਦੇ ਪਜਾਰੇ ਦਾ। ਰੋਟੀ ਦੇ ਵੇਲੇ ਏਥੇ ਆਕੇ ਰੋਟੀ ਖਾ ਜਾਯਾ ਕਰ ਤੇ ਜੇ ਪਰਦੇਸ ਟੁਰ ਪਏ ਤਾਂ 20 ਰੁਪਏ ਨਾਲ ਲੈ ਜਾਹ, ਪੈਸੇ ਖਰਚੇ ਤੇ ਰੋਟੀ ਖਾ ਲਈ। ਜਦ ਮੁੱਕੇ ਹੋਰ ਮੰਗਾਵਾਂ ਲਈਂ। ਐਉਂ ਜੈਰਾਮ ਜੀ ਦੀ ਸਲਾਹ ਮਰਦਾਨੇ ਦੇ ਪਸਿੰਦ ਆਈ ਤੇ ਉਹ ਫੇਰ ਚਰਣ ਸ਼ਰਣ ਆ ਗਿਆ।

ਕੁਛ ਦਿਨ ਪਾਕੇ ਆਪ ਫੇਰ ਭੈਣ ਜੀ ਨੂੰ ਮਿਲਨ ਗਏ ਤੇ ਅਪਣੇ ਦੇਸ਼ਾਟਨ ਲਈ ਵਿਦਾ ਮੰਗੀ। ਬੀਬੀ ਨੂੰ ਜੋ ਵੈਰਾਗ ਹੋਯਾ ਉਹ ਕੌਣ ਲਿਖ ਸਕਦਾ ਹੈ, ਆਖਰ ਵੀਰ ਰਜ਼ਾ ਸਿਰ ਤੇ ਮੰਨੀ ਤੇ ਕਿਹਾ ਜਾਓ ਵੀਰਨ, ਰਬ ਦੇ ਹਵਾਲੇ, ਓਹ ਜਿਸਦਾ ਤੁਸੀ ਰੂਪ ਹੋ ਤੇ ਤੁਸਾਡੇ ਅੰਗ ਸੰਗ ਹੈ, ਉਸਦਾ ਹੁਕਮ ਕਮਾਓ, ਪਰ ਮੈਨੂੰ ਨਾ ਵਿਸਾਰਨਾ। ਤਾਂ ਗੁਰੂ ਬਾਬੇ ਕਿਹਾ, ਚੰਗੀ ਚੰਗੀ ਭੈਣੀ ਜੀਓ, ਮੇਰੀ ਪੁਨੀਤ ਭੈਣੀ ਜੀਓ, ਜਦੋਂ ਯਾਦ ਕਰਸੋ, ਸਾਈਂ ਅਗੇ ਅਰਦਾਸ ਕਰਸੋ, ਮੈਂ ਆ ਰਹਿਸਾਂ। ਨਾਮ ਦੇ ਰਸੀਆ, ਬਾਣੀ ਦੇ ਪ੍ਰੇਮੀ, ਪਵਿਤ੍ਰਤਾ ਦੇ ਅਵਤਾਰ, ਜੋਤ ਨਿਰੰਜਨੀ ਦੇ ਸਤਿਕਾਰੇ ਹੋਏ ਸ੍ਰੀ

 www.sikhbookclub.com

ਬੀਬੀ ਦੇ ਉਸ ਵੇਲੇ ਦੇ ਵੈਰਾਗ ਦੀ ਵੇਦਨਾ ਇਸ ਗੀਤ ਵਿਚ ਰੰਚਕ ਮਾਤ੍ਰ ਹੈ-

ਸੱਦ ਧੁਰੋਂ ਅਰਸ਼ਾਂ ਤੋਂ ਆਈ, ਵੀਰਨ ਲੈ ਪਰਦੇਸ਼ ਸਿਧਾਈ, ਜੀਅ ਘਬਰਾਵੇ ਚੈਨ ਨ ਆਵੇ, ਨਾਨਕ ਬਿਨ ਅੰਧਿਆਰਾ ਛਾਵੇ, ਜਾਓ ਗੁਰੂ ਜੀ ਰਬ-ਕਾਰ ਕਮਾਵੋ, ਕਦੇ ਝਾਤੀ ਆ ਪਾਵੋ।

ਹੁਣ ਗੁਰੂ ਜੀ ਤਾਂ ਅਪਣੇ ਅਰਸ਼ੀ ਬਾਬਲ ਦੇ ਕੰਮ, ਸ੍ਰਿਸਟੀ ਉਧਾਰ ਲਈ ਟੁਰ ਗਏ। ਬੀਬੀ ਜੀ ਨੂੰ ਵੀਰ ਵਿਛੋੜਾ ਇਕ ਪ੍ਰਕਾਰ ਉਥੇ ਵੈਰਾਗ ਵਿਚ ਰਖਦਾ, ਪਰ ਨਾਲ ਗ੍ਰਿਹਸਤ ਆਸ਼੍ਰਮ ਦੇ ਸਭ ਕੰਮ ਸਨ। ਸਭ ਤੋਂ ਪਹਿਲਾ ਕੰਮ ਸੀ ਉਨ੍ਹਾਂ ਦੇ ਪਰਿਵਾਰ ਦੀ ਸੰਭਾਲ। ਸੋ ਆਪ ਜੀ ਨੇ ਸ੍ਰੀ ਚੰਦ ਨੂੰ ਆਪਣੇ ਪਾਸ ਰੱਖ ਲਿਆ ਤੇ ਵੀਰ ਦੀ ਨਿਸ਼ਾਨੀ ਨੂੰ ਪਾਲਣ ਪੋਸ਼ਣ ਦਾ ਪਿਆਰ ਭਰਿਆ ਜ਼ਿੰਮਾ ਲਿਆ ਕਿ ਉਸਨੂੰ ਗੋਦੀ ਪਾਕੇ ਪੁਤ੍ਰ ਸਮਾਨ ਕਰ ਲਿਆ। ਬੀਬੀ 'ਸ੍ਰੀ ਮੁਲਖਣੀ ਜੀ ਤੇ ਲਖਮੀ ਚੰਦ' ਨੂੰ ਵੀ ਪਾਸ ਰਖਣਾ ਚਾਹੁੰਦੀ ਸੀ, ਪਰ ਉਹ ਨਾ ਰਹੇ ਤੇ ਪੇਕੇ ਚਲੇ ਗਏ।

ਦੂਸਰਾ ਕੰਮ ਬੀਬੀ ਦਾ ਸੁਤੇ ਸਿਧ ਸੀ, ਨਾਮ ਵਿਚ ਤਦ ਰੂਪ ਪ੍ਰਵਿਰਤੀ ਤੇ ਗੁਰੂ ਰਚੇ ਸਬਦ ਸਲੋਕਾਂ ਦਾ ਪਾਠ, ਗਾਯਨ ਤੇ ਸੁਣਨ। ਇਸ ਵਾਹਿਗੁਰੂ ਕੀਰਤਨ ਤੇ ਅਰਾਧਨਾ ਵਿਚ ਜੈਰਾਮ ਬੀ ਰਮੀਆ ਹੋ ਚੁਕਾ ਸੀ, ਸੋ ਘਰ ਵਿਚ ਸਤਿਸੰਗ ਦਾ ਰੰਗ ਬੱਝਾ ਰਹੇ। ਗੁਰੂ ਨਾਨਕ ਦੇਵ ਜੀ ਦੇ ਪ੍ਰੇਮੀ ਕਦੇ ਕਦੇ ਜਦ ਦਰਸ਼ਨਾਂ ਲਈ ਵਿਆਕੁਲ ਹੁੰਦੇ ਤਾਂ ਭਾਈਆ ਜੈਰਾਮ ਜੀ ਦੇ ਆ ਦਰਸ਼ਨ ਕਰਦੇ ਤੇ ਸੁਖੀ ਹੋ ਜਾਂਦੇ। ਜਿਸਦੇ ਅੰਦਰ ਨਾਮ ਤੇ ਕੀਰਤਨ ਵਧ ਗਿਆ, ਉਸਨੂੰ ਨਾਮੀ-ਵਜਾਪਕ ਪ੍ਰਭੂ ਦੀ ਸੋਝੀ ਹੋ ਗਈ, ਉਸਦੀ 'ਹਉਂ' ਦਾਸੀ ਬਣ ਗਈ ਤੇ 'ਸਰਬਤ ਦਾ ਭਲਾ' ਉਸਦਾ ਸੇਵਕ ਬਣ ਗਿਆ। ਸੋ ਬੀਬੀ ਤੋਂ ਪਰਉਪਕਾਰ ਸੁਤੇ ਸਿਧ ਹੁੰਦਾ ਰਹਿੰਦਾ। ਇਸ ਤਰ੍ਹਾਂ ਸਮਾਂ ਬੀਤਦਾ ਰਿਹਾ। ਜਦ ਕਦੇ ਬੀਬੀ ਅਤਿ ਵਜਾਕੁਲ ਹੋਈ ਤਾਂ ਗੁਰੂ ਬਾਬੇ ਨੇ ਚਾਹੇ ਉਹ ਸੁਲਤਾਨਪੁਰ ਸਨ ਚਾਹੇ ਪੇਕੇ, ਆ ਦਰਸ਼ਨ ਦਿਤੇ। ਇਸੀ ਤਰ੍ਹਾਂ ਇਕ ਵੇਰੀ ਸੁਲਤਾਨ ਪੁਰ ਆਏ ਤਾਂ ਬੀਬੀ ਜੀ ਨੇ ਆਪ ਤੋਂ ਵਿਦਾ ਮੰਗੀ। ਜਿਵੇਂ ਆਪ ਨੇ ਮੰਗੀ ਸੀ ਜਗਤ ਫਿਰਨੇ ਲਈ ਤਿਵੇਂ ਬੀਬੀ ਨੇ ਮੰਗੀ ਆਪਣੇ ਸੱਚੇ ਘਰ ਜਾਕੇ ਸਾਈਂ ਚਰਣ ਸ਼ਰਣ ਸਦਾ ਵੱਸਣੇ ਲਈ। ਇਉਂ ਬੀਬੀ ਪਵਿਤ੍ਰਤਾ ਦੀ ਪਾਵਨ ਦੇਵੀ, ਜਿਥੋਂ ਅਪਣੇ ਵੀਰਨ

ਦੇ ਸੁਆਗਤ ਲਈ ਆਈ ਸੀ, ਵੀਰ ਦੇ ਤਾਰਨ ਹਾਰ ਨੈਣਾਂ ਦੇ ਸਾਹਮਣੇ ਓਥੇ ਜਾ ਪ੍ਰਾਪਤ ਹੋਈ। ਸਾਖੀਆਂ ਵਿਚ ਬੀਬੀ ਦੇ ਵਾਹਿਗੁਰੂ ਮਿਲਾਪ ਦਾ ਸੰਮਤ 1557 ਬਿ: ਲਿਖਿਆ ਹੈ।

--0--

## ਗੀਤ-1

ਜਯ ਗੁਰ ਨਾਨਕ, ਜਯ ਗੁਰ ਨਾਨਕ ਜਯ ਤੈਨੂੰ।
ਜਯ ਹੋ ਜਯ ਹੋ ਜਯ ਤੈਨੂੰ। ਟੇਕ.

ਜਯ ਦੁਖ ਹਰਨੈਂ, ਜਯ ਸੁਖ ਕਰਨੈਂ,
ਬੰਧਨ ਹਰਨੈਂ, ਜਯ ਤੈਨੂੰ।
ਹਰੇ ਕਰੇਨੈਂ ਸੁਕੇ ਕਾਠਾਂ,
ਸਖਣੇ ਭਰਨੈਂ, ਜਯ ਤੈਨੂੰ।
ਜਯ ਗੁਰ ਨਾਨਕ..... .....1

ਜਗਤ ਜਲੰਦੇ ਨੂੰ ਤੂੰ ਰਖਿਆ,
ਰੱਖੀ ਰੁੜ੍ਹਦੀ ਜਾਂਦੀ ਤੂੰ;
ਘਰ ਘਰ ਦਰ ਦਰ ਫਿਰ ਫਿਰ ਰਖਿਆ
ਅਪਨੇ ਕੀਤੇ ਪਾਂਦੀ ਨੂੰ।
ਜਯ ਗੁਰ ਨਾਨਕ..... .....2

ਦੁਸ਼ਟ ਉਬਾਰੇ, ਕੁਸ਼ਟੀ ਤਾਰੇ,
ਰਾਖਸ਼ ਬੀ ਨਿਸਤਾਰੇ ਤੂੰ;
ਗਰਤ ਘੋਰ ਅੰਧ ਤੋਂ ਕੱਢੇ
ਪਾਪੀ ਭਾਰੇ ਭਾਰੇ ਤੂੰ।
ਜਯ ਗੁਰ ਨਾਨਕ..... .....3

 www.sikhbookclub.com

ਜਯਤਿ ਜਯਤਿ ਗੁਰ ਨਾਨਕ ਤੈਨੂੰ,
ਸੰਤ ਫਕੀਰ ਉਧਾਰੇ ਤੂੰ,
ਅਟਕੇ ਖਲੇ ਰਸਤਿਆਂ ਉੱਤੇ
ਮਜਲ ਪੁਚਾਏ ਸਾਰੇ ਤੂੰ।
ਜਯ ਗੁਰ ਨਾਨਕ..... .....4

ਨਦੀ ਚੜ੍ਹੀ, ਚੜ੍ਹ ਤਾਰੂ ਹੋਈ,
ਤੱਕਾਂ, ਕੂਕ ਪੁਕਾਰਾਂ -'ਤੂੰ',
ਸ਼ੂਕੇ ਨਦੀ, ਕਕ ਨੂੰ ਡੋਬੇ,
ਤਾਂ ਬੀ ਵਾਜਾਂ ਮਾਰਾਂ-'ਤੂੰ'।
ਜਯ ਗੁਰ ਨਾਨਕ..... .....5

ਮੇਰੀ ਕੂਕ ਸੁਣੀਂ ਗੁਰ ਨਾਨਕ!
ਸਹਸ ਸ਼੍ਰਵਣ ਦਾ ਧਾਰੀ ਤੂੰ,
'ਨਾਥ ਅਨਾਥਾਂ ਬਾਣ ਧੁਰਾਂ ਦੀ',
ਇਹ ਅਨਾਥ ਬੀ ਤਾਰੀਂ ਤੂੰ।
ਜਯ ਗੁਰ ਨਾਨਕ..... .....6

ਆਪੇ ਡੂੰਢਣ ਵਾਲਿਆ ਸਾਈਆਂ!
ਆਕੇ ਅੱਜ ਅਚਾਨਕ ਤੂੰ,
ਚਰਨ ਸ਼ਰਨ ਵਿਚ ਲੈ ਲੈ ਮੈਨੂੰ
ਸ਼ਰਨਪਾਲ ਗੁਰ ਨਾਨਕ ਤੂੰ।
ਜਯ ਗੁਰ ਨਾਨਕ..... .....7

-0-


www.sikhbookclub.com

## ਗੀਤ 2

(ਮਾਤਾ ਤ੍ਰਿਪਤਾ ਜੀ ਦੀ ਇਕ ਗੁਆਂਢਣ
ਬਾਹਰੋਂ ਕਾਹਲੀ ਕਾਹਲੀ ਆਏ ਤੇ ਬੋਲੀ)

ਰੀ ਮਾਤ ਤ੍ਰਿਪਤਾ! ਪੁੱਤੇ ਨੂੰ ਜਾਹੁ ਜਗਾਉ।
ਪਾਉਂ ਤੇ ਪਾਉਂ ਧਰ ਸੋਇ ਰਿਹਾ ਹੈ
ਵਣੇ ਦੀ ਸੰਘਣੀ ਛਾਉਂ।
ਮੱਝੀਆਂ ਜਾਇ ਪਈਆਂ ਵਿਚ ਖੇਤੇ
ਖਾਇ ਰਹੀਆਂ ਭਰ ਚਾਉ।

ਮਾਤ ਤ੍ਰਿਪਤਾ (ਗੋਲੀ ਨੂੰ)–
ਜਾਹ ਨੀ ਦੌਲਤੇ! ਦੌੜਦੀ ਜਾਹ ਤੂੰ,
ਨਾਨਕ ਨੂੰ ਦੇਈਂ ਜਗਾਉ।
ਭਰਨਾ ਨ ਪੈ ਜਏ ਕਿਤੇ ਉਜਾੜਾ,
ਛੇਤੀ ਜਾ ਦੇਹ ਸੁ ਉਠਾਉ।

ਬੀਬੀ ਨਾਨਕੀ (ਮਾਂ ਨੂੰ)–
ਸਾਈਂ ਦੇ ਰੰਗ ਰੱਤਾ ਏ ਵੀਰਨ,
ਸੁੱਤਾ ਨਹੀਂ ਓ, ਬਲ ਜਾਉਂ!
ਰਾਖਾ ਏ ਰੱਬ ਉਸ ਨੂਰ ਦਾ ਅੰਮੀਏਂ!
ਵਿਘਨ ਦੀ ਕੋਈ ਨਾ ਥਾਉਂ।

(ਦੌਲਤਾਂ ਨੂੰ)– ਤੌਖਲੇ ਵਿਚ ਨ ਭੱਜ ਨੀ ਦੌਲਤੇ!
ਨੱਸ ਨ ਖਾਈਂ ਘਬਰਾਉ।
'ਵੀਰ ਦੇ ਪਜਾਰੇ' ਤੋਂ 'ਵੀਰ' ਵਿਛੋੜ ਨਾਂ,
ਵਿੱਥ ਨਾ ਮਿਲਜਾਂ ਵਿਚ ਪਾਉ।
ਸੌਖਾ ਏ ਤੋੜਨ, ਜੋੜਨ ਉਖੇਰੜਾ,


www.sikhbookclub.com

ਮਿਲਿਆਂ ਦਾ ਮੇਲ ਮਿਲਾਉ।
ਵੀਰ ਨ ਛੇੜੀਂ, ਤੂੰ ਦੇਖਕੇ ਆਵੀਂ,
ਸੂੰਹ ਜਾ ਸੱਚੜੀ ਲਜਾਉ।

ਦੌਲਤਾਂ (ਮੁੜਕੇ ਆਕੇ)-
ਰਾਇ ਬੁਲਾਰ ਦੇ ਭੀੜ ਹੈ ਲੱਗੀ
ਵਿੱਚ ਕਚਹਿਰੀ ਦੇ ਥਾਉਂ।
ਨਾਨਕ ਹੈ ਓਥੇ ਤੇ ਮਾਲਕ ਬੀ ਓਥੇ
ਤੇ ਰਾਹਕ ਮੰਗੇਂਦੜਾ ਨਜਾਉਂ।
ਰਾਇ ਦੇ ਆਦਮੀ ਦੇਖਕੇ ਆਏ,
ਆਖਦੇ 'ਰਾਇ! ਬਲ ਜਾਉਂ!
'ਖੇਤ ਹੈ ਲਹਿਰਦਾ ਹਰਿਆ ਹਰਜਾਵਲ,
ਤੀਲੇ ਦਾ ਨਾ ਉਜੜਾਉ।
'ਝੂਠੀ ਹੈ ਨਾਲਸ਼ ਤੇ ਕੂੜਾ ਹੈ ਰਾਹਕ,
ਸੁਣੀਂ ਤੂੰ ਤੱਪੇ ਦੇ ਰਾਉ!'
ਰਾਹਕ ਨੇ ਆਖਿਆ 'ਖੇਤ ਤਾਂ ਖਾਧੜਾ
ਮੱਝੀਆਂ ਨੇ ਭਰ ਚਾਉ।
'ਐਪਰ ਏ ਮੈਨੂੰ ਹੈ ਜਾਪਦਾ ਰਾਇ ਜੀ!
ਨਾਨਕ ਹੈ ਕੁਈ ਉਲਜਾਉ।'
ਰਾਇ ਤਦ ਤੱਕਿਆ ਨਾਨਕੇ ਵੱਲ ਨੂੰ,
ਨਾਨਕ ਇਹ ਕੀਤਾ ਅਲਾਉ:-
'ਰਿਜਕ ਸੰਬਾਹਿੰਦਾ ਰਾਜ਼ਕ ਹੈ ਆਪੇ,
ਪੈਜ ਸੰਵਾਰੇ ਹਰਿ ਰਾਉ!
'ਓਸਦਾ ਜੇ ਤੂੰ ਹੋ ਰਹੇਂ ਰਾਇ ਜੀ!
ਤੇਰਾ ਬੀ ਓਹ ਹੋ ਜਾਉ।'

-:ਇਤਿ:-


www.sikhbookclub.com

## ਬ੍ਰਹਮਚਾਰੀ-ਸੁਧਾਰ

1.

ਖ਼ੁਅਲਾ ਨਹੀਂ ਸਨੇਹ ਜਿਸ ਸੀਨੇ,
ਸਖਣਾ ਸੀਨਾ ਸਮਝ ਸਹੀ।
ਧਉਂਕ ਰਹੀ ਜਿਉਂ ਧਉਂਕਣਿ ਜੀਉ ਬਿਨ,
ਸਾਹ ਭਾਵੇਂ ਹੈ ਖਿੱਚ ਰਹੀ"।
ਦੇਹਿ ਵਿਚ ਜਿੰਦ ਪਵੇ 'ਦੇਹਿ ਜੀਉਂਦੀ',
ਜਿੰਦ ਜੀਵੇ ਜਦ ਪ੍ਰੇਮ ਪਵੇ,
ਪ੍ਰੇਮ ਬਿਨਾ ਜਿੰਦ ਜਿੰਦ ਨ ਜਾਣੋਂ,
ਮਘ ਰਹੀ ਜਾਣੋਂ ਚੁੱਲ੍ਹ ਜਿਹੀ।

**ਸੁਹਣਾ** ਚੌਕਾ ਲਿੱਪਿਆ ਹੋਇਆ ਹੈ, ਉੱਤੋਂ ਕੁਸ਼ਾ ਦਾ ਆਸਣ ਡੱਠਾ ਹੋਇਆ ਹੈ। ਇਸ਼ਨਾਨ ਕਰਕੇ ਇਕ ਬ੍ਰਾਹਮਣ ਜੀ ਆ ਬੈਠੇ ਹਨ, 12 ਤਿਲਕ ਲਗਾਏ ਗਏ ਹਨ ਸਰੀਰ ਉਤੇ। ਸਾਹਮਣੇ ਹੁਣ ਇਕ ਮਰਜੰਗੀ ਧਰੀ ਗਈ ਹੈ, ਉਸ ਪਰ ਸਾਲਗਰਾਮ ਦੀ ਪ੍ਰਤਿਮਾ ਸੰਭਾਲਕੇ ਧਰੀ ਗਈ ਹੈ। ਤਿਲਕ ਇਸਨੂੰ ਬੀ ਲਗਾਏ ਗਏ ਹਨ। ਬ੍ਰਾਹਮਣ ਹੁਣ ਵਾਰੰਵਾਰ ਇਸ ਪ੍ਰਤਿਮਾ ਨੂੰ ਮੱਥਾ ਟੇਕਦਾ ਹੈ, ਪੂਜਾ ਕਰਦਾ ਹੈ, ਘੰਟਾ ਖੜਕਾਉਂਦਾ ਹੈ, ਇਉਂ ਵਾਰਨੇ ਪਿਆ ਜਾਂਦਾ ਹੈ, ਮਾਨੋਂ ਇਸ ਮੂਰਤੀ ਨੂੰ ਜੀਉਂਦੀ ਸਮਝਕੇ ਸਦਕੇ ਹੋ ਰਿਹਾ ਹੈ। ਨਿਰੰਕਾਰ ਉਸਦੀ ਭਗਤੀ ਨੂੰ ਦੇਖ ਰਿਹਾ ਹੋਊ ਪਰ ਉਸਨੇ ਕੁਛ ਕਹਿਣਾ ਤਾਂ ਨਹੀਂ, ਛਡ ਦੇਣਾ ਹੈ ਅਪਣੀ ਕਰਣੀ ਤੇ ਸੱਚ ਉੱਪਰ। ਅਜ ਦੇਖੋ ਨਿਰੰਕਾਰ ਦਾ ਬਾਲਕਾ, ਗੁਰੂ ਨਾਨਕ, ਸਾਹਮਣੇ ਖੜਾ ਹੈ, ਸਰੀਰਕ ਨੈਣਾਂ ਨਾਲ ਦੇਖ ਰਿਹਾ ਹੈ ਪੂਜਾ ਦੀ ਕ੍ਰਿਤ ਨੂੰ, ਤੇ ਦੇਖ ਰਿਹਾ ਹੈ ਬਾਹਰਲੇ ਅੰਡਬਰ ਨੂੰ, ਨਾਲੇ ਝਾਤ ਮਾਰ ਰਿਹਾ ਏ, ਇਸਦੇ ਅੰਦਰਲੇ ਦੇ ਨਾਚ ਪਰ।

ਕੁਛ ਚਿਰ ਪੂਜਾ ਕਰਕੇ ਬ੍ਰਾਹਮਣ ਨੇ ਨੈਣ ਮੁੰਦ ਲਏ, ਸਰੀਰ ਸਿੱਧਾ ਕਰਕੇ ਅਕੜਾ ਲਿਆ ਤੇ ਆਸਣ ਜਮਾ ਲਿਆ, ਜਿਵੇਂ ਕੋਈ ਯੋਗੀ ਪਦਮਾਸਣ ਲਾਉਂਦਾ ਹੈ। ਫੇਰ ਨੈਣ ਮੁੰਦ ਲਏ, ਅਚਲ ਹੋ ਗਿਆ, ਮਾਨੋ ਧਿਆਨ ਜੁੜ ਗਿਆ ਹੈ। ਲੋਕੀ ਦੇਖਦੇ ਹਨ। ਕੋਈ ਸਿਰ ਝੁਕਾਕੇ ਲੰਘ ਜਾਂਦਾ ਹੈ, ਕੋਈ ਕੁਛ ਭੇਟਾ ਅੱਗੇ ਧਰ ਜਾਂਦਾ ਹੈ। ਕਉਤਕੀ ਸਤਿਗੁਰ ਨੇ ਮੋਢਾ ਹਿਲਾ ਦਿਤਾ ਤੇ ਬੋਲੇ:-

ਦੇਵਤਾ ਜੀ! ਤੁਹਾਡੀ ਪੂਜ ਮੂਰਤੀ, ਤੁਹਾਡਾ ਇਸ਼ਟ ਦੇਵ ਤਾਂ ਤੁਹਾਡੇ ਸਾਹਮਣੇ ਬੈਠਾ ਹੈ। ਅਖਾਂ ਮੀਟਕੇ ਆਪਣੇ ਆਪ ਨੂੰ ਉਸ ਦੇ ਦਰਸ਼ਨ ਤੋਂ ਕਿਉਂ ਵਾਂਜਦੇ ਹੋ?

ਬ੍ਰਾਹਮਣ ਨੇ ਘੂਰਕੇ ਤੱਕਿਆ, ਪਰ ਨਜ਼ਰ ਢੈ ਪਈ। ਗੁਰੂ ਜੀ ਇਸ ਵੇਲੇ ਅਣੋਖੇ ਵੇਸ ਵਿਚ ਸਨ। ਗੁਰੂ ਨਾਨਕ ਪ੍ਰਕਾਸ਼ ਵਿਚ ਇਸ ਵੇਲੇ ਦਾ ਵੇਸ ਇਹ ਲਿਖਿਆ ਹੈ:-

**ਕੇਸਰ ਤਿਲਕ ਭਾਲ** (ਮਥਾ) **ਮਹਿ ਲਾਲਾ।**
**ਸਿਰ ਪਰ ਊਰਧ ਕੁਲਹਿ** (ਲੰਮੀ ਟੋਪੀ) **ਬਿਸਾਲਾ**(ਵਡੀ)॥੭੧॥
**ਨੀਲੋ ਤੇੜ ਲਪੇਟਨ ਕੀਨਾ॥**
**ਮਾਲ ਬਿਸਾਲ ਕੰਠ ਮਹਿੰ ਪਾਈ॥**
**ਇਕ ਰੁਮਾਲ ਕਰ ਮਾਹਿੰ ਸੁਹਾਈ॥੭੨॥**

ਦੋਹਿਰਾ-- ਇਕ ਪਗ (ਪੈਰ ਵਿਚ) ਪਨਹੀ (ਜੁਤੀ) ਨੋਕ ਬਡ,
ਇਕ ਪਗ ਕੌਸ (ਖੜਾਉਂ। ਗੁਰੂ ਜੀ ਇਹੋ ਜਿਹੇ ਰਲਵੇਂ ਵੇਸ ਇਸ ਲਈ ਕਰਦੇ ਸਨ ਕਿ ਕਿਸੇ ਵੇਸ ਵਿਚ ਕੁਛ ਨਹੀਂ। ਵੇਸਾਂ ਦੀ ਵੰਡ ਵੰਡੀਣਾਂ ਵਿੱਥਾਂ ਵਧਾਉਣੀਆਂ ਹਨ।) ਟਿਕਾਇ॥

**ਹਿੰਦੂ ਤੁਰਕ ਨ ਲਖ ਪਰੈਂ,**
**ਐਸੋ ਬੇਖ ਬਨਾਇ॥੭੩॥**
(ਸ੍ਰੀ ਨਾ:ਪ੍ਰ:)

ਇਹ ਵੇਸ 'ਜਿਸ ਤੋਂ ਅੱਧਾ ਹਿੰਦੂ, ਅੱਧਾ ਮੁਸਲਿਮ ਫਕੀਰ ਲਖ ਪਵੇ' ਦੇਖਕੇ ਬ੍ਰਾਹਮਣ ਘਬਰਾਇਆ, ਪਰ ਫੇਰ ਤਕਦੇ ਸਾਰ ਤਾਬ ਨਾ ਲਿਆ

ਸਕਿਆ ਸੱਚ ਦੇ ਤੇਜ ਦੀ ਜੋ ਸੁਹਣੇ ਨੈਣਾਂ ਵਿਚ ਦਿਪਤ ਸੀ, ਅਖਾਂ ਨੀਵੀਆਂ ਕਰਕੇ ਤੇ ਸੰਕੁਚ ਕੇ ਬੋਲਿਆ: ਫਕੀਰ ਸਾਈਂ! ਪੂਜਾ ਕਰ ਲਈ, ਹੁਣ ਧਿਆਨ ਜੋੜਨ ਲੱਗਾ ਹਾਂ।

ਗੁਰੂ ਜੀ— ਤੇਰਾ ਧਿਆਨ ਇਸ਼ਟ ਤਾਂ ਤੇਰੇ ਸਾਹਮਣੇ ਪ੍ਰਤੱਖ ਹੈ, ਧਯਾਨ ਤਾਂ ਪਰੋਖੇ ਦਾ ਜੋੜੀਦਾ ਹੈ, ਜੋ ਓਹ ਅਪ੍ਰੋਖ ਹੋ ਜਾਵੇ।

ਬ੍ਰਹਮਣ— ਠੀਕ ਹੈ, ਪਰ ਇਹ ਧਿਆਨ ਤਾਂ ਤ੍ਰਿਭਵਣ ਦੀ ਸੋਝੀ ਲਈ ਜੋੜੀਦਾ ਹੈ। ਇਸ ਵਿਚ ਤ੍ਰਿਲੋਕੀ ਦੀ ਵਾਰਤਾ ਵੇਖੀਦੀ ਹੈ, ਜਗਯਾਸੂਆਂ ਨੂੰ ਦੱਸੀਦੀ ਹੈ।

ਇਹ ਆਖਕੇ ਬ੍ਰਹਮਣ ਨੇ ਫੇਰ ਅਖਾਂ ਨੂਟ ਲਈਆਂ ਜਿਵੇਂ ਸਜ਼ਵਿਆਹੀ ਨੌਂਹ ਸਹੁਰੇ ਘਰ ਆਕੇ ਲੋਕਾਂ ਦੇ ਮੂੰਹ ਵੇਖਣ ਵੇਲੇ ਨੂਟਦੀ ਹੈ। ਗੁਰੂ ਜੀ ਉਸ ਦੀਆਂ ਬੰਦ ਹੁੰਦੀਆਂ ਅੱਖਾਂ ਵਿਚ ਉਸ ਦੀ ਘੁੱਟ ਵਟ ਵੇਖਕੇ ਮੁਸਕ੍ਰਾ ਰਹੇ ਸਨ। ਕੁਛ ਚਿਰ ਵਿਚ ਬ੍ਰਹਮਣ ਦੀ ਦੇਹ ਟਿਕ ਗਈ, ਮਾਨੋ ਅਹਿਲ ਹੋ ਗਿਆ। ਇਸ ਵੇਲੇ ਚੋਜੀ ਸਤਿਗੁਰ ਨੇ ਇਕ ਗੁਪਤ ਸਿਖ ਨੂੰ ਕਿਹਾ ਕਿ ਇਸ ਦੀ ਪ੍ਰਤਿਮਾ ਤੂੰ ਚੱਕ ਲੈ ਤੇ ਦੂਰ ਲੈ ਜਾਹ। ਇਹ ਆਗਿਆ ਪਾਕੇ ਸਿਖ ਪ੍ਰਤਿਮਾ ਬੀ ਚੁੱਕ ਲੈ ਗਿਆ, ਤੇ ਨਾਲ ਪੂਜਾ ਵੀ ਉਠਾਕੇ ਲੈ ਗਿਆ। ਜਨਮ ਸਾਖੀ ਵਿਚ ਲਿਖਿਆ ਹੈ: 'ਹੁਕਮ ਕੋ ਪਾਇਕੇ ਗੁਪਤ ਸਿਖ ਉਸ ਬ੍ਰਹਮਣ ਦੇ ਅਗੋਂ ਸਭ ਕੁਛ ਪੂਜਾ ਸਮੇਤ ਠਾਕਰ ਉਠਾਇਕੇ ਲੈ ਗਿਆ।'

ਇਕ ਮਹੂਰਤ ਅਰਥਾਤ ਦੋ ਘੜੀਆਂ ਮਗਰੋਂ ਬ੍ਰਹਮਣ ਨੇ ਨੈਣ ਖੋਹਲੇ, ਸਿਰ ਮੱਥੇ ਤੇ ਹੱਥ ਫੇਰੇ, ਡਿੱਠਾ ਸਾਹਮਣੇ, ਤਾਂ ਨਾ ਠਾਕੁਰ ਹੈ ਤੇ ਨਾ ਠਾਕੁਰ ਪਿਛੇ ਕੱਠੀ ਹੋਈ ਮਾਇਆ ਹੈ।

**'ਠਾਕੁਰ ਚੌਕੀ ਜਬਹਿ ਨ ਪਾਈ।**
**ਕਰਤ ਬ੍ਰਿਲਾਪ ਰਹਿਓ ਘਿਘਿਆਈ।'**
(ਸ੍ਰੀ ਨਾ:ਪਾ:)

ਕੋਲ ਖੜਿਆਂ ਤੋਂ ਪੁੱਛਿਓ ਸੁ, ਪਰ ਕੋਈ ਨਾ ਦੱਸ ਸਕਿਆ ਕਿ ਕੀਹ ਵਰਤ ਗਈ, ਉਸ ਦੀ ਸਮਾਧੀ ਕਾਲ ਵਿਚ। ਗੁਰੂ ਜੀ ਜ਼ਰਾ ਪਰੇ ਖੜੇ ਉਡੀਕ ਰਹੇ ਸਨ ਕਿ ਕਦ ਨੈਣ ਖੋਹਲੇ ਤਾਂ ਅਸੀਂ ਇਸ ਦੇ ਅੰਦਰਲੇ ਬੰਦ ਨੈਣ ਖੋਹਲੀਏ। ਆਪ ਅੱਗੇ ਵਧੇ ਤੇ ਪੁੱਛਣ ਲੱਗੇ: 'ਹੇ ਦੇਵਤਾ!

 www.sikhbookclub.com

ਉਦਾਸ ਕਿਉਂ ਹੋ, ਨੈਣ ਕਿਉਂ ਭਰ ਭਰ ਡੁੱਲ੍ਹਦੇ ਹਨ।' ਬ੍ਰਹਮਣ ਨੇ ਕਿਹਾ: 'ਫਕੀਰ ਜੀਓ! ਕੋਈ ਮੇਰੀ ਠਾਕੁਰ ਦੀ ਚੌਂਕੀ ਉਠਾ ਲੈ ਗਿਆ ਹੈ, ਉਸ ਵਿਚ ਚੋਖੀ ਮਾਯਾ ਅਜ ਦੀ ਆਈ ਪਈ ਸੀ, ਸੋ ਭੀ ਨਾਲੇ ਗਈ। ਇਸ ਕਰ ਉਦਾਸ ਹਾਂ ਜੋ ਮਾਯਕ ਦੁਨੀਆਂ ਵਿਚ ਮਾਯਾ ਬਿਨ ਸਰਦੀ ਨਹੀਂ। ਬਾਲ ਬੱਚੇ ਹਨ, ਸਭ ਦੀ ਪਾਲਨਾ ਕਰਨੀ ਹੈ, ਇਹੋ ਉਪਜੀਵਕਾ ਹੈ।' ਤਦ ਸ੍ਰੀ ਗੁਰੂ ਜੀ ਮੁਸਕ੍ਰਾਏ, ਪਰ ਇਕ ਟਿਕਵੀਂ ਸੁਰ ਵਿਚ ਬੋਲੇ: 'ਹੇ ਦੇਵਤਾ! ਧਿਆਨ ਜੁੜੇ ਵਿਚ ਤੁਸਾਂ ਨੂੰ ਤ੍ਰਿਲੋਕੀ ਦਿੱਸਦੀ ਹੈ, ਰੋਜ਼ ਵੇਖਕੇ ਲੋਕਾਂ ਨੂੰ ਕਿਸਮਤਾਂ ਦੱਸਦੇ ਹੋ, ਅਜ ਆਪ ਦੀ ਚੌਂਕੀ ਜਾਂਦੀ ਆਪ ਦੀ ਦ੍ਰਿਸ਼ਟੀ ਕਿਵੇਂ ਨਾ ਪਈ?'

ਬ੍ਰਹਮਣ— ਮੈਂ ਉੱਚੇ ਮੰਡਲਾਂ ਵਿਚ ਧਿਆਨੀ ਹੋ ਰਿਹਾ ਸਾਂ, ਅਤਿ ਨੇੜੇ ਦੀ ਸ਼ੈ ਨਹੀਂ ਦਿੱਸਿਆ ਕਰਦੀ ਤਦੋਂ, ਹੈਂ ਜੀ.....ਦੇਖੋ ਨਾ ਸੁਰਮੇ ਦਾਨੀ ਵਿਚ ਪਿਆ ਸੁਰਮਾਂ ਤਾਂ ਦਿਸਦਾ ਹੈ, ਕਦੇ ਅੱਖੀਂ ਪਿਆ ਬੀ ਅੱਖਾਂ ਨੂੰ ਦਿੱਸਿਆ ਹੈ?.....ਜੀਉ, ਤੁਸਾਨੂੰ ਪਤਾ ਹੈ ਤਾਂ ਦੱਸ ਦਿਓ, ਤਦੋਂ ਦੇ ਖੜੇ ਹੋ।

ਗੁਰੂ ਜੀ— ਭਾਈ ਜੇ ਤੈਨੂੰ ਦਿਬ ਦ੍ਰਿਸ਼ਟੀ ਹੈ, ਤ੍ਰਿਲੋਕੀ ਧਿਆਨ ਵਿਚ ਦਿੱਸਦੀ ਹੈ ਤਾਂ ਗੁਣ ਧਿਆਨ ਜੋੜ ਲੈ ਤੇ ਦੇਖ ਲੈ ਕਿ ਠਾਕਰਾਂ ਦੀ ਚੌਂਕੀ ਕਿਥੇ ਗਈ ਹੈ।

ਬ੍ਰਹਮਣ— ਨਿੰਮੋਝਾਣ ਸੁਰ ਵਿਚ ਬੋਲਿਆ:- ਜੇ ਤੁਸਾਨੂੰ ਪਤਾ ਹੈ ਤਾਂ ਦੱਸ ਦਿਓ। ਤੁਸੀਂ ਫਕੀਰ ਸਾਈਂ ਦੇ ਦਿੱਸਦੇ ਹੋ, ਦਇਆ ਵਾਲੇ ਹੋ, ਨੈਣ ਰਸੀਲੇ ਹਨ।

ਗੁਰੂ ਜੀ— ਦੇਵਤਾ ਜੀਓ! ਜੇ ਮੈਂ ਦੱਸ ਦਿੱਤਾ ਤਾਂ ਤੁਸਾਡੀ 'ਤ੍ਰਿਲੋਕੀ ਦ੍ਰਿਸ਼ਟੀ' ਤੇ ਹਰਫ ਆਵੇਗਾ ਕਿ ਐਵੇਂ ਕਹਿ ਛਡਦੇ ਹਨ ਬ੍ਰਹਮਣ ਦੇਵਤਾ ਜੀ, ਇਸਦਾ ਭਲੀਂਦਾ ਕੁਛ ਨਹੀਂ ਨੇ!

ਬ੍ਰਹਮਣ— ਗੱਲ ਤਾਂ ਸਚ ਆਖੀਨੇ, ਪਰ ਹੁਣ ਗਈ ਮਾਯਾ ਨੂੰ ਰੋਵਾਂ ਜਿਸ ਬਿਨ ਗੁਜ਼ਰਾਨ ਨਹੀਂ, ਕਿ ਰੋਵਾਂ ਹਰਫ ਆਉਣ ਦੇ ਭੈ ਨੂੰ?.....ਬੀਬੇ ਰਾਣੇ ਜੀਉ! ਦੱਸ ਦਿਓ।

ਗੁਰੂ ਜੀ— ਜੇ ਤੁਸੀਂ ਸਚ ਸਚ ਦੱਸ ਦਿਓ ਤਾਂ ਕਰਤਾਰ ਸੱਚ ਤੇ ਝੂਠ ਪੈਂਦਾ ਹੈ।


www.sikhbookclub.com

ਬ੍ਰਹਮਣ ਕੁਛ ਘਬਰਾਇਆ, ਚਾਹੇ ਕਿ ਕਿਵੇਂ ਪਦਾਰਥ ਵਾਲੀ ਚੌਕੀ ਮਿਲ ਪਵੇ! ਸੋਚੇ ਕਿ ਉਸ ਵੇਲੇ ਦੇ ਏਥੇ ਇਹੋ ਖੜੇ ਹਨ, ਹੋਰ ਤਾਂ ਲੰਘਦੇ ਰਹੇ ਹਨ, ਇਨ੍ਹਾਂ ਨੇ ਚੋਰ ਡਿੱਠਾ ਹੈ, ਤਾਹੀਓਂ ਪਏ ਮਸ਼ਕੂਲੇ ਕਰਦੇ ਹਨ। ਇਨ੍ਹਾਂ ਨਾਲ ਹੁਣ ਵਲੇਵੇਂ ਪਾਇਆਂ ਪੁਗਣੀ ਨਹੀਂ। ਸੱਚ ਕਹਿ ਦਿਓ ਤਾਂ ਖਬਰੇ ਖੁਸ਼ ਹੋ ਜਾਣ। ਹਾਂ, ਸੱਚ ਬੀ ਤਾਂ ਇਕ ਵੇਲੇ ਦਾ ਸੰਦ ਹੈ। ਤਦ ਕੁਛ ਸ਼ਰਮਾਉਂਦਾ ਕੁਛ ਰੁਕਦਾ ਬੋਲਿਆ: ਹੇ ਫਕੀਰ ਸਾਈਂ! ਹੇ ਸਾਧੂ, ਹੇ ਤਪੀਸ੍ਵਰ! ਸੱਚ ਇਹ ਹੈ ਕਿ ਮੈਂ ਝੂਠ ਦੀ ਟੇਕ ਲਈ ਰੱਖੀ ਹੈ। ਪੇਟ ਪਾਪੀ ਹੈ, ਇਸ ਖ਼ਾਤਰ ਕੀਹ ਨਹੀਂ ਕਰਨਾ ਪੈਂਦਾ। ਗੁਜ਼ਰਾਨ ਟੁਰਦੀ ਸੀ, ਕੰਮ ਰਿੜ ਪਿਆ ਸੀ, ਲੋਕੀ ਪਤੀਜਦੇ ਸਨ। ਹੋਰ ਦਿਸਦਾ ਭਲੀਂਦਾ ਸਾਡੇ ਅਸੱਤਵਾਦੀਆਂ ਨੂੰ ਕੀ ਹੈ।.....ਪੇਟ ਦੀ ਗੁਜ਼ਰਾਨ; ਇਕ ਦੀ ਨਹੀਂ, ਕਈ ਪੇਟ ਜੁ ਨਾਲ ਲੱਗੇ ਹੋਏ, ਸਭ ਦੀ ਗੁਜ਼ਰਾਨ ਏਸੇ ਵਿਚ ਹੈ। ਹੁਣ ਪਤਾ ਦੱਸ ਦਿਓ, ਮੈਂ ਸੱਚ ਦੱਸ ਦਿੱਤਾ ਹੈ। ਮੇਰੇ ਤੇ ਤਰਸ ਕਰੋ, ਜੀਆ ਜੰਤ ਤੇ ਤਰਸ ਕਰੋ, ਨਹੀਂ ਤਾਂ ਅਜ ਉਪਵਾਸ ਹੀ ਰਹੇਗਾ। ਫਾਕਾ ਬੁਰਾ ਹੁੰਦਾ ਹੈ ਸਾਈਂ ਦੇ ਲੋਕੋ!

ਸਤਿਗੁਰ ਜੀ ਤਰਸ ਦੇ ਘਰ ਆ ਕੇ ਬੋਲੇ-ਦੇਵਤਾ ਜੀ! ਜੇ ਝੂਠ ਰੋਟੀ ਦੇਂਦਾ ਹੈ ਤੇ ਪੇਟ ਪਾਪੀ ਨੂੰ ਪਾਲਦਾ ਹੈ ਤਾਂ ਕੀਹ ਸੱਚ ਰੋਟੀ ਨਾ ਦੇਵੇਗਾ ਤੇ ਸ਼ਰੀਰ ਦੇ ਪਾਲਣਹਾਰੇ ਪੇਟ ਨੂੰ ਨਾ ਪਾਲੇਗਾ?

ਬ੍ਰਹਮਣ— ਸੱਚ! ਪਰ ਸੱਚ ਤੇ ਦ੍ਰਿੜਤਾ ਕੌਣ ਕਰੇ? ਸੱਚ ਬਦਲੇ ਹਰੀ ਚੰਦ ਰਾਜਾ ਕਿਵੇਂ ਰੁਲਿਆ। ਓਨੀਂ ਦ੍ਰਿੜਤਾ ਕਿਥੋਂ ਆਵੇ?.....(ਸਿਰ ਧੁਨ ਕੇ) ਹੁਣ ਦੱਸ ਦਿਓ.....ਤਰਸ ਕਰ ਕੇ।

ਗੁਰੂ ਜੀ ਤਰਸ ਭਰੀ ਅਵਾਜ਼ ਵਿਚ ਬੋਲੇ:- ਦੇਵਤਾ! ਦੇਖ, ਝੂਠਾ ਦਾਅਵਾ ਤ੍ਰਿਲੋਕੀ ਦੇ ਭੇਤ ਦੇਖਣ ਦਾ ਤੂੰ ਕਰਦਾ ਰਿਹਾ ਤੇ ਕੂੜ ਬੋਲ ਕੇ ਧਨ ਇਕੱਠਾ ਕਰਦਾ ਰਿਹਾ, ਪਰ ਧਨ, ਤੂੰ ਜਿੱਥੇ ਬੈਠਦਾ ਹੈਂ, ਇਥੇ ਕਿਸੇ ਸਮੇਂ ਦਾ ਕੁਛ ਇਸ ਧਰਤੀ ਵਿਚ ਦਬਿਆ ਪਿਆ ਹੈ, ਖੁਣ ਲੈ ਤੇ ਸੁਖੀ ਹੋ ਜਾਹ। ਜੇ ਧਨ ਹੀ ਧਰਮ ਨੂੰ ਧਸਕਦਾ ਹੈ ਤਾਂ ਧਨ ਲਕੇ ਹੀ ਧਰਮ ਉਤੇ ਧੀਰਜ ਧਾਰ ਤੇ ਸੱਚ ਦੀ ਧਾਰਨਾ ਧਾਰ ਲੈ, ਪਿਛੇ ਨਹੀਂ ਸੀ ਤਾਂ ਅਜ ਤੋਂ ਸਹੀ।

ਹਰਿਆਨ ਹੋਕੇ ਦੇਵਤਾ ਨੇ ਉਠਕੇ ਇਕ ਕਹੀ ਆਂਦੀ, ਧਰਤੀ ਖੋਦੀ; ਥੋੜਾ ਹੀ ਪੁੱਟਣੇ ਤੇ ਧਨ ਨਿਕਲ ਪਿਆ। ਧਨ ਦੇਖਕੇ ਧੀਰਜ ਆ ਗਿਆ

ਧਨ ਵੱਲੋਂ, ਪਰ ਅਧੀਰਜ ਹੋ ਗਿਆ ਭੈ ਵਿਚ ਕਿ ਇਹ ਸਾਧੂ ਕੌਣ ਹੈ ਜੋ ਇਸ ਤਰ੍ਹਾਂ ਦਾ ਦਿਬਦ੍ਰਿਸ਼ਟੀ ਵਾਲਾ, ਜਾਣਨਹਾਰ ਹੈ। ਇਸ ਸ਼ਕਤੀ ਵਾਲੇ ਦੇ ਸਾਹਮਣੇ ਕੂੜ ਦਾ ਇਕਰਾਰ ਕਰ ਬੈਠਾ ਹਾਂ, ਇਹ ਕੋਈ ਸਰਾਪ ਨਾ ਦੇ ਦੇਵੇ। ਇਸ ਨਾਲ ਗਲਾਂ ਵੀ ਅਦਬ ਨਾਲ ਨਹੀਂ ਕੀਤੀਆਂ, ਗੁੱਸੇ ਨਾ ਹੋ ਗਿਆ ਹੋਵੇ ਕਿਤੇ। ਧਨ ਸਾਂਭਾਂ ਤੇ ਘਰ ਨੂੰ ਨੱਸਾਂ ਕਿ ਚਰਨ ਪਕੜਕੇ ਭੁੱਲ ਬਖਸ਼ਾਵਾਂ ਤੇ ਆਖਾਂ ਰਾਹੇ ਪਾਓ; ਜੋ ਸੱਚ ਦਾ ਆਧਾਰ ਅੰਦਰ ਆਵੇ ਤੇ ਰੋਜ਼ੀ ਵੀ ਸੱਚ ਹੀ ਤੋਂ ਮਿਲੇ ਤਾਂ ਬ੍ਰਹਮਣ ਜਨਮ ਵੀ ਸਫਲ ਹੋ ਜਾਵੇ ਤੇ ਭੁੱਖ ਦਾ ਦੁੱਖ ਬੀ ਦੂਰ ਹੋ ਜਾਵੇ। ਇਉਂ ਵਿਚਾਟ ਕਰਕੇ ਦੇਵਤਾ ਅਗੇ ਵਧਿਆ ਤੇ ਚਰਨਾਂ ਨੂੰ ਲਿਪਟ ਗਿਆ ਤੇ ਬੋਲਿਆ: ਹੇ ਅਗਮ ਨਿਗਮ ਦੀ ਜਾਣਨਹਾਰ ਤੂੰ ਕੋਈ ਵਿਸ਼ਨੂੰ ਦੇਵਤਾ ਧਰਤੀ ਤੇ ਆ ਖੜੋਤਾ ਹੈਂ, ਮੇਰੇ ਪਾਪ ਤੱਕੇ ਨੀ, ਫਰੋਲੇ ਨੀ ਤੇ ਮੈਂ ਅਪਣੇ ਮਨ ਦਾ ਮੰਦ ਅਗੇ ਰਖ ਦਿਤਾ ਹੈ, ਹੁਣ ਦਿਆਲ ਹੋ ਤੇ ਖਿਮਾ ਕਰ। ਝੂਠ ਦੀ ਰੋਜ਼ੀ ਬੰਦ ਕਰ ਦੇਹ, ਪਾਖੰਡ ਭੰਨ ਦੇਹ, ਸੱਚ ਤੇ ਟੇਕ ਦੇਹ, ਤੇ ਰੋਟੀ ਬੀ ਸੱਚ ਦੀ ਦੇਹ।

ਸਤਿਗੁਰ ਜੀ ਹੁਣ ਤਕ ਤਰਸ ਦੇ ਘਰ ਵਿਚ ਸਨ, ਹੁਣ ਜਗਤ ਦਾ ਦੁਖ ਅੱਖਾਂ ਅੱਗੇ ਆ ਖੜੋਤਾ। ਕਿਵੇਂ ਅਪਣੇ ਮਾੜੇ ਕਰਮਾਂ ਕਰਕੇ ਜਗਤ ਦੁਖੀ ਹੈ ਤੇ ਕਿੰਞ ਉਨ੍ਹਾਂ ਦੇ ਹਥੋਂ ਦੁਖ ਵਧ ਰਿਹਾ ਹੈ, ਜਿਨ੍ਹਾਂ ਦੇ ਹਥੋਂ ਸੁਖ ਮਿਲਣਾ ਚਾਹੀਦਾ ਸੀ। ਅਰਥਾਤ ਧਰਮ ਦੇ ਦਾਤੇ ਕੀਕੂੰ ਦੰਭ ਰਚਾਕੇ ਜਗਤ ਨੂੰ ਠੱਗ ਰਹੇ ਤੇ ਕੁਰਾਹੇ ਪਾ ਰਹੇ ਹਨ। ਇਉਂ ਦੇ ਖਿਆਲ ਸੋਚਦੇ ਜਗਤ-ਪੀੜਾ ਦੇ ਹਰਨਹਾਰ ਜੀ ਬੋਲੇ:-

ਸੁਣ ਦੇਵਤਾ! ਤੈਨੂੰ ਆਪਣੇ ਪੇਟ ਦਾ ਫਿਕਰ ਤਾਂ ਹੈ ਪਰ ਇਹ ਫਿਕਰ ਨਹੀਂ ਕਿ ਜਗਤ ਡੁਬ ਰਿਹਾ ਹੈ? ਤੁਸੀਂ ਠਗੀਆਂ ਕਰੋਗੇ ਤਾਂ ਜਗਤ ਕੀਕੂੰ ਬਚੇਗਾ? ਇਸਨੂੰ ਕੌਣ ਬਚਾਵੇਗਾ?

ਸੰਸਾਰ ਨੂੰ ਠੱਗਣ ਲਈ ਨੱਕ ਪਕੜਕੇ ਸੁਆਸ ਚੜ੍ਹਦੇ ਦਿਖਾਉਣੇ, ਅੱਖਾਂ ਮੀਟਕੇ ਸਮਾਧੀਆਂ ਲਾ ਦੱਸਣੀਆਂ ਇਹ ਕਰਤੂਤਾਂ ਹਨ ਧਰਮ ਦੇ ਆਗੂਆਂ ਦੀਆਂ? ਦੇਵਤਾ! ਦੇਖ ਹੁਣ ਜੱਗਾਂ ਦਾ ਸਮਾਂ ਨਹੀਂ, ਪੂਜਾ ਦਾ ਸਮਾਂ ਨਹੀਂ, ਫਿਰ ਕਿਸੇ ਪਾਸ ਯੋਗ ਅਭਜਾਸ ਨਹੀਂ, ਯੋਗ ਸ਼ਕਤੀ ਨਹੀਂ, ਨਾਹੀਂ ਸਤਿਜੁਗ ਵਾਂਗੂ ਸੱਚ ਦੀ ਧਾਰਨਾ ਕਿਸੇ ਵਿਚ ਹੈ। ਫਿਰ ਓਹ ਕਰਮ


www.sikhbookclub.com

ਪਿਛਲੇ ਜੁਗਾਂ ਦੇ ਸਨ। ਤੂੰ ਸ਼ਾਸਤ੍ਰ ਪੜ੍ਹਿਆ ਹੈਂ, ਦੱਸ, ਕਲਜੁਗ ਵਿਚ ਸਿਵਾ ਵਜਾਪਕ ਰਾਮ ਦੇ ਨਾਮ ਦੇ ਅਭਜਾਸ ਦੇ ਕੋਈ ਧਰਮ ਕਰਮ ਹੋਰ ਹੈ? ਫਿਰ ਦੇਖ ਕਿ ਇਸ਼ਟ ਅਸਥਾਨ ਤੀਰਥ ਆਦਿ ਐਸੇ ਪਖੰਡੀਆਂ ਨਾਲ ਭਰੇ ਪਏ ਹਨ ਜੈਸਾ ਕਿ ਤੂੰ ਹੈਂ। ਮੰਦਰ ਵਿਚ ਬੈਠਣ ਵਾਲੇ ਭ੍ਰਿਸ਼ਟ ਹੋ ਰਹੇ ਹਨ। ਕਰਤਾ ਪੁਰਖ ਬਖਸ਼ੇ, ਗੁੱਸੇ ਨਹੀਂ ਹੋਣਾ, ਪਰ ਠੀਕ ਹੈ ਨਾ? ਸੱਚ ਹੈ ਨਾ?

ਬ੍ਰਹਮਣ ਨੇ ਹਥ ਜੋੜੇ ਤੇ ਕਿਹਾ— ਸੱਚ ਹੈ ਮਾਲਕਾ!

ਗੁਰੂ ਜੀ ਫੇਰ ਬੋਲੇ— ਅੰਗੂਠੇ ਤੇ ਉਂਗਲੀ ਵਿਚ ਨੱਕ ਪਕੜਨੇ, ਅਖਾਂ ਮੀਟਣੀਆਂ ਤੇ ਕਹਿਣਾ: ਤਿੰਨ ਲੋਕ ਦਿਸਦੇ ਹਨ ਤੇ ਪਿਠ ਪਿਛੇ ਕੁਛ ਨਾ ਦਿਸਣਾ ਕਿ ਧਰਤੀ ਵਿਚ ਕੀਹ ਪਿਆ ਹੈ, ਇਹ ਹੈ ਨਾ ਕਲਜੁਗ ਦੀ ਯੋਗ ਸਮਾਧੀ ਦਾ ਅਲੌਕਿਕ ਹਾਲ ਤੇ ਇਹ ਹੈ ਨਾ ਕਲਿਯੁਗ ਦਾ ਸੱਤ, ਸਚ! ਹੈਂ ਬਈ ਦੇਵਤਾ! ਠੀਕ ਹੈ? ਫੇਰ ਸੋਚ ਕਿ ਜੋਗੀ ਦਾ, ਸਾਧੂ ਦਾ, ਬ੍ਰਹਮਣ ਦਾ, ਧਰਮ ਕੀਹ ਹੈ? ਜਗਤ ਨੂੰ ਤਾਰਨਾ। ਤੇ ਤੁਸਾਂ ਫੜ ਲਿਆ ਕਿੱਤਾ ਜਗਤ ਨੂੰ ਠੱਗਣੇ ਦਾ, ਉਹ ਜਗਤ ਡੁਬੇਗਾ ਕਿ ਤਰੇਗਾ? ਅਗੇ ਚਲਕੇ ਤਾਂ ਡੁਬੇਗਾ, ਹੁਣ ਦੇਖ ਲੈ ਕਿ ਏਥੇ ਵੀ ਡੁੱਬ ਰਿਹਾ ਹੈ ਕਿ ਨਹੀਂ? ਰਾਜਾ ਕੌਣ ਹੈ? ਜ਼ੁਲਮ ਕਿਤਨਾ ਹੈ? ਇਸਦਾ ਕੀਹ ਉਪਚਾਰ ਹੈ? ਇਹੋ ਠੱਗੀਆਂ ਜੋ ਆਗੂ ਕਰ ਰਹੇ ਹਨ?

ਬ੍ਰਹਮਣ— (ਲਜਾਇਆ, ਸ਼ਰਮ ਨਾਲ ਮੁੜਕਾ ਆ ਗਿਆ ਪਰ ਕੁਛ ਸੰਭਲਿਆ ਤੇ ਬੋਲਿਆ) ਭਗਵਨ! ਮਲੇਛਾਂ ਤੋਂ ਰਖਜਾ ਕਰਨੀ ਤੇ ਦੇਸ਼ ਵਿਚ ਅਪਣਾ ਰਾਜ ਦ੍ਰਿੜ੍ਹ ਰਖਣਾ ਖੱਤ੍ਰੀਆਂ ਦਾ ਧਰਮ ਹੈ, ਬ੍ਰਹਮਣ ਦਾ ਨਹੀਂ, ਖਿਮਾ ਕਰਨੀ!

ਗੁਰੂ ਜੀ— ਖੱਤ੍ਰੀਆਂ ਨੇ ਬੀ ਆਪਣਾ ਵਰਣ ਆਸ਼੍ਰਮੀ ਧਰਮ ਛਡ ਦਿੱਤਾ ਹੈ। ਓਹ ਅਪਣੀ ਸ਼ੂਰਬੀਰਤਾ ਨੂੰ ਸੰਭਾਲ ਕੇ ਪ੍ਰਜਾ ਦੀ ਰਖਜਾ ਹਿਤ ਪ੍ਰਾਣ ਦਾਨ ਦੇਣ ਨੂੰ ਤਿਆਰ ਨਹੀਂ ਰਹੇ। ਉਨ੍ਹਾਂ ਨੇ ਤਾਂ ਅਪਣੀ ਸ੍ਵੈ-ਧਰਮ ਤੇ ਸ੍ਵੈ-ਦੇਸ਼ ਭਾਸ਼ਾ ਨੂੰ ਬੀ ਛਡ ਦਿਤਾ ਹੈ ਤੇ ਪਰਦੇਸੋਂ ਆਏ ਲੋਕਾਂ ਦੀ ਮਲੇਛੀ (ਸੰਸਕ੍ਰਿਤ ਵਿਚ 'ਮਲਿਚਛ' ਦਾ ਅਰਥ ਹੈ, ਅਟਪਟੀ ਬੋਲੀ ਬੋਲਣਾ। ਭਾਵ ਹੈ ਜੋ ਸੰਸਕ੍ਰਿਤ ਤੋਂ ਛੁਟ ਵਿਦੇਸ਼ੀ ਬੋਲੀ ਬੋਲੇ ਸੋ ਮਲੇਛ। ਮਲੇਛ ਭਾਖਿਆ=ਫਾਰਸੀ ਅਰਬੀ ਆਦਿ।) ਬੋਲੀ ਪੜ੍ਹ ਲਈ ਹੈ। ਜਿਸ ਦੀ

 www.sikhbookclub.com

ਵਿਦਜਾ ਪਾਓ ਉਸੇ ਵਰਗੇ ਖਿਆਲ ਹੋ ਜਾਂਦੇ ਹਨ, ਸੋ ਖਤ੍ਰੀ ਉਨ੍ਹਾਂ ਜਰਵਾਣਿਆਂ ਦੇ ਖਿਆਲਾਂ ਨਾਲ ਪ੍ਰਭਾਵਿਤ ਹੋ ਗਏ ਹਨ। ਕਈ ਤਾਂ ਉਨ੍ਹਾਂ ਨਾਲ ਰਲਕੇ ਅਪਣਿਆਂ ਤੇ ਜ਼ੁਲਮ ਬੀ ਕਰ ਲੈਂਦੇ ਹਨ, ਪਰ ਕਸੂਰ ਤੁਸਾਡਾ ਵਧੇਰੇ ਹੈ। ਜੇ ਤੁਸੀਂ ਸੁੱਚੇ ਜੀਵਨ ਵਾਲੇ ਹੁੰਦੇ, ਤੁਹਾਡਾ ਅਹਾਰ, ਅਚਾਰ, ਵਿਹਾਰ, ਤੁਹਾਡੀ ਕਥਨੀ ਇਕੋ ਜੇਹੇ ਸੋਨੇ ਰੰਗੇ ਹੁੰਦੇ ਤਾਂ ਖਤ੍ਰੀ ਅਪਣੀ ਭਾਖਾ ਦੀ ਕਦਰ ਕਰਦੇ, ਪੜ੍ਹਦੇ, ਤੇਜ ਮਈ ਰਹਿੰਦੇ; ਜਿਸ ਹਾਲ ਨੂੰ ਪਰਜਾ ਹੁਣ ਅੱਪੜੀ ਹੈ ਨਾਂ ਅੱਪੜਦੀ। ਤੁਸਾਂ ਪੰਡਤ ਜੀ! ਵਰਣਾਸ਼੍ਰਮੀ ਧਰਮ ਦੀ ਵੰਡ ਦੱਸ ਕੇ ਖੱਤ੍ਰੀਆਂ ਨੂੰ ਉਲਾਂਭਾ ਦਿੱਤਾ ਹੈ, ਉਲਾਂਭਾ ਸਭ ਦੇ ਸਿਰ ਹੈ, ਪਰ ਹੁਣ ਤਾਂ ਉਸ ਵਰਣਾਸ਼੍ਰਮੀ ਧਰਮ ਦੀ ਗਤੀ ਰਹਿ ਚੁਕੀ ਹੈ, ਹੁਣ ਤਾਂ ਸਾਰੇ ਵਰਣ ਰਲ ਮਿਲ ਚੱਲੇ ਹਨ। ਵਰਣਾਸ਼੍ਰਮੀ ਧਰਮ ਤਾਂ ਗਿਆ, ਹੁਣ ਤਾਂ 'ਧਰਮ' ਜੋ ਨੇਕੀ ਦਾ ਨਾਮ ਹੈ, ਉਹ ਬੀ ਨਹੀਂ ਰਿਹਾ। ਜ਼ਾਲਮ ਰਾਜ ਤੋਂ ਜ਼ੁਲਮ ਤੇ ਵਿਭਚਾਰ ਫੇਰ ਗ਼ੁਲਾਮੀ ਦੇ ਅਸਰ ਹੇਠ ਧਰਮਾਂ ਨੂੰ ਵੇਚਣਾ ਸਿੱਖ ਲਿਆ ਹੈ ਖੱਤ੍ਰੀਆਂ, ਵੈਸ਼ਾਂ, ਸ਼ੂਦਰਾਂ ਸਾਰਿਆਂ ਨੇ, ਸਣੇ ਬ੍ਰਹਮਣਾਂ ਦੇ। ਇਸ ਲਈ ਪ੍ਰਜਾ ਡੁੱਬ ਰਹੀ ਹੈ।

ਬ੍ਰਹਮਣ— ਜੋ ਕੁਛ ਆਖਦੇ ਹੋ ਦਿਲ ਨੂੰ ਪੁੜਦਾ ਹੈ। ਜੇ ਆਗਜਾ ਦਿਓ ਤਾਂ ਇਕ ਗਲ ਹੋਰ ਪੁੱਛ ਲਵਾਂ?

ਗੁਰੂ ਜੀ ਬੋਲੇ— ਪੁੱਛੋ ਜੀ ਸਦਕੇ!

ਬ੍ਰਹਮਣ— ਇਹ ਮੂਰਤੀ ਪੂਜਣ ਠੀਕ ਨਹੀਂ?

ਇਹ ਸੁਣਕੇ ਮਰਦਾਨਾ ਕੁਛ ਬਿਲਾਸ ਕਰਨ ਵਾਲੀ ਸੁਰ ਵਿਚ ਆਖਣ ਲਗਾ: ਬ੍ਰਹਮਣ ਦੇਵਤਾ! ਜੇ ਮੈਂ ਮੂਰਤੀ ਪੂਜ ਹੁੰਦਾ ਤਾਂ ਦਿਲੋਂ ਜਾਨੋਂ ਪਿਆ ਸਦਕੇ ਹੁੰਦਾ ਕਿ ਮੈਨੂੰ ਮੇਰਾ ਪ੍ਰੀਤਮ ਸਥੂਲ ਰੂਪ ਵਿਚ ਮਿਲ ਪਿਆ ਹੈ, ਚਾਹੇ ਕੂੰਦਾ ਸਹਿੰਦਾ ਨਹੀਂ, ਪਰ ਹੈ ਸਦਾ ਅਖੀਆਂ ਦੇ ਸਾਹਮਣੇ, ਕਦੇ ਉਹਲੇ ਨਹੀਂ ਹੁੰਦਾ; ਐਡਾ ਸੌਖਾ ਪ੍ਰੀਤਮ ਕਿਥੋਂ ਲਭਦਾ ਹੈ? ਪਰ ਮੈਨੂੰ ਤਾਂ ਮੇਰੇ ਏਸ ਨਿਰੰਕਾਰੀ ਨੇ 'ਨਿਰ ਆਕਾਰ' ਦੀ ਪੂਜਾ ਵਿਚ ਲਾਇਆ ਹੈ। ਕਿੱਡਾ ਅਉਖਾ ਹੈ ਉਸਦਾ ਰਾਹ? ਪਜਾਰ ਕਰੋ ਅਣਦਿਸਦੇ ਨੂੰ, ਯਾਦ ਕਰੋ ਸਦਾ ਉਸਨੂੰ ਜਿਸਦੀ ਹੋਂਦ ਅੰਤਰ ਆਤਮੇ ਹੈ, ਅੰਦਰ ਬੈਠਾ ਹੈ, ਪਰ ਲੁਕਕੇ ਬੈਠਾ ਹੈ। ਹਾਂ, ਉਹ ਜੀਵਨ ਹੈ, ਪ੍ਰੇਮ ਮੂਰਤ ਹੈ, ਸਰਬ ਸ਼ਕਤੀਆਂ ਦਾ ਮਾਲਕ ਹੈ, ਰਖਜਕ ਹੈ, ਪਾਲਕ ਹੈ, ਮਾਲਕ ਹੈ, ਪਰ ਬਾਬਾ! ਉਸਦੀ ਪ੍ਰਾਪਤੀ

ਖੜੀ ਕਠਨ ਹੈ। ਸੋ ਭਾਈ ਜੇ ਸਮਝ ਸਾਈਂ ਦੇਵੇ ਤਾਂ ਪੱਥਰ ਛੱਡ ਤੇ ਜਾਗਦੇ ਗੁਰਦੇਵ ਦੇ ਮਗਰ ਲੱਗ, ਜੋ ਦਿਸਦਾ ਬੀ ਹੈ, ਸਾਹਮਣੇ ਖੜਾ ਹੈ ਤੇਰੇ, ਪਜਾਰਦਾ ਬੀ ਹੈ ਤੇ ਨਿਰੰਕਾਰ ਦੀ ਲੱਖਤਾ ਬੀ ਕਰਾ ਦਿੰਦਾ ਹੈ।

ਬ੍ਰਹਮਣ ਸੁਣਕੇ ਮੁਸਕ੍ਰਾਇਆ। ਕਹਿਣ ਲਗਾ: 'ਲਾ ਦੇਹ ਨਾਂ ਭਾਈ ਜਾਗਦੇ ਗੁਰਦੇਵ ਦੇ ਮਗਰ, ਫੜਾ ਦੇਹ ਮੇਰਾ ਹਥ ਉਸਦੇ ਹੱਥ ਵਿਚ।' ਇਹ ਕਹਿਕੇ ਬ੍ਰਹਮਣ ਫੇਰ ਗੁਰੂ ਜੀ ਵੱਲ ਤੱਕਿਆ ਤੇ ਬੋਲਿਆ: ਆਗਯਾ ਕਰੋ ਜੀ, ਮੂਰਤੀ ਪੂਜਨ ਠੀਕ ਹੈ ਕਿ ਨਹੀਂ?

ਗੁਰੂ ਜੀ— ਅਸੀਂ ਦੱਸ ਚੁਕੇ ਹਾਂ, ਕਲਿਜੁਗ ਦਾ ਧਰਮ ਕੇਵਲ 'ਨਾਮ' ਹੈ; ਜੱਗ, ਪੂਜਾ ਆਦਿ ਕੇ ਕਾਲ ਲੰਘ ਚੁਕੇ ਦੱਸੀਦੇ ਹਨ। ਇਸਤੋਂ ਛੁਟ ਕੁਛ ਸੋਚ ਬੀ ਕਰ ਲਓ: ਇਸ ਬੇਜਿੰਦ ਮੂਰਤੀ ਦੇ ਵੱਸ ਕਾਲ ਨਹੀਂ, ਜੋ ਕਿਸੇ ਨੂੰ ਬਚਾ ਲਏਗੀ, ਪਰ ਕਰਤਾਰ ਦੇ ਵੱਸ ਵਿਚ ਕਾਲ ਹੈ। ਇਹ ਮੂਰਤੀ ਕਿਸੇ ਨੂੰ ਯੋਗ ਨਹੀਂ ਸਿਖਾਲਦੀ। ਕਿਸੇ ਪਾਪੀ ਕਿ ਉਪਾਸਕ ਨੂੰ ਯੋਗ ਦੰਡ ਕਿ ਵਰ ਬੀ ਨਹੀਂ ਦੇ ਸਕਦੀ, ਨਾਂ ਹੀ ਮੱਤ ਦੀ ਜਾਚ ਦੱਸ ਸਕਦੀ ਹੈ। ਤੁਸੀਂ ਇਸਨੂੰ ਪੂਜਦੇ ਝੂਠ ਦੇ ਮਗਰ ਹੀ ਲਗੇ ਰਹੇ (ਪਾਥਰੁ ਲੇ ਪੂਜਹਿ ਮੁਗਧ ਗਵਾਰ॥ ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ॥ -ਬਿਹਾ:ਵਾਰ ਮ:1), ਨਾ ਯੋਗ ਬਣੇ ਨਾਂ ਕਾਲ ਹੀ ਵੱਸ ਵਿਚ ਪਿਆ। ਦੱਸੋ ਠੀਕ ਹੈ?

ਬ੍ਰਹਮਣ--- ਸੱਚ! ਪਰ ਭਗਵਨ! ਮਾਰੇ ਤਾਂ ਮੇਰੇ ਵਰਗੇ ਨਹੀਂ, ਕਈ ਦੇਵ ਮੰਦਰਾਂ ਵਿਚ ਸਿਆਣੇ ਸਿਆਣੇ ਹਨ, ਵਿਦਵਾਨ ਹਨ।

ਗੁਰੂ ਜੀ -- ਬੀਜ ਨਾਸ਼ ਨਹੀਂ। ਪਰ ਮੰਦਰਾਂ ਅਸਥਾਨਾਂ ਵਿਚ ਸਥਾਨਾਪਤੀ ਜੋ ਬੈਠੇ ਹਨ ਬਹੁਲਤਾ ਭ੍ਰਿਸ਼ਟਾਚਾਰੀਆਂ ਦੀ ਹੈ। ਆਚਰਨ ਗਿਰ ਰਹੇ ਹਨ, ਗਿਰ ਗਏ ਹਨ, ਇਸ ਲਈ ਓਹ ਥਾਉਂ ਬੀ ਧਰਮ ਥਾਨ ਨਹੀਂ ਰਹੇ, ਪਾਪਾ ਥਾਨ ਹੋ ਗਏ ਹਨ।

ਬ੍ਰਹਮਣ— ਪਰ ਜੀ ਬੜੇ ਬੜੇ ਵਿਦ੍ਵਾਨ ਪੰਡਿਤ ਥਾਂ ਥਾਂ ਬੈਠੇ ਹਨ!

ਗੁਰੂ ਜੀ--- ਹਾਂ ਬਈ ਅਸੀਂ ਬੀ ਫਿਰ ਫਿਰਕੇ ਵੇਖ ਆਏ ਹਾਂ, ਬੈਠੇ ਹਨ, ਪਰ ਸੋਚ ਕਰ, ਵਿਦਯਾ ਦਾ ਫਲ ਅਪਣੇ ਆਚਰਨ ਦੀ ਸ਼ੁਧੀ ਤੇ 'ਪਰ' ਲਈ ਉਪਕਾਰ ਕਰਨਾ ਹੈ। ਵਿਦਯਾ ਦਾ ਮੁੱਖ ਫਲ ਹੈ ਅਪਣੇ ਸਿਰਜਣਹਾਰ ਨਾਲ ਜੁੜਨਾ। ਇਹ ਹੈ ਅਪਣਾ ਭਲਾ ਕਰਨਾ। ਵਿਦਯਾ

 www.sikhbookclub.com

ਦਾ ਫਲ ਹੈ ਜਗਤ ਦਾ ਭਲਾ ਕਰਨਾ। ਉਸ ਲਈ ਪਵਿਤ੍ਰ ਆਚਰਨ ਜ਼ਰੂਰੀ ਹੈ। ਜਿਸ ਨਾਲ ਆਪਣਾ ਬੀ ਭਲਾ ਤੇ ਜਗਤ ਦਾ ਭਲਾ ਹੁੰਦਾ ਹੈ, ਦੂਜੇ ਆਪਾ ਹਉਮੈ ਤੋਂ ਰਹਿਤ ਹੋਣ ਦੀ ਜਾਚ ਸਿਖਦਾ ਹੈ, ਤੀਜੇ ਪਰਮਾਤਮਾ ਪ੍ਰਸੰਨ ਹੁੰਦਾ ਹੈ; ਪਰ ਦੇਖ ਵਿਦ੍ਵਾਨ ਕਰ ਕੀ ਰਹੇ ਹਨ? ਪੁਰਾਣ ਤੇ ਵੇਦ ਆਦਿ ਗ੍ਰੰਥਾਂ ਦੀ ਪੜ੍ਹਾਈ ਤੇ ਅਰਥ ਲਾਉਣ ਵਿਚ ਅੱਠ ਵਿਆਕਰਣਾਂ (ਇੰਦ੍ਰ, ਚੰਦ੍ਰ, ਕਾਸ਼ਕ੍ਰਿਤਸ਼ਠ, ਅਪਿਸ਼ਲਿ, ਸ਼ਾਕਟਟਾਯਨ, ਪਾਣਿਨੀ, ਅਮਰ, ਜੈਨੇਂਦ੍ਰ ਦੇ ਰਚੇ ਸੰਸਕ੍ਰਿਤ ਵਿਚ ਅੱਠ ਵਯਾਕਰਣ ਹਨ।) ਦੀ ਸਾਜਨਾਂ ਵਿਚ ਅਰਥ ਬੰਨ੍ਹੇ ਜਾਂਦੇ ਹਨ ਤੇ ਸੋਧ ਸੋਧਕੇ ਅੱਠ ਅੰਗਾਂ (ਹ੍ਰਸ੍ਵ, ਦੀਰਘ, ਪੁਲਤ, ਉਦਾਤ, ਅਨੁੱਦਾਤ, ਸ੍ਵਰਿਤ, ਅਨੁਨਾਸਿਕ, ਅਨਨੁਨਾਸਿੱਕ ਏਹ ਅੱਠ ਅੰਗ ਹਨ ਵੇਦ ਪਾਠ/ਇਨ੍ਹਾਂ ਨਾਲ ਪਾਠ ਸ਼ੁਧ ਹੁੰਦਾ ਹੈ ਤੇ ਅਰਥ ਵਿਚ ਮਦਦ ਮਿਲਦੀ ਹੈ।) ਦੀ ਸੋਧ ਵਿਚ ਪਾਠ ਕੀਤੇ ਜਾਂਦੇ ਹਨ, ਜੋ ਅਰਥਾਂ ਦੇ ਲਾਉਣੇ ਵਿਚ ਸਹਾਇਤਾ ਮਿਲੇ ਤੇ ਪੁਰਾਤਨ ਢੰਗ 'ਮੰਤ੍ਰ-ਗਾਯਨ' ਦਾ ਕਾਇਮ ਰਹੇ। ਇਸੀ ਤਰ੍ਹਾਂ ਛੰਦਾਂ ਦੀ ਵੰਡ ਅਠਾਂ ਵਿਚ (ਵੇਦਕ ਛੰਦ ਬੀ ਅੱਠਾਂ ਦੀ ਵੰਡ ਵਿਚ ਹਨ:- ਆਰਚੀ, ਦੈਵੀ, ਆਸੁਰੀ, ਪ੍ਰਾਜਾਪਤਯਾ, ਯਾਜੁਖੀ, ਸ਼ਾਮ੍ਹੀ, ਆਰਚੀ, ਬ੍ਰਾਹਮੀ!), ਇਸੀ ਤਰ੍ਹਾਂ ਪਾਠ ਉਚਾਰਣ ਦੇ ਅੱਠ ਥਾਂ (ਉਚਾਰਣ ਦੇ ਥਾਂ ਵੀ ਵਯਾਕਰਣੀਆਂ ਨੇ ਅੱਠ ਮੰਨੇ ਹਨ: ਕੰਠ, ਹ੍ਰਿਦਾ, ਸੀਸ, ਰਸਨਾ ਮੂਲ, ਦੰਦ, ਨੱਕ, ਹੋਠ, ਤਾਲੂ।) ਫੇਰ ਵੇਦ ਪਾਠ ਦੀਆਂ ਅੱਠ ਵਿਕ੍ਰਤੀਆਂ (ਅਠ ਹੀ ਵਿਕ੍ਰਤੀਆਂ ਹਨ ਵੇਦ ਦੇ ਪਾਠ ਦੀਆਂ: ਜਟਾ, ਮਾਲਾ, ਸਿਖਾ, ਰੇਖਾ, ਧ੍ਵਜਾ, ਦੰਡ, ਰਥ, ਘਨ।) ਆਦਿ। ਸੋ ਅੱਠਾਂ ਅੰਗਾਂ ਦੀ ਵੰਡ, ਸੋਧ ਤੇ ਸਾਜਨੇ ਦੇ ਫੇਰਾਂ ਵਿਚ ਵਿਦਯਾ ਮਾਤ੍ਰ ਦੀ ਖੋਜ ਪੜਤਾਲ ਪੜਨ ਤੇ ਪੜ੍ਹਾਉਣ ਉਤੇ ਵਿਦ੍ਵਾਨ ਜ਼ੋਰ ਲਾ ਰਹੇ ਹਨ। ਆਚਰਣ ਉੱਚਾ ਕਰਨਾ, ਸਾਈਂ ਰਬ ਨਾਲ ਜੁੜਨਾ, ਉਪਕਾਰ ਕਰਨਾ, ਏਹ ਕਿਨਾਰੇ ਧਰੇ ਰਹਿ ਗਏ ਹਨ। ਐਸੀ ਵਿਦਯਾ ਦੇ ਵਿਦਵਾਨ ਕੀਹ ਸਾਰ ਰਹੇ ਹਨ ਜਗਤ ਦਾ(ਜਗਿ ਗਿਆਨੀ ਵਿਰਲਾ ਆਚਾਰੀ॥ ਜਗਿ ਪੰਡਿਤੁ ਵਿਰਲਾ ਵੀਚਾਰੀ॥-ਆਸਾ ਮ:1)? ਸਰਬ ਸਾਧਾਰਣ ਜੀਵਾਂ ਨੂੰ, ਆਮ ਪਰਜਾ ਨੂੰ, ਜੋ ਦੁਖ ਭਰ ਰਹੀ ਹੈ, ਕੌਣ ਸੁਖਦਾਈ ਵਿਦਯਾ ਦੇਕੇ ਉਨ੍ਹਾਂ ਦੇ ਦਿਮਾਗ ਉਚੇ ਕਰ ਰਿਹਾ ਹੈ? ਜੇ ਆਮ ਜਨਤਾ ਅਵਿਦਯ ਰਹੀ ਤਾਂ ਥੋੜੇ ਪੜ੍ਹੇ ਚੋਟੀ ਦੇ ਵਿਦ੍ਵਾਨ ਮਠਾਂ ਵਿਚ ਲੁਕੇ ਬੈਠੇ

ਕੀ ਸਾਰਨਗੇ? ਦੇਖ ਦੇਵਤਾ! ਸਭ ਨੂੰ ਪਦਾਰਥ ਮੁੱਖ ਹੋ ਰਿਹਾ ਹੈ। ਪਦਾਰਥ ਗੁਜ਼ਰਾਨ ਹੈ, ਸ਼ੁਭ ਗੁਜ਼ਰਾਨ ਹੈ, ਪਰ ਸਾਰੀ ਉਮਰਾ ਲਾਕੇ ਖੱਟਦੇ, ਜਮਾ ਕਰਦੇ, ਦਬਦੇ ਤੇ ਦੱਬਿਆ ਛੱਡਕੇ ਸਾਰੇ ਮਰ ਜਾਂਦੇ ਹਨ। ਦਾਣੇ ਤਾਂ ਜੀਉਂਦਿਆਂ ਸਾਰੇ ਖਾਂਦੇ ਹਨ, ਪਰ ਚਾਂਦੀ, ਸੋਨਾ, ਤਾਂਬਾ ਕਦੇ ਕਿਸੇ ਨੇ ਨਹੀਂ ਖਾਧਾ। ਕਪੜਾ ਸਾਰੇ ਪਹਿਨਦੇ ਹਨ, ਪਰ ਸੋਨਾਂ ਚਾਂਦੀ ਕਦੇ ਕਿਸੇ ਢਾਲਕੇ ਪਿੰਡੇ ਨਹੀਂ ਮੜ੍ਹਿਆ। ਇਹ ਸੱਚ ਹੈ ਕਿ ਅੰਨ ਬਸਤ੍ਰ ਲਈ ਧਨ ਚਾਹੀਦਾ ਹੈ, ਸੋ ਹਰ ਜੀਵ ਕਮਾਈ ਕਰਕੇ ਲੋੜ ਪੂਰੀ ਧਨ ਚਾਹੀਦਾ ਹੈ, ਪਰ ਪਾਪ ਨਾਲ, ਦਗ਼ੇ ਨਾਲ, ਜ਼ੋਰ ਜ਼ੁਲਮ ਨਾਲ ਚਾਂਦੀ ਸੋਨਾ ਕੱਠਾ ਕਰਨਾ ਕਿ ਧਰਮ ਕਿਰਤ ਨਾਲ ਇਕੱਠਾ ਕਰਨਾ ਫੇਰ ਇਕੱਠਾ ਕਰਕੇ ਚੋਰੀ ਲੋਟੀ ਤੋਂ ਡਰਦੇ, ਸ਼ਾਹਾਂ ਸਰਾਫਾਂ ਦੇ ਦੁਆਲ਼ਿਆਂ ਤੋਂ ਤੌਖਲੇ ਖਾਂਦੇ ਧਰਤੀ ਵਿਚ ਦਬ ਦਬ ਮਰ ਜਾਂਦੇ ਹਨ, ਸੋ ਕਿਸ ਅਰਥ (ਦਰਬੁ ਸੰਚਿ ਸੰਚਿ ਰਾਜੇ ਮੂਏ ਗਡਿਲੇ ਕੰਚਨ ਭਾਰੀ। -ਸੋਰਠਿ ਕਬੀਰ ਜੀ।)?

ਬ੍ਰਹਮਣ ਨੂੰ ਅਜੇ ਠਾਕਰ ਤੇ ਧਨ ਤਾਂ ਨਹੀਂ ਸੀ ਲੱਭਾ ਪਰ ਜੋ ਧਨ ਧਰਤੀ ਵਿਚੋਂ ਮਿਲ ਗਿਆ ਸੀ, ਉਹ ਉਸਦਾ ਧਿਜਾ ਬਨ੍ਹਾ ਗਿਆ ਸੀ ਤੇ ਇਸ ਮਨੋਪੀਰਜ ਦੇ ਬੇਮਲੂਮੇ ਬੱਝ ਜਾਣ ਕਰਕੇ ਟਿਕਕੇ ਗਲਬਾਤ ਕਰਦਾ ਤੇ ਸੁਣਦਾ ਰਿਹਾ ਸੀ! ਪਰ ਜਿਵੇਂ ਪਾਣੀ ਜੀਉਰ ਜੀਉਰਕੇ ਕਿਸੇ ਸ਼ੈ ਵਿਚ ਆਪਣਾ ਅਸਰ ਕਰ ਜਾਂਦਾ ਹੈ, ਹੁਣ ਗੁਰੂ ਕੇ ਵਾਕਾਂ ਦਾ ਅਸਰ ਅੰਦਰ ਜੀਉਰ ਗਿਆ ਤੇ ਆਪਣਾ ਵੈਰਾਗ ਦਾ ਅਸਰ ਕਰ ਗਿਆ ਸੀ-ਬੇਮਲੂਮ ਵੈਰਾਗ ਦਾ; ਐਸਾ ਕਿ ਅੰਦਰੋਂ 'ਮਾਯਾ ਪ੍ਰੇਮ' ਦਾ ਥਰ ਟੁੱਟ ਗਿਆ ਸੀ, ਝੂਠ ਦੀ ਅੰਦਰ ਉਲਝਾ ਪਾ ਰਹੀ ਤਾਣੀ ਫਟ ਗਈ ਸੀ। ਆਪ ਕਹਿ ਰਿਹਾ ਸੀ ਕਿ ਇਹ ਅਨੋਖੇ ਵੇਸ ਵਾਲਾ ਸਾਈਂ ਲੋਕ ਸੱਚ ਕਹਿ ਰਿਹਾ ਹੈ, ਮੇਰੇ ਭਲੇ ਦੀ ਕਹਿ ਰਿਹਾ ਹੈ ਤੇ ਜਗਤ ਦੇ ਭਲੇ ਦੀ ਕਹਿ ਰਿਹਾ ਹੈ। ਮਨੁੱਖਾ ਜਨਮ ਦਾ ਪ੍ਰਯੋਜਨ ਹੀ 'ਨੇਕ' ਹੋਣਾ ਹੈ। ਹੁਣ ਹੇ ਮਨ! ਸ਼ਰਮ ਛਡ ਦੇਹ, ਉਠ, ਕੁਲ ਦਾ ਮਾਣ ਛਡ ਦੇਹ, 'ਮੈਂ ਬ੍ਰਹਮਣ ਹਾਂ' ਦਾ ਹੰਕਾਰ ਤਜਾਗ ਦੇਹ, ਸ਼ਰਨ ਪੈਜਾ, ਇਹ ਕੋਈ ਅਵਤਾਰੀ ਜੀਵ ਹੈ ਜੋ ਮੇਰੇ ਵਰਗੇ ਨੂੰ ਪੰਘਾਰ ਸਟਦਾ ਹੈ। ਇਹ ਕੁਛ ਵਿਚਾਰਦਾ ਹੱਥ ਜੋੜ ਕੇ ਚਰਨੀ ਪੈ ਗਿਆ, ਜਿਸਦੇ ਚਰਨ ਰੋਜ਼ ਅਨੇਕਾਂ ਮਥਿਆਂ ਦੀ ਛੁਹ ਲੈਂਦੇ ਸਨ, ਅੱਜ ਆਪ ਚਰਨਾਂ ਦੀ ਛੁਹ ਵਿਚ ਚਲਾ ਗਿਆ! ਲੋਕੀਂ ਤਾਂ ਇਸ


www.sikhbookclub.com

ਦੇ ਸਾਈਂ ਪ੍ਰੇਮ ਤੋਂ ਸੱਖਣੇ ਸਰੀਰ ਦੇ ਚਰਨਾਂ ਦੀ ਛੁਹ ਲੈਂਦੇ ਮਨ, ਇਸਨੂੰ ਅਜ 'ਸਾਈਂ-ਪ੍ਰੇਮ' ਨਾਲ ਡੁਲ੍ਹ ਡੁਲ੍ਹ ਪੈਂਦੇ ਸਰੀਰ ਦੇ ਚਰਨਾਂ ਦੀ ਛੁਹ ਪ੍ਰਾਪਤ ਹੋਈ ਹੈ, ਕੌਣ ਕਰਮ ਕਰਕੇ? ਦਾਤੇ ਦੀ ਮੇਹਰ। ਜੋ ਦਾਤਾ ਕਿ ਪੂਜ ਵਜਕਤੀਆਂ ਨੂੰ, ਜੋ ਭੁਲਾਂ ਵਿਚ ਸਨ ਕਿ ਦੰਭ ਵਿਚ ਸਨ, ਪੁੱਜਕੇ ਤਾਰਦਾ ਸੀ, ਤਾਂ ਜੋ ਉਸ ਇਕ ਦੇ ਸੁਧਾਰਨ ਸੰਵਰਨ ਨਾਲ ਉਸ ਦੇ ਮਗਰ ਲੱਗੇ ਅਨੇਕਾਂ ਦਾ ਉਧਾਰ ਹੋ ਜਾਵੇ!

ਬ੍ਰਹਮਣ ਨੂੰ ਚਰਨੀ ਢੈਕੇ, ਚਰਨ ਸਪਰਸ਼ ਕਰਕੇ ਇਕ ਠੰਢੀ ਕੰਬਣੀ ਲੰਘੀ। ਦੇਵਤਾ ਦੇ ਅੰਦਰ ਝਰਨਾਟ ਛਿੜ ਗਈ, ਮਾਨੋਂ ਪਾਪ ਕੰਬੇ ਹਨ ਤੇ ਨੱਠੇ ਜਾ ਰਹੇ ਹਨ। ਕੰਬਦਾ ਕੰਬਦਾ ਬੋਲਿਆ: ਦਾਤਾ! ਸੁਹਣੇ ਭਗਵੰਤ ਦੀ ਜੋਤਿ! ਰਸਤੇ ਪਾ ਦੇਹ।

ਗੁਰੂ ਜੀ-- ਦੇਖ ਭਾਈ! ਕਲਜੁਗ ਵਿਚ ਨਾਮ ਹੀ ਤਾਰਨਹਾਰ ਹੈ- 'ਕਲ ਮਹਿ ਰਾਮ ਨਾਮੁ ਸਾਰੁ'। ਇਹ ਸਾਰ ਸਿਧਾਂਤ ਹੈ। ਮੇਰਾ ਆਪਣਾ ਨਿਜ ਤਜਰਬਾ, ਮੇਰਾ ਧੁਰੋਂ ਜਾਣਿਆ, ਤੇ ਆਪ ਜਾਣਿਆ, ਵਰਤ ਪਰਤਾਕੇ ਡਿੱਠਾ ਸਿਧਾਂਤ ਬੀ ਇਹ ਹੈ--

**ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ॥**

'ਕਹੈ ਨਾਨਕ ਦਾਸੁ' ਸੁਣਕੇ ਪੰਡਿਤ ਹਰਾਨਿਆ, ਫੇਰ ਕੰਬਿਆ, ਫਿਰ ਖੁਸ਼ ਹੋ ਗਿਆ! ਸੋਚੇ: 'ਜਿਸਦਾ ਨਾਉਂ ਤੇ ਕੀਰਤੀ ਸੁਣਦੇ ਸਾਂ, ਉਹੋ ਆ ਗਿਆ ਮੈਨੂੰ ਤਾਰਨ।.....ਕਲਜੁਗ ਵਿਚ ਇਹ ਅਵਤਾਰ ਪ੍ਰਗਟਿਆ ਹੈ। ਇਹ ਸ਼ਕਤੀ ਹੋਰ ਕਿਸ ਵਿਚ ਹੋ ਸਕਦੀ ਹੈ ਜੋ ਮੇਰੇ ਜਿਹੇ ਨੂੰ ਜਗਾ ਲਵੇ।'

ਹੁਣ ਖੜੀ ਦਿਲ ਦੀ ਤਸੱਲੀ ਤੇ ਇਹ ਚਾਉ ਦੀ ਅੰਸ਼ ਵਾਲੇ ਵੈਰਾਗ ਵਿਚ ਨੈਣ ਭਰਕੇ ਬੋਲਿਆ:-- ਫੇਰ ਦਾਤਾ ਦੇਹ ਨਾ ਨਾਮ। ਦਾਨ ਕਰ ਇਸ ਅਧਮ ਜੀਵ ਉਤੇ ਨਾਮ ਦਾ, ਜੋ ਸੋਝੀ ਪਵੇ ਤੇ ਸਿਝ ਜਾਵੇ ਇਹ ਮਨੁੱਖਾ ਜਨਮ।

ਗੁਰੂ ਜੀ ਫੇਰ ਬੋਲੇ— ਭਾਈ, ਵਾਹਿਗੁਰੂ ਜੀ ਦੇ ਸ਼ਰਨਾਗਤੀ! ਦੇਖ, ਧਨ ਗੁਜ਼ਰਾਨ ਵਾਸਤੇ ਤੈਨੂੰ ਲੱਭ ਦਿਤਾ ਹੈ, ਇਹ ਸੰਭਾਲ ਲੈ। ਕਰਤਾ ਪੁਰਖ ਨੇ ਕਦੇ ਤੇਰੇ ਲਈ ਕਿਸੇ ਤੋਂ ਦਬਵਾਯਾ ਹੋਸੀ। ਇਹ ਤੇਰੀ ਕਾਮਨਾ

 www.sikhbookclub.com

ਪੂਰਨ ਹੋ ਗਈ। ਹੁਣ ਤੂੰ ਨਾਮ ਜਪ, ਸਚ ਧਾਰਨ ਕਰ ਤੇ ਅੰਦਰੋਂ ਬਾਹਰੋਂ ਸੁੱਚਾ ਹੋ ਜਾਹੁ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ:-

**ਦੋਹਰਾ॥ ਗੁਰ ਕਹਿੰ:**
**ਧਨ ਪ੍ਰਾਪਤ ਭਯੋ, ਤਜੋ ਦੰਭ ਛਲ ਜੋਇ॥**
**ਸ਼ੁਧ ਆਤਮੈ ਨਾਮੁ ਜਪਿ, ਇਸ ਪ੍ਰਕਾਰ ਗਤਿ ਹੋਇ॥੫੪॥**

**ਚੌਪਈ॥ 'ਵਾਹਿਗੁਰੂ' ਜਪ, ਵਰਤਹੁ ਦਰਬਾ॥**
**ਪਰਹਰਿ ਰਿਦੈ ਬਿਕਾਰਨ ਸਰਬਾ॥** (ਮਾਰੇ ਪਾਪ ਛਡ ਦੇਹ।)
**ਪਾਛਲ ਅਘੰ ਬਖਸ਼ੇ ਤੁਝ ਤਾਈਂ॥** (ਪਿਛਲੇ ਪਾਪ)
**ਬਹੁਰ ਨ ਕਰ, ਸੁ ਅਹੈਂ ਦੁਖਦਾਈ॥੫੫॥**
-ਸ੍ਰੀ ਗੁ:ਨਾ:ਪ੍ਰਕਾਸ਼)

ਪਿਛਲੇ ਪਾਪ ਬਖ਼ਸ਼ੇ ਗਏ। ਕੌਣ ਬਖਸ਼ ਸਕਦਾ ਹੈ? ਯਾ ਗੋਬਿੰਦ ਆਪ, ਯਾ ਉਸ ਦਾ ਰੂਪ "ਗੁਰ ਨਾਨਕ ਦੇਵ ਗੋਵਿੰਦ ਰੂਪ।" ਗੁਜ਼ਰਾਨ ਵਾਸਤੇ ਨਿਰਯਤਨ ਧਨ ਮਿਲ ਗਿਆ (ਗੁਰੂ ਜੀ ਨੇ, ਠਾਕੁਰ, ਚੌਂਕੀ ਤੇ ਧਨ ਬੀ ਮੰਗਵਾ ਦਿਤਾ, ਲਿਖਿਆ ਹੈ। ਪਰ ਹੁਣ ਉਸਨੇ ਅਗੋਂ ਲਈ ਇਸ ਕਮਾਈ ਤੇ ਮੂਰਤੀ ਪੂਜਾ ਵਲ ਧਿਆਨ ਨਾ ਦਿਤਾ। ਪੂਰਾ ਪੂਰਾ ਗੁਰੂ ਕਾ ਸਿਖ ਹੋ ਗਿਆ।)। ਆਤਮਾ ਦੇ ਸੁੱਧ ਰਹਿਣ ਦਾ ਪ੍ਰਬੰਧ ਹੋ ਗਿਆ! ਹੁਣ ਸ਼ੁੱਧ ਹਿਰਦੇ ਵਿਚ ਨਾਮ ਦੀ ਦਾਤ ਪੁੜ ਗਈ। ਨਾਮ ਧਨ ਹਿਰਦੇ ਵਿਚ ਪ੍ਰਾਪਤ ਹੋ ਗਿਆ। ਦੋਵੇਂ ਤਰ੍ਹਾਂ ਧਨੀ ਹੋ ਗਿਆ। ਜੋ ਪੈਸੇ ਪੈਸੇ ਲਈ ਦੰਭ ਰਚੀ ਬੈਠਾ ਸੀ ਸੋ ਤਾਰ ਲਿਆ ਤਾਰਣਹਾਰ ਨੇ।

**ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥**
**ਇਕਿ ਜਾਗੰਦੇ ਨਾ ਲਹਨਿ ਇਕਨਾ ਸੁਤਿਆ ਦੇਇ ਉਠਾਲਿ॥੧੩॥**
(ਸਲੋਕ ਫਰੀਦ ਜੀ)

ਹੁਣ ਬ੍ਰਹਮਣ ਸਿਖ ਹੋ ਗਿਆ ਗੁਰੂ ਕਾ! ਨਾਮ ਦਾ ਪ੍ਰੇਮੀ ਤੇ ਗੁਰਬਾਣੀ ਦਾ ਰਸੀਆ ਹੋ ਗਿਆ। ਲਿਖਿਆ ਹੈ ਕਿ ਇਸ ਨੇ ਗੁਰਬਾਣੀ ਬਹੁਤ ਲਿਖੀ ਸੀ। ਜਾਪਦਾ ਹੈ ਕਿ ਇਸ ਨੂੰ ਅਪਣੇ ਨਵੇਂ ਜੀਵਨ ਦੀ ਕਦਰ ਬਹੁਤ ਪਈ। ਇਸ ਦੇ ਅੰਦਰ ਠੰਢ ਵਰਤੀ ਤਾਂ ਪਰਉਪਕਾਰ ਦਾ ਉਮਾਹ

 www.sikhbookclub.com

ਜਾਗਿਆ। ਸਭ ਤੋਂ ਵਡਾ ਪਰਉਪਕਾਰ ਜੋ ਇਸ ਨੂੰ ਨਜ਼ਰ ਪਿਆ, ਉਹ ਗੁਰਬਾਣੀ ਦਾ ਪ੍ਰਚਾਰ ਸੀ। ਇਸ ਲਈ ਇਹ ਪੁਰਖ ਗੁਰਬਾਣੀ ਦਾ ਲਿਖਾਰੀ ਬਣਿਆ। ਬਾਣੀ ਉਹ ਵਸਤੂ ਹੈ ਜਿਸ ਨਾਲ ਜਾਗ੍ਰਤ(ਮਨ ਜਾਗੈ ਕੀ ਇਹੈ ਨਿਸਾਨੀ॥ ਪ੍ਰਿਅ ਲਾਗੇ ਉਰਿ ਸਤਿਗੁਰ ਬਾਨੀ॥-ਸੂ:ਪ੍ਰ:) ਆਉਂਦੀ ਹੈ, ਨਾਮ ਅੰਦਰ ਵਸ ਜਾਂਦਾ ਹੈ- 'ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥' ਪਾਪਾਂ ਦੇ ਮੜ੍ਹੇ ਬਾਣੀ ਦੇ ਪ੍ਰੇਮ ਨਾਲ ਮੜ ਜਾਂਦੇ ਹਨ, ਬੁੱਧੀ ਉਜਲ ਤੇ ਮਨ ਨਿਰਮਲ ਹੋ ਜਾਂਦਾ ਹੈ(ਗੁਰਬਾਣੀ ਸੁਣਿ ਮੈਲੁ ਗਵਾਏ॥-ਧਨਾ:ਮ:3), ਹਉਮੈ ਤੇ ਉਸਦਾ ਵਿਦਿਤ ਸਰੂਪ 'ਖ਼ੁਦਗਰਜ਼ੀ' ਹਟ ਜਾਂਦੀ ਹੈ। ਵਾਹਿਗੁਰੂ ਵਿਚ ਟਿਕਾਣਾ ਮਿਲਦਾ ਹੈ- 'ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ।' ਆਪ ਸੁਖੀ ਹੋਕੇ ਉਪਕਾਰ ਕਰਦਾ ਹੈ; 'ਵਿਦਿਆ ਵੀਚਾਰੀ ਤਾਂ ਪਰਉਪਕਾਰੀ'।

ਜਦੋਂ ਐਸੇ ਸਿਖਾਂ ਦੀ ਗਿਣਤੀ ਵਧੀ ਸੀ ਤਦੋਂ ਹੀ ਦਸਮੇ ਜਾਮੇ ਵਿਚ ਦਸਮੇਸ਼ ਜੀ ਨੇ ਪ੍ਰਜਾ ਦੀ ਗ਼ੁਲਾਮੀ ਵੀ ਦੂਰ ਕਰਨ ਦਾ ਪੂਰਾ ਸਾਮਾਨ ਕਰ ਦਿੱਤਾ ਤੇ ਠਾਠ ਠਟ ਦਿਤਾ ਸੀ:

ਗੁਰੂ ਨਾਨਕ ਦੇਵ ਜੀ ਦੀ ਜੋ ਵਾਰਤਾਲਾਪ ਇਸ ਬ੍ਰਾਹਮਣ ਨਾਲ ਹੋਈ। ਆਪ ਜੀ ਨੇ ਫੇਰ ਇਕ ਸ਼ਬਦ ਵਿਚ ਉਚਾਰਨ ਕੀਤੀ ਜੋ ਧਨਾਸਰੀ ਰਾਗ ਵਿਚ ਮਰਦਾਨੇ ਨੇ ਗਾਂਵਿਆਂ। ਇਹ ਸ਼ਬਦ ਵਿਚ ਰਚੀ ਜਾਣ ਕਰਕੇ ਸਰਬਕਾਲੀ ਉਪਦੇਸ਼ ਹੋ ਗਿਆ ਜੋ ਅਸਾਂ ਤੁਸਾਂ ਦੀ ਕਲਯਾਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ਼ ਹੋਕੇ ਸਾਡੇ ਤਕ ਅਪੜਿਆ ਹੈ। ਸ਼ਬਦ ਇਹ ਹੈ:-

**ਰਾਗ ਧਨਾਸਰੀ ਮਹਲਾ ੧ ਘਰੁ ੩॥**
**ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ॥**
**ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ॥੧॥**
**ਕਲ ਮਹਿ ਰਾਮ ਨਾਮੁ ਸਾਰੁ॥**
**ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ॥੧॥ਰਹਾਉ॥**
**ਆਟ ਸੇਤੀ ਨਾਕੁ ਪਕੜਹਿ ਸੂਝਤੇ ਤਿਨ ਲੋਅ॥**
**ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮ ਅਲੋਅ॥੨॥**

 www.sikhbookclub.com

**ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥**
**ਸ੍ਰਿਸ਼ਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥੩॥**
**ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ॥**
**ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ॥੪॥**

2.

ਜਗਤ ਜਲੰਦੇ ਨੂੰ ਰਖ ਲੈਣ ਲਈ ਜੋ ਕੁਛ ਗੁਰੂ ਨਾਨਕ ਦੇਵ ਜੀ ਨੇ ਕੀਤਾ ਅਨੋਖੇ ਤੋਂ ਅਨੋਖਾ ਸੀ। ਉਪਰਲੇ ਪ੍ਰਸੰਗ ਵਿਚ ਕਿਸੇ ਉਤੇ ਜਾਕੇ ਤ੍ਰੁਠੇ ਹਨ, ਕਿਵੇਂ ਉਸ ਨੂੰ ਜਗਾਇਆ ਤੇ ਜੀਉਂਦਾ ਕੀਤਾ ਹੈ? ਹੈ ਨਾ ਅਚਰਜ! ਇਸੀ ਪ੍ਰਕਾਰ ਦਾ ਇਕ ਹੋਰ ਆਚਾਰੀ ਬ੍ਰਹਮਣ ਦਾ ਪ੍ਰਸੰਗ ਹੈ ਜੋ ਇਸ ਤਰ੍ਹਾਂ ਦਾ ਪਖੰਡ ਰਚਕੇ ਤਾਂ ਨਹੀਂ ਸੀ ਬੈਠਾ ਹੋਇਆ, ਪਰ ਰਮਤਾ ਸੀ, ਅਤੀਤ ਸੀ, ਤੇ ਛੂਤ ਛਾਤ ਅਤੇ ਸਰੀਰਕ ਪਵਿਤ੍ਰਤਾ ਦੇ ਵਹਿਮ ਵਿਚ ਵਸਦਾ ਸੀ। 'ਅਪਰਸ' ਪ੍ਰਕਾਰ ਦਾ ਸੁਯੰ ਪਾਕੀ ਸੀ, ਅਰਥਾਤ ਅਪਣੇ ਹਥੀਂ ਰੋਟੀ ਪਕਾ ਕੇ ਖਾਣੇ ਵਾਲਾ ਸੀ, ਉਹ ਰਮਤਾ ਰਮਤਾ ਗੁਰੂ ਕੇ ਗ੍ਰਿਹ ਆ ਗਿਆ ਤੇ ਅਪਣੀ ਉਦਰ ਪੂਰਨਾ ਲਈ ਯਾਚਨਾ ਕੀਤੀਓਸੁ। ਉਸ ਦਾ ਪ੍ਰਸੰਗ ਪੁਰਾਤਨ ਜਨਮ ਸਾਖੀ ਵਿਚ ਐਉਂ ਲਿਖਿਆ ਹੈ:-

ਇਕ ਦਿਨ ਇਕੁ ਬ੍ਰਾਹਮਣੁ ਆਚਾਰੀ ਆਇਆ ਖੁਧਿਆਰਥੁ; ਤਾਂ ਆਇ ਅਸੀਲ ਬਚਨੁ ਕੀਤੇ ਸੁ। ਬਾਬਾ ਜੀ ਪ੍ਰਸਾਦ ਵਿਚਿ ਬੈਠਾ ਥਾ। ਤਬ ਗੁਰੂ ਆਖਿਆ 'ਆਵਹੁ ਮਿਸਰ ਜੀ! ਪਰਸਾਦੁ ਤਈਆਰ ਹੈ'। ਤਾਂ ਪੰਡਿਤ ਕਹਿਆ 'ਮੈਂ ਇਹੁ ਪਰਸਾਦੁ ਨਹੀਂ ਖਾਂਦਾ, ਮੈਂ ਆਪਣੇ ਕਰਿ ਖਾਵਾਂਗਾ, ਜਬ ਹਥੁ ਭਰਿ ਧਰਤੀ ਉਖਣਾਂਗਾ, ਅਤੇ ਚਉਂਕਾ ਦੇਵਾਂਗਾ, ਅਤੇ ਜਾਇ ਕੇ ਗਿਠ ਭਰਿ ਧਰਤੀ ਉਖਣਾਂਗਾ ਤਾਂ ਚੁੱਲ੍ਹਾ ਕਰਾਂਗਾ। ਲਕੜੀਆਂ ਧੋਇ ਕਰ ਚਾੜ੍ਹਾਂਗਾ। ਏਹ ਰਸੋਈ ਕੀ ਧਰਤੀ ਕੈਸੀ ਹੈ? ਤਾਂ ਮੈਂ ਨਾਹੀਂ ਖਾਂਦਾ'। ਤਬ ਬਾਬੇ ਆਖਿਆ 'ਇਸ ਪੰਡਿਤ ਕਉ ਰਸੋਈ ਕੋਰੀ ਦੇਵਹੁ।' ਤਬ ਕੋਰੀ ਰਸੋਈ ਮਿਲੀ। ਪੰਡਤੁ ਬਾਹਰਿ ਲੈ ਗਇਆ, ਜਾਇ ਲਗਾ ਚੌਂਕਾ ਖਣਾਵਣਿ, ਧਰਤੀ ਖੋਦਣਿ। ਜਿਥੇ ਧਰਤੀ ਖੋਦੇ, ਓਥੇ ਹਡੀਆਂ ਨਿਕਲਿਨਿ। ਤਬ ਚਾਰ ਪਹਿਰਿ ਖੋਦਦਾ ਫਿਰਿਆ। ਜਾਂ ਭੁਖਾ ਆਜਜੁ ਹੋਆ, ਤਾਂ ਆਖਿਓਸੁ 'ਬਾਬੇ ਤੇ ਜਾਵਾਂ'। ਤਾਂ ਆਇ ਪੈਰੀਂ ਪਇਆ, ਆਖਿਓਸੁ 'ਜੀ ਓਹ ਪਰਸਾਦੁ ਮੈਨੂੰ ਮਿਲੈ, ਮੈਂ ਭੁੱਖਾ ਮੁਆ ਹਾਂ'। ਤਦਹੁੰ ਗੁਰੂ ਆਖਿਆ 'ਸੁਆਮੀ! ਓਹੁ ਵਖਤੁ ਗਇਆ

ਪਰਮਾਦ ਕਾ, ਪਰੁ ਜਾਹਿ ਵਹਿਗੁਰੂ ਕਹਿਕੈ ਧਰਤੀ ਖੋਦੂ, ਰਸੋਈ ਕਰੁ ਖਾਹਿ'। ਤਬ ਬਾਬਾ ਬੋਲਿਆ ਸਬਦੁ ਰਾਗੁ ਬਸੰਤ ਵਿਚ ਮ:1॥

ਸੁਇਨੇ ਕਾ ਚਉਕਾ ਕੰਚਨ ਕੁਆਰ॥
ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ॥
ਰੀਗਾ ਕਾ ਉਦਕੁ ਕਰੰਤੇ ਕੀ ਆਗਿ॥
ਗਰੁੜਾ ਖਾਣਾ ਦੁਧ ਸਿਉ ਗਾਡਿ॥੧॥

ਰੇ ਮਨਿ ਲੇਖੇ ਕਬਹੂ ਨ ਪਾਇ॥
ਜਾਮਿ ਨ ਭੀਜੈ ਸਾਚ ਨਾਇ॥੧॥ਰਹਾਉ॥

ਦਸ ਅਠ ਲੀਖੇ ਹੋਵਹਿ ਪਾਸਿ॥
ਚਾਰੇ ਬੇਦ ਮੁਖਾਗਰ ਪਾਠਿ॥
ਪੁਰਬੀ ਨਾਵੈ ਵਰਨਾਂ ਕੀ ਦਾਤਿ॥

ਵਰਤ ਨੇਮ ਕਰੇ ਦਿਨ ਰਾਤਿ॥੨॥
ਕਾਜੀ ਮੁਲਾਂ ਹੋਵਹਿ ਸੇਖ॥
ਜੋਗੀ ਜੰਗਮ ਭਗਵੇ ਭੇਖ॥
ਕੋ ਗਿਰਹੀ ਕਰਮਾਂ ਕੀ ਸੰਧਿ॥
ਬਿਨੁ ਬੂਝੇ ਸਭ ਖੜੀਅਸਿ ਬੰਧਿ॥੩॥

ਜੇਤੇ ਜੀਅ ਲਿਖੀ ਸਿਰਿਕਾਰ॥
ਕਰਣੀ ਉਪਰਿ ਹੋਵਗਿ ਸਾਰ॥
ਹੁਕਮੁ ਕਰਹਿ ਮੂਰਖ ਗਾਵਾਰ॥
ਨਾਨਕ ਸਾਚੇ ਕੇ ਸਿਫਤਿ ਭੰਡਾਰ॥੪॥੩॥

ਸਤਿਗੁਰ ਜੀ ਨੇ ਜੋ ਉਸ ਆਚਾਰੀ ਬ੍ਰਹਮਣ ਨੂੰ ਉਪਦੇਸ਼ ਕੀਤਾ ਸੀ ਓਹ ਇਸ ਸ਼ਬਦ ਵਿਚ ਵਰਣਨ ਹੋਇਆ ਹੈ। ਸ਼ਬਦ ਵਿਚ ਰਹੇ ਜਾਣ ਕਰਕੇ ਇਹ ਸਾਡੇ ਤਕ ਪਹੁੰਚ ਪਿਆ ਹੈ ਜੋ ਸਾਡਾ ਵੀ ਉਧਾਰ ਕਰੇ। ਇਸ ਵਿਚ ਉਸ ਬ੍ਰਹਮਣ ਨੂੰ, ਸਾਨੂੰ ਤੇ ਸਾਥੋਂ ਮਗਰੋਂ ਆਉਣ ਵਾਲਿਆਂ ਸਭਨਾਂ ਨੂੰ ਇਹ ਉਪਦੇਸ਼ ਹੈ। ਸੁੱਚ ਤੇ ਸੱਚ ਦੋ ਸੁਹਣੇ ਗੁਣ ਹਨ। ਸੁਚ ਦੇਹ ਨੂੰ ਅਰੋਗ ਰਖਦੀ ਹੈ, ਤੇ ਸਚ ਮਨ ਨੂੰ ਅਰੋਗ ਰਖਦਾ ਹੈ,

 www.sikhbookclub.com

ਪਰ ਹੇ ਲੋਕੋ ਤੁਸਾਂ ਸੁੱਚਮ ਨੂੰ ਵਹਮ ਬਣਾ ਲਿਆ ਹੈ। ਭਲਾ ਦੇਖੋ:- ਜੇ ਕੋਈ ਐਨੀ ਸੁਚਮ ਧਾਰਨ ਕਰ ਲਵੇ ਕਿ ਚਉਂਕਾ ਤਾਂ ਸੋਨੇ ਦਾ ਬਣਾ ਲਵੇ ਜੋ ਸ਼ਾਸਤ੍ਰੀ ਖਜਾਲਾਂ ਮੂਜਬ ਭਿੱਟ ਸਕਦਾ ਹੀ ਨਹੀਂ। ਪਾਣੀ ਹੋਵੇ ਗੰਗਾ ਦਾ ਜੋ ਸਦਾ ਪਵਿਤ੍ਰ ਮੰਨਿਆ ਹੈ। ਇਹ ਪਾਣੀ ਭਰਿਆ ਹੋਵੇ ਸੋਨੇ ਦੀ ਗਾਗਰ ਵਿਚ। ਚਾਂਦੀ ਦੀਆਂ ਚਉਂਕੇ ਵਿਚ ਕੱਢੀਆਂ ਹੋਣ ਲੀਕਾਂ। ਅੱਗ ਜਿਹੜੀ ਬਾਲੀ ਜਾਵੇ ਉਹ ਅਗਨੀ ਹੋਵੇ ਯਗ ਦੀ ਜੋ ਸਭ ਤੋਂ ਪਵਿਤ੍ਰ ਮੰਨੀਦੀ ਹੈ, ਯਾ ਉਹ ਅੱਗ ਜੋ ਮਥ ਕੇ ਕੱਢੀ ਦੀ ਹੈ। ਫੇਰ ਦੁਧ ਨਾਲ ਮਿਲੇ ਚਾਵਲਾਂ ਦਾ ਭੋਜਨ ਹੋਵੇ! ਇਤਨੀ ਸੁੱਚਮ ਦੇ ਭੋਜਨ ਖਾਣ ਨਾਲ ਵੀ ਮਨ ਨੇ ਸ਼ੁੱਧ ਨਹੀਂ ਹੋਣਾ। ਇਸ ਲਈ ਇਸ ਸੁੱਚਮ ਨੇ ਜੀਵ ਦੀ ਕਲਜਾਣ ਦੇ ਲੇਖੇ ਕਿਸੇ ਅਰਥ ਨਹੀਂ ਆਉਣਾ। ਹੇ ਮਨ! ਜਦ ਤਕ ਤੂੰ ਸਚੇ ਨਾਮ ਵਿਚ ਨਹੀਂ ਭਿੱਜੇਂਗਾ ਤਦ ਤੋੜੀ ਤੇਰਾ ਕੁਛ ਵੀ ਲੇਖੇ ਨਹੀਂ ਪੈਣਾ। ਚਾਹੇ ਤੇਰੇ ਪਾਸ ਅਠਾਰਾਂ ਪੁਰਾਣ ਲਿਖੇ ਹੋਏ ਹੋਣ, ਚਾਹੇ ਵੇਦਾਂ ਦਾ ਪਾਠ ਤੈਨੂੰ ਜ਼ੁਬਾਨੀ ਯਾਦ ਹੋਵੇ। ਸਾਰੇ ਤੀਰਥਾਂ ਉਪਰ ਤੂੰ ਪੁਰਬੀਆਂ ਦੇ ਇਸ਼ਨਾਨ ਕਰ ਲਵੇਂ ਤੇ ਓਥੇ ਪੁਰਬੀਆਂ ਦੇ ਸਮੇਂ ਵਰਣ ਵਿਧੀ ਅਨੁਸਾਰ ਦਾਨ ਵੀ ਦੇਂਦਾ ਰਹੇਂ ਤੇ ਸਦੀਵ ਵਰਤ ਰਖਦਾ ਤੇ ਹੋਰ ਨੇਮ ਵੀ ਧਾਰਕੇ ਪੂਰੇ ਕਰਦਾ ਰਹੇਂ, ਤਦ ਵੀ ਲੇਖੇ ਨਹੀਂ ਪੈਣੇਂ।

ਭਲਾ ਜੇ ਕੋਈ ਹਿੰਦੂ ਨਾ ਹੋਵੇ, ਮੁਸਲਮਾਨ ਹੋਵੇ? ਤਾਂ ਉਤਰ ਦੇਂਦੇ ਹਨ ਕਿ ਬਈ! ਭਾਵੇਂ ਕਾਜ਼ੀ ਹੋਵੇ, ਭਾਵੇਂ ਮੁੱਲਾਂ, ਭਾਵੇਂ ਸ਼ੇਖ, ਭਾਵੇਂ ਕੋਈ ਹਿੰਦੂ, ਜੋਗੀ ਹੋਵੇ, ਜੰਗਮ ਹੋਵੇ, ਕੋਈ ਹੋਰ ਭਗਵੇ ਕੱਪੜਿਆਂ ਵਾਲਾ ਹੋਵੇ, ਚਾਹੇ ਕੋਈ ਗ੍ਰਿਹਸਤੀ ਹੋਵੇ, ਜੋ ਕਰਮ ਕਾਂਡ ਵਿਚ ਬੱਝਾ ਪਿਆ ਹੈ, ਬਿਨਾਂ ਗਜਾਨ ਪ੍ਰਾਪਤੀ ਦੇ ਸਾਰੇ ਬੰਨ੍ਹਕੇ ਚਲਾਏ ਜਾਣਗੇ ਅਪਣੇ ਭਰਮਾਂ ਦੇ ਤੇ ਅਗਜਾਨ ਦੇ ਬੰਧਨਾਂ ਵਿਚ ਬੱਧੇ ਹੋਏ॥3॥ ਜਿਤਨੇ ਮਾਨੁਖ ਹਨ, ਸਭ ਦੇ ਸਿ੍ਰ ਤੇ ਕੋਈ ਕਾਰ ਕਰਨੀ ਲਿਖੀ ਹੋਈ ਹੈ, ਉਸ ਕਰਨੀ ਅਨੁਸਾਰ ਤੋਲ ਤੁਲੇਗਾ, ਨਿਆਂ ਹੋਵੇਗਾ, ਹਾਂ ਉਸ ਅਨੁਸਾਰ ਸਾਰ ਲਈ ਜਾਵੇਗੀ, ਪਛਾਣ ਹੋਵੇਗੀ। ਉਹ ਕਰਨੀ ਕਿਹੜੀ ਹੈ, ਜੋ ਉਪਰ ਦੱਸੀ ਹੈ? ਸਿਫਤ ਦੇ ਭੰਡਾਰੇ, ਉਸ ਸੱਚੇ ਸਾਹਿਬ ਦੀ ਸਿਫਤ ਸਲਾਹ ਕਰਨੀ। 'ਨਾਮ' ਤੇ 'ਸਿਫਤ ਸਲਾਹ' ਇਹ ਕਰਨੀਆਂ ਹਨ ਜਿਨ੍ਹਾਂ ਨੇ ਲੇਖੇ ਵਿਚ ਪੈਣਾ ਹੈ। ਹੋਰ ਜੋ ਕਰਮ ਲੋਕੀ ਕਰ ਰਹੇ ਹੈਨ ਸੋ ਹਉਮੈ ਦੇ ਕਰਮ ਹਨ, ਉਹ ਹੁਕਮ ਵਿਚ ਨਹੀਂ

ਕਰ ਰਹੇ, ਆਪ ਹੁਕਮ ਦੇ ਹੁਕਮੀਂ ਬਣ ਕੇ ਕਰ ਰਹੇ ਹਨ। ਜੋ ਧਰਮ ਬੀ ਹੁਕਮੀ ਬਣਕੇ ਕਰਦਾ ਹੈ ਉਹ ਮੂਰਖ ਹੈ ਕਿਉਂਕਿ ਇਹ ਹਉਮੈ ਦਾ ਕਰਮ ਹੈ। ਸਫਲ ਕਰਨੀ 'ਨਾਮ' ਤੇ 'ਸਿਫਤ ਸਲਾਹ' ਹੈ। ਜੋ ਹਉਂ ਨੂੰ ਕਟਦੀ ਤੇ ਸੁੱਚੀ ਚੜ੍ਹਦੀ ਕਲਾ ਵਿਚ ਲੈ ਜਾਂਦੀ ਹੈ, ਜੋ ਮਨ ਨੂੰ ਧੋਕੇ ਨਿਰਮਲ ਕਰ ਦੇਂਦੀ ਹੈ, ਜੋ ਮਨ ਨੂੰ ਨਾਮੀ ਦੇ ਸੰਜੋਗ ਵਿਚ ਲੈ ਜਾਂਦੀ ਹੈ। ਨਾਮ ਮਿਲ ਪਿਆ ਤਾਂ ਪੂਰਨ ਗਤੀ, ਪੂਰਨ ਪ੍ਰਾਪਤੀ ਹੋ ਗਈ।

ਇਹ ਉਪਦੇਸ਼ ਸੁਣਕੇ ਬ੍ਰਹਮਣ ਨੂੰ ਹੋਸ਼ ਆ ਗਈ। ਜੋ ਉਸ ਦੇ ਮਨ ਨੂੰ ਕਰਮ ਕਾਂਡ ਦੇ ਕਰਮ ਧਰਮ ਭ੍ਰਮ ਹੋਕੇ ਚੰਬੜੇ ਹੋਏ ਸਨ ਲਹਿ ਖੜੋਤੇ। ਗੁਰ ਨਾਨਕ ਦਾ ਯਸ਼ ਸੁਣ ਚੁਕਾ ਹੋਇਆ ਸੀ। ਯਸ਼ ਸੁਣ ਕੇ ਹੀ ਦੁਆਰੇ ਆਇਆ ਤੇ ਭੋਜਨ ਮੰਗਿਆ ਸਾਸੂ ਅਤੇ ਗੁਰੂ ਕੇ ਦਰ ਖੁੱਲ੍ਹੀ ਖ਼ਾਣ ਪੀਣ ਦੀ ਡੌਲ ਦੇਖ ਕੇ ਪੱਕਾ ਅੰਨ ਨਹੀਂ ਸਾਸੁ ਲੀਤਾ।

ਹੁਣ ਜਦ ਉਪਦੇਸ਼ ਨੇ ਕਾਟ ਕੀਤੀ ਤਾਂ ਚਰਨਾਂ ਤੇ ਢਹਿ ਪਿਆ। ਆਖਣ ਲੱਗਾ ਮੈਨੂੰ ਬੀ ਆਪਣੇ 'ਨਾਮ' ਤੇ 'ਕੀਰਤੀ' ਦੇ ਰਸਤੇ ਪਾਓ। ਤਾਂ ਲਿਖਿਆ ਹੈ ਕਿ ਗੁਰੂ ਜੀ ਇਕ ਸਲੋਕ ਬੋਲੇ:-

**ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ॥**
**ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ॥**
(ਬਾਲੇ ਵਾਲੀ ਜ:ਸਾਖੀ, ਵਾਰ ਸਿਰੀ ਰਾਗੁ ਮ:੧)

ਸੰਜਮ ਕਰੋ 'ਸੱਚ' ਦਾ ਕਿ ਸਦਾ ਸੱਚ ਧਾਰਨ ਕਰਨਾ ਹੈ। ਕਾਰਾਂ ਕੱਢੋ ਸ਼ੁਭ ਕਰਨੀ ਦੀਆਂ-ਨੇਕੀ ਕਰਨ ਦੀਆਂ। ਇਸ਼ਨਾਨ ਬਣਾਓ 'ਨਾਮ' ਨੂੰ ਇਸ ਵਿਚ ਦਿਨੇ ਰਾਤੀ ਮਨ ਦਾ ਇਸ਼ਨਾਨ ਹੁੰਦਾ ਰਹੇ, ਤੇ ਹਰ ਪ੍ਰਕਾਰ ਦੇ ਪਾਪ ਤੋਂ ਆਪ ਨੂੰ ਬਚਾਉਂਦਾ ਰਹੇ; ਤਦ ਤੁਸੀਂ ਉੱਤਮ ਹੋ ਜਾਓਗੇ, ਸ਼੍ਰੇਸ਼ਟ ਹੋ ਜਾਓਗੇ। ਤੁਸੀਂ ਅਗੇ ਜਾਕੇ ਵੀ ਉੱਤਮ ਗਿਣੇ ਜਾਓਗੇ।

ਹੁਣ ਬ੍ਰਹਮਚਾਰੀ ਚਰਨੀ ਲਗਾ, ਸਤਿਗੁਰ ਨੇ ਨਾਮ ਦਾਨ ਦਿਤਾ, "ਬ੍ਰਹਮਚਾਰੀ ਗੁਰੂ ਕਾ ਸਿਖ ਹੋਇਆ, ਲਗਾ ਪਰਮੇਸੁਰ ਦਾ ਭਜਨ ਕਰਨ।"
(ਜ:ਸਾ: ਬਾਲੇ ਵਾਲੀ।)

-0-

**ਕੁਛ ਅਸਾਂ ਤੁਸਾਂ ਲਈ**

ਦੁਇ ਪ੍ਰਸੰਗ ਪੜ੍ਹਕੇ ਸਾਨੂੰ ਇਹ ਨਹੀਂ ਸਮਝਣਾ ਚਾਹੀਏ ਕਿ ਦੋ ਬ੍ਰਹਮਣਾਂ ਪਰਥਾਇ ਇਹ ਉਪਦੇਸ਼ ਹੋਏ ਹਨ ਕਿ ਓਹ ਮਾੜੇ ਸਨ ਤੇ ਗੁਰੂ ਨੇ ਸਵਾਰੇ ਹਨ ਤੇ ਅਸੀਂ ਚੰਗੇ ਹਾਂ ਜੋ ਪਹਿਲੋਂ ਹੀ ਉਸ ਗੁਰੂ ਦੇ ਸਿਖ ਹਾਂ। ਇਹ ਜਾਣ ਲੈਣਾ ਕਾਫੀ ਨਹੀਂ। ਸਾਨੂੰ ਤੁਸਾਨੂੰ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ ਕਿ ਕੀਹ ਅਸੀਂ ਵੀ ਦੰਭੀ ਤਾਂ ਨਹੀਂ ਹਾਂ। ਮਨ ਵਿਚ ਕੰਘੀ ਮਾਰਕੇ ਤੱਕਣਾ ਚਾਹੀਏ ਕਿ ਕੀਹ ਅਸੀਂ ਸੱਚ ਤੇ ਟਿਕੇ ਹਾਂ, ਨਾਮ ਸਿਮਰਦੇ ਹਾਂ, ਆਪਣੇ ਗੁਰੂ ਦੀ ਬਾਣੀ ਦੁਆਰਾ ਰਬ ਸਾਈਂ ਦੀ ਸਿਫਤ ਸਲਾਹ ਕਰਦੇ ਹਾਂ? ਹਾਂ ਏਕਾਂਤ ਬੈਠ ਕੇ ਹਿਰਦੇ ਨੂੰ ਫਰੋਲਣਾ ਚਾਹੀਏ ਕਿ ਅਸੀਂ ਬੀ ਕਿਤੇ ਬੁਤ ਪ੍ਰਸਤ ਤਾਂ ਨਹੀਂ ਹਾਂ! ਨਿਰ ਪਖਾਨ ਦੀ ਮੂਰਤੀ ਪੂਜਣ ਵਾਲਾ ਮੂਰਤੀ ਪੂਜ ਯਾ ਬੁਤਪ੍ਰਸਤ ਨਹੀਂ ਹੈ; ਅਸੀਂ ਜੇ ਮਨ ਵਿਚ ਧਨ, ਪਦਾਰਥ, ਨਾਮਣਾ, ਪੁਤ, ਧੀ, ਇਸਤ੍ਰੀ, ਮਿਤ੍ਰ ਨੂੰ ਵਾਹਿਗੁਰੂ ਦੀ ਥਾਵੇਂ ਯਾ ਉਸਤੋਂ ਵਧੀਕ ਜੀਵਨ ਦਾ ਆਦਰਸ਼ ਬਣਾਕੇ ਪਿਆਰ ਕਰਦੇ ਹਾਂ ਤਾਂ ਵੀ 'ਬੁਤ ਪੂਜਣ ਵਾਲੇ' ਹਾਂ, ਕਿਉਂਕਿ 'ਮਰਨਾਊਆਂ' ਨੂੰ ਉਹ ਥਾਂ ਅੰਦਰ ਦੇ ਰਹੇ ਹਾਂ ਜੋ 'ਅਮਰ' ਵਾਹਿਗੁਰੂ ਨੂੰ ਦੇਣੀ ਸੀ। ਗੁਰੂ ਬਾਬਾ ਜੇ ਆਪਣੇ ਸਿਖਾਂ ਨੂੰ ਦੰਭ ਵਿਚ, ਕੂੜ ਵਿਚ, ਅਮਤ ਵਿਚ, ਮਾੜੀ ਕਮਾਈ ਵਿਚ, ਬੁਤ ਪੂਜਾ ਵਿਚ ਦੇਖੇ ਤੇ ਸਰੀਰ ਧਾਰੀ ਹੋਕੇ ਦੇਖੇ, ਤਾਂ ਉਸੇ ਤਰ੍ਹਾਂ ਸਮੋਧ ਕਰੇਗਾ ਜਿਵੇਂ ਉਪਰਲੇ ਬ੍ਰਾਹਮਣਾਂ ਨੂੰ ਕੀਤੀ ਸੀ ਯਾ ਜਿਵੇਂ ਕਾਜ਼ੀਆਂ ਮੁੱਲਾਂ ਤੇ ਜੋਗੀਆਂ ਨੂੰ ਕਰਦਾ ਹੁੰਦਾ ਸੀ। ਓਹ ਪਲਾਲ ਦੀ ਸਿੱਖੀ ਨੂੰ ਬੀ ਸੁਧਾਰੇਗਾ। ਓਹ ਜਾਤਾਂ, ਵਰਣਾਂ, ਮਤਾਂ ਦਾ ਨਹੀਂ, ਉਹ 'ਪਾਪਾਂ ਪੰਦਿ ਨ ਦੇਹੀ' ਦਾ ਬੇਲੀ ਹੈ। ਹਾਂ, ਆਓ ਬੇਲੀਓ! ਅਜ ਗੁਰੂ ਬਾਬੇ ਨੂੰ ਸਿਰ ਤੇ ਖੜਾ ਵੇਂਹਦਾ ਵੇਖਕੇ ਉਸਦੀ ਦਿੱਤੀ ਸੁਮਤਿ ਨੂੰ ਜੋ ਉਪਰ ਆਈ ਹੈ, ਜੇ ਨਹੀਂ ਧਾਰਨ ਕਰ ਚੁਕੇ, ਤਾਂ ਧਾਰਨ ਕਰ ਲਵੀਏ।

**ਇਤਿਹਾਸਿਕ ਪਹਿਲੂ**

1. ਪਹਿਲਾ ਪ੍ਰਸੰਗ ਜਨਮ ਸਾਖੀ ਬਾਲੇ ਵਾਲੀ ਵਿਚ ਤੇ ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਆਇਆ ਹੈ। ਜੋ ਸ਼ਬਦ ਬ੍ਰਾਹਮਣ ਪ੍ਰਤਿ ਉਚਾਰ ਹੋਇਆ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ। ਉਸ ਪ੍ਰਸੰਗ ਦੀ ਉਥਾਨਕਾ ਗੁਰੁ

 www.sikhbookclub.com

ਬਾਬੇ ਦੀ ਕਥਾ ਕਰਨ ਵਾਲੇ ਗਜਾਨੀ ਵੀ ਇਹੋ ਦੱਸਦੇ ਹਨ। ਬਾਲੇ ਵਾਲੀ ਜਨਮ ਸਾਖੀ ਵਿਚ ਇਹ ਪ੍ਰਸੰਗ ਰਾਮਤੀਰਥ ਦਾ ਦੱਸਿਆ ਹੈ ਤੇ ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਲਾਹੌਰ ਵਰਤਿਆ ਦੱਸਿਆ ਹੈ।

2. ਇਹ ਦੂਸਰਾ ਪ੍ਰਸੰਗ ਪੁਰਾਤਨ ਜਨਮ ਸਾਖੀ ਬਾਲੇ ਵਾਲੀ ਸਾਖੀ ਤੇ ਸੂਰਜ ਪ੍ਰਕਾਸ਼ ਤ੍ਰੈਹਾਂ ਵਿਚ ਆਯਾ ਹੈ; ਪੁਰਾਤਨ ਜਨਮ ਸਾਖੀ ਵਿਚ ਇਹ ਤਲਵੰਡੀ ਹੋਇਆ ਦੱਸਿਆ ਹੈ ਤੇ ਬਾਲੇ ਵਾਲੀ ਸਾਖੀ ਵਿਚ ਕਰਤਾਰਪੁਰ ਹੋਇਆ ਦੱਸਿਆ ਹੈ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਵੀ ਕਰਤਾਰਪੁਰ ਦਾ ਵਾਕਿਆ ਦੱਸਿਆ ਹੈ।

ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਹੈ ਤੇ ਉਥਾਨਕਾ ਬੀ ਗਜਾਨੀ ਸਜਣ ਇਹੋ ਦੱਸਿਆ ਕਰਦੇ ਹਨ।

–0–

 www.sikhbookclub.com

# ਰਾਜਾ ਮਧੁਰ ਬੈਨ

1.

ਨੂਰਸ਼ਾਹ ਨੂੰ ਸਿੱਧੇ ਰਸਤੇ ਪਾ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਅਗੇ ਨੂੰ ਟੁਰ ਪਏ। ਬਾਲਵਾ ਕੁੰਡ ਹੁੰਦੇ ਹੋਏ, ਧੁਬੜੀ ਆ ਨਿਕਲੇ ਜਿਥੇ ਕਦੇ ਫੇਰ ਨੌਵੇਂ ਗੁਰੂ ਤੇਗ ਬਹਾਦਰ ਜੀ ਬੀ ਜਾ ਟਿਕੇ ਸਨ, ਓਥੇ ਦੀ ਤਦੋਂ ਰਾਣੀ ਨੇ ਆ ਕੇ ਦਰਸ਼ਨ ਕੀਤੇ ਤੇ ਨਾਮ ਦਾ ਸੁਖ ਪਾਇਆ ਸੀ। ਤਵਾ:ਖਾ: ਵਿਚ ਲਿਖਿਆ ਹੈ ਕਿ ਏਸੇ ਦੀ ਵੰਸ਼ ਵਿਚੋਂ 'ਰਾਜਾ ਰਾਮ' ਹੋਇਆ ਹੈ, ਜਿਸ ਨੇ ਨੌਵੇਂ ਗੁਰੂ ਜੀ ਦੀ ਪੂਰਨ ਸਿੱਖੀ ਧਾਰਨ ਕੀਤੀ ਸੀ। ਜਿਸ ਦਾ ਪੁਤ੍ਰ ਰਤਨ ਰਾਇ ਦਸਮੇਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਆਨੰਦਪੁਰ ਸਾਹਿਬ ਆਇਆ ਸੀ।

ਇਥੋਂ ਹੁੰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਗੁਹਾਟੀ ਤੇ ਫੇਰ ਕੁਮੱਖਜਾ ਮੰਦਰ ਹੁੰਦੇ, ਲੋਕਾਂ ਨੂੰ ਵਾਮ ਮਾਰਗ ਤੋਂ ਛੁਡਾਉਂਦੇ, ਵਾਹਿਗੁਰੂ ਦੇ ਪ੍ਰੇਮ ਵਿਚ ਲਾਉਂਦੇ, ਆਸਾਮ ਦੇਸ਼ ਦੇ ਵਿਚਾਲੇ ਜਾ ਨਿਕਲੇ। ਜਾਪਦਾ ਹੈ ਕਿ ਜਨਮ ਸਾਖੀਆਂ ਵਿਚ ਆਸਾ ਦੇਸ ਏਸੇ ਆਸਾਮ ਦੇਸ਼ ਨੂੰ ਲਿਖਿਆ ਹੈ। ਤਵਾ:ਖਾ: ਵਿਚ ਲਿਖਿਆ ਹੈ ਕਿ ਸਿਲਿਹਿਟ ਆਦਿ ਸ਼ਹਿਰਾਂ ਵਿਚ ਹੁੰਦੇ 'ਘਰ ਗਾਉ' ਨਾਮੇ ਨਗਰ ਦੇ ਰਾਜਾ ਮਗਰਸੈਨ ਨੂੰ ਆ ਮਿਲੇ। ਉਸ ਨੂੰ ਤੇ ਉਸ ਦੇ ਸਾਥੀਆਂ ਨੂੰ ਵਾਮ ਮਾਟਰੀ ਦੇਵੀ ਦੇ ਪੂਜਨ ਤੋਂ ਛੁਡਾਇਆ। ਨਾਮ ਦਾਨ ਬਖਸ਼ ਕੇ ਫੇਰ ਆਪ ਜੀ ਬ੍ਰਹਮ ਪੁਤਰ ਤੇ ਬਰਨੀ ਦੇ ਵਿਚਕਾਹੇ ਜਾ ਪਹੁੰਚੇ। ਤਵਾ:ਖਾ: ਦੇ ਲੇਖਕ ਜੀ ਦਾ ਖਯਾਲ ਹੈ ਕਿ ਜਨਮ ਸਾਖੀਆਂ ਦਾ ਬਿਸ਼ੰਭਰ ਦੇਸ਼ ਇਹੀ ਹੈ। ਇਥੇ ਗਰਮੀਆਂ ਤੇ ਬਰਸਾਤ ਵਿਚ ਬੜੇ ਪਾਣੀ ਚੜ੍ਹਦੇ ਹਨ; ਥਲ ਸਾਗਰ ਦਿੱਸਣ ਲੱਗ ਜਾਂਦਾ ਹੈ। ਇਸ ਇਲਾਕੇ ਵਿਚ 'ਪਰਸ' ਨਾਮੇ ਨਗਰ ਦਾ ਰਾਜਾ 'ਤੀਖਣ ਸੈਣ' ਗੁਰੂ ਜੀ ਨੂੰ ਮਿਲ

ਪਿਆ ਲਿਖਿਆ ਹੈ। ਇਸ ਰਾਜੇ ਦਾ ਓਦੋਂ ਹੀ ਪੁਤ੍ਰ ਕਾਲ-ਵਸ ਹੋਇਆ ਸੀ, ਤੇ ਇਹ ਬੜਾ ਦੁਖੀ ਤੇ ਵਿਰਲਾਪ ਵਿਚ ਸੀ। ਰਾਜਾ ਕਿਤੇ ਉਦਾਸੀ ਵਿਚ ਘਰੋਂ ਬਾਹਰ ਬਨ ਵਿਚ ਕੁਛ ਸਾਥੀਆਂ ਨਾਲ ਘੁੰਮ ਰਿਹਾ ਸੀ ਕਿ ਉਸ ਨੂੰ ਮਿੱਠੀ ਮਿੱਠੀ ਧੁਨਿ ਰਾਗ ਦੀ ਸੁਣਾਈ ਦਿੱਤੀ। ਇਹ ਸੱਦ ਦੂਰੋਂ ਸਮਝੀਂਦੀ ਤਾਂ ਨਹੀਂ ਸੀ, ਪਰ ਮਿੱਠੀ ਬੜੀ ਲੱਗਦੀ ਸੀ। ਇਸ ਦੀ ਸੇਧ ਤੇ ਟੁਰ ਪਿਆ। ਜਾਂ ਨੇੜੇ ਪੁਜਾ, ਤਾਂ ਕੀ ਦੇਖੇ ਕਿ ਇਕ ਮਹਾਂ ਪੁਰਖ ਜੀ ਬੈਠੇ ਗਾ ਰਹੇ ਹਨ ਤੇ ਇਕ ਸਾਥੀ ਪਾਸ ਬੈਠਾ ਇਕ ਮਧੁਰ ਟੁੰਕਾਰਾਂ ਵਾਲਾ ਸਾਜ਼ ਵਜਾ ਰਿਹਾ ਹੈ। ਇਸ ਵੇਲੇ ਜੋ ਸ਼ਬਦ ਸੁਹਣੇ ਸੁਹਣੇ ਜੀ ਰਹਾ ਰਹੇ ਸਨ, ਇਹ ਸੀ:-

ਗਉੜੀ ਮਹਲਾ ੧॥
ਪਉਣੈ ਪਾਣੀ ਅਗਨੀ ਕਾ ਮੇਲੁ॥
ਚੰਚਲ ਚਪਲ ਬੁਧਿ ਕਾ ਖੇਲੁ॥
ਨਉ ਦਰਵਾਜੇ ਦਸਵਾ ਦੁਆਰੁ॥
ਬੁਝੁ ਰੇ ਗਿਆਨੀ ਏਹੁ ਬੀਚਾਰੁ॥੧॥
ਕਥਤਾ ਬਕਤਾ ਸੁਨਤਾ ਸੋਈ॥
ਆਪੁ ਬੀਚਾਰੇ ਸੁ ਗਿਆਨੀ ਹੋਈ॥੧॥ਰਹਾਉ॥
ਦੇਹੀ ਮਾਟੀ ਬੋਲੈ ਪਉਣੁ॥
ਬੁਝੁ ਰੇ ਗਿਆਨੀ ਮੂਆ ਹੈ ਕਉਣੁ॥
ਮੂਈ ਸੁਰਤਿ ਬਾਦੁ ਅਹੰਕਾਰੁ॥
ਓਹੁ ਨ ਮੂਆ ਜੋ ਦੇਖਣਹਾਰੁ॥੨॥
ਜੈ ਕਾਰਣਿ ਤਟਿ ਤੀਰਥ ਜਾਹੀ॥
ਰਤਨ ਪਦਾਰਥ ਘਟ ਹੀ ਮਾਹੀ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ॥
ਭੀਤਰਿ ਹੋਦੀ ਵਸਤੁ ਨ ਜਾਣੈ॥੩॥
ਹਉ ਨ ਮੂਆ ਮੇਰੀ ਮੁਈ ਬਲਾਇ॥
ਓਹੁ ਨ ਮੂਆ ਜੋ ਰਹਿਆ ਸਮਾਇ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ॥
ਮਰਤਾ ਜਾਤਾ ਨਦਰਿ ਨ ਆਇਆ॥੪॥੪॥

 www.sikhbookclub.com

ਰਾਜਾ ਹਿੰਦੀ ਜਾਣਦਾ ਸੀ, ਜਿਉਂ ਜਿਉਂ ਸੁਣੇ ਠੰਢ ਪਵੇ। ਕੋਈ ਤੁਕ ਕੁਛ ਸਮਝੇ ਪੈ ਜਾਵੇ ਕੋਈ ਨਾ ਪਵੇ, ਪਰ ਭਾਵ ਸਮਝੇ ਪੈ ਗਿਆ, ਮਨ ਟਿਕ ਗਿਆ ਤੇ ਠੰਢ ਵਰਤ ਗਈ।

ਜਦੋਂ ਗੁਰੂ ਜੀ ਨੇ ਭੋਗ ਪਾਇਆ ਤਾਂ ਚਰਨੀਂ ਢੈ ਪਿਆ, ਤੇ ਆਖਣ ਲੱਗਾ— ਹੇ ਸਾਧੂ ਮਹਾਂ ਪੁਰਖ! ਮੈਂ ਪੁਤ੍ਰ ਵਿਯੋਗੀ ਹਾਂ, ਮੇਰੇ ਤੇ ਰਹਿਮ ਕਰ; ਇਹ ਜੋ ਭਜਨ ਆਪ ਨੇ ਗਾਂਵਿਆਂ ਹੈ, ਮੈਨੂੰ ਉਪਦੇਸ਼ ਕਰੋ। ਤਦ ਗੁਰੂ ਜੀ ਨੇ ਸਾਰੇ ਸ਼ਬਦ ਦਾ ਭਾਵ ਸਮਝਾਇਆ ਤੇ ਕਿਹਾ ਕਿ ਭਾਈ ਇਹ ਜੋ ਦਿਸ ਰਿਹਾ ਹੈ, ਇਹ ਪਸਾਰਾ ਹੈ ਤੇ ਬਿਲਾ ਜਾਣ ਵਾਲਾ ਹੈ। ਸਰੀਰ ਜੋ ਹਨ, ਤੱਤਾਂ ਤੋਂ ਬਣੇ ਹੋਏ ਹਨ, ਮਰ ਕੇ ਤੱਤਾਂ ਵਿਚ ਚਲੇ ਜਾਂਦੇ ਹਨ, ਪਰ ਜੋ ਅੰਦਰ ਜੀਵਨ ਹਿੱਸਾ ਹੈ ਉਹ ਨਹੀਂ ਮਰਦਾ। ਉਹ ਜੇ ਜੀਉਂਦੇ ਜੀ ਆਪ ਨੂੰ ਲਖ ਲਵੇ ਕਿ ਮੈਂ ਜੋਤਿ ਸਰੂਪ ਹਾਂ ਤਦ ਉਹ ਵਯਾਪਕ ਜੋਤੀ ਸਰੂਪ ਬ੍ਰਹਮ ਵਿਚ ਚਲਾ ਜਾਂਦਾ ਹੈ, ਜਿਵੇਂ ਤੱਤ ਤੱਤਾਂ ਵਿਚ ਚਲੇ ਜਾਂਦੇ ਹਨ; ਫੇਰ ਦੱਸ ਮਰਦਾ ਕੌਣ ਹੈ? ਮਰਦਾ ਕੁਛ ਬੀ ਨਹੀਂ। ਸਤਿਸੰਗ ਕਰ। ਜੋ ਮਰ ਗਿਆ ਹੈ ਉਸ ਨੂੰ ਨਾ ਰੋ, ਆਪ ਨੂੰ ਰੋ ਜੋ ਬ੍ਰਹਮ ਦੀ ਲੱਖਤਾ ਅਜੇ ਨਹੀਂ ਰਖਦਾ।

ਰਾਜਾ ਤਦ ਸ਼ਰਣ ਪੈ ਗਿਆ ਤੇ ਗੁਰੂ ਜੀ ਨੇ ਉਸ ਨੂੰ ਉਪਦੇਸ਼ ਦੇ ਕੇ ਮੋਹ ਸੋਗ ਤੋਂ ਉੱਚਾ ਕਰ ਦਿਤਾ ਤੇ ਨਾਮ ਦਾਨ ਬਖਸ਼ਕੇ ਬੰਦਗੀ ਵਿਚ ਲਾ ਦਿਤਾ (ਖਾ: ਜਨਮ ਸਾਖੀ ਵਿਚ ਤੀਖਣ ਸੈਣ ਨੂੰ ਬਨਮਾਣੂਆਂ ਦਾ ਰਾਜਾ ਲਿਖਿਆ ਹੈ ਤੇ ਏਸ ਵਕਤ ਤੋਂ ਬਹੁਤ ਪਿਛੋਂ ਮਿਲਦਾ ਹੈ। ਉਸ ਦੇ ਪੁਤ੍ਰ ਮਰਨ ਤੇ ਉਪਦੇਸ਼ ਦੀ ਸਾਖੀ ਉਹ ਨਹੀਂ ਲਿਖਦਾ।)।

2.

ਲਿਖਿਆ ਹੈ ਕਿ ਇਥੋਂ ਟੁਰ ਕੇ ਸ੍ਰੀ ਗੁਰੂ ਜੀ ਕੱਛਾਰ ਦੇਸ਼ ਜਾ ਨਿਕਲੇ। ਤਦੋਂ ਗਏ ਅਸਮਫੀਲ ਸ਼ਹਿਰ ਨੂੰ। ਇਹ ਤਦੋਂ ਰਾਜਧਾਨੀ ਸੀ, ਹੁਣ ਉਸ ਦੀ ਥਾਂ ਰਾਜਧਾਨੀ ਮਨੀਪੁਰ ਹੈ। ਮਨੀਪੁਰ ਸਹਿਰ ਤੇ ਰਜਾਸਤ ਹੁਣ ਬੀ ਹੈ। ਤਦੋਂ ਦੇ ਰਾਜੇ ਦਾ ਨਾਉਂ ਸੁਧਰ ਸੈਣ ਸੀ। ਇਹ ਰਾਜਾ ਸਤਿਸੰਗੀ ਸੀ। ਇਸ ਦਾ ਭਣੇਵਾਂ ਇੰਦ੍ਰਸੈਣ ਇਕ ਭਲੇ ਪੁਰਖ ਦੀ, ਜਿਸ ਦਾ ਨਾਉਂ ਝੰਡਾ ਸੀ ਤੇ ਜਾਤ ਦਾ ਬਾਢੀ ਸੀ, ਸਤਿਸੰਗੀ ਸੀ। ਇਹ ਦੁਇ ਮਿਲਕੇ ਸਤਿਸੰਗ ਕਰਿਆ ਕਰਦੇ ਸਨ ਤੇ ਇਨ੍ਹਾਂ ਦੇ ਸਤਿਸੰਗ ਵਿਚ ਹੋਰ ਕਈ

ਲੋਕ ਸੁਧਰੇ ਸੇ। ਜਿਵੇਂ ਦੇ ਹਾਲ ਜਨਮ ਸਾਖੀਆਂ ਤੇ ਤਵਾਰੀਖਾਂ ਵਿਚ ਦਿਤੇ ਹਨ, ਉਨ੍ਹਾਂ ਤੋਂ ਚੰਗਾ ਅਨੁਮਾਨ ਲੱਗਣ ਲੱਗ ਜਾਂਦਾ ਹੈ ਕਿ ਹੋਵੇ ਨਾ ਤਾਂ ਝੰਡਾ ਪੰਜ ਪਾਣੀਆਂ ਦੀ ਧਰਤੀ ਦਾ ਬੰਦਾ ਸੀ। ਕਿਸੇ ਸਾਂਗੇ ਉਸ ਦੇਸ਼ ਜਾ ਨਿਕਲਿਆ ਸੀ, ਤੇ ਅਚਰਜ ਨਹੀਂ ਜੋ ਇਹ ਕਿਸੇ ਸਿਖ ਦੇ ਸਤਿਸੰਗ ਨਾਲ ਭੁਲੇ ਪਾਸੇ ਲੱਗਾ ਹੋਵੇ। ਝੰਡਾ ਤੇ ਇੰਦ੍ਰਸੈਣ ਗੁਰੂ ਜੀ ਨੂੰ ਮਿਲੇ ਤੇ ਆਪ ਜੀ ਨਾਲ ਸਤਿਸੰਗ ਕਰ ਕੇ, ਆਪਣੇ ਸੰਸੇ ਨਵਿਰਤ ਕਰਾ ਕੇ ਤੇ ਉਪਦੇਸ਼ਾਂ ਦੀ ਸੁੰਦਰਤਾ ਨਾਲ ਸ਼ੰਕੇ ਰਹਿਤ ਹੋ ਗਏ, ਮੁਸ਼ਕਲਾਂ ਹੱਲ ਹੋ ਗਈਆਂ ਤੇ ਗੁਰੂ ਜੀ ਦੇ ਸਿਖ ਬਣ ਗਏ(ਝੰਡੇ, ਇੰਦ੍ਰ ਸੈਣ, ਸੁਧਰ ਸੈਣ ਤੇ ਹੋਰ ਹਾਲਾਤ ਲਈ ਪੜ੍ਹੋ 'ਝੰਡਾ ਬਾਢੀ' ਗੁਰ ਨਾਨਕ ਚਮਤਕਾਰ ਸਫਾ 244।)। ਸ੍ਰੀ ਗੁ:ਨਾ: ਪ੍ਰਕਾਸ਼ ਵਿਚ ਲਿਖਿਆ ਹੈ:—

ਦੋਨੋ ਬੈਠੇ ਹੋਇ ਅਡੋਲਾ।
ਸੁਖ ਆਤਮ ਕੋ ਪਾਇ ਅਮੋਲਾ।

3.

ਸ਼ਹਿਰ ਵਿਚ ਧੁੰਮ ਪੈ ਗਈ ਕਿ ਕੋਈ ਤਪਾ ਆਇਆ ਹੈ, ਜਿਸ ਨੇ ਰਾਜੇ ਸੁਧਰ ਸੈਣ ਦੇ ਭਣੇਵੇਂ ਇੰਦਰ ਸੈਣ ਨੂੰ ਜੀਵਨ ਮੁਕਤ ਕੀਤਾ ਹੈ, ਅਤੇ ਜਿਸ ਨੇ ਝੰਡੇ ਨੂੰ ਜੀਆਦਾਨ ਦਿੱਤਾ ਹੈ ਤੇ ਉਹ ਦੋਵੇਂ ਵਡੇ ਸਾਧੂ ਤੇ ਸਾਧਨਾ ਕਰਨ ਵਾਲੇ, ਉਸ ਨੂੰ ਅਰਸ਼ੀ ਸਤਿਗੁਰ ਮੰਨ ਗਏ ਹਨ। ਤਦੋਂ ਲੱਗੇ ਸ਼ਹਿਰ ਤੇ ਲਾਗ ਲਾਗ ਦੇ ਲੋਕੀਂ ਆਉਣ। ਸਤਿਗੁਰ ਜੀ ਬੀ ਲੱਗੇ ਨਾਮ ਦਾ ਦਾਨ ਬਖਸ਼ਣ। ਇਸ ਤਰ੍ਹਾਂ ਦੂਰ ਨੇੜੇ ਤੋਂ ਆ ਕੇ ਲੋਕੀਂ ਤਰੇ। ਸੰਗਤਿ ਬਣ ਗਈ, ਝੰਡੇ ਦੇ ਘਰ ਸਤਿਸੰਗਤ ਦੇ ਪ੍ਰਵਾਹ ਟੁਰੇ ਰਹਿਣ, ਲੰਗਰ ਲੱਗਾ ਰਹੇ ਤੇ ਜਗਤ ਰੱਖਿਆ ਦਾ ਕਾਰਜ ਹੁੰਦਾ ਰਹੇ।

ਹੁੰਦੇ ਹੁੰਦੇ ਇਹ ਖ਼ਬਰ ਰਾਜਾ ਸੁਧਰ ਸੈਣ ਨੂੰ ਪਹੁੰਚੀ। ਨਵਾਂ ਸ਼ਾਕਤਕ ਜੋਗੀ ਜੋ ਰਿੱਧੀਆਂ, ਸਿੱਧੀਆਂ, ਟੂਣੇ ਟਾਮਣ ਕਰਦਾ ਸੀ ਤੇ ਵਜ਼ੀਰ ਦੇ ਘਰ ਵਿਚ ਕੁਝ ਸਤਿਕਾਰ ਰਖਦਾ ਸੀ; ਵਜ਼ੀਰ ਦੇ ਰਸਤੇ ਰਾਜਾ ਜੀ ਨੂੰ ਕੁਛ ਵਿਚਲਾਉਣ ਲੱਗਾ। ਰਾਜੇ ਨੇ ਬੀ ਸੁਣ ਕੇ ਅਸਚਰਜ ਮੰਨਿਆ, ਚਿਤ ਵਿਚ ਕਈ ਤ੍ਰੰਗ ਲੰਘੇ, ਪਰ ਸੀ ਵੀਚਾਰਵਾਨ, ਸੋਚਣ ਲਗਾ ਕਿ ਇੰਦਰਸੈਣ ਮੇਰਾ ਭਣੇਵਾਂ ਭੁੱਲਣ ਵਾਲਾ ਨਹੀਂ, ਉਸ ਨੂੰ ਧਰਮ ਦੀ ਸਾਰੀ ਸੋਝੀ ਹੈ ਤੇ ਛੋਟੀ ਉਮਰਾ ਤੋਂ ਅਗਮ ਨਿਗਮ ਦੇ ਪਤੇ ਲਾਉਂਦਾ ਹੈ, ਉਸ ਨੇ ਕੁਛ

ਸ਼ਕਤੀ ਜ਼ਰੂਰ ਵੇਖੀ ਹੋਊ। ਇਹ ਵਿਚਾਰ ਕੇ ਉਸ ਨੇ ਆਦਮੀ ਘੱਲਿਆ ਕਿ ਝੰਡੇ ਦੇ ਘਰ ਜਾਓ ਤੇ ਜਿਸ ਨੂੰ ਉਸ ਨੇ ਗੁਰੂ ਬਣਾਇਆ ਹੈ, ਉਸ ਨੂੰ ਲੈ ਆਓ।

ਉਸ ਆਦਮੀ ਨੇ ਆ ਕੇ ਜਦ ਰਾਜੇ ਦਾ ਸੰਦੇਸਾ ਦਿੱਤਾ ਤਾਂ ਇੰਦਰ ਸੈਣ ਉਥੇ ਗੁਰੂ ਜੀ ਦੇ ਪਾਸ ਹੀ ਬੈਠਾ ਸੀ, ਆਖਣ ਲੱਗਾ:- ਤੂੰ ਜਾਹ, ਮੈਂ ਆਪ ਰਾਜਾ ਜੀ ਪਾਸ ਆ ਕੇ ਸਾਰੀ ਗੱਲ ਬਾਤ ਕਰਦਾ ਹਾਂ।

ਸਤਿਗੁਰ ਜੀ ਨੇ ਇੰਦਰ ਸੈਣ ਵਲ ਤੱਕ ਕੇ ਕਿਹਾ- - ਪੁਰਖਾ! ਕਾਸਨੂੰ ਜਾਂਦਾ ਹੈਂ? ਕਰਤਾਰ ਦੀ ਰਜ਼ਾ ਵਲ ਵੇਖ, ਜੋ ਕਰੇਗਾ ਸੋ ਭਲਾ ਕਰੇਗਾ, ਭੈ ਕਿਸ ਦਾ ਤੇ ਜਾਣਾ ਕਿਸ ਕੋਲ।

ਤਦ ਇੰਦਰਸੈਣ ਨੇ ਹੱਥ ਜੋੜ ਕੇ ਕਿਹਾ ਕਿ ਮਾਲਿਕ ਜੀਓ! ਰਾਜਾ ਮੇਰਾ ਮਾਮਾ ਹੈ ਸੱਕਾ ਤੇ ਉਹ ਨੇਕ ਰਾਜਾ ਹੈ, ਧਰਮ ਪਾਲਦਾ ਹੈ, ਪ੍ਰਜਾ ਦਾ ਨਿਆਈਂ ਹੈ, ਸਤਿਸੰਗ ਬੀ ਕਰਦਾ ਹੈ, ਉਸ ਪਰ ਆਪ ਦੀ ਮਿਹਰ ਚਾਹੀਏ। ਇਹ ਕਿਸੇ ਨੇ ਰਾਜੇ ਨੂੰ ਕੋਈ ਉਲਟ ਪੁਲਟ ਗੱਲਾਂ ਦੱਸੀਆਂ ਹੋਸਨ, ਇਸ ਕਰਕੇ ਮੇਰਾ ਚਿੱਤ ਹੈ ਕਿ ਮੈਂ ਜਾਵਾਂ, ਰਾਜੇ ਨੂੰ ਦੱਸਾਂ, ਸੱਚ ਦੀ ਸੋਝੀ ਨਾਲ ਉਹ ਜਾਗੇ ਤੇ ਆਪ ਟੁਰ ਕੇ ਚਰਨਾਂ ਵਿਚ ਆਵੇ। ਜਿਵੇਂ ਅਸਾਂ ਤੇ ਮੇਹਰ ਹੋਈ ਹੈ, ਆਪ ਦੀ ਮਿਹਰ ਉਸ ਪਰ ਭੀ ਹੋਵੇ, ਸਾਡਾ ਪਰਵਾਰ ਤੇ ਦੇਸ਼ ਸੁਖੀ ਵਸੇ।

ਤਦ ਸ੍ਰੀ ਗੁਰੂ ਜੀ ਨੇ ਫੁਰਮਾਇਆ— ਜਾਓ ਸਾਈਂ ਭਲਾ ਕਰੇ!

ਤਦ ਇੰਦਰ ਸੈਣ ਉੱਠਕੇ ਰਾਜੇ ਪਾਸ ਗਿਆ ਤੇ ਆਪਣੀ ਤੇ ਝੰਡੇ ਦੀ ਸਾਰੀ ਹੱਡ-ਬੀਤੀ ਰਾਜੇ ਨੂੰ ਸੁਣਾਈ। ਜਿਵੇਂ ਉਪਦੇਸ਼ ਹੋਇਆ ਸੀ ਸਾਰਾ ਸੁਣਾਇਆ, ਜਿਵੇਂ ਮਿਹਰ ਦੀ ਦ੍ਰਿਸ਼ਟਿ ਨਾਲ ਦੋਹਾਂ ਨੂੰ ਅਨੰਤ ਦੀ ਛੁਹ ਮਿਲੀ ਸੀ ਸੋ ਸਾਰੀ ਵਿਥਿਆ ਦੱਸੀ।

ਰਾਜਾ ਜਿਉਂ ਜਿਉਂ ਸੁਣਦਾ ਗਿਆ, ਤਿਉਂ ਤਿਉਂ ਪ੍ਰੇਮ ਵਿਚ ਭਿੱਜਦਾ ਗਿਆ, ਸਰੀਰ ਪਰ ਪੁਲਕਾਵਲੀ ਆ ਗਈ ਤੇ ਨੈਣ ਭਰ ਕੇ ਆਖਣ ਲੱਗਾ:- ਮੈਨੂੰ ਬੀ ਦਰਸ਼ਨ ਕਰਾਓ ਉਸ ਜਜੋਤਿ ਨਿਰੰਜਨੀ ਦੇ, ਜੋ ਮੈਂ ਬੀ ਨਿਸਤਾਰਾ ਪਾਵਾਂ। ਜਿਸ ਦੀ ਇਤਨੀ ਮਹਿਮਾਂ ਤੁਸਾਂ ਕੀਤੀ ਹੈ, ਜਿਸ ਦੀ ਚਰਚਾ ਘਰ ਘਰ ਹੈ, ਜਿਸ ਦਾ ਨਾਉਂ ਤੇ ਉਪਦੇਸ਼ ਸੁਣ ਕੇ ਖਿੱਚ ਪੈਂਦੀ ਹੈ ਤੇ ਪਿਆਰ ਜਾਗਦਾ ਹੈ, ਬੇਟਾ ਜੀਓ! ਮੈਨੂੰ ਬੀ ਦਰਸ਼ਨ ਕਰਾਓ।


www.sikhbookclub.com

ਇੰਦਰ ਸੈਣ-- ਮਹਾਰਾਜ ਜੀ! ਫਿਰ ਮਨ ਨੂੰ ਜੋ ਪਿਆਰ ਵਿਚ ਆਇਆ ਹੈ, ਪਿਆਰ ਵਿਚ ਭਰਿਆ ਹੀ ਲੈ ਚੱਲੋ, ਇਹੋ ਭੇਟਾ ਨਾਲ ਲੈ ਚੱਲੋ, ਨਿੰਮ੍ਰ ਹੋ ਕੇ ਸ਼ਰਨ ਗਹੋ, ਤਦ ਜੀਵਨ ਰਸ ਲਵੋ।

ਭਣੇਵੇਂ ਦੀ ਸਿੱਖਿਆ ਮੰਨ ਕੇ ਸੁਧਰ ਸੈਣ ਰਾਜਾ ਰਾਜ ਮਦ ਤਿਆਗ ਗੁਰੂ ਜੀ ਦੇ ਦਰਸ਼ਨਾਂ ਲਈ ਝੰਡੇ ਦੇ ਘਰ ਟੁਰ ਕੇ ਆਇਆ:-

ਪਗ ਨੰਗੇ ਮਨ ਦੀਨ ਹ੍ਵੈ ਪ੍ਰੇਮ ਸੰਗ ਤਿਹ ਆਨ।
ਕਰ ਬੰਦੇ ਬੰਦਨ ਕਰੀ ਧਰਿ ਪਰ ਦੰਡ ਸਮਾਨ।

ਚੌਪਈ- ਕਰ ਅਸ਼ਟਾਂਗ ਚਰਨ ਅਨੁਰਾਗਾ।
ਪਰਯੋ ਰਹਯੋ ਉਠਤ ਨ ਬਡਭਾਗਾ।
(ਸ੍ਰੀ ਗੁ:ਨਾ:ਪ੍ਰ:)

ਰਾਜੇ ਦੀ ਨਿੰਮ੍ਰਤਾ ਤੇ ਪ੍ਰੇਮ ਦੇਖ ਕੇ ਸਤਿਗੁਰ ਜੀ ਨੇ ਪਿੱਠ ਤੇ ਥਾਪੀ ਦਿੱਤੀ ਤੇ ਨਾਮ ਦਾਨ ਬਖਸ਼ਿਆ। ਰਾਜੇ ਦੇ ਅੰਦਰ ਸੁਖ ਤੇ ਠੰਢ ਆਈ। ਨਾਮ ਦੇ ਰੰਗ ਨੇ ਰੱਬੀ ਚਾਉ ਭਰ ਦਿੱਤਾ। ਚਰਨਾਂ ਨੂੰ ਪਰਸਦਾ ਹੈ, ਨੈਣ ਭਰਦਾ ਹੈ ਤੇ ਸ਼ੁਕਰ ਸ਼ੁਕਰ ਕਰਦਾ ਹੈ, ਦਰਸਨ ਕਰਦਾ ਰੱਜਦਾ ਨਹੀਂ। ਅੰਤ ਸਤਿਗੁਰਾਂ ਦੇ ਹਜ਼ੂਰ ਅਰਦਾਸ ਕਰ ਕੇ ਉਨ੍ਹਾਂ ਨੂੰ ਆਪਣੇ ਘਰ ਲੈ ਗਿਆ, ਬਹੁਤ ਆਦਰ ਤੇ ਭਾਉ ਕਰ ਕੇ ਸੇਵ ਕਮਾਈ। ਸੰਗਤ ਬੀ ਉਥੇ ਆਵੇ, ਝੰਡਾ ਬੀ ਸੇਵਾ ਵਿਚ ਰਹੇ ਤੇ ਇੰਦਰ ਸੈਣ ਬੀ ਰਹੇ। ਅੰਮ੍ਰਿਤ ਵੇਲੇ ਕੀਰਤਨ ਹੋਵੇ, ਸੰਝਾਂ ਸਮੇਂ ਫੇਰ ਕੀਰਤਨ ਹੋਵੇ, ਦਿਨ ਭਰ ਸਤਿਸੰਗ ਹੋਵੇ ਤੇ ਨਾਮ ਦਾ ਪਰਵਾਹ ਚੱਲੇ। ਕੋਈ ਮਹੀਨਾ ਭਰ ਮਾਲਕ ਜੀ, ਗੁਰੂ ਦਾਤਾ ਜੀ, ਰਾਜਾ ਦੇ ਅਧਿਕ ਪ੍ਰੇਮ ਕਰ ਕੇ ਉਸ ਦੇ ਪਾਸ ਰਹੇ। ਅੰਤ ਉਹ ਸਮਾਂ ਆ ਗਿਆ ਜਦੋਂ ਉਪਕਾਰੀ ਸਤਿਗੁਰੂ ਜੀ ਨੇ ਹੋਰ ਪਾਸੇ ਆਪਣਾ ਨੂਰ ਲਾ ਕੇ ਤਾਰਨ ਦਾ ਸੰਕਲਪ ਕੀਤਾ; ਤਾਂ ਰਾਜਾ ਬਿਹਬਲ ਹੋ ਗਿਆ, ਰੋ ਰੋ ਕੇ ਬੇਨਤੀਆਂ ਕਰ ਕੇ ਕਹਿਣ ਲੱਗਾ ਹੇ ਮਾਲਕ ਜੀਓ!

'ਗਜ ਬਾਜੀ*, ਸਭ ਰਾਜ ਸਮਾਜਾ। (*ਹਾਥੀ ਘੋੜੇ।)
'ਨਿਜ ਕਰ* ਝੰਡੇ ਕੋ ਦਿਹੁ ਆਜਾ। (*ਆਪਣੇ ਹੱਥੀਂ।)
'ਮੋ ਕੋ ਲੇਹੁ ਆਪਨੇ ਸਾਥਾ।
'ਰਹਿ ਨ ਸਕੋਂ ਤੁਮ ਬਿਨ ਜਗ ਨਾਥਾ!

'ਮੀਨ ਨੀਰ ਗਤਿ ਸ੍ਰੀ ਪ੍ਰਭੁ ਸੰਗਾ' (ਜਿਵੇਂ ਮੱਛੀ ਪਾਣੀ ਬਿਨਾਂ ਨਹੀਂ ਰਹਿ ਸਕਦੀ (ਉਹ) ਹਾਲਤ (ਹੈ) ਮੇਰੀ ਪ੍ਰਭੂ ਜੀ (ਆਪ) ਨਾਲ।)'

ਅਸ ਕਹਿਤਜੋਂ ਉਰ ਪ੍ਰੇਮ ਉਮੰਗਾ।

ਪੁਲਕਾਵਲਿ ਤਨ ਗਦਗਦ ਬਾਨੀ (ਸਰੀਰ ਦੇ ਲੂੰ ਖੜੇ ਹੋ ਗਏ ਤੇ ਕੰਠ ਰੁਕ ਗਿਆ।)

ਤਿਹ ਛਿਨ ਨ੍ਰਿਪ ਕੀ ਗਤਿ ਬਿਕੁਲਾਨੀ (ਵਿਆਕੁਲ ਹੋ ਗਈ।)

ਦੇਖ ਪ੍ਰੀਤਿ ਅਸ ਉਹ ਕੀ ਸਾਚੀ।

ਸ੍ਰੀ ਨਾਨਕ ਜੀ ਗਿਰਾ ਉਬਾਚੀ (ਬਚਨ ਕਹੇ।):-

'ਧਰਹੁ ਧਜਾਨ ਨਿਤ ਉਰ ਅਵਨੀਪਾ!

'ਮੈਂ ਹੋਂ ਤੁਮਰੇ ਸਦਾ ਸਮੀਪਾ।

'ਮੁਚ ਸੋਂ ਪੰਚਾਂਮ੍ਰਿਤ (ਕੜਾਹ ਪ੍ਰਸ਼ਾਦਿ।) ਕਰਿਵਾਵਹੁ।

'ਟਕਾ ਰਾਖਿ ਅਰਦਾਸ ਅਲਾਵਹੁ।

ਦੋਹਰਾ— 'ਹਾਜਰ ਹੋਵੌਂ ਆਨ ਤਬ ਕਰੋਂ ਕਾਮਨਾ ਪੂਰ'।

ਅਸ ਕਹਿ ਬਹੁ ਧੀਰਜ ਦਯੋ ਭੂਪਤ ਕੋ ਜਗਮੂਰ(ਜਗਤ ਦੇ ਮੂਲ ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਨੇ।)।

ਫਿਰ ਰਾਜਾ ਨੂੰ ਆਪ ਨੇ ਵਰ ਦਿੱਤਾ ਕਿ ਸਤਾਹਾਂ ਰਾਜੇ ਤੇਰੇ ਆਲੇ ਦੁਆਲੇ ਰਹਿੰਦੇ ਹਨ, ਓਹ ਸਭ ਤੇਰੀ ਸ਼ਰਨ ਆ ਜਾਣਗੇ, ਤੇਰਾ ਰਾਜ ਵਧੇਗਾ, ਪਰ ਤੂੰ ਧਰਮ ਕਰਨਾ ਹੈ। ਮਿਲਕੇ ਸਾਰੇ ਪ੍ਰਜਾ ਨੂੰ ਸੁਖ ਦੇਣਾ, ਪਰਸਪਰ ਪ੍ਰੇਮ ਵਰਤਣਾ।

ਫਿਰ ਆਪ ਨੇ ਇੰਦਰ ਸੈਣ ਨੂੰ ਮੰਜੀ ਦੇਣੀ ਚਾਹੀ, ਕਿਉਂਕਿ ਸੰਗਤ ਬਹੁਤ ਹੋ ਗਈ ਸੀ ਤੇ ਇਕ ਐਸੇ ਗੁਰਮੁਖ ਦੀ ਲੋੜ ਸੀ ਕਿ ਜੋ ਸੰਗਤ ਦੀ ਅਗੁਵਾਨੀ ਕਰੇ ਤੇ ਸੱਚੇ ਨਾਮ ਦਾ ਪ੍ਰਵਾਹ ਜਾਰੀ ਕਰੇ। ਪਰ ਇੰਦਰ ਸੈਣ ਨੇ ਹੱਥ ਜੋੜ ਕੇ ਅਰਦਾਸ ਕੀਤੀ ਕਿ 'ਆਪ ਇਹ ਪਦਵੀ ਝੰਡੇ ਨੂੰ ਬਖਸ਼ੋ, ਇਹ ਭਾਰਾ ਕੰਮ ਉਹ ਗੁਰਮੁਖ ਕਰ ਸਕੇਗਾ, ਮੈਨੂੰ ਵਰਦਾਨ ਦਿਓ ਕਿ ਮੈਂ ਨਾਮ ਰੰਗ ਵਿਚ ਰਹਾਂ, ਸਾਧ ਸੰਗਤ ਦੀ ਸੇਵਾ ਕਰਾਂ ਤੇ ਝੰਡੇ ਨਾਲ ਮੇਰੀ ਨਿਭ ਆਵੇ'। ਸਤਿਗੁਰ ਜੀ ਬੜੇ ਪ੍ਰਸੰਨ ਹੋਏ ਤੇ ਮੰਜੀ ਝੰਡੇ ਨੂੰ ਬਖਸ਼ੀ। ਰਾਜੇ ਨੂੰ ਬੀ ਤਾਕੀਦ ਕੀਤੀ ਕਿ 'ਤੂੰ ਵਧੇਂਗਾ, ਫਲੇ ਫੂਲੇਂਗਾ, ਪਰ ਝੰਡੇ ਦਾ ਸਦਾ ਸਨਮਾਨ ਰੱਖਣਾ, ਇਸ ਨੂੰ ਅਸਾਂ ਗੁਰਮੁਖ

ਪਦ ਬਖਸ਼ਿਆ ਹੈ'। ਰਾਜੇ ਤੇ ਇੰਦਰ ਸੈਣ ਤੇ ਸਾਰੀ ਸੰਗਤ ਨੇ ਸੀਸ ਨਿਵਾਇਆ! ਬਖਸ਼ਿੰਦ ਤੇ ਤਾਰਨਹਾਰ ਦਾਤੇ ਨੇ ਸਭ ਤੋਂ ਵਿਦਾ ਲਈ ਤੇ ਅੱਗੇ ਨੂੰ ਟੁਰ ਪਏ।

4.

ਏਥੇ ਗੁਰੂ ਜੀ ਕਈ ਮਹੀਨੇ ਰਹੇ ਸਨ। ਤਵਾ: ਖਾ: ਨੇ ਸੰਮਤ ਬੀ 1565 ਤਦੋਂ ਦਾ ਦਿਤਾ ਹੈ। ਸਾਵਣ ਦੇ ਮਹੀਨੇ ਮਨੀਪੁਰ ਤੋਂ ਟੁਰ ਕੇ ਉਸ ਥਾਉਂ ਤੇ ਅੱਪੜੇ ਜਿਸ ਨੂੰ ਸਲਮਲਾ ਦੀਪ ਲਿਖਿਆ ਹੈ! ਇਹ ਥਾਂ ਬੜਾ ਮਰਮਬਜ਼ ਸੀ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਇਸ ਨੂੰ ਇਕ ਟਾਪੂ ਕਰ ਕੇ ਹੀ ਲਿਖਿਆ ਹੈ। ਪਰ ਜਦ ਏਸ ਦੇ ਅੰਦਰ ਗਏ ਤਾਂ ਦੂਰ ਇਕ ਕਿਲ੍ਹਾ ਦਿੱਸਿਆ। ਇਸ ਤੋਂ ਤ੍ਰੈ ਕੁ ਕੋਹ ਉਰੇ ਬਨ ਵਿਚ ਹੀ ਸ੍ਰੀ ਗੁਰੂ ਜੀ ਬੈਠ ਗਏ। ਜੈਸਾ ਕਿ ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਲਿਖਜਾ ਹੈ:—

**ਤਿਹਠਾਂ ਬੈਸਿ ਗਏ ਗਤਿਦਾਨਾ** (ਮੁਕਤੀ ਦਾਤਾ।)
**ਨਿਕਟ ਨਗਰ ਨਹਿੰ ਕੀਨ ਪਯਾਨਾ।**
**ਤੀਨ ਦਿਵਸ ਬੀਤੇ ਉਦਿਆਨਾ** (ਬਨ ਵਿਚ।)
**ਤਬ ਮਰਦਾਨੇ ਬਚਨ ਬਖਾਨਾ॥5॥**
**'ਆਇਸੁ* ਦੇਹੁ ਨਗਰ ਮਹਿੰ ਜਾਵੌਂ।** (ਆਗਿਆ।)
**ਤਿਹ ਬਿਲੋਕਿ ਮੈਂ ਤੁਰਨ* ਆਵੌਂ'।** (ਛੇਤੀ।)

ਬੋਲਤਿ ਭੇ ਸ੍ਰੀ ਮੁਖ ਬਿਗਸਾਨੇ:—

'ਛੁਧਾ ਲਗੀ ਹੁਇ ਹੈ ਮਰਦਾਨੇ'॥6॥
ਦੋਹਰਾ— 'ਤੁਮਕੋ ਭੂਖ ਨ ਬਜਾਪਈ, ਤਿਖਾ ਸੰਤਾਇ ਨ ਕੋਇ।
ਮੋਕੋ ਆਤੁਰ (ਦੁਖੀ) ਅਤਿ ਕਰੈ, ਕਿਉਂ ਨ੍ਰਿਬਾਹਿ ਹਮ ਹੋਇ।7।
ਚੌਪਈ— ਫਿਰੋਂ ਸੰਗ ਤੁਮਰੇ ਹਠ ਕਰਿਕੈ।
ਅਚੌਂ ਅਸਨ ਅਬ ਨਗਰ ਨਿਹਰਿਕੈ'।
ਸ੍ਰੀ ਗੁਰੂ ਭਨੈਂ: 'ਧਰਹੁ ਸੰਤੋਖੰ।
ਸ੍ਰੀ ਕਰਤਾਰ ਕਰੈ ਤਵ ਪੋਖੰ(ਤ੍ਰਿਪਤੀ, ਪਾਲਣਾ।)॥8॥
ਜਤਨ ਕਰਨ ਹਿਤ ਮਨ ਨ ਡੁਲਾਵਹੁ।

ਪਰਾਲਬਧ ਬੈਠੇ ਹੀ ਪਾਵਹੁ।'
ਬੂਝਨ ਲਗਾ ਬਹੁਰ ਮਰਦਾਨਾ:
'ਕਜਾ ਇਹ ਪੁਰਿ ਕੋ ਨਾਮ? ਸੁਜਾਨਾ!'।9।

ਸੁਨਿ ਸ੍ਰੀ ਗੁਰੂ ਨੇ ਦੀਨ ਬਤਾਈ:--
'ਨਾਮ ਬ੍ਰਹਮ ਪੁਰ ਇਸੈ ਅਲਾਈ(ਇਨ੍ਹਾਂ ਅਧਜਾਵਾਂ ਵਿਚੋਂ ਜਾਪਦਾ ਹੈ ਕਿ ਆਸਾਮ ਦੇਸ਼ ਦਾ ਸੈਲਾ ਹੋ ਰਿਹਾ ਹੈ। ਬ੍ਰਹਮ ਕੁੰਡ ਨਾਮੇ ਇਕ ਜਗ੍ਹਾ 'ਡਿਬਰੂ ਗੜ੍ਹ' ਤੋਂ ਪੂਰਬੋਤ੍ਰ ਵਲ ਹੈ, ਹੋ ਸਕਦਾ ਹੈ ਕਿ ਉਸ ਤੋਂ ਮੁਰਾਦ ਹੋਵੇ, ਯਾ 'ਬ੍ਰਹਮਨ ਬੇਰੀਆ' ਤੋਂ ਮੁਰਾਦ ਹੋਵੇ ਜੋ ਇਪਰਾ ਪਹਾੜੀਆਂ ਦੇ ਪੱਛੋਂ ਵਲ ਮੇਗਨਾ ਨਦੀ ਦੇ ਲਾਗੇ ਹੈ। ਟਾਪੂ ਪਦ ਜ਼ਰੂਰੀ ਨਹੀਂ ਕਿ ਜਜ਼ੀਰੇ ਲਈ ਹੀ ਵਰਤਿਆ ਜਾਵੇ।)

**ਜਾਨਹੁ ਬ੍ਰਹਮਣ ਭੂਪਤ ਨਗਰਾ।**
**ਕਰਤਿ ਰਾਜ ਇਹ ਟਾਪੂ ਸਗਰਾ'॥੧੦॥**
(ਜ਼ਰੂਰੀ ਨਹੀਂ ਕਿ ਇਹ ਜਜ਼ੀਰਾ ਹੋਵੇ।)
**ਕਹਿਤ ਪਰਸਪਰ ਅਸ ਬਿਧਿ ਬੈਨਾ।**
**ਜੋ ਨਿਜ ਕਿੰਕਰ ਕੇ ਗਤਿਦੈਨਾ।** (ਆਪਣੇ ਦਾਸਾਂ ਦੇ।)
**ਤਿਹ ਛਿਨ ਖ੍ਰਿੰਦ ਮਿਰਗ ਲਘੁ ਆਏ।**
**ਚਕਿਤ ਬਿਲੋਕਤਿ ਸ਼੍ਰੋਨ ਉਠਾਏ॥੧੧॥** (ਹਰਿਆਨ।)
**ਭੈ ਕਰਿ ਭਾਗੇ ਜਾਹਿੰ ਅਗਾਰੇ।**
**ਆਵਤਿ ਸ਼ੂਕਰ ਬਹੁਰ ਨਿਹਾਰੇ।** (ਸੂਰ।)
**ਬਦਨ ਰਦਨ ਛਬਿ ਅਸ ਤਹਿ ਠੌਰੇ**
**ਜਨੁ ਸ਼ਸ਼ਿ ਗਹੇ ਰਾਹੁ ਬਹੁ ਦੌਰੇ॥੧੨॥**
(ਮਾਨੋ ਬਹੁਤੇ ਰਾਹੁ ਚੰਦ੍ਰਮਾਂ ਨੂੰ ਫੜ ਕੇ ਨੱਸੇ ਜਾਂਦੇ ਹਨ।)
**ਆਵੈਂ ਤਿਨ ਕੇ ਸ੍ਵਾਨ ਪਿਛਾਰੀ।** (ਕੁੱਤੇ।)
**ਗਹਨ ਹੇਤ ਦੌਰੇ ਬਲ ਧਾਰੀ।**
**ਲਏ ਬਾਵਰਾਂ ਪੁਨ ਨਰ ਆਏ।** (ਜਾਲ।)
**ਬਹਿਰੀ, ਬਾਜ, ਮੀਚਾਨ ਉਡਾਏ॥੧੩॥**
**ਜਿਨ ਤੇ ਬਹੁਤ ਬਿਹੰਗ ਗਹਾਏ।**

 www.sikhbookclub.com

**ਬਹੁਰ ਸਊਰ ਦੁਰਾਵਤਿ ਆਏ।** (ਅਸਵਾਰ ਘੋੜੇ ਦੌੜਾਉਂਦੇ।)
**ਇਉਂ ਮਾਹਾ ਸ਼ਿਕਾਰ ਦਾ ਸਾਮਾਨ ਲੰਘਿਆ।**

5.

ਜਦ ਏਹ ਸਾਰੇ ਲੰਘ ਗਏ ਤਾਂ ਕੁਛ ਵਿੱਥ ਤੇ ਮਗਰ ਉਸ ਥਾਂ ਦਾ ਰਾਜਾ ਘੋੜੇ ਚੜ੍ਹਿਆ ਆ ਗਿਆ। ਮਰਦਾਨੇ ਨੂੰ ਦੇਖ ਕੇ ਘੋੜਾ ਖੜਾ ਕਰ ਕੇ ਪੁੱਛਣ ਲੱਗਾ 'ਤੁਮੀਂ ਕੌਣ ਹੋ ਸਾਧੂ ਜੀ! ਬਨ ਵਿਚ ਬੈਠ ਰਹੇ ਹੋ!' ਮਰਦਾਨੇ ਨੂੰ ਭੁੱਖ ਵਜਾਕੁਲ ਕਰ ਰਹੀ ਸੀ ਤੇ ਖਿਝ ਵਿਚ ਬੈਠਾ ਸੀ, ਪਛਾਤੋ ਸੁਨਾ ਕਿ ਰਾਜ਼ਾ ਹੈ, ਕਾਹਲਾ ਹੋ ਕੇ ਬੋਲਿਆ: 'ਦੇਖ ਲੈ, ਕਿ ਅਸੀਂ ਮਨੁਖ ਹਾਂ ਕਿ ਨਹੀਂ?'

ਅਗੋਂ ਸ੍ਰੀ ਗੁ: ਨਾ: ਪ੍ਰਕਾਸ਼ ਵਿਚ ਐਉਂ ਲਿਖਿਆ ਹੈ:-

**ਮਧੁਰਬੈਨ ਸੁਨਿ ਬੈਨ ਅਲਾਏ। 'ਅਹੋ ਅਤੀਤ ਤੁਮ?**
**ਦੇਹੁ ਬਤਾਏ'। ਖਿਝਿ ਕੈ ਬਹੁ ਬੋਲਯੋ ਮਰਦਾਨਾ:**
**'ਤੁਝ ਕਜਾ ਲੋਚਨ ਸੰਗ ਦਿਖਾਨਾ॥੧੭॥**
(ਕੀਹ ਤੈਨੂੰ ਦਿਸਦਾ ਨਹੀਂ ਅੱਖਾਂ ਨਾਲ।)
**ਅਸ ਕਹਿ ਬੰਕ ਨੈਨ ਕਰਿ ਹੇਰਾ ਨ੍ਰਿਪ ਸੋਂ ਬੋਲਯੋ!**
(ਟੇਢੀਆਂ ਅਖਾਂ ਕਰ ਕੇ ਤੱਕਿਆ)
**ਬਚਨ ਨ ਫੇਰਾ। ਨੀਚ ਡੀਠ ਕਰਿ ਬੈਠ ਰਹਾਵਾ।**
(ਨੀਵੀਂ ਨਜ਼ਰ ਕਰ ਕੇ ਬਹਿ ਰਿਹਾ।)
**ਜਿਹ ਕਿਹ ਕੋ ਨਹਿੰ ਬੋਲ ਸੁਖਾਵਾ॥੧੮॥**
(ਜਿਸ ਨੂੰ ਉਸ ਵੇਲੇ ਕਿਸੇ ਦਾ ਬੋਲਿਆ ਨਹੀਂ ਸੀ ਸੁਖਾਉਂਦਾ।)

ਇਹ ਪੁੱਛਣ ਵਾਲਾ ਸੀ ਉਸ ਇਲਾਕੇ ਦਾ ਰਾਜਾ, ਨਾਮ ਸੀ ਇਸ ਦਾ 'ਮਧੁਰ ਬੈਨ', ਜਾਤ ਦਾ ਸੀ ਬ੍ਰਹਮਣ, ਸੀ ਤੇਜ ਪ੍ਰਤਾਪ ਵਾਲਾ ਪਰ ਵੈਸੇ ਭਲਾ ਪੁਰਖ ਸੀ ਤੇ ਸ਼ੁਭ ਕਰਮੀ ਸੀ। ਇਸ ਦਾ ਵਿਸ਼ਵਾਸ 'ਕਰਮ ਕਾਂਡ' ਉੱਤੇ ਸੀ। ਕਰਮ ਕਾਂਡ ਦੇ ਦੱਸੇ ਕਰਮਾਂ ਤੇ ਬੀ ਅਤੇ ਆਮ ਸ਼ੁਭ ਕਰਮਾਂ ਉਤੇ ਖੀ ਸੀ। ਮਰਦਾਨੇ ਦੇ ਉੱਤਰ ਦੀ ਖਿਝ ਦੀ ਪਰਵਾਹ ਨਾ ਕਰ ਕੇ ਇਸ ਨੇ ਫੇਰ ਪੁੱਛਿਆ:- 'ਸਾਧੂ ਜੀ! ਆਪ ਇਤਨੀ ਗਲ ਤਾਂ ਦੱਸ ਦਿਓ ਕਿ ਆਪ ਅਤੀਤ ਸਾਧੂ ਹੋ? ਕਿਉਂਕਿ ਜਾਪਦੇ ਸਾਧੂ ਹੋ ਪਰ

ਭੇਖ ਅਚਰਜ ਜੇਹਾ ਹੈ'। ਫੇਰ ਮਰਦਾਨੇ ਨੇ ਖਿਝ ਕੇ ਉਤਰ ਦਿੱਤਾ:—
'ਘੜੀ ਘੜੀ ਕੀ ਪੁੱਛਾਂ ਪਿਆ ਪੁਛਨਾ ਏਂ, ਦੇਖ ਲੈ ਜੋ ਹਾਂ ਸੋ ਹਾਂ'।

ਇਹ ਕਹਿ ਕੇ ਮਰਦਾਨੇ ਨੇ ਮੂੰਹ ਫੇਰ ਲਿਆ ਤੇ ਦੜ ਵੱਟ ਗਿਆ। ਰਾਜਾ ਗੁੱਸੇ ਵਿਚ ਨਹੀਂ ਆਇਆ। ਉਸ ਨੇ ਸੋਚਿਆ ਕਿ ਕੋਈ ਬਹੁਤ ਅਤੀਤ ਸਾਧੂ ਹਨ ਤੇ ਨਹੀਂ ਚਾਹੁੰਦੇ ਕਿ ਕੋਈ ਸਾਡੀ ਏਕਾਂਤ ਵਿਚ ਦਖਲ ਦੇਵੇ, ਤਾਂ ਹੀ ਖਿਝ ਕੇ ਬੋਲਦੇ ਹਨ ਕਿ ਮੈਂ ਗੁੱਸੇ ਹੋ ਕੇ ਟੁਰ ਜਾਵਾਂ। ਫੇਰ ਜਦ ਗੁਰੂ ਜੀ ਨੂੰ ਸਮਾਧਿ ਸਥਿਤ ਤੱਕੇ ਤਾਂ ਖਿੱਚ ਪਵੇ ਉਨ੍ਹਾਂ ਦੇ ਚਿਹਰੇ ਦੀ, ਸ਼ੋਭਾ ਸੁਹਣੀ ਲੱਗੇ ਸੁ। ਭਲਾ ਪੁਰਖ ਸੀ, ਨੇਕੀ ਦਾ ਪੁਤਲਾ ਸੀ; ਉਸ ਨੂੰ ਹੁਣ ਕੁਛ ਭਰਮ ਪੈਣ ਲੱਗ ਗਿਆ ਕਿ ਸੁਣ ਰਹੇ ਹਾਂ ਕਿ ਰਾਜਾ ਸੁਧਰ ਸੈਣ ਦੇ ਨਗਰ ਇਕ ਅਚਰਜ ਮੂਰਤੀ ਵਾਲਾ ਕੋਈ ਆਇਆ ਹੈ, ਜਿਸ ਨੇ ਰਾਜੇ ਨੂੰ ਆਪਣਾ ਚੇਲਾ ਕਰ ਲਿਆ ਹੈ, ਤੇ ਉਥੋਂ ਦੇ ਵਡੇ ਵਡੇ ਸਤਿਸੰਗੀ ਝੰਡੇ ਤੇ ਇੰਦਰ ਸੈਣ ਵਰਗੇ ਧਰਮੀ ਉਸ ਦੇ ਚਰਨੀਂ ਲੱਗ ਗਏ ਹਨ। ਉਹ ਭੇਖ ਭੀ ਅਨੂਠਾ ਰਖਦਾ ਹੈ ਤੇ ਤੋਰਾ ਬੀ ਪਰਮਾਰਥ ਦਾ ਕੋਈ ਨਵਾਂ ਹੀ ਤੋਰਦਾ ਹੈ; ਅਤੀਤ ਪੂਰਨ ਹੈ, ਕਿਸੇ ਥਾਂ ਡੇਰਾ ਨਹੀਂ ਪਾਉਂਦਾ, ਕਿਸੇ ਖ਼ਾਤਰ ਦੇ ਵੱਸ ਹੋ ਕੇ ਆਪਣੇ ਰੰਗ ਤੋਂ ਉੱਖੜਦਾ ਨਹੀਂ। ਕੋਈ ਕ੍ਰਿਪਾ ਦ੍ਰਿਸ਼ਟੀ ਐਸੀ ਤੱਕਦਾ ਹੈ ਕਿ ਭਰਮ ਭੈ ਦੂਰ ਹੋ ਜਾਂਦੇ ਹਨ! ਗਲ ਬਾਤ ਕਰੋ ਤਾਂ ਐਸੀ ਨਿਸ਼ਾ ਕਰਦਾ ਹੈ ਕਿ ਕੋਈ ਸ਼ੰਕੇ ਨਹੀਂ ਰਹਿੰਦੇ। ਇਸ ਤਰ੍ਹਾਂ ਦੀਆਂ ਸੁਣੀਆਂ ਗੱਲਾਂ ਸੋਚ ਸੋਚ ਕੇ ਰਾਜਾ ਨੂੰ ਸ਼ੰਕਾ ਫੁਰੇ ਕਿ ਕਿਤੇ ਇਹ ਉਹ ਹੀ ਨਾ ਹੋਣ ਤੇ ਮੈਂ ਕੋਈ ਕਾਹਲੀ ਕਰ ਕੇ ਅਵੱਗਯਾ ਨਾ ਕਰ ਬੈਠਾਂ। ਹੋ ਸਕਦਾ ਹੈ ਕਿ ਆਏ ਹੀ ਮੈਨੂੰ ਤਾਰਨ ਹੋਣ। ਫੇਰ ਸੋਚੇ: ਤੂੰ ਰਾਜਾ ਹੈਂ, ਸਮਝ ਕੇ ਟੁਰ, ਐਵੇਂ ਨਾ ਭਰੋਸਾ ਕਰ ਬੈਠੀਂ, ਮਤਾਂ ਪਿਛੋਂ ਪਸਚਾਤਾਪ ਲੱਗੇ। ਫੇਰ ਸੋਚੇ: ਜੇਰਾ ਠੀਕ ਹੈ ਤੇ ਪਤਾ ਜ਼ਰੂਰ ਲੈ ਕੇ ਅੱਗੇ ਚੱਲਣਾ ਹੈ। ਇਨ੍ਹਾਂ ਸੋਚਾਂ ਵਿਚ ਰਾਜਾ ਸਹਿ ਗਿਆ ਮਰਦਾਨੇ ਦਾ ਖਿਝਵਾਂ ਰੁਖ਼।

ਇਤਨੇ ਨੂੰ ਸ੍ਰੀ ਗੁਰੂ ਜੀ ਦੇ ਨੇਤ੍ਰ ਖੁਲ੍ਹੇ, ਰਾਜੇ ਤੇ ਦ੍ਰਿਸ਼ਟਿ ਪਈ, ਉਸ ਦੇ ਸਰੀਰ ਉਤੇ ਇਕ ਪੁਲਕਾਵਲੀ ਆਈ। ਅਗੇ ਹੋ ਕੇ ਸ੍ਰੀ ਗੁਰੂ ਜੀ ਦੇ ਚਰਨਾਂ ਵਲ ਸੀਸ ਝੁਕਾਇਓਸੁ। ਆਪ ਜੀ ਨੇ ਸੱਜਾ ਹੱਥ ਚਾ ਕੇ ਅਸ਼ੀਰਵਾਦ ਵਾਲੀ ਸੈਨਤ ਦਿੱਤੀ। ਇਹ ਠੰਢ ਪਾ ਕੇ ਰਾਜੇ ਨੇ ਬੇਨਤੀ

ਕੀਤੀ। 'ਹੇ ਅਵਧੂਤ ਅਤੀਤ ਬੀਤਰਾਗ ਮਹਾਂ ਪੁਰਖ ਜੀ! ਕੀਹ ਆਪ ਓਹੀ ਦਾਤਾ ਹੋ ਜਿਨ੍ਹਾਂ ਨੇ ਮੁਧਰ ਸੈਣ ਨੂੰ ਸ਼ਰਣ ਦਿੱਤੀ ਹੈ?"

ਗੁਰੂ ਜੀ— ਸ਼ਰਣ ਦਾਤਾ (ਹੱਥ ਉਪਰ ਨੂੰ ਕਰ ਕੇ) ਉਹੀ ਸ਼ਰਣ ਸੂਰ ਹੈ, ਉਸੇ ਨੇ ਮੇਹਰਾਂ ਕੀਤੀਆਂ ਹਨ।

ਰਾਜਾ— ਓਹ, ਸੁਹਣੇ ਜੀਉ, ਕੌਣ ਹੈ?

ਗੁਰੂ ਜੀ— ਨਿਰੰਕਾਰ।

ਰਾਜਾ (ਖੁਸ਼ੀ ਨਾਲ ਫੇਰ ਮੱਥਾ ਟੇਕ ਕੇ)— ਹਾਂ, ਤੁਸੀਂ ਉਹੀ ਹੋ ਉਹੀ ਹੋ, ਉਸੇ ਨਿਰੰਕਾਰੀ ਦੇ, ਜੋ ਨਿਰੰਕਾਰੀ ਕਹਾਉਂਦੇ ਹੋ— 'ਗੁਰੂ ਨਾਨਕ ਨਿਰੰਕਾਰੀ'! ਹੈਂ! ਮੇਰੇ ਧੰਨਭਾਗ! ਇਸ ਨਗਰੀ ਤੇ ਬੀ ਮੇਹਰ ਕੀਤੀ ਨੇ, ਮੇਹਰ ਕਰੋ, ਨਗਰ ਚੱਲੋ, ਅੰਨ ਪਾਓ, ਭੰਡਾਰਾ ਲਓ, ਦੇਰ ਦੇ ਨਿਰਾਹਾਰ ਬੈਠੇ ਜਾਪਦੇ ਹੋ!

ਸਚ ਮੁਚ ਅਜ ਉਥੇ ਨਿਰਾਹਾਰ ਬੈਠਿਆਂ ਗੁਰੂ ਜੀ ਨੂੰ ਤਿੰਨ ਦਿਨ ਬੀਤ ਗਏ ਸਨ; ਪਰ ਸ਼ਬਦ ਆਧਾਰ ਵਾਲੇ ਗੁਰੂ ਜੀ, ਭੁੱਖ ਤ੍ਰੇਹ ਦੇ ਬਿਜਈ ਗੁਰੂ ਜੀ, ਰਾਜੇ ਨੂੰ ਆਖਣ ਲਗੇ:— ਰਾਜਨ! ਨਿਰੰਕਾਰ ਨੇ ਨਾਮ ਬਖਸ਼ਿਆ ਹੈ, ਉਸ ਦੇ ਉਸ 'ਨਾਮ' ਨੇ ਰਜਾ ਦਿੱਤਾ ਹੈ ਕੱਜ ਦਿੱਤਾ ਹੈ, ਅਪਨਾਅ ਜੁ ਲਿਓਸੁ।

ਰਾਜਾ— ਨਾਮ? ਨਾਮ ਕੀਹ? ਹੈਂ ਕਿਵੇਂ ਰੱਜ ਕੱਜ ਦਿਤਾ ਸੁ, ਕਿਸ ਨੇ?

ਗੁਰੂ ਜੀ— 'ਨਾਮ' ਸਦਾ ਸੰਗੀ 'ਨਾਮ'। 'ਸਤਿਸੰਗ' ਸੰਤਾਂ ਦਾ ਸੰਗ। ਸੰਤ ਕ੍ਰਿਪਾ ਦਾ 'ਭੋਜਨ'। 'ਸਤਜ' ਦਾ ਸਦਾ ਸੀਤਲ ਜਲ। 'ਅੰਗ ਸੰਗ ਬ੍ਰਹਮ' ਦਾ ਸਦੈਵੀ ਕੱਜਣ। ਰਾਜਾ! ਇਹ ਹੈ ਸਦਾ ਸੰਗੀ। ਦ੍ਰਿਸ਼ਟਾ ਪਦ ਹੈ ਸਦਾ ਥਿਰ। ਹੋਰ ਪਸਾਰਾ ਸਭ ਨਾਸ਼ਮਾਨ ਹੈ! ਇਕੋ ਰਹੇਗਾ ਸਦਾ ਨਿਰੰਕਾਰ(ਇਹ ਸਾਰ ਹੈ ਉਸ ਉੱਤਰ ਦਾ ਜੋ ਗੁਰੂ ਜੀ ਨੇ ਦਿੱਤਾ। ਇਹ ਉੱਤਰ ਜਨਮ ਸਾਖੀ ਤੇ ਸ੍ਰੀ ਗੁ:ਨਾ:ਪ੍ਰਕਾਸ਼ ਵਿਚ ਦਿੱਤਾ ਹੈ। ਪਰ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ, ਤਾਂਤੇ ਗੁਰਬਾਣੀ ਨਹੀਂ। ਕਿਸੇ ਲੇਖਕ ਨੇ ਗੁਰੂ ਕੇ ਵਾਕ ਨੂੰ ਉਨ੍ਹਾਂ ਦੇ ਨਾਉਂ ਤੇ ਅਪਣੀ ਰਚਨਾ ਵਿਚ ਇਸ ਨੂੰ ਰਚਿਆ ਜਾਪਦਾ ਹੈ, ਜੋ ਐਉਂ ਹੈ:- ਏਕ ਭੰਡਾਰਾ ਨਾਮ ਕਾ ਜਿਨ ਸਭ ਕਿਛੁ ਦੀਆ॥ਭੂਖ ਨੰਗ ਸਭ ਛੀਨ ਕੇ ਅਪਨਾ ਕਰ ਲੀਆ॥1॥ ਐਸਾ

ਨਾਮੁ ਨ ਛੋਡੀਐ ਸਦ ਸੰਗੁ ਹਮਾਰੇ॥ ਲੇਖਾ ਕੋਇ ਨ ਪੂਛਈ ਮਨ ਮੀਤ ਪਿਆਰੇ॥1॥ਰਹਾਉ॥ ਭੋਜਨ ਉਤਮ ਹਮ ਕੀਆ ਸੰਤਨ ਪਰਸਾਦਿ॥ ਜਲ ਸੀਤਲ ਸਤ ਕਾ ਪੀਆ ਹਿਰਦੇ ਮਹਿ ਸਾਂਤਿ॥2॥ ਬਸਤਰ ਬ੍ਰਹਮ ਪਛਾਨਿਆ ਕਾਂਇਆ ਕੇ ਸੰਗ॥ ਲਖ ਚਉਰਾਸੀ ਏਕ ਹੈ ਹੂਏ ਨਿਰਭੰਗ॥3॥ ਨਾਨਕ ਕਹੇ ਗਜਿੰਦ੍ਰ ਸੁਣ ਸਭ ਝੂਠ ਪਸਾਰਾ॥ ਦ੍ਰਿਸ਼ਟਮਾਨ ਸਭ ਬਿਨਸੁ ਜਾਇ ਰਹਿ ਏਕੰਕਾਰਾ॥4॥)। ਭੋਜਨ ਨਾਮੁ ਨਿਰੰਜਨ ਸਾਰੁ॥ ਪਰਮਹੰਸੁ ਸਚੁ ਜੋਤਿ ਅਪਾਰ॥ ਜਹ ਦੇਖਉ ਤਹ ਏਕੰਕਾਰੁ॥ (ਗਉੜੀ ਮ:1, ਅਸਟ:— 15)

ਵਾਹਿਗੁਰੂ ਦਾ 'ਨਾਮ' ਉੱਤਮ ਭੋਜਨ ਹੈ, ਜੋ ਇਹ ਭੋਜਨ ਖਾਏ ਉਹ ਪਰਮਹੰਸ ਹੈ, ਉਸ ਨੂੰ ਸੱਚੀ ਜੋਤ ਦਿੱਸਦੀ ਹੈ। ਜਿਧਰ ਦੇਖਦਾ ਹਾਂ ਇਕੋ ਇਕ ਦਿਸਦਾ ਹੈ।

ਰਾਜਾ— ਹੇ ਅਤੀਤ ਰਾਜ! ਮੈਂ ਬ੍ਰਹਮਨ ਹਾਂ। ਬ੍ਰਹਮਨਾਂ ਦਾ ਸਤਿਕਾਰ ਕਰਦਾ ਹਾਂ, ਮੈਨੂੰ ਸਿੱਖਿਆ ਮਿਲੀ ਹੈ ਕਰਮ ਕਾਂਡ ਅਨੁਸਾਰ 'ਕਰਮ ਧਰਮ ਦੀ', ਸੋ ਮੈਂ ਕਮਾਈ ਕੀਤੀ ਹੈ ਕਰਮ ਕਾਂਡ ਦੀ। ਇਸ ਤੋਂ ਛੁੱਟ ਮੈਂ ਕਮਾਈ ਕੀਤੀ ਹੈ 'ਆਮ ਸ਼ੁਭ ਕਰਮਾਂ' ਦੀ, ਨੇਕੀ ਦੀ। ਕਰਮ ਧਰਮ, ਸਦਾਚਾਰੀ ਕਰਮ (ਇਖ਼ਲਾਕੀ ਕੰਮ) ਮੈਂ ਕਮਾਏ ਹਨ। ਜਿਥੋਂ ਤਕ ਬਣ ਪਿਆ ਹੈ ਮੈਂ ਹੋੜਿਆ ਹੈ ਆਪ ਨੂੰ ਮਾੜੇ ਕਰਮਾਂ ਤੋਂ, ਤੇ ਜਿਥੋਂ ਤਕ ਯਾਦ ਹੈ ਨਹੀਂ ਕੀਤੇ। ਸ਼ਿਕਾਰ ਚੜ੍ਹਦਾ ਹਾਂ, ਰਾਜੇ ਦਾ ਧਰਮ ਹੈ ਅਖੇੜ ਬ੍ਰਿਤੀ। ਪਰਜਾ ਤੇ ਡਰ ਨਹੀਂ ਰਹਿੰਦਾ ਜੇ ਰਾਜਾ ਢਿੱਲਾ ਪੈ ਜਾਏ ਤਾਂ। ਪਰ ਮੈਂ ਜਿਥੋਂ ਤਕ ਬਣ ਪਵੇ ਦੇਰ ਦੇਰ ਮਗਰੋਂ ਚੜ੍ਹਦਾ ਹਾਂ। ਕਾਨਨ ਦੀ ਸੈਰ, ਦੌੜ ਧੂਪ ਕਰ ਕੇ ਆ ਜਾਂਦਾ ਹਾਂ। ਰਾਜ ਪਦ ਦੀ ਮਜਬੂਰੀ ਸ਼ਿਕਾਰ ਚੜ੍ਹਦਾ ਹਾਂ। ਤੁਸੀਂ ਦੱਸੋ ਮੇਰੀ ਕਲਿਆਣ ਹੋ ਜਾਏਗੀ? ਇਹੀ ਅਭਿਲਾਖ ਹੈ।

ਗੁਰੂ ਜੀ— ਅਭਿਲਾਖ ਹੋਰ ਹੈ ਤੇ ਸਾਧਨ ਹੋਰ ਹਨ!

ਰਾਜਾ— ਸ਼ੁਭ ਕਰਮ ਕਰਨੇ ਮਾੜੇ ਹਨ? ਸ਼ਾਸਤ੍ਰਾਂ ਵਿਚ ਦੱਸੇ ਧਰਮ ਦੇ ਕਰਮ ਠੀਕ ਨਹੀਂ ਹਨ?

ਗੁਰੂ ਜੀ— ਨਹੀਂ। ਸ਼ੁਭ ਕਰਮ ਸ਼ੁਭ ਕਰਮ ਹਨ।

ਰਾਜਾ— ਫੇਰ ਸਾਧਨ ਤੇ ਅਭਿਲਾਖ ਭਿੰਨ ਕਿਵੇਂ ਹਨ?

ਗੁਰੂ ਜੀ— ਰਾਜਾ! ਕਰਮ ਕਲਜਾਣ ਲਈ ਅਸਮਰੱਥ ਹਨ। ਕਰਮ 'ਸ਼ੁਭ ਅਸ਼ੁਭ ਜਨਮ', 'ਸਰੀਰ' ਤੇ 'ਸੁਖ ਦੁਖ' ਤ੍ਰੈ ਚੀਜ਼ਾਂ ਦੇ ਦਾਤੇ ਹਨ?


www.sikhbookclub.com

ਰਾਜਾ— ਕੀਹ ਕਲਜਾਨ ਦੇ ਦਾਤੇ ਨਹੀਂ?

ਗੁਰੂ ਜੀ— ਕਲਜਾਣ 'ਹਉਂ ਦੇ ਤਜਾਗ' ਦੇ ਸਾਧਨਾਂ ਨਾਲ ਮਿਲਦੀ ਹੈ।

ਰਾਜਾ— ਜੇ ਕਰਮ ਸਾਰੇ ਸ਼ੁਭ ਹੋ ਗਏ ਤਾਂ ਫੇਰ ਕਿਸ ਕਰਮ ਦੇ ਬਦਲੇ ਜਨਮ ਮਿਲੂ?

ਗੁਰੂ ਜੀ— ਜਿਸ ਹਉਂ ਨੂੰ ਧਾਰ ਕੇ ਸ਼ੁਭ ਕਰਮ ਕੀਤੇ, ਉਹ ਹਉਮੈਂ ਜਨਮ ਵਿਚ ਲੈ ਆਊ।

ਰਾਜਾ— ਹੱਛਾ!

ਗੁਰੂ ਜੀ— ਇਹ ਗੱਲ ਕਿ ਕਰਮ ਸਾਰੇ ਸ਼ੁਭ ਹੋ ਜਾਣ ਇਹ ਬੀ ਵੀਚਾਰ ਮਾਤ੍ਰ ਹੈ। ਜੀਵ ਤੋਂ ਭੋਲ ਅਨਭੋਲ ਕਈ ਕਰਮ ਮਾੜੇ ਹੋ ਹੀ ਜਾਂਦੇ-ਹਨ!

ਰਾਜਾ ਸੋਚੀਂ ਪੈ ਗਿਆ:— ਠੀਕ! ਕੋਈ ਨਾ ਕੋਈ ਹੋ ਈ ਜਾਂਦਾ ਏ। ਇੰਨੇ ਨੂੰ ਗੁਰੂ ਜੀ ਫੇਰ ਬੋਲੇ:

ਰਾਜਨ! ਕਰਮ ਕਾਂਡ ਦੇ ਦੱਸੇ ਕਰਮ ਕਰੀ ਦੇ ਹਨ, ਉਨ੍ਹਾਂ ਦੇ ਫਲ ਨਾਲ ਲਿਖੇ ਹਨ, ਉਹ ਹਨ: ਸੁਰਗੀ ਨਿਵਾਸ, ਉੱਚ ਕੁਲ ਜਨਮ, ਸੰਸਾਰ ਦੇ ਸੁਖ। ਕਿਉਂਕਿ ਓਹ ਕਰਮ ਕਰੀਦੇ ਹਨ ਫਲ ਦੀ ਵਾਸ਼ਨਾ ਨਾਲ, ਸੋ ਵਾਸ਼ਨਾ ਕਾਇਮ ਰਹੀ। ਕਰਾਉਣ ਵਾਲੀ ਹਉਮੈ ਬੀ ਅੰਦਰ ਬਣੀ ਰਹੀ, ਤੇ 'ਫਲ ਦੀ ਵਾਸ਼ਨਾ' ਗੇੜ ਵਿਚ ਰਖਣ ਵਾਲੀ ਬੀ ਅੰਦਰ ਬਣੀ ਰਹੀ, ਕਲਜਾਣ ਕੀਕੂੰ ਮਿਲੇ?

ਫਿਰ ਜੋ ਕਰਮ ਧਰਮ— ਸ਼ੁਭ ਕਰਮ— ਕਰੀਦੇ ਹਨ ਤੇ ਸਮਝੀਦਾ ਹੈ ਕਿ ਇਹ ਕਲਜਾਣ ਲਈ ਕਾਫੀ ਹਨ, ਇਹ ਬੀ ਭੁੱਲ ਹੈ। ਸਾਰੇ ਕਰਮ ਕਿਤਨੇ ਬੀ ਸ਼ੁਭ ਹੋਣ 'ਹਉਮੈ' ਦੇ ਆਸਰੇ ਕਰੀਦੇ ਹਨ, ਜਿਉਂ ਜਿਉਂ ਕਰਮ ਕਰੀਦੇ ਹਨ, ਅੰਦਰ ਬੇਮਲੂਮੇ ਹਉਮੈ ਵਧਦੀ ਹੈ(ਕਰਮ ਕਰਤ ਬਧੇ ਅਹੰਮੇਵ॥— ਗਉੜੀ ਕਬੀਰ ਜੀ— 6)। ਕਿਸੇ ਨੂੰ ਆਪਣਾ ਮਨ ਖੋਜਣ ਦਾ ਸੁਭਾਵ ਨਹੀਂ, ਸਭ ਕੋਈ ਦੂਜਿਆਂ ਦੇ ਅਵਗੁਣ ਤੱਕਦਾ ਹੈ। ਆਪਣੇ ਦੇਖਣ ਦੀ ਸ਼ੁਭ ਵਾਦੀ ਕਿਸੇ ਨੂੰ ਨਹੀਂ ਸਿਖਾਈ ਜਾਂਦੀ। ਇਸ ਕਰ ਕੇ ਕਰਮ ਧਰਮ ਕਰਨ ਵਾਲੇ ਦੇ ਅੰਦਰ ਹਉਂ ਵਧਦੀ ਹੀ ਜਾਂਦੀ ਹੈ। ਫੇਰ ਰਾਜਾ! ਤੁਹਾਡੇ ਦਿਲ ਦੀ ਤੁਸੀਂ ਜਾਣੋਂ। ਰਾਜੇ ਲੋਕ ਕਿਸੇ ਨਮਿਤ ਨੂੰ,

ਕਿਸੇ ਪਰਥਾਇ ਨੂੰ ਕਰਮ ਧਰਮ ਕਰਦੇ ਹਨ। ਦਿਲ ਵਿਚ ਆਸ਼ਾ ਰਖਕੇ ਦਾਨ ਕਰਦੇ ਹਨ। ਇਸ ਤਰ੍ਹਾਂ ਕਲਜਾਣ ਕਿਵੇਂ ਮਿਲੇ? ਕਿਉਂਕਿ 'ਨਮਿਤ' ਤੇ 'ਆਸ' ਨੇ ਤਾਂ ਉਨ੍ਹਾਂ ਕਰਮਾਂ ਧਰਮਾਂ ਦਾ ਮੁੱਲ ਰਾਵਾ ਦਿੱਤਾ। ਐਸੇ ਕਰਮਾਂ ਦੇ ਕਰਨੇ ਨਾਲ ਥਕਾਨ ਪੱਲੇ ਪੈਂਦਾ ਹੈ(ਰਾਜੇ ਧਰਮ ਕਰਹਿ ਪਰਥਾਏ॥ ਆਸਾ ਬੰਧੇ ਦਾਨੁ ਕਰਾਏ॥ ਰਾਮ ਨਾਮ ਬਿਨੁ ਮੁਕਤਿ ਨ ਹੋਈ ਥਾਕੇ ਕਰਮ ਕਮਾਈ ਹੇ॥9॥— ਮਾਰੂ ਮਹਲਾ 1, ਸੋਲਹਾ— 4)।

ਰਾਜਾ (ਹੈਰਾਨ ਹੋ ਕੇ)·-- ਫੇਰ ਮਹਾਰਾਜ ਜੀ! ਕੀ ਕਰਮ ਧਰਮ ਬਿਰਥਾ ਵਸਤੂ ਹਨ, ਏਹ ਨਹੀਂ ਕਰਨੇ ਚਾਹੀਏ?

ਗੁਰੂ ਜੀ— ਰਾਜਾ! ਦੇਹ ਧਾਰ ਕੇ ਕੌਣ ਹੈ ਜੋ ਕਰਮ ਰਹਿਤ ਹੋ ਸਕਦਾ ਹੈ? ਕਰਮ ਅਵੱਸ਼ਮੇਵ ਹਰੇਕ ਨੇ ਕਰਨਾ ਹੈ, ਚਾਹੋ ਭਲਾ ਹੋਵੇ ਚਾਹੋ ਬੁਰਾ, ਚਾਹੋ ਨਾ ਭਲਾ ਨਾ ਬੁਰਾ। ਫਿਰ ਕਰਮ ਨੇ ਫਲ ਦੇਣਾ ਹੈ, ਫਲ ਸੁਖ ਦੁਖ ਹੋਣਾ ਹੈ। ਸੁਖ ਵਾਂਛਤ ਸ਼ੈ ਹੈ, ਦੁਖ ਵਾਂਛਤ ਨਹੀਂ। ਇਸ ਕਰ ਕੇ ਸ਼ੁਭ ਕਰਮ ਕਰਨਾ ਚਾਹੀਏ, ਪਰ ਇਸ ਨੂੰ ਕਲਜਾਣ ਲਈ ਅਸਮਰਥ ਸਮਝਣਾ ਚਾਹੀਏ, ਕਿਉਂਕਿ ਇਹ ਹਉਮੈ ਦੀ ਖੇਲ ਹੈ ਤੇ ਕਲਜਾਣ ਹਉਮੈ ਤੋਂ ਪਰੇ ਹੈ।

ਰਾਜਾ— ਫੇਰ ਸ਼ੁਭ ਕਰਮ ਦਾ ਏਤਨਾ ਹੀ ਫਲ ਹੈ ਕਿ ਇਸਦੇ ਬਦਲੇ ਸੁਖ ਮਿਲਦਾ ਹੈ?

ਗੁਰੂ ਜੀ— ਨਹੀਂ, ਇਸ ਤੋਂ ਵੱਧ ਬੀ ਹੈ, ਜੇ ਕਰਮ ਕਰੇ ਨਿਸ਼ਕਾਮ(ਕਰਮ ਕਰਤ ਹੋਵੈ ਨਿਹਕਰਮ॥ ਤਿਸੁ ਬੈਸਨੋ ਕਾ ਨਿਰਮਲ ਧਰਮ॥-ਗਉੜੀ ਸੁਖਮਨੀ ਮ:5, 9-2) ਤਾਂ ਫਿਰ ਇਸ ਦਾ ਅੰਤਹਕਰਣ ਸ਼ੁਧ ਹੁੰਦਾ ਹੈ ਤੇ ਇਸ ਨੂੰ ਨਾਮ ਪ੍ਰਾਪਤ ਹੁੰਦਾ ਹੈ(ਕਰਮ ਕਰਤੂਤਿ ਅੰਮ੍ਰਿਤ ਫਲੁਲਾਗਾ ਹਰਿ ਨਾਮ ਰਤਨੁ ਮਨਿ ਪਾਇਆ॥7॥-ਮਾਰੂ ਮ:1 ਸੋਲਹਾ 28) ਪੁਨਾ:-- ਕਰਮ ਕਰਤੂਤਿ ਬੇਲਿ ਬਿਸਥਾਰੀ ਰਾਮ ਨਾਮੁ ਫਲੁ ਹੂਆ॥ ਆਸਾ ਮ:1-8)

ਰਾਜਾ— ਫੇਰ ਕਰਮ-ਸ਼ੁਭ ਕਰਮ-ਕਰਨਾ ਹੋਇਆ। ਆਪ ਨੇ ਹੁਣੇ ਫੁਰਮਾਇਆ ਸੀ ਕਿ ਕਰਮ ਕਲਜਾਣ ਲਈ ਅਸਮਰਥ ਹੈ। ਸੋ ਮੈਂ ਸਮਝਿਆ ਸੀ ਕਿ ਨਿਸ਼ਫਲ ਹੋਇਆ, ਕਰਮ ਕਉਡੀ ਦੇ ਕੰਮ ਦਾ ਨਾ ਹੋਇਆ।

ਗੁਰੂ ਜੀ— ਠੀਕ ਬੀ ਨਹੀਂ ਤੇ ਠੀਕ ਬੀ ਹੈ। ਰਾਜਾ! ਇਕ ਦ੍ਰਿਸ਼ਟਾਂਤ ਸੁਣ-ਜਿਵੇਂ ਸ਼ੂਨ (0 ਬਿੰਦੀ) ਇਕ ਤਰ੍ਹਾਂ ਨਿਸ਼ਫਲ ਹੈ, ਗਣਤ ਵਿਦਜਾ

ਵਿਚ ਇਸ ਦਾ ਕੁਛ ਮੁੱਲ ਨਹੀਂ। ਪਰ ਇਕ ਤਰ੍ਹਾਂ ਇਸ ਦੀ ਸਮਰੱਥਾ ਦਹਿ ਗੁਣੀ ਹੈ।

ਰਾਜਾ— ਕਿਵੇਂ?

ਗੁਰੂ ਜੀ— ਰਾਜਨ! ਇਕ ਕਾਗਜ਼ ਪਰ ਸ਼ੂਨ ਅਰਥਾਤ ਬਿੰਦੀਆਂ ਇਕ ਦੋ ਚਾਰ ਸੌ ਹਜ਼ਾਰ, ਦਸ ਹਜ਼ਾਰ ਤਕ ਲਿਖੀ ਚਲੋ ਉਹਨਾਂ ਦੀ ਕੀਮਤ ਕੱਖ ਨਹੀਂ ਬਣਦੀ ਤੇ ਜੇ ਪਹਿਲੇ ਕੋਈ ਅੰਗ ਏਕਾ ਕਿ ਦੂਆ ਲਿਖ ਲਓ ਫਿਰ ਹਰ ਸ਼ੂਨ ਨਾਲ ਦਹਿਗੁਣਾਂ ਕੀਮਤ ਵਧਦੀ ਜਾਂਦੀ ਹੈ। ਯਥਾ:- '1' ਇਕ ਤੇ ਸ਼ੂਨ ਲਗਾਣੇ ਪਰ '10' ਦਸ ਹੈ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ; ਗੁਰੂ ਜੀ ਨੇ ਫੁਰਮਾਇਆ:-

**ਜੋ ਇਕਾਂਗ ਪਰ ਲਿਖਿ ਹੈਂ ਸ਼ੂਨਾ॥**
**ਸ਼ੂਨ ਸ਼ੂਨ ਤੇ ਹ੍ਵੈ ਦਸ ਗੂਨਾ॥**
**ਤਿਉਂ ਜੇ ਨਾਮ ਸੰਗ ਤਪ ਤਾਪਹਿਂ॥**
**ਪੂਜਾ ਬ੍ਰੱਤ ਨੇਮ ਜਪ ਜਾਪਹਿਂ॥੩੪॥**
**ਸੋ ਦਸ ਗੁਨਾਂ ਅਧਿਕ ਫਲ ਪਾਵਹਿਂ॥**
**ਹੋਹਿਂ ਮੁਕਤਿ ਜਮ ਸੰਗ ਨ ਜਾਵਹਿਂ॥**
**ਅਹੈ ਸ਼ਿਰੋਮਣਿ ਸਭਿ ਕੌ ਨਾਮੂ॥**
**ਸਿਮਰਹੁ ਸਦਾ ਆਨ ਤਜਿ ਕਾਮੂ॥੩੫॥**

ਸੋ ਰਾਜਨ! ਜੋ ਕਰਮ ਧਰਮ ਕਰ ਕੇ ਮੁਕਤਿ ਮੰਗਦੇ ਹਨ ਓਹ ਭੁੱਲ ਤੇ ਹਨ, ਜੋ ਨਾਮ ਵਿਚ ਆ ਜਾਂਦੇ ਤੇ ਨਿਰੰਕਾਰ ਦੀ ਸਲਾਹੁਤ ਵਿਚ ਜੁੜਦੇ ਹਨ ਅਤੇ ਇਹ ਜਾਚਾਂ ਗੁਰੂ ਤੋਂ ਸਿਖਦੇ ਹਨ, ਓਹ ਮੁਕਤ ਨੂੰ ਪ੍ਰਾਪਤ ਹੁੰਦੇ ਹਨ। ਹੋਰ ਕਰਮ(ਕਰਮ ਧਰਮ ਕਰਿ ਮੁਕਤਿ ਮੰਗਾਹੀ॥ ਮੁਕਤਿ ਪਦਾਰਥੁ ਸਬਦਿ ਸਲਾਹੀ॥ ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ॥10॥ -ਮਾਰੂ ਮਹਲਾ 1 ਸੋਲਹਾ-4) ਕਮਾਉਣੇ ਸਭ ਜਗਤ ਲੀਲਾ ਵਿਚ ਭ੍ਰਮਣਾ ਹੈ। ਪਰ ਨਾਮ ਸਿਮਰਣ ਵਾਲੇ ਦੇ ਕੀਤੇ ਸ਼ੁਭ ਕਰਮ ਦਸ ਗੁਣਾਂ ਫਲਦੇ ਹਨ ਕਿਉਂਕਿ ਉਹ ਆਪਣੇ ਅੰਦਰ ਸ਼ੁਭ ਕਰਮ ਨੂੰ ਅਪਣੀ ਗਰਜ਼ ਲਈ ਫਲ ਦੀ ਪ੍ਰਾਪਤੀ ਲਈ ਨਹੀਂ ਕਰਦਾ, ਉਹ ਹਰੀ ਸਿਮਰਣ ਵਿਚ ਲਗਾ ਹਰੀ ਨੂੰ ਆਰਾਧ ਰਿਹਾ ਹੈ, ਉਸ ਦਾ ਨਿਸ਼ਾਨਾ ਹੁਣ ਹਰੀ

ਪ੍ਰਾਪਤੀ ਹੈ ਤੇ ਨਾਮ ਸਿਮਰਣ ਜੋ ਉਸਦਾ ਹੈ ਉਹ ਹਰੀ ਨਾਲ ਪ੍ਰੇਮ ਹੈ। ਹੁਣ ਉਹ ਜੋ ਸ਼ੁਭ ਕਰਮ ਕਰਦਾ ਹੈ ਹਰੀ ਨੂੰ ਅਰਪਨ ਕਰਦਾ ਹੈ। ਗ਼ਰਜ਼, ਫਲ ਵਾਸ਼ਨਾਂ ਆਦਿ ਤੋਂ ਸ਼ੂਨ ਕੀਤੇ ਸ਼ੁਭ ਕਰਮ ਨਾਮ ਨਾਲ ਮਿਲਕੇ ਦਹਿ ਗੁਣਾਂ ਕੀਮਤ ਵਧਾ ਦੇਂਦੇ ਹਨ। ਸੋ ਸਮਝ ਲੈ ਰਾਜਾ! ਜੋ ਸ਼ੁਭ ਕਰਮ ਪਹਿਲੋਂ ਹੀ ਨਿਸ਼ਕਾਮ ਹੋ ਕੇ ਕਰੇਗਾ ਉਸ ਦਾ ਅੰਤਹਕਰਣ ਸ਼ੁਧ ਹੁੰਦਾ ਜਾਏਗਾ। ਉਸ ਨੂੰ ਅੰਤ ਨਾਮ ਪ੍ਰਾਪਤ ਹੋਵੇਗਾ। ਜਿਸ ਨੂੰ ਨਾਮ ਪ੍ਰਾਪਤ ਹੈ ਤੇ ਉਹ ਸ਼ੁਭ ਕਰਮ ਕਰਦਾ ਹੈ, ਉਸ ਦੇ ਅੰਤਹਕਰਣ ਤੇ ਸ਼ੁਭ ਕਰਮਾਂ ਦਾ ਅਸਰ ਵਧੇਰੇ ਸਫਾਈ ਦਾ ਪਏਗਾ। ਇਉਂ ਸ਼ੁਭ ਕਰਮ ਮਨ ਦੀ ਸਫਾਈ ਰੱਖਣਗੇ। ਸਾਫ ਮਨ ਵਿਚ ਨਾਮ ਛੇਤੀ ਮੌਲੇਗਾ, ਪ੍ਰੇਮ ਵਧਦਾ ਜਾਏਗਾ। 'ਸਫਾ ਮਨ' ਸੁਤੇ ਨਿਰਯਤਨ ਵੈਰਾਗ ਵਿਚ ਹੁੰਦਾ ਹੈ। ਨਾਮ ਵਾਲਾ ਮਨ ਵੈਰਾਗੀਆ ਚਾਉ ਵਿਚ ਹੁੰਦਾ ਹੈ, ਖੇੜੇ ਵਿਚ ਹੁੰਦਾ ਹੈ।

ਰਾਜਾ (ਲੰਮਾ ਸਾਹ ਲੈ ਕੇ)— ਕੈਸਾ ਸੁਹਣਾ ਸਮਝਾਯਾ ਨੇ, ਪਰ ਜੀਓ! ਮਨ ਬੜਾ ਮਾੜਾ ਹੈ, ਇਹ ਤਾਂ ਹਰਿਆਰ ਪਸ਼ੂ ਵਾਂਙੂ ਹਰੇ ਪੱਠੇ ਦੇ ਮਗਰ ਹਲ ਗੱਡੇ ਵਿਚੋਂ ਨੱਠ ਕੇ ਬੀ ਜਾ ਪੈਂਦਾ ਹੈ।

ਗੁਰੂ ਜੀ— ਹਰਿਆਰ ਮਨ ਲਈ ਇਹ ਨਾਮ ਡਹੇ ਦਾ ਕੰਮ ਦੇਂਦਾ ਹੈ। ਡਹਿਆ ਜਾਣਦੇ ਹੋ? ਇਕ ਲਕੜੀ ਦੇ ਟੁਕੜੇ ਨੂੰ ਆਖੀਦਾ ਹੈ ਜੋ ਜ਼ਿਮੀਦਾਰ ਪਸ਼ੂ ਦੇ ਗਲ ਵਿਚ ਛੇਕ ਪਾ ਕੇ ਰੱਸੀ ਨਾਲ ਲਟਕਾ ਦੇਂਦਾ ਹੈ। ਜਦ ਪਸ਼ੂ ਹਰੇ ਪੱਠੇ ਵਲ ਦੌੜਦਾ ਹੈ ਤਾਂ ਇਹ ਗੋਡਿਆਂ ਤੇ ਵਜਦਾ ਹੈ, ਗੋਡੇ ਪੀੜ ਕਰਦੇ ਹਨ, ਐਉਂ ਉਹ ਭਜਣੋਂ ਹਟ ਖੜੋਂਦਾ ਹੈ। ਇਸੀ ਤਰ੍ਹਾਂ ਜੋ ਪੁਰਸ਼ ਨਿਰੰਕਾਰ ਦਾ 'ਨਾਮ' ਜਪਦਾ ਹੈ, ਉਸਦਾ ਜਪ ਉਸ ਦੇ ਮਨ ਦੀ 'ਤਵੱਜੋ' ਉਤੇ ਵਜਦਾ ਹੈ। ਜਪਣ ਵਾਲੇ ਨੂੰ ਖਯਾਲ ਫੁਰਦਾ ਹੈ ਕਿ ਮਨ ਤਾਂ ਮੇਰਾ ਦੌੜ ਰਿਹਾ ਹੈ ਤੇ ਮੈਂ ਨਾਮ ਜਪ ਰਿਹਾ ਹਾਂ, ਮੈਂ ਮਨ ਨੂੰ ਜਾਪ ਵਿਚ ਜੋੜਾਂ। ਬਾਰ ਬਾਰ ਇਹ ਸੋਚ ਦੀ ਸੱਟ ਵੱਜ ਵੱਜ ਕੇ ਮਨ ਦੌੜਨੋਂ ਰੁਕਦਾ ਹੈ। ਇਸ ਤਰ੍ਹਾਂ ਮਨ ਦੇ ਅਨੇਕਾਂ ਫੁਰਨਿਆਂ ਵਿਚ ਨਾਮ ਦਾ ਫੁਰਨਾ ਤਵੱਜੋ ਨੂੰ-ਧਯਾਨ ਨੂੰ-ਸੱਟਾਂ ਮਾਰਦਾ ਤੇ ਅਪਣੇ ਵਲ ਖਿੱਚਦਾ ਹੈ।

ਯਥਾ:-

**ਮਧੁਰ ਬੈਨ! ਸੁਨੀਏ ਮਨ ਐਸਾ॥**
**ਹੋਤ ਪਸੂ ਹਰਿਆਇਓ ਜੈਸਾ॥੧॥** (ਜਿਵੇਂ ਹਰਿਆਰ ਪਸ਼ੂ ਹੁੰਦਾ ਹੈ)
**ਨਿਜ ਸਥਾਨ ਕੋ ਤਜਿ ਤਜਿ ਜਾਈ॥**
**ਕ੍ਰਿਖੀ ਬਿਖੈ ਮਹਿ ਪਰ ਹੇ ਧਾਈ॥੩੬॥**
[ਵਿਸ਼ਿਆਂ ਰੂਪ (ਹਰੀ) ਖੇਤੀ ਵਿਚ ਜਾ ਪੈਂਦਾ ਹੈ ਦੌੜ ਕੇ (ਮੱਲੋ ਮੱਲੀ)]
**ਕਾਠ ਭਾਰ ਗੁਰ ਸ਼ਬਦ ਮਹਾਨਾ॥**
(ਗੁਰ ਸ਼ਬਦ ਰੂਪੀ ਕਾਠ ਦੇ ਬਣੇ ਡਹੇ ਦਾ ਭਾਰ ਬਹੁਤ ਹੁੰਦਾ ਹੈ)
**ਜਿਨ ਗਰ** (ਗਲ ਵਿਚ) **ਪਾਇ ਸੁ ਧਾਰਨ ਠਾਨਾ** (ਧਾਰਨ ਕੀਤਾ ਹੈ)॥
**ਬਹੁਰ ਨ ਦੌਰਹਿ, ਕਰਿ ਅਨੁਮਾਰੈ॥**
**ਸੋ ਹਰਿ ਦਰਗਹਿ ਜਾਹਿੰ ਸੁਖਾਰੇ॥੩੭॥**

ਇਹ ਵਾਕ ਕਹਿਕੇ ਬਾਬਾ ਜੀ ਦੇ ਨੈਣ ਅਰਸ਼ਾਂ ਵਲ ਉਠ ਗਏ, ਫੇਰ ਬੰਦ ਹੋ ਗਏ। ਹੁਣ ਖੁੱਲ੍ਹਿਆ ਸੁਹਣਾ ਗਲਾ, ਅਰਸ਼ਾਂ ਦੇ ਰਾਗ ਅਲਾਪਣ ਵਾਲਾ, ਸੁਰ ਛਿੜੀ ਪ੍ਰਭਾਤੀ ਦੀ। ਮਰਦਾਨਾ ਬੀ ਹੁਣ ਉਪਦੇਸ਼, ਗੁਰ ਉਪਦੇਸ਼-ਗੁਰ ਸ਼ਬਦੁ-ਦੀ ਸੱਤਿਆ ਨਾਲ, ਨਾਮ ਆਧਾਰ ਵਿਚ ਆ ਗਿਆ ਸੀ, ਭੁੱਖ ਦੀ ਖੋਹ ਮਿਟ ਗਈ ਸੀ, ਆਪਣੇ ਪਿਆਰੇ ਦੀ ਸੁਰ ਸਿਆਣ ਗਿਆ ਤੇ ਸਮਝ ਗਿਆ ਸੀ ਕਿ ਗੁਰੂ ਜੀ ਨੂੰ ਸ਼ਬਦ ਸਫੁਰਨ ਹੋ ਰਿਹਾ ਹੈ; ਸੁਖੀ ਵਧੇਰੇ ਹੋਣਗੇ ਜੇ ਮੈਂ ਰਬਾਬ ਦੀ ਮਿੱਠੀ ਟੁੰਕਾਰ ਛੇੜਦਿਆਂ ਤਾਂ। ਸੋ ਰਬਾਬ ਹੱਥ ਵਿਚ ਲੈ ਕੇ ਲਗਾ ਟੁੰਕਾਰਾਂ ਦੇਣ ਪ੍ਰਭਾਤੀ ਦੀਆਂ। ਉਧਰੋਂ ਛਿੜ ਪਿਆ ਇਲਾਹੀ ਨਾਦ ਗੁਰੂ ਬਾਰੇ ਦੇ ਮਿਠੇ ਪਜਾਰੇ ਗਲੇ ਤੋਂ-

**ਪ੍ਰਭਾਤੀ ਮਹਲਾ ੧॥ ਰਾਮ ਨਾਮੁ ਜਪਿ ਅੰਤਰਿ ਪੂਜਾ॥ ਗੁਰ ਸਬਦੁ ਵੀਚਾਰਿ ਅਵਰੁ ਨਹੀ ਦੂਜਾ॥੧॥ ਏਕੋ ਰਵਿ ਰਹਿਆ ਸਭ ਠਾਈ॥ ਅਵਰੁ ਨ ਦੀਸੈ ਕਿਸੁ ਪੂਜ ਚੜਾਈ॥੧॥ਰਹਾਉ॥ ਮਨੁ ਤਨੁ ਆਗੈ ਜੀਅੜਾ ਤੁਝ ਪਾਸਿ॥ ਜਿਉ ਭਾਵੈ ਤਿਉ ਰਖਹੁ ਅਰਦਾਸਿ॥੨॥ ਸਚੁ ਜਿਹਵਾ ਹਰਿ ਰਸਨ ਰਸਾਈ॥ ਗੁਰਮਤਿ ਛੂਟਸਿ ਪ੍ਰਭ ਸਰਣਾਈ॥੩॥ ਕਰਮ ਧਰਮ ਪ੍ਰਭਿ ਮੇਰੈ ਕੀਏ॥ ਨਾਮੁ ਵਡਾਈ ਸਿਰਿ ਕਰਮਾਂ ਕੀਏ॥੪॥ ਸਤਿਗੁਰ ਕੈ ਵਸਿ ਚਾਰਿ ਪਦਾਰਥ॥**

**ਤੀਨਿ ਸਮਾਏ ਏਕ ਕ੍ਰਿਤਾਰਥ॥੫॥ ਸਤਿਗੁਰਿ ਦੀਏ ਮੁਕਤਿ ਧਿਆਨਾ॥ ਹਰਿ ਪਦੁ ਚੀਨ੍ਹਿ ਭਏ ਪਰਧਾਨਾ॥੬॥ ਮਨੁ ਤਨੁ ਸੀਤਲੁ ਗੁਰਿ ਬੂਝਿ ਬੁਝਾਈ॥ ਪ੍ਰਭੁ ਨਿਵਾਜੇ ਕਿਨਿ ਕੀਮਤਿ ਪਾਈ॥੭॥ ਕਹੁ ਨਾਨਕ ਗੁਰਿ ਬੂਝ ਬੁਝਾਈ॥ ਨਾਮ ਬਿਨਾ ਗਤਿ ਕਿਨੈ ਨ ਪਾਈ॥੮॥੬॥**

6.

ਇਸ ਵੇਲੇ ਅਜੇ ਸਵੇਰਾ ਸੀ, ਚਾਹੋ ਪ੍ਰਭਾਤ ਲੰਘ ਚੁਕੀ ਸੀ, ਪਰ ਬਨ ਦੀ ਛਾਯਾ, ਠੰਢੀ ਪਉਣ ਜਲ ਦੇ ਕਿਨਾਰੇ ਤੇ ਉਤੋਂ ਛਾਏ ਸੁਹਣੇ ਮੇਘਾਂ ਨੇ ਸ਼ਬਦ ਦੇ ਅੰਮ੍ਰਿਤ ਅਰਥ ਨਾਲ ਮਿਲ ਕੇ ਅਤਯੰਤ ਸਤੋਗੁਣੀ ਪ੍ਰਭਾਵ ਬੰਨ੍ਹ ਦਿੱਤਾ, ਮਾਨੋਂ ਅਜੇ ਅੰਮ੍ਰਿਤ ਵੇਲਾ ਹੈ। ਰਾਜਾ ਬੀ ਮਗਨ ਹੋ ਗਿਆ। ਉਸਦਾ ਮਨ ਅਪਣੇ ਆਪ ਵਿਚ ਜੁੜ ਗਿਆ। ਸੁਰਤ ਦਾ ਇਹ ਜੁੜਨ ਤੇ ਚੜ੍ਹਾਉ ਉਸ ਨੇ ਕਦੇ ਡਿੱਠਾ ਨਾ ਸੋ। ਆਪਮੁਹਾਰੇ ਉਸਦੇ ਜੁੜੇ ਮਨ ਵਿਚ 'ਨਿਰੰਕਾਰ' ਦੀ ਧੁਨਿ ਲਗ ਗਈ, ਇਸ ਧੁਨਿ ਨਾਲ ਲਿਵ ਲਗ ਗਈ('ਲਿਵ ਲਾਗੀ ਨਾਮਿ ਤਜਿ ਦੂਜਾ ਭਾਉ' ॥ ਬਸੰਤ ਮ: 1— 5) ਯਥਾ—

**ਨਾਮਿ ਲਗੀ ਲਿਵ ਰਿਦੇ ਨਰੇਸਾ॥੩੮॥**
(ਸਫਾ ੫੮੯ ਸ੍ਰੀ ਗੁ:ਨਾ:ਪ੍ਰ:)

ਸ਼ਬਦ ਸਮਾਪਤ ਹੋ ਗਿਆ। ਆਪ ਸਤਿਗੁਰ ਜੀ ਅਜੇ ਮਗਨਾਨੰਦ ਬੈਠੇ ਹਨ, ਮਰਦਾਨੇ ਦੀ ਲਿਵ ਐਸੀ ਲਗੀ ਕਿ ਰਬਾਬ ਤੋਂ ਹੱਥ ਉਠ ਗਿਆ ਤੇ ਰਬਾਬ ਉਸ ਦੀ ਗੋਦੀ ਵਿਚ ਲੇਟ ਗਿਆ। ਕਿਤਨਾ ਚਿਰ ਮਗਰੋਂ ਸੱਚੇ ਪਾਤਸ਼ਾਹ ਨੇ ਨੈਣ ਖੁਹਲੇ, ਰਾਜੇ ਵਲ ਤੱਕੇ, ਮਰਦਾਨੇ ਵਲ ਤੱਕੇ, ਹੁਣ ਉਨ੍ਹਾਂ ਦੋਹਾਂ ਦੇ ਨੈਣ ਬੀ ਖੁਲ੍ਹ ਗਏ।

ਹੁਣ ਰਾਜੇ ਦੇ— ਭਾਉ ਭਗਤ ਹਿਰਦੇ ਮਹਿ ਜਾਗੀ।
ਸਤਿ ਸੰਗਤ ਮਹਿ ਮਤਿ ਅਨੁਰਾਗੀ।

ਉਸੇ ਸੁਆਦ ਰਸ ਵਿਚ ਚਰਨਾਂ ਨੂੰ ਚੰਬੜ ਗਿਆ ਤੇ ਬਿਨੈ ਕਰਨ ਲਗਾ ਕਿ ਸੁਹਣੇ ਬ੍ਰਹਮ ਰੂਪ ਜੀਓ! ਨਗਰੀ ਵਿਚ ਚੱਲੋ, ਮੇਰਾ ਗ੍ਰਿਹ ਪਵਿੱਤ੍ਰ ਕਰੋ, ਕੁਛ ਸਮਾਂ ਟਿਕੋ, ਮੈਨੂੰ ਜੋ ਦਾਨ ਦਿੱਤਾ ਜੇ ਇਹ ਦ੍ਰਿੜਾ ਦਿਓ, ਮੇਰਾ ਕਰ ਦਿਓ।


www.sikhbookclub.com

ਹੁਣ ਸਤਿਗੁਰ ਜੀ ਉਸ ਦੀ ਪ੍ਰੇਮਾ ਭਗਤੀ ਨੂੰ ਸਫਲ ਕਰਨੇ ਲਈ ਉਸ ਦੇ ਨਾਲ ਟੁਰ ਪਏ ਤੇ ਉਸ ਦੇ ਮੰਦਰ ਵਿਚ ਜਾ ਟਿਕਾਣਾ ਕੀਤਾ। ਰਾਜੇ ਨੇ ਬੜੇ ਸੁਹਣੇ ਮੰਦਿਰ ਵਿਚ ਉਤਾਰਾ ਦਿੱਤਾ। ਸੁਹਣੇ ਵਿਛਾਵਣੇ ਕੀਤੇ, ਪਲੰਘ ਸਜਾਏ, ਚੌਂਕੀ ਆਦਿ ਬੈਠਣ ਨੂੰ ਰਖਾਏ; ਹਰ ਪ੍ਰਕਾਰ ਦਾ ਸੁਖ ਆਰਾਮ ਦਾ ਸਾਮਾਨ ਉਸ ਨਿਰਇੱਛਤ ਮਹਾਂ ਪੁਰਖ ਲਈ ਕਰ ਦਿੱਤਾ। ਭੋਜਨ ਆਦਿ ਹਰ ਪ੍ਰਕਾਰ ਦੇ ਪੇਸ਼ ਕੀਤੇ। ਮਰਦਾਨੇ ਨੇ ਬੀ ਭੁਖ ਨਵਿਰਤ ਕੀਤੀ। ਰਾਜਾ ਮਰਦਾਨੇ ਦਾ ਭਾਉ ਕਰੇ ਤੇ ਆਖੇ ਭਾਈ ਜੇ ਤੂੰ ਰੁੱਖੇ ਉੱਤਰ ਨਾ ਦੇਂਦਾ ਤਾਂ ਮੈਨੂੰ ਸੋਚ ਨਹੀਂ ਸੀ ਫੁਰਨੀ ਡੂੰਘੀ, ਜਿਸ ਦੇ ਫੁਰਿਆਂ ਮੈਨੂੰ ਸੋਝੀ ਪੈ ਗਈ ਕਿ ਇਹ ਬੇਪਰਵਾਹ ਲੋਕ ਹੋਵੇ ਨਾ ਤਾਂ ਓਹੋ ਹਨ ਜੋ ਸੁਧਰ ਸੈਣ ਨੂੰ ਤਾਰ ਕੇ ਆਏ ਹਨ।

ਇਸ ਪ੍ਰਕਾਰ ਹੁਣ ਰਾਜ ਗ੍ਰਿਹ ਵਿਚ ਸੁਖ ਹੋ ਗਿਆ। ਉਧਰ ਇਹ ਸਾਰੀ ਖਬਰ ਸ਼ਹਿਰ ਵਿਚ ਧੁੰਮ ਗਈ। ਲੋਕੀ ਆਉਣ ਤੇ ਸਤਿਗੁਰ ਨਾਲ ਵੀਚਾਰਾਂ ਕਰ ਕਰ ਸਤਿਨਾਮ ਦੇ ਉਪਾਸ਼ਕ ਬਣਨ। ਐਉਂ ਬੀ ਲਿਖਿਆ ਮਿਲਦਾ ਹੈ ਕਿ ਆਪ ਦੀ ਮਹਿਮਾ ਸੁਣ ਕੇ ਕੁਛ ਪੰਡਤ ਚਰਚਾ ਕਰਨ ਆਏ। ਕੁਛ ਲੋਕ ਤਾਂ ਕਰਮ ਕਾਂਡ ਦੇ ਪੈਰੋਕਾਰ ਸਨ। ਦੂਸਰੇ ਬੜੇ ਪੱਕੇ ਮੂਰਤੀ ਪੂਜਕ(ਤਵਾ:ਖਾ: ਵਿਚ ਏਥੇ ਇਕ ਸ਼ਬਦ ਦਿੱਤਾ ਹੈ ਪਰ ਉਹ ਸਾਰਾ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੈ, ਸੋ ਗੁਰੂ ਨਾਨਕ ਦੇਵ ਜੀ ਦਾ ਅਪਨਾ ਉਚਾਰਿਆ ਨਾ ਹੋਇਆ।

ਯਥਾ— **ਚੇਤਨ ਹੋ ਕੇ ਜੜ ਕੋ ਮਾਨੈ॥ ਸੋ ਦੁਖ ਪਾਵੈ ਦੋਹੀ ਜਹਾਨੈ॥ ਵਾਟ ਨ ਪਾਵੈ ਔਝੜ ਜਾਹੀ॥ ਭਰਮੇ ਭੂਲਾ ਭਟਕਾ ਖਾਹੀ॥ ਮਨ ਮੂਰਖ ਸਮਝਤ ਨਹਿ ਭੇਰਾ॥ ਕਚ ਬਿਹਾਜਤ ਕੰਚਨ ਛੋਰਾ॥ ਜਿਨਿ ਕੀਤਾ ਮਾਟੀ ਤੇ ਰਤਨੁ॥ ਗਰਭ ਮਹਿ ਰਾਖਿਓ ਕਰਿ ਜਤਨ॥ ਸਚਾ ਸਾਹਿਬ ਸੰਮਰਥ ਪੂਰਾ॥ ਸਭ ਕਛ ਦੇਵਣਹਾਰ ਹਜੂਰਾ॥ ਤਾਹਿ ਤਿਆਗ ਅਗਿਆਨੀ ਅੰਧੇ॥ ਨਾਨਕ ਜਮ ਪੁਰ ਜਾਵੈਂ ਬੰਧੇ॥**

ਇਸ ਸ਼ਬਦ ਵਿਚ ਦੋ ਤੁਕਾਂ ਪੰਜਵੇਂ ਪਾਤਸ਼ਾਹ ਦੀਆਂ ਹਨ, ਆਦਿ ਪਾਤਸ਼ਾਹੀ ਦੀਆਂ ਨਹੀਂ। ਉਹ ਏਹ ਹਨ-ਜਿਨਿ ਕੀਤਾ ਮਾਟੀ ਤੇ ਰਤਨੁ॥ ਗਰਭ ਮਹਿ ਰਾਖਿਆ ਜਿਨਿ ਕਰਿ ਜਤਨੁ॥) ਮਨ। ਸਭਨਾਂ ਨੂੰ ਗੁਰੂ ਜੀ ਨੇ ਉਪਦੇਸ਼ ਦੇ ਭੁੱਲਾਂ ਵਿਚੋਂ ਕੱਢਿਆ। ਕਰਮ ਕਾਂਡ ਦੇ ਪ੍ਰੇਮੀਆਂ ਪ੍ਰਤੀ

ਉਸੇ ਪ੍ਰਕਾਰ ਦੇ ਉਪਦੇਸ਼ ਹੋਏ, ਜੈਸੇ ਕਿ ਰਾਜੇ ਪ੍ਰਤੀ ਪਹਿਲੇ ਦਿਨ ਹੋਏ ਸੋ ਤੇ ਉੱਪਰ ਦਿਤੇ ਹਨ। ਉਨ੍ਹਾਂ ਨੂੰ ਸ਼ੁਭ ਕਰਮਾਂ ਵਿਚ ਪਾਇਆ, ਫੇਰ ਨਿਸ਼ਕਾਮ ਕਰਨੇ ਦੀ ਜਾਚ ਦੱਸੀ, ਫੇਰ ਨਾਮ ਦ੍ਰਿੜ੍ਹ ਕਰਾਇਆ। ਸ਼ੁਭ ਕਰਮ ਧਰਮ ਤੋਂ ਉੱਪਰ ਨਾਮ ਦੀ ਤਾਸੀਰ ਦਿਖਾ ਦਿੱਤੀ ਯਥਾ:---

**ਸਲੋਕ ਮ:੧॥ ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ॥ ਦਇਆ ਦੇਵਤਾ ਖਿਮਾ ਜਪ ਮਾਲੀ ਤੇ ਮਾਣਸ ਪਰਧਾਨ॥ ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ॥ ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ॥੧॥** (ਸਾਰੰਗ ਵਾਰ)

ਪਾਖਾਣੁ ਪੂਜਾ ਵਾਲਿਆਂ ਨੂੰ ਉਪਦੇਸ਼ ਇਸ ਪ੍ਰਕਾਰ ਦੇ ਹੋਏ ਕਿ ਤੁਸੀਂ ਜੀਉਂਦੇ ਜਾਗਦੇ ਹੋ, ਪਥਰ ਨਿਰਜਿੰਦ ਹੈ, ਉਸ ਵਿਚੋਂ ਜੋ ਮੂਰਤੀ ਖੁਣ ਕੱਢੀ ਨੇ, ਤੁਸਾਂ ਕੱਢੀ ਏ ਉਸ ਨੂੰ ਫੇਰ ਪੂਜਦੇ ਹੋ!!! ਭਾਵੇਂ ਤੁਸੀਂ ਆਖੋ ਕਿ ਜਦੋਂ ਕਿਸੇ ਰਚੀ ਸੀ ਉਸ ਨੇ ਮਨ ਦਾ ਧਯਾਨ ਜੋੜਨ ਲਈ ਰਚੀ ਸੀ, ਪਰ ਤੁਸੀਂ ਉਤਨੀ ਗੱਲ ਬੀ ਛੋੜ ਦਿੱਤੀ ਹੈ। ਤੁਸੀਂ ਹੁਣ ਪੈਰੀ ਪੈਂਦੇ ਹੋ। ਯਥਾ-

**ਸਲੋਕ ਮਹਲਾ ੧॥ ਘਰਿ ਨਾਰਾਇਣੁ ਸਭਾ ਨਾਲਿ॥ ਪੂਜ ਕਰੇ ਰਖੈ ਨਾਵਾਲਿ॥ ਕੁੰਗੂ ਚੰਨਣੁ ਫੁਲ ਚੜਾਏ॥ ਪੈਰੀ ਪੈ ਪੈ ਬਹੁਤੁ ਮਨਾਏ॥ ਮਾਣੂਆ ਮੰਗਿ ਮੰਗਿ ਪੈਨੈ ਖਾਇ॥ ਅੰਧੀ ਕੰਮੀ ਅੰਧ ਸਜਾਇ॥ ਭੁਖਿਆ ਦੇਇ ਨ ਮਰਦਿਆ ਰਖੈ॥ ਅੰਧਾ ਝਗੜਾ ਅੰਧੀ ਸਥੈ॥** (ਸਾਰੰਗ ਵਾਰ)

ਇਕ ਪਾਸੇ ਤਾਂ ਮੂਰਤਾਂ ਨੂੰ ਪੂਜਦੇ ਹੋ, ਦੂਜੇ ਉਨ੍ਹਾਂ ਦੇ ਸਾਹਮਣੇ ਹੀ ਪਾਪ ਕਰਮ ਕਰਨੋਂ ਨਹੀਂ ਰੁਕਦੇ। ਘੱਟ ਤੋਲਦੇ ਹੋ, ਗਰੀਬਾਂ ਦੇ ਪੜਛੇ ਲਾਹੁੰਦੇ ਹੋ। ਜੇ ਰਤ ਕਪੜੇ ਨੂੰ ਲਗੇ ਤਾਂ ਧੋਂਦੇ ਹੋ, ਪਰ ਮਨੁੱਖਾਂ ਨਾਲ ਅਧਰਮ ਕਰ ਕੇ ਲਹੂ ਚੂਸਦੇ ਪਾਪ ਨਹੀਂ ਸਮਝਦੇ। ਸ਼ੁਭ ਕਰਮ ਕਰੋ, ਪਹਿਲੋਂ ਇਹ ਪੂਜਾ ਹੈ ਸਾਈਂ ਦੀ। ਫੇਰ ਨਿਸ਼ਕਾਮ ਕਰੋ ਸ਼ੁਭ ਕਰਮ ਇਹ ਦੂਜੀ ਪੂਜਾ ਹੈ ਜੀਉਂਦੇ ਠਾਕੁਰ ਦੀ। ਫੇਰ ਉਸ ਦਾ ਨਾਮ ਜਪੋ, ਇਹ ਤੀਸਰੀ ਪੂਜਾ ਹੈ ਆਤਮ ਸਰੂਪ ਮਹਾਰਾਜ ਦੀ। ਫੇਰ ਉਸਦਾ ਕੀਰਤਨ

ਕਰੋ, ਇਹ ਚੌਥੀ ਪੂਜਾ ਹੈ ਅਗੰਮ ਤੇ ਨਿਰਾਕਾਰ ਦੀ! ਫਿਰ ਜੁੜ ਜਾਓ ਉਸ ਦੀ ਲਿਵ ਵਿਚ, ਇਹ ਪੰਜਵੀਂ ਹੈ ਪੂਜਾ ਪਾਰਬ੍ਰਹਮ ਦੀ। ਫੇਰ ਹੋ ਜਾਓ ਆਪ ਸ਼ੁਧ ਹਉਂ ਰਹਿਤ ਨਿਰਮਲ ਨਿਰੰਕਾਰੀ। ਮਿਲਜਾਓ ਸ਼ੁੱਧ ਸੱਤਜ ਸਰੂਪ ਹੋ ਕੇ ਵਜਾਪਕ ਸੱਤਜ ਸਰੂਪ ਨਿਰੰਕਾਰ ਵਿਚ! ਇਹ ਹੈ ਛੇਵੀਂ ਪੂਜਾ ਸਦਾ ਥਿਰ ਸੱਤਜ ਸਰੂਪ ਨਿਰੰਕਾਰ ਵਿਚ। ਇਹ ਹੈ ਛੇਵੀਂ ਪੂਜਾ ਸਦਾ ਥਿਰ ਸੱਤਜ ਚਿਤ ਪਰਮਾਤਮ ਦੇਵ ਦੀ। ਸਿਧੇ ਰਾਹ ਪੈ ਜਾਓ। ਕਿਉਂ ਖੁਣਦੇ ਹੋ ਮੂਰਤਾਂ ਪਾਖਾਣ ਵਿਚ, ਖੁਣੋਂ ਸੂਰਤ ਸਾਈਂ ਬੇਮੂਰਤ ਦੀ ਅਪਣੇ ਮਨ ਵਿਚ। ਮਨ ਨੂੰ ਬਣਾਓ ਉਸ ਦੇ 'ਨਾਮ' ਦੀ ਮੂਰਤ, ਲਿਖਣ ਦਾ ਤਖਤਾ। ਲਿਖੋ ਨਾਮ, ਲਿਖੋ ਸਾਲਾਹ, ਲਿਖੋ ਹੇ ਅਗੰਮ ਨਿਰੰਕਾਰ! ਤੇਰਾ ਅੰਤ ਪਰਾਵਾਰ ਨਹੀਂ।

**ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ॥**
(ਸਿਰੀ ਰਾਗੁ ਮ:੧)

ਇਸ ਪ੍ਰਕਾਰ ਦੇ ਉਪਦੇਸ਼ ਦੇ ਕੇ ਗੁਰੂ ਸਾਹਿਬ ਨੇ ਓਥੇ ਸੱਚਾ ਸਤਿਸੰਗ ਟੋਰ ਦਿੱਤਾ। ਓਥੇ ਧਰਮਸਾਲ ਬਨਵਾਈ ਜੋ ਰਾਜੇ ਨੇ ਬੜੇ ਪ੍ਰੇਮ ਨਾਲ ਬਨਾਈ। ਉਸ ਧਰਮਸਾਲ ਵਿਚ ਦੇਗ ਚਲਵਾ ਦਿੱਤੀ। ਆਏ ਗਏ ਭੁੱਖੇ ਪਾਂਧੀ ਗ਼ਰੀਬ ਨਿਰਧਨ ਨੂੰ ਅੰਨ ਮਿਲੇ। ਜੋ ਅਮਲੀ ਲੋੜ ਹੈ ਹਰ ਇਨਸਾਨ ਦੀ ਤੇ ਜੋ ਗਰੀਬ ਅਮੀਰ ਸਭ ਨੂੰ ਵਜਾਕੁਲ ਕਰਦੀ ਹੈ ਸਭ ਤੋਂ ਵਧੀਕ। ਅੰਨ ਦੀ ਦੇਗ ਫੇਰ ਨਾਮ ਦੀ ਦੇਗ ਦੁਇ ਕਰ ਦਿੱਤੀਆਂ ਜਾਰੀ।

ਯਥਾ:-

**ਸਤਿਸੰਗਤ ਕੀ ਰੀਤਿ ਪ੍ਰਕਾਸ਼ੀ। ਦੁਰਮਤਿ ਨਰ ਉਨ ਕੀਨ ਬਿਨਾਸੀ॥ ਸਭਿ ਮਹਿਂ ਭਾਉ ਭਗਤ ਪ੍ਰਗਟਾਨਾ॥ ਸਰਬ ਦੇਸ਼ ਤਿਹ ਨਾਮ ਜਪਾਨਾ॥੪੧॥ ਮਧੁਰਬੈਨ ਤਜਿ ਹਉਮੈ ਰੀਤਾ॥ ਸੇਵਹਿ ਸਤਿਗੁਰ ਚਰਨ ਸਪ੍ਰੀਤਾ॥ ਜਗਤ ਕੁਬੰਧਨ ਸਗਰੇ ਨਾਸ਼ੇ॥ ਹਿਰਦੇ ਆਤਮ ਗਜਾਨ ਪ੍ਰਕਾਸ਼ੇ॥੪੨॥ ਕਰੁਨਾ ਪਾਇ ਬਿਸਾਲ ਨਿਹਾਲ॥ ਬਨਿਵਾਈ ਪੁਰਿ ਮਹਿਂ ਧ੍ਰਮਸਾਲ॥ ਦੇਗ ਚਲਾਵਨ ਲਗਜੋ ਅਭੰਗਾ। ਭੋਜਨ ਸੰਗਤਿ ਅਚਹਿ ਨਿਸ਼ੰਗਾ॥੪੩॥**
(ਸ੍ਰੀ ਗੁ:ਨਾ: ਪ੍ਰਕਾਸ਼)

 www.sikhbookclub.com

7.

ਸਿਧਾਂਤ:- ਮਧੁਰਬੈਨ ਦਾ ਜੀਵਨ ਧਰਮ ਭਾਵਨਾ ਵਿਚ ਆਦਰਸ਼ਕ ਹੋ ਗਿਆ। ਉਸ ਨੂੰ 'ਸਤਿ ਧਰਮ' ਦੀ ਸੋਝੀ ਪੈ ਗਈ! ਅੰਦਰਲਾ ਜੀਵਨ ਲਿਵ ਵਾਲਾ ਹੋ ਗਿਆ, ਬਾਹਰਲਾ ਜੀਵਨ 'ਸਰਬੱਤ— ਦੇ ਭਲੇ' ਦਾ ਹੋ ਗਿਆ! ਗੁਰੂ ਬਾਬੇ ਨੇ ਸੱਤਜ ਧਰਮ ਦੇ ਦੋ ਅੰਗ ਬੁਨਿਆਦੀ ਰਖੇ ਹਨ! 1. ਮਨ ਲਿਵ ਵਿਚ ਰਹੇ, 'ਅੰਦਰਲੀ ਸੁਰਤਿ' 'ਵਜਾਪਕ ਸੁਰਤਿ' ਦੀ ਛੁਹ ਵਿਚ ਰਹੇ, ਜਿਸਦਾ ਸਾਧਨ ਨਾਮ ਤੇ ਸਿਫਤ ਸਲਾਹ ਹੈ। 2. ਦੂਜਾ ਬੁਨਿਯਾਦੀ ਅੰਗ ਹੈ 'ਸਰਬੱਤ ਦਾ ਭਲਾ'। ਇਹ ਭਾਵਨਾ ਹੋਵੇ ਦਿਲ ਵਿਚ! ਅਮਲੀ ਤੌਰ ਤੇ ਵਰਤੋਂ ਬੀ ਸਰਬੱਤ ਦੇ ਭਲੇ ਦੀ ਰੱਖੋ। ਇਸ ਨਾਲ ਹਰ ਇਨਸਾਨ ਦਾ ਜਗਤ ਜੀਵਨ ਸੁਖੀ ਹੋ ਜਾਂਦਾ ਹੈ। ਜਗਤ ਵਿਚ ਜੋ ਵਖੇਵੇਂ, ਲੜਾਈਆਂ, ਜੰਗ ਜਦਲ ਹੁੰਦੇ ਹਨ ਇਸੇ ਕਰ ਕੇ ਹੁੰਦੇ ਹਨ ਕਿ ਹਰ ਕੋਈ ਆਪਣੇ ਭਲੇ ਵਿਚ ਹੈ ਤੇ ਦੂਸਰੇ ਦੇ ਭਲੇ ਵਿਚ ਨਹੀਂ, ਸਗੋਂ ਅਕਸਰ ਦੂਸਰੇ ਦੇ ਬੁਰੇ ਵਿਚ ਸੁਖ ਮੰਨਦਾ ਹੈ। ਸੋ ਇਸ ਅੰਦਰਲੀ ਮਾੜੀ ਰੁਚੀ ਦਾ ਦਾਰੂ ਹੈ 'ਸਰਬੱਤ ਦਾ ਭਲਾ'। ਕਾਰਣ ਇਹ ਹੈ ਕਿ ਹਰੇਕ ਦੇ ਅੰਦਰ ਮਾੜੀ ਕਿਸਮ ਦੀ ਖ਼ੁਦੀ ਪੈਦਾ ਹੋ ਜਾਂਦੀ ਹੈ। ਜੇ ਸਰਬੱਤ ਦਾ ਭਲਾ ਚਿਤਵੀਏ ਤਾਂ ਇਹ ਮਾੜੀ ਕਿਸਮ ਦੀ ਖ਼ੁਦੀ ਅੰਦਰੋਂ ਪਤਲੀ ਪੈਂਦੀ ਜਾਂਦੀ ਹੈ ਤੇ ਅੰਤ ਮਿਟ ਜਾਂਦੀ ਹੈ।

ਜਿਵੇਂ ਖਿਆਲ ਦਾ ਅਸਰ ਸਾਡੇ ਅਮਲਾਂ ਤੇ ਪੈਂਦਾ ਹੈ, ਤਿਵੇਂ ਸਾਡੇ ਅਮਲਾਂ ਦਾ ਅਸਰ ਸਾਡੇ ਮਨ ਤੇ ਪੈਂਦਾ ਹੈ; ਜੋ 'ਸਰਬੱਤ ਦੇ ਭਲੇ' ਦੇ ਅਸੂਲ ਧਾਰਨ ਕਰਨ ਨਾਲ ਮਨ ਵਿਚੋਂ ਮਾੜੀ ਖ਼ੁਦੀ ਮਿਟ ਜਾਂਦੀਹੈ, ਫੇਰ ਉਹ ਸਰਬੱਤ ਨੂੰ ਮਿਤ੍ਰ ਭਾਵ ਨਾਲ ਵੇਖਦਾ ਹੈ(ਜੈਸਾ ਕਿ ਪੰਜਵੇਂ ਗੁਰਾਂ ਦਾ ਵਾਕ ਹੈ-ਮਨ ਅਪੁਨੇ ਤੇ ਬੁਰਾ ਮਿਟਾਨਾ॥ ਪੇਖੈਸਗਲ ਸ੍ਰਿਸਟਿ ਸਾਜਨਾ!-ਗਉੜੀ ਸੁਖ:ਮ:5, 3-6)। ਆਪ ਸੁਖੀ ਹੋਈਦਾ ਹੈ ਤੇ ਜਗਤ ਵਿਚ ਸੁਖ ਵਰਤਦਾ ਹੈ(ਪਰ ਕਾ ਬੁਰਾ ਨ ਰਾਖਹੁ ਚੀਤ॥ ਤੁਮ ਕਉ ਦੁਖੁ ਨਹੀ ਭਾਈ ਮੀਤ॥-ਆਸਾ ਮਹਲਾ 5-62), ਕਲਹਾ ਮਿਟਦੀ ਹੈ ਤੇ ਇਨਸਾਨ ਜੋ ਜਾਨਵਰਾਂ ਤੋਂ ਬੀ ਬਦਤਰ ਲੜਾਈਆਂ ਵਿਚ ਦੁਨੀਆਂ ਨੂੰ ਨਰਕ ਬਣਾ ਰਿਹਾ ਹੈ, ਸੁਖੀ ਹੋ ਜਾਂਦਾ ਹੈ। ਬਾਹਰ ਇਨਸਾਨ ਦੇ ਆਲੇ ਦੁਆਲੇ ਵਿਚ ਤਾਂ ਇਹ ਅਸਰ ਪੈਂਦਾ ਹੈ ਤੇ ਅੰਦਰ ਜੋ ਦੁਖਦਾਈ ਖ਼ੁਦੀ ਪੈਦਾ ਹੋ ਗਈ

 www.sikhbookclub.com

ਹੈ, ਇਹ ਘਟਦੀ ਹੈ ਤੇ ਨਾਲ 'ਹਉਮੈ' ਖੁਰਦੀ ਹੈ, ਜਿਸ ਦੇ ਖੁਰਨ ਨਾਲ ਕਲਜਾਣ ਪ੍ਰਾਪਤ ਹੁੰਦੀ ਹੈ।

ਜੋ ਇਨਸਾਨ ਦੀ ਇਨਸਾਨ ਨਾਲ, ਕੌਮ ਦੀ ਕੌਮ ਨਾਲ, ਦੇਸ਼ ਦੀ ਦੇਸ਼ ਨਾਲ ਇਹ ਵਰਤੋਂ ਹੋ ਜਾਵੇ ਤਾਂ ਇਹ ਜਗਤ ਦੇ ਭਿਆਨਕ ਜੰਗ ਦੂਰ ਹੋ ਜਾਣ, ਨਹੀਂ ਤਾਂ ਦੇਖੋ ਕਿ ਮੁਹੱਜ਼ਬ ਹੋ ਕੇ, ਵਿਦਜਾ ਪਾ ਕੇ, ਸਾਇੰਸ ਨਾਲ ਕੁਦਰਤ ਦੇ ਪੜਦੇ, ਪਾੜਕੇ, ਸਰੀਰਕ ਸੁਖਾਂ ਦੇ ਸਾਮਾਨ ਕਰ ਕਰ ਕੇ ਬੀ ਇਨਸਾਨ ਸੁਖੀ ਨਹੀਂ ਹੋਇਆ। ਇਸ ਸਭ ਤੋਂ ਅਕਲਈਏ ਕਹਾਉਣ ਵਾਲੇ ਮਨੁੱਖ ਦੇ ਕਾਰੇ ਦੁਨੀਆਂ ਵਿਚ ਕਲਹ ਬਖੀਲੀ ਵਧਾ ਕੇ ਦੁੱਖ ਹੀ ਦੁੱਖ ਪਸਾਰਨ ਦੇ ਹਨ। ਇਕ ਪਾਸੇ ਇਹ ਡਾਕਟਰੀ ਵਿਦਜਾ ਨਾਲ ਬੜੇ ਬੜੇ ਭਜਾਨਕ ਰੋਗਾਂ ਤੇ ਘਾਵਾਂ ਦੇ ਦਾਰੂ ਲੱਭ ਕੇ ਸੁਖ ਦੇ ਸਾਮਾਨ ਕਰ ਰਿਹਾ ਹੈ; ਦੂਜੇ ਪਾਸੇ, ਗੋਲੇ, ਬਾਰੂਦ, ਤੋਪਖਾਨੇ, ਐਟਮ ਬੰਬ ਬਣਾਕੇ ਕਸ਼ਟ ਹੀ ਕਸ਼ਟ, ਰੋਗ ਹੀ ਰੋਗ, ਜ਼ਖਮ ਹੀ ਜ਼ਖਮ, ਮੌਤ ਹੀ ਮੌਤ ਦੇ ਸਾਮਾਨ ਕਰ ਰਿਹਾ ਹੈ।

ਜੇ ਪ੍ਰਚਾਰ ਹੋਵੇ 'ਸਰਬੱਤ ਦੇ ਭਲੇ' ਦਾ ਤਾਂ ਇਨਸਾਨ ਇਨਸਾਨ ਨਾਲ ਸੁਖੀ ਹੋਵੇ, ਕੌਮ ਕੌਮ ਨਾਲ ਤੇ ਦੇਸ਼ ਦੇਸ਼ ਨਾਲ ਸੁਖੀ ਹੋਵੇ। ਜੇ ਹਰ ਕੋਈ ਸਮਝੇ ਕਿ ਇਕ ਦੂਜੇ ਦਾ ਭਲਾ ਕਰਨਾ ਠੀਕ ਹੈ ਤਾਂ ਅਪਣਾ ਭਲਾ ਬੀ ਸਰਬੱਤ ਦੇ ਭਲੇ ਵਿਚ ਹੁੰਦਾ ਜਾਏ।

ਸੋ ਗੁਰੂ ਨਾਨਕ ਦੇਵ ਜੀ ਦੁਨੀਆਂ ਨੂੰ ਨਿਰਾ 'ਜੋਗ ਅਭਜਾਸ' ਸਿਖਾਉਣ ਨਹੀਂ ਸਨ ਆਏ। ਓਹ ਇਨਸਾਨ ਨੂੰ ਇਕ 'ਸ਼ਖਸੀਅਤ' ਬਨਾਉਣਾ ਲੋਚਦੇ ਸਨ, ਜਿਸ ਦੇ ਗੁਣਾਂ ਵਿਚ 'ਨਾਮ ਦੁਆਰਾ ਏਕਾਗ੍ਰਤਾ' ਇਕ ਅੰਗ ਹੋਵੇ ਤੇ ਹੋਰ ਗੁਣ ਸਾਰੇ ਹੋਣ ਜੋ ਨੇਕੀ ਵਾਲੀ ਸ਼ਖਸੀਅਤ ਬਣੇ, ਆਪ ਸੁਖੀ ਹੋਵੇ ਤੇ ਹੋਰਨਾਂ ਨੂੰ ਸੁਖ ਦੇਵੇ। ਏਸੇ ਮਤਲਬ ਲਈ ਉਨ੍ਹਾਂ ਨੇ ਧਰਮ ਯਾ ਮਜ਼ਹਬ ਦੇ ਪੱਖ ਵਿਚ ਵੱਡਾ ਸੁਧਾਰ ਇਕ ਹੋਰ ਕੀਤਾ ਕਿ ਪਹਿਲੋਂ ਤਾਂ ਧਰਮ ਇਕ 'ਫਰਦਨ' ਸ਼ੈ ਖਜਾਲੀ ਜਾਂਦੀ ਸੀ ਕਿ ਮਜ਼ਹਬ ਹਰ ਇਕ ਦੀ ਸ਼ਖਸੀ ਤ੍ਰੱਕੀ ਦਾ ਸਾਧਨ ਹੈ। ਧਰਮ ਭਾਵ ਵਾਲੇ ਮਾੜੇ ਲੋਕਾਂ ਤੋਂ ਬਚਣ ਲਈ ਜੰਗਲੀਂ ਬਨੀਂ ਟੁਰ ਜਾਂਦੇ ਹੁੰਦੇ ਸਨ। ਗੁਰੂ ਜੀ ਨੇ ਸਿਖਿਆ ਦਿੱਤੀ ਕਿ ਲੋਕਾਂ ਦੇ ਵਿਚੇ ਹੀ ਰਹੋ, ਧਰਮ ਕਮਾਵੋ, ਉੱਚੇ ਹੋਵੋ, ਪਰ ਆਪਣੀ ਉੱਚਤਾ ਲੋਕਾਂ ਵਿਚ ਵੰਡੋ। ਭਾਈਚਾਰੇ ਕਿ ਸੁਸਾਇਟੀ ਨੂੰ ਛੱਡ

 www.sikhbookclub.com

ਨਾ ਜਾਵੇ, ਸਗੋਂ ਅਪਣੀ ਨੇਕੀ ਦਾ ਖ਼ਮੀਰ ਲਾ ਕੇ ਸਾਰਿਆਂ ਨੂੰ ਲਾਭ ਪਹੁੰਚਾਓ। ਇਹੋ ਮਤਿ ਉਨ੍ਹਾਂ ਨੇ ਪਰਬਤਾਂ ਵਿਚ ਬੈਠੇ ਜੋਗੀਆਂ ਨੂੰ ਜਾ ਕੇ ਦਿੱਤੀ ਸੀ। ਇਹੋ ਰਵਸ਼ ਉਨ੍ਹਾਂ ਨੇ ਆਪਣੇ ਪੰਥ ਵਿਚ ਟੋਰੀ ਕਿ ਗੁਰਮੁਖ ਬਣੋ ਤੇ ਜਗਤ ਦੇ ਵਿਚੇ ਰਹਿ ਕੇ ਅਪਣੀ ਨੇਕੀ ਤੇ ਧਰਮ ਦਾ ਦਾਨ ਕਰੋ ਤੇ ਅਮਲੀ ਜੀਵਨ 'ਸਰਬੱਤ ਦੇ ਭਲੇ' ਦਾ ਬਸਰ ਕਰੋ। ਐਸਾ ਕਰਦਿਆਂ ਉਨ੍ਹਾਂ ਨੇ ਧਰਮ ਵਿਚ ਭਾਈਚਾਰਕ ਅੰਗ ਮੇਲਿਆ। ਦੀਵਾਨ ਸਜਾ ਕੇ ਆਸਾ ਦੀ ਵਾਰ, ਰਹੁਰਾਸ ਦੇ ਦੀਵਾਨ ਲਾਉਣੇ ਸਿਖਾਏ। ਧਰਮ ਯਾ ਮਜ਼ਹਬ ਉਨ੍ਹਾਂ ਨੇ ਭਾਈਚਾਰੇ ਵਿਚ ਲੈ ਆਂਦਾ ਜੋ ਸਾਰੇ ਉੱਨਤ ਹੋਣ, ਉਨ੍ਹਾਂ ਦਾ ਆਦਰਸ਼ ਸਰਬ ਨੂੰ ਤਾਰਨੇ ਦਾ ਸੀ, ਸੁਸਾਇਟੀ ਯਾ ਸਾਰੇ ਭਾਈਚਾਰੇ ਨੂੰ ਉੱਚੇ ਕਰਨ ਦਾ ਸੀ, ਇਸੇ ਕਰ ਕੇ ਉਨ੍ਹਾਂ ਦੀ ਸ਼ਾਨ ਵਿਚ ਲਿਖਿਆ ਹੈ:-

**'ਸਗਲ ਸਮੂਹ ਲੈ ਉਧਰੇ ਨਾਨਕ ਪੂਰਨ ਬ੍ਰਹਮੁ ਪਛਾਤਾ।'**

(ਦੇਵ ਗੰਧ: ਮਹਲਾ ੫=੨੧)

'ਸਗਲ ਸਮੂਹ' ਦੇ ਉਧਾਰ ਦੇ ਪ੍ਰੇਮੀ ਗੁਰੂ ਜੀ ਹੁਣ ਇਥੋਂ ਟੁਰ ਕੇ ਹੋਰਨਾਂ ਦਾ ਉਧਾਰ ਕਰਨ ਲਈ ਤਿਆਰ ਹੋਏ। ਮਧੁਰਬੈਨ ਉਦਾਸ ਹੋਇਆ, ਉਹ ਚਾਹੁੰਦਾ ਸੀ ਕਿ ਗੁਰੂ ਜੀ ਏਥੇ ਹੀ ਟਿਕਣ, ਪਰ ਗੁਰੂ ਜੀ ਅਪਣਾ ਸੋਹਿਲਾ 'ਸਾਰੇ' ਸੁਨਾਉਣ ਲਈ ਆਏ ਸਨ; ਸੋ ਉਹ ਠੱਲ ਨਾ ਸਕਿਆ ਵਗ ਰਹੇ ਨੇਕੀ ਦੇ ਦਰਯਾ ਨੂੰ।

ਗੁਰੂ ਜੀ ਹੁਣ ਤੁਰਨ ਲੱਗੇ ਤਾਂ ਆਪ ਜੀ ਨੇ ਅੰਤਲੀ ਮਤਿ ਦਿੱਤੀ ਮਧੁਰਬੈਨ ਨੂੰ:-

ਮਧੁਰਬੈਨ! ਤੁਸੀਂ ਏਸ ਇਲਾਕੇ ਵਿਚ ਅਠਾਰਾਂ ਬੀਸ ਛੋਟੇ ਛੋਟੇ ਰਜਵਾੜੇ ਹੋ, ਆਪੋ ਵਿਚ ਅਕਸਰ ਜੁੱਧ ਰਹਿੰਦੇ ਹਨ, ਸਾਰੇ ਇਕ ਦੂਜੇ ਤੋਂ ਡਰਦੇ ਹੋ, ਕੋਈ ਸੁਖ ਦੀ ਨੀਂਦੇ ਨਹੀਂ ਸੌਂਦਾ; ਫੇਰ ਤੁਹਾਡਾ ਸਾਂਝਾ ਬਲ ਬੀ ਕੋਈ ਨਹੀਂ ਬਣਦਾ। ਪਰਜਾ ਵੱਖ ਦੁਖੀ ਰਹਿੰਦੀ ਹੈ, ਜਿਸ ਨੂੰ ਸੁਖ ਦੇਣਾ ਤੁਸਾਡਾ ਧਰਮ ਹੈ। ਸਾਡੀ ਮਰਜ਼ੀ ਹੈ ਕਿ ਤੁਸੀਂ ਸਾਰੇ ਰਲ ਬੈਠੋ, ਪਰਸਪਰ ਨਾ ਲੜੋ। ਪਯਾਰ ਕਰੋ, ਇਕ ਦੂਜੇ ਦਾ ਭਲਾ ਚਿਤਵੋ। ਪਰਜਾ ਦੇ ਤੌਖਲੇ ਮਿਟਣ ਤੇ ਸੁਖੀ ਰਹਿਣ। ਤੁਹਾਡੇ ਸਾਂਝੇ ਭਲੇ ਲਈ ਅਸਾਂ ਹਾਜ਼ਮੀ ਬਣਤਰ ਵਿਚ ਦਖਲ ਦਿੱਤਾ ਹੈ ਤਾਂ ਜੋ ਸਾਰੇ ਰਲ ਬੈਠਣ। ਇਸ ਕਾਰਜ ਲਈ

ਅਸਾਂ 'ਸੁਧਰਸੈਣ' ਨੂੰ ਸ਼ਿਰੋਮਣੀ ਰਾਜਾ ਬਣਾਇਆ ਹੈ, ਉਹ ਤੁਸਾਡੇ ਸਾਰਿਆਂ ਦੀ ਰਖਵਾਲੀ ਕਰੇਗਾ, ਤੁਹਾਡੇ ਸਾਰਿਆਂ ਦੇ ਸਾਂਝੇ ਬਲ ਨਾਲ ਬਲਵਾਨ ਰਹੇਗਾ। ਉਹ ਤੁਹਾਨੂੰ ਉਦਰ (ਮੇਅਦੇ) ਸਾਮਾਨ ਪਾਲੇਗਾ, ਜਿਵੇਂ ਮੇਅਦਾ ਸਾਰੇ ਸਰੀਰ ਨੂੰ ਪਾਲਦਾ ਹੈ। ਸਾਰੇ ਸਰੀਰ ਦੇ ਅੰਗ ਕੰਮ ਕਰਕੇ ਜੋ ਕੁਛ ਭੋਜਨ ਪੈਦਾ ਕਰਦੇ ਹਨ ਮੇਅਦੇ ਨੂੰ ਦੇਂਦੇ ਹਨ, ਤਿਵੇਂ ਤੁਸੀਂ ਸਾਰੇ ਉਸ ਨੂੰ ਬਲਵਾਨ ਰੱਖੋਗੇ, ਤੁਸੀਂ ਸਾਰੇ ਉਸ ਦੇ ਅਨੁਕੂਲ ਰਹਿ ਕੇ ਉਸ ਨੂੰ ਆਪਣੀ ਏਕਤਾ ਦਾ, ਪਜਾਰ ਦਾ ਬਲ ਦਿਓਗੇ; ਓਹ ਤੁਹਾਨੂੰ ਸਾਰਿਆਂ ਨੂੰ ਪਾਲੇਗਾ।

ਮਧੁਰਬੈਨ ਨੇ ਮੱਥਾ ਟੇਕਿਆ ਤੇ ਕਿਹਾ— ਜਿਵੇਂ ਆਪ ਦੀ ਆਗਿਆ ਹੈ ਮੈਂ ਉਸੀ ਤਰ੍ਹਾਂ ਕਰਾਂਗਾ। ਹਾਂ, ਜਿਵੇਂ ਆਪ ਨੇ ਫੁਰਮਾਇਆ ਹੈ, ਅਸੀਂ ਸਾਰੇ ਸੁਧਰਸੈਨ ਨਾਲ ਇਸੀ ਪ੍ਰਕਾਰ ਦੀ ਮਿਲਵਰਤਨ ਕਰਾਂਗੇ। ਇਸ ਮਿਲਵਰਤਨ ਲਈ ਜਿਸ ਅਨੁਸਾਰਤਾ ਦੀ ਸਾਡੇ ਪਾਸੋਂ ਲੋੜ ਹੈ, ਅਸੀਂ ਹਠ ਹੰਕਾਰ ਛੱਡ ਕੇ ਸੁਧਰਸੈਨ ਨੂੰ ਆਪਣਾ ਵੱਡਾ ਸਮਝ ਕੇ ਕਰਾਂਗੇ ਤੇ ਆਗਿਆ ਵਿਚ ਟੁਰਾਂਗੇ ਅਤੇ ਆਪ ਦੇ ਦੱਸੇ 'ਸਰਬਤ ਦੇ ਭਲੇ' ਨੂੰ ਮੁੱਖ ਰੱਖਾਂਗੇ।

ਇਸ ਪ੍ਰਕਾਰ ਗੁਰੂ ਬਾਬਾ, ਨਾਮ ਦਾਨ ਦੇ ਕੇ ਸਰਬੱਤ ਦਾ ਭਲਾ ਸਿਖਾ ਕੇ, ਸਾਰੇ ਰਾਜਿਆਂ ਨੂੰ ਧਰਮ ਦੇ ਰਸਤੇ ਪਾ ਕੇ ਤੇ ਏਕਤਾ ਦੇ ਕੇ, ਸੁਖ ਵਰਤਾ ਕੇ, ਉਪਕਾਰੀ ਸਮੀਰ ਵਾਙੂ ਅੱਗੇ ਨੂੰ ਟੁਰ ਪਿਆ। ਉਸ ਦਾਇਰੇ ਵਿਚ ਇਨਸਾਨ ਨੂੰ ਇਨਸਾਨ ਦੇ ਪਿਆਰ ਵਿਚ ਪਾ ਕੇ, ਰਾਜ ਨੂੰ ਰਾਜ ਦਾ ਅਸਲ ਪਜਾਰ ਸਿਖਾ ਕੇ, ਸਭ ਨੂੰ ਉੱਚ ਜੀਵਨ ਦਾ ਸਬਕ ਦੇ ਕੇ ਅਮਲੀ ਧਰਮ ਦੇ ਰਸਤੇ ਪਾ ਕੇ ਅੱਗੇ ਨੂੰ ਵਿਦਾ ਹੋ ਗਿਆ। ਹਾਂ ਸੰਗਤਾਂ ਦੇ ਪ੍ਰੇਮ ਤੇ ਪਰਵਾਹ ਦਲਦਿਆਂ ਉਹ ਧਰਮ ਦਾ ਮੇਘ(ਧਰਮ ਦਾ ਬੱਦਲ) ਗੁਰੂ ਨਾਨਕ ਅਗਲੇ ਦੇਸ਼ ਨੂੰ ਤੁਰ ਪਿਆ ਤੇ ਮਗਰ ਮਗਰ ਟੁਰ ਪਿਆ ਮੋਢੇ ਤੇ ਰਬਾਬ ਧਰੀ ਮਰਦਾਨਾ, ਆਪਣੇ ਪ੍ਰੀਤਮ ਦੇ ਗੁਣ ਗਾਉਂਦਾ।

–0–

 www.sikhbookclub.com

# ਪੀਰ ਬਹਾਵਦੀਨ

(ਗੁਰਮੁਖਤਾਈ ਵਾਲੀ ਸਾਈਂ ਨਾਲ ਇਕਸੁਰਤਾ)

1.

ਪੀਰ ਬਹਾਵਦੀਨ ਇਕ ਦਿਨ ਮਸੀਤ ਵਿਚ ਆਇਆ, ਨਾਲ ਮੁਰੀਦ ਲੋਕ ਬਹੁਤ ਆਏ। ਸਭ ਨੇ ਨਿਮਾਜ਼ ਗੁਜ਼ਾਰੀ, ਪੀਰ ਜੀ ਨੇ ਅਗੁਵਾਨੀ ਕੀਤੀ। ਜਦੋਂ ਨਿਮਾਜ਼ ਹੋ ਚੁਕੀ ਤਾਂ ਪੀਰ ਜੀ ਇਕ ਪਾਸੇ ਦੋਜ਼ਾਨੂ ਹੋ ਬੈਠੇ। ਹੋਰ ਲੋਕ ਤਾਂ ਕਈ ਚਲੇ ਗਏ, ਪਰ ਪੀਰ ਜੀ ਦੇ ਪ੍ਰੇਮੀ, ਮੁਰੀਦ ਤੇ ਸਤਿਕਾਰ ਕਰਨ ਵਾਲੇ ਬੰਦੇ ਉਦਾਲੇ ਆ ਬੈਠੇ ਜੋ ਪੀਰ ਜੀ ਕੋਈ ਮਨੋਹਰ ਵਾਕ ਕਰਨ ਤਾਂ ਸੁਣੀਏ। ਪਰ ਓਹ ਜਾਂ ਬਹਿ ਗਏ ਤਾਂ ਕੀ ਦੇਖਦੇ ਹਨ ਕਿ ਪੀਰ ਜੀ ਨੇ ਨੈਣ ਮੁੰਦੇ ਹੋਏ ਹਨ ਤੇ ਮਗਨ ਬੈਠੇ ਹਨ, ਫਿਰ ਬੰਦ ਨੈਣਾਂ ਵਿਚੋਂ ਕੋਈ ਕੋਈ ਤ੍ਰੇਪਾ ਹੰਝੂ ਦਾ ਕਿਰਨ ਲੱਗ ਪਿਆ ਹੈ। ਹੌਲੇ ਹੌਲੇ ਹੰਝੂ ਵਧਦੇ ਗਏ। ਫੇਰ ਬੁੱਲ੍ਹ ਫੜਕੇ! ਅੱਖਾਂ ਝਿਲਮਿਲ ਹੋ ਹੋ ਖੁੱਲ੍ਹਣ ਤੇ ਮਿਟਣ ਤੇ ਅੱਖਰੂ ਲੜੀ ਬੰਨ੍ਹ ਬੰਨ੍ਹ ਵਗਣ ਲੱਗ ਪਏ ਤੇ ਵਿਚ ਵਿਚ ਲੰਮਾਂ ਖਿੱਚਵਾਂ ਠੰਢਾ ਸਾਹ ਬੀ ਆਵੇ।

ਮੁਰੀਦ ਤੇ ਹੋਰ ਗਿਰਦੇ ਬੈਠੇ ਸਾਰੇ ਸਹਿਮ ਗਏ ਕਿ ਅੱਜ ਕੀ ਖੇਚਲ ਆਈ ਹੈ ਜੋ ਇਤਨੇ ਬਜ਼ੁਰਗ ਤੇ ਪੀਰ ਇਸ ਤਰ੍ਹਾਂ ਰੋ ਰਹੇ ਹਨ। ਇਸ ਸਭਨਾਂ ਤੇ ਛਾਏ ਸਹਿਮ ਵਿਚੋਂ ਇਕ ਮੁਰੀਦ ਨੂੰ, ਜੋ ਪਿਆਰ ਕੁੱਠਾ ਵਧੇਰੇ ਸੀ, ਹੌਸਲਾ ਭਰ ਆਇਆ ਤੇ ਹੱਥ ਬੰਨ੍ਹ ਕੇ ਬੋਲਿਆ:-

ਜੀਵੇ ਪੀਰ ਸਲਾਮਤ! ਹਜ਼ੂਰ ਨੂੰ ਕੀਹ ਖੇਚਲ ਦਰਪੇਸ਼ ਆਈ ਹੈ ਜੋ ਛੱਜੀਂ ਬੁੱਕੀਂ ਪਏ ਰੋਨੇ ਹੋ? ਕੋਈ ਮੁਰੀਦ ਖ਼ਿਦਮਤ ਗੁਜ਼ਾਰ ਸਕਣ ਤਾਂ ਇਰਸ਼ਾਦ (ਹੁਕਮ) ਕਰ ਦਿਓ। ਖ਼ਿਦਮਤ ਵਿਚ ਜਾਨ ਹਾਜ਼ਰ ਹੈ।

ਪੀਰ- ਬਰਖ਼ੁਰਦਾਰ, ਅੱਲਾ ਰਹਿਮਤ ਕਰੀ, ਪੁੱਛ ਨਾ, ਗੱਲ ਦੱਸਣੇ ਦੀ ਨਹੀਂ।

 www.sikhbookclub.com

ਮੁਰੀਦ-- ਜੀਉ, ਅਸਾਂ ਤੋਂ ਆਪ ਦਾ ਬੈਰਾਗ਼ ਦੇਖ ਨਹੀਂ ਹੁੰਦਾ, ਦੱਸਣ ਦੀ ਰਹਿਮਤ ਕਰੋ ਜੋ ਖ਼ਿਦਮਤਗਾਰ ਕੁਛ ਖਿਦਮਤ ਪੇਸ਼ ਕਰ ਸਕਣ।

ਪੀਰ-- ਬਰਖ਼ੁਰਦਾਰੋ, ਕਈ ਗੱਲਾਂ ਜਾਣੀਆਂ ਚੰਗੀਆਂ ਹੁੰਦੀਆਂ ਹਨ ਪਰ ਕਈ ਨਾ ਜਾਣੀਆਂ ਸੁਖਦਾਈ ਰਹਿੰਦੀਆਂ ਹਨ।

ਮੁਰੀਦ-- ਆਪ ਮੁਰਸ਼ਿਦ ਹੋ, ਅਸਾਂ ਇਰਸ਼ਾਦ ਤੇ ਟੁਰਨਾ ਹੈ, ਪਰ ਪਿਆਰ ਕਾਹਲਾ ਹੈ ਜਾਣਨੇ ਲਈ ਤੇ ਖ਼ਿਦਮਤ ਲਈ।

ਪੀਰ– ਭਾਈ ਫੇਰ ਕਾਹਲੇ ਹੋ ਤਾਂ ਪਹਿਲਾਂ ਸੁਣ ਲਓ ਸਾਰੇ ਇਕ ਵੀਚਾਰ। ਤੁਸੀਂ ਜੇ ਜਾਣ ਲਓਗੇ ਤਾਂ ਕਿਸੇ ਦਾ ਈਮਾਨ ਠੌਰ ਤੇ ਨਹੀਂ ਰਹੇਗਾ, ਸਭ ਬੇਈਮਾਨ ਹੋ ਜਾਓਗੇ। ਨਾ ਜਾਣੋਗੇ ਤਾਂ ਈਮਾਨ ਠੌਰ ਬੈਠਾ ਰਹੇਗਾ।

ਮੁਰੀਦ-- ਪੀਰ ਸਲਾਮਤ! ਕਦਮਾਂ ਦੇ ਗ਼ੁਲਾਮ ਹਾਂ, ਮੁੱਦਤ ਦੇ ਮੁਰੀਦ ਹਾਂ, ਈਮਾਨ ਇਨਸ਼ਾਅੱਲਾ ਠੌਰ ਰਹੇਗਾ, ਮਿਹਰ ਕਰਕੇ ਦੱਸੋ ਜੋ ਜੀ ਹੌਲਾ ਹੋਵੇ ਨੇ।

ਪੀਰ– ਮੈਂ ਜਦ ਮਰਾਕ਼ਬੇ ਬੈਠਦਾ ਹਾਂ ਤਾਂ ਬਹਿਸ਼ਤਾਂ ਵਿਚ ਇਕ ਸੂਰਤ ਦੇਖਦਾ ਹਾਂ ਜਿਸਦੇ ਨੂਰ ਨਾਲ ਬਹਿਸ਼ਤ ਨੂਰੀ ਹੁੰਦੇ ਹਨ ਪਰ ਉਹ ਮੁਸਲਮਾਨ ਨਹੀਂ। ਮੇਰੇ ਦੇਹੁੰ ਹੁਣ ਪੁੱਗੇ ਹਨ, ਉਮਰਾ ਵਡੇਰੀ ਹੈ, ਚੱਲਣਾ ਹੈ। ਜੀਵਨ ਝੂਠ ਭਾਈ, ਮਰਨਾ ਬਰਹੱਕ। ਮੈਂ ਉਸ ਨੂਰੀ ਦੇ ਚਾਨਣੇ ਏਥੋਂ ਬਹਿਸ਼ਤਾਂ ਨੂੰ ਜਾਣਾ ਸੀ, ਪਰ ਉਸ ਦੇ ਜਾਣੇ ਦਾ ਪਤਾ ਨਹੀਂ, ਮੇਰੇ ਛੇਤੀ ਚਲੇ ਜਾਣ ਦਾ ਸੱਦਾ ਆ ਗਿਆ ਹੈ ਸੋ ਮੈਂ ਸੋਚਦਾ ਹਾਂ ਕਿ ਮੈਂ ਕੱਲਾ ਹਨੇਰੇ ਵਿਚ ਕੀਕੂੰ ਜਾਵਾਂਗਾ! ਇਤ ਕਾਰਣ ਰੋਇਆ ਹਾਂ ਤੇ ਅਰਜ਼ ਗੁਜ਼ਾਰੀ ਹੈ ਸਾਈਂ ਦੇ ਦਰਬਾਰ, ਜੋ ਮੈਂ ਹੁਣ ਨਾ ਜਾਵਾਂ, ਜਾਵਾਂ ਤਦੋਂ ਜਦੋਂ ਜਾਣ ਓਹ ਆਪ ਏਥੋਂ, ਲੈ ਚੱਲਣ ਆਪਣੇ ਨਾਲ ਆਪਣੇ ਚਾਨਣੇ ਚਾਨਣੇ।

ਇਹ ਸੁਣ ਕੇ ਮੁਰੀਦਾਂ, ਸ਼੍ਰੋਤਿਆਂ ਵਿਚ ਖਿਲਬਿਲੀ ਮੱਚ ਗਈ: ਤੋਬਾ, ਹਿੰਦੂ ਦੇ ਚਾਨਣੇ ਮੁਸਲਿਮ ਪੀਰ। ਸਾਡਾ ਪੀਰ ਹਿੰਦੂ ਦਾ ਮੁਰੀਦ! ਹਿੰਦੂ ਦੀ ਤਾਂ ਦੇਹ ਸੜ ਜਾਂਦੀ ਹੈ, ਬਹਿਸ਼ਤਾਂ ਵਿਚ ਕੀਹ ਜਾਏਗਾ, ਸਾਰੇ ਦੀਨਦਾਰ ਆਖਦੇ ਹੈਨ ਕਿ ਹਿੰਦੂ ਤੇ ਬਹਿਸ਼ਤ ਹਰਾਮ ਹੈ। ਕੋਈ ਸੋਚੇ: ਬੁੱਢੇ ਹੋ ਗਏ ਹਨ ਪੀਰ ਜੀ, ਦਿਮਾਗ਼ ਪਤਲਾ ਪੈ ਗਿਆ ਹੈ, ਇਨ੍ਹਾਂ ਦਾ ਕੋਈ ਹੁਣ ਉਪਰਾਲਾ ਕੀਤਾ ਜਾਵੇ ਤਾਂ ਚੰਗਾ ਹੈ। ਕਿਸੇ ਕਿਹਾ: ਹਾਂ ਚਿਰ ਹੋਇਆ

ਤਾਂ ਇਕ ਮਿਲਿਆ ਸਾਨੇ ਸਮੁੰਦਰ ਕਿਨਾਰੇ, ਜਿਸ ਨੇ ਵਰਜ਼ ਦਿਤਾ ਸੀ ਅਜ਼ਮਤ, ਕਰਾਮਾਤ ਕਰਨੋ। ਉਹੋ ਹੋਣਾ ਹੈ ਜਿਨ ਗਵਾਇਆ ਸੀ ਸਾਡੇ ਕੰਮੋਂ ਪੀਰ ਜੀ ਨੂੰ, ਤਦੋਂ ਦੇ ਬਹੁਤਾ ਜ਼ਿਕਰ ਜ਼ਿਕਰ ਫ਼ਿਕਰ ਵਿਚ ਰਹਿੰਦੇ ਹਨ ਤੇ ਪੀਰੀਆਂ ਕਰਾਮਾਤਾਂ ਘੱਟ ਕਰਦੇ ਹਨ। ਕੀ ਜਾਣੀਏ, ਓਹ ਹੋਣਾ ਹੈ ਹਿੰਦੂ। ਅਸਾਂ ਸੁਣਿਆ ਸੀ ਤਾਂ ਜਾਤਾ ਸੀ ਕਿ ਕੋਈ ਵਲੀ ਗ਼ੌਸ ਕੁਤਬ ਮਿਲਿਆ ਹੈ ਸਾਡੇ ਪੀਰ ਜੀ ਨੂੰ, ਰਜ਼ਾ ਤੇ ਅਗੋਂ ਤਸਲੀਮ ਵਲ ਲੈ ਗਿਆ ਹੈ। ਇਕ ਹੋਰ ਨੇ ਕਿਹਾ: ਉਹ ਤਸਲੀਮ ਵਾਲੀ ਤਾਂ ਗੱਲ ਚੰਗੀ ਹੈ! ਇਹ ਭੀ ਭਲਾ ਹੈ ਕਿ ਫ਼ਕੀਰ ਅੱਲਾ ਨਾਲ ਲਗੇ ਰਹਿਣ ਪਰ ਹਿੰਦੂ ਦੇ ਤਾਂ ਪਰਛਾਵੇਂ ਤੋਂ ਪਰੇ ਰਹਿਣਾ ਚਾਹੀਏ। ਪੀਰ ਜੀ ਦਾਨੇ ਸ਼ਰਹਫ਼ਿਕਾ ਦੇ ਵਾਕਫ਼, ਕੀਕੂੰ ਆ ਗਏ ਕਿਸੇ ਦੇ ਸਾਏ ਹੇਠ?

ਗੱਲ ਕੀ, ਹੌਲੇ ਹੌਲੇ ਕਈ ਤਰ੍ਹਾਂ ਦੀ ਤੂਤ-ਭੀਤੀ ਹੋਈ, ਫੇਰ ਚੁਪ ਹੋ ਗਈ, ਪਰ ਈਮਾਨ ਸਭ ਦੇ ਹੱਲ ਖੜੋਤੇ। ਪਹਿਲੇ ਪੁੱਛਣ ਵਾਲੇ ਮੁਰੀਦ ਨੇ ਫੇਰ ਹੌਸਲਾ ਬੱਧਾ ਤੇ ਬੋਲਿਆ:- ਪੀਰ ਸਲਾਮਤ! ਹਿੰਦੂ ਨੂੰ ਤਾਂ ਬਹਿਸ਼ਤ ਦਾਖ਼ਲ ਹੋਣਾ ਲਿਖਿਆ ਨਹੀਂ, ਤੇ ਤੁਸੀਂ ਉਸ ਦਾ ਚਾਨਣਾ ਬਹਿਸ਼ਤਾਂ ਵਿਚ ਤੱਕਿਆ ਹੈ, ਤੇ ਏਥੇ ਓਸ ਦੇ ਮਾਨੋ ਮੁਰੀਦ ਬਣ ਰਹੇ ਹੋ ਤੇ ਬਹਿਸ਼ਤਾਂ ਤਾਈਂ ਉਸ ਦੇ ਚਾਨਣੇ ਵਿਚ ਜਾਣਾ ਚਾਹੁੰਦੇ ਹੋ, ਐਸਾ ਬਲੀ ਕੌਣ ਹੈ? ਕਿਉਂ ਕਰ ਜਾਣੀਐ ਜੋ ਇਹ ਗੱਲ ਸੱਚ ਹੈ? ਬੇਅਦਬੀ ਮਾਫ਼ ਪੀਰਜੀ! ਆਪ ਬੜੇ ਬਜ਼ੁਰਗ ਹੋ, ਪਰ ਉਹ ਬੜਾ ਡਾਢਾ ਹੈ ਨਾ, ਖਾਬੇ ਆਦਮ ਵਾਲਾ ਮਲਊਨ(ਆਖਣ ਵਾਲੇ ਦੀ ਮੁਰਾਦ ਸ਼ੈਤਾਨ ਤੋਂ ਹੈ, ਪੀਰ ਦਾ ਅਦਬ ਕਰਕੇ ਨਾਮ ਨਹੀਂ ਸੂ ਲੀਤਾ ਤੇ ਇਸ਼ਾਰਾ ਕੀਤਾ ਸੂ।), ਮਾਫ਼ ਕਰਨਾ ਕਿਤੇ ਉਹ ਤਾਂ ਕੋਈ ਫਿੱਲੀ ਨਹੀਂ ਮਾਰ ਰਿਹਾ। ਸੋ ਪੀਰ ਜੀ! ਸਾਡਾ ਈਮਾਨ ਠੌਹੇ ਰਖੋ ਤੇ ਇਸ ਗੱਲ ਦਾ ਪਤੀਆ ਦਿਓ, ਜੋ ਦਿਲ ਠੌਰੇ ਆ ਜਾਣ।

ਇਹ ਸੁਣ ਕੇ ਵੈਰਾਗ ਵਿਚ ਪੰਘਰਿਆ ਪੀਰ ਹੱਸ ਪਿਆ ਤੇ ਦਿਲ ਵਿਚ ਆਖਣ ਲੱਗਾ: ਪੀਰੀ ਕਾਹਦੀ ਹੋਈ, ਹਰ ਵੇਲੇ ਪਤੀਏ ਦੇਣ ਦੀ ਸ਼ਾਗਿਰਦੀ ਹੋ ਗਈ। ਪਰ ਫੇਰ ਆਪਾ ਗੌਰਵਤਾ ਵਿਚ ਰੱਖ ਕੇ ਆਖਣ ਲੱਗਾ:- ਭਾਈ! ਤੁਸੀਂ ਆਪਣੇ ਵਿਚੋਂ ਕੋਈ ਸਿਆਣਾ ਆਲਮ ਸ਼ਰਹਫ਼ਿਕਾ ਦਾ ਜਾਣੂ ਲੱਭ ਲਿਆਓ, ਜਿਸ ਵਿਚ ਤੁਸਾਡਾ ਯਕੀਨ ਹੋਵੇ ਕਿ ਸੱਚ ਪੁੱਤਰ ਹੈ ਤੇ ਦੀਨ ਦੇ ਕਿਸੇ ਇਲਮ ਵਿਚ ਕੱਸਾ ਨਹੀਂ, ਉਸ ਨੂੰ ਚਿੱਠੀ ਦੇ ਕੇ

ਟੋਰਦੇ ਹਾਂ, ਉਹ ਜਾਵੇ ਤੇ ਸਾਰਾ ਪਤਾ ਪਤੀਆ ਲਿਆ ਕੇ ਤੁਸਾਨੂੰ ਦੱਸੇ, ਫੇਰ ਤੁਸੀਂ ਅਮੰਨਾ ਕਰ ਲਿਆ ਜੇ, ਜਿਸ ਤਰ੍ਹਾਂ ਦਾ ਤੁਸਾਂ ਤੋਂ ਬਣ ਆਵੇ।

ਇਹ ਸੁਣ ਕੇ ਸਾਰਿਆਂ ਨੇ ਇਸਲਾਮੀ ਵਿਦਜਾ ਦਾ ਇਕ ਚੋਟੀ ਦਾ ਵਿਦਵਾਨ ਤੇ ਇਤਬਾਰ ਵਾਲਾ ਬੰਦਾ ਹਾਜ਼ਰ ਕੀਤਾ। ਪੀਰ ਜੀ ਨੇ ਇਕ ਖਤ ਲਿਖਿਆ, ਲਿਫਾਫੇ ਵਿਚ ਪਾ ਕੇ ਬੰਦ ਕੀਤਾ ਅਤੇ ਉਤੇ ਪਹਿਲਾਂ ਲਿਖਿਆ- 'ਜੋ ਅਸਾਂ ਲੱਦਣ ਲਦਿਆ ਅਸਾਡੀ ਕਰ ਕਾਇ।' ਫੇਰ ਪਤਾ ਲਿਖਿਆ ਤੇ ਇਲਮਵਾਨ ਨੂੰ ਸਮਝਾਇਆ ਕਿ ਲਾਹੌਰ ਦਾ ਦੇਸ਼ ਹੈ, ਰਾਵੀ ਦਾ ਕੰਢਾ ਹੈ, ਮਿੱਠੇ ਪੀਰ ਦੇ ਕਿਤੇ ਨੇੜੇ ਹੈ, ਰਹਿੰਦਾ ਹੈ ਓਥੇ ਦਰਵੇਸ਼, ਦਰਵੇਸ਼ਾਂ ਦਾ ਸਰਦਾਰ, ਨਾਉਂ ਹੈ 'ਨਾਨਕ', ਹਾਂ 'ਨਾਨਕ ਸ਼ਾਹ', 'ਨਾਨਕ ਪਾਤਸ਼ਾਹ'। ਓਥੇ ਲੈ ਜਾਹੁ ਖ਼ਤ, ਅਸਾਡਾ ਇਹ ਅਰੀਜ਼ਹ। ਆਪ ਦੇਣਾ ਨਾ, ਮੰਗਣ ਤਾਂ ਦੇਵਣਾ, ਇਹ ਤਾਕੀਦ ਹੈ। ਏਹੋ ਪਤੀਆ ਹੋਸੀ ਕਿ ਓਹ ਸਾਹਿਬ ਕਸ਼ਫ ਹੈ ਕਿ ਨਾਂ। ਇਹ ਖ਼ਤ ਲੈ ਕੇ ਇਲਮਵਾਨ ਤਿਆਰ ਹੋ ਗਿਆ। ਸਫਰ ਖ਼ਰਚ ਸਵਾਰੀ ਆਦਿ ਦਾ ਬੰਦੋਬਸਤ ਮੁਰੀਦਾਂ ਨੇ ਕਰ ਦਿਤਾ ਤੇ ਓਹ ਉੱਤਰ ਦਿਸ਼ਾ ਨੂੰ ਰਵਾਨਾ ਹੋ ਗਿਆ।

2.

ਕੌਣ ਸੀ ਇਹ ਪੀਰ ਤੇ ਕਿਵੇਂ ਸੀ ਇਸ ਦਾ ਸਿਦਕ ਤੇ ਪਿਆਰ ਗੁਰੂ ਨਾਨਕ ਦੇਵ ਜੀ ਨਾਲ? ਕਿਉਂਕਿ ਇਸ ਨੂੰ ਨਾਮ ਦਾ ਪਤਾ ਹੈ, ਠਿਕਾਣੇ ਦਾ ਪਤਾ ਹੈ, ਆਤਮ ਸੱਤਜਾ ਦਾ ਕਾਯਲ ਹੈ, ਤੇ ਉਨ੍ਹਾਂ ਦੇ ਚਾਨਣੇ ਜਾਣਾ ਚਾਹੁੰਦਾ ਹੈ; ਮਰਾਕਬੇ(ਸਮਾਧੀ!) ਵਿਚ ਜਦ ਬੈਠਦਾ ਹੈ ਤਾਂ ਦਰਸ਼ਨ ਉਨ੍ਹਾਂ ਦੇ ਹੁੰਦੇ ਹਨ, ਇਉਂ ਪੂਰਾ ਪੂਰਾ ਸਿਦਕ ਤੇ ਮੁਰੀਦਾਂ ਵਾਲਾ ਈਮਾਨ ਸਹੀ ਹੁੰਦਾ ਹੈ। ਇਸ ਗੱਲ ਦੇ ਉੱਤਰ ਲਈ ਇਕ ਸਾਖੀ ਪੀਰ ਬਹਾਵਦੀਨ ਨਾਲ ਪਹਿਲੋਂ ਹੋ ਵਰਤੀ ਪੁਰਾਤਨ ਜਨਮਸਾਖੀ ਵਿਚ ਆਈ ਹੈ ਕਿ ਤਦੋਂ ਦਾ ਸੰਬੰਧ ਹੈ ਇਸ ਦਾ ਗੁਰੂ ਚਰਨਾਂ ਨਾਲ। ਉਸ ਜਨਮਸਾਖੀ ਦੇ ਲਿਖੇ ਅਨੁਸਾਰ ਜਦੋਂ ਗੁਰੂ ਜੀ ਦੂਜੀ ਉਦਾਸੀ ਦੱਖਣ ਨੂੰ ਸੰਗਲਾਦੀਪ ਵੱਲ ਗਏ ਹਨ ਤਾਂ ਰਸਤੇ ਵਿਚ ਸਮੁੰਦਰ ਦੇ ਕਿਨਾਰੇ ਮੇਲ ਹੋਇਆ ਹੈ। ਹੋਰ ਕਈ ਅਨੁਮਾਨਾਂ ਨਾਲ ਸਹੀ ਹੁੰਦਾ ਹੈ ਕਿ ਦੱਖਣ ਤੋਂ ਮੁੜ ਕੇ ਆਉਂਦਿਆਂ ਸਮੁੰਦਰ ਕਿਨਾਰੇ ਇਸ ਪੀਰ ਜੀ ਨਾਲ ਮੇਲ ਹੋਇਆ ਸੀ। ਪੀਰ ਨੂੰ ਮੁਲਤਾਨ ਦਾ ਵਾਸੀ ਲਿਖਿਆ ਹੈ। ਹੋ ਸਕਦਾ ਹੈ ਤਦੋਂ ਯਾ ਜਦੋਂ ਗੁਰੂ ਜੀ ਮੱਕੇ ਨੂੰ

 www.sikhbookclub.com

ਗਏ ਹਨ ਤਦੋਂ ਕਰਾਚੀ ਠਹਿਰੇ ਹੋਣ, ਓਥੇ ਇਸ ਦਾ ਮੇਲ ਹੋਇਆ ਹੋਵੇ। ਸਾਖੀ ਇਸ ਪ੍ਰਕਾਰ ਹੈ ਕਿ ਪੀਰ ਸਮੁੰਦਰ ਵਿਚ ਇਕ ਮੁਸੱਲਾ ਤਰਾਕੇ ਉੱਤੇ ਬੈਠ ਜਾਂਦਾ ਸੀ ਤੇ ਇਸ ਦੀ ਮਨੋਸ਼ਕਤੀ ਨਾਲ ਮੁਸੱਲਾ ਸਮੁੰਦਰ ਉਤੇ ਤਰਦਾ ਤੁਰਿਆ ਜਾਂਦਾ ਸੀ। ਇਕ ਦਿਨ ਗੁਰੂ ਜੀ ਖੀ ਸਮੁੰਦਰ ਦੇ ਕਿਨਾਰੇ ਸੈਰ ਕਰਨੇ ਲਈ ਖੇੜੀ ਵਿਚ ਅੱਪੜੇ ਕਿ ਪੀਰ ਦੀ ਸੁਣੀ ਕਰਾਮਾਤ ਨੂੰ ਦੇਖਣ ਤੇ ਉਸ ਵੇਲੇ ਕੋਈ ਵਿਉਂਤ ਉਸ ਨੂੰ ਕਰਾਮਾਤੀ ਉਲਝਣ ਵਿਚੋਂ ਕੱਢ ਲੈਣ ਦੀ ਕਰਨ।

ਗੁਰੂ ਜੀ ਦਾ ਇਹ ਇਕ ਤ੍ਰੀਕਾ ਸੀ ਕਿ ਪੀਰਾਂ ਸੰਤਾਂ ਸਾਧੂਆਂ ਜੋਗੀਆਂ ਨੂੰ ਉਨ੍ਹਾਂ ਦੀ ਕੋਈ ਭੁੱਲ ਉਕਾਈ ਕੱਢ ਕੇ ਠੀਕ ਰਸਤੇ ਪਾ ਦੇਣਾ ਯਾ ਜਿਥੇ ਅਟਕੇ ਖੜੇ ਹੋਣ ਅਗਲੀ ਤੁੱਕੀ ਦੇ ਰਸਤੇ ਪਾ ਦੇਣਾ। ਇਕ ਤਾਂ ਉਸ ਦਾ ਭਲਾ ਹੋ ਜਾਣਾ ਦੂਜੇ ਉਸ ਦੇ ਸ਼ਰਧਾਵਾਨਾਂ ਨੂੰ ਠੀਕ ਰਹਿਬਰੀ ਮਿਲ ਜਾਣੀ। ਇਹੋ ਪ੍ਰਯੋਜਨ ਏਥੇ ਸੀ। ਜਦ ਗੁਰੂ ਜੀ ਬੇੜੀ ਵਿਚ ਅੱਪੜੇ ਤਾਂ ਪੀਰ ਨੇ ਅਗੋਂ ਸਲਾਮ ਕੀਤੀ ਤਾਂ ਗੁਰੂ ਜੀ ਬੀ ਸਲਾਮ ਦਾ ਜਵਾਬ ਦਿੱਤਾ ਤੇ ਦਸਤਪੋਸੀ ਕੀਤੀ। ਦੁਇ ਬੈਠ ਗਏ। ਤਦ ਪੀਰ ਨੇ ਆਖਿਆ- "ਨਾਨਕ ਦਰਵੇਸ਼! ਚਲ ਸਮੁੰਦਰ ਦਾ ਸੈਰ ਕਰ ਆਵਹਾਂ"(ਪੁਰਾਤਨ ਜਨਮ ਸਾਖੀ।)। ਤਦ ਗੁਰੂ ਜੀ ਬੋਲੇ- "ਹੇ ਬਹਾਵਦੀਨ! ਕਦੇ ਸੈਰ ਕਰਦਿਆਂ ਕੁਛ ਨਦਰ ਬੀ ਆਇਓ ਈ?" ਤਾਂ ਉਸ ਰਮਜ਼ ਨਾ ਸਮਝੀ ਤੇ ਉਤਰ ਦਿੱਤਾ ਕਿ "ਇਕ ਮੁਨਾਰਾ ਥੋੜੀ ਦੂਰ ਹੈ ਸਾਗਰ ਦੇ ਵਿਚ, ਉਹ ਦੂਰੋਂ ਡਿੱਠਾ ਹੈ।" ਤਾਂ ਗੁਰੂ ਜੀ ਨੇ ਕਿਹਾ- "ਅਸੀਂ ਤਾਂ ਏਥੇ ਬੈਠੇ ਹਾਂ, ਸੁਹਣੀ ਹਵਾ ਆ ਰਹੀ ਹੈ, ਸਾਈਂ ਦੇ ਰੰਗ ਤੇ ਸਾਗਰ ਦੇ ਤ੍ਰੰਗ ਦੇਖ ਰਹੇ ਹਾਂ, ਤੁਸੀਂ ਉਸ ਮੁਨਾਰੇ ਫੇਰ ਜਾਓ ਤੇ ਉਸ ਦੀ ਖਬਰਸਾਰ ਲੈ ਆਓ। ਫੇਰ ਆਓਗੇ ਤਾਂ ਗੱਲਾਂ ਬਾਤਾਂ ਕਰਾਂਗੇ।" ਸੋ ਏਉਂ ਆਗਿਆ ਪਾ ਕੇ ਪੀਰ ਮੁਸੱਲੇ ਤੇ ਬੈਠ ਕੇ ਉਸ ਨੂੰ ਆਪਣੀ ਮਨੋਸ਼ਕਤੀ ਨਾਲ ਚਲਾਉਂਦਾ ਚਲਾ ਗਿਆ ਤੇ ਮੁਨਾਰੇ ਦੇ ਦੁਆਲੇ ਜੋ ਥਾਉਂ ਤੇ ਟਿਕਾਣਾ ਸੀ ਓਥੇ ਜਾ ਉਤਰਿਆ। ਅੱਗੋ ਦੇਖੇ ਤਾਂ ਖੀਸ ਮਰਦ ਬੈਠੇ ਹਨ। ਇਸ ਨੇ ਉਨ੍ਹਾਂ ਨੂੰ ਸਲਾਮ ਕੀਤੀ, ਉਨ੍ਹਾਂ ਨੇ ਅਗੋਂ ਆਦਰ ਦਿਤਾ ਤੇ ਪਾਸ ਬਹਾਲ ਲਿਆ। ਇੰਨੇ ਨੂੰ ਹਨੇਰਾ ਉਤਰ ਪਿਆ। ਅਜੇ ਕੁਛ ਗਲਾਂ ਬਾਤਾਂ ਕਰਦੇ ਸਨ ਤਾਂ ਉਥੇ ਇਕੀਸ ਭਾਂਡੇ ਉਤਰੇ ਜਿਨ੍ਹਾਂ ਵਿਚ ਪ੍ਰਸਾਦਿ ਪ੍ਰੋਸਿਆ ਹੋਇਆ ਸੀ। ਇਕੀਸ ਹੀ

 www.sikhbookclub.com

ਫਕੀਰਾਂ ਨੇ ਉਹ ਭੋਜਨ ਪਾ ਲਿਆ; ਰਾਤੀਂ ਓਹ ਵੀਹ ਫਕੀਰ ਬੰਦਗੀ ਵਿਚ ਜੁੜ ਗਏ। ਪੀਰ ਦੇਖਦਾ, ਸੌਂਦਾ, ਕਿਸੇ ਵੇਲੇ ਕੁਛ ਥੋੜਾ ਬੰਦਗੀ ਦੇ ਖ੍ਯਾਲ ਵਿਚ ਬੀ ਕਦੇ ਹਬਸ ਦਮ(ਪ੍ਰਾਣਾਯਾਮ ਕਰਦਾ।) ਕਰਦਾ ਰਿਹਾ। ਜਦ ਦਿਨ ਚੜ੍ਹਿਆ ਤਾਂ ਉਹ ਵੀਹ ਫਕੀਰ ਉਠਕੇ ਚੁਪ ਚੁਪਾਤੇ ਚਲੇ ਗਏ। ਕਿਸ ਰੁਖ ਚਲੇ ਗਏ ਪੀਰ ਨੂੰ ਪਤਾ ਨਹੀਂ ਲੱਗਾ, ਪਰ ਹਰਜਾਨੀ ਬੱਧਾ ਓਥੇ ਬੈਠਾ ਰਿਹਾ ਜੋ ਦੇਖਾਂ ਹੋਰ ਕੀਹ ਹੁੰਦਾ ਹੈ ਤਾਂ ਜੋ ਦਰਵੇਸ਼ ਨਾਨਕ ਨੂੰ ਜਾਕੇ ਦੱਸ ਸੱਕਾਂ ਕਿ ਓਥੇ ਕੀਹ ਹੈ; ਓਸ ਜੁ ਆਖਿਆ ਸੀ ਤੁਧ ਕੁਛ ਡਿੱਠਾ ਬੀ ਸਮੁੰਦਰ ਵਿਚ? ਜਦ ਪਹਿਰ ਕੁ ਦਿਨ ਹੋ ਆਯਾ ਤਾਂ ਪੀਰ ਨੇ ਡਿੱਠਾ ਕਿ ਇਕ ਜਹਾਜ਼ ਆ ਰਿਹਾ ਹੈ, ਪਰ ਥਿੜਕ ਰਿਹਾ ਹੈ, ਹੁਣ ਡੁੱਬਾ ਕਿ ਹੁਣ ਡੁੱਬਾ। ਪੀਰ ਨੂੰ ਖਿਆਲ ਆਇਆ ਕਿ ਮੇਰੇ ਵਿਚ ਸ਼ਕਤਿ ਹੈ, ਦੇਖਾਂ ਬੇਹਿਥਾ ਖਚਦਾ ਹੈ ਕਿ ਨਾ, ਤਾਂ ਉਸ ਨੇ ਧਯਾਨ ਜੋੜ ਕੇ ਆਖਿਆ- ਏਹ ਬੋਹਿਥਾ ਮੈਂ ਖੜਾ ਕਰ ਸੰਭਾਲਿਆ ਹੈ, ਯਾ ਖੁਦਾ ਹੁਣ ਏਹ ਨਾ ਡੁੱਬੇ। ਤਾਂ ਉਹ ਥੋੜਾ ਬਚ ਗਿਆ ਤੇ ਕਿਨਾਰੇ ਜਾ ਲੱਗਾ। ਜਦ ਰਾਤ ਪੈਣ ਤੇ ਆਈ ਤਾਂ ਓਹ 20 ਬੰਦੇ ਫੇਰ ਕਿਤੋਂ ਆ ਗਏ; ਪਰ ਅਜ ਖਾਣਾ ਨਾ ਉਤਰਿਆ। ਓਹ ਵੀਹੇ ਉਸ ਤਰ੍ਹਾਂ ਸਾਈਂ ਦੀ ਬੰਦਗੀ ਵਿਚ ਜੁੜ ਬੈਠੇ ਤੇ ਸਾਰੀ ਰਾਤ ਗੁਜ਼ਾਰ ਕੇ ਸਵੇਰੇ ਫੇਰ ਟੁਰ ਗਏ। ਪੀਰ ਅੱਜ ਬੀ ਬੈਠਾ ਰਿਹਾ ਕਿ ਇਨ੍ਹਾਂ ਫ਼ਕੀਰਾਂ ਦਾ ਭੇਤ ਕੁਛ ਲੈ ਕੇ ਜਾਵਾਂ। ਭੁਖਾ ਸੀ ਪਰ ਜ਼ੁਹਦੀ ਹੋਣ ਕਰਕੇ ਭੁੱਖ ਝੱਲ ਰਿਹਾ। ਦਿਨ ਚੜ੍ਹਿਆ ਤਾਂ ਪੀਰ ਕੀਹ ਦੇਖੇ ਕਿ ਉਹ ਮੁਨਾਰਾ ਹਿੱਲ ਰਿਹਾ ਹੈ ਤੇ ਜਾਪੇ ਕਿ ਡਿੱਗਾ ਕਿ ਡਿੱਗਾ। ਤਾਂ ਉਸ ਆਖਿਆ- ਏਥੇ ਮੈਂ ਬੈਠਾ ਹਾਂ, ਮੇਰੇ ਬੈਠੇ ਮੁਨਾਰਾ ਨਾ ਢਵੇ ਪਰ ਨਾ ਢਵੇ, ਯਾ ਖੁਦਾ ਮੁਨਾਰਾ ਨਾ ਢਵੇ! ਤਦ ਮੁਨਾਰਾ ਡਿੱਗਣੋਂ ਹਿੱਲਣੋਂ ਹਟ ਕੇ ਖੜਾ ਦਿੱਸਣ ਲੱਗ ਪਿਆ। ਤਾਂ ਪੀਰ ਖੁਸ਼ ਹੋਇਆ। ਰਾਤ ਆ ਗਈ, ਉਹ ਬੰਦਗੀ ਵਾਲੇ ਬੰਦੇ ਬੀ ਆ ਗਏ ਪਰ ਖਾਣਾ ਅੱਜ ਬੀ ਨਾ ਉਤਰਿਆ। ਤਦ ਉਹ ਆਪੋ ਵਿਚ ਵਿਚਾਰ ਕਰਨ ਲੱਗੇ ਕਿ ਸਾਡੇ ਵਿਚੋਂ ਕਿਸ ਨੇ ਰੱਬ ਜੀ ਦੀ ਰਜ਼ਾ ਵਿਚ ਕੋਈ ਮੋੜ ਭੰਗ ਪਾਇਆ ਹੈ ਜੋ ਖਾਣਾ ਬੰਦ ਹੋ ਗਿਆ ਹੈ। ਗੱਲਾਂ ਬਾਤਾਂ ਕਰਦਿਆਂ ਬਹਾਵਦੀਨ ਦੀ ਵਾਰੀ ਆਈ ਤਾਂ ਉਸ ਨੇ ਦੱਸਿਆ ਕਿ ਮੈਂ ਦੋ ਪਰਉਪਕਾਰ ਦੇ ਕੰਮ ਕੀਤੇ ਹਨ: ਇਕ ਬੋਹਿਥਾ ਤੇ ਇਕ ਮੁਨਾਰਾ ਬਚਾਇਆ ਹੈ। ਇਹ ਸੁਣ ਕੇ ਉਹਨਾਂ ਨੇ ਨਾਮ


www.sikhbookclub.com

ਪੁੱਛਿਆ ਤਾਂ ਉਸ ਨੇ ਦੱਸਿਆ ਮੇਰਾ ਨਾਮ ਪੀਰ ਬਹਾਵਦੀਨ ਹੈ। ਤਾਂ ਉਹਨਾਂ ਵਿਚੋਂ ਅਵਾਜ਼ ਆਈ: "ਏ ਦਰਵੇਸ਼ ਏਥੇ ਪੀਰਾਂ ਪਾਤਸ਼ਾਹਾਂ ਕੀ ਠਉੜਿ ਨਾਹੀ, ਪੀਰ ਪਾਤਿਸ਼ਾਹ ਦੁਨੀਆਂ ਵਿਚ ਸੋਂਹਦੇ ਹੈਨ ਅਤੇ ਖ਼ੁਦਾਇ ਕੇ ਰਾਹ ਕਾ ਦਰੁ ਨੀਵਾ ਹੈ ਅਤੇ ਪੀਰਾਂ ਪਾਤਿਸ਼ਾਹਾਂ ਦਾ ਸਿਰ ਉੱਚਾ ਹੈ(ਪੁਰਾਤਨ ਜਨਮ ਸਾਖੀ।)।"

ਇਹ ਸੁਣ ਕੇ ਪੀਰ ਨੂੰ ਲੱਜਜਾ ਆਈ ਤੇ ਉਥੋਂ ਉਠ ਟੁਰਿਆ ਤੇ ਸਮੁੰਦਰ ਵਿਚ ਆਪਣਾ ਮੁਸੱਲਾ ਠੇਲ ਕੇ ਉਪਰ ਚੜ੍ਹ ਬੈਠਾ। ਪੀਰ ਹੁਣ ਲੱਗਾ ਮਨੋਸੱਤਜਾ ਲਾਉਣ ਕਿ ਅੱਗੇ ਵਾਂਙ ਟੁਰ ਪਵੇ ਮੁਸੱਲਾ ਪਰ ਮੁਸੱਲਾ ਟੁਰੇ ਨਾ। ਜ਼ੋਰ ਲਾ ਲਾ ਥੱਕਾ ਤਾਂ ਉਹ 20 ਸਿੱਖ(ਪੁ: ਜਨਮ ਸਾਖੀ ਨੇ ਏਥੇ ਆ ਕੇ ਉਨ੍ਹਾਂ ਮਰਦਾਂ ਨੂੰ ਸਿਖ ਲਿਖਿਆ ਹੈ। ਸੋ ਜਾਪਦਾ ਹੈ ਕਿ ਉਹ ਬੰਦਗੀ ਵਾਲੇ ਗੁਰੂ ਨਾਨਕ ਦੇਵ ਦੇ ਸਿਖ ਸਨ ਜੋ ਗੁਰਮੁਖ ਪਦਵੀ ਨੂੰ ਪੂਰੇ ਅੱਪੜੇ ਹੋਏ ਸਨ।) ਆ ਪਹੁੰਚੇ। ਦੇਖ ਕੇ ਮੁਸਕ੍ਰਾਏ ਤੇ ਆਖਣ ਲੱਗੇ: ਪੀਰ ਜੀ! ਤੁਸੀਂ ਆਪਣਾ ਬਲ ਹਾਰ ਚੁਕੇ ਹੋ, ਹੁਣ ਮੁਸੱਲਾ ਤਾਂ ਚੱਲੇਗਾ ਜੇ ਗੁਰੂ ਨਾਨਕ ਨਾਮ ਦੀ ਅਰਾਧਨਾ ਕਰੋਗੇ('ਨਾਨਕ ਨਾਮ ਲਿਖ।'-ਪੁ:ਜ:ਸਾਖੀ।)। ਤਦ ਪੀਰ ਨੇ ਗੁਰੂ ਨਾਨਕ ਦੀ ਅਰਾਧਨਾ ਕੀਤੀ, ਮੁਸੱਲਾ ਟੁਰ ਪਿਆ ਤੇ ਆ ਕਿਨਾਰੇ ਲੱਗਾ। ਹੁਣ ਪੀਰ ਜੀ ਸੋਚਾਂ ਵਿਚ ਸਨ ਕਿ ਏਹ ਬੰਦੇ ਮੈਥੋਂ ਕਿੰਨੇ ਵਧੀਕ ਬਲੀ ਸਨ ਤੇ ਕਿਤਨੇ ਠੌਰੇ ਟਿਕੇ ਹੋਏ ਸਨ, ਫੇਰ ਇਨ੍ਹਾਂ ਨੇ ਮੇਰੇ ਉਤੇ ਆਪਣੇ ਗੁਰੂ ਦੀ ਸ਼ਕਤੀ ਦਾ ਕੈਸਾ ਭੇਤ ਖੋਲ੍ਹਿਆ ਹੈ; ਮੈਂ ਨਾਨਕ ਨੂੰ ਦਰਵੇਸ਼ ਹੀ ਸਮਝਦਾ ਸਾਂ ਤੇ ਖ਼ਿਆਲ ਕਰਦਾ ਸਾਂ ਕਿ ਇਸ ਦਰਵੇਸ਼ ਵਿਚ ਕੋਈ ਕਰਾਮਾਤੀ ਸ਼ਕਤੀ ਮੇਰੇ ਜਿਤਨੀ ਨਹੀਂ ਹੈ, ਪਰ ਇਸ ਦੇ ਤਾਂ ਨਾਮ ਵਿਚ ਬਲ ਹੈ, ਜਿਸ ਦੀ ਅਰਾਧਨਾ ਵਿਚ ਆਸਾ ਪੂਰਨ ਸ਼ਕਤੀ ਹੈ। ਸੋ ਸ਼ਕਤੀਆਂ ਦਾ ਸ਼ੁਕੀਨ ਸ਼ਕਤੀ ਵੇਖ ਕੇ ਪਤੀਜਿਆ ਤੇ ਛੇਤੀ ਤੋਂ ਛੇਤੀ ਉਹ ਗੁਰੂ ਨਾਨਕ ਦੇਵ ਜੀ ਨੂੰ ਜਾ ਮਿਲਿਆ ਤੇ ਅਦਬ ਭਰੀ ਸਲਾਮ ਕਰਕੇ ਬੈਠ ਗਿਆ। ਤਦ ਗੁਰੂ ਜੀ ਮੁਸਕ੍ਰਾਏ ਤੇ ਬੋਲੇ:- ਸੁਣਾਓ ਪੀਰ ਜੀ, ਕੁਛ ਦੇਖਿਆ? ਦੇਖਿਆ ਤਾਂ ਕੀਹ? ਤੇ ਉਸ 'ਕੀਹ' ਨੂੰ ਪਰਖਿਆ ਭੀ? ਤਦ ਪੀਰ ਨੇ ਸ਼ੁਕਰਾਨੇ ਦੀ ਸੁਰ ਵਿਚ ਉੱਤਰ ਦਿੱਤਾ- 'ਜੀ ਤੂੰ ਸਭ ਕੁਛ ਜਾਣਦਾ ਹੈਂ, ਤੇਰਿਆਂ ਦਾਸਾਂ ਦਾ ਸਦਕਾ ਤਉਂ ਤਾਈਂ ਆਇ ਪਹੁੰਚਾ ਹਾਂ।' ਤਦ ਗੁਰੂ ਜੀ ਰਹਿਮ ਵਾਲੀ ਨਜ਼ਰ ਤੱਕੇ ਤੇ ਬੋਲੇ:-

ਹੇ ਪੀਰ ਜੀ! ਹੰਸਾਂ ਦੀ ਠਉਰ ਸੁੱਛ ਸਰੋਵਰਾਂ ਤੇ ਹੁੰਦੀ ਹੈ, ਕਰੰਗਾਂ ਦੇ ਢੇਰਾਂ ਵਿਚ ਹੰਸ ਨਹੀਂ ਜਾ ਬੈਠਦੇ, ਜੇ ਜਾ ਬੈਠਣ ਤਾਂ ਦਿਨੇ ਰਾਤ ਦੇ ਉਲ੍ਹਾਮੇ। ਤਿਵੇਂ ਰੱਬ ਜੀ ਦੇ ਸਾਦਿਕ ਪ੍ਰੇਮ ਵਿਚ ਵਸਦੇ ਹਨ, ਹਉਮੈ ਦੇ ਕਰਮਾਂ ਵਿਚ ਪ੍ਰੀਤ ਨਹੀਂ ਪਾਉਂਦੇ। ਉਹਨਾਂ ਦਾ ਟਿਕਾਣਾ 'ਸਿਫਤ ਮਲਾਹ' ਵਿਚ ਹੈ(ਇਹ ਵਾਰਤਾ ਖੁਲ੍ਹਾ ਅਨੁਵਾਦ ਹੈ ਗੁਰੂ ਜੀ ਦੇ ਸਲੋਕ ਦਾ ਜੋ ਇਸ ਪਰਥਾਇ ਕੀਤਾ ਸੀ ਜੋ ਸੂਹੀ ਦੀ ਵਾਰ ਵਿਚ ਹੈ:-ਸਉ ਓਲ੍ਹਾਮੇ ਦਿਨੈ ਕੇ ਰਾਤੀ ਮਿਲਨਿ ਸਹੰਸ॥ ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ॥। ਸਾਈਂ ਲੋਕਾ! ਤੂੰ ਕਿਨ੍ਹੀਂ ਕੰਮੀਂ ਲੱਗ ਪਿਆ, ਮਿਹਨਤਾਂ ਕੀਤੀਆਂ, ਜੱਫਰ ਜਾਲੇ, ਮਨ ਨੂੰ ਜੋੜਿਆ, ਪਰ ਕਿਸੇ ਤੇ ਜੋੜਿਆ? ਮਾਇਆ ਤੇ, ਜੋ ਦੁਨੀਆਂ ਵਿਚ ਰਿੱਧੀਆਂ ਸਿੱਧੀਆਂ ਵਾਲਾ ਹੋ ਵਰਤੇਂ? ਨਜ਼ਰ ਦੁਨੀਆਂ ਤੇ ਐਸ਼੍ਵਰਜ ਵਿਚ ਹੀ ਰਹੀ? ਜੁੜਨਾ ਸੀ ਤਾਂ ਰੱਬ ਤੇ, ਆਨੰਦ ਲੈਣਾ ਸੀ ਤਾਂ ਵਾਹਿਗੁਰੂ ਜੀ ਦੀ ਸਿਫਤ ਸਲਾਹ ਤੇ ਉਸ ਦੇ ਕੀਰਤਨ ਦਾ ਲੈਣਾ ਸੀ, ਜੋ ਨਜ਼ਰ ਉੱਚੀ ਹੋ ਕੇ ਸੰਸਾਰ ਤੋਂ ਤਰ ਜਾਂਦੋਂ। ਮੁਸੱਲੇ ਚੱਲ ਪਏ ਤਾਂ ਕੀ ਲੱਝਾ। ਜੇ ਉਪਕਾਰ ਵਿਚ ਰਤੋਂ ਤੇ ਜਹਾਜ਼ ਬਚਾਇਓ ਈ ਤਾਂ ਮਿਹਰ ਸਾਈਂ ਦੀ ਤਕਾਈ ਪਰ ਅੰਦਰ ਹਉਂ ਜੋ "ਬੋਹਿਥਾ ਤੇ ਮੁਨਾਰਾ ਮੈਂ ਰੱਖਿਆ ਹੈ" ਪਲ ਖਲੌਤੀ! ਤੋਹਿ ਰੱਖਿਆ ਤਾਂ ਤੂੰਹੋਂ ਹੀ ਹੋਇਆ, ਸਾਈਂ ਕਿੱਥੇ ਰਿਹਾ ਰੱਖਣ ਵਾਲਾ? ਵੇਖ ਫੇਰ ਤੇਰਾ ਆਤਮ ਬਲ ਸਾਰਾ ਲੱਗ ਗਿਆ, ਸ਼ਕਤਿ ਹਰਿ ਗਈ, ਫੇਰ ਮੁਸੱਲਾ ਨਾ ਚਲੇ। ਜੇ ਸਾਈਂ ਨਾਲ ਜੁੜਦੋਂ, ਸਾਈਂ ਦੀ ਰਜ਼ਾ ਵਿਚ ਮਰਜ਼ੀ ਮੇਲਦੋਂ, ਫੇਰ ਸਾਈਂ ਦੀ ਸ਼ਕਤਿ ਸਾਰੇ ਕੰਮ ਆਪੇ ਸਾਰਦੀ ਤਾਂ ਰਜ਼ਾ ਪੁੱਗਦੀ। ਕਿਨ੍ਹਾਂ ਕੰਮਾਂ ਵਿਚ ਲੱਗ ਰਿਹਾ ਹੈਂ, ਜਿਨ੍ਹਾਂ ਵਿਚ ਹਉਂ ਦੀ ਮੁਰਦਿਹਾਨ ਛਾ ਰਹੀ ਹੈ। ਉੱਚਾ ਉਠ! ਜਗਤ ਵਿਚ ਵਾਹ ਵਾਹ ਹੋ ਗਈ, ਸਿੱਧ ਸ਼ੁਮਾਰ ਹੋ ਗਿਆ ਤਾਂ ਕੀਹ ਲੱਧਾ?

ਤਦ ਪੀਰ ਨੇ ਉਠ ਕੇ ਪੈਰ ਚੁੰਮੇ ਤੇ ਆਖਿਆ- ਇਹ ਕੀਹ ਵਰਤੀ ਜੀਓ ਜੀ! ਕਿੰਵ ਪਰਦਾ ਪਿਆ ਰਿਹਾ ਕਰਾਮਾਤੀ ਸ਼ਕਤਿ ਦਾ?

ਹੁਣ ਗੁਰੂ ਜੀ ਵਿਸਮਾਦੀ ਰੰਗ ਵਿਚ ਹੁੰਦੇ ਇਉਂ ਆਖਦੇ- ਇਹ ਭੁਲੇਵੇਂ ਦੁਨੀਆਂ ਦੇ ਵਾਸ ਨੂੰ ਨਿੱਤ ਦਾ ਸਮਝ ਕੇ ਲਗਦੇ ਹਨ, ਪਰ ਸਾਡੀ ਠਉਰ, ਸਾਡਾ ਮੁਕਾਮ, ਨਿਹਚਲ ਮੁਕਾਮ ਰੱਬ ਜੀ ਹਨ, ਰੱਬ ਦੀ ਹਨ-

 www.sikhbookclub.com

ਫੇਰ ਗਾਉਣ ਲਗ ਪਏ ਇਕ ਸਬਦ ਜੋ ਗੁਰੂ ਨਾਨਕ ਦੇਵ ਜੀ ਦੀ ਆਪਣੀ ਰਚਨਾ ਦਾ ਸੀ। ਪਹਿਲੋਂ ਰਹਾਉ ਦੀ ਤੁਕ ਉਚਾਰ ਹੋਈ--

ਦੁਨੀਆ ਕੈਸਿ ਮੁਕਾਮੇ॥ ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ॥੧॥ਰਹਾਉ॥"

ਸਿਰੀ ਰਾਗੁ ਮਹਲਾ ੧ ਘਰੁ ੨॥ ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ॥ ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ॥੧॥ ਦੁਨੀਆ ਕੈਸਿ ਮੁਕਾਮੇ॥ ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ॥੧॥ਰਹਾਉ॥ ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ॥ ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ ਦੇਵ ਸਥਾਨਿ॥੨॥ ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ॥ ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ॥੩॥ ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ॥ ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ॥੪॥ ਸਬਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ॥ ਨਾਨਕੁ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ॥੫॥ ਅਲਾਹੁ ਅਲਖੁ ਅਗੰਮ ਕਾਦਰੁ ਕਰਣਹਾਰੁ ਕਰੀਮੁ॥ ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ॥੬॥ ਮੁਕਾਮੁ ਤਿਸਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ॥ ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ॥੭॥ ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ॥ ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ॥੮॥੧੭॥

ਸਾਰਾ ਸਬਦ ਗਾਇਨ ਹੋ ਗਿਆ।

ਹੁਣ ਪੀਰ ਉਤੇ ਵੈਰਾਗ ਛਾ ਗਿਆ, ਸਿੱਧੀਆਂ ਦੀ ਕਾਈ ਵਾਲੀ ਹਉਮੈਂ ਢੱਠੀ, ਪਰ ਸੱਚ ਤੋਂ ਅੱਖ-ਦੇਖਦਿਆਂ ਬੀ- ਪਰੋਖੇ ਰਹੀ, ਨਾ ਸਮਝਿਆ ਕਿ ਇਹ ਰੱਬੀ ਜੋਤ ਹੈ, ਇਸ ਤੋਂ ਨਿਸਤਾਰਾ ਮੰਗਾਂ। ਆਖਣ ਲੱਗਾ: 'ਮੈਂ ਕੀਹ ਕਰਾਂ, ਜੋ ਉੱਚਾ ਨਿਰਮਲ ਜੀਵਨ ਜੀਵਾਂ?'

ਸਤਿਗੁਰ ਮੁਸਕਰਾਏ ਤੇ ਆਖਣ ਲੱਗੇ, 'ਪੀਰ ਕਰ'। ਤਾਂ ਪੀਰ ਨੇ ਪੁੱਛਿਆ, 'ਜੀ ਕਿਸ ਨੂੰ ਕਰਾਂ?' ਤਾਂ ਸਤਿਗੁਰੂ ਨੇ ਆਖਿਆ, 'ਜਾਹ ਸ਼ੇਖ ਬ੍ਰਾਹਮ (ਫਰੀਦ ਸਾਨੀ) ਨੂੰ ਪੁੱਛ।'

 www.sikhbookclub.com

ਸਿਰ ਨਿਵਾ ਕੇ ਪੀਰ ਚਲਾ ਗਿਆ। ਇਥੇ ਇਹ ਪ੍ਰਸ਼ਨ ਹੁੰਦਾ ਹੈ ਕਿ ਇਹ ਫ਼ਕੀਰ ਰਿੱਧੀਆਂ ਸਿੱਧੀਆਂ ਵਾਲਾ ਹੈ, ਇਸ ਨੇ ਬੇੜਾ ਤੇ ਮੁਨਾਰਾ ਰੱਖਣ ਵਿਚ ਭਲਾ ਕੀਤਾ ਸੀ, ਇਸ ਦੀ ਸ਼ਕਤਿ ਕਿਉਂ ਹਾਰੀ ਗਈ? ਇਸ ਦਾ ਉੱਤਰ ਗੁਰਮਤਿ ਅਨੁਸਾਰ ਇਹ ਹੈ ਕਿ ਇਹ ਤਪੀਆ ਮਨ ਨੂੰ ਪਦਾਰਥਾਂ ਤੇ ਉਨ੍ਹਾਂ ਦੀ ਪ੍ਰਾਪਤੀ ਤੇ ਏਕਾਗਰ ਤਾਂ ਕਰਦਾ ਰਿਹਾ ਹੈ, ਪਰ ਟਿਕਾਣਿਓਂ ਉੱਕਦਾ ਰਿਹਾ ਹੈ, ਮਨ ਜਦ ਕੱਠਾ ਹੋ ਜਾਵੇ, ਤਾਂ ਬਲਵਾਨ ਹੋ ਜਾਂਦਾ ਹੈ। ਜਿਸ ਸ਼ੈ ਤੇ ਜੁੜੇ ਓਹੋ ਪ੍ਰਾਪਤ ਹੋਣ ਲਗ ਪੈਂਦੀ ਹੈ, ਪਰ ਮਨ ਦਾ ਨਿਰਮਲ ਹੋ ਕੇ ਆਪੇ ਦੇ ਰਸ ਵਿਚ ਅੰਮ੍ਰਿਤ ਪੀਣ ਵਾਲਾ ਰਸੀਆ ਹੋ ਜਾਣਾ ਬਹੁਤ ਉੱਚੇ ਮਰਾਤਬੇ ਦੀ ਗੱਲ ਹੈ, ਤੇ ਇਸ ਰਸ ਦੇ ਰਸੀਏ ਸਿੱਧੀਆਂ ਤੇ ਕਰਾਮਾਤਾਂ ਨਾਲ ਨੇਹੁੰ ਨਹੀਂ ਲਾਉਂਦੇ। ਪੀਰ ਭਲਾ ਹੈ, ਘਾਲੀ ਬੀ ਹੈ, ਪਰ ਨਿਗਾਹ ਵੈਰਾਗ ਨਾਲ ਸੋਧ ਕੇ ਉੱਚੇ ਘਰ ਉੱਠਣ ਦੀ ਲੋੜਵੰਦ ਹੈ। ਸਕਤਿ ਇਉਂ ਹਾਰੀ ਗਈ ਕਿ ਮੁਨਾਰੇ ਤੇ ਬੋਹਿਥੇ ਦੇ ਰੱਖਣ ਤੇ ਜੋ ਬਲ ਲੱਗਾ ਉਹ ਇਸ ਦੇ ਵਿਤ ਤੋਂ ਵਧੇਰਾ ਕੰਮ ਸੀ ਤੇ ਇਸ ਦਾ ਬਲ ਤਾਂ ਮਿਣਵਾਂ ਗਿਣਵਾਂ ਹੀ ਸੀ ਨਾ, ਅਮਿੱਤ ਬਲ ਵਾਹਿਗੁਰੂ ਦਾ ਹੈ, ਉਸ ਸਰਬ ਸਮਰੱਥ ਨਾਲ ਅੰਤਰ ਆਤਮੇ ਇਹ ਇਕ ਜੋਤ ਹੋਇਆ ਨਹੀਂ ਹੈਸੀ, ਉਸ ਦੀ ਰਜ਼ਾ ਦੀ ਸੁਰ ਵਿਚ ਇਸ ਦੀ ਮਰਜ਼ੀ ਦੀ ਤਰਬ ਇਕ ਸੁਰ ਨਹੀਂ ਹੋਈ ਹੈਸੀ ਜੋ ਉਸ ਦਾ ਅਮਿਤ ਬਲ ਇਸ ਵਿਚ ਆ ਵਰਤਦਾ। ਜੈਸੇ ਕਿ ਪੰਜਵੀਂ ਪਾਤਸ਼ਾਹੀ ਜੀ ਦੀ ਬਾਣੀ ਧਨਾਸਰੀ ਰਾਗ ਵਿਚ ਵੀ ਆਉਂਦਾ ਹੈ:-

**ਜੇ ਕੋਊ ਅਪੁਨੀ ਓਟ ਸਮਾਰੈ॥**
**ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ॥੧॥ਰਹਾਉ॥**

ਪੀਰ ਹੁਣ ਗੁਰੂ ਜੀ ਤੋਂ ਵਿਦਾ ਹੋ ਕੇ ਟਿਕਾਣੇ ਆਇਆ, ਤੇ ਫੇਰ ਸ਼ੇਖ ਬ੍ਰਾਹਮ ਨੂੰ ਜਾ ਮਿਲਿਆ, ਜਿਸ ਨੇ ਉਸ ਨੂੰ ਗੁਰੂ ਨਾਨਕ ਦੇਵ ਜੀ ਦੇ ਅਮਿਤ ਆਤਮ ਬਲ ਦਾ ਪਤਾ ਦਿਤਾ, ਤੇ ਆਪਣੇ ਤਪਾਂ ਹਠਾਂ ਵਿਚੋਂ ਨਿਕਲ ਕੇ ਸਹਜ ਵਿਚ ਟਿਕ ਕੇ ਸੁਖੀ ਹੋਣ ਦੀ ਸਾਖ ਭਰੀ। ਇਸ ਤੋਂ ਮਗਰੋਂ ਜਦੋਂ ਗੁਰੂ ਜੀ ਦਾ ਮੁਲਤਾਨ ਵਿਚ ਫੇਰਾ ਪਿਆ ਤਾਂ ਪੀਰ ਜੀ ਨੂੰ ਫੇਰੇ ਖੁੱਲੇ ਰੱਜਵੇਂ ਦਰਸ਼ਨ ਮੇਲੇ ਹੋਏ (ਇਹ ਬੀ ਸੰਭਾਵਨਾ ਹੁੰਦੀ ਹੈ ਕਿ


www.sikhbookclub.com

ਪੀਰ ਜੀ ਮੱਕੇ ਬੀ ਗੁਰੂ ਜੀ ਨੂੰ ਮਿਲੇ ਹਨ। ਪਰ ਵਿਸ਼ੇਸ਼ ਖੋਜ ਦੀ ਲੋੜ ਹੈ।)। ਇਉਂ ਮਿਲਦੇ ਪੀਰ ਜੀ ਸਹਜ ਘਰ ਆ ਟਿਕੇ। ਰਿੱਧੀ ਸਿੱਧੀ ਦੀ ਹਉਂ ਆਸ਼੍ਰਿਤ ਟਕੇ ਟੁੱਟ ਗਈ ਤੇ ਗੁਰੂ ਜੀ ਨਾਲ ਅਮਿਤ ਪ੍ਰੇਮ ਭਾਵਨਾ ਹੋ ਗਈ।

ਇਹ ਸੀ ਪਹਿਲੀ ਵਿਥਜਾ ਪੀਰ ਸਾਹਿਬ ਦੀ ਜੋ ਪੁਰਾਤਨ ਜਨਮ ਸਾਖੀ ਤੇ ਰਵਾਇਤਾਂ ਤੋਂ ਮਿਲਦੀ ਹੈ। ਰੱਬ ਜਦ ਅਵਤਾਰ ਤੇ ਪੈਗ਼ਬਰ ਨੂੰ ਘੱਲਦਾ ਹੈ ਤਾਂ ਉਹ ਆਕੇ ਸਾਈਂ ਵਾਲੇ ਰਸਤੇ ਲੱਗੇ ਹੋਏ ਘਾਲੀਆਂ ਦੀ ਸਹਾਇਤਾ ਐਉਂ ਕਰਦੇ ਹਨ ਕਿ ਉਹਨਾਂ ਦੇ ਰਾਹ ਵਿਚ ਅਟਕੇ ਰੋੜੇ ਕਿਸੇ ਕੌਤਕ ਨਾਲ ਕਿ ਉਪਦੇਸ਼ ਨਾਲ ਕਿ ਦੋਹਾਂ ਨਾਲ ਦੂਰ ਕਰ ਦੇਂਦੇ ਹਨ ਤਾਂ ਉਹਨਾਂ ਦੀ ਘਾਲ ਸਫ਼ਲਤਾ ਵਿਚ ਆ ਜਾਂਦੀ ਹੈ। ਘਾਲਾਂ ਮਿਹਨਤਾਂ ਵਾਲੇ ਫ਼ਕੀਰ ਇਹ ਸਹਾਇਤਾ ਪਾ ਕੇ ਜਿਸ ਸ਼ੁਕਰ ਵਿਚ ਆਉਂਦੇ ਹਨ ਉਸ ਨੂੰ ਆਮ ਬੰਦੇ ਅਨੁਭਵ ਘੱਟ ਕਰਦੇ ਹਨ। ਉਹ ਘਾਲੀ ਹੀ ਸਮਝਦੇ ਹਨ; ਕਿਉਂ ਕਿ ਨੁਕਤੇ ਤੋਂ ਉਰੇ ਰਹਿ ਗਏ ਘਾਲੀਆਂ ਨੂੰ ਹੀ ਉਸ ਆਖ਼ਰੀ ਪ੍ਰਾਪਤੀ ਦੀ ਪੂਰੀ ਪੂਰੀ ਕਦਰ ਹੁੰਦੀ ਹੈ।

3.

ਪਹਿਲੀ ਉਦਾਸੀ ਦੇ ਮਗਰੋਂ ਗੁਰੂ ਨਾਨਕ ਦੇਵ ਜੀ ਦਾ ਡੇਰਾ ਰਾਵੀ ਦੇ ਕੰਢੇ ਪੈ ਗਿਆ ਸੀ। ਇਸ ਦਾ ਨਾਉਂ ਕਰਤਾਰ ਪੁਰ ਪ੍ਰਸਿੱਧ ਹੋ ਗਿਆ ਸੀ। ਕਈ ਚਿਰ ਏਥੇ ਰਹੇ। ਦੂਜੀ ਉਦਾਸੀ ਤੇ ਮਗਰਲੀਆਂ ਸਭ ਏਥੋਂ ਹੋਈਆਂ। ਇਹ ਥਾਂ ਹੁਣ ਬੜੇ ਰੌਣਕਾਂ ਵਾਲੀ ਸੀ। ਗੁਰੂ ਜੀ ਹੁਣ ਟਿਕ ਕੇ ਬਹਿ ਗਏ ਸਨ, ਉਦਾਸੀਆਂ ਮੁੱਕ ਚੁਕੀਆਂ ਸਨ। ਸ਼ਬਦ ਕੀਰਤਨ ਹੁੰਦੇ ਸਨ, ਉਪਦੇਸ਼ ਮਿਲਦੇ ਸਨ। ਪੁਰਾਤਨ ਜਨਮ ਸਾਖੀ ਵਿਚ ਕਰਤਾਰਪੁਰ ਡੇਰੇ ਪਾਉਣ ਪਰ ਐਉਂ ਲਿਖਿਆ ਹੈ:-

ਤਬ ਨਾਨਕ ਕੈ ਘਰ ਏਕੋ ਨਾਮ ਵਖਾਣੀਐ। ਬਹੁਤ ਉਸਤਤਿ ਹੋਵਨ ਲਗੀ, ਖਰਾ ਬਹੁਤ ਰਉਗਾ ਹੋਇਆ। ਜੋ ਕੋਈ ਹਿੰਦੂ ਮੁਸਲਮਾਨ ਜੋਗੀ ਸਨਿਆਸੀ ਬ੍ਰਹਮਚਾਰੀ ਤਪੀਏ ਪਤੀਸਰ ਦਿਗੰਬਰ ਬੈਸਨੋ ਉਦਾਸੀ ਗ੍ਰਿਸਤੀ ਬੈਰਾਗੀ ਖਾਨ ਖੁਨੀਨ ਉਮਰੇ ਉਮਰਾਉ ਕਰੋੜੀਏ ਜਿਮੀਦਾਰ ਭੂਮੀਏ ਜੋ ਕੋ ਆਵੈ ਸੋ ਪਰਚਾ ਜਾਵੈ। ਸਭ ਲੋਕ ਉਸਤਤਿ ਕਰਨ।

 www.sikhbookclub.com

ਪੁਨਾ:- ਜੋ ਕੋਈ ਸੁਨੈ ਸੋ ਸਭ ਆਵੈ ਲੋਕ ਆਖਣ ਜੋ ਕੋਈ ਖ਼ੁਦਾਇ ਦਾ ਫਕੀਰ ਪੈਦਾ ਹੋਇਆ ਹੈ, ਨਾਨਕ ਨਾਉ ਹੈਸੁ। ਆਪਣੇ ਖ਼ੁਦਾਇ ਨਾਲ ਰੱਤਾ ਹੈ, ਲੋਕ ਬਹੁਤ ਜੁੜਿਆ। ਮੁਰੀਦ ਭੀ ਹੋਵਨ। ਜੋ ਆਵੈ ਸੋ ਪਰਚਾ ਜਾਵੈ। ਜੋ ਬਾਬਾ ਸਲੋਕ ਕਰਦਾ ਸਾ ਸੋ ਪਰਗਟ ਹੋਏ। ਇਹੁ ਸਲੋਕ ਕੀਤੇ ਸੇ। ਫਕੀਰ ਕਾਨਿਆਂ ਨਾਲ ਗਾਉਂਦੇ ਸੇ:-

"ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥"

ਸੋ ਇਸ ਦੇ ਕਈ ਵਰ੍ਹੇ ਮਗਰੋਂ ਜਦੋਂ ਸਿੱਖੀ ਪਰਖੀ ਜਾ ਚੁਕੀ ਸੀ, ਕਵੀ ਸੰਤੋਖ ਸਿੰਘ ਜੀ ਐਉਂ ਲਿਖਦੇ ਹਨ:-

ਸ੍ਰੀ ਜਗ ਗੁਰ ਕੋ ਜਹਿਂ ਦਰਬਾਰਾ।
ਹੁਤੋ ਅਗਾਰੀ ਚਲਦਲ ਭਾਰਾ।
ਸਘਨ ਛਾਉਂ ਸ਼ੋਭਤਿ ਰਮਣੀਕਾ।
ਤਹਿਂ ਬੈਠਹਿਂ ਬੇਦੀ ਕੁਲ ਟੀਕਾ॥੧੬॥
ਕ੍ਰਿਪਾ ਭਰੇ ਦ੍ਵੈ ਨੈਨ ਰਸੀਲੇ।
ਕਲੁਖ ਨਿਕੰਦਨ ਦੇਖਿ ਛਬੀਲੇ।
ਤੱਤ ਗਜਾਨ ਮੈ ਕੋਮਲ ਬੋਲਾ।
ਸ੍ਰੋਨ ਸੁਨਾਵਹਿਂ ਮਧੁਰ ਅਮੋਲਾ॥੧੭॥
ਸਾਂਗ ਅਰੰਭੇ ਸਿਖ ਜਿ ਪਲਾਏ।
ਸੋ ਸੁਨਿ ਪਰਖਨ ਬਿਧਿ ਪਛੁਤਾਏ।
ਬਹੁਰੋ ਆਇ ਹਜ਼ੂਰ ਅਗਾਰੀ।
ਨਿਜ ਔਗੁਨ ਸੰਗ ਬਿਨੈ ਉਚਾਰੀ॥੧੮॥
ਬਖ਼ਸ਼ਾਵਹਿਂ ਅਰ ਪਾਸ ਰਹੇਹੀਂ।
ਸੇਵਹਿਂ ਚਰਨ ਕਮਲ ਸੁਖ ਲੇਹੀਂ।
ਸ਼ਬਦ ਅਭਜਾਸ ਹੋਤਿ ਨਿਤ ਭਾਰੀ।
ਗਾਇਂ ਸਪ੍ਰੇਮਹਿਂ ਅਰਥ ਬਿਚਾਰੀ॥੧੯॥
ਤੁਰਕਨ ਮਹਿਂ ਮਹਿਮਾ ਬਹੁ ਜਾਗੀ।
ਆਵਹਿਂ ਦਰਸ ਕਰਹਿਂ ਵਡਭਾਗੀ।

ਸੁਨਹਿਂ ਸ਼ਬਦ ਕਰਿ ਪ੍ਰੇਮ ਬਿਸਾਲਾ।
ਤਿਨ ਕੀ ਕਰਹਿਂ ਕਲਜਾਨ ਕ੍ਰਿਪਾਲਾ॥੨੦॥
ਦੇਸ਼ ਬਿਦੇਸ਼ਨ ਤੇ ਚਲਿ ਆਵਹਿਂ।
ਪਦ ਪੰਕਜ ਪਰ ਸੀਸ ਝੁਕਾਵਹਿਂ।
ਦਰਸ਼ਨ ਕਰਹਿਂ ਥਪਹਿਂ ਨਿਜ ਪੀਰ।
'ਇਹ ਖੁਦਾਇ ਕੋ' ਕਹੈਂ: 'ਸਰੀਰ'॥੨੧॥
ਆਇਂ ਮੁਰੀਦ ਹੋਇਂ ਬਹੁ ਤੁਰਕਾ।
ਸੁਨਿ ਸੁਨਿ ਬਚਨ ਹਨੈਂ ਭ੍ਰਮ ਉਰ ਕਾ।
ਦ੍ਵਿਜ, ਬਾਹਿਜ, ਅਰ ਬੈਸ਼ ਘਨੇਰੇ।
ਆਵਹਿਂ ਸ਼ੂਦ੍ਰ ਲਗਹਿਂ ਗੁਰ ਪੈਰੇ॥੨੨॥
'ਪਰਮ ਗਜਾਨ ਘਨ' ਲਖਿ ਮਨ ਮਾਂਹੀ।
ਸੇਵਹਿਂ ਚਰਨ ਸ਼ਬਦ ਅਵਗਾਹੀਂ।
ਸੁਨਹਿਂ ਬਚਨ ਬੈਠਹਿਂ ਚਹੁਂ ਓਰੀ।
'ਧੰਨ ਧੰਨ' ਭਨਹੀ ਕਰ ਜੋਰੀ॥੨੩॥
ਸਤਿਗੁਰ ਬੀਚ ਬਿਰਾਜਹਿਂ ਐਸੇ।
ਉਡਗਨ ਬਿਖ ਚੰਦ੍ਰਮਾ ਜੈਸੇ।
ਸਭਹਿਨਿ ਕੋ ਉਪਦੇਸ਼ ਬਤਾਵਾ:
'ਸੁਨਹੁ ਸਿਖ ਮਾਨੁਖ ਤਨ ਪਾਵਾ॥੨੪॥
ਦੁਰਲਭ ਅਹੈ ਅਮੋਲ ਪਦਾਰਥ।
ਨਿਜ ਸਰੂਪ ਲਖਿ ਕਰਹੁ ਸਕਾਰਥ।
ਬਿਸ਼ਿਯਨ ਸੁਖ ਸਭਿ ਜੋਨਿਨਿ ਮਾਹੀ।
ਇਕ ਬਿਚਾਰ ਨਰ ਤਨ ਬਿਨ ਨਾਹੀ॥੨੫॥
ਉਰ ਮਹਿਂ ਇਸ ਬਿਧਿ ਕਰਹੁ ਬਿਚਾਰਨ।
ਕੋ ਮੈ ਹੌਂ? ਕੋ ਜਗ ਕੋ ਕਾਰਨ?
ਨਿਰਨੈ ਸੱਤਜ ਅਸੱਤਜ ਕਰੀਜੈ।
ਤਜਹੁ ਅਸੱਤਜ, ਸੱਤਜ ਗਹਿ ਲੀਜੈ'॥੨੬॥

ਇਸ ਪ੍ਰਕਾਰ ਨਿਤਾਪ੍ਰਤਿ ਦਰਬਾਰ ਲਗਦੇ, ਉਪਦੇਸ਼ ਮਿਲਦੇ, ਜਗਤ ਦਾ ਨਿਸਤਾਰਾ ਹੁੰਦਾ ਸੀ। ਗੁਰੂ ਅੰਗਦ ਜੀ ਮਿਲ ਚੁਕੇ ਤੇ ਪਰਤਾਵਿਆਂ ਵਿਚ ਪੂਰਨ ਸਾਬਤ ਹੋ ਚੁਕੇ ਸੇ। ਜੋ ਸਿਖ ਪਰਤਾਵਿਆਂ ਵਿਚ ਕੱਸੇ ਨਿਕਲੇ, ਬਖ਼ਸ਼ੇ ਜਾ ਚੁਕੇ ਸੇ। ਗੁਰੂ ਜੀ ਦੇ ਉਪਦੇਸ਼ ਹੁਣ ਵਧੇਰੇ ਵੈਰਾਗ-ਮਈ ਹੁੰਦੇ ਸੇ ਜੈਸਾ ਕਿ ਤੁਖ਼ਾਰੀ ਵਿਚ ਕੀਤੇ ਬਾਰਾਂਮਾਂਹ ਤੋਂ ਪਤਾ ਚਲਦਾ ਹੈ। ਇਨ੍ਹਾਂ ਹੀ ਦਿਨਾਂ ਵਿਚ ਪੀਰ ਬਹਾਵਦੀਨ ਦਾ ਏਲਚੀ ਉਸ ਦਾ ਸੰਦੇਸਾ ਲੈ ਕੇ ਟੁਰਿਆ ਸੀ। ਇਕ ਦਿਨ ਲੌਢੇ ਪਹਿਰ ਵੱਡੇ ਪਿੱਪਲ ਹੇਠ ਗੁਰੂ ਜੀ ਆਪਣੀ ਸਭਾ ਵਿਚ ਪਰਿਵਾਰਤ ਬੈਠੇ ਸਨ ਤੇ ਗ੍ਰਿਹਸਤ ਸਨਜਾਸ ਤੇ ਵੀਚਾਰ ਹੋ ਰਹੀ ਸੀ ਕਿ ਅਚਾਨਕ ਆਪ ਨੇ ਇਕ ਸਿਖ ਨੂੰ ਅਵਾਜ਼ ਦਿੱਤੀ- ਭਾਈ ਭਸਮਾ, ਜਾਹੁ ਬੇਟਾ! ਕੋਹਾਂ ਦੋਹੁੰ ਉਪਰ ਇਕ ਆਦਮੀ ਬਾਗ਼ ਵਿਚ ਬੈਠਾ ਹੈ, ਮਨ ਵਿਚ ਧਾਰ ਕੇ ਸਾਡੇ ਸੱਦੇ ਦੀ ਉਡੀਕ ਕਰ ਰਿਹਾ ਹੈ, ਉਸ ਨੂੰ ਜਾ ਕੇ ਕਹੁ- ਭਾਈ ਤੂੰ ਪੀਰ ਬਹਾਵਦੀਨ ਦਾ ਆਦਮੀ ਹੈਂ, ਦੇਖ ਤੈਨੂੰ ਨਾਨਕ ਨੇ ਬੁਲਾਇਆ ਹੈ, ਚਲ ਭਾਈ ਮੇਰੇ ਨਾਲ ਤੈਨੂੰ ਲੈ ਚੱਲਾਂ। ਇਹ ਕਹਿ ਕੇ ਗੁਰੂ ਜੀ ਆਪਣੀ ਵਾਰਤਾਲਾਪ ਵਿਚ ਲਗ ਗਏ। ਇਸ ਵੇਲੇ ਕਿਸੇ ਪ੍ਰਸ਼ਨ ਕੀਤਾ ਸੀ ਕਿ ਗ੍ਰਿਹਸਤ ਮਾਰਗ ਬੰਧਨ ਮੂਲ ਹੈ ਤੇ ਸੰਨਜਾਸ ਮਾਰਗ ਬੰਧਨ ਤੋੜ ਹੈ ਤਾਂ ਤੇ ਸੰਨਜਾਸ ਮਾਰਗ ਉੱਤਮ ਹੈ, ਜਿਸ ਵਿਚ ਮਾਇਆ ਦਾ ਲੇਪ ਲੱਗਣ ਦਾ ਅਵਸਰ ਨਹੀਂ ਆਉਂਦਾ। ਗੁਰੂ ਜੀ ਨੇ ਉਸ ਵੇਲੇ ਆਪਣੇ ਇਕ ਸ਼ਬਦ ਦੁਆਰਾ ਉਪਦੇਸ਼ ਕੀਤਾ:-

**ਮਾਰੂ ਮਹਲਾ ੧॥ ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ॥ ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ॥ ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ॥ ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ॥੧॥ ਬਾਬਾ ਐਸੀ ਰਵਤ ਰਵੈ ਸੰਨਿਆਸੀ॥ ਗੁਰ ਕੈ ਸਬਦਿ ਏਕ ਲਿਵਲਾਗੀ ਤੇਰੈ ਨਾਮਿ ਰਤੇ ਤ੍ਰਿਪਤਾਸੀ॥੧॥ਰਹਾਉ॥**

ਇਧਰ ਇਹ ਗੱਲ ਬਾਤ ਹੁੰਦੀ ਰਹੀ, ਉਧਰ ਭਸਮਾ ਰਵਾਂ-ਰਵੀ ਭੱਜਾ ਚਲਾ ਗਿਆ ਤੇ ਬਾਗ਼ ਵਿਚ ਜਾ ਆਦਮੀ ਪਛਾਣਿਓ ਸੂ। ਉਸ ਨੂੰ ਆਖਣ ਲੱਗਾ ਕਿ ਭਾਈ ਮੁਸਾਫਰ! ਮੁਲਤਾਨ ਤੇ ਆਇਆ ਹੈਂ ਤੇ ਤੂੰ ਮਨ ਵਿਚ

 www.sikhbookclub.com

ਉਡੀਕ ਕਰ ਰਿਹਾ ਹੈਂ ਕਿ ਜੇ ਗੁਰੂ ਨਾਨਕ ਪੂਰਾ ਹੈ ਤਾਂ ਮੈਨੂੰ ਆਪ ਸੱਦ ਬੁਲਾਵੇ; ਸੋ ਤੇਰੇ ਭਾਗ ਜਾਗੇ ਹੈਨ, ਗੁਰੂ ਨੇ ਆਪ ਸਦਵਾ ਘੱਲਿਆ ਹੈ। ਹੇ ਭਲੇ ਲੋਕਾ! ਤੈਨੂੰ ਪੀਰ ਬਹਾਵਦੀਨ ਨੇ ਘੱਲਿਆ ਹੈ? ਮੈਨੂੰ ਗੁਰੂ ਨੇ ਪਤਾ ਦਿੱਤਾ ਹੈ। ਆ ਤੇ ਚਰਨ ਪਰਸ ਤੇ ਸੁਖ ਲੈ।

ਇਹ ਸੁਣ ਕੇ ਉਹ ਸ਼ਰਹਫ਼ਿਕਾ ਦਾ ਰਾਜਾਤਾਵਾਨ ਕੰਬਿਆ: ਮਨਾਂ, ਇਹ ਪੱਕੀ ਨਿਸ਼ਾਨੀ ਹੈ ਵਲੀ ਪਯੰਬਰ ਦੀ। ਮੇਰੇ ਮਨ ਦੀ ਕੋਹਾਂ ਦੋਹੁੰ ਉਪਰੋਂ ਲਖ ਲਈ ਸੂ ਤੇ ਆਦਮੀ ਘੱਲ ਦਿੱਤਾ ਸੂ। ਗੁਰੂ ਜ਼ਰੂਰ ਪੂਰਾ ਹੈ। ਹਾਂ ਪੂਰਾ ਨਾ ਹੁੰਦਾ ਤਾਂ ਮੈਂਡਾ ਪੀਰ ਕਿਵੇਂ ਪਤੀਜਦਾ। ਇਉਂ ਸੋਚਦੇ ਕੰਬਦੇ ਨੇ ਸਿਜਦਾ ਕੀਤਾ ਤੇ ਕਿਹਾ: 'ਅਲਹਮ-ਦੁ-ਲਿੱਲਾ ਸ਼ੁਕਰ ਤੇਰਾ ਖੁਦਾਯਾ!' ਇਹ ਕਹਿਕੇ ਟੁਰ ਪਿਆ ਤੇ ਕਾਹਲੀ ਕਾਹਲੀ ਟੁਰਦਾ ਦਰਬਾਰ ਵਿਚ ਆਨ ਵੜਿਆ। ਝੁਕ ਕੇ ਸਲਾਮ ਕੀਤੀ ਤੇ ਅੱਗੇ 'ਆਇ ਪੈਰ ਚੁੰਮਿਓ ਸੁ (ਪੁਰਾਤਨ ਜਨਮ ਸਾਖੀ।)।'

ਗੁਰੂ ਜੀ ਨੇ ਸਿਰ ਹੱਥ ਧਰਿਆ ਤੇ ਆਦਰ ਨਾਲ ਨੇੜੇ ਬਹਾਲ ਲਿਆ।

ਹੁਣ ਏਲਚੀ ਸੋਚੇ ਕਿ ਮੇਰੇ ਮਨ ਦਾ ਪਤੀਆ ਤਾਂ ਮੈਂ ਪੂਰਾ ਪਾਇਆ, ਹੁਣ ਦੇਖੀਏ ਜੋ ਪਰਤਾਵਾ ਪੀਰ ਨੇ ਆਖਿਆ ਸੀ ਸੋ ਪੂਰਾ ਉਤਰਦਾ ਹੈ ਕਿ ਨਹੀਂ, ਕਿ ਪੀਰ ਦਾ ਖ਼ਤ ਆਪ ਮੰਗਦੇ ਹਨ ਕਿ ਮੈਨੂੰ ਦੇਣਾ ਪੈਂਦਾ ਹੈ ਆਪੇ! ਉਸ ਦੀ ਸੋਚ ਵਿਚਾਰ ਦੇ ਵਿਚ ਹੀ ਗੁਰੂ ਜੀ ਨੇ ਆਖਿਆ, ਭਾਈ ਇਲਮਦੀਨ, ਇਲਮਵਾਨ! ਉਹ ਚਿੱਠੀ ਦੇ ਦੇਹ ਜੋ ਤੇਰੇ ਹੱਥ ਪੀਰ ਬਹਾਉਦੀਨ ਨੇ ਘੱਲੀ ਹੈ ਤੇ ਜੋ ਤੂੰ ਮੰਗੇ ਤੇ ਦੇਣੀ ਹੈ। ਇਹ ਸੁਣ ਕੇ ਇਲਮਵਾਨ ਨੂੰ ਫੇਰ ਲੂੰਆਂ ਵਿਚ ਝੁਣਝੁਣੀ ਹੋਈ:- ਸੱਚ ਹੈ ਪੀਰ ਸਾਡਾ ਸੱਚਾ ਹੈ, ਗੁਰੂ ਕਮਾਲ ਹੈ, ਹਾਂ ਕਮਾਲ ਹੈ ਏਥੇ। ਇਸ ਤਰ੍ਹਾਂ ਸੋਚਦੇ ਨੇ ਥਰਕਦੇ ਹੱਥੀਂ ਚਿੱਠੀ ਜੇਬ ਵਿਚੋਂ ਕੱਢ ਕੇ ਕਦਮਾਂ ਵਿਚ ਧਰ ਦਿੱਤੀ ਜੋ ਗੁਰੂ ਜੀ ਨੇ ਚਾ ਲਈ।

ਇਸ ਵੇਲੇ ਸ਼ੇਖ਼ ਬ੍ਰਾਹਮ ਦੇ ਕੁਛ ਮੁਰੀਦ ਆਪਣੇ ਪੀਰ ਦੀ ਆਗਿਆ ਨਾਲ ਦਰਬਾਰ ਵਿਚ ਆਏ ਹੋਏ ਸੇ, ਓਹ ਕੁਛ ਵਾਰਤਾਲਾਪ ਕਰ ਰਹੇ ਸੇ। ਏਲਚੀ ਦੇ ਆਉਣ ਨਾਲ ਚੁਪ ਹੋ ਗਏ ਸੇ। ਹੁਣ ਉਹਨਾਂ ਨੇ ਫੇਰ ਗੁਰੂ ਵਲ ਤੱਕ ਕੇ ਪੁੱਛਿਆ- ਦਾਤਾ ਜੀਓ! ਆਪ ਦੇ ਡਿੱਠੇ ਮੂਜਬ ਮਹਬੂਬ ਆਪ ਕਿਸ ਅਸਮਾਨ ਤੇ ਰਹਿੰਦਾ ਹੈ, ਅੱਠਵੇਂ ਕਿ ਨਾਵੇਂ ਕਿ ਕਿਤੇ ਹੋਰ

 www.sikhbookclub.com

ਖੇ? ਤੇ ਦੀਦਾਰ ਕਿਵੇਂ ਹੈ ਉਸ ਦਾ? ਇਹ ਸੁਣ ਕੇ ਗੁਰੂ ਜੀ ਮਿੱਠੀ ਮਿੱਠੀ ਮਧੁਰ ਧੁਨਿ ਸ੍ਰੀ ਰਾਗ ਜੀ ਵਿਚ ਗਾਂਵੇਂ-

**ਸਿਰੀਰਾਗੁ ਮਹਲਾ ੧ ਘਰੁ ਦੂਜਾ ੨॥**
**ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ॥**
**ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ॥੧॥**
**ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ॥੧॥ਰਹਾਉ॥**
**ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ॥**
**ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ॥੨॥**
**ਆਪੇ ਬਹੁਬਿਧਿ ਰੰਗੁਲਾ ਸਖੀਏ ਮੇਰਾ ਲਾਲੁ॥**
**ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ॥੩॥**
**ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ॥**
**ਕਉਲੂ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ॥੪॥**

ਜਦ ਗੁਰੂ ਜੀ ਚੁਪ ਹੋ ਗਏ ਤੇ ਕੁਛ ਸਮਾਂ ਸੰਗਤ ਨੂੰ ਬੀ ਉਸ ਦੇ ਅਸਰ ਹੇਠ ਚੁਪਾਤੇ ਬੀਤ ਗਿਆ ਤਾਂ ਇਕ ਮੁਰੀਦ ਨੇ ਪੁੱਛਿਆ ਆਪ ਨੇ ਸੱਚ ਫੁਰਮਾਇਆ ਹੀ ਨਹੀਂ ਸੱਚ ਪ੍ਰਤੱਖ ਕਰ ਦਿਖਾਇਆ ਹੈ। ਪਰ ਜੀਓ! ਸਾਨੂੰ ਕਿੰਵ ਪ੍ਰਾਪਤ ਥੀਵੇ, ਤਦ ਗੁਰੂ ਜੀ ਨੇ ਵਿਚਲੀ ਤੁਕ ਫੇਰ ਪੜ੍ਹੀ:-

**"ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ॥"**

ਤੇ ਆਖਿਆ ਜੋ ਸੁਹਾਗਵੰਤੀਆਂ ਹੋਈਆਂ ਹਨ, ਜਿਨ੍ਹਾਂ ਨੇ ਇਹ ਦ੍ਰਿਸ਼ਜ ਡਿੱਠਾ ਹੈ ਤੇ ਰਸ ਮਾਣਿਆ ਹੈ ਉਨ੍ਹਾਂ ਨੇ 'ਨਿਤ ਰਵੈ' ਅਰਥਾਤ ਸਦਾ ਸਿਮਰ ਕੇ ਸਾਈਂ ਦੇ ਮੇਲ ਦਾ ਰੰਗ ਮਾਣਿਆ ਹੈ। ਹੁਣ ਆਪਣਾ ਹਾਲ ਵੇਖੀਏ ਕਿ ਅਸੀਂ 'ਨਿਤ ਰਵੈ' ਵਿਚ ਹਾਂ ਕਿ ਨਹੀਂ। ਹਾਂ, ਜੇ ਨਹੀਂ ਤਾਂ ਸਿਮਰੀਏ, ਜੇ ਹਾਂ ਤਾਂ ਹੋਰ ਪਜਾਰ ਨਾਲ ਇਕ ਚਿੱਤ ਹੋ ਕੇ ਸਿਮਰੀਏ। ਹਾਂ ਭਾਈ, ਸਦਾ ਸਿਮਰੋ, ਪਜਾਰ ਨਾਲ ਸਿਮਰੋ, ਬੇਨਤੀ ਕਰੋ, ਫੇਰ ਸਰਵ ਵਜਾਪੀ ਦੇ ਦਰਸ਼ਨ ਓਹਲੇ ਨਾ ਹੋਣਗੇ। ਇਸ ਵੇਲੇ ਇਕ ਯੋਗੀ ਨੇ ਪੁੱਛਿਆ, ਜੀਵ ਕਿਉਂ ਗ਼ਾਫ਼ਲ ਰਹਿੰਦੇ ਹਨ? ਤਦ ਗੁਰੂ ਜੀ ਨੇ ਫੁਰਮਾਇਆ:


www.sikhbookclub.com

ਧਨ ਯੋਬਨ ਅਰ ਮਾਯਕ ਵਿਕਾਸ਼ ਜੀਵ ਨੂੰ ਆਪਣੇ ਵਿਚ ਰੁੰਨ੍ਹੀ ਰਖਦੇ ਹਨ। ਇਹ ਸਮਝ ਪਰਪੱਕ ਕਰੋ ਕਿ ਧਨ ਜੋਬਨ ਤੇ ਮਾਯਕ ਰਸਭੋਗ ਸਭ ਪ੍ਰਾਹੁਣੇ ਵਾਂਙੂ ਟੁਰੇ ਜਾ ਰਹੇ ਹਨ, ਇਨ੍ਹਾਂ ਦਾ ਮੇਲਾ ਚਾਰ ਦਿਨਾਂ ਦਾ ਹੈ, ਖਿੜੇ ਕਵਲਾਂ ਦੇ ਕਵਲ ਪੱਤਿਆਂ ਵਾਂਙੂ ਏਹ ਰੁੱਤ ਫਿਰੀ ਤੇ ਮੁਰਝਾਉਂਦੇ ਚਲੇ ਜਾਣਗੇ। ਤਿਵੇਂ ਹੇ ਜੀਵ, ਤੇਰਾ ਸਰੀਰ ਪ੍ਰਾਹੁਣਾ ਹੈ, ਇਸ ਨੇ ਥੱਕ ਹੁੱਟ ਮੁੱਕ ਜਾਣਾ ਹੈ। ਸੋ ਜਦ ਤਕ ਜੀਵਨ ਹਈ ਪ੍ਰੀਤਮ ਦੇ ਪ੍ਰੇਮ ਵਿਚ ਆਪਣੇ ਜੋਬਨ ਦੇ ਹੁਲਾਰੇ ਦੇ ਦਿਨ ਗੁਜ਼ਾਰ। ਦੇਖ ਨਜ਼ਰ ਕਰਕੇ ਕਿ ਕਿਤਨੇ ਰੰਗਲੇ ਸਜਨ ਮਰਗ ਭੂਮੀਆਂ ਵਿਚ ਜਾ ਸੁੱਤੇ ਹਨ, ਸਮਝ ਲੈ ਕਿ ਮੈਂ ਬੀ ਉਸੇ ਤਰ੍ਹਾਂ ਚਲੇ ਜਾਣਾ ਹੈ, ਇਸ ਲਈ ਹੁਣ ਵੈਰਾਗ ਕਰਾਂ ਧਨ ਜੋਬਨ ਆਦਿਕਾਂ ਤੋਂ। ਜੇ ਜਗਯਾਮੂ ਰੂਪ ਮੁਟਿਆਰੇ, ਕੀ ਤੂੰ ਨਹੀਂ ਸੁਣਿਆ ਕਿ ਤੂੰ ਪਰਲੋਕ ਰੂਪੀ ਸਾਹੁਰੇ ਇਕ ਦਿਨ ਵੰਞਣਾ ਹੈ। ਇਸ ਲੋਕ-ਰੂਪੀ ਪੇਕੇ ਘਰ ਸਦਾ ਨਹੀਂ ਰਹਿਣਾ। ਤੂੰ ਗ਼ਾਫ਼ਲ ਨਾ ਹੋ, ਹੋਸ਼ ਕਰ! ਹੁਣੇ ਦੇਖ ਤੂੰ ਇਸ ਪੇਕੇ ਘਰ ਵਿਚ ਗਾਫ਼ਲ ਹੋ ਕੇ ਸੁੱਤੀ ਪਈ ਹੈਂ ਤੇ ਤੇਰੇ ਘਰ ਨੂੰ ਸੰਨ੍ਹ ਲੱਗ ਰਹੀ ਹੈ। ਤੇਰੇ ਗੁਣਾਂ ਦੀ ਗੰਢ ਚੁਰਾਈ ਜਾ ਰਹੀ ਹੈ ਤੇ ਅਵਗੁਣਾਂ ਦੀ ਗੰਢ ਤੇਰੇ ਲਈ ਛੱਡੀ ਜਾ ਰਹੀ ਹੈ ਜੋ ਤੂੰ ਬੰਨ੍ਹੀ ਬਨ੍ਹਾਈ ਨਾਲ ਲੈ ਜਾਣੀ ਹੈ। ਤਾਂ ਤੇ ਹੇ ਪਿਆਰੇ ਵਾਹਿਗੁਰੂ ਦੇ ਪ੍ਰੇਮ ਦਾ ਰੰਗ ਮਾਣ ਲੈ, ਹੁਣ ਜਦੋਂ ਕਿ ਤੇਰੇ ਸਰੀਰ ਦਾ ਜੋਬਨ ਨਵਾਂ ਨਵਾਂ ਹੁਲਾਰਿਆਂ ਵਿਚ ਹੈ(ਇਹ ਵਾਰਤਾਲਾਪ ਇਸ ਸ਼ਬਦ ਦਾ ਖੁਲ੍ਹਾ ਅਨੁਵਾਦ ਹੈ ਜੋ ਲਿਖਿਆ ਹੈ ਕਿ ਇਸ ਵੇਲੇ ਉਚਾਰ ਹੋਇਆ ਜਦ ਪੀਰ ਦੀ ਚਿੱਠੀ ਵਾਚੀ ਸੀ:-

**ਸਿਰੀ ਰਾਗੁ ਮਹਲਾ ੧ ਘਰੁ੨॥ ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥ ਪਬਣਿ ਕੇਰੇ ਪਤ ਜਿਉ ਢਲਿ ਢੁਲਿ**

ਇਸ ਤਰ੍ਹਾਂ ਦੇ ਕਈ ਕੌਤਕ ਵਰਤੇ, ਕਈ ਲੋਕੀ ਮਿਲੇ, ਕਈ ਉਪਦੇਸ਼ ਹੋਏ, ਕਈ ਨਿਸਤਰੇ। ਇਲਮਦੀਨ ਨੇ ਗੁਰੂ ਕਾ ਦੀਦਾਰ ਦੇਖਿਆ, ਮੁਅੱਸਰ ਹੋਇਆ। ਉਨ੍ਹਾਂ ਦੇ ਬਚਨਾਂ ਦੀ ਤਾਸੀਰ ਤੱਕੀ, ਬਚਨ ਸਮਝੇ, ਤੋਲੇ, ਤਾਂ ਬੜੇ ਉੱਚੇ ਤੇ ਸੱਚੇ ਪਾਏ। ਉਨ੍ਹਾਂ ਦੇ ਪ੍ਰਭਾਵ ਦਾ, ਜੋ ਹਰ ਕਿਸੇ ਤੇ ਪੈਂਦਾ ਸੀ, ਉਸ ਦਾ ਬਲ ਵੇਖਿਆ। ਉਹਨਾਂ ਨੂੰ ਹਰ ਰੱਲੇ ਤੋਲਿਆ ਤਾਂ ਨਿਸਚੇ ਦੇ ਘਰ ਆ ਗਿਆ ਕਿ ਸਭ ਕੁਛ ਹੈ ਏਸ ਗੁਰੂ ਵਿਚ ਤੇ ਸਭ ਤੋਂ ਵਧ ਸਾਹਿਬ ਕਸ਼ਫ਼ ਹੈ। ਇਕ ਦਿਨ ਗੁਰੂ ਜੀ ਨੇ ਇਸ ਨੂੰ ਸਮਝਾਇਆ ਕਿ ਰੱਬ ਜੀ ਦਾ ਸਿਮਰਨ, ਸਿਮਰਨ ਨਾਲ ਲਿਵ ਤੇ ਪਿਆਰ ਹੈ ਅਸਲ ਫ਼ਕੀਰੀ; ਕਰਾਮਾਤਾਂ ਤੇ ਸਿਧੀਆਂ ਫਕੀਰਾਂ ਨੂੰ ਫੜ ਬਹਾਂਦੀਆਂ ਹਨ। ਕਰਾਮਾਤੀ ਤੇ ਕਸ਼ਫ ਵਾਲੇ ਸਾਈਂ ਲੋਕਾਂ ਦੇ ਪਰਤਾਵੇ ਲੈਣੇ ਨਾ ਚਾਹੀਏ। ਇਹ ਪੱਕੀ ਨਿਸ਼ਾਨੀ ਰਸੀਦਹ (ਪਹੁੰਚੇ ਹੋਏ) ਹੋਣ ਦੀ ਨਹੀਂ। ਇਹ ਤਾਂ ਰਸੀਦਹ ਫ਼ਕੀਰਾਂ ਦੇ ਮਗਰ ਫਿਰਦੀਆਂ ਹਨ ਤੇ ਓਹ ਇਨ੍ਹਾਂ ਤਾਕਤਾਂ ਵਿਚ ਫਸ ਨਹੀਂ ਖਲੋਂਦੇ। ਕੁਛ ਦਿਨ ਰਹਿ ਕੇ ਤੇ ਇਲਮਵਾਨ ਇਲਮਦੀਨ ਈਮਾਨਦਾਰ ਤੇ ਰਸੀਆ ਹੋ ਕੇ ਟੁਰ ਗਿਆ।

4.

ਇਕ ਦਿਨ ਪੀਰ ਜੀ ਆਪਣੇ ਮੁਰੀਦਾਂ ਦੇ ਸੰਗ ਵਿਚ ਬੈਠੇ ਸਨ, ਵਾਰਤਾਲਾਪ ਹੋ ਰਹੀਆਂ ਸਨ ਕਿ ਇਕ ਨੇ ਪੁਛਿਆ: ਜੀਓ ਲਗ ਪਗ ਡੇਢ ਮਹੀਨਾ ਹੋ ਗਿਆ ਹੈ ਇਲਮ ਦੀਨ ਆਲਿਮ ਮੁੜਿਆ ਨਹੀਂ। ਪੀਰ ਨੇ ਕਿਹਾ: ਤੁਹਾਡੇ ਭਾਗ ਹੋਏ ਤਾਂ ਮੁੜ ਆਸੀ, ਅਕਸਰ ਲੂਣ ਦੀ ਪੁਤਲੀ ਸਮੁੰਦਰ ਦੀ ਥਾਹ ਲੈਣ ਗਈ ਓਥੇ ਹੀ ਰਹਿ ਜਾਇਆ ਕਰਦੀ ਹੈ। ਜੇ ਮੁੜ ਪਿਆ ਤਾਂ ਸਮਝਾਂਗੇ ਇਹ ਬੀ ਗੁਰ ਨਾਨਕ ਦੀ ਕਰਾਮਾਤ ਹੈ, ਜਿਸ ਨੂੰ ਤੁਹਾਡਾ ਈਮਾਨ, ਜੋ ਡੋਲਣੀ ਬੇੜੀ ਚੜ੍ਹ ਚੜ੍ਹ ਬਹਿੰਦਾ ਹੈ, ਕਾਇਮ ਰੱਖਣਾ ਮਨਜ਼ੂਰ ਹੈ। ਇਕ ਮੁਰੀਦ ਨੇ ਕਿਹਾ: ਘੱਟ ਤੋਂ ਘੱਟ 15 ਦਿਨਾਂ ਦਾ ਰਾਹ ਹੈ ਇਕ ਪਾਸੇ ਦਾ, ਜਾਂਦੇ ਆਉਂਦੇ ਠਹਿਰਦੇ ਡੇਢ ਮਹੀਨਾ ਬਹੁਤ ਨਹੀਂ। ਇਸ ਤਰ੍ਹਾਂ ਦੀਆਂ ਗੱਲਾਂ ਬਾਤਾਂ ਹੋ ਹੀ ਰਹੀਆਂ ਸਨ ਕਿ ਆਲਿਮ ਪਹੁੰਚ ਪਿਆ। ਆ ਸਲਾਮ ਦੁਆ ਕੀਤੀਓਸੁ ਤੇ ਪੀਰ ਦੇ ਚਰਨ ਚੁੰਮ ਕੇ ਬਹਿ ਗਿਆ।

 www.sikhbookclub.com

ਪੀਰ ਨੇ ਪੁਛਿਆ: "ਸੁਣਾ ਭਈ, ਕੀ ਖ਼ਬਰਾਂ ਲਿਆਇਆ ਹੈਂ?"

ਇਲਮਦੀਨ- ਦਾਤਾ! ਤੂੰ ਪੀਰ ਪੂਰਾ ਹੈਂ, ਕਿਉਂ ਜੋ ਤੇਰਾ ਮੁਰਸ਼ਿਦ ਨਿਰਾ ਦਰਵੇਸ਼ ਨਹੀਂ ਉਹ ਤਾਂ ਨਬੀ ਹੈ ਜੋ ਧੁਰ ਤੋਂ ਆਇਆ ਹੈ। ਹਾਂ, ਪੀਰ ਮੇਰੇ! ਲਿਖਿਆ ਹੈ ਕਿ ਅੱਲਾ ਹਰ ਦੇਸ਼ ਨੂੰ ਆਪਣਾ ਪੈਗ਼ੰਬਰ ਦੇਂਦਾ ਹੈ। ਸੋ ਇਸ ਪਾਪ ਦੇ ਸਮੇਂ ਓਹ ਅੱਲਾ ਦਾ ਘੱਲਿਆ ਆਇਆ ਸਾਡੀ ਇਸ ਧਰਤੀ ਦਾ ਔਤਾਰ ਹੈ ਕਿ ਨਬੀ ਹੈ! ਇਹ ਗੱਲ ਸਾਡੇ ਲਿਖੀ ਹੈ। ਦਾਤਾ ਮੇਰੇ! ਮੈਂ ਦੋ ਕੋਹੁ ਉਪਰ ਇਕ ਤਕੀਏ ਵਿਚ ਡੇਰਾ ਕਰ ਕੇ ਬਹਿ ਗਿਆ। ਮਨ ਵਿਚ ਧਾਰੀ ਕਿ ਜੇ ਓਹ ਪੂਰਾ ਹੈ ਤਾਂ ਮੈਨੂੰ ਬੰਦਾ ਘੱਲ ਕੇ ਆਪ ਸੱਦੇ, ਤੇ ਹਾਂ ਪੀਰ ਜੀ! ਮੈਂ ਓਥੇ ਕਿਸੇ ਨੂੰ ਨਹੀਂ ਸੀ ਦੱਸਿਆ ਕਿ ਮੈਂ ਕੌਣ ਹਾਂ ਤੇ ਕਿਉਂ ਆਇਆ ਹਾਂ, ਤੇ ਕਿਥੋਂ ਆਇਆ ਹਾਂ। ਮੈਂ ਦੂਏ ਦਿਨ ਦੁਪਹਿਰੇ ਬਾਗ਼ ਵਿਚ ਜੋ ਕੋਲ ਹੀ ਸੀ, ਜਾ ਬੈਠਾ। ਦੁਪਹਿਰ ਢਲਦੀ ਨੂੰ ਇਕ ਬੰਦਾ ਆਇਆ, ਨਾਉ ਸਾਸੁ ਭਸਮਾ। ਆਖਣ ਲਗਾ: ਮੈਂ ਤੈਨੂੰ ਸਿਆਣ ਲਿਆ ਹੈ, ਸਿਆਣ ਗੁਰੂ ਨਾਨਕ ਨੇ ਦਿੱਤੀ ਹੈ ਤੂੰ ਪੀਰ ਬਹਾਉਦੀਨ ਦਾ ਘਲਿਆ ਆਇਆ ਹੈਂ, ਚੱਲ ਤੈਨੂੰ ਗੁਰੂ ਯਾਦ ਕਰਦਾ ਹੈ। ਕਿਉਂ ਸੱਚ ਦੱਸ ਏਹੋ ਧਾਰੀ ਸਾਈ ਨਾ ਮਨ ਵਿਚ ਕਿ ਮੈਨੂੰ ਆਪ ਸੱਦੇ ਤਾਂ ਪੂਰਾ ਜਾਣਸਾਂ? ਪੀਰ ਜੀ ਮੈਂ ਇਹ ਕਸ਼ਫ ਵੇਖ ਕੇ ਕੰਬ ਗਿਆ। ਅੱਲਾ ਮੇਰੇ! ਇਸ ਤਾਕਤ ਦਾ ਬੰਦਾ ਹੈ ਇਹ ਪੀਰ! ਓਹ ਮੁਸਲਮਾਨ ਹੋਵੇ ਕਿ ਹਿੰਦੂ ਕਿ ਨਸਾਰਾ(ਈਸਾਈ।) ਕੋਈ ਹੋਵੇ ਉਹ ਖ਼ੁਦਾ ਦਾ ਬਰਗੁਜ਼ੀਦਾ(ਖ਼ੁਦਾ ਦਾ ਚੁਣਿਆ।) ਹੈ। ਸੋ ਮੈਂ ਵਿਰਾਗ ਵਿਚ, ਅਦਬ ਵਿਚ ਹੋ ਕੇ ਪਹੁਤਾ ਦਰਬਾਰ। ਵਡੇ ਪਿੱਪਲ ਹੇਠ ਬੈਠਾ ਸੀ ਇਲਾਹੀ ਸੂਰਤ ਵਾਲਾ। ਸੰਗਤ ਜੁੜੀ ਬੈਠੀ ਸੀ ਚੁਫੇਰੇ: ਹਿੰਦੂ, ਮੁਸਲਿਮ, ਪਠਾਣ, ਮੁਗ਼ਲ, ਖਾਨ ਖਾਨੀਨ, ਪੀਰ ਫ਼ਕੀਰ, ਸੰਨਯਾਸੀ, ਜੋਗੀ, ਪੰਡਿਤ। ਮੈਂ ਧਾ ਕੇ ਜਾ ਪੈਰ ਚੁੰਮੇ, ਮੈਥੋਂ ਰਿਹਾ ਨਾ ਗਿਆ। ਮੈਂ ਕਿਹਾ: ਆਪਣੇ ਪੀਰ ਦੇ ਪੈਰ ਚੁੰਮਦਾ ਹਾਂ ਇਹ ਪੀਰ ਦਾ ਪੀਰ ਨਬੀ ਹੈ। ਹੁਣ ਤੁਸਾਂ ਦਾ ਪਤੀਆ ਭੀ ਮੈਂ ਭਰ ਪਾਇਆ। ਆਖਣ ਲੱਗੇ: ਪੀਰ ਨੇ ਜੋ ਖਤ ਤੈਨੂੰ ਦਿਤਾ ਹੈ ਤੇ ਮੇਰੇ ਮੰਗੇ ਤੇ ਤੂੰ ਦੇਣਾ ਹੈ ਉਹ ਦੇ ਦੇਹ। ਦਾਤਾ! ਇਹ ਦੂਜਾ ਕਸ਼ਫ ਵੇਖਕੇ ਮੈਂ ਫੇਰ ਕੰਬਿਆ, ਸੁਆਦਲੀ ਝੁਣਝੁਣੀ ਵਿਚ ਮੈਂ ਖ਼ਤ ਅੰਦਰਖੇ ਦੇ ਅੰਦਰਲੇ ਖੀਸੇ ਵਿਚੋਂ ਕੱਢ ਕੇ ਸੁਹਣੇ ਦੇ ਹੱਥ ਦਿੱਤਾ। ਬੱਸ ਇਹ ਤਾਂ

ਮੈਂ ਤੱਕੀ ਕਰਾਮਾਤ ਤੇ ਫਿਰ ਤੱਕੀ ਉਸਦੀ ਮਾਅਰਫਤ, ਉਸ ਦੇ ਗਜਾਨ ਦਾ ਕਮਾਲ। ਕੋਈ ਪਾਣੀਹਾਰ ਨਹੀਂ ਸਭ ਕਾਇਲ ਹੋ ਹੋ ਜਾਂਦੇ ਹਨ। ਫਰੂਆਤ ਨੂੰ ਉਡਾਉਂਦਾ ਹੈ। ਇਕੋ ਨਿੱਗਰ ਪੱਕੀ ਗੱਲ ਤੇ ਖੜਾ ਕਰ ਦੇਂਦਾ ਹੈ। ਅੱਲਾ ਨਾਲ ਪਿਆਰ, ਅੱਲਾ ਦੇ ਨਾਮ ਨਾਲ, ਜ਼ਿਕਰ ਨਾਲ, ਫ਼ਿਕਰ ਨਾਲ, ਹਮਦੋਸਨਾ ਨਾਲ, ਨੇਕੀ ਨਾਲ; ਸੱਚ ਪੁੱਛੋ ਤਾਂ ਮੇਰਾ ਜੀ ਨਹੀਂ ਸੀ ਕਰਦਾ ਆਉਣ ਨੂੰ। ਆਖਾਂ: ਇਸ ਸਤਿਸੰਗ ਵਿਚ ਮੱਛੀ ਹੋ ਕੇ ਤਰ੍ਹਾਂ, ਕਦੇ ਦੂਰ ਨਾ ਜਾਵਾਂ। ਪਰ ਆਪ ਦਾ ਹੁਕਮ ਡਾਢਾ ਸੀ ਤੇ ਗੁਰੂ ਨੇ ਮੈਨੂੰ ਆਪ ਕਿਹਾ: 'ਭਾਈ, ਅੱਲਾ ਤੈਨੂੰ ਨਾ ਭੁੱਲਸੀ, ਜਾਹ ਹੁਣ ਤੂੰ! ਜੋ ਪੀਰ ਜੀ ਨੂੰ ਸਾਡਾ ਸੰਦੇਸ਼ਾ ਮਿਲੇ ਤੇ ਓਹ ਤੈਨੂੰ ਅਸੀਸ ਦੇਣ। ਜਾਹ ਜੋ ਤੇਰੇ ਮੁਰੀਦ ਭਾਈਆਂ ਨੂੰ ਠੰਢ ਪਵੇ ਤੇ ਈਮਾਨ ਠੌਰ ਆ ਕੇ ਪਕਿਆਈ ਪਕੜੇ ਨੇ ਜੋ ਤੈਨੂੰ ਉਨ੍ਹਾਂ ਦੀ ਬੀ ਅਸੀਸ ਮਿਲੇ। ਜਾਹ ਸਾਡੀ ਤੇਰੇ ਤੇ ਖੁਸ਼ੀ ਹੈ।' ਸੋ ਦਾਤਾ! ਮੈਂ ਖੁਸ਼ੀ ਦੀ ਦੌਲਤ ਲੈ ਕੇ ਆਇਆ ਹਾਂ। ਸਹੁੰ ਜੇ ਆਪ ਦੇ ਕਦਮਾਂ ਦੀ ਮੈਨੂੰ ਉਸ ਛਿਨ ਤੋਂ ਹੁਣ ਤਾਈਂ ਅੱਲਾ ਨਹੀਂ ਜੇ ਭੁੱਲਿਆ। ਹੁਣ ਮੈਨੂੰ ਸੋਝੀ ਆ ਗਈ ਹੈ ਕਿ ਸਿੱਧੀਆਂ ਕਰਾਮਾਤਾਂ ਨਾਲੋਂ ਅੱਲਾ ਦੇ ਨਾਮ ਦੀ ਬਖ਼ਸ਼ੀਸ਼ ਸਭ ਤੋਂ ਵੱਡੀ ਕਰਾਮਾਤ ਹੈ। ਹਾਂ ਇਕ ਗੱਲ ਹੋਰ ਦੱਸਾਂ: ਉਸ ਦਰਬਾਰ ਹਿੰਦੂ, ਮੁਸਲਿਮ, ਯਹੂਦ(ਯਹੂਦੀ।), ਨਸਾਰਾ(ਈਸਾਈ।) ਕਿਸੇ ਪੱਖ ਦੀ ਪਕੜ ਨਹੀਂ। ਓਹ ਨਹੀਂ ਆਖਦੇ ਕਿ ਨਿਰੇ ਹਿੰਦੂ ਤਰਨਗੇ ਕਿ ਨਿਰੇ ਮੁਸਲਿਮ ਤਰਨਗੇ। ਓਥੇ ਤਾਂ- 'ਕਰਨੀ ਪਰਵਾਨ ਕਿਆ ਹਿੰਦੂ ਕਿਆ ਮੁਸਲਮਾਨ' ਦਾ ਸ਼ੋਰ ਹੈ। ਸੱਚ ਦੀ ਓਥੇ ਦੁਹਾਈ ਹੈ। ਅੱਲਾ ਦੇ ਪਜਾਰ ਦਾ ਡੰਕਾ ਵਜਦਾ ਹੈ, ਜੀਵਾਂ ਨਾਲ ਮੁਹੱਬਤ ਦਾ ਸੰਗੀਤਕ ਹੌਲਾ ਹੈ, ਸਰਬੱਤ ਦੇ ਭਲੇ ਦੀ ਪੁਕਾਰ ਹੈ। ਅੱਲਾ ਦਿਲ ਵਿਚ, ਅੱਲਾ ਨਜ਼ਰਾਂ ਵਿਚ, ਇਸ ਗੱਲ ਦਾ ਨਾਦ ਵਜਦਾ ਹੈ। ਸਾਈਂ ਦੇ ਦਰ ਪਹੁੰਚਣ ਦੀ ਕਿਸੇ ਨੂੰ ਠਾਕ ਨਹੀਂ ਦੱਸੀਦੀ। ਕਿਸੇ ਅਵਤਾਰ, ਨਬੀ, ਵਲੀ, ਸੰਤ, ਮਹਾਂਪੁਰਖ ਦੀ ਨਿੰਦਾ ਨਹੀਂ, ਕਿਸੇ ਨੂੰ ਬੁਰਾ ਨਹੀਂ ਕਿਹਾ ਜਾਂਦਾ। ਹਾਂ ਬਦੀ ਨਾਲ ਉਦਾਸੀ ਹੈ, ਬਦੀ ਨੂੰ ਦੋਹੀ ਦੇ ਦੇ ਕੇ ਕੱਢਿਆ ਜਾਂਦਾ ਹੈ। ਭਲਿਆਂ ਨਾਲ ਪਜਾਰ ਹੈ, ਪਰ ਵੈਰ ਬਦਾਂ ਨਾਲ ਬੀ ਨਹੀਂ, ਉਨ੍ਹਾਂ ਨੂੰ ਬਦੀ ਤੋਂ ਧੋਤਾ ਜਾਂਦਾ ਹੈ, ਨੇਕੀ ਲਈ ਵੰਗਾਰਿਆ ਜਾਂਦਾ ਹੈ, ਛੱਟ ਫੂਕ ਕੇ ਨੇਕ ਬਣਾਇਆ ਜਾਂਦਾ ਹੈ। ਨਿਰਵੈਰ ਹੈ ਅੱਲਾ,

ਨਿਰਵੈਰ ਹੈਨ ਸਿਖ ਜੋ ਉਸ ਦੇ ਮੁਰੀਦ ਬਣੇ ਹਨ। ਹਾਂ, ਹੁਣ ਉਸ ਦੀ ਉੱਮਤ ਦਾ ਨਾਉਂ ਹੀ ਸਿਖ ਪੈ ਗਿਆ ਹੈ। ਜੋ ਸਦਾ ਸਿਖਦਾ ਰਹੇ ਸੋ ਸਿਖ। ਨਾ ਹਿੰਦੂ ਨਾ ਮੁਸਲਿਮ ਪਰ ਸਿਖ। ਉਹ ਆਪੋ ਵਿਚ ਇਕ ਦੂਜੇ ਨੂੰ ਭਾਈ ਸੱਦਦੇ ਹਨ। ਹਿੰਦੂ, ਮੁਸਲਿਮ, ਪਠਾਣ, ਪੰਡਿਤ ਜੋ ਜੋ ਸਿਖ ਬਣੇ ਹਨ ਇਕ ਦੂਜੇ ਨੂੰ ਭਾਈ ਸੱਦਦੇ ਹਨ ਤੇ ਪਿਆਰ ਕਰਦੇ ਹਨ ਇਕ ਦੂਜੇ ਨਾਲ ਅਤਿ ਦਾ, ਪਰ ਜੋ ਸਿਖ ਨਹੀਂ ਉਨ੍ਹਾਂ ਨਾਲ ਵੈਰ ਨਹੀਂ। ਉਨ੍ਹਾਂ ਨੂੰ ਕਾਫਰ ਕਿ ਮਲੇਛ ਲਫਜ਼ਾਂ ਨਾਲ ਯਾਦ ਨਹੀਂ ਕਰਦੇ, ਉਨ੍ਹਾਂ ਨੂੰ ਖੁਦਾ ਦੇ ਬੰਦੇ ਤੇ ਅੱਲਾ ਦੇ ਸਾਜੇ ਸਮਝ ਕੇ ਸਰਬੱਤ ਦਾ ਭਲਾ ਕਰਦੇ ਹਨ। ਹਾਂ ਪੀਰ ਜੀ! ਇਹ ਨਵਾਂ ਮਾਰਗ ਹੈ, ਨਰੋਆ ਮਾਰਗ ਹੈ, ਅੱਲਾ ਵਾਂਙੂ ਸਭ ਦਾ ਸਾਂਝਾ ਮਜ਼ਹਬ ਹੈ ਜੋ ਸਭ ਨੂੰ ਪ੍ਰੇਮ ਦੀ ਮੁਹੱਬਤ ਦੀ ਬੁਸ਼ਾਰਤ (ਖ਼ੁਸ਼ਖ਼ਬਰੀ।) ਦੇਂਦਾ ਹੈ। ਕਿਸੇ ਨੂੰ ਨਿਰਾਸ ਨਹੀਂ ਕਰਦਾ, ਨਫਰਤ ਦਾ ਉਥੇ ਵਾਸ ਨਹੀਂ। ਨਫਰਤ ਦੱਸਦੇ ਹਨ ਸ਼ੈਤਾਨ ਦਾ ਕੇਂਦਰ ਹੈ, ਪ੍ਰੇਮ ਦੱਸਦੇ ਹਨ ਅੱਲਾ ਦਾ ਮਰਕਿਜ਼ ਹੈ।

ਪੀਰ ਦੇ ਨੈਣ ਭਰ ਆਏ-ਸ਼ੁਕਰ ਸ਼ੁਕਰ ਅੱਲਾ ਤੇਰਾ ਸ਼ੁਕਰ, ਸਭ ਦਾ ਈਮਾਨ ਬਚਾ ਲਿਆ। ਕਿਉਂ ਭਾਈ ਦੀਨ ਭਾਈਓ! ਹੁਣ ਬੀ ਡੋਲ ਹੈ ਕਿ ਅਡੋਲ ਹੋ ਗਏ ਹੋ? ਤਾਂ ਅਵਾਜ਼ ਆਈ: ਤੁਸੀਂ ਜਿਸ ਥਾਂ ਸਿਰ ਨਿਵਾਇਆ ਹੈ ਉਹ ਥਾਂ ਜ਼ਰੂਰ ਪੂਰੀ ਹੈ। ਅਸੀਂ ਊਰੇ ਹਾਂ ਜੋ ਹਿੱਲ ਖੜੋਤੇ ਸਾਂ, ਪਰ ਜੋ ਪਤੀਏ ਲੈ ਕੇ ਤੇ ਅੱਖੀਂ ਵੇਖ ਕੇ ਸਾਡਾ ਆਲਿਮ ਆਇਆ ਹੈ ਸਾਡੀ ਨਿਸ਼ਾ ਹੋਈ ਹੈ। ਸਾਡੀ ਖ਼ਤਾ ਮਾਫ਼ ਕਰਨੀ ਕਿ ਆਪ ਦਾ ਬਚਨ ਅਜ਼ਮਾਇਸ਼ ਕਰਕੇ ਸੱਚ ਮੰਨਿਆਂ ਹੈ, ਗੁਨਹਗਾਰ ਤੇ ਕੱਚੇ ਜੁ ਹੋਏ।

ਪੀਰ- ਸ਼ੁਕਰ ਹੈ, ਈਮਾਨ ਦੀ ਦੌਲਤ ਹੈ, ਸ਼ੁਕਰ ਹੈ ਬੱਝ ਖੜੋਤਾ ਹੈ। ਲਓ ਤੁਹਾਡਾ ਕੰਮ ਤਾਂ ਹੋ ਗਿਆ, ਹੁਣ ਭਾਈ ਵਿਚੋਲਿਆ! ਦੱਸ ਮੇਰੇ ਖ਼ਤ ਦਾ ਜਵਾਬ ਕੀਹ ਲਿਆਇਆ ਹੈਂ? ਜਿਵੇਂ ਮੁਰੀਦਾਂ ਜੋਗੀ ਤਾਂ ਈਮਾਨ ਦੀ ਦਉਲਤ ਲਿਆਇਆ ਹੈਂ, ਦੱਸ ਮੇਰੇ ਜੋਗੀ ਕੀਹ ਨਿਆਮਤ ਲਿਆਇਆ ਹੈਂ? ਤਦ ਇਲਮਦੀਨ ਨੇ ਗੁਰੂ ਨਾਨਕ ਦੇਵ ਜੀ ਦਾ ਖ਼ਤ ਪੀਰ ਜੀ ਦੇ ਹੱਥ ਦਿੱਤਾ। ਪੀਰ ਨੇ ਲੈ ਕੇ ਚੁੰਮਿਆ, ਸਿਰ ਅੱਖਾਂ ਤੇ ਲਾਇਆ, ਫੇਰ ਖੁਹਲਿਆ ਤੇ ਵਾਚਿਆ। ਜਿਉਂ ਜਿਉਂ ਵਾਚੇ ਨੈਣ ਭਰ ਭਰ ਡੁੱਲ੍ਹਣ। ਵੈਰਾਗ ਛੁੱਟ ਪਿਆ। ਫੇਰ ਮੁਰੀਦ ਨੇ ਪੁੱਛਿਆ: ਦਾਤਾ, ਆਪ ਕਿਉਂ ਰੁੰਨੇ

ਹੋ? ਖ਼ੁਸ਼ ਥੀਵੋ ਜੋ ਸਭ ਦੀ ਈਮਾਨ ਦੀ ਦਉਲਤ ਬਚੀ ਹੈ ਤੇ ਆਪ ਦੇ ਵਾਕ ਸੱਤਿ ਹੋਏ ਹਨ। ਤਾਂ ਫੇਰ ਪੀਰ ਨੇ ਲੰਮਾ ਹਾਹੁਕਾ ਲੈ ਕੇ ਕਿਹਾ- ਸੱਚ ਹੈ, ਬੱਚਿਓ! ਤੁਸਾਂ ਅਜੇ ਜੀਣਾ ਹੈ ਤੇ ਥੀਣਾ ਹੈ; ਅਸਾਂ ਹੁਣ ਜਾਣਾ ਹੈ ਤੇ ਮੁੜ ਆਉਣਾ ਨਹੀਂ। ਸਾਨੂੰ ਆਖ਼ਰੀ ਦਉਲਤ ਸੁਹਣੇ ਦੇ ਸਾਥ ਦੀ ਲੋੜ ਸੀ, ਸੋ ਸਾਥ ਨਹੀਂ ਮਿਲਿਆ, ਮੈਂ ਲਿਖਿਆ ਆਹਾ ਜੋ ਜਦੋਂ ਤੁਸੀਂ ਚੱਲੋ ਦਰਗਾਹ ਖ਼ਾਲਕ ਦੀ ਤਾਂ ਸਾਨੂੰ ਬੀ ਨਾਲ ਲੈ ਚੱਲਣਾ, ਉਨ੍ਹਾਂ ਅਰਜ਼ੋਈ ਨਹੀਂ ਮੰਨੀ, ਜਵਾਬ ਦਿੱਤਾ ਨੇ ਕਿ ਤੁਸੀਂ ਚੱਲੋ ਅਸੀਂ ਮਗਰੋਂ ਚਾਲੀਆਂ ਕੁ ਦਿਨਾਂ ਨੂੰ ਆਵਾਂਗੇ, ਸੋ ਹੁਣ ਮੇਰਾ ਵੈਰਾਗ ਉਨ੍ਹਾਂ ਚਾਲੀਆਂ ਦਿਨਾਂ ਦਾ ਹੈ।

ਇਲਮ ਦੀਨ- ਦਾਤਾ ਮੇਰੇ! ਜਦੋਂ ਮੈਨੂੰ ਦਾਤੇ ਨੇ ਖ਼ਤ ਤੁਸਾਂ ਵਲ ਦਿੱਤਾ ਸੀ ਤਦੋਂ ਉਨ੍ਹਾਂ ਦਾ ਚਿਹਰਾ ਦਾਤਾ-ਪਣੇ ਦੀ ਮੀਂਹ-ਕਣੀ ਵਰਸਾ ਰਿਹਾ ਸੀ! ਖ਼ਤ ਦੇਂਦਿਆਂ ਮੂੰਹ ਤੋਂ ਜੋ ਲਫ਼ਜ਼ ਨਿਕਲੇ ਸਨ, ਓਹ ਸਨ 'ਮੁਕਤ, ਮੁਕਤ'।

ਪੀਰ ਨੇ ਖਤ ਕਾਹਲੀ ਵਿਚ ਵਾਚਿਆ ਸੀ, 'ਤੁਸੀਂ ਚੱਲੋ ਅਸੀਂ ਮਗਰੋਂ 40 ਦਿਨਾਂ ਨੂੰ ਆਵਾਂਗੇ' ਪੜ੍ਹ ਕੇ ਨੈਣ ਭਰ ਆਏ ਸੇ, ਸਰੀਰ ਥਰਕਦਾ ਸੀ ਤੇ ਥਰਕਦੇ ਹੱਥਾਂ ਵਿਚੋਂ ਪਤ੍ਰ ਢੈ ਪਿਆ ਸੀ। ਇਲਮਦੀਨ ਨੇ ਖ਼ਤ ਚਾ ਕੇ ਚੁੰਮਿਆ ਤੇ ਰੱਖ ਲਿਆ ਸੀ, ਹੁਣ ਆਖਿਓ ਸੁ: ਜੇ ਹੁਕਮ ਹੋਵੇ ਤਾਂ ਇਹ ਖਤ ਮੈਂ ਵਾਚਾਂ। ਪੀਰ ਨੇ ਕਿਹਾ: ਵਾਚ ਬੱਚਾ, ਇਹ ਤਾਂ ਬਾਬਲ ਦਾ ਖ਼ਜ਼ਾਨਾ ਸਭ ਦਾ ਸਾਂਝਾ ਹੈ! ਇਲਮਦੀਨ ਨੇ ਖ਼ਤ ਵਾਚ ਕੇ ਆਖਿਆ:- ਪੀਰ ਜੀ, ਦੇਖੋ! ਇਸ ਖ਼ਤ ਦੇ ਸਿਰੇ ਉਤੇ ਹੀ ਦੋ ਵੇਰੀ 'ਮੁਕਤ ਮੁਕਤ' ਲਿਖਿਆ ਹੈ। ਪੀਰ ਨੇ ਕਾਹਲੇ ਹੋ ਕੇ ਡਿੱਠਾ ਤਾਂ ਠੀਕ ਸੀ; ਲੰਮਾ ਸਾਹ ਮਹੂਲਤ ਵਾਲਾ ਲੈ ਕੇ ਬੋਲਿਆ: 'ਸ਼ੁਕਰ.....।'

ਇਲਮਦੀਨ- ਦਾਤਾ! ਉਨ੍ਹਾਂ ਨੇ ਤੁਸਾਂ ਨੂੰ 'ਮੁਕਤ' ਦਾ ਯੁਮਨ (ਬਰਕਤ।) ਬਖ਼ਸ਼ਿਆ, ਆਪ ਨੂੰ ਉਨ੍ਹਾਂ ਦਾ ਚਾਨਣ ਮਿਲ ਗਿਆ। ਫੇਰ ਲਿਖਿਆ ਹੈ: "ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥ ਨਾਨਕ ਤੇ ਮੁਖਿ ਊਜਲੇ ਤਿਤੁ ਸਚੈ ਦਰਬਾਰਿ॥" ਇਸ ਵਿਚ ਨਾਮ ਦਾ ਉਪਦੇਸ਼ ਤੇ ਮਹਿਮਾ ਹੈ।

ਪੀਰ- ਸ਼ੁਕਰ ਅੱਲਾ! ਤੇਰਾ, ਸ਼ੁਕਰ ਤੇਰਾ ਇਲਮਾਂ ਵਾਲਿਆ! ਅੱਲਾ ਤੇਰਾ ਭਲਾ ਕਰੇ ਜੋ ਸੰਦੇਸਾ ਦੇ ਆਇਆ ਤੇ ਵਰ ਲੈ ਆਇਆ ਹੈਂ। ਬੱਚਾ ਗਜਾਨ ਗਜਾਨ ਹੈ, ਪ੍ਰੇਮ ਪ੍ਰੇਮ ਹੈ। ਜਪੋ, ਕਰੋ ਪਿਆਰ, ਅੱਲਾ ਤੁਮਾਂ ਸਾਰਿਆਂ ਉਤੇ ਪ੍ਰੇਮ ਵਾਫ਼ਰ ਕਰੇ.....। ਬੱਚਾ! ਫੇਰ ਪੜ੍ਹ ਫੁਰਮਾਨ ਅਬਰੇ ਰਹਿਮਤ ਦਾ, ਫੇਰ ਸੁਣਾ ਸਲੋਕ?

ਤਦ ਆਲਮ ਨੇ ਦੂਈ ਵੇਰ ਸ਼ਲੋਕ ਪੜ੍ਹਿਆ:-

**ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥**
**ਨਾਨਕ ਤੇ ਮੁਖਿ ਊਜਲੇ ਤਿਤੁ ਸਚੈ ਦਰਬਾਰਿ**

(ਜਿਸ ਮੂੰਹ ਨਾਲ ਰੱਬ ਜੀ ਦੀ ਸਿਫ਼ਤ ਸਲਾਹ ਸਦਾ ਕਰੀਏ ਉਸ ਮੁਖੜੇ ਤੇ ਖੁਸ਼ਕਿਸਮਤੀ ਰੂਪੀ ਮਣੀ ਦੀ ਖੂਬਸੂਰਤੀ ਆ ਜਾਂਦੀ ਹੈ। ਓਹ ਮੂੰਹ ਉਸ ਸੱਚੇ ਦਰਬਾਰ ਵਿਚ ਉਜਲੇ ਹੋਣਗੇ ਫੁਰਮਾਨ ਹੈ ਗੁਰੂ ਨਾਨਕ ਦੇਵ ਜੀ ਦਾ। ਸੂਚਨਾ- ਜਨਮ ਸਾਖੀ ਨੇ ਸਲੋਕ ਐਉਂ ਦਿਤਾ ਹੈ:- ਜੋ ਭਰਿਆ ਸੋ ਲਦਸੀ ਸਭਨਾ ਹੁਕਮ ਰਜਾਇ॥ ਨਾਨਕ ਤੇ ਮੁਖ ਉਜਲੇ ਚਲੇ ਹੁਕਮ ਰਜਾਇ॥ਇਹ ਸਲੋਕ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ, ਤਾਂਤੇ ਗੁਰੂ ਜੀ ਦਾ ਉਚਾਰਿਆ ਨਹੀਂ। ਇਹ ਹੋ ਸਕਦਾ ਹੈ ਕਿ ਗੁਰੂ ਕੇ ਆਸ਼ੇ ਨੂੰ ਲੇਖਕ ਨੇ ਆਪ ਇਸ ਦੋਹੇ ਦੇ ਰੂਪ ਵਿਚ ਲਿਖ ਲਿਆ ਹੋਵੇ। ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਟੋਲੀਏ ਤਾਂ ਇਸ ਪ੍ਰਕਾਰ ਦੇ ਇਕ ਤੋਂ ਵਧੀਕ ਸ਼ਲੋਕ ਗੁਰੂ ਬਾਬੇ ਦੇ ਉਚਾਰੇ ਹੋਏ ਆਏ ਹਨ। ਯਥਾ:- (1) ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥ (2) ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ॥ ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨੀਸਾਣੁ॥4॥ (3) ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥ ਨਾਨਕ ਤੇ ਮੁਖਿ ਊਜਲੇ ਤਿਤੁ ਸਚੈ ਦਰਬਾਰਿ॥ ਸੋ ਜਾਪਦਾ ਹੈ ਕਿ ਇਹ ਤੀਸਰਾ ਸਲੋਕ ਸਮੇਂ ਨਾਲ ਵਧੇਰੇ ਢੁੱਕਦਾ ਸ਼ਲੋਕ ਹੋਣਾ ਹੈ ਜੋ ਬਹਾਵਦੀਨ ਦੀ ਚਿੱਠੀ ਪਰ ਗੁਰੂ ਜੀ ਨੇ ਲਿਖ ਘੱਲਿਆ ਸੀ।)॥

ਪੀਰ- ਸ਼ੁਕਰ, ਸ਼ੁਕਰ, ਸ਼ੁਕਰ।

 www.sikhbookclub.com

## ਇਤਿਹਾਸਿਕ ਪਹਿਲੂ

ਪੁਰਾਤਨ ਜਨਮ ਸਾਖੀ ਵਿਚ ਪਹਿਲੀ ਸਾਖੀ ਮਖ਼ਦੂਮ ਬਹਾਵਦੀਨ ਕੁਰੇਸ਼ੀ ਨਾਲ ਹੋਈ ਦੱਸੀ ਹੈ। ਫਿਰ ਦੂਜੀ ਵਾਰੀ ਮਖ਼ਦੂਮ ਬਹਾਵਦੀਨ ਦਾ ਜ਼ਿਕਰ ਆਇਆ ਹੈ ਤਾਂ ਉਸ ਦੇ ਚਲਾਣੇ ਵੇਲੇ ਉਸ ਨੇ ਗੁਰੂ ਜੀ ਨੂੰ ਲਿਖਿਆ ਹੈ ਕਿ ਤੁਸੀਂ ਸੰਸਾਰ ਤੋਂ ਜਦੋਂ ਚੱਲੋ ਤਦੋਂ ਅਸੀਂ ਨਾਲ ਚਲੀਏ; ਇਕੱਠੇ ਰੱਬ ਦੀ ਦਰਗਾਹੇ ਚਲੀਏ; ਤਾਂ ਗੁਰੂ ਬਾਬੇ ਉੱਤਰ ਘੱਲਿਆ: ਕਿ ਤੁਸੀਂ ਚਲੋ ਅਸੀਂ ਚਾਲੀ ਦਿਨ ਪਿੱਛੋਂ ਆਵਾਂਗੇ ਤਾਂ ਪੀਰ ਹੋਇਆ ਜੋ 'ਚਾਲੀਹ ਦਿਨ ਹਨੇਰੇ ਰਹਿਣਾ ਹੋਵੇਗਾ, ਯਾਰੋ! ਉਨ੍ਹਾਂ ਦਿਨਾਂ ਨੂੰ ਮੈਂ ਰੋਂਦਾ ਹਾਂ ਜੋ ਕਿਉਂ ਕਰਿ ਗੁਜਰਾਨ ਹੋਵਨਿਗੇ। ਜੇ ਉਟ ਚਲਦੇ, ਤਾਂ ਸੁਖਾਲੇ ਚਾਨਣੇ ਨਾਲ ਜਾਂਦੇ।' ਏਥੇ ਮਖ਼ਦੂਮ ਬਹਾਵਦੀਨ ਨੂੰ ਮੁਲਤਾਨ ਦਾ ਲਿਖਿਆ ਹੈ। ਜੇ ਕਦੀ ਪੁਰਾਤਨ ਜਨਮ ਸਾਖੀ ਅਨੁਸਾਰ ਮੁਲਤਾਨੀ ਮਖ਼ਦੂਮ ਸਤਿਗੁਰਾਂ ਨੂੰ ਮਿਲਿਆ ਹੈ ਤਾਂ ਗ਼ਾਲਬਨ ਉਹ ਬਹਾਉਦੀਨ ਮੁਲਤਾਨ ਦਾ ਗੱਦੀ-ਨਸ਼ੀਨ ਪੀਰ ਸੀ। ਜੇ ਉੱਚ ਦਾ ਸੀ ਤਾਂ ਵੀਚਾਰ ਐਉਂ ਹੈ ਕਿ ਭਾਈ ਸੰਗਤ ਸਿੰਘ ਜੀ ਨੂੰ ਭਾਈ ਲਖਮੀ ਚੰਦ, ਜੋ 50 ਸਾਲ ਉੱਚ ਦੇ ਪੀਰਾਂ ਪਾਸ ਰਹੇ ਹਨ ਤੇ ਉਨ੍ਹਾਂ ਦੇ ਇਤਿਹਾਸ ਦੇ ਪਾਠਕ ਹਨ, ਨੇ ਦੱਸਿਆ ਕਿ ਜਦ ਗੁਰੂ ਨਾਨਕ ਦੇਵ ਜੀ ਮੱਕੇ ਗਏ ਹਨ ਤਦ ਮਖਦੂਮ ਰੁਕਨਦੀਨ, ਬਹਾਵਲ ਹੱਕ ਦਾ ਬਾਲਕਾ ਬਹਾਉਦੀਨ, ਸਾਹਿਬਜ਼ਾਦਾ ਬਾਲਕਾ ਜਤੀ ਲਾਲ ਤੇ ਸ਼ੇਖ਼ ਬ੍ਰਾਹਮ ਏਹ ਚਾਰੇ ਫ਼ਕੀਰ ਬੀ ਓਥੇ ਸਨ ਤੇ ਗੁਰੂ ਜੀ ਨਾਲ ਓਥੇ ਗੋਸ਼ਟ ਹੋਈ ਸੀ। ਉੱਚ ਦੇ ਪੀਰ ਬੀ ਇਕ ਪੀਰ ਬਹਾਉੱਦੀਨ ਹਕਾਨੀ ਹੋਏ ਹਨ। ਸੋ ਇਹ ਗੱਲਾਂ ਹੋਰ ਖੋਜ ਦੀਆਂ ਮੁਥਾਜ ਹਨ।

ਪੁਰਾਤਨ ਜਨਮ ਸਾਖੀ ਵਿਚ ਗੁਰਮੁਖਾਂ ਵਾਲੀ ਸਾਖੀ ਸਮੁੰਦਰ ਦੇ ਕੰਢੇ ਤੇ ਸਮੁੰਦਰ ਵਿਚ ਲਿਖੀ ਹੈ, ਪਰ ਇਕ ਥਾਂ 'ਦਰਯਾ' ਪਦ ਵਰਤਿਆ ਹੈ। ਜੇ ਕਦੇ ਮਖ਼ਦੂਮ ਜੀ ਕੋਈ ਉੱਚ ਵਾਲੇ ਪੀਰਾਂ ਵਿਚੋਂ ਸਨ, ਤਾਂ ਉੱਚ ਸ਼ਹਿਰ ਸਿੰਧ ਦਰਯਾ ਦੇ ਨੇੜੇ ਹੈ। ਅੱਗੇ ਉਹ ਮੁਸੱਲੇ ਤੇ ਚੜ੍ਹ ਕੇ ਸਮੁੰਦਰ ਵਿਚ ਜਾਂਦੇ ਹਨ ਜਿੱਥੇ ਗੁਰਮੁਖਾਂ ਦੇ ਦਰਸ਼ਨ ਹੁੰਦੇ ਹਨ। ਤਅੱਜ਼ਬ ਨਹੀਂ ਇਹ ਟਿਕਾਣਾ ਸੱਖਰ ਪਾਸ ਦਰਯਾ ਦੇ ਵਿਚਕਾਰ ਖਲਾ ਸਾਧ ਬੇਲੇ ਦਾ ਟਿਕਾਣਾ ਹੋਵੇ, ਪਰ ਮੁਨਾਰੇ ਦਾ ਜ਼ਿਕਰ ਹੋਣ ਕਰਕੇ ਸਮੁੰਦਰ ਵਧੇਰੇ ਠੀਕ ਜਾਪਦਾ ਹੈ ਤੇ ਮੁਨਾਰੇ ਤੋਂ ਭਾਵ ਸਮੁੰਦਰ ਦੇ ਚਾਨਣ-ਮੁਨਾਰੇ ਦਾ ਸਹੀ

 www.sikhbookclub.com

ਹੁੰਦਾ ਹੈ। ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਕਿ ਜਦੋਂ ਮਖ਼ਦੂਮ ਗੁਰਮੁਖਾਂ ਤੋਂ ਵਾਪਸ ਮੁੜਿਆ ਹੈ ਤਾਂ ਉਸ ਦਾ ਮੁਸੱਲਾ ਸਮੁੰਦਰ ਉਤੇ ਤੁਰਦਾ ਨਹੀਂ ਸੀ, ਅੱਗੇ ਲਿਖਿਆ ਹੈ: "ਤਬ ਓਨਾ ਸਿਖਾਂ ਆਖਿਆ, ਸਤਿਗੁਰੂ ਨਾਨਕ ਨਾਉਂ ਲਿਖੁ ਜੋ ਤੇਰਾ ਮੁਸੱਲਾ ਚਾਲੇ। ਤਬ ਸਤਿਗੁਰੂ ਨਾਨਕ ਲਿਖਿਆ, ਤਬ ਮਖ਼ਦੂਮ ਬਹਾਵਦੀਨ ਦਾ ਮੁਸੱਲਾ ਚਲਿਆ। ਤਬ ਬਾਬੇ ਪਾਸ ਆਇਆ, ਸਲਾਮ ਕਰਕੇ ਬੈਠ ਗਇਆ। ਤਬ ਬਾਬੇ ਪੁੱਛਿਆ ਕਿਆ ਡਿਠੋ ਮਖ਼ਦੂਮ ਬਹਾਵਦੀ? ਤਬ ਮਖ਼ਦੂਮ ਬਹਾਵਦੀ ਆਖਿਆ ਜੀ ਤੂੰ ਸਭ ਕੁਛ ਜਾਣਦਾ ਹੈਂ, ਤੇਰਿਆਂ ਦਾਸਾਂ ਦਾ ਸਦਕਾ ਤਉ ਤਾਈਂ ਆਇ ਪਹੁੰਚਿਆ ਹਾਂ।" ਇਸ ਤੋਂ ਸਿੱਧ ਹੁੰਦਾ ਹੈ ਕਿ ਓਹ ਲੋਕ, ਜਿਨ੍ਹਾਂ ਪਾਸ ਫ਼ਕੀਰ ਗਿਆ ਸੀ, ਗੁਰੂ ਨਾਨਕ ਦੇਵ ਜੀ ਦੇ ਸਿਖ ਸਨ ਤੇ ਇਸ ਤੋਂ ਅੰਦਾਜ਼ਾ ਲੱਗ ਜਾਂਦਾ ਹੈ ਕਿ ਕਿਸ ਉੱਚੇ ਦਰਜੇ ਦੇ ਗੁਰਮੁਖ ਗੁਰੂ ਜੀ ਨੇ ਪੈਦਾ ਕਰ ਦਿੱਤੇ ਸੇ ਜੋ ਕਰਾਮਾਤੀ ਫ਼ਕੀਰਾਂ ਨੂੰ ਬੀ ਸੁਮੱਤਿ ਦੇਂਦੇ ਸਨ।

ਬਾਲੇ ਵਾਲੀ ਜਨਮ ਸਾਖੀ ਵਿਚ ਇਸ ਵਾਰਤਾ ਦਾ ਪਹਿਲਾ ਹਿੱਸਾ, ਬੋਹਿਥੇ ਦੇ ਨਾ ਡੁਬਣ ਆਦਿ ਦਾ, ਪੀਰ ਜਲਾਲਦੀਨ ਨਾਲ ਹੋਇਆ ਦੱਸਿਆ ਹੈ ਤੇ ਕਥਾ ਦੇ ਕਥਨ ਵਿਚ ਥੋੜ੍ਹਾ ਥੋੜ੍ਹਾ ਫ਼ਰਕ ਹੈ।

–0–

 www.sikhbookclub.com

## ਭਵ ਭੰਜਨ

### ਮੈ ਮੂਰਖ ਕੀ ਕੇਤਕ ਬਾਤ ਹੈ, ਕੋਟਿ ਪਰਾਧੀ ਤਰਿਆ ਰੇ

ਇਕ ਘਨਾ ਜੰਗਲ ਹੈ, ਜਿਥੇ ਅਨੇਕ ਪ੍ਰਕਾਰ ਦੇ ਸੰਘਣੇ ਬ੍ਰਿਛ ਬੂਟੇ ਐਸੇ 2 ਉਗ ਰਹੇ ਹਨ ਕਿ ਅਨੇਕ ਥਾਵਾਂ ਪੁਰ ਉਪਰੋਂ ਮਿਲ ਗਏ ਹਨ। ਅਰ ਸੂਰਜ ਦੀਆਂ ਕਿਰਨਾਂ ਨੂੰ ਬੀ ਰਸਤਾ ਨਹੀਂ ਦੇਂਦੇ ਬਾਜੇ 2 ਥਾਈਂ ਐਡੇ ਘੁਟਵੇਂ ਨਹੀਂ ਬੀ ਹਨ,ਪਰ ਤਦ ਬੀ ਛਾਂ ਸਾਰੇ ਪਸਰੀ ਰੰਹਦੀ ਹੈ। ਹੇਠਾਂ ਘਾਹ ਬੂਟ ਉਗ ਰਹੇ ਹਨ, ਜੋ ਚਾਨਣਾ ਪੂਰਾ ਨਾ ਪੈਣੇ ਕਰਕੇ ਬਹੁਤ ਉਚੇ ਨਹੀਂ ਹੁੰਦੇ। ਕੇਵਲ ਧਰਤੀ ਨੂੰ ਸਬਜ ਵਿਛਾਈ ਨਾਲ ਢਕੀ ਰਖਦੇ ਹਨ। ਇਸ ਜੰਗਲ ਦੀ ਇਕ ਗੁੰਜਾਨ ਛਾਯਾ ਵਿਚ ਨਵੀਂ 2 ਘਾਹ ਦੇ ਉਪਰ ਇਕ ਦੁਰਲਬ ਲਿਸੀ ਪਤਲੀ ਥਕੀ ਟੁਟੀ ਦੁਖਾਂ ਦੀ ਮਾਰੀ ਬੁਢੀ ਤ੍ਰੀਮਤ ਕਿਤੋਂ ਮਾਰੂ ਥਲੇ ਤੋਂ ਦੌੜੀ ਆਕੇ ਚੁਫਾਲ ਡਿਗੀ ਪਈ ਹੈ, ਅਰ ਸਾਹ ਚੜ੍ਹੇ ਹੋਏ ਕਰਕੇ ਘਾਬਰ ਰਹੀ ਹੈ। ਕੇਸ ਖਿਲਰ ਰਹੇ ਹਨ, ਲੱਤਾਂ ਬਾਹਾਂ ਰਗੜ ਰਹੀ ਹੈ, ਅੱਖਾਂ ਜੋ ਥਲੇ ਲਹ ਰਹੀਆਂ ਹਨ, ਚਾਰ ਚੁਫੇਰੇ ਕਾਹਲੀ 2 ਫਿਰਦੀਆਂ ਕਦੀ ਮਿਟਦੀਆਂ ਕਦੀ ਖੁਲਦੀਆਂ ਹਨ। ਬੁਲ ਸੁਕ ਰਹੇ ਹਨ, ਜਿਨ੍ਹਾਂ ਦੇ ਗਿਲਿਆਂ ਕਰਨ ਨੂੰ ਜੀਭ ਘੜੀ ਮੁੜੀ ਉਨ੍ਹਾਂ ਪੁਰ ਫਿਰਦੀ ਹੈ, ਪਰ ਉਨ੍ਹਾਂ ਨੂੰ ਤਰ ਕਰਦੀ 2 ਆਪ ਖੁਸ਼ਕ ਹੁੰਦੀ ਚਲੀ ਜਾਂਦੀ ਹੈ। ਗੱਲ੍ਹਾਂ ਤਾਂ ਡੂੰਘੀਆਂ ਉਤਰ ਚੁਕੀਆਂ ਹਨ, ਪਰ ਘਬਰਾ ਦੇ ਮਾਰੇ ਫੁੜਕ 2 ਕਰ ਰਹੀਆਂ ਹਨ ਰੰਗ ਚਿਹਰੇ ਵਿਚ ਹੈ ਨਹੀਂ। ਲਹੂ ਹੀ ਨਹੀਂ ਹੈ, ਰੰਗ ਕਿਥੋਂ ਆਵੇ? ਚਿੰਤਾ ਨੇ ਵਿਚਾਰੀ ਦਾ ਲਹੂ ਐਉਂ ਚੂਸ ਲਿਆ ਹੈ। ਜਿਵੇਂ ਕਹਣਾ ਮੱਖੀ ਦਾ ਚੂਮ ਲੈਂਦਾ ਹੈ।

ਛਾਤੀ ਉਪਰੋਂ ਤਾਂ ਸਬੂਤ ਹੈ, ਪਰ ਮਾਸ ਦੇ ਨਾਂ ਰਹਣੇ ਨੇ ਪਿੰਜਰ ਕਢ ਦਿਤਾ ਹੈ, ਅਰ ਹਡੀਆਂ ਦੀ ਮੁਠ ਹੀ ਦਿਸ ਪੈਂਦੀ ਹੈ। ਜੇਕਰ ਕਿਸੇ

 www.sikhbookclub.com

ਪ੍ਰਕਾਰ ਛਾਤੀ ਦਾ ਢਕਣ ਲਾਹ ਲਿਆ ਜਾਵੇ ਤਦ ਇਸ ਦਾ ਦਿਲ ਐਉਂ ਮਧੋਲਿਆ, ਘਾਇਲ ਤੇ ਚਿੰਜੋੜਿਆ ਹੋਇਆ ਦਿਸੇ, ਜਿਕੁਰ ਕਸਾਈ ਦੇ ਕੀਮੇ ਦਾ ਲੋਥੜਾ ਹੁੰਦਾ ਹੈ। ਜੇ ਪੇਟ ਵਲ ਤਕੋ ਤਾਂ ਭੁਖਾਂ ਤੇ ਫਾਕਿਆਂ ਦੇ ਨਾਲ ਲਾ ਦਿਤਾ ਹੈ, ਪਰ ਦੁਖਾਂ ਦੇ ਡਰਾਉਣੇ ਮੱਲਾਂ ਨੇ ਬੇਵਸੀ ਤੇ ਵਿਆਕੁਲਤਾ ਦੀ ਹਨੇਰੀ ਲਿਆਕੇ ਅਪਨੇ ਹੀ ਹਥਾਂ ਦੇ ਘਸੁੰਨ ਵਟ 2 ਕੇ ਐਸ ਪੇਟ ਵਿਚ ਮਾਰੇ ਹਨ ਕਿ ਨੀਵੇਂ ਨੀਵੇਂ ਡੂੰਘ ਤੇ ਨੀਲੇ ਨੀਲੇ ਦਾਗ ਪੈ ਰਹੇ ਹਨ। ਲਤਾਂ ਬਾਹਾਂ ਤਾਂ ਕਾਨਿਆਂ ਵਾਂਙ ਹਨ ਮਾਸ ਦਾ ਨਿਸ਼ਾਨ ਨਹੀਂ। ਹਾਂ ਬੁਢੀਆਂ 2 ਨਾੜਾਂ ਦੀ ਸਬਜ਼ੀ ਵਿਚ 2 ਦਿਸ ਰਹੀ ਹੈ। ਐਸੀ ਦੁਖਾਂ ਦੀ ਮਾਰੀ ਬੁਢੀ ਮਾਈ ਉਸ ਸੰਘਣੇ ਬਨ ਦੀ ਠੰਢੀ ਛਾਵੇਂ ਕੁਝ ਚਿਰ ਤੜਫ 2 ਕੇ ਨੀਂਦ ਜਿਹੀ ਵਿਚ ਘਿਸੁਧ ਹੋ ਗਈ। ਭਾਵੇਂ ਕੇਡੀ ਦੁਖੀਆ ਸੀ, ਪਸਚਾਤਾਪ ਦੀ ਹਨੇਰੀ ਦੇ ਗੱਡੇ ਚੜ੍ਹੀ ਹੋਈ ਸੀ ਪਰ ਬਨ ਦੀ ਠੰਢਕ ਨੇ ਅੱਖਾਂ ਵਿਚ ਜ਼ਲ ਲੈ ਆਂਦਾ, ਜਿਸਦੇ ਪਲਕੁ ਮਗਰੋਂ ਦੁਖੀਆ ਨੀਂਦ ਦੀ ਗੋਦ ਵਿਚ ਸੌਂ ਗਈ। ਮਾਨੋ ਹਨੇਰੀ ਦੇ ਮਗਰੋਂ ਕਣੀਆਂ ਪੈ ਗਈਆਂ ਜਿਨ੍ਹਾਂ ਨੇ ਘਟਾ ਬਿਠਾ ਦਿਤਾ। ਹਵਾ ਦੇ ਬੇਗ ਨੂੰ ਭਾਵੇਂ ਨਹੀਂ ਰੋਕਿਆ ਪਰ ਉਸਨੂੰ ਠੰਢਿਆਂ ਜਰੂਰ ਕਰ ਦਿਤਾ। ਉਹੋ ਪੌਣ ਜੋ ਘਟੇ ਨਾਲ ਮਿਲਕੇ ਬੁਡੀ ਵਿਚਾਰੀ ਨੂੰ ਚਾਰ ਚੁਫੇਰੇ ਹਨੇਰੇ ਤੇ ਘਬਰਾ ਵਿਚ ਲਈ ਫਿਰਦੀ ਸੀ। ਹੁਣ ਘਟੇ ਤੋਂ ਖਾਲੀ ਤੇ ਗਰਮੀ ਤੋਂ ਸਖਣੀ ਹੋਕੇ ਸੁਤੀ ਪਈ ਦੇ ਚਿਹਰੇ ਪਰ ਪੱਖਾ ਕਰਨੇ ਲਗ ਗਈ ਕਿ ਥਕੀ ਟੁਟੀ ਹੋਈ ਚੰਗੀ ਤਰਾਂ ਦਮ ਲੈ ਲਵੇ। ਅਰ ਬਨ ਦੇ ਬ੍ਰਿਛਾਂ ਨਾਲ ਰਗੜ ਖਾ ਖਾ ਕੇ ਇਕ ਐਸੀ ਮਿਠੀ ਤੇ ਪਿਆਰੀ 2 ਸੁਰ ਨਾਲ ਸਾਂਇ 2 ਕਰਨੇ ਲਗ ਗਈ, ਕਿ ਜਿਕੁਰ ਬਾਲਾਂ ਦੇ ਸੁਆਣ ਵਾਸਤੇ ਦਾਈ ਦੀ ਲੋਰੀ, ਤੇ ਅਮੀਰਾਂ ਨੂੰ ਨੀਂਦ ਵਿਚ ਗੁਫ ਕਰਨੇ ਲਈ ਸਾਰੰਗੀ ਦੀ ਸੁਰ ਅਲਾਪ ਹੁੰਦੀ ਹੈ।' ਪੰਛੀਆਂ ਦੀਆਂ ਰਾਗਣੀਆਂ ਵਿਚ ਗੁਧੇ ਦਾ ਕੰਮ ਦੇ ਰਹੀਆਂ ਹਨ। ਹਰੀ ਘਾਹ ਬੁਢੀ ਦੀਆਂ ਕੁੜਕ ਕੁੜਕ ਕਰਨੇ ਵਾਲੀਆਂ ਹਡੀਆਂ ਨੂੰ ਮਖ਼ਮਲ ਦੇ ਗੁਦਗੁਦੇ ਦਾ ਕੰਮ ਦੇ ਰਹੀਆਂ ਹਨ। ਗੱਲ ਕਾਹਦੀ ਕੁਦਰਤ ਨੇ ਹੀ ਸਾਰਾ ਅਰਾਮ ਦਾ ਬਾਨ੍ਹਣੂ ਬੰਨ੍ਹਕੇ ਵਿਚਾਰੀ ਹਫੀ ਤੇ ਹਾਰੀ ਨੂੰ ਅਪਨੀ ਗੋਦੀ ਵਿਚ ਸੁਆਲ ਲੀਤਾ। ਨੀਂਦ ਨੇ ਸਰੀਰ ਦਾ ਦੁਖ ਤਾਂ ਦੂਰ ਕੀਤਾ, ਪਰ ਮਨ ਨੂੰ ਅਚਲ ਨਾ ਕਰ ਸਕੀ। ਬੁਢੀ ਦੇ ਸਾਰੇ ਦੁਖੜੇ ਅਖਾਂ ਅਗੇ ਆ ਖੜੋਤੇ। ਜੋ ਦੁਖ

 www.sikhbookclub.com

ਭੋਗ ਚੁਕੀ ਸੀ, ਫੇਰ ਮੁੜ ਤੇ ਸ਼ਕਲਾਂ ਹੋਰ 2 ਕਰ ਕਰਕੇ ਅੱਖਾਂ ਅਗੇ ਫਿਰਨ ਲਗੇ। ਜ਼ਾਲਮ ਧਾੜਵੀਆਂ ਦਾ ਪਹਾੜਾਂ ਤੋਂ ਧਾਈ ਕਰਕੇ ਲੁਟਣ ਨੂੰ ਆ ਪੈਣਾ, ਬ੍ਰਾਹਮਣ ਪੁਤ੍ਰ ਜੋ ਰਾਜਾ ਕਹਾਉਂਦਾ ਸੀ, ਉਸਦਾ ਟਾਕਰਾ ਕਰਕੇ ਹਾਰਨਾ ਤੇ ਫੇਰ ਝੂਠ ਬੋਲਕੇ ਲੁਟਣ ਵਾਲਿਆਂ ਨੂੰ ਗੁਮੇ ਕਰਨਾ, ਉਨ੍ਹਾਂ ਦਾ ਫੇਰ ਲੁਟਣ ਆਉਣਾ! ਵਿਚਾਰੀ ਬੁਢੀ ਦੇ ਸਾਰੇ ਪੁਤ੍ਰਾਂ ਦਾ ਰਲਕੇ ਟਾਕਰਾ ਕਰਨਾ। ਪਰ ਪਿਠ ਦੇਕੇ ਨਸ ਤੁਰਨਾ ਧਾੜਵੀਆਂ ਦਾ ਪਿਛਾ ਕਰਕੇ ਉਨ੍ਹਾਂ ਨੂੰ ਮਾਰਨਾ ਵਢਣਾ, ਟੁਕਣਾ, ਜੀਉਂਦੇ ਫੂਕਣਾ, ਕੈਦ ਕਰਨਾ, ਤਰਾਂ 2 ਦੇ ਦੁਖ ਦੇਣੇ। ਪਿੰਡ ਦਾ ਉਜੜਨਾ, ਗੱਲ ਕੀ ਵਿਚਾਰੀ ਦਾ ਸਾਰਾ ਐਸ਼੍ਵਰਜ ਨਾਸ ਕਰਨਾ। ਫੇਰ 2 ਲੁਟਣਾ ਫੇਰ ਬੁਢੀ ਦਾ ਮਿਹਨਤ ਕਰਕੇ ਧਨ ਕਠਾ ਕਰਨਾ ਤੇ ਪਰਵਾਰ ਵਧਾਉਣਾ। ਫੇਰ ਉਨ੍ਹਾਂ ਦਾ ਲੁਟਣਾ ਛੇਕੜ ਉਨ੍ਹਾਂ ਨੇ ਪਿੰਡ ਹੀ ਖੋਹ ਲੈਣਾ, ਅਰਸਾਰੀ ਪੈਦਾਵਾਰ ਦਾ ਮਾਲਕ ਬਣ ਜਾਣਾ। ਬੁਢੀ ਦੀ ਉਲਾਦ ਦਾ ਗੁਲਾਮ ਬਣਨਾ। ਨਿਤ ਵਢੀਂਦੇ ਟੁਕੀਂਦੇ ਰਹਣਾ। ਗੱਲ ਕੀ ਸਾਰੀ ਸਿਰ ਬੀਤੀ ਮੁੜ 2 ਦਿਸੇ। ਵਿਚਾਰੀ ਸੁਖ ਵਿਚ ਪਈ ਬੀ ਦੁਖਾਂ ਦੇ ਮੂੰਹ ਆਈ ਰਹੀ। ਘਾਬਰਕੇ ਦੁਖਾਂ ਨੂੰ ਅੱਖਾਂ ਅਗੋਂ ਦੂਰ ਕਰੇ। ਪਰ ਜਿਕੁਰ ਭੂਮਣਾਂ ਮਖੀ ਕਿਸੇ ਦੇ ਪਿਛੇ ਪੈ ਜਾਵੇ ਤਾਂ ਪਿਛਾ ਨਹੀਂ ਛਡਦੀ, ਤਿਵੇਂ ਇਸਦੇ ਦੁਖ ਸੁਤੀ ਪਈ ਨੂੰ ਬੀ ਅਕਾਉਣੋਂ ਨਾ ਟਲੇ! ਬੜੀ ਅੱਕੀ। ਝੰਜਲਾਈ, ਛਿਥੀ ਹੋ ਗਈ, ਪਰ ਕੁਝ ਵਾਹ ਨਾ ਗਈ। ਛੇਕੜ ਦਿਲ ਤੋਂ ਹਠ ਦਾ ਕੜ ਟੁਟ ਗਿਆ, ਬੇਵਸੀ ਹੋਕੇ ਰੋਈ। ਵੈਰਾਗ ਨੇ ਅੰਦਰ ਤੋੜ ਦਿਤਾ, ਸਭੇ ਸੋਚਾਂ ਉਸ ਵੈਰਾਗਦੀ ਤੜਥੱਲੀ ਵਿਚ ਤਿੱਤਰ ਬਿੱਤਰ ਹੋ ਗਈਆਂ! ਦੁਖੜੇ ਬੀ ਤੂਫਾਨ ਆਏ ਸਮੁੰਦ੍ਰ ਵਿਚ ਫਸੇ ਹੋਏ ਜਹਾਜ਼ ਵਾਂਗੂ ਡਗਮਗ 2 ਕਰਨੇ ਤੇ ਲਹਰਾਂ ਦੇ ਧਪੇਖਾਣ ਲਗੇ। ਦਿਲ ਵਹ ਤੁਰਿਆ ਅਰ ਬਿਲਬਿਲਾ ਕੇ ਜਗਤ ਦੇ ਰਚਨਹਾਰ ਵਲ ਮੂੰਹ ਕਰਕੇ ਪੁਕਾਰ ਉਠਿਆ:-

ਹੇ ਸ੍ਰਿਸ਼ਟੀ ਦੇ ਰਚਨਹਾਰ, ਪਾਲਕ ਤੇ ਰਖਛਕ ਹੇ ਦਯਾ ਨਿਧੀ, ਮਿਹਰ ਦੀ ਖਾਣ ਪ੍ਰੇਮ ਦੇ ਸਮੁੰਦ੍ਰ! ਮੈਂ ਦੁਖੀਆ ਦੇ ਹਾਲ ਤੇ ਮਿਹਰਾਮਤ ਕਰ। ਬੇਸ਼ਕ ਮੈਂ ਬੜੀ ਪਾਪਣ ਹਾਂ, ਅਪ੍ਰਾਧਣ ਹਾਂ, ਪਾਪਾਂ ਦੀ ਪੁੰਜ ਹਾਂ, ਮੇਰੇ ਵਰਗਾ ਪਾਪੀ ਕੋਈ ਨਹੀਂ। ਪਰ ਤੂੰ ਪਤਤ ਪਾਵਨ ਹੈਂ।

ਹੇ ਦਿਆਲ ਰਖਛਾ ਕਰ! ਮੈਨੂੰ ਨਿਤ ਦੇ ਦੁਖਾਂ ਤੋਂ ਛੁਡਾ! ਮੇਰੇ ਪੁਤ੍ਰ ਮੇਰੀਆਂ ਅਖਾਂ ਅਗੇ ਬੇਗੁਨਾਹ ਕੋਹੇ ਜਾਂਦੇ ਹਨ! ਮੇਰੀਆਂ ਧੀਆਂ ਦੀ ਬੇ ਪਤੀ ਹੋਂਦੀ ਹੈ, ਮੇਰੇ ਧਨ ਪਦਾਰਥ ਉਜੜਦੇ ਹਨ। ਮੇਰਾ ਸੀਨਾ ਨੇਜ਼ਿਆਂ ਨਾਲ ਪ੍ਰੋਤਾ ਜਾਂਦਾ ਹੈ। ਮੇਰੀ ਵਿਭੂਤੀ ਨਸ਼ਟ ਕੀਤੀ ਜਾਂਦੀ ਹੈ। ਹਾਂ! ਸਾਰੇ ਜਹਾਨ ਦੇ ਦੁਖ ਮੈਂ ਦੁਖੀਆ ਲਈ ਰਹ ਗਏ ਹਨ ਜਿਕੁਰ ਸ਼ਹਦ ਦੀਆਂ ਮਖੀਆਂ ਰਾਤ ਸਮੇਂ ਸਭ ਥਾਵਾਂ ਛਡ ਗਰੀਬ ਛਾਤਾ ਤੇ ਉਦਾਲੇ ਹੀ ਆ ਹੋਂਦੀਆਂ ਹਨ, ਤਿਵੇਂ ਮੇਰੀ ਪਾਪਾਂ ਕਰਕੇ ਪਾਈ ਹੋਈ ਰਾਤ ਵਿਚ ਦੁਖਾਂ ਨੇ ਸਾਰੇ ਸੰਸਾਰ ਨੂੰ ਛਡ ਕੇ ਮੇਰੇ ਉਦਾਲੇ ਹੀ ਆ ਝੁਰਮਟ ਪਾਇਆ ਹੈ। ਜਿਕੁਰ ਫਟ ਲਗੇ ਸਪ ਨੂੰ ਕੀੜੀਆਂ ਹੀ ਵੇੜ੍ਹ ਵੇੜ੍ਹ ਕੇ ਤੜਫਾ ਮਾਰ ਦੀਆਂ ਹਨ। ਤਿੰਵੇਂ ਤਕਲੀਫਾਂ ਨੇ ਮੈਂ ਘਾਇਲ ਦਿਲ ਵਾਲੀ ਨੂੰ ਵੇੜ੍ਹ ਕੇ ਨੱਕ ਜਿੰਦ ਕਰ ਦਿਤਾ ਹੈ। ਜਿੰਵੇ ਸ਼ਰਾਬੀ ਪੁਰਖਾਂ ਦੀ ਖੁਰਾਕ ਸ਼ਰਾਬ ਹੋਂਦੀ ਹੈ। ਜਿਥੇ ਸ਼ਰਾਬ ਹੋਵੇ ਸਾਰੇ ਉਥੇ ਹੀ ਜਾ ਜੁੜਦੇ ਹਨ। ਤਿੰਵੇ ਦੁਖਾਂ ਦਾ ਖੁਰਾਕ ਪਾਪ ਹਨ, ਜਿਥੇ ਪਾਪ ਹੋਵੇ। ਸਾਰੇ ਦੁਖ ਆ ਜੁੜਦੇ ਹਨ। ਸੋ ਮੈਂ ਪਾਪਾਂ ਦਾ ਪੁੰਜ ਬਣੀ, ਦੁਖ ਵਿਚਾਰੇ ਆਪਣੀ ਖੁਰਾਕ ਦੀ ਭਾਲ ਵਿਚ ਮੇਰੇ ਤੇ ਹੀ ਆ ਕਠੇ ਹੋਏ, ਦੁਖਾਂ ਦਾ ਕੀ ਦੋਸ਼, ਦੋਸ਼ ਮੇਰਾ ਹੈ ਮੈਂ ਮਾਸ ਦੀਆਂ ਬੋਟੀਆਂ ਖਿਲਾਰੀਆਂ, ਚੀਲਾਂ ਬੀ ਆ ਝਪਟੀਆਂ। ਨਾ ਮੈਂ ਬੋਟੀਆਂ ਖਿੰਡਾਂਉਂਦੀ, ਨਾਂ ਇਲਾਂ ਦੇ ਝਪਟ ਸੰਹਦੀ। ਹਾਇ ਮੇਰੇ ਪੁਤ੍ਰੋ! ਮੈਂ ਤੁਹਾਨੂੰ ਵਰਜ ਰਹੀ ਸ਼ਰਾਬਾਂ ਨਾ ਪੀਓ, ਇਕ ਦੂਜੇ ਦੀਆਂ ਵਹੁਟੀਆਂ ਨਾ ਛੇੜੋ ਪਰ ਤੁਸਾਂ ਇਕ ਇਕ ਦਿਨ ਦੀ ਮਸਤੀ ਵਿਚ ਆਕੇ ਆਪਣੀਆਂ ਕੁਲਾਂ ਹੀ ਨਾਸ ਕਰ ਲਈਆਂ ਦਇਆ ਧਰਮ ਤੋਂ ਤੁਸਾਂ ਮੂੰਹ ਮੋੜਿਆ, ਕਰੜਾਈ ਤੇ ਝੂਠ ਨਾਲ ਤੁਸਾਂ ਦਿਲ ਜੋੜਿਆ। ਮਿਹਨਤ ਤੇ ਬਰਾਦਰੀ ਤੁਸਾਂ ਛਡੀ, ਆਲਸ ਅਯਾਸ਼ੀ ਤੁਸਾਂ ਘੁਟ ਕੇ ਫੜ ਲਈ। ਰਣ ਭੂਮੀਆ ਛਡਕੇ ਤੁਸੀਂ ਮਹਲਾਂ ਵਿਚ ਹੀ ਰਹ ਗਏ। ਤੁਹਾਨੂੰ ਆਂਢੀ ਗੁਆਂਢੀ ਕਦ ਛਡਦੇ ਸਨ, ਤੁਹਾਡੇ ਖੋਟੇ ਕਰਮਾਂ ਨੇ ਤੁਹਾਡੇ ਲਈ ਦੁਖੜਿਆਂ ਦੇ ਖੇਤਾਂ ਦੇ ਖੇਤ ਉਗਾ ਦਿਤੇ। ਤੁਹਾਨੂੰ ਪਾਪੀ ਹੋਇਆਂ ਦੇਖ ਕੇ ਮੈਂ ਇਕ ਦਿਨ ਕੀ ਸਮਝਾਇਆ ਸੀ? ਭਲੇ ਪੁਰਖਾਂ ਦੇ ਵਾਕ ਤੁਹਾਨੂੰ ਸੁਣਾਏ ਸਨ, ਕਿ ਜੋ ਪ੍ਰਾਣੀ ਹੋਰਨਾਂ ਦੇਉਤਿਆਂ ਨੂੰ ਪੂਜਦੇ ਹਨ, ਪਰ ਇਕ ਪਰਮੇਸੁਰ ਨੂੰ ਨਹੀਂ ਪੂਜਦੇ ਅਰ ਉਸ ਤੋਂ ਦੂਰ ਰਹਣਗੇ। ਤੁਹਾਨੂੰ ਸਮਝਾ 2 ਕੇ ਹਾਰ ਗਈ, ਕਿ ਬਣਾਉਟੀ

ਚੀਜਾਂ ਨਾ ਪੂਜੋ, ਦੂਸਰੇ ਦੇਵੀ ਦੇਉਤਿਆਂ ਦੇ ਜਾਲ ਵਿਚ ਨਾ ਫਸੋ। ਤੁਸਾਂ ਇਕ ਨਾ ਮੰਨੀ, ਮੰਨਦੇ ਕਿਕੁਰ? ਤੁਹਾਡੇ ਖੋਟੇ ਦਿਲਾਂ ਦੇ ਚੰਦ੍ਰੇ ਮਨਸੂਬੇ ਮੰਦ੍ਰਾਂ ਦੀ ਆੜ ਪੁਰ ਹੀ ਸਿਰੇ ਚੜ੍ਹਦੇ ਸਨ। ਅੰਤ ਅਕਕੇ ਮੈਂ ਤੁਹਾਨੂੰ ਦਸਿਆ ਸੀ, ਕਿ ਪਾਪੀ ਪੁਰਖ ਬੀ ਇਕ ਪਰਮੇਸੁਰ ਦੀ ਸਰਨ ਫੜਦਾ ਹੈ। ਉਹ ਅੰਤ ਬਚ ਰਹਿਦਾ ਹੈ। ਪਰ ਤੁਸਾਂ ਨਾ ਮੰਨੀ ਪਰ ਨਾ ਮੰਨੀ। ਪੇਟ ਪਾਲੂਆਂ ਤੇ ਸ੍ਵਾਰਥੀ ਛਲੀਆਂ ਦਾ ਸੰਗ ਤੁਸਾਂ ਨਾ ਛਡਿਆ। ਰਬ ਤੋਂ ਬੇਮੁਖ ਹੋਏ ਬੇਮੁਖ ਹੋਕੇ ਪਾਪ ਕਮਾਏ। ਸੋ ਤੁਹਾਨੂੰ ਬਦਲੇ ਦੇਣੇ ਪਏ। ਹਾਇ! ਜੇ ਅਕਲ ਵਲ ਦੇਖਾਂ ਤਾਂ ਜਿੰਨੀ ਹੋਵੇ ਥੋੜੀ ਹੈ। ਪਰ ਮਮਤਾ ਬੁਰੀ। ਤੁਹਾਡੇ ਦੁਖ ਦੇਖ ਨਹੀਂ ਸਕਦੀ ਮੈਂ ਤੁਹਾਡੇ ਧੋਖੇ ਹੀ ਮਰ ਮੁਕੀ। ਤੁਸੀ ਅਜੇ ਨਹੀਂ ਟਲੇ। ਕਿੰਨੇ ਹੀ ਸਜਨਾਂ(ਕਬੀਰ, ਨਾਮਦੇਵ, ਪੀਪਾ' ਸਧਨਾ, ਜੈਦੇਵ, ਤ੍ਰਿਲੋਚਨ ਆਦਿ।) ਨੇ ਦਰਗਾਹ ਤੋਂ ਆਕੇ ਤੁਹਾਨੂੰ ਸਮਝਾਇਆ ਪਰ ਤੁਸਾਂ ਕਿਸੇ ਦੀ ਤਾਂਣੀ ਵਿਗਾੜੀ। ਕਿਸ ਨੂੰ ਮੰਦਰੋਂ ਧਕੇ ਦਿਤੇ ਕਿਸੇ ਦਾ ਕੋਈ ਬੁਰਾ ਹਾਲ ਕੀਤਾ ਕਿਸੇ ਦਾ ਕੋਈ। ਹੁਣ ਮੈਂ ਹਾਰ ਗਈ ਤੁਹਾਨੂੰ ਕੋਈ ਦਾਰੂ ਨਹੀਂ ਲਗਦਾ, ਜੋ ਕਰਦੀ ਹਾਂ ਪੁਠਾ ਪੈਂਦਾ ਹੈ।

ਜਿਉਂ 2 ਦਾਰੂ ਕੀਤਾ
ਤਿਉਂ 2 ਰੋਗ ਨੇ ਵਾਧਾ ਲੀਤਾ।

ਜੋ ਦਾਰੂ ਤੁਹਾਡੇ ਕਾਰਦਾ ਸੀ, ਜੋ ਤੁਹਾਨੂੰ ਮੰਦਿਆਂ ਕਰਮਾਂ ਤੋਂ ਛੁਡਾ ਸਕਦਾ ਸੀ। ਉਹ ਪਰਮੇਸੁਰ ਦੀ ਸ਼ਰਨ ਸੀ, ਸੋ ਤੁਸਾਂ ਨਾ ਫੜੀ। ਦਿਨੇ ਰਾਤ ਪਏ ਗਾਜਰਾਂ ਮੂਲੀਆਂ ਵਾਂਙ ਵਢੀਂਦੇ ਹੋ, ਪਰ ਨਹੀਂ ਮੰਨਦੇ। ਹਾਇ ਕਰਤਾਰ! ਮੇਰੀ ਸੰਤਾਨ ਅਮੋੜ ਹੋ ਗਈ। ਜਦ ਰਚਨੇਹਾਰ ਤੋਂ ਹੀ ਬੇਮੁਖ ਹੋ ਗਈ ਤਦ ਮਾਪੇ ਕਿਸਦੇ ਵਿਚਾਰੇ ਹਨ? ਹੇ ਬਖਸ਼ਿੰਦ! ਮੈਂ ਤੇਰੇ ਅਗੇ ਕੀ ਮੂੰਹ ਲੈਕੇ ਬੇਨਤੀ ਕਰਾਂ। ਮੇਰੇ ਪਾਪ ਮੈਨੂੰ ਸ਼ਰਮ ਦੇ ਖੂਹੋਂ ਨਹੀਂ ਨਿਕਲਣ ਦੇਂਦੇ ਕਿਸ ਨੱਕ ਨਾਲ ਤੇਰੇ ਕੋਲੋਂ ਬਖਸ਼ਸ਼ ਦੀ ਆਸਾ ਕਰਕੇ ਮੂੰਹ ਖੋਲ੍ਹਾਂ? ਮੈਂ ਤਾਂ ਭਾਰੀ ਪਾਪਣ ਤੇ ਸ਼ਰਮਿੰਦੀ ਹਾਂ। ਮੇਰੇ ਜਾਏ ਬੀ ਅਮੋੜ ਤੇ ਪਾਪੀ ਹਨ। ਫੇਰ ਬੀ ਆਪ ਦੀ ਅਤਿ ਕਿਰਪਾ ਹੈ, ਆਪਨੇ ਕਈ ਸਮਝਾਉਣੇ ਵਾਲੇ ਘਲੇ ਦਯਾ ਕੀਤੀ, ਪਰ ਅਸਾਂ ਇਕ ਨਾ ਮੰਨੀ। ਹਰ ਗੱਲੇ ਤੇਰੇ ਦੇਣ ਦਾਰ, ਤੈਥੋਂ ਝੂਠੇ ਹੋਏ ਹਾਂ, ਮੂੰਹ ਦੇਣ ਜੋਗੇ ਨਹੀਂ ਪਰ ਹੇ ਬਖਸ਼ਿੰਦ ਜਿਡੇ ਸਾਡੇ ਪਾਪ ਅਮਿਤ ਹਨ, ਤੇਰੀ ਬਖਸ਼ਸ਼ ਉਸਤੋਂ ਵਧੀਕ ਅਮਿਤ ਹੈ,


www.sikhbookclub.com

ਕਿਉਂਕਿ ਅਸੀਂ ਆਪਦੀ ਕ੍ਰਿਤ ਮਿਤ ਅਰ ਹਦ ਵਾਲੇ ਹਾਂ, ਸਾਡੇ ਅਮਿਤ ਖੋਟੇ ਕਰਮ ਬੇ ਅੰਤ ਹਦ ਵਿਚ ਹਨ, ਪਰ ਤੂੰ ਅਮਿਤ ਬੇਅੰਤ ਹੈਂ, ਤੇਰੀ ਬਖਸ਼ਸ਼ ਬੀ ਅਮਿਤ ਹੈ। ਅਸੀਂ ਭੁਲਦੇ2 ਥਕ ਜਾਂਦੇ ਹਾਂ ਪਰ ਤੂੰ ਬਖਸ਼ਣੇਂ ਨਹੀਂ ਥਕਦਾ। ਅਪਨੀ ਮਿਹਰ ਕਰ ਅਰ ਐਸੀ ਦਿਆ ਕਰ ਕਿ ਜੈਸੀ ਤੈਨੂੰ ਯੋਗ ਹੋਵੇ ਸਾਡੇ ਕਰਮਾਂ ਵਲੋਂ ਮੂਲੋਂ ਦ੍ਰਿਸ਼ਟੀ ਨਾ ਦੇਹ ਕੇਵਲ ਅਪਨੀ ਦਯਾਲਤਾ ਵਲ ਦੇਖਾਂ। ਅਰ ਬਖਸ਼!

ਇਕੁਰ ਬੇਨਤੀ ਕਰਦੀ 2 ਬੁਢੀ ਦਾ ਸੰਘ ਘੁਟ ਗਿਆ ਕਿ ਰੋਣ ਦੇ ਪ੍ਰਵਾਹ ਨਾਲ ਤ੍ਰਿਬ੍ਰਡ ਹੋ ਗਈ। ਅੱਖਾਂ ਦੇ ਹੜ੍ਹ ਵਡੇ 2 ਹੋਕੇ ਦਿਸਣ ਲਗੇ, ਉਨ੍ਹਾਂ ਵਿਚੋਂ ਇਕ ਚਮਕ ਪੈਦਾ ਹੋਈ ਅਰ ਹੋਰ ਕਈ 2 ਸ਼ਕਲਾਂ ਦਿਸਣ ਲਗੀਆਂ। ਅੰਤ ਨੂੰ ਇਕ ਭਾਰਾ ਚਾਨਣ ਹੋ ਗਿਆ। ਅਰ ਇਕ ਮੂਰਤ ਦਿਸੀ, ਜਿਸਨੇ ਬੁਢੀ ਵਲ ਨੀਰੀ ਪਾਕੇ ਤਕਿਆ, ਅਰ ਕਿਹਾ:--

ਹੇ ਦੁਖਾਂ ਦੀ ਮਾਰੀ! ਕਿਉਂ ਅਪਨੀ ਅਪਵਿਤ੍ਰ ਦੁਹਾਈ ਪਾਉਂਦੀ ਹੈ? ਕਿਉਂ ਅਪਨੇ ਗੰਦੇ ਵਾਕਾਂ ਨੂੰ ਪਰਮੇਸੁਰ ਦੇ ਨਾਮ ਰੂਪੀ ਧਨੁਖ ਪੁਰ ਚੜ੍ਹਾਕੇ ਉਸ ਪਰਮ ਪਵਿਤ੍ਰ ਪਰਮੇਸੁਰ ਦੀ ਦਰਗਾਹ ਵਿਚ ਪੁਚਾਉਂਦੀ ਹੈ? ਕਿਉਂ ਅਪਨੇ ਪਾਪਾਂ ਦੀ ਅਪਵਿਤ੍ਰਤਾ ਵਿਚ ਹੀ ਨਹੀਂ ਡੁਬ ਮਰਦੀ? ਕਿਉਂ ਅਪਨੇ ਕਰਮਾਂ ਦੇ ਬਾਲੇ ਹੋਏ ਤੰਦੂਰ ਵਿਚ ਨਹੀਂ ਸੜ ਮਰਦੀ? ਦੇਖ ਤੇਰੇ ਨਾਲੋਂ ਤਾਂ ਭੰਬਟ ਹੀ ਚੰਗਾ ਹੈ, ਜੋ ਅਪਨੀ ਇਛਾ ਦੇ ਵਸ ਹੋਣ ਕਰਕੇ ਇਕ ਸਾੜਨ ਵਾਲੇ ਪਦਾਰਥ ਦੀ ਸਮੀਪਤਾ ਕਰਕੇ ਅਪਨੀ ਮੂਰਖਤਾ ਨੂੰ ਸਮਝਕੇ ਫੇਰੇ ਬੇਨਤੀ ਨਹੀਂ ਕਰਦਾ, ਉਥੇ ਹੀ ਸੜ ਮਰਦਾ ਹੈ। ਦੀਵਾ ਉਸਦਾ ਕਰਮ ਨਹੀਂ ਸੀ, ਕੇਵਲ ਵਾਸਨਾ ਉਸਨੂੰ ਉਥੇ ਲਿਗਈ ਸੀ, ਪਰ ਉਹ ਅਣਖ ਦਾ ਪੂਰਾ ਵਾਸਨਾ ਦੇ ਸਹੇੜੇ ਦੁਖ ਤੁਰ ਹੀ ਸ਼ਹੀਦ ਹੋ ਜਾਂਦਾ ਹੈ! ਪਰ ਤੈਂ ਪਾਪਣ ਨੇ ਆਪ ਭਾਂਬੜ ਬਾਲੇ, ਆਪ ਵਿਚ ਵੜੀ, ਆਪ ਸੜੀ, ਹੁਣ ਪੀੜ ਹੋਈ ਤੇ ਕਿੰਉਂ ਵਿਲਕਦੀ ਹੈ? ਆਪਣੀ ਤੱਤੀ ਹਵਾ ਨੂੰ ਕਿਉਂ ਪਰਮੇਸੁਰ ਦੇ ਦੇਸ ਵਿਚ ਘਲਦੀ ਹੈਂ? ਕਿੰਉਂ ਉਸਦਾ ਪਵਿਤ੍ਰ ਨਾਮ ਲੈ ਲੈਕੇ ਵਾਸਤੇ ਪਾਉਂਦੀ ਹੈਂ? ਉਸਨੂੰ ਆਪਨੇ ਨਾਮ ਦਾ ਬਿਰਦ ਹੈ, ਅਰ ਤੂੰ ਬਿਸ਼ਰਮ! ਇਸ ਗਲ ਤੋਂ ਲਾਭ ਉਠਾਇਆ ਚਾਹੁਦੀ ਹੈ। ਕਿੰਨੀ ਵੇਰ ਤੇਰੇ ਤੇ ਪਰਮੇਸੁਰ ਨੇ ਕਿਰਪਾ ਕੀਤੀ ਹੈ, ਕਿੰਨੇ ਮਹਾਤਮਾ ਭੇਜੇ ਹਨ, ਕਿ ਤੇਰੇ ਪੁਤ੍ਰ ਸਿਧੇ ਰਸਤੇ ਪੈਣ। ਪਰ ਓਹ ਦੁਸਟ ਉਨ੍ਹਾਂ ਸੰਤ ਪੁਰਖਾਂ ਨੂੰ

 www.sikhbookclub.com

ਦੁਖ ਦੇਂਦੇ ਹਨ। ਤੇਰੇ ਜੜ੍ਹ ਪੂਜਾਂ, ਝੂਠੇ ਗਿਆਨੀਆਂ ਤੇ ਮੂੰਹ ਰੇ ਪੰਡਤਾਂ ਅਰ ਪੇਟ ਪਾਲੂ ਜਗਤ ਲੁਟ ਪੁਜੇਰਿਆਂ ਨੇ ਉਨ੍ਹਾਂ ਨਾਲ ਕਿੰਨੀਆਂ ਕੁ ਅਨੀਤੀਆਂ ਕੀਤੀਆਂ ਹਨ। ਹੁਣ ਤੂੰ ਕਿਸ ਨਕ ਨਾਲ ਫੇਰ ਵਾਸਤੇ ਪਾਉਂਦੀ ਹੈ?

ਇਕ ਕਾਟਵਾਂ, ਪਰ ਸਚਾ ਉਤਰ ਸੁਣ ਕੇ ਪਾਪਾਂ ਦੀ ਅਗ ਵਿਚ ਦਗਧ ਹੁੰਦੀ ਬੁਢੀ ਨੇ ਉਸ ਪੁਰਖ ਦੇ ਪੈਰ ਫੜਨੇ ਦਾ ਜਤਨ ਕੀਤਾ, ਪਰ ਕੇਵਲ ਜੋੜੇ ਨੂੰ ਹਥ ਛੁਹਿਆ ਅਰ ਉਹ ਪੁਰਖ ਉਤਾਹਾਂ ਹੋਕੇ ਪੌਣ ਵਿਚ ਖੜੋ ਗਿਆ। ਤੇ ਬੋਲਿਆ:-

ਹੇ ਬੁਢੀ ਦੇਖ ਅਪਨੀ ਪਾਪ ਅਗਨੀ ਨੂੰ, ਤੇਰੇ ਵਿਚ ਕਿਸ ਪ੍ਰਕਾਰ ਇਸ ਦਾ ਪਰਵੇਸ਼ ਹੈ। ਹੇ ਦੁਸ਼ਟਾ! ਤੂੰ ਪਾਪ ਸਰੂਪ ਹੋ ਗਈ। ਹੁਣ ਤਾਂ ਨਰਕ ਬੀ ਤੈਥੋਂ ਡਰਦੇ ਹਨ।

ਬੁਢੀ— ਹੇ ਕਰੜੇ, ਪਰ ਸਚੇ, ਨਿਰੋਲ ਸਚੇ ਮਹਾਤਮਾ ਆਪ ਦੇ ਬਚਨ ਸਚ ਹਨ ਜੇ ਸਚ ਤੋਂ ਬੀ ਕੁਝ ਵਧ ਹੁੰਦਾ ਹੈ ਤਾਂ ਏਹ ਉਸਤੋਂ ਬੀ ਵਧ ਹਨ। ਪਰ ਮੈਂ ਕੀ ਕਰਾਂ ਮੈਨੂੰ ਹੋਰ ਕੋਈ ਠਾਹਰ ਨਹੀਂ, ਕੋਈ ਆਸ੍ਰਾ ਨਹੀਂ ਮੈਂ ਕਿਸਦੀ ਓਟ ਲਵਾਂ?

ਪੁਰਖ— ਹੇ ਦੁਖੀਆ ਪਾਪਣ! ਕਿਧਰ ਗਏ ਤੇਰੇ ਪਥਰਾਂ ਦੇ ਪਰਮੇਸੁਰ? ਕਿਧਰ ਗਏ ਤੇਰੇ ਮਿਟੀ ਦੇ ਪਰਮੇਸੁਰ, ਕਿਧਰ ਗਏ ਤੇਰੇ ਕਾਗਤਾਂ ਦੇ ਪਰਮੇਸੁਰ? ਕਿਧਰ ਗਏ ਤੇਰੇ ਪੁਤ੍ਰ ਜੋ ਆਪ ਪਰਮੇਸੁਰ ਬਨ ਗਏ ਸਨ, ਕਿਧਰ ਗਏ, ਤੇਰੇ ਅਗ ਪੌਣ ਪਾਣੀ ਦੇ ਪਰਮੇਸੁਰ, ਸ਼ਰਾਬ ਤੇ ਵਿਭਚਾਰ ਵਾਲੇ ਰਬ, ਕਿਥੇ ਗਏ ਨੀ? ਦਸ ਓਹ ਸਾਰੇ ਕਿਧਰ ਗਏ? ਤੇਰੀਆਂ ਐਨੀਆਂ ਓਟਾਂ ਕਿਧਰ ਗਈਆਂ? ਕਿਸੇ ਨੇ ਤੈਨੂੰ ਲੁਟੇਰਿਆਂ ਤੋਂ ਨਾ ਬਚਾਇਆ। ਕਿਸੇ ਨੇ ਤੈਨੂੰ ਜਾਂਲਮਾਂ ਤੋਂ ਨਾ ਛੁਡਾਇਆ।

ਬੁਢੀ— ਹੇ ਸਚ ਦੇ ਪੁਤਲੇ। ਅਪਨੀਆਂ ਕਰਤੂਤਾਂ ਪਰ ਕੀ ਕਰਾਂ। ਮੇਰੀ ਉਲਾਦ ਮੇਰੇ ਵਸ ਨਹੀਂ। ਮੈਂ ਤਾਂ ਕਹ ਕਹ ਹਾਰੀ, ਭੂਮੀ ਕਿਵੇਂ ਸਮਝ ਜਾਣ। ਪਰ ਪਾਪੀ ਨਾ ਸਮਝੇ। ਹੁਣ ਪਰਤਖ ਦੇਖਕੇ ਕਿ ਇਨ੍ਹਾਂ ਵਿਚੋਂ ਕੋਈ ਨਹੀਂ ਬਾਹੁੜਦਾ ਫੇਰ ਬੀ ਨਹੀਂ ਮੁੜਦੇ ਹੇ ਦਯਾ ਸਮੁੰਦ੍ਰ। ਕਿਵੇਂ ਇਹ ਸਿਖਯਾ ਮੇਰੇ ਪੁਤ੍ਰਾਂ ਨੂੰ ਦੇਹ।

ਪੁਰਖ— ਮੈਂ ਕੌਣ ਕੀਟ ਹਾਂ, ਬੜੇ 2 ਗਏ ਤੇਰੇ ਪੁਤ੍ਰਾਂ ਅਰ ਵਿਸ਼ੇਸ਼ ਕਰਕੇ ਤੇਰੇ ਉਚੀ ਜਾਤ ਪਾਤ ਵਾਲੇ ਪੁਤਾਂ ਦੇ ਹਥੋਂ ਖੇਦ ਸਹਕੇ ਮੁੜ ਆਏ

 www.sikhbookclub.com

ਹੇ ਦੁਖੀਆ ਤੇਰੇ ਪੁਤਾਂ ਦੇ ਪਾਪ ਹੋ ਜਾਂਦੇ, ਜੇ ਕਦੀ ਓਹ ਇਕ ਪਰਮੇਸ਼ੁਰ ਦੀ ਸ਼ਰਨ ਫੜ ਲੈਂਦੇ। ਉਨ੍ਹਾਂ ਨੇ ਤਾਂ ਉਸਨੂੰ ਛਡ ਦਿਤਾ। ਜਿਕੁਰ ਹੋਰ 2 ਪਦਾਰਥ ਸੁਖ ਦੇ ਰਚ ਲੈਂਦੇ ਹਨ। ਓਕਰ ਰਬ ਬੀ ਆਪੇ ਬਣਾ ਲਏ। ਹੁਣ ਫੇਰ ਅਪਨੇ ਕੀਤੇ ਦਾ ਫਲ ਭੋਗਣ। ਦਯਾ, ਧਰਮ, ਦਾਨ, ਨੇਕੀ ਉਨ੍ਹਾਂ ਦੀ ਛੁਟ ਗਈ। ਲੁਕ ਕੇ ਕੁਕਰਮ ਕਰਨੇ, ਧਰਮ ਦਿਖਾਕੇ ਅਧਰਮ ਕਮਾਉਣੇ। ਦਯਾ ਦਖਾ ਕੇ ਗਲੇ ਕਟਣੇ ਅਰਭੇ, ਇਸ ਕਰਕੇ ਦੁਖਾਂ ਨੇ ਘੇਰ ਲਏ!

ਬੁਢੀ-- ਸਚ ਹੈ ਪਰ ਹੇ ਧੀਰਜਵਾਨ! ਇਕ ਬੇਨਤੀ ਹੋਰ ਹੈ। ਜੋ ਲੁਟੇਰੇ ਕਰਤਾਰ ਨੇ ਮੇਰੇ ਪੁਤਾਂ ਨੂੰ ਸਜਾ ਦੇਣ ਘਲੇ ਓਹ ਬੀ ਤਾਂ ਭਾਰੇ ਜ਼ਾਲਮ ਹਨ ਅਰ ਬੜਾ ਅਧਰਮ ਕਰਨੇ ਲਗ ਪਏ ਹਨ। ਕੀ ਉਨ੍ਹਾਂ ਲਈ ਕੋਈ ਦੰਡ ਨਹੀਂ?

ਪੁਰਖ-- ਬਸ ਇਹੋ ਇਕ ਤੇਰੇ ਬਚਾ ਦੀ ਸੂਰਤ ਹੈ। ਉਨ੍ਹਾਂ ਦੇ ਖੋਟੇ ਕਰਮ ਬੀ ਹਦੋਂ ਲੰਘ ਚਲੇ ਹਨ ਓਹ ਬੀ ਅਪਨੇ ਲਈ ਖਾਤਾ ਤਿਆਰ ਕਰ ਰਹੇ ਹਨ, ਇਕ ਦਿਨ ਜਰੂਰ ਡੁਬਣਗੇ। ਪਰ ਇਸਤੋਂ ਇਹ ਸਿਧ ਨਹੀਂ ਹੁੰਦਾ, ਕਿ ਤੂੰ ਖਖਸ਼ੀ ਜਾਣੀ ਚਾਹੀਦੀ ਹੈ। ਤੇਰਾ ਬਚਾਉ ਤਾਂ ਇਸੇ ਵਿਚ ਹੈ, ਕਿ ਧਰਮ ਨੂੰ ਧਾਰਨ ਕਰ।

ਬੁਢੀ-- ਪਰ ਧਰਮ ਕਿਸ ਪ੍ਰਕਾਰ ਧਾਰਨ ਹੋਵੇ?

ਪੁਰਖ-- ਕਿਸੇ ਤਰਾਂ ਕਰ, ਪਰ ਕਰ ਜ਼ਰੂਰ। ਜਦ ਤੇਰੇ ਪੁਤ੍ਰਾਂ ਵਿਚ ਧਰਮ ਆਵੇਗਾ, ਧਰਮੀਆਂ ਦੀ ਗਿਣਤੀ ਵਧ ਜਾਵੇਗੀ ਫੇਰ ਤੇਰੇ ਦੁਖ ਦੂਰ ਹੋ ਜਾਣਗੇ।

ਬੁਢੀ-- ਪਰ ਮੈਂ ਕੀ ਉਪਾ ਕਰਾਂ?

ਇਹ ਕੰਹਦੀ ਹੀ ਫੁਟ 2 ਕੇ ਰੋਈ, ਉਮੈਦ ਦਾ ਲਕ ਜੋ ਪ੍ਰਾਰਥਨਾ ਵਿਚ ਸਹਾਰਾ ਪਾ ਰਿਹਾ ਸੀ, ਮੂਲੋਂ ਹੀ ਟੁਟ ਗਿਆ, ਅਗੇ ਤਾਂ ਬੇਨਤੀ ਕਰਦੀ ਸੀ ਹੁਣ ਬੇਨਤੀ ਸਰੂਪ ਹੀ ਹੋ ਗਈ। ਇਸ ਵੇਲੇ ਇਕ ਬੜਾ ਤਜਸਜਰਥ ਅਕਾਸ਼ ਵਿਚੋਂ ਲੰਘਿਆ, ਉਸਦਾ ਝਲਕਾਰਾ ਦੇਖ ਕੇ ਉਸ ਪੁਰਖ ਨੇ ਸਿਰ ਨਿਵਾਇਆ। ਬੁਢੀ ਨੂੰ ਤਾਂ ਕੁਝ ਸੁਧਬੁਧ ਹੀ ਨਹੀਂ ਸੀ, ਪਰ ਉਸ ਪੁਰਖ ਨੇ ਬੁਲਾ ਕੇ ਕਿਹਾ, ਦੇਖ ਹੇ ਦੁਖ ਭਰੀ! ਅਕਾਸ਼ ਵਲ, ਦਰਸਨ ਕਰ ਲਵੇਂ ਤਾਂ ਪਾਪ ਦੂਰ ਹੋ ਜਾਨੀਂ।

ਬੁਢੀ ਨੀਝ ਲਾਕੇ ਦੇਖਣ ਲਗੀ, ਪਰ ਤੇਜ ਕੌਣ ਦੇਖੇ, ਅਖਾਂ ਚੁੰਧਿਆ ਗਈਆਂ ਅਰ ਕੁਝ ਨਾ ਦੇਖ ਸਕੀਆਂ ਪਰ ਇਹ ਬੋਲੀ ਕਿ ਇਨ੍ਹਾਂ ਦਾ ਨਾਮ ਤਾਂ ਦਸੋ। ਪੁਰਖ ਨੇ ਕਿਹਾ ਕਿ ਇਸਦਾ ਪਵਿਤ੍ਰ ਨਾਮ ਤੇਰੇ ਕੰਨਾਂ ਵਿਚ ਕੀ ਪਾਵਾਂ, ਇਸਦਾ ਨਾਮ ਦਾ ਅਰਥ ਹੈ ਸੁਖ ਸਰੂਪ, ਜਿਸ ਨੇ ਇਸਨੂੰ ਧਾਰਨ ਕੀਤਾ ਸੁਖ ਸਰੂਪ ਹੀ ਹੋ ਗਿਆ।

ਬੁਢੀ ਹਾਂ! ਮੈਂ ਨਿਭਾਗਣ, ਲੋਕ ਤਾਂ ਹਨੇਰੇ ਵਿਚ ਕੁਝ ਨਹੀਂ ਦੇਖ ਸਕਦੇ, ਤੇ ਮੈਂ ਐਡੇ ਤੇਜ ਨੂੰ ਦੇਖਕੇ ਅੰਨ੍ਹੀ ਹੋ ਰਹੀ ਹਾਂ। ਘੋਰ ਪਾਪੀਆਂ ਦੇ ਇਹੋ ਲਛਣ ਹਨ। ਮੈਂ ਪਾਪਣ ਹਾਂ ਮੇਰੇ ਜੈਸਾ ਕੋਈ ਅਧਮ ਜੀਵ ਨਹੀਂ। ਇਸ ਪ੍ਰਕਾਰ ਹਾਹੁਕੇ ਲੈਂਦੀ 2 ਬੇਹੋਸ਼ ਹੋ ਗਈ।

ਕਿੰਨਾਂ ਚਿਰ ਬੀਤ ਗਿਆ! ਉਸਨੂੰ ਕੁਝ ਸੁਧ ਬੁਧ ਨਹੀਂ। ਨਾਂ ਉਹ ਬੇਨਤੀ ਰਹੀ, ਨਾ ਉਹ ਪੁਰਖ ਰਿਹਾ ਨਾ ਹੋਸ਼ ਰਹੀ। ਨਾ ਬੁਧੀ ਰਹੀ ਨਾ ਮੈਂ ਰਹੀ ਨਾ ਮੇਰੀ ਰਹੀ।

ਐਸੀ ਅਤਿ ਦਰਜੇ ਦੀ ਨਿਮ੍ਰਤਾ ਅਰ ਬੇਨਤੀ ਸੀ, ਕਿ ਕੁਝ ਬੀ ਨਾ ਰਿਹਾ।

ਇਸ ਬੇਹੋਸ਼ੀ ਵਿਚ ਬੁਢੀ ਦਾ ਚੱਕਰ ਹੀ ਪਲਟ ਗਿਆ, ਉਹ ਦਸ਼ਾ ਉਲਟ ਗਈ। ਸਾਰੇ ਦਿਨ ਦੀ ਧੁਪ ਸਹਣ ਦੇ ਮਗਰੋਂ, ਤ੍ਰੇਲ ਪਈ ਖੇਤੀ ਵਾਂਙ ਤਰੋਤਾਜ਼ਾ ਹੋ ਗਈ, ਸਹਜੇ 2 ਹੋਸ਼ ਮੁੜੀ ਪਰ ਐਸੀ ਨਿਰਮਲ ਕਿ ਜੈਸੇ ਕੋਈ ਇਸ਼ਨਾਨ ਕਰਕੇ ਨਿਕਲਦਾ ਹੈ, ਜਾਂ ਬਰਸਾਤ ਪਈ ਤੇ ਬ੍ਰਿਛ ਨਿਖਰਦੇ ਹਨ। ਮਨ ਅਡੋਲ ਤੇ ਸੂਛ ਐਉਂ ਅਪਨੇ ਆਪ ਵਿਚ ਆਇਆ ਜਿਕੁਰ ਮੀਂਹ ਵਿਚ ਉਡਦਾ ਰਾਜਹੰਸ ਕਿਸੇ ਤਲਾ ਦੇ ਕਿਨਾਰੇ ਖੰਭ ਸਮੇਟ ਕੇ ਰੂੰ ਦੇ ਗੋਹੜੇ ਵਾਂਙ ਆ ਟਿਕਦਾ ਹੈ। ਬੁਧੀ ਪੰਜੇ ਸਾਹਬ ਦੇ ਜਲ ਵਾਂਙ ਸਾਫ ਤੇ ਬਿਮਲ। ਦਿਲ ਸਿਆਲੇ ਵਿਚ ਵਸਦੀ ਪਈ ਬਰਫ ਤੇ ਗੋੜ੍ਹਿਆਂ ਵਾਂਙ ਹੌਲਾ ਤੇ ਸੁਥਰਾ। ਇਹ ਪ੍ਰਤਾਪ ਉਸ ਤੇਜ ਦੇ ਝਲਕਾਰੇ ਦਾ ਸੀ, ਜੋ ਬੁਢੀ ਦੇਖ ਨਹੀਂ ਸਕੀ ਸੀ। ਜਿਸ ਪ੍ਰਕਾਰ ਅਕਾਸ਼ ਦੇ ਵਾਯੂ ਮੰਡਲ ਵਿਖ ਕਠੀਆਂ ਹੋਈਆਂ ਜ਼ਹਰੀਲੀਆਂ ਤੇ ਗੰਦੀਆਂ ਹਵਾਵਾਂ ਬਿਜਲੀ ਦੇ ਇਕੋ ਲਿਸ਼ਕਾਰੇ ਨਾਲ ਸੂਛ ਹੋ ਜਾਂਦੀਆਂ ਹਨ ਇਕੁਰ ਇਸ ਬੁਢੀ ਨਾਲ ਹੋਇਆ।


www.sikhbookclub.com

ਇਸ ਵੇਲੇ ਇਕ ਤੇਜਮਜ ਮਹਾਤਮਾ ਨੇ ਆਕੇ ਬੁਢੀ ਦੇ ਸਿਟ ਤੇ ਪਿਆਰ ਦਿਤਾ ਅਰ ਕਿਹਾ ਹੇ ਭਾਗਵਾਨ! ਤੇਰੇ ਪਰ ਮਿਹਰ ਹੋਈ ਹੈ, ਜਿਸ ਤੇਜ ਨੂੰ ਦੇਖ ਨਹੀਂ ਸੱਕੀ, ਉਸੇ ਤੇਰੇ ਬੰਧਨ ਕੱਟੇ ਹਨ, ਉਸ ਦਾ ਪਵਿਤ੍ਰ ਨਾਮ ਸੁਣਨੇ ਲਈ ਤਿਆਰ ਹੋ ਜਿਸਨੇ ਤੇਰੇ ਜੈਸੀ ਦੇ ਸਾਰੇ ਪਾਪਾਂ ਨੂੰ ਛਿਨ ਵਿਚ ਦੂਰ ਕੀਤਾ, ਅਰ ਅਪਨਾ ਨਾਮ ਦਸਨੇ ਤੇ ਪਹਲੇ ਤੈਨੂੰ ਨਿਰਮਲ ਬਨਾ ਦਿਤਾ। ਤਿਆਰ ਹੋ! ਸੂਧਾ ਪ੍ਰੇਮ ਦੀ ਪੁਤਲੀ ਬਨ ਜਾਹ, ਭਗਤੀ ਦਾ ਰੂਪ ਹੋ ਜਾਹ! ਜੋ ਤੈਨੂੰ ਸੁਖਾਂ ਦਾ ਪੈਦਾ ਕਰਨੇ ਵਾਲਾ ਅਤਯੰਤ ਪਵਿਤ੍ਰ ਨਾਮ ਸੁਣਾਵਾਂ। ਜਿਕੁਰ ਜਲ ਸੰਭਾਲਨੇ ਲਈ ਸੁੰਦ੍ਰ ਤਾਲ ਰਚੀ ਦੇ ਹਨ। ਇਕੁਰ ਨਿਮ੍ਰਤਾ ਅਰ ਅਧੀਨਗੀ ਦਾ ਤਲਾ ਅਪਨੇ ਆਪ ਨੂੰ ਬਣਾ, ਜੋ ਮੈਂ ਪਵਿਤ੍ਰਤਾ ਨੂੰ ਬੀ ਪਵਿਤ੍ਰ ਕਰਨੇ ਵਾਲਾ ਨਾਮ ਤੈਨੂੰ ਦਸਾਂ। ਸੁਣ! ਤਕੜੀ ਹੋ! ਬਸ ਠੀਕ ਹੈ, ਤੇਰਾ ਚਿਹਰਾ ਪ੍ਰੇਮ ਨਾਲ ਰੰਗਿਆ ਗਿਆ ਤੇਰਾ ਮਨ ਨਿਮ੍ਰਤਾ ਤੇ ਨਿਰਮਲਤਾ ਨਾਲ ਇਕ ਰੰਗ ਹੋ ਗਿਆ। ਨਾ ਸਮਝੀਂ ਕਿ ਇਹ ਤੂੰ ਕੀਤਾ ਹੈ, ਇਹ ਉਸੇ ਦਾਤੇ ਦੀ ਦਾਤ ਹੈ। ਸੁਣ ਦਾਤੇ ਦਾ ਪਵਿਤ੍ਰ ਨਾਮ, ਅਪਨੇ ਮੁਕਤੀ ਦੇਣ ਵਾਲੇ ਦਾ ਪੁਨੀਤ ਨਾਮ ਸੁਣ ਤੇ ਕਹੁ:

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ

ਬੁਢੀ (ਪਰਮ ਪ੍ਰੇਮ ਵਿਚ ਭਿਜੀ ਹੋਈ)

ਧੰਨ ਸ੍ਰੀ ਗੁਰੂ ਨਾਨਕ ਦੇਵ

ਮਹਾਤਮਾ— ਹੁਣ ਅਪਨੇ ਆਪ ਨੂੰ ਸ਼ੁਕਰ ਦੇ ਰੰਗ ਵਿਚ ਰੰਗ। ਸ਼ੁਕਰ ਕਰ, ਸ਼ੁਕਰ ਕਰ, ਸ਼ੁਕਰ ਕਰ,

ਬੁਢੀ— ਸ਼ੁਕਰ ਹੈ ਗੁਰੂ ਨਾਨਕ ਦੇਵ ਜੀ ਲਖ ਲਖ ਲਖ ਸ਼ੁਕਰ। ਮੇਰੇ ਸਰੀਰ ਦੇ ਸਾਰੇ ਰੋਮ ਜੀਭਾਂ ਹੋ ਜਾਣ ਤੇ ਸਭ ਵਿਚੋਂ ਸ਼ੁਕਰ ਹੀ ਸ਼ੁਕਰ ਨਿਕਲੇ ਤਦ ਬੀ ਥੋੜਾ ਹੈ।

ਇਹ ਕੰਹਦੀ ਸੀ ਕਿ ਇਕ ਝਲਕਾਰਾ ਫੇਰ ਪਿਯਾ ਅਰ ਬੁਢੀ ਤ੍ਰੀਮਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਯੋਤੀਮਯ ਦਰਸ਼ਨ ਹੋਇਆ। ਉਸ ਦਰਸ਼ਨ ਦਾ ਅਨੰਦ ਕਿਹਾ ਨਹੀਂ ਜਾਂਦਾ।

ਫੇਰ ਉਸ ਮਹਾਤਮਾ ਨੇ ਦਸਿਆ ਕਿ ਹੇ ਭਾਗੇ ਭਰੀ! ਸੁਣ, ਏਹ ਤੇਜਸ੍ਵੀ ਮਾਨੁਖ ਰੂਪ ਧਾਰ ਕੇ ਤੇਰੇ ਸੰਸਾਰ ਵਿਚ ਆਉਂਦਾ ਹੈ, ਤੇਰੇ ਪੁਤਾਂ

ਨੂੰ ਸੁਮਤੇ ਲਾਵੇਗਾ, ਮੁਕਤੀ ਦਾ ਦਰਵਾਜ਼ਾ ਖੋਲ੍ਹ ਦੇਵੇਗਾ, ਦੰਭੀਆਂ ਦੇ ਦੰਭ ਛੇਦੇ ਗਾ, ਤੇਰੇ ਕਈ ਪਾਪੀ ਪੁਤ੍ਰ ਇਨ੍ਹਾਂ ਨਾਲ ਵੈਰ ਕਰਨਗੇ। ਜਿਕੁਰ ਚੋਰਾਂ ਨੂੰ ਚਾਨਣੀ ਰਾਤ ਨਹੀਂ ਭਾਉਂਦੀ, ਇਕੁਰ ਉਨ੍ਹਾਂ ਨੂੰ ਇਸ ਮਹਾਨ ਪਵਿਤ੍ਰ ਦਾ ਸਚ ਨਹੀਂ ਭਾਵੇਗਾ ਓਹ ਅਨੇਕ ਉਪਦ੍ਰਵ ਕਰਨਗੇ, ਪਰ ਇਹ ਦਯਾ ਦਾ ਸਰੂਪ ਜਿਸਨੇ ਕਦੇ ਮਿਹਰ ਦਾ ਬੂਹਾ ਖੋਲ੍ਹਕੇ ਫੇਰ ਨਹੀਂ ਭੀੜਿਆ, ਉਨ੍ਹਾਂ ਦੇ ਖੇਦਾਂ ਤੋਂ ਬੇਪਰਵਾਹ ਦਸ ਰੂਪ ਵਟਾ ਵਟਾ ਕੇ ਕੋਈ ਦੋ ਸੌ ਤੋਂ ਵਧੀਕ ਵਰਿਹਾਂ ਤੀਕ ਸੰਸਾਰ ਵਿਚ ਰਹੇ ਗਾ। ਤੇਰੇ ਜ਼ਾਲਮਾਂ ਦਾ ਨਾਸ ਕਰਤਾ ਤਾਂ ਹੋ ਗਿਆ ਪਰ ਰਾਜ ਅਜੇ ਹੋਰਨਾਂ ਦੇ ਹਥੀਂ ਰਹੇ ਗਾ, ਜਦ ਓਹ ਬੀ ਪਾਪੀ ਤੇ ਜ਼ਾਲਮ ਹੋ ਜਾਣਗੇ, ਤਦ ਇਹੋ ਤੇਜਸ੍ਵੀ ਖੜਗ ਧਾਰੀ ਹੋ ਜਾਏਗਾ, ਤੇਰੇ ਪੁਤਾਂ ਵਿਚੋਂ ਜੋ ਸਿਧੇ ਰਮਤੇ ਪੈ ਜਾਣਗੇ, ਓਹ ਇਸਦੇ ਚਰਨਾਂ ਪੁਰ ਸੀਸ ਵਾਰਨਗੇ, ਅਰ ਤਦੋਂ ਜ਼ਾਲਮਾਂ ਦਾ ਨਾਸ ਹੋਕੇ ਧਰਮ ਦਾ ਰਾਜ ਤੇ ਧਰਮ ਦਾ ਪਰਤਾਪ ਵਧੇਗਾ। ਕਲਜੁਗ ਵਿਚ ਸਤਜੁਗ ਵਰਤੇਗਾ। ਘਰ ਘਰ ਪਰਮੇਸੁਰ ਦਾ ਜਸ ਹੋਵੇਗਾ। ਥਾਂ ਥਾਂ ਧਰਮ ਸਾਲਾ ਤੇ ਸਤਸੰਗ ਹੋਯਾ ਕਰਨਗੇ। ਹੇ ਭਾਗੇਭਰੀ! ਤੂੰ ਫੇਰ ਭਾਗਾਂ ਵਾਲੀ ਹੋ ਜਾਏਂਗੀ।

ਬੁਢੀ— ਆਪ ਦੀ ਮਿਠੀ ਤੇ ਪਯਾਰੀ ਜੀਭ ਤੋਂ ਮੈਂ ਆਪਣਾ ਲੂੰ ਲੂੰ ਵਾਰ ਦੀਆਂ! ਕੀ ਆਪ ਅਗੇ ਭੇਟਾ ਧਰਾਂ, ਕੀ ਸ਼ੁਕਰ ਕਰਾਂ? ਬਸ ਆਪਦੀ ਗੋਲੀ ਹਾਂ ਧੰਨ ਹੋ ਆਪ ਜਿਨ੍ਹਾਂ ਕੇ ਅੱਸੀ ਖੁਸ਼ ਖਬਰੀ ਸੁਣਾਈ ਹੈ।

ਕੀ ਮੇਰੇ ਕੋਈ ਐਸੇ ਦੁਸਟ ਪੁਤ੍ਰ ਬੀ ਹੋਣਗੇ, ਜੋ ਐਸੇ ਪਰਉਪਕਾਰੀ ਤੇਸ੍ਰੂਪ ਦੀ ਨਿੰਦਾ ਕਰਨਗੇ, ਅਰ ਵੈਰ ਕਮਾਉਣਗੇ? ਐਸੀ ਉਲਾਦ ਵਾਰ ਘੋਲ ਕੇ ਖਾਰੇ ਸਮੁੰਦ੍ਰ ਵਿਚ ਘਤ ਸਟਾਂ।

ਮਹਾਤਮਾ— ਹੇ ਗੋਲੀ! ਤੈਂ ਤਾਂ ਉਨ੍ਹਾਂ ਦਾ ਤੇਜ ਡਿਠਾ ਹੈ, ਪਰ ਉਨ੍ਹਾਂ ਨੇ ਕੇਵਲ ਸਰੀਰ ਵਲ ਦੇਖਣਾ ਹੈ, ਅਰ ਅਪਨੇ ਦੰਭ ਦੇ ਖੁਲ੍ਹ ਜਾਣ ਦੇ ਨੁਕਸਾਨ ਤੋਂ ਘਾਬਰਨਾ ਹੈ। ਇਸ ਕਰਕੇ ਓਹ ਵੈਰ ਕਮਾਉਣਗੇ। ਚਮਗਿਦੜ ਨੂੰ ਸੂਰਜ ਨਹੀਂ ਭਾਉਂਦਾ, ਚੋਰ ਨੂੰ ਚੰਦ ਨਹੀਂ ਚੰਗਾ ਲਗਦਾ। ਉਨ੍ਹਾਂ ਨੇ ਇਨ੍ਹਾਂ ਨੂੰ ਕੇਵਲ ਮਨੁਖ ਸਿਧ ਕਰਕੇ ਅਪਣੀ ਝੂਠੀ ਵਿਦਯਾ ਦੇ ਬਾਂਣ ਮਾਰਨੇ ਹਨ। ਪਰ ਇਸ ਗੰਭੀਰ ਤੇਜਸ੍ਵੀ ਨੇ ਉਨ੍ਹਾਂ ਦੀ ਪਰਵਾਹ ਨਹੀਂ ਕਰਨੀ। ਜੋ ਇਸ ਸ੍ਰਧਾ ਤੇ ਪ੍ਰੇਮ ਕਰਨਗੇ, ਓਹ ਇਸਦੇ ਸਤ ਸਰੂਪ ਨੂੰ ਪਛਾਣਨਗੇ, ਓਹੋ ਪਰਮੇਸੁਰ ਤਕ ਅਪੜਨਗੇ।

ਬੁਢੀ— ਹੇ ਭਲੇ, ਤੇ ਭਲਿਆਂ ਤੋਂ ਬੀ ਭਲੇ। ਭਲਿਆਂਈ ਦੀ ਬੀ ਭਲਿਆਈ! ਜਿਕੁਰ ਤੁਸਾਂ ਮੇਰੇ ਪਰ ਕ੍ਰਿਪਾ ਕਰਕੇ ਇਨ੍ਹਾਂ ਦਾ ਪ੍ਰਤਾਪ ਦਸਿਆ ਹੈ। ਉਕਰ ਕੀ ਤੁਸੀ ਇਨ੍ਹਾਂ ਦੇ ਨਾਲ ਆਕੇ ਮੇਰੇ ਮੂਰਖ ਪੁਤਾਂ ਨੂੰ ਨਾ ਸਮਝਾਓਗੇ ਕਿ ਓਹ ਇਨ੍ਹਾਂ ਨਾਲ ਪਜਾਰ ਕਰਨ।

ਮਹਾਤਮਾ— ਹੁਕਮ ਤਾਂ ਮੈਨੂੰ ਬੀ ਹੈ। ਮੈਂ ਇਨ੍ਹਾਂ ਦੇ ਨਾਲ ਤਾਂ ਨਹੀਂ, ਪਰ ਤੀਸਰੇਜਾਮੇ ਦੇ ਵੇਲੇ ਤਕ ਅਪੜ ਪਵਾਂਗਾ। ਇਹ ਗੁਰੂ ਕਹਾਉਣਗੇ, ਤੇ ਮੈਨੂੰ ਅਪਨਾ ਦਾਸ ਅਰਥਾਤ 'ਗੁਰਦਾਸ' ਕਹਾਉਣ ਦੀ ਵਡਿਆਈ ਬਖਸਣਗੇ। ਮੈਂ ਇਨ੍ਹਾਂ ਦੀ ਬਖਸ਼ੀ ਹੋਈ ਸਮਰਥਾ ਅਨੁਸਾਰ ਸੰਸਾਰ ਵਿਚ ਢੰਡੋਰਾ ਦਿਆਂਗਾ। ਕਈ ਰਸਤੇ ਪੈਣਗੇ, ਪਰ ਅਨੇਕਾਂ ਐਸੇ ਹੋਨਗੇ ਜੋ ਫੇਰ ਬੀ ਨਹੀਂ ਮੰਨਣਗੇ। ਇਕ ਹੋਰ ਗੁਝੀ ਗਲ ਹੈ। ਏਹ ਜਦ ਦਸ ਜਾਮੇ ਵਟਾਉਣਗੇ ਕਈ ਮੂਰਖ ਅਡੋ ਅਡ ਸਮਝਣ ਗੇ ਮੈਂ ਤੇ ਮੇਰੇ ਨਾਲੋਂ ਐਡੇ ਵਡੇ ਕਿ ਜਿਨ੍ਹਾਂ ਦੇ ਮੈਂ ਜੋੜੇ ਝਾੜਨ ਦੇ ਲਾਇਕ ਬੀ ਨਾਂ ਹੋਉਂ ਦੁਹਾਈਆਂ ਦੇਣ ਗੇ, ਕਿ ਇਹ ਇਕੋ ਦੇ ਚਰਿਤ੍ਰ ਹਨ, ਇਕੋ ਤਜਸ੍ਰੀ ਕੰਮ ਕਰ ਰਿਹਾ ਹੈ, ਪਰ ਕਈ ਤੇਰੇ ਪੁਤ੍ਰ ਇਨ੍ਹਾਂ ਦੇ ਸਿਖ ਕਹਾਕੇ ਬੀ ਇਨ੍ਹਾਂ ਵਿਚ ਫਰਕ ਕਰਨਗੇ ਕਿਸੇ ਜਾਮੇ ਨੂੰ ਪੂਰਨ ਅਰਤਾਰ ਕਿਸੇ ਨੂੰ ਅਵੇਸ਼ ਅਵਤਾਰ ਕਿਸੇ ਨੂੰ ਅੰਸਾਵਤਾਰ ਦਸ 2 ਕੇ ਲੋਕਾਂ ਨੂੰ ਭਰਮਾਉਣਗੇ। ਪਰ ਸਚੇ ਸੇਵਕ ਦਸਾਂ ਹੀ ਰੂਪਾਂ ਵਿਚ ਇਕੋ ਜੋਤ ਨੂੰ ਲਖਣ ਗੇ।

ਬੁਢੀ— ਆਪ ਤਾਂ ਖੜੇ ਹੀ ਕ੍ਰਿਪਾਲਹੋ, ਜੋ ਐਸੇ ਉਤਮ ਉਪਦੇਸ਼ ਦਸਦੇ ਹੋ। ਧੰਨ ਆਪਦੀ ਜਿਹਬਾ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਸ ਨਾਲ ਰੰਗੀ ਹੋਈ ਹੈ। ਸ਼ੁਕਰ ਹੈ। ਲਖ 2 ਸ਼ੁਕਰ ਹੈ!

ਮਹਾਤਮਾ – ਮੈਂ ਹੁਣ ਚਲਦਾ ਹਾਂ। ਤੂੰ ਅਸਲ ਵਿਚ ਜਾਗਦੀ ਹੈਂ, ਪਰ ਸੰਸਾਰ ਵਿਚ ਸੁਤੀ ਪਈ ਹੈਂ। ਜਦ ਤੇਰੀ ਜਾਗ ਖੁਲ੍ਹੇਗੀ, ਤੂੰ ਹੁਣ ਦੇਖੇਂਗੀ, ਕਿ ਇਸ ਤੇਜਸ੍ਰੀ ਰੂਪ ਨੇ ਮਾਨੁਖ ਜਾਮਾਧਾਰ ਲਿਆ ਹੈ ਅਹ ਕੁਦਰਤ ਖੁਸ਼ੀਆਂ ਮਨਾ ਰਹੀ ਹੈ, ਅਰ ਇਕ ਗੀਤ ਗਾਉਂ ਰਹੀ ਹੈ, ਜੋ ਮੈਂ ਤੁਹਾਨੂੰ ਸੁਣਾਉਂਦਾ ਹਾਂ।

ਫੇਰ ਸੁਰਲੀ ਮੁਰ ਨਾਲ ਗੀਤ ਗਾਇਆ।

ਬੁਢੀ – ਆਹਾ! ਮੈਂ ਤਾਂ ਨਿਹਾਲ ਹੋ ਗਈ ਜਦੋਂ ਆਪ ਆਓਗੇ, ਮੇਰੇ ਪੁਤ੍ਰਾਂ ਨੂੰ ਇਹ ਜਰੂਰ ਸਿਖਾਲਨਾ।

ਸਤ ਬਚਨ ਕੰਹਦੇ 2 ਓਹ ਮਹਾਤਮਾ ਲੋਪ ਹੋ ਗਏ। ਬੁਢੀ ਦੀ ਨੀਂਦ੍ਰ ਖੁਲ੍ਹੀ, ਪਹਲੇ ਤਾਂ ਕੁਝ ਬਾਉਲੀ ਜਿਹੀ ਜਾਪੀ, ਪਰ ਝਟ ਸਾਰਾ ਸੁਪਨਾ ਸਾਮਰਤਖ ਹੋ ਗਿਆ। ਘਰ ਦੀਆਂ ਹੰਦਲਾਂ ਬ੍ਰਿਛਾਂ ਦੀਆਂ ਟਾਹਣੀਆਂ, ਟਾਹਣੀਆਂ ਦੇ ਪੁਤ੍ਰ ਪਤ੍ਰਾਂ ਵਿਚ ਲੁਕੇ ਹੋਏ ਫੁਲ ਤੇ ਫਲ, ਉਨ੍ਹਾਂ ਦੇ ਕੋਲ ਬੈਠੇ ਪੰਛੀ, ਬਨ ਫਿਰਦੇ ਜੀਵ ਜੰਤੂ, ਸ਼ੇਰ ਤੇ ਬੱਕਰੀ ਬਾਘ ਤੇ ਗਊ ਸਭ ਭੈਣਾਂ ਭਰਾਵਾਂ ਵਾਂਙ ਰਲਕੇ ਉਹੋ ਗੀਤ ਗਾਉਂ ਰਹੇ ਹਨ। ਸੂਰਜ ਦੀਆਂ ਕਿਰਨਾਂ, ਚੰਦ ਦੀਆਂ ਲਾਸਾ, ਤਾਰਿਆਂ ਦੀਆਂ ਰਿਸਮਾਂ ਸਭ ਉਹੋ ਭਜਨ ਸੁਣਾ ਰਹੀਆਂ ਹਨ, ਪੌਣ ਨੂੰ ਜੀਭ ਲਗ ਰਹੀ ਹੈ, ਪਾਣੀ ਨੂੰ ਰਸਨਾ ਉਪਜ਼ ਪਈ ਹੈ, ਅਰ ਸਭ ਵਿਚੋਂ ਉਹੋ ਅਵਾਜ ਆ ਰਹੀ ਹੈ, ਹੋਰ ਕਿਸੇ ਦੀ ਕੀ ਗਲ? ਬੁਢੀ ਦਾ ਰੋਮ ਰੋਮ ਜੀਭ ਹੋ ਰਿਹਾ ਹੈ, ਅਹ ਸਭ ਵਿਚੋਂ ਉਹੋ ਸੁਰ ਨਿਕਲ ਰਹੀ ਹੈ। ਮਾਨੋਂ ਸਾਰਾ ਸੰਸਾਰ ਉਸ ਗੀਤ ਦਾ ਇਸ ਪ੍ਰਕਾਰ ਸਰੂਪ ਹੋਰਿਹਾ ਹੈ, ਜਿਸ ਪ੍ਰਕਾਰ ਚੰਗੇ ਬਜੱਯੇ ਦੇ ਹਥ ਵਿਚ ਸਾਰੰਗੀ ਰਾਗ ਦਾ ਸਰੂਪ ਹੋ ਜਾਂਦੀ ਹੈ। ਸੋਮਿਆਂ ਵਿਚੋਂ ਜਿਕੁਰ ਮ੍ਰਿਛ ਜਲ ਫੁਟਦਾ ਹੈ। ਇਕੁਰ ਕੁਦਰਤ ਦੇ ਅਰੰਗ ਸਰੂਪ ਵਿਚੋਂ ਖੁਸ਼ੀ ਦੇ ਸੋਮੇ ਫੁਟ ਰਹੇ ਹਨ। ਸਰਦ ਚਾਨਣੀ ਨੂੰ ਜਿਕੁਰ ਇਕ ਸੁਹਾਉ ਭਾਨ ਹੁੰਦਾ ਹੈ ਪਰ ਉਸਦਾ ਰੂਪ ਹਥ ਨਹੀਂ ਆਉਂਦਾ, ਇਕੁਰ ਅਨੰਦ ਦਾ ਸੁਹਾਉ ਚਾਰ ਚੁਫੇਰੇ ਪਸਰ ਰਿਹਾ ਸੀ। ਤ੍ਰੇਲ ਪੈਂਦੀ ਹੈ, ਪਰ ਪੈਂਦੀ ਦਿਸਦੀ ਨਹੀਂ ਇਕੁਰ ਮੰਗਲਾਚਾਰ ਮੀਂਹ ਪੈ ਰਿਹਾ ਹੈ। ਪਿਆ ਦਿਸਦਾ ਸੀ, ਪਰ ਪੈਂਦੇ ਦਾ ਪਤਾ ਨਹੀਂ ਲਗਦਾ ਸੀ, ਉਸਦੇ ਪੈਣ ਦੀ ਅਦ੍ਰਿਸ਼ ਸੁੰਦ੍ਰਤਾ ਤ੍ਰੇਲ ਦੇ ਪੈਣ ਦੇ ਸੁਹਣਤ ਵਾਂਗੂ ਚਿਤ ਬ੍ਰਿਤੀ ਨੂੰ ਏਕਾਗਰ ਕਰਨੇ ਵਾਲੀ ਮੋਹਨਤਾ ਲੈਕੇ ਐਸੀ ਛਬ ਦੇ ਰਹੀ ਸੀ, ਕਿ ਜਿਕੁਰ ਗਿਆਨਵਾਨ ਨੂੰ ਨਿਜ ਸਰੂਪ ਦੇ ਪ੍ਰਕਾਸ਼ ਹੋਏ ਤੇ ਹਉਮੈ ਦੇ ਅਭਾਵ ਅਰ ਅਕਾਲ ਪੁਰਖ ਦੀ ਵਿਆਪਕਤਾ ਦੇ ਸਾਖਜਾਤ ਹੋਏ ਤੇ, ਇਕ ਅਲੌਕਿਕ ਛਬ ਵਿਚ ਐਉਂ ਗੁੰਮ ਕਰ ਦਿੰਦੀ ਹੈ, ਜਿਕੁਰ ਕਮਤੂਰੇ ਮਿਰਗ ਨੂੰ ਨਾਪੇ ਦੀ ਸੁਗੰਦੀ ਇਕ ਅਕਹ ਮਸਤੀ ਵਿਚ ਪਾਕੇ ਅਪਨੀ ਸੁੰਦ੍ਰਤਾ ਅਰ ਮੋਹ ਲੈਣੇ ਵਾਲੀ ਸ਼ਕਤੀ ਵਿਚ ਵੇੜ੍ਹ ਕੇ ਅਪਨੇ ਜੋਗਾ ਹੀ ਕਰ ਲੈਂਦੀ ਹੈ। ਐਸ ਆਨੰਦ ਸਮੇਂ ਵਿਚ ਉਹ ਗੀਤ ਜੋ ਛਬ ਦੇ ਰਿਹਾ ਸੀ ਜੇ ਆਪ ਦੇਖਣਾ ਚਾਹੁੰਦੇ ਹੋ ਤਾਂ ਇਸਨਾਨ ਕਰਕੇ ਸ੍ਰਿਛ ਬਸਤ੍ਰ ਪਹਨੋਂ। ਹ੍ਰਿਦੇ ਵਿਚ ਐਸੀ ਸਫਾਈ ਕਰੋ ਕਿ ਬਿਨਾਂ ਪਸਾਰੇ ਦੇ ਹੋਰ ਕੁਝ

ਨਾਂ ਰਹੇ। ਸ੍ਵਛ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰੋ। ਅਪਨੇ ਜੈਸੇ ਸਤਸੰਗੀ ਸੁਧ ਮਨ ਕਠੇ ਕਰੋ। ਸਾਜ਼ ਬਾਜ਼ ਸਰ ਕਰਕੇ ਬੈਠ ਜਾਓ। ਜਿਕੁਰ ਆਪਣੇ ਆਪ ਦਾ ਹੋਣਾ ਤੁਹਾਨੂੰ ਕਿਸੇ ਵੇਲੇ ਨਹੀਂ ਭੁਲਦਾ, ਤਿੰਵੇ ਉਸ ਵੇਲੇ ਇਹ ਭੁਲ ਜਾਵੇ, ਤੇ ਇਸਦੀ ਥਾਂ, ਗੁਰ ਨਾਨਕ ਦੇਵ ਦਾ ਤੁਹਾਡੇ ਵਿਚ ਹੋਣਾ ਤੁਸਾਂ ਨੂੰ ਚਿਤ ਹੋ ਜਾਵੇ। ਉਸ ਵੇਲੇ ਪ੍ਰੇਮ ਅਰ ਅਨਿਨ ਪ੍ਰੇਮ ਵਿਚ ਭਿੰਨੀ ਰਾਤ ਵਾਂਙ ਭਿਜੇ ਜਾਕੇ ਸਾਜ ਛੇੜੋ ਤੇ ਇਕ ਰਸ ਇਕ ਰੰਗ ਹੋਕੇ ਗਾਵੋ:-

> **ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣੁ ਹੋਆ। ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ। ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ। ਜਿਥੇ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ। ਸਿਧ ਆਸਣਿ ਸਭਿ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ। ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ। ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਮੀ ਸਚਾ ਢੋਆ। ਗੁਰਮੁਖਿ ਕਲਿ ਵਿਚ ਪਰਗਟੁ ਹੋਆ॥੨੭॥**

ਫੇਰ ਤੁਸੀ ਪਰਤਖ ਉਹੋ ਸਮਾਂ ਦੇਖ ਲਵੋਗੇ, ਜੋ ਅਸਾਂ ਉਪਰ ਨਕਸ਼ਾ ਵਾਹ ਕੇ ਆਪਨੂੰ ਦਸਣ ਦੀ ਕੋਸ਼ਸ਼ ਕੀਤੀ ਹੈ, ਜੋ ਕੇਵਲ ਐਉਂ ਸੀ ਜਿਵੇਂ ਕੋਈ ਲੰਗੜਾ ਲੰਗੜਿਆਂ ਦੇ ਦੇਸ ਵਿਚ ਬੈਠਕੇ ਮੋਰ ਦੀਆਂ ਪੈਲਾਂ ਜਾਂ ਕਿਸੇ ਰਾਜਰਾਮਨੀ ਇਸਤ੍ਰੀ ਦੀ ਸੁੰਦ੍ਰ ਚਾਲ ਦਾ ਹਾਲ ਸਮਝਾਉਣ ਦਾ ਯਤਨ ਕਰੇ।

**ਪਯਾਰੇ ਪਾਠਕੋ**! ਆਪ ਹੈਰਾਨ ਹੋਵੋਗੇ, ਕਿ ਇਹ ਕੀ ਮਾਜਰਾ ਹੈ, ਉਂਵ ਸਮਝ ਗਏ ਹੋਵੋਗੇ ਪਰ ਤਦ ਬੀ ਹੈਰਾਨ ਹੋਵੋਗੇ, ਕਿ ਇਹ ਕੀ ਨੱਕਸ਼ਾ ਸੀ? ਲਵੋ ਇਸਦਾ ਅਰਥ ਸੁਣੋਂ! ਬੁਢੀ ਤ੍ਰੀਮਤ ਭਾਰਤ ਭੂਮੀ ਹੈ, ਉਸਨੂੰ ਲੁਟਣ ਵਾਲੇ ਮਹਮੂਦ ਆਦਿ ਹਲੇ ਕਰਨੇ ਵਾਲੇ ਪਠਾਨ ਹਨ ਉਸਦੇ ਪੁਤ੍ਰ ਭਾਰਤ ਭੂਮੀ ਦੇ ਵਾਸੀ ਹਨ, ਜੋ ਉਸ ਸਮੇਂ ਧਰਮ ਨੂੰ ਪਿਠ ਦੇਕੇ ਆਲਸ ਤੇ ਅਯਾਸ਼ੀ ਵਿਚ ਨਿਘਰ ਰਹੇ ਸਨ। ਮੁਸਲਮਾਨਾਂ ਦੇ ਅਕਥ ਜ਼ੁਲਮਾਂ ਕਰਕੇ ਜੋ ਦੇਸ ਦੀ ਵਰਾਨੀ ਹੋਈ ਸੀ ਉਸਨੂੰ ਆਪ ਸਭ ਜਾਣਦੇ

ਹੋ। ਕਿਸ ਦੇਸ ਦੇ ਵਾਸੀਆਂ ਦੇ ਇਕ ਪਰਮੇਸੁਰ ਦੀ ਸ਼ਰਨ ਛਡਣ ਤੇ ਸੁਖਾਂ ਵਿਚ ਡੁਬਣ ਦੀ ਏਹ ਸਾਰੀ ਸਜ਼ਾ ਸੀ। ਪਰ ਪਠਾਣਾਂ ਦੇ ਜ਼ੁਲਮ ਸਜ਼ਾ ਦੀ ਹਦ ਤੋਂ ਬਹੁਤ ਵਧ ਗਏ। ਅਰ ਦੋਵੇਂ ਪਰਜਾ ਤੇ ਰਾਜਾ ਧਰਮੋਂ ਪਤਤ ਹੋ ਗਏ ਐਸੇ ਕਿ ਜੈਸੇ ਤਵਾਰੀਖਾਂ ਦਸ ਰਹੀਆਂ ਹਨ। ਹਿੰਦੂਆਂ ਵਿਚੋਂ ਧਰਮ ਤੇ ਵਿਦਜਾ ਉਡ ਗਏ, ਆਲਸ, ਡਰ, ਛਲ ਤੇ ਕਰਤਾਰ ਨੂੰ ਵਿਸਾਰ ਕੇ ਕੀਤੇ ਪਦਾਰਥਾਂ ਦੀ ਪੂਜਾ ਰਹ ਗਈ। ਮੁਸਲਮਾਨ ਜ਼ਾਲਮ ਅਯਾਸ਼ ਤੇ ਧਕੇ ਖੋਰ ਹੋ ਗਏ। ਅਪਨੇ ਧਰਮ ਨੂੰ ਤਿਲਾਵਣੀ ਉਹ ਬੀ ਦੇ ਬੈਠੇ। ਵੈਰ ਵਾਦ ਈਰਖਾ ਪਸਰ ਗਈ। ਜੈਸਾ ਕਿ ਕਥਨ ਹੈ।

'ਖਹਿ ਮਰਦੇ ਬਾਹਮਣ ਮਊਲਾਣੇ'

ਓਸ ਸਮੇਂ ਦੇ ਦੁਖ ਭਾਰਤ ਭੂਮੀ ਨੂੰ ਬੁਢੀ ਮਾਤਾ ਦੇ ਰੂਪ ਵਿਚ ਵਰਨਣ ਕੀਤੇ ਹਨ, ਗੁਰੂ ਨਾਨਕ ਦੇਵ ਜੀ ਦਾ ਆਉਣਾ ਅਕਾਸ਼ ਬਾਣੀ ਦੇ ਢੰਗ ਪੁਰ ਦਸਿਆ ਹੈ; ਕਿ ਐਸੀ ਕਿਰਤੀ ਲੋਕ ਤੇ ਔਕੜ ਦੇ ਸਮੇਂ ਪਰ ਉਪਕਾਰੀਆਂ ਦੇ ਸਿਰੋਮਣ, ਦਯਾਵਾਨਾਂ ਦੇ ਸਿਰ ਤਾਜ, ਕ੍ਰਿਪਾਲੂਆਂ ਦੇ ਸ਼ਹਨਸ਼ਾਹ ਗੁਰੂ ਨਾਨਕ ਦੇਵ ਨੇ ਅਵਤਾਰ ਧਾਰਿਆ ਅਰ ਅਪਨੀ ਆਯੂ ਸਾਡੇ ਲਾਭ ਵਾਸਤੇ ਸੰਸਾਰ ਵਿਚ ਬਿਤਾਈ। ਸਾਨੂੰ ਪਾਪਾਂ ਤੇ ਅਗਜਾਨ ਦੇ ਖੂਹ ਵਿਚੋਂ ਧੂਹ ਕੇ ਕਢਿਆ। ਫੋਕੀ ਵਿਦਜਾ ਦੇ ਅਭਮਾਨ ਦੇ ਜਿਲ੍ਹ ਵਿਚੋਂ ਖਿਚਿਆ ਸਚਾ ਧਰਮ ਸਾਨੂੰ ਬਖਸ਼ ਕੇ ਸਾਡੇ ਨੇਤ੍ਰ ਖੋਲ੍ਹੇ ਫੇਰ ਇਥੇ ਹੀ ਬਸ ਨਹੀਂ ਦਸ ਰੂਪ ਧਾਰੇ ਗੁਰਮੁਖੀ ਅਖਰ ਬਨਾਏ, ਉਪਦੇਸ਼ਕ ਫੈਲਾਏ, ਲੰਗਰ ਦੀ ਮਿਰਆਦਾ ਚਲਾਈ ਗਰੀਬਾਂ ਅਨਾਥਾਂ ਨੂੰ ਬਿਨਾਂ ਜਾਤ ਮਜ਼ਬ ਦੇ ਲਿਹਾਜ਼ ਦੇ ਪਾਲਨਾ ਸਿਖਾਇਆ, ਗ੍ਰੀਬੀ ਨਿੰਮ੍ਰਤਾ ਘੋਲ 2 ਕੇ ਸਾਡੇ ਅੰਦਰ ਪਾਈ, ਹਰੀ ਮੰਦਰ ਸਚਖੰਡ ਦਾ ਨਮੂਨਾ ਭਜਨ ਕਰਨੇ ਲਈ ਰਚਿਆ, ਸ੍ਰੀ ਗੁਰੂ ਗ੍ਰੰਥ ਸਾਹਬ ਦਾ ਜਹਾਜ ਤਿਆਰ ਕੀਤਾ। ਥਾਂ ਥਾਂ ਖੂਹ, ਬਾਉਲੀਆਂ, ਤਲਾ, ਮੰਦਰ ਤੇ ਸ਼ਹਰ ਰਚੇ, ਫੇਰ ਤਲਵਾਰ ਫੜੀ, ਅਰ ਸਾਨੂੰ ਧਰਮ ਦੇ ਨਾਲ ਸ਼ਸ਼ਤ੍ਰਾਂ ਦਾ ਵਰਤਣਾ, ਫਕੀਰੀ ਤੇ ਅਮੀਰੀ ਦੋਵੇਂ ਸਿਖਾਏ। ਫੇਰ ਸਾਨੂੰ ਰਾਜ ਦੇ ਵਰ ਬਖ਼ਸ਼ੇ ਸਹਨ ਸੀਲਤਾ ਸਿਖਾਈ, ਫੇਰ ਪ੍ਰਣ ਪਾਲਨੇ ਦੀ ਜੁਗਤ ਦਸੀ, ਪਰ ਉਪਕਾਰ ਕਰਨੇ ਦਾ ਪੂਰਨਾ ਦਿਖਾਇਆ, ਫੇਰ ਪਰਉਪਕਾਰ ਦੀ ਖਾਤ੍ਰ ਸੀਸ ਦੇਣਾ ਦਸਿਆ, ਵੈਰਾਗ ਵਿਚ ਸਾਨੂੰ ਗੁੰਨ੍ਹ ਕੇ ਫੇਰ ਸ਼ਸ਼ਤ੍ਰ ਧਾਰੀ

 www.sikhbookclub.com

ਤੇ ਪਰਉਪਕਾਰੀ ਬਨਾਇਆ, ਤਾਕਤਵਰ ਹੋਕੇ ਜਰਨ ਦਾ ਸਾਨੂੰ ਢੰਗ ਦਸਿਆ ਅੰਤ ਵਿਚ ਸਾਨੂੰ ਵਿਦਵਾਨ, ਜੋਧੇ, ਰਾਜੇ, ਮੁਰਮੇ, ਵਿਹਾਰੀ, ਦਾਨਾ ਤੇ ਫੇਰ ਫਕੀਰ, ਵੈਰ ਤੋਂ ਖਾਲੀ, ਨਿਮ੍ਰਤਾ ਦੇ ਪੁਤਲੇ ਬਣਾਕੇ ਸਰਬ ਗੁਣ ਸੰਪੰਨ ਕਰ ਦਿਤਾ। ਬਸ ਹੋਰ ਕੀ ਕਿਹਾ ਜਾਵੇ? ਕਿਸਤ੍ਰਾਂ ਪੁਸਤਕਾਂ ਨੂੰ ਕੋਈ ਵਰਣਨ ਕਰੇ ਅਰ ਅਮਿਤ ਦਾਤਾਂ ਦਾ ਵਿਸਥਾਰ ਖੋਲ੍ਹੇ? ਗੁਰੂ ਨਾਨਕ ਦੇਵ ਦੇ ਚਰਨਾਂ ਵਲ ਧਿਆਨ ਕਰਕੇ ਇਹੋ ਮੂੰਹੋਂ ਨਿਕਲਦਾ ਹੈ 'ਕਵਣ ਮੂਲ ਤੇ ਮਾਨੁਖ ਕਰਿਆ ਇਹ ਪ੍ਰਤਾਪ ਤੁਹਾਰਾ'। ਜੋ ਕੁਝ ਪ੍ਰਤਾਪ ਐਸ੍ਵਰਜ ਸੁਤੰਤ੍ਰਾ, ਅਰ ਵੈਰਾਗ, ਪ੍ਰੇਮ, ਸਰਧਾ, ਭਗਤੀ, ਗਿਆਨ ਫਕੀਰੀ ਅਮੀਰੀ ਦਾ ਮਿਲਾਪ ਤੇ ਨਿਰਬਾਹ ਸਿੰਘਾਂ ਵਿਚ ਪਾਇਆ ਜਾਂਦਾ ਹੈ ਉਸੇ ਦਯਾ ਨਿਧੀ ਦੀ ਦਾਤ ਹੈ। ਅਸੀਂ ਕਰਤਾਰ ਤੋਂ ਟੁਟ ਗਏ, ਛੁਟ ਗਏ, ਭਟਕ ਗਏ ਸਾਂ, ਉਸ ਟੁਟੀ ਨੂੰ ਸ੍ਰੀ ਗੁਰੂ ਨਾਨਕ ਦੇਵ ਨੇ ਸੰਨ੍ਹਿਆ(ਟੂਟੀ ਗਾਂਢਨ ਹਾਰ ਗੁਪਾਲ। ਨਾਨਕ ਇਕ ਸ੍ਰੀਧਰ ਨਾਥ, ਜਿ ਟੂਟੇ ਲੇ ਸਾਂਠ।) ਵਿਛੜਿਆਂ ਨੂੰ ਮੇਲਿਆ(ਵਿਛੁੜਿਆਂ ਮੇਲੇ ਪ੍ਰਭੂ ਹਰਿ ਦਰਗਹ ਕਾਬਾਸੀਨ!) ਅਜ ਐਸੇ ਸਚੇ ਦਾਤੇ ਦਾ ਅਵਤਾਰ ਧਾਰਨੇ ਦਾ ਦਿਨ ਹੈ। ਸਾਨੂੰ ਕੀ ਕਰਨਾ ਚਾਹੀਏ? ਕੀ ਉਸਨੂੰ ਸਾਥੋਂ ਕੋਈ ਲੋੜ ਹੈ? ਕੁਝ ਨਹੀਂ।

**'ਤੇਰਾ ਦੀਆ ਤੁਝ ਕਿਆ ਅਰਪੋ'**

ਕੀ ਅਸੀ ਕੁਝ ਉਨ੍ਹਾਂ ਦਾ ਸੁਆਰ ਸਕਦੇ ਹਾਂ? ਕੁਝ ਨਹੀਂ; ਕੀ ਅਸੀਂ ਉਪਕਾਰਾਂ ਦਾ ਵਟਾ ਦੇ ਸਕਦੇ ਹਾਂ। ਨਹੀਂ। ਸਾਨੂੰ ਕੀ ਉਚਿਤ ਹੈ ਸੁਕਰ ਕਰੀਏ। ਉਸਦੇ ਜਸ ਗਾਂਵੀਏ ਅਰ ਪਰਉਪਕਾਰ ਕਰੀਏ ਜੋ ਅਸੀਂ ਕ੍ਰਿਤਗਜ ਬਣੀਏ ਅਰ ਉਨ੍ਹਾਂ ਦੀ ਯਾਦ ਨੂੰ ਕਾਇਮ ਰਖਕੇ ਕਦੇ ਭੁਲ ਵਿਚ ਨਾ ਪੈ ਜਾਈਏ।

--0--

 www.sikhbookclub.com

# ਪੂਰਨ ਗਿਰਿ

1.

ਕੁਰਛੇਤ੍ਰ ਸੂਰਜ ਗ੍ਰਹਿਣ ਪਰ ਗੁਰੂ ਜੀ ਗਏ, ਜੋ ਕੌਤਕ ਹੋਏ ਸੋ 'ਕੁਰਛੇਤ੍ਰ ਸੂਰਜ ਗ੍ਰਹਿਣ' ਲੇਖ ਵਿਚ ਛਪ ਚੁਕੇ ਹਨ। ਨਾਨੂ ਨਾਮੇ ਪੰਡਿਤ ਜੋ ਆਪ ਨੂੰ ਨਾਨਕ ਸਦਾ ਰਿਹਾ ਸੀ, ਵਿਦਵਾਨ ਤੇ ਕਰਮ ਕਾਂਡੀ ਸੀ, ਜਾਗ ਪਿਆ ਤੇ ਉਸ ਨੇ ਆਤਮ ਦਾਨ ਦੀ ਯਾਚਨਾ ਕੀਤੀ, ਉਹ ਪ੍ਰਸੰਗ ਅਗੋਂ ਐਉਂ ਮਹਿਮਾਂ ਪ੍ਰਕਾਸ਼ ਵਿਚ ਲਿਖਿਆ ਹੈ:-

ਨਾਨੂ— ਹੇ ਬਾਬਾ ਨਾਨਕ ਜੀ, ਗੁਰੂ ਜੀ! ਮੈਂ ਤਾਂ ਕਰਮੋ ਕੇ ਬੰਧਨ ਮੇਂ ਪੜਾ ਹੂੰ, ਤੇਰੇ ਵਚਨ ਸੁਣਕੇ ਮੇਰੇ ਮਨ ਖਿਥੈ ਬੈਰਾਗ ਉਪਜਿਆ ਹੈ, ਤੁਮ ਕ੍ਰਿਪਾ ਕਰਕੇ ਮੁਝ ਕੋ ਪਰਮੇਸ਼ਰ ਕੇ ਜਾਣਨ ਕਾ ਗਿਆਨ ਉਪਦੇਸ਼ ਕਰੋ ਜੋ ਮੇਰੀ ਗਤਿ ਹੋਵੇ ਤੇਰੇ ਪ੍ਰਸਾਦ ਕਰਕੇ। ਤੁਮ ਸੰਤ ਕਾ ਰੂਪ ਧਾਰਕੇ ਸਭ ਜਗਤ ਕੇ ਉਧਾਰ ਕਰਨੇ ਕੇ ਨਮਿਤ ਆਏ ਹੋ। (ਮਹਿਮਾਂ ਪ੍ਰਕਾਸ਼)

ਗੁਰੂ ਜੀ— ਤੁਸਾਨੂੰ ਗਲ ਬਾਤ ਸਮਝਾ ਦਿਤੀ ਹੈ, ਪਰ ਤੁਸੀਂ ਆਖਦੇ ਹੋ ਕਿ ਤੁਸੀਂ ਕਰਮ ਕਾਂਡ ਦੇ ਬੰਧਨ ਵਿਚ ਹੋ। ਉਸ ਅਨੁਸਾਰ ਤੁਸੀਂ ਬ੍ਰਾਹਮਣ ਹੋ, ਬ੍ਰਾਹਮਣ ਦੇ ਕਰਮ ਜੋ ਅਸਲ 'ਬ੍ਰਹਮ ਕਰਮ' ਹੈਨ ਸੋ ਤੁਸਾਂ ਪੜ੍ਹੇ ਤੇ ਧਾਰਨ ਦੇ ਤਰਲੇ ਲਏ, ਉਨ੍ਹਾਂ ਨਾਲ ਤੁਸਾਂ ਨੇ ਜਾਣਨ ਯੋਗ ਨੂੰ ਨਹੀਂ ਜਾਣਿਆ! ਜੋ ਜਾਣਿਆਂ ਉਸ ਜਾਣਨ ਨੇ ਤੁਸਾਂ ਨੂੰ ਕਰਮ ਕਾਂਡ ਤੋਂ ਸੁਤੰਤ੍ਰ ਨਹੀਂ ਕੀਤਾ। ਕਿਉਂਕਿ ਤੁਸਾਡਾ ਜਾਣਨਾ, ਮਨ ਦਾ ਜਾਣਨਾ ਮਾਤ੍ਰ ਸੀ, ਮਨ ਮੰਡਲ ਤੋਂ ਉੱਚਾ ਉਠਕੇ ਯਥਾਰਥ ਦੇ ਟਿਕਾਣੇ ਅਨੁਭਵ ਦੁਆਰਾ ਪੁੱਜਣਾ ਨਹੀਂ ਸੀ। ਹੁਣ ਸੁਣੋ ਤੇ 'ਸਚ' ਕਰਕੇ ਵੇਖੋ।

ਹੇ ਪੰਡਤ! ਇਨਸਾਨ ਦਾ ਮਨ ਬ੍ਰਾਹਮਣ ਹੈ, ਜਿਸ ਦੀ ਉਤਪਤੀ ਬ੍ਰਹਮ ਤੋਂ ਹੈ। ਉਸਦੀ ਅੰਸ਼ ਹੀ ਇਸ ਦੇਹ ਵਿਚ ਬੈਠੇ ਮਨ ਨੂੰ ਚੇਤਨਤਾ

 www.sikhbookclub.com

ਦਿੰਦੀ ਹੈ। ਸੋ ਮਨ ਹੈ ਬ੍ਰਾਹਮਣ ਤੇ ਕਾਇਆਂ ਇਸ ਮਨ ਦਾ ਬਸਤ੍ਰ ਹੈ ਜੋ ਇਸ ਦੇ ਉਦਾਲੇ ਲਿਪਟਿਆ ਹੈ, ਜਿਵੇਂ ਤੁਸਾਡੇ ਸਰੀਰ ਦੇ ਉਦਾਲੇ ਧੋਤੀ ਹੁੰਦੀ ਹੈ। ਮਨ ਨੂੰ ਬ੍ਰਾਹਮਣ ਸਮਝੋ, ਸਰੀਰ ਨੂੰ ਧੋਤੀ ਸਮਝੋ। ਹੁਣ ਇਸ ਮਨ ਨਾਲ ਪਰਮੇਸ਼ਰ ਦਾ ਧਯਾਨ ਧਾਰੋ। ਇਸ ਧਯਾਨ ਨੂੰ ਸਮਝੋ ਕਿ ਇਹ ਕੁਸ਼ਾ ਦਾ ਛੱਲਾ ਹੈ ਜੋ ਕਰਮ ਕਾਂਡੀ ਲੋਕ ਉਂਗਲਾਂ ਵਿਚ ਪਾਉਂਦੇ ਹਨ। ਤੁਸੀਂ ਮਨ ਰੂਪੀ ਬ੍ਰਾਹਮਣ ਨੂੰ ਧਯਾਨ ਦਾ ਛੱਲਾ ਪਾਓ। ਫਿਰ ਬ੍ਰਾਹਮਣ ਦੀ ਕਾਯਾਂ ਜਨੇਊ ਧਾਰਨ ਕਰਦੀ ਹੈ; ਸੋ ਤੁਸੀਂ ਇਸ ਮਨ ਰੂਪੀ ਬ੍ਰਾਹਮਣ ਨੂੰ ਗਿਆਨ ਦਾ ਜਨੇਊ ਪਹਿਨਾਓ। ਮਨ ਵਿਚ ਵਾਹਿਗੁਰੂ ਦਾ ਗਯਾਨ ਹੋਵੇ ਕਿ ਉਹ ਹੈ, ਤੇ ਧਯਾਨ ਸਦਾ ਉਸ ਵਿਚ ਰਖੋ। ਧਯਾਨ ਕੀਕੂੰ ਰੱਬ ਵਿਚ ਬੱਝਦਾ ਹੈ? 'ਹਰੀ ਨਾਮ' ਤੇ 'ਹਰੀ ਜਸ' ਨਾਲ। ਵਾਹਿਗੁਰੂ ਜੀ ਤੋਂ ਮੰਗੋ ਜਿਵੇਂ ਮੈਂ ਮੰਗਦਾ ਰਹਿੰਦਾ ਹਾਂ ਕਿ ਹੇ ਕਰਤਾਰ ਆਪਣੀ 'ਸਿਫਤ ਸਲਾਹ' ਬਖਸ਼, ਅਪਣਾ 'ਨਾਮ' ਬਖਸ਼। ਇਸ ਤਰ੍ਹਾਂ ਕਰਨੇ ਨਾਲ ਧਯਾਨ ਸਾਈਂ ਵਿਚ ਰਹੇਗਾ ਤੇ ਗਯਾਨ ਸਫਲ ਹੋਵੇਗਾ ਤੇ ਬ੍ਰਹਮ ਵਿਚ ਸਮਾਈ ਪ੍ਰਾਪਤ ਹੋਵੇਗੀ। ਪਰ ਇਸ ਸਾਰੀ ਦਾਤ ਦੇ ਸਿੱਖਣੇ ਸਮਝਣੇ ਤੇ ਪ੍ਰਾਪਤੀ ਲਈ ਗੁਰੂ ਧਾਰਨ ਕਰੋ, ਉਸਦੀ ਮਿਹਰ ਨਾਲ ਕਾਰਜ ਸੁਖੈਨ ਹੋ ਜਾਏਗਾ।

ਪੰਡਿਤ (ਲੰਮਾ ਸਾਹ ਲੈ ਕੇ)— ਗੁਰੂ ਤਾਂ ਤੁਸੀਂ ਹੋਏ ਸਾਖਯਾਤ ਸੋ ਹੁਣ ਇਹ ਦੱਸੋ ਜੀ ਕਿ ਨਾ ਤਾਂ ਕੋਈ ਸ਼ੁਭ ਕਰਮਾਂ ਵਿਚ ਪੈਣਾ, ਨਾ ਹੀ ਕਰਮ ਕਾਂਡ ਵਿਚ ਪੈਣ ਦੇ ਕਰਮ ਕਮਾਉਣੇ ਤੇ ਨਾ ਕੋਈ ਸੁਚ ਸੰਜਮ ਧਾਰਨ ਕਰਨੀ, ਨਾ ਸ਼ਾਸਤ ਅਧਯੈਨ ਕਰਨੇ (ਪੜ੍ਹਨੇ); ਇਨ੍ਹਾਂ ਬਿਨਾਂ ਗਤੀ ਹੋ ਜਾਏਗੀ?

ਗੁਰੂ ਜੀ— ਹੇ ਪੰਡਿਤ! ਨਾਮ ਦੁਆਰਾ ਅਮਲੀ 'ਸੱਚ' ਪ੍ਰਾਪਤ ਹੋਵੇਗਾ, ਕਿਉਂਕਿ ਨਾਮ ਪਾਪਾਂ ਦੀ ਮੈਲ ਕੱਟਦਾ ਹੈ। ਨਾਮ ਉਚਾਰਨ ਹੀ ਸ਼ਾਸਤ੍ਰ ਦਾ ਪੜ੍ਹਨਾ ਹੋਵੇਗਾ, ਕਿਉਂਕਿ ਮਨ ਦੀ ਏਕਾਗ੍ਰਤਾ ਇਸ ਨਾਲ ਹੁੰਦੀ ਹੈ। ਨਾਮ ਹੀ ਕਰਮ ਕਾਂਡ ਦੇ ਦੱਸੇ ਫਲ ਦੇਣ ਹਾਰਾ ਤੇ ਨਾਮ ਹੀ ਹੋਰ ਸਭ ਕਰਨੀ ਤੇ ਸ਼ੁਭ ਕਰਨੀ ਦਾ ਕਰਾਵਣਹਾਰ ਹੈ। ਕਿਉਂਕਿ ਸ਼ੁਭ ਕਰਮਾਂ ਦਾ ਪ੍ਰਯੋਜਨ ਪਵਿੱਤ੍ਰਤਾ ਦੀ ਪ੍ਰਾਪਤੀ ਹੈ, ਪਰ ਸਾਈਂ ਨਾਮ ਨਾਲ ਸਾਈਂ ਸਮੀਪਤਾ ਹੁੰਦੀ ਹੈ, ਜੋ ਪਰਮ ਪਵਿਤ੍ਰ ਹੈ, ਸੋ ਸਮੀਪ ਹੋ ਜਾਣ ਕਰਕੇ ਉਸ ਤੋਂ ਪਵਿੱਤ੍ਰਤਾ ਦਾ ਦਾਨ ਮਿਲ ਜਾਂਦਾ ਹੈ। ਇਹ 'ਬ੍ਰਹਮ ਵੀਚਾਰ' ਹੈ,. ਇਸ ਵਿਚ ਜੀਵ ਪੈ ਜਾਏ ਤਾਂ ਬ੍ਰਹਮ ਨੂੰ ਪ੍ਰਾਪਤ ਹੋਵੇਗਾ।

 www.sikhbookclub.com

ਪੰਡਿਤ— ਹੱਛਾ ਜੀ! ਧੋਤੀ, ਟਿੱਕਾ ਤੇ ਹੋਰ ਚਿੰਨ੍ਹ ਤੇ ਧਰਮ, ਬੱਸ ਰ:ਏ।

ਗੁਰੂ ਜੀ— ਦੇਖ ਭਾਈ! ਜਨੇਊ ਤੇ ਦੱਭ ਦੇ ਛੱਲੇ ਤੇ ਹੋਰ ਇਹੋ ਜਿਹੇ ਸਾਮਾਨ ਤਾਂ ਉੱਨਾਂ ਚਿਰ ਬ੍ਰਾਹਮਣ ਧਾਰਨ ਕਰੇਗਾ ਜਿੰਨਾ ਚਿਰ ਕਿ ਜੋਤਿ ਸਰੀਰ ਦੇ ਅੰਦਰ ਹੈ, ਜਦੋਂ ਜੋਤਿ ਟੁਟ ਗਈ ਤੇ ਸਰੀਰ ਢਹਿ ਪਿਆ ਤੇ ਆਤਮਾਂ ਅੱਗੇ ਗਈ ਤਾਂ ਇਹ ਨਾਲ ਨਹੀਂ ਜਾਣਗੇ, ਪਰ 'ਨਾਮ' ਆਤਮੇ ਵਿਚ ਨਿਵਾਸ ਰੱਖਣੇ ਵਾਲਾ ਆਤਮਾਂ ਦੇ ਨਾਲ ਜਾਏਗਾ! ਤਾਂ ਤੇ ਨਾਮ ਦੀ ਸਦਾ ਸਮ੍ਹਾਲ ਕਰ ਜੋ ਏਥੇ ਮਨ ਨੂੰ ਸੁਖੀ ਰੱਖਦਾ ਹੈ ਤੇ ਅੱਗੇ ਜਾ ਕੇ ਸੁਖ ਸਰੂਪ ਕਰਦਾ ਹੈ, ਦੋਹੀਂ ਜਹਾਨੀਂ ਇਹੋ ਨਿਭਣੇ ਵਾਲੀ ਵਸਤੂ ਹੈ। ਹੋਰ ਕਰਮ ਨਾ ਢੂੰਡ ਤੇ ਉਨ੍ਹਾਂ ਵਿਚ ਨਾ ਫਸ, ਨਾਮ ਹੀ ਸਿਰ ਕਰਮਾਂ ਦੇ ਕਰਮ ਹੈ, ਇਸੇ ਵਿਚ ਲੱਗਾ ਰਹੁ॥੨॥

ਨਾਨੂ— ਪਰ ਜੀ ਹਵਨ ਤਾਂ ਰੋਜ਼ ਕਰਨਾ ਚਾਹੀਏ!

ਗੁਰੂ ਜੀ— ਕਰਤਾਰ ਦੀ ਅਸਲ ਪੂਜਾ ਉਸ ਨਾਲ ਪ੍ਰੇਮ ਕਰਨਾ ਹੈ। ਅਸੀਂ ਦੱਸ ਆਏ ਹਾਂ ਕਿ ਨਾਮ ਧਾਰਨ ਕਰ, ਸਮਝ ਲੈ ਕਿ ਨਾਮ ਪ੍ਰੇਮ ਹੈ, ਪ੍ਰੇਮ ਨਾਮ ਹੈ, ਸੋ ਹਰੀ ਦੀ ਨਾਮ ਨਾਲ ਪੂਜਾ ਹਰੀ ਨਾਲ ਪ੍ਰੇਮ ਹੈ, ਬਾਕੀ ਰਿਹਾ ਹੋਮ। ਸੋ ਦੇਖੋ ਪੰਡਤ ਜੀ! ਹਰੀ ਦੇ ਪ੍ਰੇਮ ਤੋਂ ਵੰਚਤ ਕਰਕੇ ਅਨਾਤਮਾ ਦੇ ਪ੍ਰੇਮ ਵਿਚ ਤੈਨੂੰ ਪਾ ਰਹੀ ਹੈ ਕੌਣ? ਤੁਸੀਂ ਕਹੋਗੇ-ਮਾਯਾ। ਇਸ ਮਾਯਾ ਨੂੰ ਸਾੜਦਾ ਰਹੁ, ਇਹ ਤੇਰਾ ਅਸਲੀ ਹੋਮ ਹੋਵੇਗਾ। ਠਾਕਰ ਕਾਠ ਕੀ ਮਿੱਟੀ ਕਿ ਪੱਥਰ ਦਾ ਨਾਂ ਬਣਾ, ਇਕੋ ਵਿਆਪਕ ਹਰੀ ਨੂੰ ਤੱਕ, ਉਸ ਤੇ ਲੋ ਲਗਾ ਤੇ ਹੋਰ ਢੂੰਡ ਛੱਡ ਦੇਹ।

ਪੰਡਤ— ਪਾਠ ਪੜ੍ਹਨੇ ਤੇ ਦਸਮ ਦੁਆਰ ਚੜਨਾ ਇਹ ਵੀ ਨਹੀਂ ਚਾਹੀਦਾ?

ਗੁਰੂ ਜੀ— ਬਾਕੀ ਜੋ ਤੁਸੀਂ ਸ੍ਵਾਧਯਾਯ ਕਿ ਵੇਦ ਦਾ ਵੀਚਾਰ ਬ੍ਰਾਹਮਣ ਦਾ ਧਰਮ ਦੱਸਦੇ ਹੋ, ਹਰ ਵੇਲੇ ਮੁਖ ਵਿਚ ਹਰੀ ਦਾ ਨਿਵਾਸ ਰਹਿਣਾ ਇਹੋ (ਵੇਦਾਂ ਦਾ) ਪਾਠ ਪੜਨਾ ਹੈ, ਇਹੋ ਵੇਦ ਦਾ ਵੀਚਾਰ ਹੈ, ਬ੍ਰਹਮ (ਤਤੁ-ਗਗਨ=ਗਗਨ ਤਤ-ਬ੍ਰਹਮ ਰੂਪੀ ਤੱਤ; ਗਗਨ ਦਾ ਗੁਰਬਾਣੀ ਵਿਚ ਅਰਥ ਵਯਾਪਕ ਵਾਹਿਗੁਰੂ ਜਾਂ ਬ੍ਰਹਮ ਬੀ ਆਇਆ ਹੈ, ਯਥਾ 'ਗਗਨ ਗੰਭੀਰੁ ਗਗਨੰਤਰਿ ਵਾਸੁ॥ -ਦਖਣੀ ਓਅੰਕਾਰ-੨੦

 www.sikhbookclub.com

'ਦਸ ਦੁਆਰ' ਤੋਂ ਮਤਲਬ ਹੈ ਕਿ ਨਿਰਾ ਦਸਮੇ ਦੁਆਰ ਵਿਚ ਹੀ ਨਹੀਂ, ਦਸਮੇ ਦੁਆਰ ਸਮੇਤ ਦਸਾਂ ਦੁਆਰਿਆਂ ਵਾਲੇ ਸਰੀਰ ਵਿਚ ਮਾਰੇ; ਭਾਵ ਬ੍ਰਿਤੀ ਹੀ ਬ੍ਰਹਮਾਕਾਰ ਨਹੀਂ ਹੋਵੇਗੀ ਸਭ ਇੰਦ੍ਰੇ ਬ੍ਰਹਮਾਕਾਰ ਹੋ ਜਾਣਗੇ।) ਦੇ ਤੱਤ ਨੂੰ ਪਛਾਣ ਲੈਣਾ ਇਹ ਦਸਮ ਦੁਆਰ ਪ੍ਰਾਪਤੀ ਹੈ॥੩॥

ਮੂਰਤੀਆਂ ਨੂੰ ਭੋਗ ਲਵਾਉਂਦੇ ਹੋ ਜੇ ਉਸ ਦੀ ਥਾਂ ਉਸ ਤੱਤ ਸਰੂਪ ਵਿਚ ਪ੍ਰੇਮ ਧਾਰਨ ਕਰੋ ਤਾਂ ਇਹ ਭੋਜਨ ਤੇਰੇ ਪੂਜਯ 'ਤੱਤ ਸਰੂਪ' ਨੂੰ ਪਰਾਪਤ ਲਗੇਗਾ ਤੇ ਉਸਦੀ ਅਨੁਗ੍ਰਹ ਤੇਰੇ ਤੇ ਹੋਵੇਗੀ; ਜਿਸ ਨਾਲ ਤੇਰੇ ਭਰਮ ਤੇ ਭੈ ਦੂਰ ਹੋ ਜਾਣਗੇ। ਜਿਵੇਂ ਰਾਤ ਨੂੰ ਜੇ ਪਹਿਰਦਾਰ ਕਿਸੇ ਦੇ ਘਰ ਰਾਖੀ ਕਰਦਾ ਹੋਵੇ ਤਾਂ ਚੋਰ ਉਸ ਘਰ ਨੂੰ ਨਹੀਂ ਲਗਦੇ, ਦੂਰੋਂ ਹੀ ਨੱਸ ਜਾਂਦੇ ਹਨ।

ਫੇਰ ਬ੍ਰਾਹਮਣ ਮੱਥੇ ਤੇ ਤਿਲਕ ਲਾਉਂਦਾ ਹੈ। ਉਸ ਦੀ ਥਾਵੇਂ ਆਪਣੇ ਪੂਜਯ ਪ੍ਰਭੂ ਨੂੰ ਇਕ ਜਾਣੋਂ, ਜਾਣਨ ਮਾਤ੍ਰ ਨਹੀਂ, ਅੰਦਰਲੇ ਵਿਵੇਕਜ-ਗਯਾਨ ਨਾਲ ਉਸ ਨੂੰ ਬੁੱਝ ਲਵੋ। ਅਰਥਾਤ ਲਖ ਲਵੋ ਕਿ ਉਸ ਬ੍ਰਹਮ (ਸਾਰੇ ਵਯਾਪਕ) ਹੈ। ਇਹ ਮੱਥੇ ਦਾ ਤਿਲਕ ਹੈ। ਕਿਉਂਕਿ ਜਦ ਅੰਦਰ ਇਹ ਗਿਆਨ ਉਪਜਦਾ ਹੈ ਤਾਂ ਮੱਥੇ ਤੇ ਆ ਪ੍ਰਗਟ ਹੁੰਦਾ (ਜੈਸਾ ਕਿ ਗੁਰੂ ਪੰਚਮ ਜੀ ਨੇ ਫੁਰਮਾਇਆ ਹੈ-ਹੁਝੜਾ ਲਧਮੁ ਲਾਲੁ ਮਥੈ ਹੀ ਪਰਗਟੁ ਥਿਆ॥-ਵਾਰ ਮਾਰੂ ਡਖਣੇ ਮ: ੫-੭)

ਪੰਡਤ— ਸਚ ਸਚ ਫੁਰਮਾਯਾ ਨੇ! ਅੰਦਰਲੇ ਨੇਤ੍ਰ ਖੋਲ ਦਿੱਤੇ ਨੇ!

ਗੁਰੂ ਜੀ— ਹੇ ਪੰਡਤ! ਸਚ ਜਾਣ; ਸਚ ਜਾਣ ਕਿ ਕਰਮ ਕਾਂਡ ਤੇ ਹੋਰ ਨਾਨਾ ਤਰ੍ਹਾਂ ਦੇ ਕਰਮਾਂ ਨਾਲ ਉਹ ਹਰੀ ਵੱਸ ਨਹੀਂ ਆਉਂਦਾ। ਨਿਰੇ ਧਯਾਨ ਰਹਿਤ ਪਾਠਾਂ ਦੇ ਕੀਤਿਆਂ ਵੀ ਉਸ ਦੀ ਕੀਮਤ ਨਹੀਂ ਪੈ ਸਕਦੀ, ਅੰਤ ਨਹੀਂ ਲਿਆ ਜਾ ਸਕਦਾ। ਅਠਾਰਾਂ ਪੁਰਾਣਾਂ ਤੇ ਚਹੁੰ ਵੇਦਾਂ (ਦੇ ਪਾਠੀਆਂ) ਨੇ ਵੀ ਉਸ ਦਾ ਭੇਦ ਨਹੀਂ ਪਾਇਆ, ਅੰਤ ਨਹੀਂ ਲਿਆ, ਪਰ ਉਹ ਬ੍ਰਹਮ ਪਿਛੇ ਕਹੀ ਵੀਚਾਰ ਅਨੁਸਾਰ ਗੁਰੂ ਨੇ ਪ੍ਰਤੱਖ ਦਿਖਾ ਦਿੱਤਾ ਹੈ।

ਗੁਰੂ ਜੀ ਨੇ ਇਹ ਸਾਰਾ ਉਪਦੇਸ਼ ਆਪਣੇ ਆਸਾ ਰਾਗ ਦੇ ਵੀਹਵੇਂ ਸ਼ਬਦ ਵਿਚ ਐਉਂ ਉਚਾਰਨ ਕੀਤਾ ਹੈ:-

**ਆਸਾ ਮਹਲਾ ੧॥ ਕਾਇਆ ਬ੍ਰਹਮਾ ਮਨੁ ਹੈ ਧੋਤੀ॥ ਗਿਆਨੁ ਜਨੇਊ ਧਿਆਨੁ ਕੁਸਪਤੀ॥ ਹਰਿ ਨਾਮਾ ਜਸੁ ਜਾਚਉ ਨਾਉ॥**

 www.sikhbookclub.com

ਗੁਰਪਰਸਾਦੀ ਬ੍ਰਹਮਿ ਸਮਾਉ॥੧॥ ਪਾਂਡੇ ਐਸਾ ਬ੍ਰਹਮ ਬੀਚਾਰੁ॥
ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ॥੧॥ਰਹਾਉ॥ ਬਾਹਰਿ
ਜਨੇਊ ਜਿਚਰੁ ਜੋਤਿ ਹੈ ਨਾਲਿ॥ ਧੋਤੀ ਟਿਕਾ ਨਾਮੁ ਸਮਾਲਿ॥ ਐਥੈ
ਓਥੈ ਨਿਬਹੀ ਨਾਲਿ॥ ਵਿਣੁ ਨਾਵੈ ਹੋਰਿ ਕਰਮ ਨ ਭਾਲਿ॥੨॥ ਪੂਜਾ
ਪ੍ਰੇਮ ਮਾਇਆ ਪਰ ਜਾਲਿ॥ ਏਕੋ ਵੇਖਹੁ ਅਵਰੁ ਨ ਭਾਲਿ॥ ਚੀਨੈ
ਤਤੁ ਗਗਨ ਦਸ ਦੁਆਰ॥ ਹਰਿ ਮੁਖਿ ਪਾਠ ਪੜੈ ਬੀਚਾਰੁ॥੩॥
ਭੋਜਨੁ ਭਾਉ ਭਰਮੁ ਭਉ ਭਾਗੈ॥ ਪਾਹਰੂਅਰਾ ਛਬਿ ਚੋਰੁ ਨ ਲਾਗੈ॥
ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ॥ ਬੂਝੈ ਬ੍ਰਹਮੁ ਅੰਤਰਿ
ਬਿਬੇਕੁ॥੪॥ ਆਚਾਰੀ ਨਹੀ ਜੀਤਿਆ ਜਾਇ॥ ਪਾਠ ਪੜੈ ਨਹੀ
ਕੀਮਤਿ ਪਾਇ॥ ਅਸਟ ਦਸੀ ਚਹੁ ਭੇਦੁ ਨ ਪਾਇਆ॥ ਨਾਨਕ
ਸਤਿਗੁਰਿ ਬ੍ਰਹਮੁ ਦਿਖਾਇਆ॥੫॥੨੦॥

"ਏਹ ਬਚਨ ਗੁਰੂ ਬਾਬੇ ਜੀ ਕੇ ਨਾਨੂੰ ਪੰਡਤ ਸੁਣ ਕਰ ਗਦ ਗਦ ਹੋ ਗਇਆ ਅਰ ਪਰਦਖਣਾ ਦੇਕਰ ਚਰਨਾ ਪਰ ਗਿਰ ਪੜਾ। ਤਬ ਗੁਰੂ ਬਾਬੇ ਜੀ ਦਿਆਲ ਭਏ। ਨਾਨੂੰ ਕੋ ਪਰਮ ਗਤਿ ਪ੍ਰਾਪਤ ਭਈ। ਜਨਮ ਮਰਨ ਕੇ ਬੰਧਨ ਤੇ ਛੁਟ ਪੜਾ। ਸਹਜ ਪਦ ਮੇ ਲੀਨ ਭਇਆ। ਸਦਕਾ ਬਾਬੇ ਜੀ ਕਾ ਤਬ ਬਾਬਾ ਜੀ ਨਾਨੂੰ ਪੰਡਤ ਸੇ ਬਿਦਾ ਭਏ। -ਮਹਿਮਾ ਪ੍ਰਕਾਸ਼ ਸ:੩੮-੨

2.

ਮਰਦਾਨਾ— ਹੁਣ ਕਿਤੇ ਚਾਰ ਦਿਨ ਠਹਿਰੀਏ ਤੇ ਵੇਲੇ ਸਿਰ ਅੰਨ ਪਾਣੀ ਅਚਵੀਏ!

ਗੁਰੂ ਜੀ-- ਚੱਲ ਮਰਦਾਨਿਆਂ ਹੁਣ ਐਸੇ ਥਾਂ ਲੈ ਚਲਦੇ ਹਾਂ: ਨਾ ਤਾਂ ਹੋਸੀ ਉਜਾੜ ਤੇ ਨਾ ਨਗਰੀ, ਪਰ ਰੋਟੀ ਚੰਗੀ ਤੋਂ ਚੰਗੀ, ਮੰਜਾ ਬਿਸਤਰਾ ਗੁਦਗੁਦਾ, ਅਰਾਮ ਹੀ ਅਰਾਮ।

ਮਰਦਾਨਾ (ਹੱਸ ਕੇ)— ਤੁਸਾਂ ਜੇ ਅਰਾਮ ਕਰਨਾ ਹੁੰਦਾ ਤਾਂ ਘਰੋਂ ਕਿਉਂ ਟੁਰ ਦਿਓ ਜੇ! ਕੋਈ ਬਦੇਸ ਖੱਟਣ ਜਾਂਦਾ ਹੈ, ਕੋਈ ਕਿਸੇ ਮੁਸੀਬਤ ਮਾਰਿਆ ਪਰਦੇਸ ਗਿਆ ਹੁੰਦਾ ਹੈ, ਤੁਸੀਂ ਖਾਹ ਮਖਾਹ ਲੋਕਾਂ ਨਾਲ ਖਹਿਣ ਲਈ ਓਪਰੇ ਦੇਸੀਂ ਉੱਠ ਟੁਰਦੇ ਹੋ। (ਨੀਝ ਲਾਕੇ ਮੁਸਕ੍ਰਾਉਂਦਿਆਂ ਤੱਕ ਕੇ) ਫ਼ਾਕੇ ਕੜਾਕੇ, ਨਾ ਲੈਣਾ ਨਾ ਦੇਣਾ।.....ਹਾਂ ਠੀਕ ਏ, ਸਚ ਸਚ ਲੁਟਾਈ

 www.sikhbookclub.com

ਫਿਰਦੇ ਹੋ, ਕੌਣ ਸੱਚ ਦੀ ਕਦਰ ਪਾਉਣ ਵਾਲਾ ਏ? ਦੁਨੀਆ ਕੂੜ, ਲੋਕੀ ਕੂੜ, ਕੂੜੇ ਕੂੜੀ। ਹੱਕ ਸੱਚ ਕਿਥੇ ਹੈ ਜਗਤ ਵਿਚ? ਜਿਹੜੀ ਸ਼ੈ ਲੋਕਾਂ ਪਾਸ ਹੈ ਨਹੀਂ ਉਸ ਨੂੰ ਕੋਈ ਪਛਾਣੇ ਕੀਕੂੰ? ਬਿਨਾਂ ਪਛਾਣੇ ਕਦਰ ਕੀਕੂੰ ਕਰੇ? ਸੱਚ ਤਾਂ ਮੇਰੀ ਜਾਚੇ ਹਿਕੇ ਤੁਸਾਡੀ ਹਿਕ ਵਿਚ ਏ, ਹਿਕੇ ਹੱਕ ਮੌਲਾ ਦੀ ਹਕੀਕਤ ਵਿਚ ਏ ਛਪਿਆ ਹੋਇਆ।

ਗੁਰੂ ਜੀ (ਹੱਸ ਕੇ)— ਹੱਕ ਸਚ ਖਾਲਕ ਦੀ ਹਿੱਕ ਵਿਚ ਏ, ਹਿਕੇ ਜਿਸ ਨੂੰ ਉਹ ਦੇਵੇ ਉਸ ਦੀ ਹਿੱਕ ਵਿਚ ਏ। ਹਿੱਕ ਵਾਲੇ ਨੂੰ ਦੇਣ ਦਿਵਾਉਣ ਦਾ ਕੁਦਰਤੀ ਹੱਕ ਏ, ਤਾਹੀਓਂ ਪਏ ਲੁਟਾਉਂਦੇ ਹਾਂ, ਜੋ ਸਾਨੂੰ ਵੀ ਅਮੁੱਲ ਹੀ ਮਿਲਿਆ ਏ।

ਮਰਦਾਨਾ— ਅਮੁੱਲ ਦੇ ਵਪਾਰੀ ਜੀਓ! ਜਗਤ ਦਾ ਸੁਭਾਵ ਉਲਟ ਏ, ਜੋ ਸ਼ੈ ਮਿਹਨਤ, ਮਜੂਰੀ, ਮੁੱਲ ਦੇ ਜਤਨ ਨਾਲ ਮਿਲੇ ਉਸਦਾ ਕਦਰ ਕਰਦਾ ਏ। ਜੋ ਅਮੁੱਲ ਮਿਲੇ ਉਸ ਨੂੰ ਗੌਲਦਾ ਨਹੀਂ ਲਿਆਉਂਦਾ। ਰਬ ਤਰਸੀ ਦਵਾ ਦੇਣ ਵਾਲੇ ਵੈਦ ਤੋਂ ਲੋਕੀ ਨੱਕ ਚਾੜ੍ਹਦੇ ਹਨ, ਜੋ ਠੋਕ ਕੇ ਰੁਪਏ ਲਵੇ, ਉਸਦਾ ਦਾਰੂ ਦਰਮਲ ਸਿਦਕ ਧਾਰਕੇ ਕਰਦੇ ਹਨ। ਦਾਤਾ! ਇਹ ਕਿਉਂ ਹੈ ਕਿ ਝੂਠ ਜਗਤ ਵਿਚ ਰਾਜ ਗਦੀਆਂ ਤੇ ਬੈਠਦਾ ਏ ਤੇ ਸੱਚ ਸੂਲੀਆਂ ਤੇ ਟੰਗੀਂਦਾ ਵੇਖੀਦਾ ਹੈ।

ਗੁਰੂ ਜੀ— ਮਰਦਾਨਿਆਂ! ਕੂੜ ਤਾਂ ਵਸਤੂ ਹੀ ਕੁਝ ਨਾ ਹੋਈ। ਕੂੜ ਤਾਂ ਸਚ ਦਾ ਪਰਛਾਵਾਂ ਮਾਤ੍ਰ ਏ, ਪਰਛਾਵਾਂ ਪਿਆ ਭੁਲੇਵੇ ਦੇਂਦਾ ਏ, ਕੱਟਣਾ ਏ ਪਰਛਾਵਾਂ। ਫੇਰ ਸੱਤ ਵਸਤੂ ਤਾਂ ਸੱਤ ਈ ਏ। (ਦੂਰ ਨੀਝ ਲਾਕੇ) ਦੇਖ ਇਕ ਟੁਰਿਆ ਆਉਂਦਾ ਈ ਪਰਛਾਈਆਂ ਵਾਲਾ ਤਜਾਗੀ।

ਕੁਛ ਕਦਮ ਹੀ ਗਏ ਸਨ ਤਾਂ ਇਕ ਸੰਤ ਜੀ ਆ ਗਏ। ਦੇਖਕੇ ਝੁਕ ਪਏ। 'ਆ ਬਾਬਾ ਨਾਨਕ! ਤੇਰੀਆਂ ਸਨ ਉਡੀਕਾਂ ਦਰਸ਼ਨਾਂ ਦੀਆਂ।'

ਗੁਰੂ ਜੀ-ਸਤਿ ਕਰਤਾਰ, ਰਾਜ਼ੀ ਹੋ?

ਸੰਤ— ਜੀ ਕੁਸ਼ਲ ਹੈ। ਆਓ ਚੱਲੋ ਨਾ, ਚਾਰ ਦਿਨ ਸਸਤਾਓ ਸਾਡੇ ਪਾਸ, ਤੁਹਾਡੀ ਭਗਤੀ ਦੀਆਂ ਜਗ ਵਿਚ ਧੁੰਮਾਂ ਪਈਆਂ ਹਨ, ਕੁਛ ਸਾਡੇ ਨਾਲ ਵੀ ਲਓ ਦਿਓ ਦਿਲ ਦੀਆਂ ਦੋ ਚਾਰ।

ਗੁਰੂ ਜੀ— ਚੱਲੋ ਤਜਾਗ ਮੂਰਤੀ ਜੀ, ਚੱਲੋ! ਇਹ ਕਹਿੰਦੇ ਉਸ ਦੇ ਡੇਰੇ ਚਲੇ ਗਏ। ਸੁਹਣੀ ਥਾਂ ਟਿਕਣੇ ਨੂੰ, ਸੁਹਣਾ ਭੋਜਨ ਖਾਣੇ ਨੂੰ, ਆਰਾਮ ਦਾ ਸਾਮਾਨ ਹਰ ਤਰ੍ਹਾਂ ਦਾ।

3.

ਦੋ ਇਕ ਦਿਨ ਮੂਲੋਂ ਅਰਾਮ ਕੀਤਾ, ਤੀਏ ਦਿਨ ਗੁਰੂ ਜੀ ਬਨ ਦੇ ਅੰਦਰ ਨੂੰ ਗਏ ਸਨ ਕਿ ਇਸ ਸੰਤ ਦੀਆਂ, ਜਿਸ ਦਾ ਨਾਂ 'ਪੂਰਨ ਗਿਰਿ' ਸੀ ਮਰਦਾਨੇ ਨਾਲ ਗੱਲਾਂ ਛਿੜ ਪਈਆਂ।

ਮਰਦਾਨਾ— ਭਲਾ ਤਿਆਗੀ ਜੀ! ਆਪਦਾ ਨਾਂ ਤਾਂ ਹੋਇਆ, ਪੂਰਨ ਤੇ 'ਗਿਰਿ' ਕਿ 'ਗਿਰੀ' ਆਪ ਨੂੰ ਕਿਉਂ ਆਖਦੇ ਹਨ?

ਪੂਰਨ ਗਿਰ— ਨਾਮ ਤਾਂ ਪੂਰਨ ਹੀ ਹੈ, 'ਗਿਰਿ' ਸਾਡੇ ਨਾਮ ਨਾਲ ਸਾਡੀ ਸੰਪ੍ਰਦਾ ਦਾ ਅੱਖਰ ਲੱਗਦਾ ਹੈ।

ਮਰਦਾਨਾ— ਉਹ ਕਿਵੇਂ?

ਪੂਰਨ— ਸ਼ੰਕਰਾਚਾਰਯ ਜੀ ਦੇ ਚਾਰ ਚੇਲੇ ਸਨ: ਪਦਮਪਾਦ, ਹਸਤਾਮਲਕ, ਮੰਡਨ ਤੇ ਤੋਟਕ। ਪਦਮਪਾਦ ਦੇ ਦੋ ਚੇਲੇ ਸਨ: ਤੀਰਥ ਤੇ ਆਸ਼੍ਰਮ। ਹਸਤਾਮਲਕ ਦੇ ਦੋ ਸਨ: ਬਨ ਤੇ ਆਰੱਨਜ। ਮੰਡਨ ਦੇ ਤਿੰਨ ਸਨ: ਗਿਰਿ, ਪਰਬਤ ਤੇ ਸਾਗਰ। ਤੋਟਕ ਦੇ ਤਿੰਨ ਸਨ: ਸੁਰਸਤੀ, ਭਾਰਤੀ ਤੇ ਪੁਰੀ। ਇਸ ਤਰ੍ਹਾਂ ਦਸ ਨਾਮ ਸੰਨਯਾਸੀ ਹੋਏ, ਜਿਨ੍ਹਾਂ ਦੇ ਨਾਵਾਂ ਤੇ ਦਸ ਸੰਪ੍ਰਦਾਵਾਂ ਚਲੀਆਂ। ਸੋ ਗਿਰਿ ਬੀ ਇਕ ਸੰਪ੍ਰਦਾ ਦਾ ਨਾਮ ਹੈ ਜੋ ਮੰਡਨ ਦੇ ਚੇਲੇ ਗਿਰਿ ਤੋਂ ਟੁਰੀ। ਹੁਣ ਤੱਕ ਅਸੀਂ ਆਪਣੇ ਨਾਮ ਦੇ ਨਾਲ ਆਪਣੀ ਸੰਪ੍ਰਦਾ ਦੇ ਟੋਰਨ ਵਾਲੇ ਦਾ ਨਾਮ ਇਕ ਉਪਾਧੀ ਮਾਤ੍ਰ ਲਾਉਂਦੇ ਹਾਂ, ਜਿਸ ਤੋਂ ਸਾਡੀ ਸੰਪ੍ਰਦਾ ਦਾ ਪਤਾ ਲਗ ਜਾਂਦਾ ਹੈ।

ਮਰਦਾਨਾ— ਫੇਰ ਤੁਸੀਂ ਸੰਨਯਾਸੀ ਹੋਏ ਸਾਰੇ! ਸੰਨਯਾਸੀ ਤਾਂ ਤਯਾਗੀ ਹੁੰਦੇ ਹਨ, ਘਰ ਬਾਰ ਛੋੜ ਕੇ ਬਨਾਂ ਵਿਚ ਤਪ ਕਰਕੇ ਫੇਰ ਬਨ ਵੀ ਛੋੜ ਕੇ ਥਾਂ ਥਾਂ ਫਿਰਦੇ ਰਹਿੰਦੇ ਹਨ; ਕਿਤੇ ਨਹੀਂ ਟਿਕਦੇ, ਓਹ ਹੁੰਦੇ ਹਨ ਨਾ ਸੰਨਯਾਸੀ?

ਪੂਰਨ— ਹਾਂ ਠੀਕ ਹੈ, ਅਸਲ ਵਿਚ ਸੰਨਯਾਸ ਚੌਥੇ ਆਸ਼੍ਰਮ ਦਾ ਨਾਮ ਹੈ, ਪਹਿਲਾ ਹੈ ਬ੍ਰਹਮਚਰਯ, ੨੫ ਵਰ੍ਹੇ ਤਕ ਗੁਰੂ ਦੇ ਘਰ ਰਹਿਕੇ ਵਿਦਯਾ ਪਾਕੇ ਪ੍ਰਬੀਨ ਹੋਣਾ। ਦੂਜਾ ਹੈ ਗ੍ਰਿਹਸਤ, ਵਿਵਾਹ ਕਰਕੇ ਜਗਤ ਦੇ ਕਾਰ ਵਿਹਾਰ ਕਰਨੇ ਪੰਜਾਹ ਵਰ੍ਹੇ ਦੀ ਉਮਰਾ ਤਕ। ਫੇਰ ਕਾਰ ਵਿਹਾਰ ਪੁਤ੍ਰ ਨੂੰ ਸੌਂਪ ਕੇ ਬਨ ਵਿਚ ਜਾ ਰਹਿਣਾ, ਇਹ ਹੈ ਬਾਨਪ੍ਰਸਥ। ਇਉਂ ਬਨ ਵਿਚ ੨੫ ਵਰ੍ਹੇ ਰਹਿਕੇ ਤਪ ਸਾਧਨਾ ਕਰਕੇ ਫੇਰ ਸੰਨਯਾਸ ਧਾਰਨ ਕਰਕੇ

 www.sikhbookclub.com

ਜਗਤ ਉਧਾਰ ਲਈ ਫਿਰ ਨਿਕਲਣਾ। ਪਹਿਲੋਂ ਇਹੋ ਹੀ ਮ੍ਰਿਯਾਦਾ ਹੁੰਦੀ ਸੀ, ਪੁਰਾਤਨ ਪੁਰਾਤਨ ਸਮੇਂ। ਪਰ ਦਸ ਨਾਮ ਸੰਨਯਾਸੀ ਸੰਪ੍ਰਦਾਵਾਂ ਸ਼ੰਕਰਾਚਾਰਯ ਜੀ ਤੋਂ ਟੁਰੀਆਂ ਹਨ। ਬੁੱਧ ਭਿੱਖੂਆਂ ਵਾਂਙੂ ਸ੍ਰੀ ਸ਼ੰਕਰ ਜੀ ਦੇ ਸੰਨਯਾਸੀ ਪ੍ਰਚਾਰ ਲਈ ਫਿਰ ਨਿਕਲੇ ਸਨ 'ਬ੍ਰਹਮ ਗਯਾਨ' ਦੇ ਪ੍ਰਚਾਰ ਲਈ। ਸੰਨਯਾਸੀ ਪੂਰਨ ਤਯਾਗੀ ਹੁੰਦਾ ਹੈ, ਕਿਤੇ ਟਿਕ ਕੇ ਨਹੀਂ ਠਹਿਰਦਾ।

ਮਰਦਾਨਾ— ਪਰ ਤੁਸਾਂ ਤਾਂ ਸੁਹਣੇ ਸੁਹਾਵਣੇ ਬਨ ਵਿਚ, ਜੋ ਵਸੋਂ ਤੋਂ ਦੂਰ ਨਹੀਂ, ਘਰਾਂ ਨਾਲੋਂ ਸੁਹਣਾ ਥਾਂ ਬਣਾਇਆ ਹੋਇਆ ਹੈ; ਖਾਣ ਪਾਣ ਅਮੀਰਾਂ ਨਾਲੋਂ ਸੁਥਰਾ ਤੇ ਸੁਹਣਾ ਦੇਂਦੇ ਓ? ਸਾਡੇ ਚੋਜੀ ਗੁਰੂ ਜੀ ਤਾਂ ਆਖਦੇ ਹਨ ਕਿ ਗ੍ਰਿਹਸਤ ਵਿਚ ਰਹਿ ਕੇ ਘਰ ਨੂੰ ਬਨ ਬਨਾਓ, ਪਰ ਆਪ ਜੀ ਨੇ ਬਨ ਵਿਚ ਰਹਿਕੇ ਬਨ ਨੂੰ ਘਰ ਵਾਂਗੂ ਸੁਖਦਾਈ ਬਣਾ ਲਿਆ ਏ?

ਪੂਰਨ ਗਿਰਿ ਸੁਣ ਕੇ ਹੱਸ ਪਿਆ ਤੇ ਆਖਣ ਲੱਗਾ— ਸੰਗੀਤਾਚਾਰਯ ਜੀ! ਤੁਸਾਂ ਨੂੰ ਸੰਨਯਾਸ ਦਾ ਪਤਾ ਨਹੀਂ। ਇਹ ਬੜਾ ਲੰਮਾ ਵਿਸਥਾਰ ਵਾਲਾ ਖੇੜਾ ਏ। ਮੈਂ ਗਿਰੀ ਸੰਨਯਾਸੀ ਹਾਂ, ਸਾਡੀ ਸੰਪ੍ਰਦਾ ਵਿਚ ਕਿਸੇ ਮਠ ਦਾ ਮਹੰਤ ਹੋ ਕੇ ਰਹਿਣਾ ਮਨ੍ਹੇ ਨਹੀਂ। ਸਗੋਂ ਹੁਣ ਤਾਂ ਸਾਡੇ ਵਿਚ ਕਈ ਕਾਰ ਵਿਹਾਰ ਵੀ ਕਰਦੇ ਹਨ। ਕਈ ਤਾਂਤ੍ਰਿਕ ਮਤਾਵਲੰਬੀ ਵੀ ਹੈਨ, ਪਤਾ ਨਹੀਂ ਉਨ੍ਹਾਂ ਦਾ ਭੇਦ ਪ੍ਰਭੇਦ ਹੈ ਯਾ ਸਾਡੇ ਹੀ ਉਨ੍ਹਾਂ ਵਿਚ ਚਲੇ ਗਏ ਹਨ। ਇਸੀ ਤਰ੍ਹਾਂ ਕਈ ਗਿਰੀ ਵੈਸ਼ਨਵ ਹੋ ਗਏ ਹਨ। ਖੈਰ ਇਹ ਲੰਮਾ ਵਿਸਥਾਰ ਏ; ਉਂਞ ਸੰਨਯਾਸੀ ਚਾਰ ਪ੍ਰਕਾਰ ਦੀ ਇਕ ਹੋਰ ਵੰਡ ਵਿਚ ਭੀ ਹਨ। ਕੁਟੀਚਕ, ਬਹੂਦਕ, ਹੰਸ ਤੇ ਪਰਮ ਹੰਸ। ਇਸ ਹਿਸਾਬ ਮੇਰਾ ਰਹਿਣਾ ਬਹਿਣਾ ਕੁਟੀਚਕ ਪ੍ਰਕਾਰ ਦਾ ਹੈ।

ਮਰਦਾਨਾ— ਕੁਟੀਚਰ ਕਿ ਕੁਟੀਚਕ?

ਗਿਰਿ (ਮੁਸਕ੍ਰਾ ਕੇ)— ਆਮ ਲੋਕ ਕੁਟੀਚਰ ਆਖਦੇ ਹਨ, ਕੁਟੀਆ ਬਣਾ ਕੇ ਜੋ ਵਿਚਰੇ। ਪਰ ਅਸਲ ਪਦ ਹੈ ਕੁਟੀਚਕ। ਉਂਞ ਕੁਟੀਚਕ ਤਯਾਗੀ ਹੈ ਪਰ ਆਪਣੇ ਸਨਬੰਧੀਆਂ ਤੋਂ ਹੀ ਦਾਨ ਲੈਂਦਾ ਹੈ, ਜਨੇਊ ਬੋਦੀ ਵੀ ਰਖਦਾ ਹੈ, ਦੰਡ ਕਮੰਡਲ ਰਖਦਾ ਹੈ, ਭਗਵੇ ਪਹਿਨਦਾ ਹੈ। ਏਹ ਮਰੇ ਨੂੰ ਦਬਦੇ ਨਹੀਂ ਸਾੜਦੇ ਹਨ। ਮੈਂ ਪੂਰਾ ਪੂਰਾ ਕੁਟੀਚਕ ਤਾਂ ਨਹੀਂ ਪਰ ਕੁਟੀਚਰ ਸਦਾ ਸਕਦਾ ਹਾਂ, ਜੋ ਤੁਰਦਾ ਫਿਰਦਾ ਦੇਸ਼ਾਟਨ ਨਹੀਂ ਕਰਦਾ ਪਰ ਕੁਟੀ ਵਿਚ ਵਸਦਾ ਹਾਂ।

 www.sikhbookclub.com

ਮਰਦਾਨਾ (ਹੱਸ ਕੇ)— ਕੁਟੀ ਵਿਚ ਕਿ ਮਹਲ ਵਿਚ?.....ਹਾਂ ਸੱਚੀ ਤੇ ਬਹੂਦਕ ਕੀ ਹੋਵੇਗਾ?

ਗਿਰਿ-ਬਹੁ+ਉਦਕ=ਬਹੁਤੇ ਪਾਣੀ। ਜੋ ਥਾਂ ਥਾਂ ਦਾ ਪਾਣੀ ਪੀਵੇ, ਅਰਥਾਤ ਕੁਟੀ ਵਿਚ ਨਾ ਰਹੇ, ਫਿਰਦਾ ਟੁਰਦਾ ਰਹੇ।.....ਪਰ ਪੁਰਾਤਨ ਗਲ ਐਉਂ ਹੈ ਕਿ ਜੋ ਪੁਤਰ ਸਨਬੰਧੀਆਂ ਤੋਂ ਦਾਨ ਲਾ ਲਏ; ਸੱਤ ਘਰਾਂ ਤੋਂ ਦਾਨ ਲੈਕੇ ਉਦਰ ਭਰੇ, ਇਕ ਘਰ ਦੇ ਦਾਨ ਨਾਲ ਬੀ ਪੇਟ ਨਾਂ ਭਰੇ, ਸਿਖਾ ਸੂਤ੍ਰ ਨਾਂ ਛਡੇ, ਭਸਮ ਰਮਾਵੇ; ਕੁਪੀਨ, ਕਮੰਡਲ, ਰੁਦ੍ਰਾਖ ਆਦਿ ਪੰਦਰਾਂ ਸੋਲਾਂ ਚੀਜ਼ਾਂ ਧਾਰਨ ਕਰਨ ਦੀ ਆਗਜਾ ਹੈ। ਕ੍ਰਿਪਾਨ ਬੀ ਧਾਰਨ ਕਰ ਸਕਦਾ ਹੈ। ਇਨ੍ਹਾਂ ਵਿਚ ਯੋਗਾਭ੍ਯਾਸ ਕਰਨਾ ਮੁੱਖ ਅੰਗ ਹੈ। ਪਰ ਹੁਣ ਫਿਰਦੇ ਰਹਿਣ ਵਾਲੇ ਸੰਨਯਾਸੀ ਨੂੰ ਕਹਿ ਦੇਂਦੇ ਹਨ: ਬਹੁ+ਉਦਕ=ਜੋ ਕਈ ਥਾਵਾਂ ਦਾ ਪਾਣੀ ਪੀਵੇ। ਇਸੇ ਤਰ੍ਹਾਂ ਹੰਸ ਤੇ ਪਰਮ ਹੰਸ ਦੇ ਲੱਛਣ ਹਨ। ਹੰਸ ਉਹ ਹੈ ਜੋ ਭਸਮ ਰਮਾਵੇ, ਡੰਡਾ ਵਾਂਸ ਦਾ ਰਖੇ, ਅਠ ਗ੍ਰਾਹੀਆਂ ਭੋਜਨ ਦਿਹਾੜੇ ਵਿਚ ਕਰੇ, ਸ਼ਿਖਾ ਸੂਤ ਧਾਰਨ ਨਾ ਕਰੇ, ਚੰਦ੍ਰਾਯਣ ਆਦਿ ਬ੍ਰਿਤਿ ਰਖੇ, ਤੀਰਥ ਸੇਵਨ ਕਰੇ, ਸੰਧ੍ਯਾ ਗਾਯਤ੍ਰੀ ਜਪ ਕਰੇ ਤੇ ਆਤਮ ਚਿੰਤਨ ਵਿਚ ਲਗਾ ਰਹੇ ਆਦਿ।

ਪਰਮ ਹੰਸ ਸਿਖਾ ਸੂਤ ਆਦਿ ਚਿੰਨ੍ਹ ਤੇ ਦੰਡ ਕਮੰਡਲ ਆਦਿ ਸੰਨਯਾਸ ਦੇ ਸਾਰੇ ਚਿੰਨ੍ਹ ਰਖਦਾ ਹੈ। ਭਸਮ ਲੇਪਦਾ ਹੈ, ਕੁਪੀਨ ਤੇ ਗੋਦੜੀ ਤੇ ਗੁਜ਼ਾਰਾ ਕਰਦਾ ਹੈ, ਭੋਜਨ ਦਿਨ ਵਿਚ ਇਕ ਵੇਰ ਕਰਦਾ ਪਰ ਕਈ ਥਾਂ ਤੇ ਥੋੜਾ ਥੋੜਾ ਮੰਗ ਕੇ ਲੈਂਦਾ ਤੇ ਆਤਮ ਚਿੰਤਨ ਕਰਦਾ ਹੈ। ਫੇਰ ਅੱਗੇ ਦੰਡੀ ਪਰਮਹੰਸ ਤੇ ਅਵਧੂਤ ਪਰਮਹੰਸ ਦੋ ਤਰ੍ਹਾਂ ਦੇ ਹੋਰ ਭੇਦ ਹੈਨ। ਜੋ ਦੰਡ ਛਡ ਕੇ ਪਰਮਹੰਸ ਹੋਣ ਸੋ ਦੰਡੀ, ਜੋ ਅਵਧੂਤ ਬ੍ਰਿਤੀ ਧਾਰਨ ਕਰਨ ਸੋ ਅਵਧੂਤ ਪਰਮ ਹੰਸ। ਇਨ੍ਹਾਂ ਵਿਚੋਂ ਕੋਈ ਓਅੰਕਾਰ ਉਪਾਸ਼ਕ, ਕੋਈ ਬ੍ਰਹਮ ਸੰਸਥ, ਕੋਈ ਦੇਵ ਮੂਰਤੀ ਪੂਜਕ, ਕੋਈ ਬੀਰਾਚਾਰੀ ਹੁੰਦੇ ਹਨ ਜੋ ਦਾਰੂ ਬੀ ਪੀ ਲੈਂਦੇ ਹਨ (ਬ੍ਰਹਮ ਅਵਧੂਤ, ਸ਼ੈਵ ਅਵਧੂਤ, ਭਕਤ ਅਵਧੂਤ, ਹੰਸ ਅਵਧੂਤ, ਚਾਰ ਪ੍ਰਕਾਰ ਦੇ ਅਵਧੂਤ ਸੰਨਯਾਸੀ ਸ਼ਾਸਤ੍ਰਾਂ ਨੇ ਹੋਰ ਬੀ ਮੰਨੇ ਹਨ।)। ਇਸੇ ਤਰ੍ਹਾਂ ਤ੍ਰੈ ਭੇਦ ਸੰਨਯਾਸੀ ਦੇ ਹੋਰ ਤਰ੍ਹਾਂ ਦੇ ਹਨ। ਗਯਾਨ ਸੰਨਯਾਸੀ, ਵੇਦ ਸੰਨਯਾਸੀ ਤੇ ਕਰਮ ਸੰਨਯਾਸੀ। ਫੇਰ ਦੋ ਵੰਡਾਂ ਹੋਰ ਹਨ: ਮੁਖ ਸੰਨਯਾਸੀ ਤੇ ਗੌਣਸੰਨਯਾਸੀ। ਅਗੇ ਮੁੱਖ ਵੀ


www.sikhbookclub.com

ਫੇਰ ਦੋ ਤਰ੍ਹਾਂ ਦੇ ਹਨ: ਵਿਵਿਦਜ; ਤੇ ਵਿਦ੍ਵਤ। ਜੋ ਸਾਧਨ ਕਰ ਕੇ ਸੰਨਿਆਸ ਧਾਰਨ ਕਰੇ ਸੋ ਵਿਵਿਦਜ; ਜੋ ਪਿਛਲੇ ਤਪ ਬਲ ਕਰ ਕੇ ਜਨਮ ਤੋਂ ਹੀ ਤਯਾਗੀ ਹੋਵੇ ਸੋ ਵਿਦ੍ਵਤ ਸੰਨਿਆਸੀ।

ਮਰਦਾਨਾ— ਫੇਰ ਸੰਤ ਜੀ! ਗੁਰੂ ਨਾਨਕ ਵਿਦ੍ਵਤ ਤੇ ਸ਼ਿਰੋਮਣ ਸੰਨਿਆਸੀ ਹੋਏ। (ਪੂਰਨ ਹੱਸ ਪਿਆ)।

ਮਰਦਾਨਾ— ਭਲਾ ਜੀ ਇਡੇ ਲੰਮੇ ਹਿਸਾਬਾਂ ਨੂੰ ਕੌਣ ਯਾਦ ਰਖਦਾ ਹੋਊ ਤੇ ਸੰਨਿਆਸੀ ਦਾ ਸਮਾ ਕਿਸੇ ਰੱਬ ਰਾਮ ਦੇ ਟਿਕਾਉ ਵਿਚ ਲੰਘਦਾ ਹੋਊ ਕਿ ਸੰਪ੍ਰਦਾਈ ਲੇਖੇ ਤੇ ਲੱਛਣ ਹੀ ਘੇਰੀ ਰਖਦੇ ਹੋਣਗੇ?

ਪੂਰਨ (ਹੱਸ ਪਿਆ)— ਸੱਚ ਕਿਹਾ ਨੇ। ਮੈਂ ਏਸੇ ਕਰਕੇ ਸਭ ਝੇੜੇ ਛੋੜ ਕੇ ਮਠ ਬਣਾਕੇ ਬਹਿ ਗਿਆ ਹਾਂ। ਆਏ ਗਏ ਦਾ ਆਦਰ ਕਰਦਾ ਹਾਂ ਤੇ ਜੋਗ ਅਭਯਾਸ ਵਿਚ ਲਗਾ ਰਹਿੰਦਾ ਹਾਂ।

ਮਰਦਾਨਾ— ਸੰਨਿਆਸੀ ਯੋਗ ਵੀ ਕਰਦੇ ਹਨ?

ਪੂਰਨ— ਅਸਲ ਸੰਨਿਆਸ ਹੈ ਤਾਂ ਗਯਾਨ ਮਾਰਗ ਪਰ ਜੋਗ ਨਾਲ ਹੀ ਤਾਂ ਬ੍ਰਿਤੀ ਟਿਕਣੀ ਹੈ।

ਮਰਦਾਨਾ— ਫਿਰ ਤੁਸੀਂ ਕਿਸੇ ਦੇ ਆਸਰੇ ਵੀ ਹੋ?

ਪੂਰਨ— ਹਾਂ ਇਕ ਤਾਂ ਇਸ ਦੇਹੀ ਦਾ ਗੁਰੂ, ਜਿਸ ਤੋਂ ਸੰਨਿਆਸ- 'ਗਿਰੀ ਸੰਨਿਆਸ' ਦਾ ਭੇਖ ਲੀਤਾ ਹੈ; ਦੂਜੇ ਮਰਯਾਦਾ ਮੈਂ 'ਰਿਖੀ ਦੱਤ' ਦੀ ਧਾਰਨ ਕਰ ਲਈ ਹੈ।

ਮਰਦਾਨਾ— ਦੱਤ ਕੌਣ ਸੀ?

ਪੂਰਨ— ਜਿਸ ਨੂੰ ਦੱਤਾ ਤ੍ਰੇਯ ਵੀ ਆਖਦੇ ਹਨ। ਉਹ ਬੜੇ ਜੋਗੀਰਾਜ, ਕਲਾਵਾਨ ਤੇ ਮਹਾਂ ਤਯਾਗੀ ਹੋਏ ਹਨ। ਸਮਝੋ ਜਨਮ ਤੋਂ ਹੀ ਤਯਾਗੀ ਸਨ। ਉਨ੍ਹਾਂ ਨੇ ੨੪ ਗੁਰੂ ਧਾਰਨ ਕੀਤੇ ਸੇ। ਯਾ ਇਉਂ ਕਹੋ ਕਿ ਆਪ ਨੇ ਜੀਵਨ ਲਈ ੨੪ ਪਦਾਰਥਾਂ ਤੋਂ ਇਕ ਇਕ ਵਿਸ਼ੇਸ਼ ਗੁਣ ਸਮਝਕੇ ਆਪਣੇ ਵਿਚ ਧਾਰਨ ਕੀਤੇ ਸਨ। ਉਨ੍ਹਾਂ ਦੀ ਜਨਮ ਕਥਾ ਵੀ ਲੀਲ੍ਹਾ ਮਈ ਹੈ।

ਮਰਦਾਨਾ— ਪੌਰਾਣਕ ਕਥਾਵਾਂ ਹੁੰਦੀਆਂ ਤਾਂ ਅਟਪਟੀਆਂ ਹਨ, ਪਰ ਹੁੰਦੀਆਂ ਸੁਆਦਲੀਆਂ ਹਨ ਤੇ ਉਨ੍ਹਾਂ ਵਿਚੋਂ ਸਿਖਯਾ ਕਦੇ ਕੋਈ ਚੰਗੀ ਮਿਲ ਜਾਂਦੀ ਹੈ।


www.sikhbookclub.com

ਪੂਰਨ ਗਿਰਿ (ਹੱਸ ਕੇ)— ਭਲਾ ਦੇਖੀਏ ਤੁਸੀਂ ਇਸ ਕਥਾ ਤੋਂ ਕੀਹ ਸਮਝਦੇ ਹੋ। ਮਾਰਕੰਡੇ ਪੁਰਾਣ ਵਿਚ ਲਿਖਿਆ ਹੈ ਕਿ ਇਕ ਬ੍ਰਾਹਮਣ ਨੂੰ ਕੋੜ੍ਹ ਹੋ ਗਿਆ! ਉਸ ਦੀ ਇਸਤ੍ਰੀ ਪਤਿਬ੍ਰਤਾ ਸੀ। ਪਤਿ ਸੇਵਾ ਤੇ ਪਤੀ ਪ੍ਰੇਮ ਵਿਚ ਉਹ ਤਤਪਰ ਰਹੀ। ਇਕ ਵੇਰ ਉਹ ਪਤੀ ਨੂੰ (ਇਸ ਦਾ ਨਾਉਂ ਪੁਰਾਣਾਂ ਵਿਚ 'ਕੌਸਕ' ਲਿਖਿਆ ਮਿਲਦਾ ਹੈ।) ਮੋਢੇ ਤੇ ਚਾਕੇ ਲਿਜਾ ਰਹੀ ਸੀ ਕਿ ਰਸਤੇ ਵਿਚ ਕਿਸੇ ਟਿਕਾਣੇ ਮਾਂਡਵ ਰਿਖੀ ਤਪਸਜਾ ਕਰ ਰਹੇ ਸਨ, ਯਾ ਸੂਲੀ ਤੇ ਟੰਗੇ ਧਜਾਨ ਵਿਚ ਲੀਨ ਸਨ। ਹਨੇਰਾ ਹੋਣ ਕਰਕੇ ਪਤਿਬ੍ਰਤਾ ਨੇ ਉਨ੍ਹਾਂ ਨੂੰ ਨਾ ਡਿਠਾ ਤੇ ਉਸ ਦੇ ਪਤੀ ਦਾ ਪੈਰ ਉਨ੍ਹਾਂ ਨੂੰ ਛੁਹ ਗਿਆ। ਉਸ ਵੇਲੇ ਪੀੜਤ ਹੋਕੇ ਰਿਖੀ ਨੇ ਸ੍ਰਾਪ ਦੇ ਦਿਤਾ ਕਿ ਜਾਹ ਪੈਰ ਛੁਹਾਵਣ ਵਾਲੇ ਸੂਰਜ ਚੜ੍ਹਦੇ ਸਾਰ ਤੂੰ ਮਰ ਜਾਏਂ! ਉਸ ਪਤਿਬ੍ਰਤਾ (ਇਸਦਾ ਨਾਉਂ 'ਨਰਮਦਾ' ਪੁਰਾਣਾਂ ਵਿਚ ਆਇਆ ਹੈ।) ਨੇ ਕਿਹਾ: ਹੱਛਾ ਸੂਰਜ ਹੀ ਨਾ ਚੜ੍ਹੇਗਾ; ਨਾ ਇਹ ਮਰੇਗਾ, ਨਾ ਮੈਂ ਵਿਧਵਾ ਹੋਵਾਂਗੀ। ਸੋ ਜਦ ਕੁਛ ਦਿਨ ਸੂਰਜ ਨਾ ਚੜ੍ਹਿਆ ਤੇ ਸ੍ਰਿਸ਼ਟੀ ਲਗੀ ਤਬਾਹ ਹੋਣ ਤਾਂ ਸਭ ਦੇਵਤੇ ਬ੍ਰਹਮਾ ਕੋਲ ਗਏ। ਤਦ ਬ੍ਰਹਮਾ ਨੇ ਸੋਚਿਆ ਕਿ ਹੀਰੇ ਨੂੰ ਹੀਰਾ ਵੇਧਦਾ ਹੈ। ਪਤਿਬ੍ਰਤਾ ਦਾ ਸ੍ਰਾਪ ਪਤਿਬ੍ਰਤਾ ਹੀ ਮੋੜ ਸਕਦੀ ਹੈ। ਉਸ ਨੇ ਸਲਾਹ ਦਿੱਤੀ ਕਿ ਤੁਸੀਂ ਅਤ੍ਰੀ ਮੁਨੀ ਦੀ ਇਸਤ੍ਰੀ ਅਨਸੂਯਾ ਪਾਸ ਜਾਓ। ਜਾਂ ਦੇਵਤੇ ਅਨਸੂਯਾ ਪਾਸ ਗਏ ਤਾਂ ਉਹ ਕੁਸ਼ਟੀ ਬ੍ਰਾਹਮਣ ਦੀ ਇਸਤ੍ਰੀ ਪਾਸ ਗਈ ਤੇ ਉਸ ਨੂੰ ਸਮਝਾਇਆ ਕਿ ਜੇ ਤੂੰ ਮੇਰਾ ਕਿਹਾ ਮੰਨ ਲਏਂ ਤੇ ਸੂਰਜ ਚੜ੍ਹਨ ਦੇਵੇਂ ਤਾਂ ਤੇਰੇ ਪਤੀ ਦੇ ਮਰਦੇ ਸਾਰ ਮੈਂ ਉਸ ਨੂੰ ਆਪਣੇ ਬਲ ਨਾਲ ਜੀਊਂਦਾ ਕਰ ਦਿਆਂਗੀ ਸਗੋਂ ਅਰੋਗ ਬੀ ਕਰ ਦਿਆਂਗੀ। ਇਹ ਗੱਲ ਕੁਸ਼ਟੀ ਦੀ ਇਸਤ੍ਰੀ ਮੰਨ ਗਈ, ਸੂਰਜ ਚੜ੍ਹ ਪਿਆ, ਕੁਸ਼ਟੀ ਮਰ ਗਿਆ, ਪਰ ਫੇਰ ਅਨਸੂਯਾ ਦੇ ਵਰ ਕਰਕੇ ਜੀਊ ਪਿਆ ਤੇ ਕਸ਼ਟ ਵੀ ਹਟ ਗਿਆ। ਤਦ ਦੇਵਤਿਆਂ ਨੇ ਕਿਹਾ ਕਿ ਹੇ ਅਨਸੂਯਾ ਤੂੰ ਜਗਤ ਰਖਜਾ ਕੀਤੀ ਹੈ, ਵਰ ਮੰਗ! ਉਸ ਨੇ ਕਿਹਾ ਮੇਰੇ ਘਰ ਬ੍ਰਹਮਾ, ਵਿਸ਼ਨੂੰ, ਮਹੇਸ਼ ਤਿੰਨੇ ਦੇਵਤੇ ਜਨਮ ਲੈਣ। ਇਹ ਵਰ ਪ੍ਰਵਾਨ ਹੋਇਆ ਤੇ ਅਨਸੂਯਾ ਦੇ ਘਰ ਬ੍ਰਹਮਾ, ਵਿਸ਼ਨੂੰ, ਮਹੇਸ਼ ਤਿੰਨਾਂ ਨੇ ਵਾਰੋ ਵਾਰੀ ਜਨਮ ਲਿਆ ਤੇ ਸੋਮ, ਦੱਤਾ ਤ੍ਰੇਯ ਤੇ ਦਰਬਾਸ਼ਾ ਤਿੰਨਾਂ ਦੇ ਕ੍ਰਮ ਵਾਰ ਨਾਮ ਧਰੇ ਗਏ।

ਦੱਤਾ ਤ੍ਰੇਯ ਜਨਮ ਦੇ ਹੀ ਤਯਾਗੀ ਸੇ ਤੇ ਛੋਟੀ ਉਮਰ ਤੋਂ ਹੀ ਰਿਖੀਆਂ ਨਾਲ ਮਿਲ ਕੇ ਜੋਗ ਅਭਯਾਸ ਕਰਦੇ ਰਹੇ ਸੇ। ਕਈ ਯਤਨ ਹੋਏ, ਪਰ ਇਹ ਮੋਹ ਮਾਇਆ ਵਿਚ ਨਹੀਂ ਫਸੇ, ਪੂਰਨ ਸੰਨਯਾਸ ਵਿਚ ਰਹੇ। ਇਨ੍ਹਾਂ ਦੇ ਰਚੇ ਕਈ ਗ੍ਰੰਥ ਹਨ; ਮੈਨੂੰ ਉਨ੍ਹਾਂ ਦਾ ਸ਼ੌਕ ਹੈ, ਸੋ ਮੈਂ ਉਨ੍ਹਾਂ ਦੀਆਂ ਵਿਚਾਰਾਂ ਅਨੁਸਾਰ ਤਯਾਗ ਵਿਚ ਨਿਪੁੰਨ ਹੋਣ ਦਾ ਜਤਨ ਕਰਦਾ ਰਹਿੰਦਾ ਹਾਂ।

ਮਰਦਾਨਾ- - ਅਨੋਖੀ ਕਥਾ ਹੈ।

ਪੂਰਨ— ਤੁਸਾਂ ਇਸ ਕਥਾ ਵਿਚ ਕੀ ਚੰਗੀ ਗੱਲ ਵੇਖੀ ਹੈ?

ਮਰਦਾਨਾ - ਪਤਿਬ੍ਰਤਾ ਧਰਮ ਦੀ ਮਹਿਮਾ ਕਿਸੇ ਸਿਆਣੇ ਨੇ ਕੀਤੀ ਤੇ ਆਪਣੇ ਢੰਗ ਤੇ ਕੀਤੀ ਹੈ। ਕਈ ਰਿਖੀ, ਅਵਤਾਰ, ਪੈਗ਼ੰਬਰ ਕਈ ਵੇਰ ਇਸ ਤਰ੍ਹਾਂ ਬੁਝਾਰਤਾਂ(ਅਖਯਾਨਕਾਂ।) ਵਿਚ ਗੱਲਾਂ ਕਰਦੇ ਰਹੇ ਹਨ। ਬਾਕੀ ਇਹ ਕਿ ਸੂਰਜ ਨਾ ਚੜ੍ਹਿਆ ਹੋਵੇ, ਇਹ ਵੱਸੋਂ ਵੱਸੋਂ ਮੰਨਣ ਵਿਚ ਨਹੀਂ ਆਉਂਦਾ। ਹਾਂ, ਬੱਦਲਵਾਈ ਬਰਖਾ ਲੱਗ ਪਈ ਹੋਵੇ ਜੋ ਮਹੀਨਾ ਵੀਹ ਦਿਨ ਟੁਰੀ ਰਹੀ ਹੋਵੇ ਤੇ ਜਗਤ ਪੀੜਤ ਹੋ ਗਿਆ ਹੋਵੇ ਤਾਂ ਅਚਰਜ ਨਹੀਂ। ਗੱਲ ਤਾਂ, ਸੰਤ ਜੀ! ਇਹ ਹੈ ਕਿ ਤਪ ਨਾਲੋਂ ਪ੍ਰੇਮ ਵਧੇਰੇ ਬਲਵਾਨ ਹੈ, ਜੋ ਉਸ ਬ੍ਰਾਹਮਣ ਇਸਤ੍ਰੀ ਦਾ ਕੁਸ਼ਟੀ ਪਤੀ ਵਿਚ ਸੀ ਤੇ ਅਨਸੂਯਾ ਦਾ ਅੱਤ੍ਰੇ ਰਿਖੀ ਵਿਚ ਸੀ। ਪਰ ਸਾਡਾ ਗੁਰੂ ਬਾਬਾ ਸਿੱਧੀ ਮਤਿ ਦੇਂਦਾ ਹੈ, ਉਹ ਤਾਂ ਸੱਚ ਦੀਆਂ ਝੋਲੀਆਂ ਭਰ ਭਰ ਲੁਟਾਈ ਫਿਰਦਾ ਹੈ ਜਿਵੇਂ ਪਹਾੜ ਆਪਣੇ ਮੀਂਹਾਂ ਦੇ ਪਾਣੀ ਨਦੀਆਂ ਨਾਲਿਆਂ ਵਿਚ ਰੋੜਦੇ ਰਹਿੰਦੇ ਖੀਵੇ ਹੁੰਦੇ ਹਨ (ਮੁਸਕ੍ਰਾ ਕੇ)।

ਪੂਰਨ - ਹੱਛਾ? ਸਤਯ ਤਾਂ ਕਲੂ ਕਾਲ ਵਿਚ ਹੈ ਨਹੀਂ ਕਿਤੇ।

ਮਰਦਾਨਾ— ਕਿਸੇ ਵੇਲੇ ਪੁੱਛ ਲੈਣਾ ਤੁਹਾਨੂੰ ਦੱਸਣਗੇ। ਹੁਣ ਤਾਂ ਮੈਨੂੰ ਤੁਸੀਂ ਆਪਣੀ ਮੁਝਾਓ ਜੋ ਬੜੀ ਸੁਆਦਲੀ ਲਗ ਰਹੀ ਹੈ।

ਪੂਰਨ - ਮੈਂ ਆਪ ਨੂੰ ਮੋਟਾ ਮੋਟਾ ਹਾਲ ਦੱਸਿਆ ਹੈ ਆਪਣੇ ਮਤ ਦਾ, ਇਕ ਗੱਲ ਹੋਰ ਦੱਸਣੀ ਹੈ। ਸਾਡੇ ਚਾਰ ਮਠ ਹਨ ਜੋ ਸ਼ੰਕ੍ਰਾਚਾਰਯ ਜੀ ਨੇ ਨੀਯਤ ਕੀਤੇ ਸਨ। ਹਰੇਕ ਦਸ ਨਾਮੀ ਸੰਨਯਾਸੀ ਕਿਸੇ ਨਾ ਕਿਸੇ ਮਠ ਨਾਲ ਸੰਬੰਧ ਰੱਖਦਾ ਹੈ। ਮਰਯਾਦਾ ਐਉਂ ਹੈ-ਪੁਰੀ, ਭਾਰਤੀ ਤੇ ਸਰਸ੍ਵਤੀ ਦੀ ਸਿਖਯਾ-ਪਰੰਪਰਾ 'ਸ਼੍ਰਿੰਗੇਰੀ ਮਠ' ਦੇ ਅੰਤਰ ਗਤਿ ਹੈ, ਤੀਰਥ ਤੇ ਆਸ਼੍ਰਮ

'ਸ਼ਾਰਦਾ ਮਠ', ਬਨ ਤੇ ਅਰੰਨਜ 'ਗੋਵਰਧਨ ਮਠ' ਦੇ। ਗਿਰੀ ਪਰਬਤ ਤੇ ਸਾਗਰ 'ਜੋਸ਼ੀ ਮਠ' ਦੇ। ਹਰ ਮਠ ਦਾ ਵਡਕਾ ਮਹੰਤ ਕਹਿਲਾਉਂਦਾ ਹੈ। ਇਸ ਹਿਸਾਬ ਮੈਂ ਜੋਸ਼ੀ ਮਠ ਨਾਲ ਸੰਬੰਧਤ ਹਾਂ ਤੇ ਉਥੇ ਦੇ ਮਹੰਤ ਨਾਰਾਯਣ ਗਿਰਿ ਜੀ ਮੇਰੇ ਗੁਰੂ ਹਨ, ਜਿਨ੍ਹਾਂ ਨੇ ਭੇਖ ਮੈਨੂੰ ਦਿੱਤਾ ਤੇ ਇਸ ਰਾਹੇ ਟੋਰਿਆ। ਵੈਸੇ ਮੈਨੂੰ ਦੱਤਾ ਤ੍ਰੇਯ ਦੇ ਗ੍ਰੰਥ ਪੜ੍ਹਕੇ ਓਹ ਬਹੁਤ ਉੱਤਮ ਮਹਾਂ ਪੁਰਖ ਲੱਗੇ, ਜਿਨ੍ਹਾਂ ਨੂੰ ਮੈਂ ਆਪਣਾ ਆਗੂ (ਵਡਕਾ) ਬਣਾ ਲਿਆ, ਹੁਣ ਦੋ ਮੇਰੇ ਆਸਰੇ ਹਨ। (ਠੰਢਾ ਸਾਹ ਲੈਕੇ) ਕਲੂ ਕਾਲ ਹੈ, ਭਿਆਨਕ ਸਮਾਂ ਹੈ, ਇਸ ਸਮੇਂ ਸੰਨਜਾਸ ਨਿਭਣਾ ਕਠਨ ਹੈ, ਗੁਰੂ ਬਿਨਾ ਕੌਣ ਖਚਿਆ ਹੈ।

ਤੁਸੀਂ ਵੀ ਸਨਜਾਸੀਆਂ ਵਾਂਙੂ ਫਿਰ ਰਹੇ ਹੋ ਪਰ ਜਾਪਦਾ ਹੈ ਕਿ ਆਪਣੇ ਹੀ ਪੈਰੀਂ ਫਿਰ ਰਹੇ ਹੋ। ਜੋਸ਼ੀ ਮਠ ਚੱਲੋ ਮੈਂ ਨਾਰਾਇਨ ਗਿਰਿ ਤੋਂ ਭੇਖ ਲੈ ਦਿਆਂ, ਭੇਖ ਜਾਚੇ ਬਿਨਾ ਨਹੀਂ ਮਿਲਦਾ ਤੇ ਕਿਸੇ ਤੋਂ ਲਏ ਬਿਨਾ ਤਜਾਗ ਨਿਭਦਾ ਨਹੀਂ। ਤੁਸੀਂ ਚੰਗੇ ਹੋ ਪਰ ਕਿਸੇ ਦੇ ਹੋ ਕੇ ਰਹੋ ਤਾਂ ਹੋਰ ਚੰਗਾ ਹੈ।

ਮਰਦਾਨਾ— ਸ੍ਰੀ ਜੀਓ, ਮੈਂ ਤਾਂ ਹਾਂ ਹੀ ਲੋੜਵੰਦ, ਮੇਰੀ ਜਾਤ ਮੰਗਣ ਵਾਲੀ, ਮੇਰਾ ਸੁਭਾਉ ਮੰਗਣ ਵਾਲਾ, ਪਰ ਸਹੁੰ ਜੇ ਤੁਸਾਡੇ ਕਮੰਡਲ ਦੀ, ਜਦ ਮੈਂ ਗੁਰੂ ਨਾਨਕ ਅੱਗੇ ਝੋਲੀ ਅੱਡੀ ਹੈ, ਮੈਂ ਇੰਨਾ ਗ਼ਨੀ(ਅਮੀਰ, ਰੱਜਿਆ ਹੋਇਆ, ਸੰਤੁਸ਼ਟ।) ਹੋ ਗਿਆ ਕਿ ਸਿਵਾ ਉਸਦੇ ਕਿਸੇ ਦਾ ਜਾਚਕ ਹੋਣਾ ਮੈਨੂੰ ਕਿਸੇ ਭਾ ਨਹੀਂ ਜਚਦਾ। ਬਾਕੀ ਰਹੀ ਗਲ ਗੁਰੂ ਨਾਨਕ ਦੀ, ਤੁਸੀਂ ਆਪ ਉਨ੍ਹਾਂ ਨੂੰ ਪੁਛ ਲਓ ਮੇਰੀ ਜਾਚੇ ਤਾਂ ਓਹ ਅਮਰ ਅਜਾਚੀ ਹਨ। ਉਨ੍ਹਾਂ ਦਾ ਪਦ ਦਾਤਾ ਪਦ ਹੈ। ਦਾਤਾ ਜਾਚਕਾਂ ਦੀਆਂ ਜਾਚਨਾਂ ਪੂਰੀਆਂ ਕਰਦਾ ਹੈ ਆਪ ਨਹੀਂ ਜਾਚਦਾ।

ਪੂਰਨ— ਹੱਛਾ, ਤੁਸਾਂ ਤਾਂ ਗੁਰੂ ਭਾਵਨਾ ਉਨ੍ਹਾਂ ਵਿਚ ਧਾਰੀ, ਚੰਗਾ, ਪਰ ਤੁਹਾਨੂੰ ਪਤਾ ਹੋਸੀ, ਉਨ੍ਹਾਂ ਭੇਖ ਕਿਸ ਤੋਂ ਲੈ ਕੇ ਧਾਰਿਆ ਹੈ?

ਮਰਦਾਨਾ— ਮੈਨੂੰ ਇੰਨਾਂ ਥਹੁ ਪੈਂਦਾ ਹੈ ਕਿ ਉਹ ਆਪ ਹੈ, ਜਿਸ ਨੂੰ ਜਾਚਦੇ ਰਹੇ ਹਨ ਅਵਤਾਰ ਤੇ ਪੈਗੰਬਰ, ਆਪ ਗੁਰੂ ਉਸਤਾਦ ਮਾਤ੍ਰ ਨਹੀਂ, ਸਗੋਂ ਗੁਰੂਆਂ ਦਾ ਗੁਰੂ-ਗੁਰੂ ਜੋਤਿ। ਮੈਂ ਪੜਿਆ ਨਹੀਂ ਹਾਂ, ਪਰ ਮੈਨੂੰ ਦੀਦੇ ਦਿਤੇ ਹਨ ਦਾਤੇ ਨੇ ਦੇਖਣ ਹਾਰ, ਦੇਖਦਾ ਹਾਂ ਦਾਤੇ ਨੂੰ ਦਾਤਾਪਦ

ਵਿਚ ਦਾਨ ਦੇਂਦਿਆਂ ਤੇ ਵਡੇ ਵਡੇ ਦਤਾਰਾਂ ਨੂੰ ਉਨ੍ਹਾਂ ਅੱਗੇ ਅੜਦਿਆਂ ਫੇਰ ਝੁਕਦਿਆਂ ਤੇ ਅੰਤ ਝੋਲੀ ਅੱਡਦਿਆਂ, ਦਾਨ ਲੈਂਦਿਆਂ ਤੇ ਕ੍ਰਿਤ ਕ੍ਰਿਤ ਹੁੰਦਿਆਂ। ਮੈਂ ਤਦ ਦਲੀਲ ਦੁੜਾਕੇ ਸਮਝਦਾ ਹਾਂ ਕਿ ਇਹ ਹੈ ਦਾਤਾ ਧੁਰ ਦਾ। ਇਹ ਦੁਖ ਦਮਨਹਾਰ ਹੈ ਦੁਨੀਆਂ ਦਾ। ਇਸ ਦੇ ਅੱਗੇ ਦੀਨ ਦੁਨੀ ਦਾਨ ਮੰਗਣਹਾਰ ਹੈ ਤੇ ਇਹੋ ਵਡਾ ਦਾਤਾ ਹੈ, ਜੀਓ ਦਾਤਾ ਹੈ, ਦਾਤਾ ਹੈ।

ਪੂਰਨ ਗਿਰਿ— ਆਪ ਦਾ ਵਿਸ਼ਵਾਸ ਧੰਨਜਤਾ ਯੋਗ ਹੈ। ਆਪਦੇ ਗੁਰੂ ਦਾ ਦਰਸ਼ਨ ਦਿੱਬਜ ਹੈ, ਇਸ ਵਿਚ ਸੰਦੇਹ ਨਹੀਂ, ਪਰ ਸ਼ੰਕਰ ਜੀ ਨੇ ਗੁਰੂ ਧਾਰਨ ਕੀਤਾ, ਰਾਮ ਕ੍ਰਿਸ਼ਨ ਜੀ ਨੇ ਗੁਰੂ ਧਾਰੇ, ਇਹ ਮਰਯਾਦਾ ਹੈ।

ਮਰਦਾਨਾ— ਪਰ ਰਾਮ ਕ੍ਰਿਸ਼ਨ ਕਿ ਸ਼ੰਕਰ ਕਿ ਜਗਤ ਦੇ ਸਿਖ਼ਜਾਦਾਤੇ ਜੋ ਵੀ ਆਏ ਕਰਤਾਰ ਦੇ ਘੱਲੇ ਆਏ, ਓਹ ਸਾਰੇ ਉਸ ਰਬ ਦੀ 'ਗੁਰੂ ਜੋਤਿ' ਦੇ ਤਾਬੇ ਆਏ, ਉਨ੍ਹਾਂ ਨੂੰ ਦੇਹ ਧਾਰਕੇ ਗੁਰੂ ਜੋਤਿ ਨਾਲ ਸੰਬੰਧਤ ਹੋਣ ਲਈ ਗੁਰੂ ਦੀ ਲੋੜ ਸੀ। ਪਰ ਹੁਣ ਤਾਂ ਗੁਰੂ ਜਜੋਤਿ ਆਪ ਆ ਗਈ ਹੈ ਇਸ ਜਾਮੇ ਵਿਚ। ਗੁਰੂ ਜਜੋਤਿ ਜੋ ਆਪ ਹੋਈ ਉਸ ਨੂੰ ਹੋਰ ਕਿਹੜਾ ਗੁਰੂ ਮਿਲੇ? ਉਸ ਨੂੰ ਤਾਂ ਅਕਾਲ ਪੁਰਖ ਆਪ ਹੀ ਗੁਰੂ ਹੋ ਕੇ ਮਿਲਿਆ ਹੈ, ਤੇ ਉਸੇ ਦੀ ਸੈਨਤ ਨਾਲ ਆਪ ਘਰ ਬਾਰ ਸੁਖ ਆਰਾਮ ਆਪਣੇ ਪਰਾਏ ਛਡ ਕੇ ਸੱਚ ਲੁਟਾਉਣ ਉਠ ਟੁਰੇ ਹਨ। ਸੱਚ ਜਾਣੋ, ਜੇ ਐਤਨਾ ਸੱਖ ਮੈਨੂੰ ਖ਼ਾਲਕ ਦੇ ਦਿੰਦਾ ਜਿੰਨਾਂ ਗੁਰੂ ਨਾਨਕ ਪਾਸ ਹੈ ਤਾਂ ਮੈਂ ਸ਼ੂਮ ਦੇ ਧਨ ਵਾਂਙੂ ਸਾਂਭ ਕੇ ਬਹਿ ਜਾਂਦਾ, ਪਥੱਲਾ ਮਾਰਕੇ, ਪਰ ਇਹ ਦਾਤਾ ਐਸਾ ਹੈ ਕਿ ਮੱਲੋ ਮੱਲੀ ਲੁਟਾਈ ਫਿਰਦਾ ਹੈ, ਦੁਨੀਆਂ ਗਉਲਦੀ ਨਹੀਂ, ਕਦਰ ਨਹੀਂ ਕਰਦੀ, ਸਗੋਂ ਕਈ ਵੇਰ ਅਨਾਦਰ ਪੱਲੇ ਪੈਂਦਾ ਹੈ ਪਰ ਬੱਲੇ ਬਈ ਬੇਲੀ ਨਾਨਕਾ! ਬੁਰੇ ਤੋਂ ਬੁਰੇ ਦੀ ਬਦੀ ਤੇ ਬੇਹੱਦ ਬਦੀ ਬ੍ਰਿੱਛਾਂ ਦੀ ਬਰਦਾਸ਼ਤ ਨਾਲੋਂ ਵੀ ਬਹੁਤੇ ਸਹਾਰੇ ਨਾਲ ਝੱਲ ਲੈਂਦਾ ਹੈਂ ਤੇ ਆਪਣੀ ਲੁੱਟ ਲੁਟਾਉਣੋਂ ਨਹੀਂ ਟਲਦਾ, ਪਰ ਨਹੀਂ ਟਲਦਾ!

ਪੂਰਨ— ਪਰ ਮੈਂ ਉਨ੍ਹਾਂ ਨੂੰ ਫੇਰ ਬੀ ਪੁੱਛਣਾ ਹੈ ਕਿ ਤੁਸਾਡਾ ਗੁਰੂ ਕੌਣ ਹੈ?

ਮਰਦਾਨਾ— ਪੁੱਛ ਲੈਣਾ।.....ਪਰ ਖਬਰਦਾਰ ਰਹਿਣਾ, (ਸਿਰ ਫੇਰਕੇ) ਰੋਜ਼ ਨਦੀ ਤੋਂ ਪਾਣੀ ਭਰਕੇ ਲੈ ਆਉਣ ਵਾਲੇ ਨੂੰ ਕਦੇ ਵਗ ਰਹੀ ਨੈਂ

 www.sikhbookclub.com

ਦੀ ਕਾਂਗ ਦੀ ਲਪੇਟ ਲਪੇਟ ਲੈਂਦੀ ਤੇ ਆਪਣੇ ਨਾਲ ਲੈ ਜਾਂਦੀ ਏ ਜਲਾਂ ਅਸਗਾਹਾਂ ਵਿਚ।

ਪੂਰਨ (ਹੱਸ ਕੇ)-- ਸੰਗੀਤਾਚਾਰਯ ਜੀ! ਜੇ ਤਾਂ ਹੋਏ ਗੁਰੂ ਵਿਹੂਣੇ ਤਾਂ ਮੇਰੀ ਪ੍ਰੇਰਨਾ ਖਾਲੀ ਨਹੀਂ ਚੱਲੀ, ਮੰਨ ਜਾਣਗੇ ਤਾਂ ਇਹ ਬੀ ਉਪਕਾਰ ਹੋਊ। ਤੇ ਜੇ ਹੋਏ ਗੁਰੂ ਜ਼ਜੋਤੀ ਆਪ, 'ਗੁਰੂ ਨਾਂ --ਗੁਰੂ' ਦੀ ਆਪਣੀ ਜੋਤਿ, ਤਾਂ ਮੇਰਾ ਹੋ ਜਾਏਗਾ ਕਲਜਾਨ। ਸੋ ਦੋਹੀਂ ਹੱਥੀਂ ਲੱਡੂ ਵਾਲੀ ਗਲ ਏ।

ਮਰਦਾਨਾ— ਚੰਗੀ ਗਲ ਏ। ਚੰਦਨ ਨਾਲ ਖਹਿ ਪਈਏ ਤਾਂ ਉਹ ਖੁਸ਼ਬੂ ਹੀ ਦਾਨ ਕਰਦਾ ਏ।

4.

ਇਥੇ ਟਿਕ ਕੇ ਗੁਰੂ ਜੀ ਨੇ ਨਹੀਂ ਗਉਲਿਆ ਕਿ ਇਸ ਆਸ਼੍ਰਮ ਦੀ ਗਲ ਬਾਤ ਕਿਵੇਂ ਹੈ। ਮਰਦਾਨੇ ਨਾਲ ਸਾਧੂ ਦੀ ਗਲ ਬਾਤ ਹੋਈ ਪਰ ਆਪ ਚੁਪ ਰਹੇ, ਟਿਕੇ ਰਹੇ, ਕਦੇ ਡੇਰੇ ਕਦੇ ਬਨ ਵਿਚ। ਅਗਲੇ ਭਲਕ ਆਪ ਏਕਾਂਤ ਬੈਠੇ ਸਨ ਕਿ ਪੂਰਨ ਗਿਰਿ ਆ ਗਿਆ ਪਾਸ ਗੁਰੂ ਜੀ ਦੇ ਤੇ ਰਿਆ ਬੈਠ ਪਾਸ, ਗਲ ਬਾਤ ਛੇੜ ਦਿਤੀਓਸ ਗੁਣ ਦਾਨ ਕਰਨ ਦੀ ਗ਼ਰਜ਼ ਧਾਰ ਕੇ। ਪਹਿਲੇ ਤਾਂ ਗਉਲੀ ਨਾਂ ਗੱਲ ਗੁਰੂ ਜੀ ਨੇ, ਪਰ ਗਿਰੀ ਸੰਤ ਦੀ ਤੀਬ੍ਰਤਾ ਤੱਕ ਕੇ ਗਹੁ ਕਰ ਕੇ ਸੁਣਨ ਲਗ ਪਏ।

ਪੂਰਨ— ਸ੍ਰੀ ਗੁਰੂ ਜੀ! ਆਮ ਜਗਤ ਵਿਚ ਤਾਂ ਆਪ ਤਪਸ੍ਵੀ ਵਿਖਜਾਤ ਹੋ। ਕੋਈ ਆਖਦਾ ਹੈ ਮੁਸ਼ਕਿਆ ਤਪਾ ਹੈ ਨਾਨਕ, ਕੋਈ ਬਾਬਾ ਨਾਨਕ ਤੇ ਕੋਈ ਗੋਰਖ ਵਾਂਙੂ ਤੁਹਾਨੂੰ ਵੀ ਗੁਰੂ ਨਾਨਕ ਆਖਦਾ ਹੈ। ਗੁਰੂ ਪਦ ਤੁਮਾਂ ਨਾਲ ਲਗ ਗਿਆ ਹੈ: ਤੁਮਾਂ ਦਾ ਭੇਖ ਵੀ ਦੀਹਦਾ ਹੈ, ਮਤਿ ਗ੍ਰਿਹਮਤ ਨਹੀਂ ਉਦਾਸੀਨਤਾ ਵਾਲਾ ਦਿਸਦਾ ਹੈ। ਚਾਹੋ ਅਟਪਟਾ ਜਿਹਾ ਭੇਖ ਹੈ। ਤੁਸਾਂ ਨੂੰ ਮਿਲਕੇ ਸੁਆਦ ਬੀ ਆਇਆ ਹੈ, ਠੰਡੇ ਠੰਡੇ ਲਗਦੇ ਹੋ। ਪਰ ਮੈਨੂੰ ਸੰਸਾ ਹੈ ਕਿ ਤੁਸਾਂ ਕਿਸੇ ਤਿਆਰਗੀ ਸੰਨਯਾਸੀ ਮਹੰਤ ਦੇ ਦੁਆਰੇ ਭੇਖ ਦੀ ਯਾਚਨਾ ਕਰਕੇ ਭੇਖ ਨਹੀਂ ਧਾਰਿਆ, ਆਪਣੇ ਹੀ ਉੱਗ੍ਰ ਤਪ ਨਾਲ ਉਜਾਗਰ ਹੋਏ ਹੋ, ਇਹ ਮਰਯਾਦਾ ਦੀ ਬਾਤ ਨਹੀਂ; ਜੇ ਨਹੀਂ ਧਾਰਿਆ ਤਾਂ ਧਾਰ ਲਓ। ਫਿਰ ਜੋ ਸਫਲਤਾ ਆਪ ਵਿਚ ਹੈ, ਪੂਰਨ ਸਫਲਤਾ ਨੂੰ ਪ੍ਰਾਪਤ ਹੋਵੇਗੀ। ਜੇ ਧਾਰਿਆ ਹੈ ਤਾਂ ਮੈਂ ਖੁਸ਼, ਮੇਰਾ ਗੁਰੂ ਖੁਸ਼। ਖਿਮਾ ਕਰੀਓ, ਮੈਂ ਹਿਤਾਵਲੰਬੀ ਹਾਂ।


www.sikhbookclub.com

ਗੁਰੂ ਬਾਬੇ ਨੇ ਸੁਣ ਕੇ ਹੱਥ ਤੇ ਹੱਥ ਮਾਰਿਆ ਤੇ ਖੂਬ ਹੱਸੇ। ਫਿਰ ਬੋਲੇ: ਹਛਾ ਪੂਰਨ ਗਿਰਿ ਜੀ। ਹੁੰਦਾ ਜੋ ਹੋਵੇ ਸੋ ਦੇਵੇ ਫੜਾਈ, ਜੋ ਹੈ ਹੀ ਨਹੀਂ ਓਸਦੀ ਕਾਹਦੀ ਫੜਾਈ (ਹੋਂਦਾ ਫੜੀਅਗੁ ਨਾਨਕ ਜਾਣੁ॥ ਨਾ ਹਉ ਨਾ ਮੈ ਜੂਨੀ ਪਾਣੁ॥-ਵਾਰ ਮਲਾਰ ਮ:੧-੨੪)। ਨਾਨਕ ਕੀ ਹੈ ਆਪਣੇ ਮਾਲਕ ਦਾ ਦੀਵਾਨਾ, ਦੀਵਾਨਾ ਕੀ ਹੁੰਦਾ ਹੈ ਬੇਚ਼ਾਰਾ, ਤੇ ਵਿਚਾਰਾ (ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥ -ਮਾਰੂ ਮ:੧-੭)।

ਪੂਰਨ—ਤੁਸੀਂ ਔਲੇ ਮੌਲੇ ਹੋ, ਦੀਹਦਾ ਹੈ, ਪਰ ਮੈਂ ਚਾਹੁੰਦਾ ਹਾਂ ਮਰਯਾਦਾ ਪੂਰੀ ਹੋ ਜਾਏ।

ਗੁਰੂ ਜੀ (ਅਸਮਾਨ ਵਲ ਤੱਕ ਕੇ)— ਗੁਰੂ ਗੁਰੂ ਗੁਰੂ, ਹਾਂ ਗੁਰੂ (ਪੂਰਨ ਗਿਰਿ ਵਲ ਤੱਕ ਕੇ) ਕਿਹੜਾ ਹੈ ਤੁਸਾਂ ਜੀ ਦੇ ਧਿਆਨ ਵਿਚ ਗੁਰੂ?

ਪੂਰਨ (ਕੁਛ ਥਿੜਕ ਕੇ)— ਦੱਤ.....ਦੱਤਾ ਤ੍ਰੇਯ। ਉਸ ਦੀ ਜੁਗਤਿ, ਉਹ ਪੂਰਨ ਸੰਨਯਾਸੀ ਹੋਇਆ ਹੈ, ਉਹ ਪੂਰਨ ਯੋਗੀ ਹੋਇਆ ਹੈ। ਉਸਦੀ ਜੁਗਤਿ ਪੂਰਨ ਤਯਾਗ ਵੈਰਾਗ ਹੈ। ਉਸ ਦੀ ਜੁਗਤਿ ਲਓ ਭੇਖ ਧਾਰੋ ਤੇ ਭੇਖ ਲਓ ਨਰਾਇਣ ਗਿਰਿ ਤੋਂ ਜੋ ਮਾਨੋਂ ਦੱਤਾ ਤ੍ਰੇਯ ਦਾ ਰੂਪ ਹੀ ਹੈ।

ਗੁਰੂ ਜੀ— ਦੱਤਾ ਤ੍ਰੇਯ ਤਯਾਗੀ ਵਿਰਾਗੀ ਹੋਏ ਹਨ, ਪਰ ਬੀਤ ਗਏ ਸਮੇਂ, ਤੁਸਾਂ ਨੂੰ ਕਦੋਂ ਕਿਥੋਂ ਤੇ ਕਿਵੇਂ ਮਿਲੇ ਹਨ?

ਪੂਰਨ— ਮਿਲਨਾਂ ਤਾਂ ਦੋਹਾਂ ਦਾ ਮੌਤ ਮਗਰੋਂ ਹੋ ਨਹੀਂ ਸਕਦਾ। ਆਤਮਾ ਜੀਉਂਦੀ ਹੈ ਤੇ ਪ੍ਰਭਾਵ ਦੇਂਦੀ ਹੈ, (ਘਬਰਾਕੇ) ਨਹੀਂ, ਉਹ ਤਾਂ ਬ੍ਰਹਮ ਵਿਚ ਲੀਨ ਹੋ ਗਏ। ਹਾਂ, ਪਰ ਨਹੀਂ; ਪੂਰਨ ਅਵਧੂਤ ਬੀਤਾਰਾਗੀ ਮਹਾਤਮਾ, ਜੇ ਜਗਤ ਉਪਕਾਰ ਲਈ ਚਾਹੇ ਤਾਂ ਈਸ਼ਰ ਰੂਪਤਾ ਵਿਚ ਜੀਉਂਦਾ ਜਗਤ ਦਾ ਸਹਾਈ ਹੁੰਦਾ ਹੈ, ਪਰ ਇਸ ਤੋਂ ਵੱਖਰੇ ਉਹਨਾਂ ਦੇ ਪੁਸਤਕ ਜੋ ਹਨ!

ਗੁਰੂ ਜੀ— ਤੁਸਾਂ ਪੜ੍ਹੇ ਹੈਨ?

ਪੂਰਨ-- ਜੀ ਹਾਂ, ਮੈਂ ਪੜੇ ਹੈਨ, ਮੇਰੇ ਪਾਸ ਏਸ ਆਸ਼੍ਰਮ ਵਿਖ ਲਿਖੇ ਹੋਏ ਪਏ ਹਨ। ਮੈਂ ਬੜੀ ਕਠਨਤਾ ਨਾਲ ਕੱਠੇ ਕੀਤੇ ਹਨ।

ਗੁਰੂ ਜੀ— ਕਿਹੜੇ ਕਿਹੜੇ ਪੁਸਤਕ ਕੱਠੇ ਕਰ ਲਏ ਹਨ?

ਪੂਰਨ— ਮੇਰੇ ਪਾਸ ਏਹ ਗ੍ਰੰਥ ਹੈਨ: ਅਵਧੂਤ ਗੀਤਾ, ਅਦਭੁਤ ਗੀਤਾ, ਵਿਦਯਾ ਗੀਤਾ, ਦੱਤਾ ਤ੍ਰੇਯ ਉਪਨਿਖਦ, ਦੱਤਗੀਤਾ, ਯੋਗ ਸ਼ਾਸਤ੍ਰ। ਕੁਛ

ਗ੍ਰੰਥ ਉਨਾਂ ਦੇ 'ਦੱਤਾ ਤ੍ਰੇਯ ਚੰਦ੍ਰਿਕਾ' ਆਦਿ ਬੀ ਤਾਂਤ੍ਰਿਕਾਂ ਪਾਸ ਹਨ, ਉਹ ਮੈਂ ਨਹੀਂ ਦੇਖੇ। ਜੈਨੀ ਵੀ ਦੱਤਾ ਤ੍ਰੇਯ ਨੂੰ ਮੰਨਦੇ ਹਨ। ਉਨਾਂ ਪਾਸ ਜੋ ਗ੍ਰੰਥ ਉਨਾਂ ਸਬੰਧੀ ਹਨ, ਮੈਂ ਨਹੀ ਅਜੇ ਤੱਕੇ। ਜੇ ਆਪ ਕੁਛ ਕਾਲ ਠਹਿਰੋ ਤਾਂ ਮੈਂ ਗ੍ਰੰਥ ਸੁਣਾਵਾਂ। ਜੇ ਜੁਗਤ ਪਸੰਦ ਆਵੇ ਤਾਂ ਭੇਖ ਲਈ ਫੇਰ ਸ੍ਰੀ ਸ੍ਵਾਮੀ ਨਰਾਇਣ ਗਿਰਿ ਪਾਸ ਚਲੇ ਚੱਲੀਏ।

ਗੁਰੂ ਜੀ— ਸੰਨਯਾਸੀ ਹੋ ਕੇ ਜਾਂ ਹੋਰ ਕਿਸੇ ਤਰ੍ਹਾਂ ਤਯਾਗੀ ਹੋ ਕੇ ਤਯਾਗ ਨੂੰ ਪਰਮ ਪ੍ਰਯੋਜਨ ਸਮਝਕੇ ਚੰਬੜ ਜਾਣਾ ਆਪਣੇ ਆਪ ਵਿਚ ਵਾਂਛਿਤ ਨਹੀਂ, ਕਿਉਂਕਿ ਉੱਤਮ ਵਸਤੂ ਦਾ ਸਭ ਕੋਈ ਅਧਿਕਾਰੀ ਹੈ, ਜੇ ਕੇਵਲ ਸੰਨਯਾਸ ਜਾਂ ਤਯਾਗ ਉੱਤਮ ਹੈ, ਜੇ ਸਰਬ ਧਾਰ ਲੈਣ ਤਾਂ ਸੌ ਕੁ ਵਰ੍ਹੇ ਵਿਚ ਪ੍ਰਿਥਵੀ ਨਿਰ ਮਾਨੁਖ ਹੋ ਜਾਏਗੀ। ਹਾਂ ਆਤਮ ਅਨੁਭਵਤਾ ਵਾਸਤੇ ਏਕਾਂਤ ਸਹਾਈ ਹੈ ਪਰ ਦੂਜੇ ਪਾਸੇ ਇਸ ਵੇਲੇ ਵਰਤ ਰਹੇ ਪ੍ਰਵਿਰਤ ਵਰਤਾਰੇ ਤੱਕੋਗੇ, ਸੰਨਯਾਸੀ ਪ੍ਰਜਾ ਲਈ ਸੁਖ ਦੀ ਥਾਂ ਦੁਖਦਾਈ ਹੋ ਰਹੇ ਹਨ।

ਪੂਰਨ— ਸੰਨਯਾਸੀ ਦਾ ਧਰਮ ਹੈ ਕਾਮਜ ਕਰਮਾਂ ਦਾ ਤਯਾਗ ਕਰਨਾ। ਨਿਯਤ ਕਰਮਾਂ ਦਾ ਤਯਾਗ। ਸੰਨਯਾਸੀ ਦੰਡ ਕਮੰਡਲ ਧਾਰਨ ਕਰਦਾ ਹੈ। ਸੰਨਯਾਸੀ ਇਕ ਬ੍ਰਹਮ ਨਿਸ਼ਟ ਹੁੰਦਾ ਹੈ। ਸੰਨਯਾਸੀ ਮੰਗਦਾ ਨਹੀਂ, ਜੋ ਮਿਲੇ ਉਸ ਤੇ ਸੰਤੁਸ਼ਟ ਰਹਿੰਦਾ ਹੈ। ਉਹ ਇਸਤ੍ਰੀ ਦਾ ਦਰਸ਼ਨ ਤਾਂ ਕਿਤੇ ਰਿਹਾ ਉਹ ਪਾਖਾਣ ਯਾ ਕਾਠ ਦੀ ਇਸਤ੍ਰ ਦੀ ਮੂਰਤੀ ਨੂੰ ਵੀ ਨਹੀਂ ਛੁਹੰਦਾ। ਸੰਨਯਾਸੀ ਅਕਸਰ ਮੋਨ ਤੋਂ ਕੰਮ ਲੈਂਦਾ ਹੈ। ਅੱਠ ਪ੍ਰਕਾਰ ਦੀ ਅਹਿੰਸਾ ਵਿਚ ਕਦੇ ਨਹੀਂ ਵਰਤਦਾ। ਅਗੋਂ ਸੰਨਯਾਸੀ ਕਈ ਪ੍ਰਕਾਰ ਦੇ ਹਨ। ਹਰੇਕ ਦੇ ਧਰਮ ਆਪੋ ਆਪਣੇ ਸੰਕੇਤ ਹਨ। ਆਪ ਜਾਣਦੇ ਹੀ ਹੋਸੋ। ਆਪ ਕਿਵੇਂ ਆਖਦੇ ਹੋ ਕਿ ਸੰਨਯਾਸੀ ਸੁਖਦਾਈ ਨਹੀਂ?

ਗੁਰੂ ਜੀ— ਮੈਂ ਕਿਹਾ ਹੈ, ਸੰਨਯਾਸੀ ਸੁਖਦਾਈ ਨਹੀਂ ਰਹੇ।

ਪੂਰਨ— ਕ੍ਰਿਪਾ ਕਰਕੇ ਸਮਝਾਓ।

ਗੁਰੂ ਜੀ— ਸੰਨਯਾਸੀ ਕਿ ਫ਼ਕੀਰ, ਵੈਸ਼ਨਵ ਕਿ ਸ਼ੈਵ, ਕੋਈ ਹੋਵੇ ਜੋ ਤਯਾਗੀ ਹੋ ਕੇ ਵਿਚਰ ਰਹੇ ਹਨ, ਉਨ੍ਹਾਂ ਦੀ ਅਵਸਥਾ ਜੋ ਚਾਹੀਏ ਸੋ ਇਸ ਪ੍ਰਕਾਰ ਦੀ ਲੋੜੀਏ— ਕਿ ਉਹ ਗੁਰੂ ਦੇ ਦਿਤੇ ਸ਼ਬਦ (ਨਾਮ) ਦੁਆਰਾ ਇਕ ਕਰਤਾ ਪੁਰਖ ਵਿਚ ਲਿਵ ਲਾਵੇ ਤੇ ਸਦੀਵ ਨਾਮ ਦੀ ਤ੍ਰਿਪਤੀ

 www.sikhbookclub.com

ਨਾਲ ਤ੍ਰਿਪਤ ਰਹੇ। ਉਹ ਹੈ ਮੇਰੀ ਜਾਚੇ ਸੱਚਾ ਸਨਜਾਸੀ ਚਾਹੇ ਕਿਵੇਂ ਤੇ ਕਿਥੇ ਰਹੇ। ਕਿਉਂਕਿ ਉਸਦੀ ਸੁਰਤ ਮੋਹ ਮਾਯਾ ਤੋਂ ਸਨਜਾਸ ਵਿਚ ਆ ਗਈ ਹੈ ਯਾ ਆ ਜਾਏਗੀ(ਬਾਬਾ ਐਸੀ ਰਵਤ ਰਵੈ ਸੰਨਿਆਸੀ॥ ਗੁਰ ਕੈ ਸਬਦਿ ਏਕ ਲਿਵ ਲਾਗੀ ਤੇਰੈ ਨਾਮਿ ਰਤੇ ਤ੍ਰਿਪਤਾਸੀ॥— ਮਾਰੂ ਮ:੧ ਅਸਟ:-੭)।

ਪੂਰਨ— ਇਹ ਤਾਂ ਆਪ ਨੇ ਭਗਤੀ ਮਾਰਗ ਦੀ ਮਰਯਾਦਾ ਦੱਸੀ ਹੈ। ਸੰਨਜਾਸੀ ਦਾ ਤਾਂ ਤਜਾਗ ਮਾਰਗ ਹੈ ਤੇ ਬ੍ਰਹਮਨਿਸ਼ਟ ਗਜਾਨ ਮਾਰਗ ਹੈ;

ਗੁਰੂ ਜੀ— ਸੁਣੋਂ ਪੂਰਨ ਗਿਰਿ ਜੀ! ਉਦਾਸ ਨਹੀਂ ਹੋਣਾ, ਸੱਚ ਸਭ ਤੋਂ ਸੁੱਚੀ ਵਸਤੂ ਹੈ। ਸੱਚ ਨਿਰਲੋਭ ਹੈ, ਸੱਚ ਸੁਣ ਕੇ ਨਿਰਖੋਭ ਹੋਣਾ ਸੱਚ ਦਾ ਧਾਰਣੀ ਹੋਣਾ ਹੈ। ਜੋ ਕੁਛ ਅਸਾਂ ਨਿਜ ਦੇਸ਼ ਵਿਚ, ਦੇਸ਼ਾਂਤ੍ਰਾਂ ਵਿਚ ਡਿੱਠਾ ਹੈ ਇਹ ਹੈ ਕਿ 'ਸੰਨਜਾਸ' ਕਿ 'ਤਜਾਗ' ਨਾਮ ਮਾਤ੍ਰ ਰਹਿ ਗਿਆ ਹੈ। ਇਸ ਵੇਲੇ ਰਾਜਾ ਗ਼ੈਰ ਮਤ ਦਾ ਹੈ ਤੇ ਜ਼ਾਲਮ ਹੈ, ਪ੍ਰਜਾ ਦੁਖੀ ਹੈ, ਸੰਨਜਾਸੀ ਚਾਹੀਦਾ ਸੀ ਪ੍ਰਜਾ ਦਾ ਸਹਾਈ। ਪਰ ਹੋ ਕੀ ਰਿਹਾ ਹੈ? ਦੇਖੋ: ਵੈਰਾਗ, ਕਿ ਸਾਧਾਰਨ ਵੈਰਾਗ ਨਾਲ ਕੋਈ ਸੰਨਜਾਸੀ ਨਹੀਂ ਹੁੰਦਾ। ਨਾ ਬਾਨ ਪ੍ਰਸਤ ਕਮਾ ਕੇ ਸੰਨਜਾਸ ਧਾਰਨ ਕਰਦਾ ਹੈ। ਬਿਨਾਂ ਗੁਰੂ ਨੂੰ ਮਿਲੇ, ਬਿਨਾਂ ਸਮਝੇ, ਕਿਸੇ ਵੇਲੇ ਕੋਈ 'ਕਾਰਣ ਚੋਟ' ਨਾਲ ਤਜਾਗ ਦੀ ਲਹਿਰ ਤ੍ਰੰਗ ਅੰਦਰ ਉੱਠੀ, ਘਰ ਬਾਰ ਛਡਿਆ ਤੇ ਮਨ ਦੇ ਉਦ੍ਵੇਗ ਦੇ ਮਗਰ ਲਗ ਕੇ ਸੰਨਜਾਸੀ ਹੋ ਗਿਆ। ਐਸਾ ਮਨਮੁਖ ਈਸ਼੍ਰਰ ਪਰਾਇਣ ਨਹੀਂ ਹੁੰਦਾ। ਸਗੋਂ ਜਿਮ ਗ੍ਰਿਹਸਤ ਨੂੰ ਛੱਡ ਨਿਕਲਿਆ ਸੀ, ਉਨ੍ਹਾਂ ਦੇ ਅਗੇ ਪੇਟ ਪਾਲਣਾ ਲਈ, ਰੋਟੀ ਕਪੜੇ ਲਈ, ਨਜ਼ਰਾਂ ਬੰਨ੍ਹਦਾ ਹੈ। ਬ੍ਰਹਮਚਰਯ ਉਸ ਨਹੀਂ ਕਮਾਇਆ, ਗ੍ਰਿਹਸਤ ਧਰਮ ਉਸ ਨੇ ਪਾਲਣੇ ਦੀ ਥਾਂ ਨਸ਼ਟ ਕੀਤਾ, ਸਤਿਗੁਰੂ ਨੂੰ ਮਿਲਿਆ ਨਹੀਂ, ਏਕਾਂਤ ਵਿਚ ਭਜਨ ਨਹੀਂ ਕੀਤਾ! ਖੋਟੀ ਮਤ ਕਿ ਅਗਜਾਨ ਵਿਚ ਭਉਂਤਲਿਆ ਫਿਰਦਾ ਹੈ, ਜਿਵੇਂ ਘੁੰਮਣਘੇਰੀ ਵਿਚ ਤੀਲੇ ਭੌਂਤਲੇ ਚੱਕਰ ਲਾਈ ਫਿਰਦੇ ਰਹਿੰਦੇ ਹਨ। ਦੇਸ਼ ਦੇਸ਼ਾਂਤ੍ਰਾਂ ਵਿਚ ਟੱਕਰਾਂ ਮਾਰਦਿਆਂ ਜੇ ਸਮਝ ਪੈਂਦੀ ਹੈ ਕਿ ਕੁਛ ਪੜ੍ਹ ਲਈਏ, ਜੋ ਫੇਰ ਗੱਲ ਬਾਤ, ਕਥਾ ਕਰ ਸਕੀਦੀ ਹੈ, ਤਾਂ ਪੂਜਾ ਚੰਗੀ ਹੁੰਦੀ ਹੈ ਤਾਂ ਫਿਰ ਕੁਛ ਪੜ੍ਹਦਾ ਤੇ ਪਾਠ ਕਰ ਕਰ ਸੁਣਾਉਂਦਾ ਹੈ, ਪਰ ਉਸ ਨਾਲ

ਥਕਾਨ ਪੱਲੇ ਪੈਂਦੀ ਹੈ ਤੇ ਤ੍ਰਿਸ਼ਨਾਂ ਨਹੀਂ ਮਿਟਦੀ, ਕਿਉਂਕਿ ਪਾਠ ਕਰਦਾ ਹੀ ਪੇਟ ਪੂਰਨ ਕਰਨੇ ਦੀ ਤ੍ਰਿਸ਼ਨਾ ਵਿਚ ਹੈ। ਉਸ ਕੱਚੀ ਮਤ ਵਾਲੇ ਨੂੰ ਸਮਝ ਨਹੀਂ ਪੈਂਦੀ ਕਿ ਦੇਹ ਮੇਰੀ ਇਕ ਕੱਚੀ ਮਿੱਟੀ ਵਰਗਾ ਸਰੀਰ ਹੈ। ਇਸ ਨੇ ਨਹੀਂ ਰਹਿਣਾ, ਇਸ ਵਿਚ ਪੱਕੀ ਗੱਲ ਨਾਮ ਦਾ ਅਭਯਾਸ ਹੈ; ਇਸ ਗੱਲ ਦੀ ਸੋਝੀ ਵੀ ਨਹੀਂ ਸੂ ਪੈਂਦੀ। ਨਾ ਉਸ ਨੇ ਇਹ ਦੇਹ ਬ੍ਰਹਮਚਰਯ ਨਾਲ ਕਮਾ ਕੇ ਪਰਤਾਵਿਆਂ ਮੂਹਰੇ ਪੱਕੇ ਰਹਿਣ ਵਾਲੀ ਬਣਾਈ ਹੈ। ਕੱਚੀ ਨੂੰ ਹੀ ਲੈ ਕੇ ਭੇਖ ਧਾਰ ਫਿਰਿਆ ਹੈ, ਸੋ ਨਾਮ ਤੋਂ ਬੇਮੁਖ, ਵੈਰਾਗ ਤੋਂ ਖਾਲੀ, ਤ੍ਰਿਸ਼ਨਾ ਵਿਚ ਅੱਟਿਆ, ਕੇਵਲ ਪੇਟ ਪਾਲਨ ਹਿਤ ਮੰਗਦਾ, ਲੈਂਦਾ, ਖਾਂਦਾ, ਅਚੇਤ ਪਸ਼ੂ ਦੀ ਤਰ੍ਹਾਂ ਪੇਟ ਭਰਦਾ ਚਰਦਾ ਫਿਰਦਾ ਹੈ। ਕੀ ਐਸਾ ਸੰਨਯਾਸੀ ਆਪਣਾ ਜਾਂ ਕਿਸੇ ਦਾ ਉਧਾਰ ਕਰ ਸਕਦਾ ਹੈ? ਕੀ ਇਹ ਬ੍ਰਹਮਨਿਸ਼ਟ ਸੰਨਯਾਸੀ ਹੈ(ਇਹ ਵਾਰਤਾਲਾਪ ਖੁੱਲ੍ਹਾ ਅਨੁਵਾਦ ਹੈ ਮਾਰੂ ਮ:੧ ਅਸਟਪਦੀ ਸੱਤਵੀਂ ਦੀ ਪਹਿਲੀ ਪਉੜੀ ਦਾ, ਜੋ ਇਉਂ ਹੈ:- ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ॥ ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ॥ ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ॥ ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ॥੧॥ ਬਾਬਾ ਐਸੀ ਰਵਤ ਰਵੈ ਸੰਨਿਆਸੀ॥ ਗੁਰ ਕੈ ਸਬਦਿ ਏਕ ਲਿਵ ਲਾਗੀ ਤੇਰੈ ਨਾਮਿ ਰਤੇ ਤ੍ਰਿਪਤਾਸੀ॥੧॥ਰਹਾਉ॥) ?

ਇਕ ਹੋਰ ਤਯਾਗ ਲਈ ਉਠਦਾ ਹੈ, ਦਮੜੀ ਦੀ ਲਈ ਪਸਾਰੀ ਤੋਂ ਗੇਰੀ, ਘੋਲੀ ਤੇ ਰੰਗ ਬਣਾ ਕੇ ਬਸਤ੍ਰਾਂ ਨੂੰ ਉਸ ਵਿਚ ਰੰਗ ਲਿਆ, ਇਹ ਕਪੜੇ ਪਹਿਰੇ ਤੇ ਭੇਖ ਧਾਰਨ ਹੋ ਗਿਆ। ਲੱਭਾ ਕੀ? ਭਿਖਾਰੀ ਬਣ ਗਿਆ। ਜੋ ਪਹਿਲੇ ਚਾਦਰ ਦੀ ਬੁੱਕਲ ਮਾਰ ਕੇ ਪਰ੍ਹੇ ਵਿਚ ਬੈਠਦਾ ਸੀ; ਉਹ ਪਾੜ ਕੇ ਗੋਦੜੀ ਸੀਉਂ ਲਈ, ਨਾਲ ਇਕ ਝੋਲੀ ਬਣਾ ਲਈ। ਇਸ ਝੋਲੀ ਦੇ ਕਈ ਖਾਨੇ ਬਣਾ ਲਏ, ਜ਼ਾਹਰਾ ਤਾਂ ਆਟਾ ਪਾਉਣੇ ਲਈ ਪਰ ਅੰਦਰ ਇਕ ਗੁਪਤ ਖਾਨਾ ਮਾਇਆ ਰੱਖਣ ਨੂੰ। ਹੁਣ ਘਰ ਘਰ ਮੰਗਦਾ ਫਿਰਦਾ ਹੈ, ਜਗਤ ਨੂੰ ਉਪਦੇਸ਼ ਦੇਂਦਾ ਹੈ ਕਿ ਮਾਇਆ ਨਾਲ ਮੋਹ ਨਾ ਕਰੋ ਇਹ ਸੰਤਾਂ ਨੂੰ ਦਾਨ ਦਿਆ ਕਰੋ। ਇਸ ਦਾ ਮਨ ਤਾਂ ਰਿਹਾ ਅਗਯਾਨ ਵਿਚ ਅੰਨ੍ਹਾ, ਇਹ ਜਗਤ ਵਿਚ ਕਿ ਦਰਗਾਹ ਵਿਚ ਕੀਹ ਮਾਨ ਪਾਏਗਾ? ਇਹ ਤਾਂ ਇਸ ਕਰਤਬ ਨਾਲ ਆਪਣੀ ਮਤ ਮਾਨੋਂ ਜੂਏ

ਦੀ ਹਾਰ ਵਾਂਙੂ ਹਾਰ ਰਿਹਾ ਹੈ। ਆਪ ਭਰਮ ਵਿਚ ਭੁੱਲਾ ਭਟਕਦਾ ਹੈ, ਨਾਮ ਨੂੰ ਪਛਾਣਦਾ ਨਹੀਂ, ਇਹ ਉਹ ਜੁਆਰੀਆ ਹੈ ਜੋ ਬਾਜੀ ਹਾਰ ਕੇ ਦੁਖੀ ਹੁੰਦਾ ਹੈ(ਇਹ ਖੁੱਲ੍ਹਾ ਅਨੁਵਾਦ ਹੈ ਉਸੇ ਸ਼ਬਦ ਦੀ ਦੂਸਰੀ ਪਉੜੀ ਦਾ। ਜਿਸ ਦਾ ਪਾਠ ਇਉਂ ਹੈ:- ਘੋਲੀ ਗੇਰੂ ਰੰਗੁ ਚੜਾਇਆ ਵਸਤ੍ਰ ਭੇਖ ਭੇਖਾਰੀ॥ ਕਾਪੜ ਫਾਰਿ ਬਨਾਈ ਖਿੰਥਾ ਝੋਲੀ ਮਾਇਆ ਧਾਰੀ॥ ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿਹਾਰੀ॥ ਭਰਮਿ ਭੁਲਾਣਾ ਸਬਦੁ ਨ ਚੀਨੈ ਜੂਐ ਬਾਜੀ ਹਾਰੀ॥੨॥)॥੨॥

ਇਕ ਹੋਰ ਤਜਾਗੀ ਹੈ ਜੋ ਗੁਰੂ ਤੋਂ ਮਤ ਲਏ ਬਿਨਾ ਹੀ ਤਜਾਗੀ ਹੋ ਕੇ ਤਪੱਸਵੀ ਬਣ ਬੈਠਾ ਹੈ। ਭਲੇ ਲੋਕਾਂ ਨੂੰ ਸਮਝ ਨਾ ਪਈ ਕਿ ਅੰਦਰ ਤਾਂ ਮੇਰੇ ਤ੍ਰਿਸ਼ਨਾ ਦੇ ਭਾਂਬੜ ਬਲ ਰਹੇ ਹਨ ਤੇ ਮੈਂ ਸਗੋਂ ਹੁਣ ਬਾਹਰ ਵੀ ਧੂਣੀਆਂ ਲਾ ਬੈਠਾ ਹਾਂ। ਦੋ ਅੱਗਾਂ ਦੇ ਸੇਕ ਵਿਚ ਆਪੇ ਬੈਠਾ ਮਨ ਸਰੀਰ ਦੀ ਤਪਸ਼ ਵਧਾ ਰਿਹਾ ਹਾਂ। ਉਸ ਨੂੰ ਸਮਝ ਨਹੀਂ ਪੈਂਦੀ ਕਿ ਗੁਰੂ ਸੇਵਾ ਬਿਨਾ ਭਗਤੀ ਨਹੀਂ ਪ੍ਰਾਪਤ ਹੋਣੀ, ਤ੍ਰਿਸ਼ਨਾ ਦੀ ਅੱਗ ਗੁਰੂ ਬਿਨਾ ਨਹੀਂ ਬੁਝਣੀ। ਤ੍ਰਿਸ਼ਨਾ ਬੁਝੇ ਬਿਨਾ ਤੇ ਭਗਤੀ ਲੱਭੇ ਬਿਨਾ ਆਪੇ ਦਾ ਗਜਾਨ ਨਹੀਂ ਪ੍ਰਾਪਤ ਹੋਣਾ। ਅੰਦਰ ਜੋ ਇਸ ਤਰ੍ਹਾਂ ਗਾਹੜਾ ਹਨੇਰਾ ਛਾਇਆ ਰਹਿਣਾ ਹੈ ਇਸ ਨਾਲ ਤਾਂ ਆਪਣੀ ਮਹਿਮਾ ਤੇ ਦੂਇਆਂ ਦੀ ਨਿੰਦਾ ਵਿਚ ਹੀ ਵਰਤਾਰਾ ਰਹੇਗਾ। ਜਿਸ ਦਾ ਫਲ ਜੀਉਂਦੇ ਜੀ ਨਰਕ ਵਿਚ ਵਸੇਗਾ, ਤੇ ਜਿਥੇ ਜੀਉਂਦਿਆਂ ਵਸੇਗਾ ਉਥੇ ਹੀ ਮਰ ਕੇ ਜਾਏਗਾ। ਜੇ ਭਲਾ ਏਹ ਧੂਣੀਆਂ ਦਾ ਪ੍ਰੇਮੀ ਤੀਰਥ ਯਾਤ੍ਰਾ ਨੂੰ ਉਠ ਤੁਰੇਗਾ ਤਾਂ ਵੀ ਖਰਾਬ ਹੀ ਹੋਣਾ ਹੈ, ਕਿਉਂਕਿ ਕਿਸੇ ਅੱਗੇ ਨਿਉਂ ਕੇ ਇਸ ਨੇ ਭਰਮ ਨਵਿਰਤੀ ਦੀ ਜਾਚ ਨਹੀਂ ਸਿਖਣੀ ਤੇ ਭਰਮ ਕੱਟੇ ਬਿਨਾ ਪਾਪ ਦੀ ਮੈਲ ਨਹੀਂ ਕਟੀਣੀ(ਉਸੇ ਸ਼ਬਦ ਦੀ ਤੀਜੀ ਪਉੜੀ ਦਾ ਖੁੱਲ੍ਹਾ ਅਨੁਵਾਦ ਹੈ, ਜਿਸ ਦਾ ਪਾਠ ਇਉਂ ਹੈ:— ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ॥ ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ॥ ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ॥ ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ॥੩॥)॥੩॥

ਇਕ ਹੋਰ ਸੰਨਜਾਸੀ ਕਹੋ ਕਿ ਤਜਾਗੀ ਕਹੋ ਜੋ ਗੋਰੀ ਤੇ ਦਮੜੀ ਨਹੀਂ ਖਰਚਦਾ। ਸੁਆਹ ਛਾਣ ਕੇ ਹੀ ਪਿੰਡੇ ਤੇ ਮਲ ਕੇ ਖੂਬ ਚੜ੍ਹਾ ਲੈਂਦਾ

 www.sikhbookclub.com

ਹੈ। ਇਹ ਵੀ ਗੁਰੂ ਨਹੀਂ ਧਾਰਦਾ, ਨਾਮ ਨਹੀਂ ਲੈਂਦਾ, ਨਾ ਜਪਦਾ ਹੈ। ਇਹ ਕਿਹੜਾ ਰਸਤਾ ਟੋਲੇਗਾ? ਮਾਇਆ ਦਾ। ਏਹ ਜੇ ਪਾਠ ਕਹੇਗਾ ਤਾਂ ਝੂਠ ਬੋਲਣੋਂ ਸੰਕੋਚ ਨਹੀਂ ਕਰੇਗਾ। ਜੇ ਇਸ ਨੂੰ ਕੋਈ ਸੱਚੀ ਗਲ ਕਹੇ, ਕਿ ਕੋਈ ਦਾਤਾ ਮਲੋ ਮਲੀ ਸਚ ਦਾ ਉਪਦੇਸ਼ ਦੇਵੇ ਤਾਂ ਇਸ ਨੂੰ ਗੁੱਸਾ ਚੜ੍ਹਦਾ ਹੈ। ਸਿਖ ਮਤ ਨਹੀਂ ਲੈਂਦਾ ਨਾਮ ਇਸ ਜਪਿਆ ਨਹੀਂ, ਅੰਦਰ ਤੇ ਬਾਹਰ ਇਕ ਭਗਵੰਤ ਹੈ ਇਹ ਗਜਾਨ ਇਸ ਨੂੰ ਕੀਕੂੰ ਲੱਭੇਗਾ? ਸੋ ਇਹ ਨਾਮ ਵਿਹੂਣਾ ਸੰਨਜਾਸੀ ਜਗਤ ਵਿਚ ਕੀਕੂੰ ਸੋਹੇਗਾ ਤੇ ਪਰਲੋਕ ਵਿਚ ਸੁਖੀ ਕੀਕੂੰ ਹੋਏਗਾ(ਇਹ ਖੁੱਲ੍ਹਾ ਅਨੁਵਾਦ ਹੈ ਪਉੜੀ ਚਉਥੀ ਦਾ, ਯਥਾ:— ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ॥ ਅੰਤਹਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ॥ ਪਾਠੁ ਪੜੇ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥ ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ॥੪॥)॥੪॥

ਇਕ ਹੋਰ ਸੰਨਜਾਸੀ ਬਣਦਾ ਹੈ, ਉਹ ਸਿਰ ਮੂੰਹ ਮੁਨਾ ਕੇ ਘੋਨ ਮੋਨ ਹੋ ਬੈਠਦਾ ਹੈ। ਇਕ ਹੋਰ ਹੈ ਉਹ ਵੀ ਤਿਆਗ ਧਾਰਨ ਕਰਦਾ ਹੈ ਪਰ ਉਹ ਸਿਰ ਦੇ ਵਾਲਾਂ ਵਿਚ ਸੁਆਹ ਪਾ ਕੇ ਉਸ ਦੀਆਂ ਜਟਾਂ ਬਣਾ ਕੇ ਧਾਰਨ ਕਰਦਾ ਹੈ ਤੇ ਫਿਰ ਨਾਲ ਮੋਨ ਧਾਰਨ ਕਰਦਾ ਹੈ, ਕਿ ਮੇਰਾ ਸਤਿਕਾਰ ਵਧ ਜਾਏ। ਇਸ ਨੂੰ ਆਤਮ ਗਜਾਨ ਪ੍ਰਾਪਤ ਤਾਂ ਹੋਇਆ ਨਹੀਂ ਤੇ ਨਾ ਹੀ ਆਤਮ ਗਜਾਨ ਪ੍ਰਾਪਤੀ ਦੀ ਇਸ ਨੂੰ ਪ੍ਰੀਤ ਹੈ; ਦੱਸੋ ਇਸ ਦਾ ਮਨ ਕੀ ਕਰੇਗਾ? ਪੂਰਨ ਜੀ! ਸੋਚ ਲਓ, ਇਸ ਦਾ ਮਨ ਡੋਲੇਗਾ ਤੇ ਦਸੋ ਦਿਸ਼ਾ ਵਿਚ ਧਾਵੇਗਾ। ਇਸ ਦੀ ਹੁਣ ਵਰਤੋਂ ਵੀਚਾਰ ਲਓ ਕੀ ਹੋਵੇਗੀ। ਮਾਇਆ ਪਿਛੇ ਇਹ ਬਾਵਰਾ ਜਿਹਾ ਹੋਇਆ ਰਹੇਗਾ; ਸੋ ਆਤਮ ਗਿਆਨ ਦੇ ਅੰਮ੍ਰਿਤ ਨੂੰ ਛਡ ਕੇ ਮਾਇਆ ਸੰਚਨ ਦੀ ਵਿਹੁ ਕੱਠੀ ਕਰਦਾ ਰਹੇਗਾ। ਜੋ ਕੁਛ ਕਰਦਾ ਰਹੇਗਾ ਉਹ ਕੀਤਾ ਮਿਟਣਾ ਨਹੀਂ, ਫਲ ਕੀ ਹੋਵੇਗਾ? ਕਿ ਉਸ ਨੂੰ ਹੁਕਮ ਦੀ ਸੋਝੀ ਨਹੀਂ ਪੈਣੀ ਤੇ ਸੁਭਾਵ ਜੋ ਮਾਇਆ ਪ੍ਰੇਮੀ ਹੋ ਰਿਹਾ ਹੈ ਉਹ ਪਸੂਆਂ ਤੁੱਲ ਤ੍ਰਿਸ਼ਨਾ ਬ੍ਰਿਤੀ ਵਿਚ ਇਸ ਦੀ ਟੇਕ ਲੁਆ ਦੇਵੇਗਾ(ਇਹ ਖੁੱਲਾ ਅਨੁਵਾਦ ਹੈ ਪੰਜਵੀਂ ਪਉੜੀ ਦਾ, ਜਿਸਦਾ ਪਾਠ ਹੈ:— ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ॥ ਮਨੂਆ ਡੋਲੈ ਦਹਦਿਸ ਧਾਵੈ ਬਿਨੁ ਰਤ ਆਤਮ ਗਿਆਨਾ॥

ਅੰਮ੍ਰਿਤ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ॥ ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ॥੫॥)।

ਇਕ ਹੋਰ ਉਠਦਾ ਹੈ ਘਰ ਬਾਹਰ ਛਡ ਕੇ ਸੰਨਿਆਸੀ ਹੋ ਦੰਡ ਕਮੰਡਲ ਲੈ ਕੇ ਟੁਰ ਨਿਕਲਦਾ ਹੈ। ਸਿਆਲ ਦੀ ਠੰਢ ਵਾਪਰੇ ਤਾਂ ਲੀਰਾਂ ਵਾਪਰੇ ਤਾਂ ਲੀਰਾਂ ਦੀ ਗੋਦੜੀ ਬਣਾ ਲੈਂਦਾ ਹੈ ਘਰ ਵਿਚ ਆਪਣੀ ਵਿਆਹੀ ਇਸਤ੍ਰੀ ਨੂੰ ਰੋਂਦਿਆਂ ਛੱਡ ਕੇ ਤਜਾਗੀ ਬਣ ਕੇ ਟੁਰ ਜਾਂਦਾ ਹੈ: ਅੰਦਰ ਕਾਮ ਦੀ ਬਿਖ ਹੈ ਸੋ ਪਰ ਇਸਤ੍ਰੀਆਂ ਵਿਚ ਚਿਤ ਲਾ ਕੇ ਮੁੜ ਕਾਮ ਵਜਾਪਦਾ ਹੈ। ਨਾਮ ਦੀ ਇਸ ਨੂੰ ਪਹਿਚਾਨ ਨਹੀਂ, ਫਿਰ ਇਹ ਚੇਲੇ ਚਾਟੜੇ ਤੇ ਸ਼ਿਸ਼ ਬਣਾਉਂਦਾ ਫਿਰਦਾ ਹੈ। ਇਹ ਸੰਨਜਾਸੀ ਨਹੀਂ ਇਹ ਲੰਪਟ ਪੁਰਖ ਹੈ, ਇਸ ਨੂੰ ਵਿਸ਼ਜਾਸ਼ਕਤ ਕਹੋ, ਇਸ ਨੂੰ ਬਜ਼ਾਰੀ ਕਹੋ; ਕਿਉਂਕਿ ਬਾਹਰ ਇਸ ਦੇ ਤਾਂ ਟਿਕਾਉ ਸ਼ਾਂਤੀ ਤੇ ਸੰਤਤਾਈ ਦੇ ਲੱਛਣ ਹਨ ਲੋਕਾਂ ਨੂੰ ਨਿਰ ਭ੍ਰਾਂਤੀ ਹੋ ਕੇ ਦਸਦਾ ਹੈ ਪਰ ਅੰਦਰ ਨਾਮ ਨਹੀਂ, ਬਿਖ ਹੈ, ਇਸ ਕਰਕੇ ਜ਼ਮ ਇਸਦੀ ਖੁਆਰੀ ਕਰੇਗਾ(ਇਹ ਛੇਵੀਂ ਪਉੜੀ ਦਾ ਖੁੱਲ੍ਹਾ ਅਨੁਵਾਦ ਹੈ, ਪਉੜੀ ਦਾ ਪਾਠ ਇਉਂ ਹੈ:-- ਹਾਥ ਕਮੰਡਲ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ॥ ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ॥ ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ॥ ਅੰਤਰਿ ਖਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ॥੬॥)॥੬॥

ਪੂਰਨ (ਠੰਢਾ ਤੇ ਲੰਮਾ ਸਾਹ ਲੈ ਕੇ)—ਮੇਰੇ ਸਤਿਕਾਰ ਯੋਗ ਸ਼ੁਭ ਆਏ ਸੁਭਾਗ ਜੀਓ, ਆਪ ਨੇ ਸਨਜਾਸੀਆਂ ਦੇ ਜਾਂ ਇਉਂ ਕਹੀਏ ਕਿ ਤਜਾਗ ਮਾਰਗ ਦੇ ਸਾਧੂਆਂ ਦੇ ਗਿਰਾਉ ਦੇ ਨਕਸ਼ੇ ਜੋ ਖਿੱਚ ਕੇ ਦਿਖਾਏ ਹਨ ਅੱਖਰ ਅੱਖਰ ਸਹੀ ਹਨ। ਇਹੋ ਵਰਤਾਰਾ ਵਰਤ ਰਿਹਾ ਹੈ! ਦੇਖੋ ਨਾ ਜੀ, ਬੁਧ ਜੀ ਨੇ ਭਿੱਖੂ ਰਚੇ ਸਨ ਜੋ ਘਰ ਬਾਰ ਛੋਡ ਤਜਾਗੀ ਹੋ ਅਪਣੇ ਮਤ ਦੇ ਪ੍ਰਚਾਰ ਵਿਚ ਦੇਸ ਵਿਚ ਫਿਰ ਨਿਕਲੇ ਸਨ। ਜਦੋਂ ਸ਼ੰਕਰ ਜੀ ਨੇ ਦਿਗਬਿਜੈ ਕਰਕੇ ਬਲ ਤੋੜਿਆ ਤਾਂ ਬੋਧੀ ਭਿੱਖੂਆਂ ਅਤੇ ਜਨੀ ਸਾਧੂਆਂ ਵਾਂਙੂ ਉਹਨਾਂ ਨੇ ਵੀ ਸੰਨਜਾਸੀ ਜਗਤ ਉਧਾਰ ਲਈ ਟੋਰੇ, ਉਨ੍ਹਾਂ ਦੀ ਮਰਯਾਦਾ ਤੇ ਕਰਤੱਵ ਬੱਧੇ ਜੋ ਗ੍ਰੰਥਾਂ ਵਿਚ ਲਿਖੇ ਪਏ ਹਨ। ਪਰ ਕੁਝ ਕਾਲ ਗਤੀ ਐਸੀ ਹੈ ਕਿ ਹਰ ਸ਼ੈ ਗਿਰਾਉ ਵਲ ਜਾਂਦੀ ਹੈ। ਹਿਮਾਲਜ

ਦੀਆਂ ਚੋਟੀਆਂ ਤੇ ਪਈ ਸੁੱਛ ਬਰਫ ਢਲਦੀ ਹੇਠਾਂ ਹੇਠਾਂ ਹੁੰਦੀ ਦੇਸ਼ ਵਿਚ ਨਦੀਆਂ ਹੋ ਕੇ ਆਪਣੇ ਨਿਰਮਲ ਜਲ ਮੈਲੇ ਕਰ ਕੇ ਤੁਰੀ ਜਾਂਦੀ ਦਿਸਦੀ ਹੈ। ਪਰ ਸੰਨਜਾਸ ਦਾ ਅਮਲਾ ਤੇ ਜੋ ਨਿਯਮ ਬੱਧੇ ਹਨ, ਉਹ ਉੱਚੇ ਤੇ ਸੁੱਚੇ ਸੰਨਜਾਸੀ ਦਾ ਹੁਣ ਵੀ ਬੀਜ ਨਾਸ਼ ਤਾਂ ਨਹੀਂ।

ਗੁਰੂ ਜੀ— ਤੁਸਾਂ ਸੱਚ ਕਿਹਾ ਹੈ। ਪਰ ਬਾਹੁਲਤਾ ਗਿਰਾਉ ਦੀ ਹੈ ਤੇ ਇਹਨਾਂ ਦਾ ਸੁਧਾਰ ਪਰਜਾ ਦੇ ਸੁਧਾਰ ਤੋਂ ਮੂਹਰੇ ਲੋੜੀਦਾ ਹੈ। ਜੇ ਏਹ ਆਗੂ ਸੁਧਰ ਜਾਣ ਤਾਂ ਫੇਰ ਪਰਜਾ, ਜੋ ਇਹਨਾਂ ਦੇ ਮਗਰ ਹੈ, ਆਪੇ ਸੁਧਰ ਜਾਏ।

ਪੂਰਨ (ਸੁਹਣਾ ਸਹੂਲਤ ਦਾ ਸਾਹ ਲੈ ਕੇ)— ਸੰਨਜਾਸੀ ਦਾ ਕੀ ਗੁਣ ਹੋਵੇ ਤੇ ਸੰਨਜਾਸੀ ਦਾ ਕੀ ਕਰਤੱਵ ਚਾਹੀਏ? ਆਪ ਜੀ ਦਸੋ, ਉਹੋ ਪੁਰਾਤਨ ਕਿ ਕੋਈ ਨਵੀਨ?

ਗੁਰੂ ਜੀ— ਅਸੀਂ ਜ਼ਰੂਰੀ ਸਮਝਦੇ ਹਾਂ ਕਿ ਗੁਰੂ ਬਿਨਾਂ ਸੰਨਜਾਸੀ ਨਹੀਂ ਹੋ ਸਕਦਾ! ਸੰਨਜਾਸ ਧਾਰ ਕੇ ਜਗਤ ਗੁਰੂ ਬਣ ਕੇ ਨਿਕਲਣ ਤੋਂ ਪਹਿਲਾਂ ਓਹ ਸਤਿਗੁਰੂ ਦੀ ਸੇਵਾ ਕਰਕੇ ਉਸ ਪਦ ਤੇ ਅੱਪੜੇ ਜਿਸ ਵਿਚ ਕਹਿ ਸ਼ਕੀਏ ਕਿ ਇਸ ਨੇ ਆਪਾ ਭਾਵ ਗੁਆ ਲਿਆ ਹੈ! ਜਾਂ ਇਉਂ ਕਹੋ ਕਿ ਅਹੰਤਾ ਮਮਤਾ ਤੋਂ ਬਿਜੈ ਪਾ ਗਿਆ ਹੈ। ਫਿਰ ਲੋਭ ਤੋਂ ਪਾਕ ਹੋਵੇ, ਇਥੋਂ ਤਾਈਂ ਕਿ ਅੰਨ ਬਸਤ੍ਰ ਦੀ ਆਸ ਹੀ ਚੁਕਾ ਦੇਵੇ, ਜੋ ਕੁਛ ਅਚਿੰਤ ਮਿਲ ਜਾਵੇ ਸੋ ਖਾਏ! ਲੋਕਾਂ ਨੂੰ ਠੱਗ ਕੇ ਚੇਲੇ ਵਧਾਉਣ ਲਈ ਕਥਾ ਵਾਰਤਾ ਆਦਿ ਬ੍ਰਿਥਾ ਬੋਲਨ ਦਾ ਵਜਸਨੀ ਨਾ ਹੋ ਜਾਏ, ਜੇ ਉਸ ਦਾ ਅਨਾਦਰ ਹੋਵੇ ਤਾਂ ਉਸ ਦਾ ਡੰਡਾ ਨਾ ਖੜਕ ਪਵੇ, ਉਸ ਦੇ ਪੱਲੇ ਖਿਮਾਂ ਦਾ ਧਨ ਹੋਵੇ ਤੇ ਇਹੋ ਧਨ ਅਨਾਦਰ ਦੇ ਪੇਸ਼ ਆਇਆਂ ਉਹ ਜਮਾਂ ਕਰਦਾ ਜਾਏ। ਤਮੋ ਗੁਣੀ ਸੁਭਾਵ ਨੂੰ ਐਸਾ ਜਿੱਤੇ ਕਿ 'ਤਾਮਸੀ' ਦਾ ਪਦ ਹੀ ਮਾਨੋ ਉਸ ਨੇ ਸਾੜ ਸੁੱਟਿਆ ਹੈ। ਸਾੜੇ ਕੀਕੂੰ? ਅਪਣੇ ਤੇ ਗੁੱਸੇ ਹੋ ਕੇ ਆਪ ਨੂੰ ਨਾ ਸਾੜੇ ਪਰ ਕਰਤਾਰ ਦੇ ਨਾਮ ਅਭਜਾਸ ਨਾਲ ਅਪਣੀ ਤਾਮਸ ਨੂੰ ਮੁਕਾ ਦੇਵੇ।

ਸੰਤ ਪੂਰਨ ਜੀ! ਇਨ੍ਹਾਂ ਗੁਣਾਂ ਵਾਲਾ ਚਾਹੋ ਸੰਨਿਆਸੀ ਹੋਵੇ, ਚਾਹੋ ਜੋਗੀ ਹੋਵੇ, ਚਾਹੋ ਗ੍ਰਿਹਸਤੀ ਹੋਵੇ, ਉਹ ਧੰਨ ਹੈ ਜੇ ਉਸ ਨੇ ਅਪਣਾ ਚਿਤ ਕਰਤਾ ਪੁਰਖ ਦੇ ਚਰਨਾਂ ਨਾਲ ਜੋੜ ਲਿਆ ਹੈ ਤਾਂ(ਇਹ ਖੁਲ੍ਹਾ ਅਨੁਵਾਦ

 www.sikhbookclub.com

ਹੈ ਸਤਵੀਂ ਪਉੜੀ ਦਾ ਜੋ ਇਉਂ ਹੈ— ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ॥ ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ॥ ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ ਤਾਮਸੁ ਨਾਮਿ ਜਲਾਏ॥ ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ॥੭॥)।

ਪੂਰਨ--- ਤਾਂ ਤੁਸੀਂ ਸੰਨਯਾਸੀ ਲਈ ਨਿਰਾਸ ਰਹਿਣਾ ਜ਼ਰੂਰੀ ਸਮਝਦੇ ਹੋ। ਜਿਵੇਂ ਸਾਂਖ ਨੇ ਕਿਹਾ ਹੈ, 'ਨਿਰਾਸਾ ਸੁਖੀ ਪਿੰਗਲਾਵਤ'। ਪਰ ਤੁਸਾਂ ਇਨ੍ਹਾਂ ਵਿਚ ਜੋਗੀ ਤੇ ਗ੍ਰਿਹਸਤੀ ਬੀ ਸ਼ਾਮਲ ਕਰ ਲਏ ਹਨ! ਇਕ ਨਾਮ ਦੁਆਰਾ ਤਾਮਸ ਜਲਾਉਣੀ ਕਿਵੇਂ ਆਖੀ ਨੇ? ਸੰਨਯਾਸੀ ਤਾਂ ਆਤਮ ਨਿਸ਼ਟ ਹੁੰਦਾ ਹੈ, ਉਸ ਨੂੰ ਕਾਹਦੀ ਲੋੜ ਕਿਸੇ ਨਾਮ ਕਰਮ ਦੀ?

ਗੁਰੂ ਜੀ— ਸੰਨਯਾਸੀ ਸਭ ਆਸ਼ਾ ਤੋਂ ਨਿਰਾਸਾ ਵਿਚ ਰਹੇ ਤਾਂ ਹੀ ਸੰਨਯਾਸੀ ਹੈ। ਆਸ਼ਾ ਮਨ ਦਾ ਧਰਮ ਹੈ। ਜਦ ਮਨ ਆਸ਼ਾ ਤੋ ਖ਼ਾਲੀ ਹੋ ਗਿਆ ਤਾਂ ਨਿਰਆਸ ਹੋ ਗਿਆ। ਨਿਰਆਸ ਹੋਇਆ ਟਿਕੇਗਾ ਨਹੀਂ, ਫੁਰਨੇ ਦੀ ਨੱਯਾ ਦੇ ਤ੍ਰੰਗ ਉੱਠਣਗੇ। ਜਦ ਉਹ ਉਠਣ ਤਾਂ ਦਾਰੂ ਹੈ ਲਿਵ। ਲਿਵ ਚਾਹੀਏ ਕਰਤਾ ਪੁਰਖ ਵਿਚ ਯਾ ਕਹੋ ਬ੍ਰਹਮ ਵਿਚ, ਉਸ ਇਕ ਵਿਚ ਜਿਸ ਦਾ ਦੂਸਰਾ ਨਹੀਂ ਹੈ ਉਸ ਵਿਚ ਲਿਵ। ਪੂਰਨ ਜੀਉ! 'ਮਨ ਦੇ ਸੁਭਾਵ' ਦੀ ਸੰਖਯਾ ਵਾਙੂ ਘੋਖਨਾ ਕਰਕੇ ਸੋਝੀ ਪਾਓ, ਜਿਥੋਂ ਕਿ ਸਾਰੇ ਲੋਕ ਪਤਨ ਨੂੰ ਪ੍ਰਾਪਤ ਹੁੰਦੇ ਹਨ। ਸਾਧਾਰਨ ਤੌਰ ਤੇ ਮਨ ਰਸ ਦੇ ਆਧਾਰ ਤੇ ਰਹਿੰਦਾ ਹੈ। ਇਸ ਨੂੰ ਰਸ ਨਾਲ ਖਿੱਚ ਹੈ। ਜਦ ਨਿਰਾਸ ਕਰ ਦਿਤਾ ਤਾਂ ਸਾਰੇ ਰਸਾਂ ਤੋਂ ਵਾਂਜ ਲਿਆ। ਹੁਣ ਇਹ ਕਿਸ ਆਧਾਰ ਟਿਕੂ। ਇਹ ਵੀਚਾਰ ਕਰਕੇ ਇਸ ਨੂੰ ਕਿਸੇ ਹੋਰ ਰਸ ਵਿਚ ਪਾਓ। ਉਹ ਰਸ ਹੁਣ ਕੀ ਹੋਵੇ? ਉਹ ਰਸ ਉਸ ਦਾ ਰਸ ਹੋਵੇ ਜੋ ਰਸ ਰੂਪ ਹੈ। ਤੁਸਾਨੂੰ ਪਤਾ ਹੈ ਕਿ 'ਰਸਾ ਵੈ ਸ਼ਾ' ਓਹ 'ਇਕ' ਰਸ ਰੂਪ ਹੈ। ਜਦ ਉਸ ਦੀ ਲਿਵ ਵਿਚ ਲਗੇਗਾ ਤਾਂ ਉਸ ਦਾ ਰਸ ਆਸ੍ਵਾਦਨ ਕਰੇਗਾ। ਇਸ ਵਿਚ ਰੱਤਾ ਮਨ ਅਸਲ ਸ਼ਾਂਤ ਵਿਚ ਟਿਕੇਗਾ। ਇਸ ਮਨ ਦੀ ਤਾੜੀ ਲਗੇਗੀ ਅਪਣੇ ਅਸਲੀ ਟਿਕਾਣੇ। ਅਸਲੀ ਟਿਕਾਣਾ ਜੀਵ ਦਾ ਕੀ ਹੈ? 'ਬ੍ਰਹਮ'। ਇਸ ਬ੍ਰਹਮ ਲਿਵਲੀਨਤਾ ਦੇ ਆਇਆਂ ਮਨ ਦੀ ਡੋਲਨਾ ਮਿਟਦੀ ਹੈ(ਇਹ ਵਾਰਤਾਲਾਪ ਅਠਵੀਂ ਪਉੜੀ ਦਾ ਖੁਲ੍ਹਾ ਅਨੁਵਾਦ ਹੈ-- ਆਸ ਨਿਰਾਸ ਰਹੈ ਸੰਨਿਆਸੀ ਏਕਸੁ ਸਿਉ ਲਿਵ ਲਾਏ॥ ਹਰਿ ਰਸੁ ਪੀਵੈ ਤਾ ਸਾਤਿ

ਆਵੈ ਨਿਜ ਘਰਿ ਤਾੜੀ ਲਾਏ॥ਮਨੂਆ ਨ ਡੋਲੈ ਗੁਰਮੁਖਿ ਬੂਝ ਧਾਵਤੁ ਵਰਜਿ ਰਹਾਏ॥ ਗ੍ਰਿਹੁ ਸਰੀਰੁ ਗੁਰਮਤੀ ਖੋਜੇ ਨਾਮੁ ਪਦਾਰਥੁ ਪਾਏ॥੮॥)।

ਪੂਰਨ— ਇਹ ਨੁਕਤਾ ਬਹੁਤ ਬ੍ਰੀਕ ਹੈ ਤੇ ਬ੍ਰਹਮ ਬ੍ਰਹਮ ਕੂਕਦਿਆਂ ਸਮਝੋਂ ਤੇ ਨਜ਼ਰੋਂ ਉਕਦਾ ਰਹਿੰਦਾ ਹੈ। ਇਹ ਵੀ ਕ੍ਰਿਪਾ ਕਰੋ ਤੇ ਆਗਿਆ ਕਰੋ ਕਿ ਇਸ ਦੀ ਵਿਧੀ ਕੀ ਹੈ?

ਗੁਰੂ ਜੀ— ਵਿਧੀ ਉਹੋ, ਗੁਰੂ ਦੁਆਰਾ। ਗੁਰੂ ਨੂੰ ਮਿਲ ਕੇ ਉਸ ਗੁਰੂ ਦੀ ਦਿੱਤੀ ਗੁਰਮਤਿ ਨਾਲ ਇਸ ਸਰੀਰ ਰੂਪੀ ਘਰ ਦੀ ਖੋਜ ਕਰੇ ਕਿ ਇਹ ਮਾਸ ਮਿੱਝ ਦਾ ਥੈਲਾ ਹੀ ਹੈ ਕਿ ਵਿਚ ਇਸ ਦੇ ਕੁਛ ਜੋਤ ਰੂਪੀ ਖੇਡ ਵੀ ਹੈ, ਤਾਂ ਉਸ ਨੂੰ ਨਾਮ ਪਦਾਰਥ ਲੱਭੇਗਾ। ਇਸ ਦੀ ਕਮਾਈ ਕਰੇ। ਮਨ ਜੇ ਨਾਮ ਵਿਚੋਂ ਲੁਤ ਘੁੱਤੀਆਂ ਮਾਰੇ ਤਾਂ ਉਸ ਨੂੰ ਰੋਕੋ। ਇਉਂ ਕਰਦਿਆਂ ਲਿਵ ਲਗੇਗੀ ਤੇ ਮਨ ਦੀ ਡੋਲਨਾ ਮਿਟੇਗੀ, ਫੇਰ ਪਤਨ ਨਹੀਂ ਹੋਵੇਗਾ। ਜੋਗੀ ਜੀਓ, ਸੰਨਯਾਸੀ ਦਾ ਮਨ ਨਾਮ ਦੀ ਟੇਕ ਲਏ ਬਿਨਾ, ਨਾਮ ਦਾ ਰਸ ਆਸਰਾ ਬਣਾਏ ਬਿਨਾ ਅਰੂਪ ਅਰੰਗ ਅਰੇਖ ਵਿਚ ਲੀਨ ਨਹੀਂ ਹੋ ਸਕਦਾ।

ਪੂਰਨ (ਮਨ ਨਾਲ)— ਨਾਮ? ਹਾਂ ਨਾਮ।.....ਕਿਵੇਂ? ਭਗਤੀ? ਗਯਾਨ। 'ਰਿਤੇ ਗਯਾਨਾ ਨ ਮੁਕਤੀ', ਗਯਾਨ ਬਿਨਾ ਮੁਕਤੀ ਨਹੀਂ, ਨਾਮ ਤਾਂ ਉਰੇ ਰਹਿ ਗਿਆ। ਪਿਛਲੇ ਵਡਕੇ ਹੋਏ, ਸਭ ਗਯਾਨ ਅਰੂਢ ਹੋਏ। (ਗੁਰੂ ਜੀ ਨੂੰ) ਸੁਹਣੇ ਤੇ ਨਵੇਂ ਰਾਹ ਦੱਸਣ ਵਾਲੇ ਜੀ! ਇਕ ਸ਼ੰਕਾ ਨਿਵਾਰੋ। ਮੁੱਖ ਹੈ ਗਯਾਨ, ਆਪ ਨੇ ਦ੍ਰਿੜਾਈ ਭਗਤੀ। ਇਹ ਬ੍ਰਹਮਾ ਵਿਸ਼ਨ ਸ਼ਿਵ ਰਾਮ ਕ੍ਰਿਸ਼ਨ ਸਾਰੇ ਗਿਆਨ ਨੂੰ ਮੁਕਤੀ ਦਾ ਦਾਤਾ ਦੱਸਦੇ ਸਨ ਕਿ ਨਾ?

ਗੁਰੂ ਜੀ— ਪੂਰਨ ਜੀਓ! ਸਾਈਂ ਪੂਰਨ ਕਰੇ ਨੇ! ਬ੍ਰਹਮ ਬਿਸ਼ਨ ਮਹੇਸ਼ ਆਦਿ ਵਡਕੇ ਪਹਿਲਾਂ ਨਾਮ ਵਿਚ ਰਤੇ ਗਏ ਸਨ। ਫੇਰ ਉਨ੍ਹਾਂ ਨੂੰ ਵੀਚਾਰ ਉਤਪਤ ਹੋਈ, ਨਾਮ ਨੇ ਗਯਾਨ ਬਖਸ਼ਿਆ। ਕਿਹੜਾ ਗਯਾਨ? ਜਾਣਨ ਮਾਤ੍ਰ ਨਹੀਂ, ਜਾਣਨਾ ਤਾਂ ਪੋਥੀ ਮਾਤ੍ਰ ਦੇ ਪੜ੍ਹ ਲੈਣ ਨਾਲ ਆ ਜਾਂਦਾ ਹੈ। ਉਹ ਗਯਾਨ ਕੀਹ ਸੀ, ਜੋ 'ਨਾਮ ਰਤੇ' ਹੋ ਕੇ ਪ੍ਰਾਪਤ ਹੋਇਆ? ਉਹ ਸੀ ਇਹ ਦ੍ਰਿਸ਼ਟੀ ਕਿ ਚਾਰੇ ਖਾਣੀਆਂ ਵਿਚ, ਅਰਥਾਤ ਸਾਰੀ ਸ੍ਰਿਸ਼ਟੀ ਵਿਚ, ਸਾਰੀਆਂ ਬਾਣੀਆਂ ਵਿਚ ਅਰਥਾਤ ਕਥੇ ਤੇ ਲਿਖੇ ਗਯਾਨਾ ਤੇ ਵੀਚਾਰਾਂ ਵਿਚ, ਹਾਂ ਜਗਤ ਦੇ ਹੇਠਾਂ ਉਪਰ ਅਕਾਸ਼ ਪਤਾਲਾਂ ਵਿਚ ਅਤੇ ਸਾਰੇ ਜੀਆਂ

 www.sikhbookclub.com

ਜੰਤਾਂ ਵਿਚ, ਗਲ ਕੀ ਸਾਰੀ ਵਿਸ਼੍ਵ ਵਿਚ, ਹੇ ਆਦਿ ਪੁਰਖ! ਇਕ ਤੇਰੀ ਜੋਤ ਸਮਾ ਰਹੀ ਹੈ। ਸਾਰੀਆਂ ਮੁਕਤੀਆਂ ਸਾਰੇ ਸੁਖ ਨਾਮ ਬਾਣੀ ਦੀ ਮਿਠੀ ਮਿਠੀ, ਪਜਾਰੀ ਪਜਾਰੀ ਧੁਨਿ ਲਗਣ ਵਿਚ ਪੈਦਾ ਹੁੰਦੇ ਹਨ, ਕਿਉਂਕਿ ਲਿਖਿਆ ਹੈ 'ਸੰਸਾਰ ਤੇਰੇ ਫੁਰਨੇ ਦਾ ਹੈ', ਤੇ ਫੁਰਨਾ ਨਹੀਂ ਸ਼ਾਮਲ ਹੁੰਦਾ ਨਾਮ ਬਾਣੀ ਦੀ ਧੁਨਿ ਬਿਨਾ। ਇਸ ਲਈ ਹੇ ਪੂਰਨ ਗਿਰਿ! ਪਰਮੇਸਰ ਤੇ ਸੱਚੇ ਨਾਮ ਨੂੰ ਹਿਰਦੇ ਵਿਚ ਧਾਰਨ ਕਰ। ਨਾਮ ਤੋਂ ਸੱਖਣੇ ਮਨ ਵਿਚ ਗਜਾਨ ਦਾ ਰਾਜ ਨਹੀਂ, ਉਥੇ ਫੁਰਨਾ ਹੀ ਲੁਤ ਘੁਤੀਆਂ ਮਾਰ ਕੇ ਵਸਦਾ ਰਹਿੰਦਾ ਹੈ, ਨਾਮ ਦੇ ਆਇਆਂ ਫੁਰਨਾ ਨਾਮ ਦਾ ਹੋ ਜਾਂਦਾ ਹੈ। ਨਾਮ ਦਾ ਫੁਰਨਾ ਲਿਵ ਬਣਦਾ ਹੈ, ਲਿਵ ਨਿਜ ਘਰ ਤਾੜੀ ਵਿਚ ਲੈ ਜਾਂਦੀ ਹੈ। ਹੇ ਪੂਰਨ! ਇਹ ਸੰਸਾਰ ਭਵਜਲ ਕਿਹਾ ਹੈ, ਇਸ ਨੂੰ ਤਰ, ਸਚੀ ਤਾਰੀ ਲਾਕੇ ਤਰ, ਸਚੀ ਤਾਰੀ ਨਾਮ ਹੈ। ਜਿਕੂੰ ਤਾਰੂ ਪਾਣੀ ਦੇ ਉਪਰ ਰਹਿੰਦਾ ਹੈ, ਡੁਬਦਾ ਨਹੀਂ ਇਸ ਤਰ੍ਹਾਂ ਨਾਮ ਦਾ ਅਭਜਾਸੀ ਭੈਜਲ ਦੇ ਉਤੇ ਤਰਦਾ ਹੈ, ਡੁਬਦਾ ਨਹੀਂ(ਇਹ ਗਲ ਬਾਤ ਨਾਵੀਂ ਪਉੜੀ ਦਾ ਅਨੁਵਾਦ ਹੈ:— ਬ੍ਰਹਮਾ ਬਿਸਨੁ ਮਹੇਸੁ ਸਰੇਸਟ ਨਾਮਿ ਰਤੇ ਵੀਚਾਰੀ॥ ਖਾਣੀ ਬਾਣੀ ਗਗਨ ਪਤਾਲੀ ਜੰਤਾ ਜੋਤਿ ਤੁਮਾਰੀ॥ ਸਭਿ ਸੁਖ ਮੁਕਤਿ ਨਾਮ ਧੁਨਿ ਬਾਣੀ ਸਚੁ ਨਾਮ ਉਰਧਾਰੀ॥ ਨਾਮ ਬਿਨਾ ਨਹੀ ਛੂਟਸਿ ਨਾਨਕ ਸਾਚੀ ਤਰੁ ਤੂ ਤਾਰੀ॥੯॥੭॥)।

ਇਹ ਨਾਮ ਸੱਚੀ ਤਾਰੀ ਹੈ, ਇਸ ਬਿਨਾ ਜੀਵ ਨਾ ਮਾਯਾ ਤੋਂ ਛੁਟਦਾ ਹੈ ਨਾ ਮੁਕਤੀ ਪਾਉਂਦਾ ਹੈ, ਨਾ ਨਿਜ ਘਰ, (ਮੁਕਾਮ ਓਹੀ ਏਕ) ਵਿਚ ਅੱਪੜਦਾ ਹੈ। ਪੂਰਨ ਗਿਰ! ਨਾਮ ਵਿਚ ਆ। ਕਹੁ ਵਾਹਿਗੁਰੂ, ਕਹੁ ਵਾਹਿਗੁਰੂ। ਕਹੁ ਵਾਹਿਗੁਰੂ। ਰਹੋ ਅਰੂੜ ਨਾਮ ਨਾਮ ਵਿਚ, ਲਿਵ ਵਿਚ ਜੀਓ, ਸਿਮ੍ਰਤੀ ਬ੍ਰਿਤੀ ਵਿਚ ਬ੍ਰਹਮ ਵਸਾ, ਸਫਲ ਸਫਲ ਹੋਵੇ, ਸੰਨਯਾਸ, ਕਹੁ ਵਾਹਿਗੁਰੂ। ਕਹੁ ਵਾਹਿਗੁਰੂ।

ਇਹ ਆਪ ਕਹਿੰਦੇ ਗਏ। ਪੂਰਨ ਗਿਰ ਨਾਲ ਕਹਿੰਦਾ ਕਹਿੰਦਾ ਲਿਵ ਵਿਚ ਗਿਆ, ਰਸ ਆ ਗਿਆ। ਸੁੱਕੇ ਬੰਜਰ ਸੰਨਜਾਸੀ ਮਨ ਵਿਚ ਜਿੱਥੇ ਸ਼ੂਨਤਾ ਦਾ ਰਾਜ ਸੀ, ਰਸ ਰੂਪ ਪਰਮਾਤਮ ਦੇਵ ਦਾ ਅਨੁਭਵ ਹੋ ਗਿਆ। ਰਸ ਰੂਪ ਵਿਚ ਪੂਰਨ ਗਿਰ ਮਧੁਕਰ ਦੀ ਨਿਆਈਂ ਮਗਨਾਨੰਦ ਹੋ ਗਿਆ। ਅਜ ਉਸ ਨੂੰ ਸੋਝੀ ਆਈ:-

 www.sikhbookclub.com

'ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿਚਰਣੀ ਚਿਤੁ ਲਾਏ'
ਹਾਂ ਅਜ ਉਸ ਨੂੰ ਸੋਝੀ ਆਈ:-
'ਬ੍ਰਹਮਾ ਬਿਸਨੁ ਮਹੇਸੁ ਸਰੇਸਟ ਨਾਮਿ ਰਤੇ ਵੀਚਾਰੀ॥'
ਹਾਂ ਨਿਜ ਤਜਰਬੇ ਨੇ ਦੱਸਿਆ, ਹੱਡੀਂ ਵਾਪਰ ਕੇ ਸਚ ਮੁਚ ਦਾ ਗਜਾਨ, ਸਫਲ ਗਜਾਨ ਲੱਭਾ ਤਾਂ ਥਹੁ ਪਿਆ:-
'ਸਭਿ ਸੁਖ ਮੁਕਤਿ ਨਾਮ ਧੁਨਿ ਬਾਣੀ ਸਚੁ ਨਾਮ ਉਰਧਾਰੀ॥'

ਮਹਿਮਾਂ ਪ੍ਰਕਾਸ਼ ਵਿਚ ਲਿਖਿਆ ਹੈ:-

ਗੁਰੂ ਬਾਬੇ ਜੀ ਨੇ ਦਇਆਲ ਹੋਇਕੇ ਭਗਤਿ ਦੀਨੀ ਪੂਰਨ ਗਿਰਿ ਕੋ ਪਰਮੇਸ਼ਰ ਕੀ ਕ੍ਰਿਪਾ ਭਈ। ਏਕ ਦ੍ਰਿਸਟ ਲਾਗਾ ਦੇਖਣੇ। ਦੂਜਾ ਭਾਉ ਮਿਟ ਗਇਆ। ਸਹਜ ਪਦ ਮੇਂ ਲੀਨ ਭਇਆ। ਤਾਂ ਗੁਰੂ ਬਾਬਾ ਪੂਰਨ ਗਿਰਿ ਸੋ ਖਿਦਾ ਭਏ। ਸਾਖੀ ਪੂਰਨ ਹੋਈ। ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ। ਹੋਇ ਦਇਆਲ ਕਰ ਲਏ ਉਧਾਰ।"

-0-

 www.sikhbookclub.com

# ਬੰਦੀ ਛੋੜ ਮੁਕਤੀ ਦਾਤਾ

## 1. ਬੰਦੀ
(ਬੰਦਿ ਖਲਾਸੀ ਭਾਣੈ ਹੋਇ)

ਸੁਹਣੀ ਸੁਹਣੀ ਹਵਾ ਰੁਮਕ ਰਹੀ ਹੈ, ਠੰਢਾਂ ਦਾ ਵੇਲਾ ਹੈ, ਗੁਰਦੁਆਰੇ ਵਿਚ ਆਸਾ ਦੀ ਵਾਰ ਦਾ ਭੋਗ ਪੈ ਗਿਆ ਹੈ। ਭਾਈ ਸ਼ਾਮ ਸਿੰਘ ਨੇ ਗੁਰੂ ਮਹਾਰਾਜ ਦੀ ਅਵਾਜ਼ ਲਈ ਤਾਂ ਸ਼ਬਦ ਆਇਆ:-

> **ਤਿਲੰਗ ਮਹਲਾ ੧॥ ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥ ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥ ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥ ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥ ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ॥ ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥੧॥ ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ॥ ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ॥ ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ॥ ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ॥ ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ॥ ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥੨॥੩॥੫॥**

ਇਸ ਸ਼ਬਦ ਸੁਣਕੇ ਸਾਰੀ ਸਾਧ ਸੰਗਤ ਕੰਬ ਗਈ, 'ਪਤਾ ਨਹੀਂ ਕੀ ਹੋਣਹਾਰ ਵਰਤਣੀ ਹੈ! ਵਾਕ ਬੜਾ ਕਰੜਾ ਆਇਆ ਹੈ।

ਥੋੜੇ ਦਿਨਾਂ ਮਗਰੋਂ ਪੱਛਮੀ ਪੰਜਾਬ ਵਿਚ ਅਤਯਾਚਾਰ ਸ਼ੁਰੂ ਹੋ ਗਏ। ਅਜੇ ਰਾਜ ਅੰਗ੍ਰੇਜ਼ਾਂ ਦਾ ਸੀ ਕਿ ਮੁਸਲਮਾਨ ਪਰਜਾ ਨੇ ਉਠਕੇ ਹਿੰਦੂ ਸਿਖ ਪਰਜਾ ਉੱਤੇ ਬੜੀ ਬੇਤਰਸੀ ਦੇ ਜ਼ੁਲਮ ਸ਼ੁਰੂ ਕਰ ਦਿਤੇ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਅਜ ਤਾਈਂ ਲੋਕੀਂ ਅਰਾਮ ਵਿਚ ਰਹਿਕੇ ਅਰਾਮ ਤਲਬ ਹੋ ਗਏ ਸੇ। ਭਾਜੜਾਂ ਤੇ ਹੱਲੇ, ਲੁੱਟਾਂ ਤੇ ਕਤਲਾਂ (ਜੋ ਅਖੀਰਲੇ ਮੁਗ਼ਲ ਰਾਜ ਵਿਚ ਹੁੰਦੇ ਸਨ) ਦੇ ਖਯਾਲ ਹੀ ਕਿਸੇ ਨੂੰ ਨਹੀਂ ਸਨ ਬਾਕੀ ਰਹੇ। ਅਚਾਨਕ ਹੇੜਾਂ ਦੇ ਹੇੜ ਢੋਲ ਵਜਾਉਂਦੇ, ਬਰਛੇ, ਛੁਰੇ, ਛੁਰੀਆਂ, ਬੰਦੂਕਾਂ ਲੈਕੇ ਚੜ੍ਹ ਪਏ। ਹਜ਼ਾਰੇ ਤੋਂ ਲੈ ਪਿੰਡੀ ਗੁਜਰਾਤ ਤਾਈਂ ਹਨੇਰ ਆ ਗਿਆ। ਸਰਕਾਰ ਸੀ ਪਰ ਅਣਹੋਈ ਜੇਹੀ। ਦਿਖਾਵਾ ਤਾਂ ਸੀ ਕਿ ਰਖਯਾ ਕਰਦੇ ਹਾਂ, ਪਰ ਰਖਯਾ ਕੋਈ ਨਹੀਂ ਸੀ। ਜ਼ਾਲਮਾਂ ਦੀ ਤਾਂ ਸਗੋਂ ਮਦਦ ਹੁੰਦੀ ਸੀ ਤੇ ਮਜ਼ਲੂਮਾਂ ਦੀ ਓਪਰੀ ਓਪਰੀ ਅੱਖ ਪੂੰਝਾਈ(ਨਵਾਖਲੀ ਬੰਗਾਲ ਦੇ ਅਤਯਾਚਾਰਾਂ ਦੇ ਮਗਰੋਂ ਮੁਸਲਮਲੀਗੀਆਂ ਨੇ ਦਸੰਬਰ 1946 ਵਿਚ ਹਜ਼ਾਰੇ ਤੇ ਪੱਛਮੀ ਪੰਜਾਬ ਵਿਚ ਹਿੰਦੂ ਸਿਖਾਂ ਤੇ ਜ਼ੁਲਮ ਢਾਹੁਣੇ ਸ਼ੁਰੂ ਕਰ ਦਿਤੇ ਸਨ।)।

ਬੜੇ ਕਹਿਰ ਵਰਤੇ, ਫੇਰ ਮਾਰਚ 1947 ਵਿਚ ਅੱਗ ਹੋਰ ਬਲ ਉਠੀ। ਫੇਰ ਆ ਗਿਆ ਸਮਾਂ ਅਗਸਤ 1947 ਦਾ, ਲਗੇ ਲੋਕੀਂ ਘਰ ਬਾਰ ਛਡਕੇ ਹਿੰਦੁਸਤਾਨ ਨੂੰ ਦੌੜਨ। ਦੌੜਦੇ ਮਾਰੇ ਜਾਣ ਹਸਤਿਆਂ ਵਿਚ, ਘਰ ਬਾਰ ਫੂਕੇ ਜਾਣ। ਜੋ ਜੋ ਕਹਿਰ ਵਰਤੇ ਲੰਮੇ ਤੇ ਡਾਢੇ ਵਿਸਤਾਰ ਵਾਲੇ ਹਨ ਜੋ ਵਖਰਾ ਪੁਸਤਕ ਬਣੇਗਾ!

ਹਾਲੇ ਉਪਰਲੀ ਗੱਲ ਦੀ ਲੜੀ ਲੈਂਦੇ ਹਾਂ ਕਿ ਜਦ ਕਸ਼ਟਾਂ ਨੂੰ ਸਹਾਰਦੇ, ਮਾਰਦੇ ਮਰੀਂਦੇ, ਕੋਈ ਕਿਤੇ ਕੋਈ ਕਿਤੇ ਪਰਦੇਸਾਂ ਵਿਚ ਜਾ ਪਹੁੰਚੇ ਤੇ ਮੁਸ਼ਕਲਾਂ ਨਾਲ ਅੰਨ ਪਾਣੀ ਲੱਭੇ; ਸ਼ਾਬਾਸ਼ੇ ਗੁਰੂ ਕੇ ਸਵਾਰਿਆਂ ਦਾ, ਹੱਥ ਨਹੀਂ ਟੱਡੇ, ਇੱਝੇ ਨਹੀਂ ਹੋਏ, ਮੰਗ ਨਹੀਂ ਖਾਧਾ। ਵਡੇ ਵਡੇ ਲੋਕਾਂ ਨੇ, ਜੋ ਕੰਗਾਲ ਹੋ ਗਏ ਸਨ, ਕਿਰਤਾਂ ਕੀਤੀਆਂ, ਦਸਾਂ ਨਵ੍ਹਾਂ ਦੀ ਕਮਾਈ ਕਰਕੇ ਪੇਟ ਭਰੇ। ਤਦੋਂ ਭਾਈ ਜੀ, ਜਿਨ੍ਹਾਂ ਨੇ ਉਪਰਲਾ ਵਾਕ ਵਰ੍ਹਾ ਕੁ ਹੋਇਆ ਤਾਂ ਲਿਆ ਸੀ,ਜਿਨ੍ਹਾਂ ਦਾ ਨਾਉਂ ਸ਼ਾਮ ਸਿੰਘ ਸੀ, ਇਕ ਟਿਕਾਣੇ

ਗੁਰਦੁਆਰੇ ਦੇ ਗ੍ਰੰਥੀ ਜਾ ਬਣੇ ਤੇ ਭਾਈ ਰਾਮ ਸਿੰਘ ਜੀ, ਜੋ ਵਾਕ ਸੁਣਨ ਵਾਲਿਆਂ ਵਿਚੋਂ ਇਕ ਸੀ, ਬੀ ਓਥੇ ਹੀ ਜਾ ਟਿਕਿਆ ਸੀ। ਉਸ ਨੇ ਉਥੇ ਛੋਟੀ ਜੇਹੀ ਹੱਟੀ ਸਬਜ਼ੀਆਂ ਵੇਚਣ ਦੀ ਪਾ ਲਈ ਸੀ ਤੇ ਰੋਟੀ ਜੋਗੀ ਕਮਾਈ ਕਰ ਲੈਂਦਾ ਸੀ। ਇਕ ਦਿਨ ਲੌਢੇ ਪਹਿਰ ਇਹ ਗੁਰਦੁਆਰੇ ਆਇਆ ਤਾਂ ਭਾਈ ਸ਼ਾਮ ਸਿੰਘ ਜੀ ਵਿਹਲੇ ਸਨ, ਪੁੱਛਣ ਲੱਗਾ- ਸਿੰਘ ਜੀ, ਅੱਜ ਆਪ ਜੀ ਕੁਛ ਵਿਹਲ ਵਿਚ ਬੈਠੇ ਹੋ, ਆਗਿਆ ਹੋਵੇ ਤਾਂ ਮੈਂ ਆਪ ਤੋਂ ਕੁਛ ਪੁੱਛਾਂ?

ਸ਼ਾਮ ਸਿੰਘ— ਪੁੱਛੋ ਭਾਈ ਜੀਓ!

ਰਾਮ ਸਿੰਘ— ਓਹ ਜੋ ਦੇਸ਼ ਹੁੰਦਿਆਂ ਆਪ ਨੇ ਵਾਕ ਲਿਆ ਸੀ 'ਜੈਸੀ ਮੈ ਆਵੈ ਖਸਮ ਕੀ ਬਾਣੀ' ਉਹ ਤਾਂ ਗੁਰੂ ਮਹਾਰਾਜ ਨੇ ਸਾਨੂੰ ਦੱਸਿਆ ਸੀ ਕਿ ਕੋਈ ਹੋਣੀ ਹੋਣ ਵਾਲੀ ਹੈ, ਪਰ ਅਸੀਂ ਨਾ ਸਮਝੇ, ਬੇਫ਼ਿਕਰ ਰਹੇ, ਭਾਣੇ ਵਰਤੇ ਤੇ ਸਹੇ, ਪਰ ਇਹ ਕੀਕੂੰ ਤੇ ਕਿਉਂ ਹੋਇਆ?

ਸ਼ਾਮ ਸਿੰਘ— ਭਾਈ! 'ਕੀਕੂੰ ਤੇ ਕਿਉਂ' ਵਰਤਾਉਣ ਵਾਲਾ ਕਰਤਾਰ ਆਪ ਹੀ ਜਾਣਦਾ ਹੈ, ਜਿਸ ਦੀਆਂ ਅਗੰਮ ਦੀਆਂ ਹੋਣੀਆਂ ਗੁਰੂ ਨਾਨਕ ਵਾਚਦਾ ਤੇ ਦੱਸਦਾ ਹੈ, ਹੋਰ ਕਿਸ ਦੀ ਪਾਂਇਆਂ ਹੈ, ਅਸੀਂ ਸਦਾ ਭੁੱਲਣਹਾਰ ਹਾਂ। ਭਾਣਾ ਬਿਖਮ ਹੁੰਦਾ ਹੈ(ਤੇਰਾ ਮਹਲੁ ਅਗੋਚਰੁ ਮੇਰੇ ਪਿਆਰੇ ਬਿਖਮੁ ਤੇਰਾ ਹੈ ਭਾਣਾ।-ਬਸੰਤ ਮ:5), ਝੱਲਣਾ ਕਠਨ ਹੁੰਦਾ ਹੈ।

ਰਾਮ ਸਿੰਘ— ਮੈਂ ਕੀ, ਅਸੀਂ ਸਾਰੇ ਸਮਝਦੇ ਹਾਂ ਕਿ ਜੋ ਹੁਣ ਕਹਿਰ ਵਰਤਿਆ ਏ, ਐਸਾ ਅਗੇ ਕਦੇ ਨਹੀਂ ਵਰਤਿਆ, ਪਰ ਏਸ ਸ਼ਬਦ ਤੋਂ ਪਤਾ ਲਗਦਾ ਏ ਕਿ ਗੁਰੂ ਜੀ ਦੇ ਵੇਲੇ ਬੀ ਇਹੋ ਜਿਹਾ ਕਹਿਰ ਵਰਤ ਚੁਕਾ ਹੈ।

ਸ਼ਾਮ ਸਿੰਘ— ਭਾਈ ਜੀ, ਅਸਾਂ ਪੁਰਾਣੇ ਇਤਿਹਾਸ ਘੋਖੇ ਹਨ। ਸਾਡੀ ਧਰਤੀ ਪੰਜ ਪਾਣੀਆਂ ਦੀ ਕਿਸੇ ਐਸੇ ਟਿਕਾਣੇ ਹੈ, ਜਿਥੇ ਭਾਣੇ ਵਰਤਦੇ ਹੀ ਰਹੇ ਹਨ। ਏਸ ਦੀ ਭੂਗੋਲਿਕ ਥਾਉਂ ਹੀ ਦਰਵਾਜ਼ੇ ਥਣੀਕ ਵਾਕਿਆ ਹੋਈ ਹੈ। ਜਦੋਂ ਕੋਈ ਪੱਛਮੋਂ ਹੱਲਾ ਕਰਕੇ ਆਇਆ, ਪਹਿਲੋਂ ਪੰਜਾਬ ਉਤੇ ਹੀ ਪਿਆ। ਹਿੰਦੁਸਤਾਨ ਦਾ ਦਰਵਾਜ਼ਾ ਜੁ ਹੋਇਆ ਪੰਜਾਬ। ਮੈਂ ਤਾਂ ਐਥੋਂ ਤਾਈਂ ਪੜ੍ਹਿਆ ਸੁਣਿਆ ਏ ਕਿ ਸਾਡੇ ਵਡੇ ਵੀ, ਜਿਨ੍ਹਾਂ ਨੂੰ ਆਰਯ ਆਖਦੇ ਸਨ, ਪਛਮੋਤਰ ਵਲੋਂ ਆਏ ਸਨ। ਓਦੋਂ ਪੰਜਾਬ ਵਿਚ ਕੋਈ ਹੋਰ ਲੋਕ

 www.sikhbookclub.com

ਵਸਦੇ ਸਨ। ਉਹਨਾਂ ਦੀ ਉਲਾਦ ਹੁਣ ਤਾਈਂ ਸਾਂਹਸੀ ਆਦਿਕ ਜਾਤਾਂ ਵਿਚ ਕਿਤੇ ਕਿਤੇ ਹੈ, ਜੋ ਅਨੇਕ ਜਾਤਾਂ ਦੇ ਹਨ, ਤੇ ਜੋ 'ਟੱਪਰੀ ਵਾਸ' ਕਹਾਉਂਦੇ ਹਨ। ਤਦੋਂ ਇਨ੍ਹਾਂ ਨੂੰ ਮਾਰ ਕਟ ਦਬੇਲ ਕਰਕੇ ਆਰਯ ਲੋਕਾਂ ਨੇ ਭੋਆਂ ਖੋਹਕੇ ਮੱਲ ਲਈਆਂ ਸਨ(ਇਨ੍ਹਾਂ ਅਸਲੀ ਵਾਸੀਆਂ ਨੂੰ ਸਾਡੇ ਵਡੇ ਦਸਯੂ ਸਦਦੇ ਸਨ। ਜੋ ਲੜੇ ਆਰਯ ਵਡਕਿਆਂ ਨੇ ਮਾਰ ਘੱਤੇ, ਜੋ ਸ਼ਰਨ ਆਏ ਸੋ ਦਾਸ ਬਣਾ ਲਏ, ਜੋ ਪਿੰਡਾਂ ਵਿਚ ਕੰਮੀ, ਸ਼ਹਿਰਾਂ ਵਿਚ ਚੂੜ੍ਹੇ ਆਦਿਕ ਜ਼ਾਤਾਂ ਵਾਲੇ ਹੁਣ ਤਾਈਂ ਹੈਨ। ਤੇ ਜੋ ਦਾਸ ਨਾਂ ਬਣੇ ਤੇ ਨੱਸਕੇ ਜੰਗਲਾਂ ਵਿਚ ਜਾ ਲੁਕੇ, ਓਹਨਾਂ ਨੇ ਆਰਯ ਲੋਕਾਂ ਨੂੰ ਲੁਟਣਾ ਅਪਣਾ ਪਰਮ ਧਰਮ ਬਣਾ ਲਿਆ। ਇਹ ਲੋਕ ਹੁਣ ਤਕ ਹਨ, ਟੱਪਰੀ ਵਾਸ ਹਨ, ਪਹਿਲੇ ਝਾਰਾਂ ਵਿਚ ਵਸਦੇ ਸਨ ਤੇ ਲੁਟ ਮਾਰ ਕਰਦੇ ਸਨ। ਇਨ੍ਹਾਂ ਨੂੰ ਸਰਕਾਰ ਅੰਗ੍ਰੇਜ਼ੀ ਨੇ 'ਜ਼ੁਰਾਯਮ ਪੇਸ਼ਾ' ਕੌਮਾਂ ਨਾਮ ਦੇਕੇ ਨੱਥ ਲਿਆ ਸੀ ਤੇ ਪ੍ਰਬੰਧ ਵਿਚ ਕਰ ਲਿਆ ਸੀ, ਜੋ ਹੁਣ ਤਕ ਜਾਰੀ ਹੈ।)। ਇਸੇ ਤਰ੍ਹਾਂ ਮਗਰੋਂ ਹੂਨ ਤੇ ਅਸਿਰੀਏ ਤੇ ਹੋਰ ਕਈ ਲੋਕ ਆਏ, ਉਨ੍ਹਾਂ ਨੇ ਸਾਡੇ ਵਡਿਆਂ ਤੇ, ਜੋ ਏਥੇ ਵਸਦੇ ਸਨ, ਜ਼ੁਲਮ ਕੀਤੇ ਤੇ ਫੇਰ ਸਮਾਂ ਪਾ ਕੇ ਵਿਚੇ ਰਲ ਖਪ ਗਏ। ਫੇਰ ਅਖੀਰ ਪਠਾਣ ਆਏ, ਸੁਬਕਤਗੀਨ, ਮਹਿਮੂਦ, ਸ਼ਹਾਬੁੱਦੀਨ ਅਨੇਕ ਜ਼ਾਲਮ, ਬੇਤਰਸ ਜਰਵਾਣੇ ਆਏ ਤੇ ਕਤਲਾਂ ਤੇ ਲੁੱਟਾਂ ਤੇ ਗ਼ਾਰਤਗਰੀਆਂ ਵਰਤਾਈਆਂ। ਛੇਕੜ ਓਹ ਪਠਾਣ ਰਾਜੇ ਬਣਕੇ ਬੀ ਏਥੇ ਹੀ ਰਹਿ ਪਏ। ਇਹ ਕਈ ਸੌ ਸਾਲ ਰਾਜ ਕਰਦੇ ਨਿਤਾਣੇ ਹੋ ਗਏ ਤਾਂ ਤੈਮੂਰ ਮੁਗ਼ਲ ਆਇਆ। ਲੁੱਟ ਪੁਟ ਕਤਲਾਂ ਕਰ ਚਲਾ ਗਿਆ।

ਫੇਰ ਆਇਆ ਏਸੇ ਦਾ ਕੋਈ ਪੜੋਤਾ ਮੋਤਾ ਬਾਬਰ। ਏਸ ਜ਼ਾਲਮ ਨੇ ਪੰਜ ਹੱਲੇ ਕੀਤੇ, ਛੇਕੜ ਦਿੱਲੀ ਮੱਲਕੇ ਏਥੋਂ ਦਾ ਬਾਦਸ਼ਾਹ ਹੋ ਗਿਆ। ਪਹਿਲੋਂ ਦੋ ਹੱਲੇ ਤਾਂ ਐਵੇਂ ਹਲਕੇ ਨੇੜੇ ਤੇੜੇ ਦੇ ਸਨ, ਪਿਛਲੇ ਤ੍ਰੈ ਭਾਰੀ ਸਨ। ਜਿਸ ਵਾਕ ਦੀ ਤੁਸਾਂ ਹੁਣ ਗਲ ਕੀਤੀ ਹੈ, ਉਹ ਵਾਕ ਬਾਬਰ ਦੇ ਹੱਲਿਆਂ ਤੋਂ ਪਹਿਲੋਂ-ਹਰ ਹਾਲ-ਤੀਸਰੇ ਹੱਲੇ ਤੋਂ ਪਹਿਲੋਂ ਗੁਰੂ ਨਾਨਕ ਦੇਵ ਜੀ ਨੇ ਉਚਾਰਿਆ ਸੀ ਇਹ ਤੀਜਾ ਹੱਲਾ 1578 ਬਿ: ਵਿਚ ਹੋਇਆ ਸੀ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਇਹ ਇਲਹਾਮ ਉਤਰਿਆ ਸੀ, ਤਦੋਂ ਆਪ ਜੀ ਇਹ ਅਗੰਮ ਦਾ ਪਤਾ ਪਾਕੇ ਲਾਂਭੇ ਨਹੀਂ ਸਨ ਹੋ ਗਏ। ਕਿਤੇ ਜਿੰਦ ਲੁਕਾਉਣ ਲਈ ਨਹੀਂ ਸਨ ਦੌੜ ਗਏ। ਉਹ ਸ਼ਕਤੀਮਾਨ


www.sikhbookclub.com

ਸਨ, ਉਹ ਰੱਬ ਦੇ ਪਜਾਰੇ ਸਨ, ਉਹ ਭਾਣੇ ਤੇ ਸ਼ਾਕਰ ਸਨ, ਜਿੱਥੇ ਕਹਿਰ ਵਰਤਣਾ ਸੀ, ਲਾਲੋ ਦੇ ਨੱਗਰ, ਜਿਸ ਦਾ ਨਾਉਂ ਤਦੋਂ 'ਸੈਦਪੁਰ ਸੰਡਜਾਲੀ' ਸੀ, ਆਪ ਓਥੇ ਹੀ ਜਾ ਟਿਕੇ ਤੇ ਲਾਲੋ ਨੂੰ ਦੱਸਿਆ, ਭਾਈ ਆਹ ਕੁਛ ਵਰਤਣਾ ਏ। ਹੈਂ, ਭਾਈ ਰਾਮ ਸਿੰਘ! ਗਹੁ ਕਰ ਦੇਖ, ਉਸ ਸ਼ਕਤੀਮਾਨ ਦੀ ਸ਼ਕਤੀ, ਕਿ ਆਪ ਉਸ ਵਰਤਣ ਵਾਲੀ ਅੱਗ ਦੀ ਲਪੇਟ ਹੇਠ ਜਾ ਬੈਠੇ ਤੇ ਬੈਠੇ ਹੀ ਰਹੇ।

ਰਾਮ ਸਿੰਘ— ਕਿਉਂ ਨਾ ਨੱਠੇ? ਮੈਨੂੰ ਤਾਂ ਜੇ ਅਕਾਸ਼ ਬਾਣੀ ਹੋ ਜਾਂਦੀ ਤਾਂ ਮੈਂ ਤਾਂ, ਸਿੰਘ ਜੀ, ਨਸ ਜਾਂਦਾ ਦੂਰ ਦੂਰ ਕਿਤੇ।

ਸ਼ਾਮ ਸਿੰਘ— ਭਾਈ! ਕਿਸ ਕਰਕੇ? ਇਸ ਕਰਕੇ ਕਿ ਉਹ ਨਿਰਭੈ ਸਨ, ਓਹ ਭਾਣੇ ਤੇ ਸ਼ਾਕਰ ਸਨ, 'ਸਰਬਤ ਦੇ ਭਲੇ ਦੇ' ਪ੍ਰਚਾਰਕ ਤੇ ਸ੍ਵਾਮੀ ਸਨ, ਓਹ ਉਥੇ ਰਹਿਕੇ ਜੋ ਕੁਛ ਹੋ ਸਕੇ ਸਹਾਇਤਾ ਕਰਨ ਦੀ ਖ਼ਾਤਰ ਬੈਠੇ ਰਹੇ। ਉਹ ਸਨ ਬੀ, ਭਾਈ! ਸਚਮੁਚ ਦੇ ਸ਼ਕਤੀਵਾਨ। ਦੇਖ ਭਾਈ ਸ਼ਕਤੀਵਾਨ ਉਤੇ ਹੀ ਅਗੰਮ ਉਤਰਦੇ ਹਨ। ਹੋਰ ਅਗੰਮ ਵਾਚਣ ਦੇ ਦਾਵੇ ਤਾਂ ਹਾਰੀ ਸਾਰੀ ਕਰ ਲੈਂਦਾ ਹੈ। ਜੀਵਾਂ ਦੇ ਕਰਮਾਂ ਦਾ ਫਲ ਤਾਂ ਸਾਈਂ ਨੇ ਦੇਣਾ ਹੋਇਆ, ਪਰ ਜੋ ਸਹਾਇਤਾ ਜੀਵਾਂ ਨੂੰ ਕਰਮ ਫਲ ਭੋਗਦਿਆਂ ਹੋ ਸਕੇ ਉਹ ਆਪ ਦੁਖ ਝੱਲ ਕੇ ਬੀ ਗੁਰੂ ਨਾਨਕ ਦੇਵ ਜੀ ਦੇਣੀ ਚਾਹੁੰਦੇ ਸਨ। ਇਸ ਕਰਕੇ ਉਥੇ ਟਿਕੇ ਰਹੇ। ਸਰਬੱਤ ਦੇ ਭਲੇ ਦੇ ਜੋ ਪ੍ਰਚਾਰਕ ਸਨ। ਅਗੇ ਸਰਵੱਗ ਗੁਰੂ ਅਪਣੀ ਗਤੀ ਨੂੰ ਆਪ ਜਾਣੇ।

ਰਾਮ ਸਿੰਘ— ਜੋ ਗਲ ਗੁਰੂ ਨਾਨਕ ਦੇਵ ਜੀ ਨੇ ਲਾਲੋ ਨੂੰ ਆਖੀ ਤੇ ਸਬਦ ਵਿਚ ਰਚੀ ਜਾ ਕੇ ਗਾਵੀਂ, ਉਹ ਗਲ ਸੰਡਜਾਲੀ ਦੇ ਲੋਕਾਂ ਨੇ ਬੀ ਸੁਣੀ ਹੋਸੀ, ਸੁਣ ਕੇ ਓਹ ਭੱਜ ਕਿਉਂ ਨਾ ਗਏ?

ਸ਼ਾਮ ਸਿੰਘ— ਸੁਣੀ! ਸਭ ਨੇ ਸੁਣੀ। ਸੰਡਜਾਲੀ ਵਡਾ ਨਗਰ ਸੀ, ਕਿਲ੍ਹਾ ਸੀ, ਪੱਕੀ ਕੱਚੀ ਦੋ ਫਸੀਲਾਂ ਸਨ, ਨੁਾਬ ਜੋ ਮਾਲਕ ਸੀ ਪਠਾਣ ਸੀ, ਫੌਜਾਂ ਵਾਲਾ ਸੀ, ਓਸ ਨੂੰ ਮੁਲਾਣਿਆਂ ਨੇ ਕਿਹਾ ਕਿ ਅਸੀਂ ਬਾਬਰ ਦਾ ਮੂੰਹ ਕਰਾਮਾਤ ਨਾਲ ਮੋੜ ਦਿਆਂਗੇ। ਸਾਡੀਆਂ ਸਿਹਰ ਬੰਦੀਆਂ ਤੇ ਕਲਾਮਾਂ ਨਾਲ ਉਹ ਮੁਗ਼ਲ ਅੰਨ੍ਹੇ ਹੋ ਜਾਣਗੇ। ਸਾਡੇ ਮੰਤ੍ਰਾਂ ਨਾਲ ਉਹਨਾਂ ਦੀਆਂ ਤੁਪਕਾਂ ਦੇ ਮੂੰਹ ਬੰਦ ਹੋ ਜਾਣਗੇ। ਤਦੋਂ ਭਾਈ ਰਾਮ ਸਿੰਘ ਜੀ!


www.sikhbookclub.com

ਤੁਪਕ ਉਸ ਨੂੰ ਆਖਦੇ ਸਨ ਜਿਸਨੂੰ ਹੁਣ ਬੰਦੂਕ ਆਖਦੇ ਹਨ। ਇਹ ਨਵੀਂ ਨਿਕਲੀ ਹੈਸੀ। ਬਾਬਰ ਕੋਲ ਇਹ ਸ਼ੈ ਹੈਸੀ, ਪਰ ਹਿੰਦੁਸਤਾਨ ਵਿਚ ਨਹੀਂ ਸੀ। ਏਥੋਂ ਦੇ ਪਠਾਣ ਸਿਪਾਹੀ ਤੇ ਹਿੰਦੂ ਜੋਧੇ ਤੀਰ ਹੀ ਚਲਾ ਜਾਣਦੇ ਸਨ। ਪਠਾਣ ਤੁਪਕ ਤੋਂ ਡਰਦੇ ਸਨ ਪਰ ਮੁਲਾਣਿਆਂ ਤੇ ਝੂਠੇ ਪੀਰਾਂ ਨੇ ਤਸੱਲੀ ਦਿਲਾਈ ਸੀ ਕਿ ਦੇਖੋ ਮਾੜੀਆਂ ਕਲਾਮਾਂ ਦੇ ਜਾਦੂ, ਤੁਪਕਾਂ ਦੇ ਮੂੰਹ ਬੰਦ ਕਰ ਦਿਆਂਗੇ। ਏਸ ਕਰਕੇ ਲੋਕੀਂ ਬੀ ਘਰਾਂ ਵਿਚ ਬੈਠੇ ਰਹੇ।

ਬਾਬਰ ਚਾਹੁੰਦਾ ਸੀ ਕਿ ਸੈਦਪੁਰ ਸੰਡਜਾਲੀ ਦਾ ਪਠਾਣ ਸਰਦਾਰ ਮੈਨੂੰ ਰਸਤਾ ਦੇਵੇ ਤੇ ਯਾ ਮੇਰੇ ਨਾਲ ਰਲ ਜਾਵੇ ਤੇ ਮੈਂ ਬਿਨਾ ਜੰਗ ਅਗੇ ਲਾਹੌਰ ਨੂੰ ਲੰਘ ਜਾਵਾਂ। ਪਰ ਸੈਦਪੁਰ ਦੇ ਪਠਾਣ ਨੇ ਐਸਾ ਨਾ ਕੀਤਾ, ਤਾਂ ਜੰਗ ਹੋਇਆ। ਇਸ ਵਿਚਾਰੇ ਨੂੰ ਦਿੱਲੀ ਤੋਂ ਮਦਦ ਬੀ ਨਾ ਅੱਪੜੀ ਸੋ ਇਕੱਲੇ ਨੂੰ ਲੜਨਾ ਪੈ ਗਿਆ।

ਰਾਮ ਸਿੰਘ— ਗੁਰੂ ਨਾਨਕ ਸਾਹਿਬ ਜੀ ਨੇ ਕਿੰਨਾ ਕੁ ਚਿਰ ਪਹਿਲੋਂ ਇਹ ਵਾਕ ਉਚਾਰੇ ਸਨ?

ਸ਼ਾਮ ਸਿੰਘ— ਭਾਈ ਰਾਮ ਸਿੰਘ ਜੀ! ਇਹ ਤਾਂ ਪਤਾ ਨਹੀਂ ਚਲਦਾ, ਪਰ ਜੋ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਨ ਉਨ੍ਹਾਂ ਤੋਂ ਇਹ ਪਤਾ ਜ਼ਰੂਰ ਚਲਦਾ ਹੈ ਕਿ ਗੁਰੂ ਜੀ ਨੇ ਇਹ ਗਲ ਚੰਗਾ ਸਮਾਂ ਪਹਿਲੋਂ ਕਹੀ ਹੈ, ਕਿਉਂਕਿ ਓਸ ਵਿਚ ਕ੍ਰਿਯਾਵਾਚੀ ਪਦ ਐਸੇ ਹਨ ਜੋ ਭਵਿਖਤ ਕਾਲ ਦੇ ਪਤੇ ਦੇਂਦੇ ਹਨ। ਅਰਥਾਤ ਆਉਣ ਵਾਲੇ ਸਮੇਂ ਬਾਬਤ ਪਹਿਲੋਂ ਤੋਂ ਉਚਾਰੇ ਗਏ ਵਾਕ ਹਨ। ਜੈਸਾ ਕਿ 'ਕਰੇਗੁ ਹੋਸੀ, ਉਠਸੀ, ਸਮਾਲਸੀ' ਆਦਿ। ਫੇਰ ਦੇਖੋ ਏਸ ਸ਼ਬਦ ਵਿਚ ਜੋ ਵਾਕ ਹੈ, 'ਹਿੰਦੁਸਤਾਨ ਸਮਾਲਸੀ ਬੋਲਾ' ਇਸਤੋਂ ਪਤਾ ਚਲਦਾ ਹੈ ਕਿ ਇਹ ਵਾਕ ਨਿਰੇ ਬਾਬਰ ਦੇ ਭੇਰੇ ਵਾਲੇ ਹੱਲੇ ਬਾਬਤ ਨਹੀਂ, ਨਾ ਨਿਰੇ ਸੰਡਜਾਲੀ ਵਾਲੇ ਹੱਲੇ ਬਾਬਤ ਹੈਨ। ਇਹ ਤਾਂ ਉਸ ਦੇ ਸਾਰੇ ਹੱਲਿਆਂ ਤੋਂ ਪਹਿਲੋਂ ਦਾ ਵਾਕ ਸਹੀ ਹੁੰਦਾ ਹੈ। ਇਸ ਵਿਚ ਤਾਂ ਉਸ ਦੇ ਪਹਿਲੇ ਹੱਲੇ ਤੋਂ ਲੈਕੇ ਅਖੀਰਲੇ ਹੱਲੇ ਤਕ, ਜਦੋਂ ਉਹ ਪਾਤਸ਼ਾਹ ਬਣ ਗਿਆ ਅਰਥਾਤ 1582-1583 ਸੰਮਤ ਬਿਕ੍ਰਮੀ ਤਕ ਦੇ ਸਾਰੇ ਹੱਲਿਆਂ ਬਾਬਤ ਕਿਹਾ ਹੈ। ਇਸ ਹਿਸਾਬ ਇਹ ਸੰਡਜਾਲੀ ਵਾਲੇ (ਤੀਸਰੇ) ਹੱਲੇ ਤੋਂ ਕਈ ਸਾਲ ਪਹਿਲੇ ਦਾ ਵਾਕ ਸਹੀ ਹੁੰਦਾ ਹੈ। ਇਸ ਵਿਚ ਸ਼ੁਰੂ ਤੋਂ ਲੈਕੇ ਲਾਹੌਰ ਦੀ ਕਤਲਾਮ ਤੇ ਪਾਣੀਪਤ ਵਾਲਾ ਆਖ਼ਰੀ


www.sikhbookclub.com

ਜੁਧ ਸ਼ਾਮਲ ਹੈ। ਫੇਰ ਏਸ ਤੋਂ ਬੀ ਸਹੀ ਹੋ ਜਾਂਦਾ ਹੈ ਕਿ ਇਹ ਵਾਕ ਗੁਰੂ ਜੀ ਭਵਿਖਤ ਦੀ ਗੱਲ ਪਹਿਲੋਂ ਦੱਸ ਰਹੇ ਹਨ, ਜਦ ਆਖਦੇ ਹਨ 'ਆਵਨਿ ਅਠਤਰੈ ਜਾਨਿ ਸਤਾਨਵੈ।' ਪੰਦਰਾਂ ਸੌ ਅਠੱਤਰ(1578 ਇਸ ਵਾਸਤੇ ਕਿਹਾ ਹੈ ਕਿ ਇਸ ਹੱਲੇ ਵਿਚ ਬਾਬਰ ਲਾਹੌਰ ਦੇ ਨੇੜੇ ਤਕ ਆਪਣਾ ਤਹਿਤ ਜਮਾ ਗਿਆ ਸੀ, ਇਸ ਕਰਕੇ ਉਸ ਦੇ ਰਾਜੇ ਦਾ ਮੁਢ ਬੱਝ ਗਿਆ ਸੀ।) ਵਿਚ ਗੁਰੂ ਜੀ ਆਪ ਦੇਹ ਵਿਚ ਸਨ, ਪਰ ਸਤਾਨਵੇਂ ਵਿਚ ਤਾਂ ਚੋਲਾ ਛੋੜ ਚੁਕੇ ਸਨ, ਇਸ ਲਈ ਇਹ ਕਹਿਣਾ ਕਿ ਜਾਣ ਸਤਾਨਵੇਂ ਨਿਰਸੰਸੇ ਕਰਦਾ ਹੈ ਕਿ 78 ਸੰਮਤ ਤੋਂ ਪਹਿਲੋਂ ਕਿਸੇ ਸਾਲ ਵਾਕ ਕਹਿ ਰਹੇ ਹਨ ਤੇ ਪਤਾ ਆਉਣ ਵਾਲੇ ਸਤਾਨਵੇਂ ਦਾ ਦੇ ਰਹੇ ਹਨ, ਤੇ 'ਜੈਸੀ ਮੈ ਆਵੈ' 'ਤੈਸੜਾ ਕਰੀ' ਕਹਿਣਾ ਵੀ ਸਪਸ਼ਟ ਦਸਦਾ ਹੈ ਕਿ ਭਵਿਖਤ ਦੀ ਹੀ ਦੱਸ ਰਹੇ ਹਨ ਅਰਥਾਤ ਆਉਣ ਵਾਲੇ ਸਮੇਂ ਦੀ।

ਰਾਮ ਸਿੰਘ— ਹਾਂ ਇਹ ਗਲ ਤਾਂ ਨਿਰਸੰਸੇ ਤੁਸਾਂ ਕਰ ਦਿਤੀ ਹੈ, ਪਰ ਤੁਸੀਂ 78 ਤੇ 97 ਦੇ ਨਾਲ 'ਪੰਦਰਾਂ ਸੌ' ਕਿਵੇਂ ਲਾਉਂਦੇ ਹੋ? ਵਿਚ ਤਾਂ ਨਹੀਂ ਲਿਖੇ ਹੋਏ!

ਸ਼ਾਮ ਸਿੰਘ— ਭਾਈ, ਅੱਜ ਕਲ ਜੇ ਕਹੀਏ, ਵੀਹਵੇਂ ਸੰਮਤ ਵਿਚ ਫਲਾਣੀ ਗੱਲ ਹੋਵੇਗੀ ਤਾਂ 2020 ਹੀ ਮਤਲਬ ਹੁੰਦਾ ਹੈ ਨਾ! ਤਿਵੇਂ ਤਦੋਂ ਸਦੀ ਚਲ ਰਹੀ ਸੀ ਪੰਦ੍ਰਵੀਂ, ਇਸ ਕਰਕੇ 78 ਦਾ ਮਤਲਬ 1578 ਤੇ 97 ਦਾ ਮਤਲਬ 1597 ਸਾਫ ਹੈ। 1578 ਬਿਕ੍ਰਮੀ (ਤਦੋਂ ਈਸਵੀ ਸੰਨ ਸੀ 1520-21) ਵਿਚ ਬਾਬਰ ਨੇ ਇਹ ਹੱਲਾ ਕੀਤਾ ਸੀ। ਸੈਦਪੁਰ ਦੇ ਲਾਗਲੇ ਇਲਾਕੇ ਸਰ ਕਰਕੇ ਤਹਤ ਜਮਾਕੇ ਘਰੋਗੀ ਮਾਮਲੇ ਪੈ ਜਾਣ ਕਰਕੇ ਮੁੜ ਗਿਆ ਸੀ। ਤਦੋਂ ਜਾਣੋਂ ਲਾਹੌਰ ਥੋੜੀ ਹੀ ਦੂਰ ਰਹਿ ਗਿਆ ਸੀ। ਫੇਰ 82-83 ਵਿਚ ਬਾਬਰ ਪਾਤਸ਼ਾਹ ਹੀ ਹੋ ਗਿਆ ਸੀ। ਫੇਰ 1597 ਵਿਚ ਉਸਦਾ ਪੁਤਰ ਹਮਾਯੂੰ, ਜੋ ਉਸਦੇ ਮਗਰੋਂ ਗੱਦੀ ਬੈਠਾ ਸੀ, ਸ਼ੇਰਸ਼ਾਹ ਤੋਂ ਭਾਂਜ ਖਾਕੇ ਹਿੰਦੁਸਤਾਨ ਤੋਂ ਨੱਸ ਗਿਆ ਸੀ, ਸੋ ਤਦੋਂ ਮੁਗਲ ਹਿੰਦ ਛੋੜ ਗਏ ਸਨ।

ਰਾਮ ਸਿੰਘ— ਇਹ ਸੈਦਪੁਰ ਲਾਲੋ ਭਾਈ ਦਾ ਟਿਕਾਣਾ ਸੀ, ਤੇ ਏਥੇ ਪਹਿਲੋਂ ਗੁਰੂ ਜੀ ਦੀ ਸਾਖੀ ਮਲਕ ਭਾਗੋ ਨਾਲ ਹੋਈ ਸੀ, ਓਹੋ ਥਾਂ ਹੈਸੀ ਨਾ ਇਹ ਸੈਦਪੁਰ?

 www.sikhbookclub.com

ਸ਼ਾਮ ਸਿੰਘ— ਹਾਂ ਭਾਈ, ਮਲਕ ਭਾਗੋ ਓਸੇ ਪਠਾਣ ਹਾਕਮ ਦਾ ਇਕ ਅਹੁਦੇਦਾਰ ਸੀ। ਤਦੋਂ ਗੁਰੂ ਜੀ ਭਾਗੋ ਦੇ ਅੰਨ ਵਿਚੋਂ ਲਹੂ ਚੁਆਕੇ ਦੱਸ ਗਏ ਸਨ ਕਿ ਤੁਸੀਂ ਲੋਕ ਪਾਪ ਕਰ ਰਹੇ ਹੋ।

ਰਾਮ ਸਿੰਘ— ਫੇਰ ਭਾਈ ਜੀ, ਅੱਗੋਂ ਕਿਵੇਂ ਹੋਈ?

ਸ਼ਾਮ ਸਿੰਘ— ਫੇਰ ਇਹ ਹੋਈ ਕਿ ਬਾਬਰ ਆ ਪਿਆ ਹਿੰਦ ਉਤੇ। ਸੰਡਜਾਲੀ ਉਰੇ 'ਅਵਾਣ' ਪਿੰਡ ਡੇਰਾ ਕੀਤੋਸੁ ਤੇ ਪਠਾਣਾਂ ਨੂੰ ਈਨ ਮੰਨਣ ਲਈ ਕਹਿ ਘੱਲਿਓਸੁ। ਓਹਨਾਂ ਦੇ ਨਾ ਮੰਨਣ ਤੇ ਹੱਲਾ ਕਰ ਦਿਤੋ ਸੁ। ਹੁਣ ਜੇ ਉਸ ਦੀਆਂ ਫੌਜਾਂ ਨਾਲ ਪਠਾਣਾਂ ਦੀਆਂ ਫੌਜਾਂ ਲੜਦੀਆਂ ਤਾਂ ਤਾਂ ਘੋਲ ਹੁੰਦਾ ਨਾ ਸਕਤੇ ਦਾ ਸਕਤੇ ਨਾਲ਼, ਅਰਥਾਤ ਬਲਵਾਨ ਦਾ ਬਲਵਾਨ ਨਾਲ, ਫੌਜੀ ਤਾਕਤ ਦਾ ਫੌਜੀ ਤਾਕਤ ਨਾਲ। ਬਾਬਰ ਨੇ ਜੋ ਜ਼ੁਲਮ ਕਹਿਰ ਦੇ ਕੀਤੇ ਉਹ ਸਨ ਨਿਹੱਤੀ ਪਰਜਾ ਦੇ ਕਤਲ, ਲੁੱਟ ਤੇ ਬੇਹੁਰਮਤੀਆਂ। ਇਸੇ ਗੱਲ ਦਾ ਗੁਰੂ ਜੀ ਇਕ ਸ਼ਬਦ ਵਿਚ ਉਲ੍ਹਾਮਾ ਦੇਂਦੇ ਹਨ "ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥1॥ਰਹਾਉ॥ ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥" ਕਿ ਜੇ ਫੌਜੀ ਤਾਕਤ ਫੌਜੀ, ਤਾਕਤ ਨਾਲ ਲੜੇ ਤਾਂ ਮੰਦਾ ਨਹੀਂ ਲਗਦਾ, ਪਰ ਵੱਗ ਉਤੇ ਜੇ ਸ਼ੇਰ ਮਾਰਨ ਨੂੰ ਛਡ ਦਿਤੇ ਜਾਣ, ਭਾਵ ਨਿਹੱਤੀ ਪਰਜਾ ਉਤੇ ਫੌਜੀ ਤਾਕਤ ਛਡ ਦਿਤੀ ਜਾਵੇ ਤਾਂ ਉਸਦੇ ਮਾਲਕ ਦੀ ਜ਼ਿੰਮੇਵਾਰੀ ਹੈ, ਉਸ ਤੋਂ ਪੁੱਛ ਹੋਣੀ ਚਾਹੀਏ ਕਿ ਜ਼ਾਲਮ ਤੂੰ ਇਹ ਜ਼ੁਲਮ ਕਿਉਂ ਕੀਤਾ ਹੈ? ਇਹ ਉਲਾਮਾ ਬਾਬਰ ਨੂੰ ਹੈ।

ਰਾਮ ਸਿੰਘ— ਫੇਰ ਕਿਵੇਂ ਹੋਈ?

ਸ਼ਾਮ ਸਿੰਘ— ਫੇਰ ਬਾਬਰ ਨੇ ਹੱਲਾ ਬੋਲ ਦਿਤਾ। ਇਸਦੀ ਫੌਜ ਬਹੁਤ ਸੀ, ਕਰੜੀ ਸੀ, ਪਠਾਣ ਥੋੜੇ ਤੇ ਢਿੱਲੇ ਸਨ ਤੇ ਮੁਲਾਣਿਆਂ ਦੀਆਂ ਕਲਾਮਾਂ ਤੇ ਟਿਕ ਰਹੇ ਸਨ, ਸੋ ਜੰਗ ਹੋਕੇ ਹਾਰੇ। ਮੁਗ਼ਲਾਂ ਨੇ ਕਿਲ੍ਹਾ ਲੈ ਲਿਆ। ਸ਼ਹਿਰ ਪਨਾਹ ਤੋੜ ਦਿੱਤੀ, ਅੰਦਰ ਜਾ ਵੜੇ ਤੇ ਬੜੇ ਬੇਰਹਿਮੀ ਦੇ ਜ਼ੁਲਮ ਕਮਾਏ ਜਿਵੇਂ ਕਿ ਹੁਣ ਦੇ ਅਤਯਾਚਾਰਾਂ ਵਿਚ ਪੱਛਮੀ ਪੰਜਾਬ ਦੇ ਜ਼ੁਲਮਾਂ ਵਿਚ ਮੁਸਲਮਾਨਾਂ ਤੇ ਕਈ ਮੁਸਲਮਾਨੀ ਫੌਜਾਂ ਤੇ ਮੁਸਲਮਾਨੀ ਪੁਲਸ ਨੇ ਜ਼ੁਲਮ ਕਮਾਏ ਹਨ। ਹਾਂ ਨਿਹੱਤੀ ਪਰਜਾ ਉਤੇ ਕਹਿਰ ਦੇ ਕਸ਼ਟ ਢਾਹੇ ਐਸੇ ਕਿ ਅਪਣੇ ਵਹਿਸ਼ੀਪੁਣੇ, ਜ਼ੁਲਮ ਤੇ ਕਹਿਰ ਦਾ ਸਿੱਕਾ ਬਿਠਾ ਦਿਤਾ।

 www.sikhbookclub.com

ਹਿੰਦੂ ਤੇ ਪਠਾਣ, ਮੁਸਲਮਾਨ ਨੀਚ ਊਚ ਸਾਰੇ ਇਕੋ ਰੱਸੇ ਮਾਰੇ। ਹਿੰਦੂ ਮੁਸਲਮਾਨ ਤ੍ਰੀਮਤਾਂ ਦੇ ਸਤਰ ਪਾੜੇ, ਵਾਲਾਂ ਤੋਂ ਫੜ ਬਜ਼ਾਰਾਂ ਵਿਚ ਧੂਹੀਆਂ ਤੇ ਸੁਆਹਾਂ ਉਨ੍ਹਾਂ ਦੇ ਮੂੰਹਾਂ ਵਿਚ ਭਰ ਭਰ ਤੇ ਮਾਰ ਮਾਰ, ਕੁੱਟ ਕੁੱਟ ਕੇ ਘਰਾਂ ਵਿਚ ਰੱਖੇ ਤੇ ਦਬੇ ਮਾਲ ਪਦਾਰਥ, ਗਹਿਣੇ, ਰੁਪਏ ਕਢਵਾਏ। ਕਿਸੇ ਦੀ ਹੁਰਮਤ, ਕਿਸੇ ਦੀ ਪਤ ਅਬਰੋ ਦਾ ਬਚਾਨਾ ਰਿਹਾ। ਕਤਲ ਕਰਨ ਵਿਚ, ਮਾਰਨ ਵਿਚ, ਨਾ ਬਾਲ, ਨਾ ਬੁੱਢਾ, ਨਾ ਤ੍ਰੀਮਤ ਕਿਸੇ ਤੇ ਤਰਸ ਨਾ ਖਾਧਾ ਗਿਆ। ਅਮੀਰ ਤੇ ਕੰਵਰ, ਨਵਾਬਜ਼ਾਦੇ ਤੇ ਰਈਸ ਸਭ ਰੁਲਾਏ ਗਏ। ਮੁਸਲਮਾਨਾਂ ਦਾ ਦੀਨੀ ਲਿਹਾਜ ਬੀ ਕੱਖ ਨਾ ਹੋਇਆ। ਕੋਈ ਭੋਰਿਆਂ ਵਿਚ, ਕੋਈ ਤੂੜੀਆਂ ਦੇ ਕੋਠਿਆਂ ਤੇ ਮੂਸਲਾਂ ਵਿਚ ਲੁਕ ਲੁਕ ਕੇ ਬਚੇ, ਯਾ ਜੋ ਕਿਵੇਂ ਭਜ ਨਿਕਲੇ ਯਾ ਜੋ ਕੈਦ ਪਾ ਲਏ ਸੇ ਸੋ ਬਚੇ।

ਹੁਣ ਬਾਬਰ ਦੇ ਪਾਪ-ਜਾਈਆਂ ਨੇ ਰੋਟੀ, ਪੱਠੇ, ਘਾਹ ਦੀ ਥਾਂ ਲੱਖਾਂ ਹਜ਼ਾਰਾਂ ਦੇ ਗਹਿਣੇ, ਜਵਾਹਰ, ਕਪੜੇ, ਚਾਂਦੀ ਸੋਨੇ ਉਡਾਏ ਤੇ ਤ੍ਰੀਮਤਾਂ ਨੂੰ ਬੰਨ੍ਹ ਕੇ ਲੈ ਚਲੇ। ਅਸਬਾਬ ਤੇ ਲੁੱਟ ਦਾ ਮਾਲ ਢੋਣ ਲਈ ਜੋ ਹੁਣ ਕਤਲੋਂ ਬਚ ਰਹੇ ਸਨ ਉਨ੍ਹਾਂ ਨੂੰ ਕੈਦੀ ਬਣਾਇਆ ਜੋ ਆਪਣੇ ਸਿਰਾਂ ਤੇ ਆਪਣੇ ਮਾਲ ਢੋ ਰਹੇ ਤੇ ਜ਼ਾਲਮਾਂ ਦੇ ਡੇਰਿਆਂ ਨੂੰ ਲਿਜਾ ਰਹੇ ਹਨ। ਖਾਨਜ਼ਾਦੀਆਂ ਤੇ ਪ੍ਰਭਾਣੀਆਂ ਕਪੜੇ ਫਟੇ, ਜ਼ਖਮ ਲੱਗੇ, ਧੂੜਾਂ ਸੁਆਹਾਂ ਨਾਲ ਭਰੀਆਂ ਬੇਹੁਰਮਤ ਹੋਈਆਂ, ਰੱਸਿਆਂ ਨਾਲ ਵੀਣੀਆਂ ਬੱਧੀਆਂ ਫੜੀਆਂ ਲਿਜਾਈਆਂ ਜਾ ਰਹੀਆਂ ਹਨ। ਮੈਂ ਦਸਿਆ ਹੈ ਕਿ ਇਸ ਹਮਲੇ ਵੇਲੇ ਗੁਰੂ ਜੀ ਏਥੇ ਆਏ ਹੋਏ ਸਨ। ਸੋ ਇਸ ਵੇਲੇ ਗੁਰੂ ਬਾਬਾ ਤੇ ਮਰਦਾਨਾ ਬੀ ਬੰਦ ਵਿਚ ਪੈ ਗਏ। ਮਰਦਾਨੇ ਦੇ ਸਪੁਰਦ ਘੋੜਾ ਹੋਇਆ ਕਿ ਇਸ ਨੂੰ ਲੈਕੇ ਟੁਰੇ ਤੇ ਦੋ ਕੁ ਕੋਹ ਉਤੇ ਬੰਦੀ ਵਾਲੀ ਥਾਂ ਪਹੁੰਚਾਏ। ਲਿਖਿਆ ਹੈ ਕਿ ਗੁਰੂ ਜੀ ਨੇ ਮਰਦਾਨੇ ਨੂੰ ਕਿਹਾ— ਘੋੜਾ ਛੱਡ ਦੇਹ ਤੇ ਤੂੰ ਕੀਰਤਨ ਕਰਦਾ ਟੁਰੀ ਚੱਲ। ਆਪ ਬੀ ਸਾਹਿਬ ਇਸ ਵੇਲੇ ਕਿਸੇ ਕੌਤਕ ਲਈ ਗੁਲਾਮੀ ਵਿਚ ਪਏ ਹੋਏ, ਰੱਬੀ ਰੰਗ ਵਿਚ ਮਗਨ, ਨਾਲ ਨਾਲ ਟੁਰੇ ਜਾ ਰਹੇ ਸਨ। ਲਿਖਿਆ ਹੈ ਕਿ ਇਕ ਭਾਰ ਗੁਰੂ ਬਾਬੇ ਨੂੰ ਬੀ ਮਿਲਿਆ ਸੀ ਜੋ ਆਪੇ ਚੁੱਕਿਆ ਉਨ੍ਹਾਂ ਦੇ ਨਾਲ ਨਾਲ, ਉਨ੍ਹਾਂ ਦੇ ਸੀਸ ਤੋਂ ਹਥ ਭਰ ਉਚਾ, ਆਪ ਟੁਰਦਾ ਜਾ ਰਿਹਾ ਸੀ। ਸਤਿਗੁਰ ਜੀ ਦੁਖ ਭਰੀ ਦਸ਼ਾ

 www.sikhbookclub.com

ਦੇਖਦੇ ਜਾ ਰਹੇ ਸਨ, ਜੋ ਆਪ ਜੀ ਨੇ ਉਸ ਵੇਲੇ ਦੇ ਅੱਖੀਂ ਡਿਠੇ ਹਾਲ ਬੜੇ ਵੈਰਾਗ ਦੇ ਰੰਗ ਵਿਚ ਐਉਂ ਉਚਾਰੇ ਹਨ:-

ਰਾਗੁ ਆਸਾ ਮਹਲਾ ੧ ਅਸਟਪਦੀਆਂ ਘਰੁ ੩॥ ੧ੴ ਸਤਿਗੁਰ ਪ੍ਰਸਾਦਿ॥ ਜਿਨ੍ ਸਿਰਿ ਸੋਹਨਿ ਪਟੀਆਂ ਮਾਂਗੀ ਪਾਇ ਸੰਧੂਰੁ॥ ਸੇ ਸਿਰ ਕਾਤੀ ਮੁੰਨੀਅਨਿ੍ ਗਲ ਵਿਚਿ ਆਵੈ ਧੂੜਿ॥ ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ੍ ਹਦੂਰਿ॥੧॥ ਆਦੇਸੁ ਬਾਬਾ ਆਦੇਸੁ॥ ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ॥੧॥ਰਹਾਉ॥ ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ॥ ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ॥ ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ॥੨॥ ਇਕੁ ਲਖੁ ਲਹਨਿ੍ ਬਹਿਠੀਆ ਲਖੁ ਲਹਿਨਿ੍ ਖੜੀਆ॥ ਗਰੀ ਛੁਹਾਰੇ ਖਾਂਦੀਆ ਮਾਣਨਿ੍ ਸੇਜੜੀਆ॥ ਤਿਨ੍ ਗਲਿ ਸਿਲਕਾ ਪਾਈਆ ਤੁਟਨਿ੍ ਮੋਤਸਰੀਆ॥੩॥ ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ੀ ਰਖੇ ਰੰਗੁ ਲਾਇ॥ ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ॥ ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ॥੪॥ ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥ ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥ ਬਾਬਰ ਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ॥੫॥ ਇਕਨਾ ਵਖਤ ਖੁਆਈਅਹਿ ਇਕਨ੍ਾ ਪੂਜਾ ਜਾਇ॥ ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ॥ ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ॥੬॥ ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ॥ ਇਕਨਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ॥ ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ॥੭॥

ਰਾਮ ਸਿੰਘ— ਇਹ ਜੋ ਹਾਲ ਗੁਰੂ ਬਾਬੇ ਅੱਖੀਂ ਡਿਠਾ ਲਿਖਿਆ ਹੈ ਡਾਢਾ ਭਿਆਨਕ ਹੈ। ਅਸੀਂ ਸਮਝਦੇ ਸਾਂ ਕਿ ਪੰਜਾਬ ਸਦਾ ਜੌਂ ਕੀ ਵਸਦਾ ਰਿਹਾ ਹੈ ਜਿਵੇਂ ਅਸੀਂ ਵਸਦੇ ਸਾਂ। ਹਾਂ, ਅਸੀਂ ਸਮਝਦੇ ਸਾਂ ਕਿ ਇਹ ਹੁਣ ਸਾਡੇ ਸਿਰ ਹੀ ਅਸਮਾਨਾਂ ਦੇ ਕਟਕ ਟੁੱਟ ਕੇ ਪਏ ਹਨ। ਇਹ

 www.sikhbookclub.com

ਨਹੀਂ ਸੀ ਪਤਾ ਕਿ ਅੱਗੇ ਵੀ ਇਡੇ ਕਰੜੇ ਕਹਿਰ ਵਰਤ ਚੁਕੇ ਹਨ ਤੇ ਸਾਡੇ ਵਡਕੇ ਝੱਲ ਚੁਕੇ ਹਨ।

ਸ਼ਾਮ ਸਿੰਘ-- ਭਾਈ ਖਾਲਸਾ! ਇਕ ਵੇਰੀ ਨਹੀਂ, ਕਈ ਵੇਰ, ਮੈਂ ਦੱਸਿਆ ਹੈ, ਪੰਜਾਬ ਦੁਖਾਂ ਦੇ ਮੂੰਹ ਕਈ ਵੇਰ ਆਇਆ ਹੈ। ਹਾਂ ਐਤਕੀ ਇਕ ਗਲ ਨਵੀਂ ਵਰਤੀ ਹੈ, ਜੋ ਪੰਜਾਬ ਦੇ ਵਾਸੀਆਂ ਨੂੰ ਘਰ ਬਾਰ ਛਡ ਕੇ ਪ੍ਰਦੇਸੀਂ ਰੁਲਣਾ ਪਿਆ ਹੈ। ਅਗੇ ਰਾਜ ਬਦਲਦੇ ਸਨ, ਰਾਜ ਗਰਦੀ ਹੁੰਦੀ ਸੀ! ਪਰਜਾ ਬੀ ਜ਼ੁਲਮ ਕਸ਼ਟ ਸਹਾਰਦੀ ਸੀ, ਪਰ ਪਰਜਾ ਨਹੀਂ ਸੀ ਸਾਰੀ ਬਦਲਦੀ, ਹਾਂ ਰਾਜੇ ਪਾਤਸ਼ਾਹ ਬਦਲਦੇ ਸਨ। ਉਂਞ ਇਉਂ ਤਾਂ ਕਈ ਵੇਰ ਹੋਇਆ ਹੈ, ਕਿ ਪਛਮੋਤ੍ਰ ਵਲੋਂ ਕਿਸੇ ਹੱਲਾ ਕਰਨ ਵਾਲੇ ਦੇ ਆਉਣ ਦੀਆਂ ਖਬਰਾਂ ਸੁਣ ਕੇ ਲੋਕੀਂ ਖੱਚੇ ਤ੍ਰੀਮਤਾਂ ਨੂੰ ਪਹਾੜੀ ਟੋਰ ਦੇਂਦੇ ਸਨ, ਜਾਂ ਟਬਰ ਪਹਾੜੀਂ ਟੋਰ ਦੇਂਦੇ ਸਨ; ਜੈਸੀ ਕਿ ਇਕ ਸਮੇਂ ਦੀ ਕਹਾਵਤ ਟੁਰੀ ਆ ਰਹੀ ਹੈ:-

**"ਆਇਆ ਨਾਦਰ ਕੁੱਲ ਕੁੜੇ! ਕੁਪਾਹੀ ਪੈਂਦੇ ਭੁੱਲ ਕੁੜੇ!**
**ਰੰਨਾਂ ਚੜ੍ਹ ਪਹਾੜੀ ਗਈਆਂ, ਮਰਦਾਂ ਮੱਲੀ ਚੁੱਲ੍ਹ ਕੁੜੇ!"**

ਕੁਛ ਬੰਦੇ ਇਧਰ ਉਧਰ ਹੋ ਜਾਂਦੇ ਸਨ, ਹਿਕੇ ਕੋਈ ਕੋਈ ਘਰ ਬਾਰ ਛਡ ਕੇ ਪਰਦੇਸੀਂ ਟੁਰ ਜਾਂਦੇ ਸਨ, ਜਿਵੇਂ ਸੁਰਸੱਤੀ ਨਦੀ ਦੇ ਕਿਨਾਰੇ ਰਹਿਣ ਵਾਲੇ ਬ੍ਰਾਹਮਣ ਜੋ ਸਾਰਸੁਤ ਕਹਾਉਂਦੇ ਸਨ, ਤੁਹਾਨੂੰ ਦਖਣ ਵਿਚ ਉਥੋਂ ਦੇ ਹੋ ਗਏ ਹੋਏ ਮਿਲਨਗੇ। ਉਹ ਕਿਸੇ ਭਾਜੜ ਵੇਲੇ ਹੀ ਪੰਜਾਬੋਂ ਦਖਣ ਨੂੰ ਗਏ ਹਨ। ਪਹਾੜਾਂ ਵਿਚ ਤੁਹਾਨੂੰ ਕਈ ਜਾਤਾਂ ਦੇ ਖਤ੍ਰੀ ਪੰਜਾਬੋਂ ਗਏ ਮਿਲਨਗੇ। ਪੂਰਬ ਵਿਚ ਬੀ ਇਹੋ ਗਲ ਮਿਲੇਗੀ, ਪਰ ਜੀਕੂੰ ਐਤਕੀ ਸਾਰੀ ਪਰਜਾ ਹੀ, ਸਿਵਾ ਮੁਸਲਮਾਨਾਂ ਦੇ, ਦੇਸ਼ ਨਿਕਾਲਾ ਲੈ ਗਈ ਤੇ ਕਰੜੇ ਕਸ਼ਟਾਂ ਨਾਲ ਮਰਦੀ ਖਪਦੀ ਹਿੰਦ ਪਹੁੰਚੀ ਤੇ ਉਥੇ ਜਾ ਕੇ ਰੁਲੀ ਐਸਾ ਨਹੀਂ ਕਦੇ ਹੋਇਆ ਪੜ੍ਹਿਆ। ਹੋਰ ਜੋ ਕਤਲਾਮਾਂ ਕਸ਼ਟ ਕਹੋ ਤਾਂ ਪੰਜਾਬ ਨੇ ਸਦਾ ਝੱਲੇ ਹਨ। ਦੋ ਹਜ਼ਾਰ ਵਰ੍ਹੇ ਦਾ ਪੁਰਾਣਾ ਹੱਲਾ ਤੇ ਕਸ਼ਟ ਸਿਕੰਦਰ ਯੂਨਾਨੀ ਦਾ ਪੰਜਾਬ ਨੇ ਹੀ ਝੱਲਿਆ ਸੀ ਤੇ ਉਸ ਦੇ ਐਸੇ ਮੁਕਾਬਲੇ ਕੀਤੇ ਸਨ ਕਿ ਉਸ ਦੀ ਫੌਜ ਨੇ ਸਤਲਜੋਂ ਅਗੇ ਜਾਣੋਂ ਨਾਂਹ ਕਰ ਦਿੱਤੀ ਸੀ, ਤਾਂ ਸਿਕੰਦਰ ਪੰਜਾਬ ਦੇ ਦਰਯਾਵਾਂ ਦੇ ਰਸਤੇ ਸਿੰਧ ਜਾ ਪਹੁੰਚਾ ਤੇ

ਉਥੋਂ ਜਹਾਜ਼ੀ ਸਫਰ ਕਰਕੇ ਘਰ ਪਹੁੰਚਾ ਸੀ। ਇਹ ਤਾਂ ਪੁਰਾਤਨ ਗੱਲਾਂ ਹਨ। ਔਰੰਗਜ਼ੇਬ ਦੇ ਸਮੇਂ ਬੜੇ ਕਸ਼ਟ ਪਏ ਸਨ, ਮਗਰੋਂ ਫੇਰ ਨਾਦਰ ਤੇ ਅਬਦਾਲੀ ਨੇ ਬੜੇ ਕਹਿਰ ਕਮਾਏ ਹਨ, ਖਾਸ ਕਰ ਸਿਖਾਂ ਤੇ। ਫਰੁਖ਼ਸੀਅਰ ਵੇਲੇ ਲਗ ਪਗ ਸਾਰੇ ਸਿਖ ਕਤਲ ਕਰ ਦਿਤੇ ਗਏ ਸਨ। ਕੋਈ ਪੰਜਾਬ ਵਿਚ ਕੇਸਾਧਾਰੀ ਸਿੰਘ ਨਹੀਂ ਸੀ ਰਿਹਾ। ਅਬਦੁਸਮੱਦ ਖਾਂ, ਖ਼ਾਨ ਬਹਾਦਰ, ਜ਼ਕਰੀਆ ਖਾਂ, ਯਹਯਾ ਖਾਂ, ਮੀਰ ਮੰਨੂ ਆਦਿਕ ਜ਼ਾਲਮਾਂ ਦੇ ਸਮੇਂ ਸਿਖ ਤ੍ਰੈ ਤੋਂ ਵਧੀਕ ਵੇਰੀ ਕਤਲਾਮੇ ਗਏ ਸਨ। ਪਰ ਸਿਖਾਂ ਵਿਚ ਅੰਮ੍ਰਿਤ ਨੇ ਉਹ ਜਾਨ ਭਰੀ ਹੈ ਕਿ ਹਰ ਸਮੇਂ ਕਸ਼ਟ ਸਹਾਰ ਕੇ, ਮੱਕ ਮੁੱਕ ਕੇ ਫੇਰ ਉਗਮ ਪੈਂਦੇ ਰਹੇ ਹਨ ਤੇ ਅਜ ਤਕ ਹਰੀ ਕੌਮ ਹਨ।

ਰਾਮ ਸਿੰਘ— ਹਾਂ ਸਚੀ ਤੁਸੀਂ ਗੁਰੂ ਨਾਨਕ ਦੇਵ ਜੀ ਦੇ ਬੰਦ ਵਿਚ ਪੈਣ ਦੀ ਗੱਲ ਕਹਿ ਰਹੇ ਸੋ। ਗੁਰੂ ਜੀ ਕਿਉਂ ਬੰਦ ਵਿਚ ਪਏ? ਉਨ੍ਹਾਂ ਨੂੰ ਪਹਿਲੋਂ ਪਤਾ ਤਾਂ ਸੀ ਕਿ ਏਥੇ ਕਹਿਰ ਵਰਤਣਾ ਹੈ, ਆਪ ਲਾਂਭੇ ਕਿਉਂ ਨਾ ਹੋ ਗਏ? ਕਿਤੇ ਦੂਰ ਕਿਉਂ ਨਾ ਜਾ ਲੁਕੇ।

ਸ਼ਾਮ ਸਿੰਘ— ਮੈਂ ਤੁਸਾਂ ਨੂੰ ਦੱਸ ਚੁਕਾ ਹਾਂ ਕਿ ਗੁਰੂ ਜੀ ਇਕ ਤਾਂ ਸਦਾ ਵਾਹਿਗੁਰੂ ਨਾਲ ਜੁੜੇ ਰਹਿੰਦੇ ਸੇ ਅੰਤਰ ਆਤਮੇ, ਤੇ ਬਾਹਰ ਦਿਸਦੇ ਵਸਦੇ ਸੰਸਾਰ ਵਿਚ 'ਸਰਬੱਤ ਦਾ ਭਲਾ' ਚਿਤਵਦੇ ਸਨ। ਚਿਤਵਦੇ ਹੀ ਨਹੀਂ ਸਨ ਸਗੋਂ ਕਰਦੇ ਸਨ, ਅਤੇ ਆਪਣੇ ਤੇ ਦੁਖ ਲੈ ਕੇ ਬੀ ਸੁਖ ਦੇਂਦੇ ਸਨ। ਓਹ ਉਪਕਾਰ ਕਰਨ ਲਈ ਪਰਜਾ ਨਾਲ ਦੁਖ ਵੰਡਾ ਕੇ ਦੁਖ ਹਰਨ ਲਈ ਟਿਕੇ ਰਹੇ। ਓਹ ਐਸੇ ਸਮਰਥ ਸਨ। ਮੈਂ ਤੁਹਾਨੂੰ ਹੁਣੇ ਦੱਸਾਂਗਾ ਕਿ ਆਪਣੇ ਉੱਤੇ ਦੁਖ ਲੈਕੇ ਕਿਵੇਂ ਗੁਰੂ ਜੀ ਨੇ ਸੁਖ ਵਰਤਾਇਆ ਸੀ।

ਰਾਮ ਸਿੰਘ— ਧੰਨ ਗੁਰੂ ਨਾਨਕ ਦੇਵ ਜੀ! ਸਚੀਂ ਤੁਸਾਂ ਦੱਸਿਆ ਸੀ ਕਿ ਗੁਰੂ ਜੀ ਤੇ ਮਰਦਾਨਾਂ ਬੰਦੀ ਵਿਚ ਪੈ ਗਏ ਸਨ ਤੇ ਮਰਦਾਨੇ ਨੇ ਗੁਰੂ ਜੀ ਦੇ ਕਹੇ ਜੋ ਘੋੜਾ ਲਈ ਜਾਂਦਾ ਸੀ ਛਡ ਦਿਤਾ ਤਾਂ ਘੋੜਾ ਆਪ ਪਿਛੇ ਟੁਰ ਪਿਆ ਤੇ ਮਰਦਾਨਾ ਰਬਾਬ ਵਜਾਉਂਦਾ ਤੇ ਗਾਉਂਦਾ ਟੁਰੀ ਜਾਵੇ ਤੇ ਗੁਰੂ ਜੀ ਦੀ ਪੰਡ ਉਹਨਾਂ ਦੇ ਮੁਹਣੇ ਸੀਸ ਤੋਂ ਹਥ ਭਰ ਉਚੀ ਆਪੇ ਟੁਰੀ ਜਾਵੇ। ਸਿੰਘ ਜੀ, ਇਹ ਕਰਾਮਾਤ ਸੀ। ਤੁਸੀਂ ਕਥਾ ਵਿਚ ਦਸਦੇ ਹੁੰਦੇ ਸਾਓ ਕਿ ਗੁਰੂ ਜੀ ਕਰਾਮਾਤ ਨਹੀਂ ਸਨ ਦਿਖਾਲਦੇ, ਹੁਣ ਕਿਉਂ ਦਿਖਾਈ?

ਇਹ ਸੁਣ ਕੇ ਸ਼ਾਮ ਸਿੰਘ ਜੀ ਹੱਸ ਪਏ ਤੇ ਆਖਣ ਲੱਗੇ ਸਤਿਗੁਰ ਜਾਗਤਾ ਦੇਵ ਹੈ, ਸੁੱਕੀ ਲੱਕੜ ਨਹੀਂ, ਜਿਸ ਵਿਚ ਲਚਕ ਨਾ ਹੋਵੇ। ਸਤਿਗੁਰ ਨੇ ਡਿਠਾ ਕਿ ਹੁਣ ਥੋੜੀ ਕਰਾਮਾਤ ਦੱਸਿਆਂ ਦੁਖੀਆਂ ਰਵਾਣਿਆਂ ਦਾ ਭਲਾ ਹੋਸੀ। ਇਸ ਪਰਉਪਕਾਰ ਕਾਰਣੇ ਬਾਬਾ ਜੀ ਨੇ ਕਰਾਮਾਤ ਦੱਸੀ।

ਰਾਮ ਸਿੰਘ— ਠੀਕ ਆਖਿਆ ਹਈ, ਧੰਨ ਗੁਰੂ ਨਾਨਕ ਦੇਵ! ਫੇਰ ਕੀ ਹੋਈ?

ਸ਼ਾਮ ਸਿੰਘ— ਫੇਰ ਉਹੋ ਗੱਲ ਹੋਈ। ਲੁੱਟ ਦੇ ਸਾਮਾਨ ਸਾਂਭਣ ਆਦਿ ਦਾ ਕੰਮ ਇਕ 'ਮੀਰ ਖਾਂ' ਨਾਮੇ ਬਾਬਰ ਦੇ ਜਰਨੈਲ ਦੇ ਸਪੁਰਦ ਸੀ, ਉਹ ਸਾਰੇ ਬੰਦੋਬਸਤ ਕਰਦਾ, ਵੇਖਦਾ, ਭਾਲਦਾ, ਫਿਰਦਾ, ਦੂਰੋਂ ਗਾਉਣੇ ਦੀ ਆਵਾਜ਼ ਸੁਣ ਕੇ ਘੋੜਾ ਮੋੜਕੇ ਏਧਰ ਨੂੰ ਆ ਗਿਆ। ਉਹ 'ਪਾਪ ਦੀ ਜੰਞ ਦਾ ਸਰਬਾਲਾ' ਹਰਿਆਨ ਸੀ ਕਿ ਇਸ ਕਹਿਰ ਕਹਾਰ ਵੇਲੇ ਜਦ ਚੁਫੇਰਿਓਂ ਰੋਣੇ ਤੇ ਕੁਰਲਾਣੇ ਦੀਆਂ ਅਵਾਜ਼ਾਂ ਆ ਰਹੀਆਂ ਹਨ, ਸ਼ਦਿਆਨੇ ਵਜਾਉਣ ਵਾਲੇ ਦੇ ਸਪੁਰਦ ਕੀਤਾ ਘੋੜਾ ਉਸ ਦੇ ਮਗਰ ਮਗਰ ਆਪੇ ਆ ਰਿਹਾ ਹੈ ਤੇ ਦੂਜੇ ਫਕੀਰ ਦੀ ਪੋਟ ਸਿਰ ਤੋਂ ਸਵਾ ਹੱਥ ਉੱਚੀ ਆਪੇ ਟੁਰੀ ਆ ਰਹੀ ਹੈ ਤੇ ਉਹ ਜੋ ਕੀ ਗਾਉਂਦਾ ਟੁਰ ਰਿਹਾ ਹੈ, ਤਾਂ ਹੱਕਾ ਬੱਕਾ ਰਹਿ ਗਿਆ! ਗਾਉਣ ਸਮਝਿਓਸੁ ਤਾਂ ਨਾ ਪਰ ਦੁਭਾਸ਼ੀਏ ਨੇ ਦੱਸਿਆ ਕਿ ਇਹ ਬੰਦਾ ਰੱਬ ਦੀ ਹਮਦ (ਉਸਤਤੀ) ਗਾਉਂ ਰਿਹਾ ਹੈ। ਤਦ ਉਸ ਨੇ ਘੋੜੇ ਤੋਂ ਉਤਰਕੇ ਸਲਾਮ ਕੀਤੀ ਤੇ ਫੇਰ ਜਾ ਬਾਬਰ ਨੂੰ ਦੱਸਿਓ ਸੁ ਕਿ ਇਕ ਫਕੀਰ ਅਸਾਂ ਬੰਦ ਵਿਚ ਲੀਤਾ ਹੈ, ਨਾਲ ਉਸ ਦੇ ਚੇਲਾ ਹੈ ਡੂੰਮ, ਤੇ ਅਸਾਂ ਘੋੜਾ ਤੇ ਪੰਡ ਦਿੱਤੀ ਸੀ ਦੋਹਾਂ ਨੂੰ। ਦੇਖ ਪਾਤਸ਼ਾਹ! ਉਹ ਗਾਉਂਦਾ ਜਾ ਰਿਹਾ ਹੈ ਤੇ ਪੋਟ ਆਪੇ ਸਿਰ ਤੋਂ ਉੱਚੀ ਟੁਰ ਰਹੀ ਹੈ, ਤੇ ਦੂਜੇ ਦੇ ਮਗਰ ਘੋੜਾ ਆਪੇ ਆ ਰਿਹਾ ਹੈ ਤੇ ਉਹ ਰਬਾਬ ਵਜਾ ਰਿਹਾ ਟੁਰੀ ਜਾ ਰਿਹਾ ਹੈ।

ਇੰਨੇ ਚਿਰ ਵਿਚ ਗੁਰੂ ਜੀ ਤੇ ਮਰਦਾਨਾ ਬੰਦੀਆਂ ਦੇ ਡੇਰੇ ਜਾ ਪੁਜੇ। ਅੱਗੇ ਦੇਖਣ ਕਿ ਕੈਦੀ ਕਰਕੇ ਲਿਆਂਦੇ ਸੈਦਪੁਰ ਦੇ ਲੋਕੀ ਚੱਕੀ ਪੀਹਣ ਲਾਏ ਹੋਏ ਹਨ। ਵਡੀਆਂ ਵਡੀਆਂ ਖਾਨਜ਼ਾਦੀਆਂ ਤੇ ਅਮੀਰ ਬਾਬਰ ਦੀ ਫੌਜ ਲਈ ਦਾਣੇ ਪੀਹ ਰਹੇ ਹਨ। ਹੁਣ ਗੁਰੂ ਜੀ ਤੇ ਮਰਦਾਨੇ ਅੱਗੇ ਬੀ ਚੱਕੀਆਂ ਧਰੀਆਂ ਗਈਆਂ। ਪਰ ਏਹ ਦੁਏ ਬੈਠੇ ਕੀਰਤਨ ਕਰ ਰਹੇ ਸਨ

ਤੇ ਚੱਕੀਆਂ ਆਪੇ ਫ਼ਿਰ ਰਹੀਆਂ ਸਨ(ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ, ਬਾਬੇ ਕੀ ਚੱਕੀ ਆਪੇ ਫਿਰੇ, ਬਾਬਾ ਬੈਠਾ ਗਾਲਾ ਹੀ ਪਾਵੇ।)। ਉਧਰ ਬਾਬਰ ਨੇ ਜਦ ਸਾਰੀ ਗੱਲ ਸੁਣੀ ਤਾਂ ਬੋਲਿਆ "ਹੈਫ ਹੈ, ਐਸਾ ਫਕੀਰ ਬੀ ਕੋਈ ਇਸ ਨਗਰੀ ਵਿਚ ਹੈਸੀ ਤਾਂ ਅਸਾਂ ਇਹ ਨਗਰੀ ਕਿਉਂ ਮਾਰੀ(ਤਾਂ ਪਾਤਸ਼ਾਹ ਆਖਿਆ 'ਜੋ ਐਸਿਆਂ ਫਕੀਰਾਂ ਹੁੰਦਿਆਂ ਸ਼ਹਿਰ ਮਾਰਣਾ ਨਾ ਥਾ'।)'! (ਸਫਾ 72 ਪੁ:ਜ:ਸਾਖੀ)

## 2. ਬੰਦੀ ਛੋੜ

(ਗਈ ਬਹੋੜੁ ਬੰਦੀ ਛੋੜੁ)

ਮੀਹ ਖਾਂ ਤੋਂ ਗੱਲ ਸੁਣਕੇ ਘੋੜੇ ਚੜ੍ਹਿਆ ਬਾਬਰ ਉਸਦੇ ਨਾਲ ਹੀ ਉਧਰ ਨੂੰ ਮੁੜ ਪਿਆ, ਜਿਧਰੋਂ ਬੰਦੀ ਪਏ ਜਨ ਬੰਦੀ ਵਾਲੇ ਥਾਂ ਜਾ ਰਹੇ ਹਨ, ਬਾਬਰ ਦੀ ਵਗਾਰ ਕਟਦੇ। ਬਾਬਰ ਦੇ ਪਹੁੰਚਦੇ ਤਕ ਗੁਰੂ ਜੀ ਬੰਦ ਵਿਚ ਪਹੁੰਚ ਚੁਕੇ ਸਨ। ਹਿੰਦੁਸਤਾਨ, ਅਭਾਗਾ ਹਿੰਦੁਸਤਾਨ, ਪਰਾਏ ਰਾਜਾਂ ਹੇਠ ਸਦੀਆਂ ਤੋਂ ਦੁਖ ਭਰਦੇ ਹਿੰਦੁਸਤਾਨ ਦੀ ਕਿਸਮਤ ਦੀ ਚੱਕੀ ਨਵੇਂ ਫੇਰ ਵਿਚ ਫੇਰੀ ਜਾ ਰਹੀ ਸੀ; ਗੁਰੂ ਬਾਬਾ ਓਥੇ ਪਹੁੰਚ ਚੁਕਾ ਸੀ, ਚੱਕੀ ਅਗੇ ਧਰੀ ਫਿਰ ਰਹੀ ਸੀ। ਬਾਬਰ ਪੰਡ ਹੱਥ ਭਰ ਉੱਚੀ ਆਪੇ ਟੁਰਦੀ ਤਾਂ ਨਾਂ ਦੇਖ ਸਕਿਆ ਪਰ ਚੱਕੀ ਆਪੇ ਫਿਰ ਰਹੀ ਆ ਤੱਕੀਓ ਸੁ। ਬੈਠਾ ਸੀ ਬਾਬਾ, ਗ਼ਾਲੇ ਪਾਉਂਦਾ, ਕਦੇ ਆਲੇ ਦੁਆਲੇ ਹਿੰਦ ਦੀਆਂ ਸਪੁਤ੍ਰੀਆਂ ਤੇ ਪੁਤ੍ਰਾਂ ਨੂੰ ਚੱਕੀ ਪੀਹਿਦਿਆਂ ਵੇਖ ਵੇਖ ਨੈਣ ਭਰ ਲਿਆਉਂਦਾ, ਕਦੇ ਮਰਦਾਨੇ ਦੇ ਸ਼ਬਦ ਦੀ ਸੱਦ ਵਿਚ ਨੈਣ ਮੁੰਦ ਕੇ ਲੀਨ ਹੁੰਦਾ। ਕਦੇ ਮਰਦਾਨੇ ਦੀ ਸੁਰ ਨਾਲ ਕੋਈ ਸੁਰ ਮੇਲਦਾ। ਵੇਖਕੇ ਬਾਬਰ ਹੱਕਾ ਬੱਕਾ ਰਹਿ ਗਿਆ ਕਿ ਹੈਂ! ਕਿਵੇਂ ਚੱਕੀ ਆਪਣੇ ਆਪ ਘੁੰਮ ਰਹੀ ਹੈ ਤੇ ਸਾਈਂ ਲੋਕ ਬੈਠਾ ਹੈ ਮਗਨ? ਫੇਰ ਤੱਕੇ ਕਿ ਗਾ ਰਿਹਾ ਏ ਸਾਥੀ ਦਰਵੇਸ਼ ਦਾ ਕੋਈ ਸੁਹਣੀ ਸੁਰ, ਜਿਸ ਗਾਣੇ ਦੀ ਸਮਝ ਤਾਂ ਭਾਵੇਂ ਨਹੀਂ ਪੈਂਦੀ ਪਰ ਸੁਰ ਦਿਲ ਨੂੰ ਕੰਬਾ ਰਹੀ ਏ। ਇਹ ਤੱਕ ਕੇ ਘੋੜੇ ਤੋਂ ਉਤਰ ਕੇ ਬਾਬਰ ਅਗੇ ਹੋਇਆ ਤੇ ਆਖਿਓਸੁ:- ਹੇ ਦਰਵੇਸ਼! ਸਲਾਮ! ਤਾਂ ਗੁਰੂ ਨਾਨਕ ਨੇ ਕਿਹਾ:- ਸਲਾਮਤੀ, ਸਲਾਮਤੀ, ਕਹਿੰਦੇ ਕਹਿੰਦੇ ਗੁਰੂ ਜੀ ਅਰਸ਼ਾਂ ਵਲ ਤੱਕ ਰਟੇ ਸਨ।

ਫੇਰ ਬਾਬਰ ਨੇ ਕਿਹਾ-ਹੇ ਦਰਵੇਸ਼ ਤੁਧੇ ਦੀ ਚੱਕੀ ਕੌਣ ਫੇਰ ਰਿਹਾ ਏ(ਆਸੀਅਤ ਰਾ ਕੂਦਾਮ ਮੇ ਗਰਦਾਨਦ?)।

ਗੁਰ ਨਾਨਕ ਬੋਲੇ-ਉਹ ਜੋ ਘੁਮਾ ਰਿਹਾ ਹੈ ਆਸਮਾਨ ਦੀ ਆਸੀਆ(=ਚੱਕੀ) ਨੂੰ(ਆਂ ਕਿ ਆਸੀਆਏ ਆਸਮਾਂ ਰੇ ਮੇ ਗਰਦਾਨਦ।)।

ਬਾਬਰ ਉੱਤਰ ਤੋਂ ਅਚੰਭਾ ਹੋ ਕੇ ਬੋਲਿਆ-ਅੱਲਾ ਚੱਕੀਆਂ ਪੀਹਦਾ ਏ?

ਗੁਰੂ ਜੀ— ਹਾਂ ਉਨ੍ਹਾਂ ਦੀਆਂ ਜੋ ਉਸ ਦੇ ਹੋ ਰਹਿਣ।

ਬਾਬਰ— ਉਸ ਦਾ ਕਿਵੇਂ ਹੋਈਦਾ ਹੈ?

ਗੁਰੂ ਜੀ— ਉਸ ਨੂੰ ਬੰਦਿਆਂ ਵਿਚ ਵੇਖ ਕੇ, ਹਾਂ ਦਿਲਾਂ ਵਿਚ ਵੇਖ ਕੇ(ਦਿਲ ਮਹਿ ਖੋਜਿਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ॥-ਪ੍ਰਭਾਤੀ ਕਬੀਰ ਜੀ।)।

ਬਾਬਰ— ਖੁਦਾ ਬੰਦਿਆਂ ਵਿਚ ਏ?

ਗੁਰੂ ਜੀ— ਹਰ ਦਿਲ ਉਸ ਦਾ ਕਾਬਾ ਏ। ਉਸ ਦੀ ਬੰਦਗੀ ਕਰ।

ਬਾਬਰ— ਹੈਂ! ਹੇ ਦਰਵੇਸ਼! ਮੈਂ ਤਾਂ ਨਿਮਾਜ਼ ਗੁਜ਼ਾਰਦਾ ਹਾਂ, ਰੋਜ਼ੇ ਰਖਦਾ ਹਾਂ, ਪਿਛਲੀ ਰਾਤ ਜਾਗਦਾ ਹਾਂ, ਖ਼ੁਦਾ ਮੇਰਾ ਕਿਉਂ ਨਹੀਂ ਹੁੰਦਾ?

ਗੁਰੂ ਜੀ— ਕਬੂਲ ਨਹੀਂ ਪੈਂਦੀ ਬੰਦਗੀ ਤੇਰੀ, ਕਿਉਂਕਿ ਤੂੰ ਕਾਬੇ ਢਾ ਰਿਹਾ ਏਂ।

ਬਾਬਰ— ਮੈਂ ਤੇ ਕਾਬਾ ਢਾਵਾਂ? ਤੋਬਾ, ਇਸਤਗ਼ਫ਼ਰ-ਅੱਲਾ (ਰਬ ਬਖਸ਼ੇ)।

ਗੁਰੂ ਜੀ— ਦੇਖ ਦੁਆਲੇ, ਸਾਰੀਆਂ ਆਹਾਂ ਢੈਂਦੇ ਕਾਬਿਆਂ ਤੋਂ ਉਠ ਰਹੀਆਂ ਹਨ, ਦੇਖ ਢੂਦੇ ਦਿਲ (ਦਿਲਾਂ ਦੇ ਧੂਏ) ਕੀਕੂੰ ਅਸਮਾਨਾਂ ਨੂੰ ਚੜ੍ਹ ਰਟੇ ਹਨ। ਢੈਂਦੇ ਸੜਦੇ ਦਿਲ ਕਾਬਿਆਂ ਦੇ ਧੂਏਂ ਹਨ। ਹਰ ਦਿਲ ਅੱਲਾ ਦਾ ਘਰ ਏ, ਚੜ੍ਹ ਰਿਹਾ ਏ ਧੂਆਂ ਅਰਸ਼ਾਂ ਕੁਰਸ਼ਾਂ ਨੂੰ।

ਬਾਬਰ ਫੇਰ ਠੰਠਬਰਿਆ, ਸੋਚੀਂ ਪੈ ਗਿਆ, ਦਿਲ ਨੂੰ ਕਾਤੀ ਵੱਜੀ: ਬੋਲਿਆ:— ਫੇਰ ਮਸਤਾਨੇ ਸਾਈਂ ਲੋਕ! ਮੇਰੇ ਲਈ ਦੁਆ ਕਰ!

ਗੁਰੂ ਜੀ— ਦੂਆ ਕਰਾਂ, ਜਿਸ ਦਾ ਘਰ ਢਾ ਰਿਹਾ ਏਂ ਉਸ ਦੇ ਅੱਗੇ? ਛੋਡ ਖੁਦਾ ਦੇ ਘਰ ਢਾਹੁਣੇ, ਖੁਹਲ ਦੇ ਇਹ ਬੰਦ। ਹਾਂ, ਇਹ ਬੰਦ ਖੁਹਲ ਦੇਹ। ਛਡ ਦੇਹ ਸਾਰੇ ਬੇਗੁਨਾਹ।

ਬਾਬਰ— ਬੇਗੁਨਾਹ! ਇਨ੍ਹਾਂ ਮੇਰੇ ਨਾਲ ਜੰਗ ਕੀਤਾ, ਸਜ਼ਾ ਨਾ ਦਿਆਂ?

ਗੁਰੂ ਜੀ— ਨਾਂ ਭਾਈ, ਏਹ ਤੇਰੇ ਘਰ ਲੜਨ ਨਹੀਂ ਗਏ, ਤੂੰ ਏਨ੍ਹਾਂ ਦੇ ਘਰ ਆ ਪਿਆ ਏਂ। ਫੇਰ ਤੂੰ ਅਪਣੇ ਸ਼ੇਰ ਪਠਾਣਾਂ ਦੇ ਸ਼ੇਰਾਂ ਨਾਲ ਹੀ ਨਹੀਂ ਲੜਾਏ ਤੂੰ ਇਨ੍ਹਾਂ ਹਰਨਾਂ ਬੇਚਾਰਿਆਂ ਉਤੇ ਅਪਣੇ ਪਾੜ ਖਾਣੇ ਸ਼ੇਰ, ਬਘਿਆੜ ਛਡੇ ਹਨ! ਫੌਜੀ ਨਾਲ ਫੌਜੀ ਲੜੇ! ਪਹਿਲਵਾਨ ਨਾਲ ਪਹਿਲਵਾਨ ਘੁਲੇ! ਫੌਜੀ ਉਠਕੇ ਸ਼ਹਰੀ ਵਸੋਂ ਨੂੰ ਨਿਹੱਤੀ ਵਸੋਂ ਨੂੰ ਕੋਹੇ, ਮਾਰੇ, ਲੁਟੇ, ਬੇਹੁਰਮਤੀ ਕਰੇ! ਇਹ ਜ਼ੁਲਮ ਹੈ, ਕਹਰ ਹੈ, ਗੁਨਾਹ ਕਬੀਰ ਹੈ!

ਬਾਬਰ— ਗੁੱਸੇ ਚੜ੍ਹੀ ਫੌਜ ਕਰ ਗੁਜ਼ਰੀ ਹੈ।

ਗੁਰੂ ਜੀ— ਜ਼ਿੰਮੇਵਾਰੀ ਤੇਰੀ ਹੈ। ਜੇ ਕੋਈ ਚਿਤ੍ਰੇ ਸ਼ੇਰ, ਬਘਿਆੜ ਪਾਲੇ ਤੇ ਉਨਨਾਂ ਨੂੰ ਗਊਆਂ ਦੇ ਵੱਗ ਉਤੇ ਛਡ ਦੇਵੇ ਤਾਂ ਜ਼ਿੰਮੇਵਾਰੀ ਸ਼ੇਰ ਪਾਲਣ ਵਾਲੇ ਦੀ ਹੈ। ਸੋ ਤੈਥੋਂ ਅੱਲਾ ਪੁਰਸਾਈ (ਪੁਛ) ਕਰੇਗਾ, ਤੂੰ ਜੋ ਮਾਲਕ ਏਂ ਉਹਨਾਂ ਦਾ! ਤੂੰ ਕਿਉਂ ਛੱਡੇ ਸ਼ਹਿਰੀ ਵਸੋਂ ਉਤੇ ਫੌਜੀ ਜੋਧੇ?

ਬਾਬਰ ਦੇ ਦਿਲ ਫੇਰ ਕਾਤੀ ਵੱਜੀ, ਸਿਆਣਾ ਸੀ, ਸਮਝ ਗਿਆ ਕਿ ਪਰਜਾ ਨਿਮਾਣੀ ਦਾ ਕੀਹ ਦੋਸ਼ ਸੀ, ਜਿਸ ਤੇ ਮੇਰੀ ਫੌਜ ਨੇ ਇਤਨਾ ਜ਼ੁਲਮ ਕੀਤਾ ਹੈ, ਲੜਨ ਵਾਲਾ ਤਾਂ ਸੀ ਪਠਾਣ ਹਾਕਮ ਤੇ ਪਠਾਣ ਫੌਜਾਂ, ਇਹ ਪਰਜਾ ਥੋੜਾ ਉਠਕੇ ਲੜੀ ਹੈ!.....ਹਾਂ ਤਪ ਤੇਜ ਤਾਂ ਮੇਰਾ ਬਹਿ ਗਿਆ ਏ, ਪਰ ਸੀ ਏਹ ਬੇਇਨਸਾਫੀ। ਪਠਾਣਾਂ ਹਾਕਮਾਂ ਨੂੰ ਪਠਾਣ ਫੌਜ ਨੂੰ ਮਾਰਨਾ ਤਾਂ ਠੀਕ ਸੀ ਪਰ ਪਰਜਾ ਤੇ ਸਖਤੀ ਨਹੀਂ ਸੀ ਕਰਨੀ ਚਾਹੀਦੀ।

ਗੁਰੂ ਨਾਨਕ ਸਾਹਿਬ ਗੱਲਾਂ ਕਰਦੇ ਕਰਦੇ ਚੁਪ ਹੋ ਗਏ ਸਨ। ਵਿਸਮਾਦ ਵਿਚ ਚੜ੍ਹ ਗਏ ਸਨ। ਬਾਬਰ ਜਾਤਾ ਕਿ ਪਰਜਾ ਦੇ 'ਗਮੋਰੰਜ' ਨਾਲ ਫਕੀਰ ਗ਼ਮ ਹੋਇਆ ਏ! ਜਾਂ ਬਾਬੇ ਦੇ ਨੈਣ ਖੁਲ੍ਹੇ ਤਾਂ ਬਾਬਰ ਨੇ ਕਿਹਾ— ਅੱਲਾ ਵਾਲੇ!ਮੇਰੇ ਲਈ ਦੁਆ ਕਰ ਤੇ ਕੋਈ ਖਿਦਮਤ ਦੱਸ(ਪਾਤਸ਼ਾਹ ਬਾਬਰ ਆਇ ਪੈਰ ਚੁੰਮੇ। ਆਖਿਓਸੁ ਏਸ ਫਕੀਰ ਦੇ ਮੂੰਹ ਵਿਚ ਖੁਦਾਇ ਨਦਰ ਆਂਵਦਾ ਹੈ। ਤਾਂ ਪਾਤਸ਼ਾਹ ਆਖਿਆ ਏ ਦਰਵੇਸ਼ ਕਿਛ ਕਬੂਲ ਕਰ। -ਪੁ:ਜ:ਸਾ:73।)।

ਗੁਰੂ ਜੀ— ਕੋਈ ਲੋੜ ਬਾਕੀ ਨਹੀਂ ਜੋ ਅੱਲਾ ਪੂਰੀ ਨਹੀਂ ਕੀਤੀ। ਪਰ ਜੇ ਦੇਣਾ ਹਈ ਤਾਂ ਇਹ ਦੇਹ ਕਿ ਛੋੜ ਦੇਹ ਜੋ ਬੰਦੀ ਪਾਏ ਨੀ, ਅਮਾਨ ਦੇਹ ਸਾਰਿਆਂ ਨੂੰ, ਸ਼ਹਿਰੀਆਂ ਨੂੰ, ਪਿੰਡਾਂ ਦਿਆਂ ਨੂੰ, ਛਡ ਕੈਦ ਪਾਏ ਬੰਦੇ, ਛਡ ਦੇਹ ਮੁਸਲਮਾਨ, ਪਠਾਣ, ਹਿੰਦੂ, ਭੱਟ, ਠਾਕੁਰ, ਖਤ੍ਰੀ, ਜੱਟ, ਸਾਰੇ। ਹਾਂ ਛਡ ਦੇਹ ਸਭ ਜ਼ਨਾਨੀਆਂ ਨੂੰ ਜੋ ਕੈਦ ਪਾਈਆਂ ਹਨ ਤੇਰੇ ਫੌਜੀਆਂ ਨੇ ਕਿ ਸਰਦਾਰਾਂ ਨੇ। ਹੁਕਮ ਦੇਹ ਫੌਜ ਨੂੰ ਬੇਹੁਰਮਤ ਨਾ ਕਰਨ ਕਿਸੇ ਨੂੰ, ਮੋੜ ਦੇਹ ਜੋ ਲੁੱਟਿਆ ਸੀ ਗਰੀਬਾਂ ਦਾ(ਅਸਾਡੇ ਕੰਮਿ ਕਿਛੁ ਨਹੀ, ਪਰ ਇਹ ਜੋ ਬੰਦਿ ਹੋਈ ਹੈ ਸੈਦਪੁਰ ਕੀ ਸੋ ਛਡਿ ਦੇਹਿ, ਅਤੇ ਇਹਨਾਂ ਦਾ ਜੋ ਕਛੁ ਗਇਆ ਹੈ ਸੋ ਫੇਰ ਦੇਹਿ।' ਤਬ ਪਾਤਿਸਾਹ ਹੁਕਮ ਕੀਤਾ 'ਜੋ ਬੰਦ ਹੈ ਸੋ ਛੋਡ ਦੇਹੁ ਅਤੇ ਵਸਤੂ ਫੇਰਿ ਦੇਹੁ' ਤਬ ਸੈਦਪੁਰ ਕੀ ਬੰਦ ਦਰੋ ਬਸਤ ਛੱਡ ਦਿਤੀ।-ਪੁਰਾਤਨ ਜ:ਸਾਖੀ)।

ਬਾਬਰ ਨੇ ਕਿਹਾ-- ਵਾਹ ਅੱਲਾ ਵਾਲਿਆ! ਤੂੰ ਡਿੱਠਾ ਏ ਅੱਲਾ ਸਭ ਦਿਲਾਂ ਵਿਚ ਵਸਦਾ। ਜਾਹ ਤੇਰੇ ਪਿਛੇ ਛੱਡੀ ਸਾਰੀ। ਜਿਵੇਂ ਅੱਲਾ ਦੇ ਫਰਿਸ਼ਤੇ ਨੇ ਕਿਹਾ ਸੀ ਇਬਰਾਹੀਮ ਨੂੰ ਕਿ ਜੇ ਇਕ ਬੀ ਰੱਬ ਦਾ ਬੰਦਾ ਹੋਇਆ ਸਦੂਮ ਸ਼ਹਿਰ ਵਿਚ ਤਾਂ ਮਾਰੇ ਨੂੰ ਮਾਫ ਕਰ ਦਿਆਂਗੇ। ਹਾਂ ਅੱਲਾ ਵਾਲਿਆ! ਤੇਰੇ ਪਿਛੇ ਛਡੀ ਸਾਰੀ ਸੈਦਪੁਰ ਦੀ ਬੰਦ। ਸਾਰੀ ਛੱਡੀ।

ਮੀਰ ਖਾਂ ਵਲ ਤੱਕ ਕੇ— ਮੀਰ ਖਾਂ! ਫੌਰਨ ਫੁਰਮਾਨਿ ਸ਼ਾਹੀ ਜਾਰੀ ਕਰ ਦੇਹ, ਸਾਰੀ ਫੌਜ ਵਿਚ ਢੋਲ ਵਜਵਾ ਦੇਹ, ਛਡ ਦਿਓ ਸਾਰੇ ਬੰਦੀ। ਜਿੰਨੀ ਲੁੱਟ ਸ਼ਾਹੀ ਖਜ਼ਾਨੇ ਦਾਖਲ ਹੋਈਏ ਸਾਰੀ ਮੋੜ ਦਿਓ। ਜਾਣ ਦਿਓ ਸਭ ਨੂੰ ਘਰਾਂ ਨੂੰ, ਪਠਾਣ ਕਿ ਜੱਟ, ਹਿੰਦੂ ਕਿ ਮੁਸਲਮਾਨ ਸਭ ਨੂੰ ਛਡ ਦਿਓ। ਕਿਸੇ ਨੂੰ, ਇਸ ਥਾਂ ਦੀ ਰਈਅਤ ਨੂੰ, ਹੁਣ ਨਾ ਛੇੜੋ, ਬਖਸ਼ ਦਿਓ ਲੜੇ ਸਿਪਾਹੀਆਂ ਨੂੰ ਬੀ ਹਾਕਮ ਤੇ ਵਡਕੇ ਤਾਂ ਕਤਲ ਹੋ ਚੁਕੇ ਹਨ, ਜੋ ਕਤਲ ਹੋ ਗਏ ਅੱਲਾ ਦਾ ਹੁਕਮ, ਮੇਰੇ ਹੁਕਮ ਨਾਲ ਜੀ ਨਹੀਂ ਸਕਦੇ; ਪਰ ਜੋ ਜੀਉਂਦੇ ਹਨ, ਖਖਸ਼ੇ, ਸਦਕੇ ਇਸ ਅੱਲਾ ਵਾਲੇ ਦੇ। ਸ਼ਹਿਰ ਦੇ ਦਰਵਾਜ਼ੇ ਜੋ ਪਹਿਰੇ ਹੇਠ ਬੰਦ ਹਨ, ਖੋਹਲ ਦਿਓ।

ਫੇਰ ਗੁਰੂ ਜੀ ਵਲ ਤੱਕ ਕੇ ਬੋਲਿਆ-- ਅਮਾਨ, ਸਭ ਨੂੰ ਅਮਾਨ ਦਿੱਤੀ।

 www.sikhbookclub.com

ਬਾਬਰ ਦਾ ਹੁਕਮ ਜਾਰੀ ਹੋ ਗਿਆ! ਕੈਦੀ ਛੱਡੇ ਗਏ। ਪਹਿਰੇ ਉਠ ਗਏ, ਸੈਦਪੁਰ ਦੇ ਦਰਵਾਜ਼ੇ ਖੁਲ੍ਹ ਗਏ। ਰਾਹ ਖਹਿੜੇ ਤੋਂ ਪਹਿਰੇ ਹਟ ਗਏ! ਲੁੱਟ ਦਾ ਮਾਲ ਇਕ ਪਹਿਰੇ ਹੇਠ ਸ਼ਹਿਰ ਦੇ ਇਕ ਟਿਕਾਣੇ ਇਕੱਠਾ ਕਰ ਦਿਤਾ ਗਿਆ ਕਿ ਦਰਵੇਸ਼ ਨਾਨਕ ਇਹ ਵੰਡ ਦੇਵੇ ਲੋਕਾਂ ਨੂੰ।

ਰਾਮ ਸਿੰਘ— ਹੱਛਾ! ਫੇਰ ਕਿਵੇਂ ਹੋਈ ਗੰਥੀ ਸਿੰਘ ਜੀ!

ਸ਼ਾਮ ਸਿੰਘ— ਉਹ ਬੀ ਸੁਣ ਲਓ ਸਿੰਘ ਜੀ!

## 3. ਬੰਧਨ ਕਾਟਿ ਮੁਕਤਿ

(ਬੰਧਨ ਕਾਟਿ ਮੁਕਤਿ ਘਰਿ ਆਣੈ)

ਹੁਣ ਲੋਕੀਂ ਪਰਤ ਪਏ ਸ਼ਹਿਰ ਨੂੰ, ਉਹ ਜੋ ਕੈਦੋਂ ਛੁਟੇ ਸਨ, ਤ੍ਰੀਮਤਾਂ ਮਰਦ, ਬੱਚੇ ਜੁਆਨ, ਬੁੱਢੇ, ਸਾਰੇ ਉਹ ਬੀ ਜੋ ਸਿਪਾਹੀਆਂ ਗੁਲਾਮ ਬਣਾਕੇ ਬੰਨ੍ਹ ਰਖੇ ਸੇ; ਸਾਰੇ ਪਰਤੇ ਸ਼ਹਿਰ ਨੂੰ, ਅੱਗੇ ਕੀਹ ਦੇਖਣ, ਬਜ਼ਾਰ ਮਕਤੂਲਾਂ ਨਾਲ ਭਰੇ ਪਏ ਹਨ। ਕੋਈ ਫਿਰੇ ਘਰ ਲੱਭਦਾ, ਕੋਈ ਘਰ ਵਾਲੀ ਲੱਭਦਾ, ਕੋਈ ਘਰ ਵਾਲਾ ਲੱਭਦਾ, ਕੋਈ ਬੱਚੇ ਢੂੰਡਦਾ, ਕੋਈ ਧਨ ਭਾਲਦਾ, ਕੋਈ ਆਪਣੇ ਮਿਤ੍ਰ ਸਾਕ ਦੀ ਲੋਥ ਪਛਾਣਦਾ ਤੇ ਕੋਈ ਮੁਸਮੁਸ ਰੋਂਦਾ, ਅਤੇ ਕੋਈ ਨਾ ਲੱਭਦਿਆਂ ਨੂੰ ਪਿੱਟਦਾ। ਇਕ ਖ਼ੁਰਾਮ ਮਚ ਰਿਹਾ ਸੀ ਨਗਰੀ ਵਿਚ। ਬੰਦ ਤਾਂ ਛੁਟੀ ਸੀ, ਛੁਟੀ ਦੀ ਕੋਈ ਖੁਸ਼ੀ ਬੀ ਸੀ, ਪਰ ਵਿਛੁੜਿਆਂ ਦਾ ਦੁੱਖ ਹੁਣ ਬਹੁਤਾ ਪੁੜਦਾ ਸੀ।

ਜਦ, ਭਾਈ ਰਾਮ ਸਿੰਘ ਜੀ! ਕਸ਼ਟ ਵਿਚ ਫਾਥੇ ਹੋਈਦਾ ਹੈ ਤਾਂ ਆਖੀਦਾ ਹੈ:- ਹੇ ਰਾਮ, ਹੇ ਭਗਵਾਨ, ਹੇ ਅੱਲਾ, ਹੇ ਵਾਹਿਗੁਰੂ ਕਿਵੇਂ ਜਿੰਦੜੀ ਬਚਾ, ਪਤ ਅਬਰੋ ਨਾਲ ਛੁੱਡਾ, ਕਿਵੇਂ ਨਿਰੀ ਜਿੰਦ ਲੈ ਕੇ ਹੀ ਖਲਾਸੀ ਮਿਲੇ। ਪਰ ਜਦ ਜਿੰਦ ਕਸ਼ਟਣੀ ਤੋਂ ਨਿਕਲ ਜਾਵੇ ਤਾਂ ਫੇਰ ਸਰੀਰ ਦੀਆਂ ਲੋੜਾਂ ਤੇ ਪਜਾਰਿਆਂ ਦੇ ਵਿਛੋੜੇ ਆ ਜਾਗਦੇ ਹਨ। ਫੇਰ ਰੋਈਦਾ ਹੈ ਪਿਆਰਿਆਂ ਨੂੰ ਤੇ ਦੁਖੀ ਹੋਈਦਾ ਹੈ ਲੋੜਾਂ ਦੇ ਪੂਰਿਆਂ ਨਾ ਹੋਣ ਨੂੰ। ਫੇਰ ਦੋਸ਼ ਦੇਈਦਾ ਹੈ ਸਾਈਂ ਨੂੰ, ਭਗਵਾਨ ਨੂੰ, ਖ਼ੁਦਾ ਨੂੰ। ਕਦੇ ਹੋਸ਼ ਪਰਤੇ ਤਾਂ ਆਪਣੇ ਕਰਮਾਂ ਨੂੰ ਦੋਸ਼ ਦੇਈਦਾ ਹੈ, ਕਦੇ ਕਿਸੇ ਨੂੰ ਦੋਸ਼ ਨਹੀਂ ਦੇਈਦਾ(ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥ ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥-ਆਸਾ ਮ:1) ਤੇ ਹੈਰਾਨ

ਹੋ ਹੋ ਖੜੋਈਦਾ ਹੈ। ਹਾਂ ਭਾਈ ਕਸ਼ਟਣੀ ਤੋਂ ਸਲਾਮਤੀ ਵਿਚ ਜਾ'ਕੇ ਫੇਰ ਦੁਖੀ ਹੋਈਦਾ ਹੈ, ਵਿਗੋਚਿਆਂ ਵਿਛੋੜਿਆਂ ਵਿਚ। ਇਹੋ ਹਾਲ ਵਰਤਿਆ ਸਾਜ਼ੇ ਸੈਦਪੁਰ ਵਿਚ।

ਰਾਮ ਸਿੰਘ— ਗੁਰੂ ਜੀ ਫੇਰ ਕਿਥੇ ਗਏ?

ਸ਼ਾਮ ਸਿੰਘ-- ਗੁਰੂ ਬਾਬਾ ਕੁਛ ਚਿਰ ਮਗਰੋਂ ਬਾਬਰ ਨਾਲ ਹੋਰ ਗੱਲਾਂ ਕਰਕੇ ਸ਼ਹਿਰ ਨੂੰ ਆ ਗਿਆ। ਬਾਬਰ ਦੇ ਹੱਲਾ ਕਰਨ ਦਾ ਅੱਜ ਤੀਸਰਾ ਦਿਨ ਸੀ। ਮੁਰਦੇ ਬਜ਼ਾਰਾਂ ਵਿਚ ਰੁਲ ਸੜ ਰਹੇ ਸਨ, ਕੁੱਤੇ ਤੇ ਗਿੱਧਾਂ ਫਿਰ ਰਹੇ ਸਨ। ਪਹਿਲਾ ਕੰਮ ਗੁਰੂ ਬਾਬੇ ਨੇ ਮੁਰਦਿਆਂ ਦੇ ਸਸਕਾਰ ਦਾ ਕਰਵਾਇਆ। ਇਕ ਪਾਸੇ ਜੁਆਨ ਜੁਆਨ ਏਸ ਕੰਮ ਤੇ ਲਾਏ, ਕੁਛ ਬੰਦੇ ਪਿੰਡਾਂ ਤੋਂ ਮੰਗਵਾਏ; ਉਨ੍ਹਾਂ ਨੂੰ ਬਾਬਰ ਦੇ ਅਮਾਨ ਦੇਣ ਦਾ ਪਤਾ ਦੇ ਘੱਲਿਆ ਸੀ, ਫੁਰਮਾਨਸ਼ਾਹੀ ਘੱਲ ਦਿਤੇ ਸੇ। ਦੂਜੇ ਪਾਸੇ ਗੁਰੂ ਬਾਬੇ ਨੇ ਭਾਈ ਲਾਲੋ ਨੂੰ ਰਸੋਈ ਤੇ ਲਾਇਆ। ਪਿੰਡਾਂ ਤੋਂ ਗੁਰ ਨਾਨਕ ਦਾ ਨਾਂ ਸੁਣ ਕੇ ਅਮਾਨ ਮਿਲੀ ਸੁਣ ਕੇ ਸੇਵਾ ਕਰਨ ਲਈ ਕਈ ਲੋਕੀਂ ਆ ਗਏ। ਜਿਉਂ ਜਿਉਂ ਲੋਕ ਦੱਬਣ ਫੂਕਣ ਦੇ ਕੰਮੋਂ ਵਿਹਲੇ ਹੋਏ ਤੇ ਰੋਟੀ ਪਾਣੀ ਖਾ ਪੀ ਕੇ ਕੁਛ ਹੋਸ਼ ਆਈ ਤਾਂ ਘਰਾਂ ਦੀ ਸੰਭਾਲ ਹੋਕੇ ਲੋੜਾਂ ਹੋਰ ਜਾਗੀਆਂ।

ਅੱਜ ਗੁਰੂ ਬਾਬਾ ਮਾਨੋਂ ਫੇਰ ਸੁਲਤਾਨ ਪੁਰ ਵਾਲੀ ਹੱਟ ਲਾ ਬੈਠਾ, ਲੁੱਟ ਦੇ ਮਾਲ ਕੋਲ ਬਹਿ ਗਿਆ ਤੇ ਮਰਦਾਨੇ ਨੂੰ ਹੁਕਮ ਹੋਇਆ, ਮਰਦਾਨਿਆ ਸ਼ਬਦ ਲਉ, ਛੇੜ ਰਬਾਬ। ਮਰਦਾਨੇ ਸ਼ਬਦ ਲਾਇਆ:-

> **ੴ ਸਤਿਗੁਰ ਪ੍ਰਸਾਦਿ॥ ਆਸਾ ਕਾਫੀ ਮਹਲਾ ੧ ਘਰੁ ੮ ਅਸਟਪਦੀਆ॥ ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ॥ ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ॥੧॥ ਜਾਗਹੁ ਜਾਗਹੁ ਸੂਤਿ ਹੋ ਚਲਿਆ ਵਣਜਾਰਾ॥੧॥ਰਹਾਉ॥ ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ॥ ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ॥੨॥ ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ॥ ਤੁਮ ਰੋਵਹੁਗੇ ਓਸ ਨੋ ਤੁਮ ਕਉ ਕਉਣੁ ਰੋਈ॥੩॥ ਧੰਧਾ ਪਿਟਿਹੁ ਭਾਈ ਹੋ ਤੁਮ੍ ਕੂੜੁ ਕਮਾਵਹੁ॥ ਓਹੁ ਨ ਸੁਣਈ ਕਤਹੀ ਤੁਮ ਲੋਕ ਸੁਣਾਵਹੁ॥੪॥ ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ॥ ਜੇ ਘਰੁ ਬੂਝੈ ਆਪਣਾ ਤਾਂ ਨੀਦ**

ਨ ਹੋਈ॥੫॥ ਜੇ ਚਲਦਾ ਲੈ ਚਲਿਆ ਕਿਛੁ ਸੰਪੈ ਨਾਲੇ॥ ਤਾ ਧਨੁ ਸੰਚਹੁ ਦੇਖਿਕੈ ਬੂਝਹੁ ਬੀਚਾਰੇ॥੬॥ ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ॥੭॥ ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ॥੮॥ ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ॥ ਨਾਮੁ ਵਖਾਣੈ ਸੁਣੇ ਨਾਮੁ ਨਾਮੇ ਬਿਉਹਾਰਾ॥੯॥ ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ॥ ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ॥੧੦॥੧੩॥

ਇਹ ਸ਼ਬਦ ਇਸ ਵੈਰਾਗ ਨਾਲ ਗਾਵਿਆਂ ਗਿਆ ਕਿ ਸਭ ਲੋਕ ਮਗਨ ਹੋ ਗਏ। ਓਹ ਸੰਸਾਰ ਦੀ ਅਸਾਰਤਾ ਦਿਲਾਂ ਤੇ ਛਾਈ ਕਿ ਸਭ ਮਾਨੋ ਬੁਤ ਹੋ ਗਏ। ਗੁਰੂ ਜੀ ਆਪ ਬੀ ਵਿਸਮਾਦ ਲੀਨ ਹੋ ਗਏ।

ਗੁਰੂ ਨਾਨਕ ਬੰਦੀਛੋੜ ਨੇ ਇਸ ਸ਼ਬਦ ਦੀ ਦਾਤ ਨਾਲ ਐਸਾ ਉਪਦੇਸ਼ ਦਿੱਤਾ ਕਿ ਸਾਰਿਆਂ ਦੇ ਸੜਦੇ, ਤਪਦੇ, ਭੁਜਦੇ ਦਿਲ ਠੰਢੇ ਹੋ ਗਏ। ਸਭ ਨੂੰ ਸੋਝੀ ਆ ਗਈ ਕਿ ਜਗਤ ਦੇ ਲਾਹੇ ਤੇ ਤੋਟੇ ਇਕੋ ਜੇਹੇ ਹਨ, ਕਿਉਂਕਿ ਇਹਨਾਂ ਦੋਹਾਂ ਵਿਚ ਜੀਵ ਬੰਧ ਰਹਿੰਦਾ ਹੈ।

ਰਾਮ ਸਿੰਘ— ਬੰਧ ਕੀ ਹੋਇਆ ਜੀ?

ਸ਼ਾਮ ਸਿੰਘ-- ਬੱਝਾ ਹੋਇਆ। ਮਾਇਆ ਵਿਚ ਬੱਝਾ ਹੋਇਆ। ਮਾਇਆ ਦੇ ਪਿਆਰ ਵਿਚ ਲੱਗਾ ਹੋਇਆ। ਵਾਹਿਗੁਰੂ ਤੋਂ ਭੁੱਲਾ ਹੋਇਆ। ਇਸ ਕਰਕੇ ਆਵਾਗਵਨ ਜਨਮ ਮਰਨ ਵਿਚ ਬੱਝਾ ਹੋਇਆ। ਜਨਮ ਮਰਨ ਵਿਚ ਹੋਣ ਕਰਕੇ ਦੁਖਾਂ ਨਾਲ ਘੇਰਿਆ ਹੋਇਆ। ਕਦੇ ਸੁਖੀ ਕਦੇ ਦੁਖੀ। ਇਹੋ ਜੀਵਾਂ ਦੀ ਵਾਟ ਚਲਦੀ ਪਈ ਹੈ! ਸਾਰੇ ਇਸ ਟਿੰਡਾਂ ਦੇ ਗੇੜ ਵਿਚੋਂ ਬਾਹਰ ਨਹੀਂ ਨਿਕਲਦੇ, ਇਹ ਹੈ 'ਬੰਧ' ਭਾਈ ਰਾਮ ਸਿੰਘ ਜੀ!

ਰਾਮ ਸਿੰਘ-- ਫੇਰ ਏਸ 'ਬੰਧ' ਤੋਂ ਛੁਟਕਾਰਾ ਕਿਵੇਂ?

ਸ਼ਾਮ ਸਿੰਘ-ਭਾਈ, ਗੁਰੂ ਜੀ ਨੇ ਏਸ ਸ਼ਬਦ ਵਿਚ ਦੱਸਿਆ ਹੈ:-

(1) ਅਉਗੁਣ ਛੋਡਹੁ ਗੁਣ ਕਰਹੁ।

(2) ਧਰਮੁ ਕਮਾਵਹੁ, ਵਰਤੋਂ ਕਹੋ ਸੱਚ ਦੀ।

(3) ਸਤਿਗੁਰ ਨੂੰ ਮਿਲੋ।

(4) ਉਸਤੋਂ ਵੀਚਾਰ ਪ੍ਰਾਪਤ ਕਰੋ।

(5) ਸਤਿਗੁਰੂ ਤੋਂ 'ਨਾਮ'-ਪ੍ਰਭੂ ਦਾ ਨਾਮ— ਲੈਕੇ ਉਸਦਾ ਸਿਮਰਨ ਕਰੋ, ਪ੍ਰਭੂ ਦੀ ਮਹਿਮਾ ਸੁਣੋ।

(6) ਵਿਹਾਰ ਵਰਤੋਂ ਜਗਤ ਵਿਚ ਐਸੀ ਕਰੋ ਜੋ ਨਾਮ ਵਾਲਿਆਂ ਦੀ ਹੁੰਦੀ ਹੈ- 'ਸਰਬੱਤ ਦੇ ਭਲੇ ਦੀ!'

(7) ਐਉਂ ਕਰਦੇ ਜੋ ਤਿਸਨੂੰ ਭਾਵੇ ਉਸ ਵਿਚ ਰਾਜ਼ੀ ਰਹਿਣ ਵਿਚ ਵਡਿਆਈ ਸਮਝੋ।

ਰਾਮ ਸਿੰਘ— ਕਿਹਾ ਸੁਹਣਾ ਗੁਰੂ ਏ ਸਾਡਾ! ਧੰਨ ਗੁਰੂ ਨਾਨਕ! ਪਹਿਲੋਂ ਦੇਖੋ ਗੁਰੂ ਜੀ ਨੂੰ ਸੋਝੀ ਪੈ ਗਈ 'ਹੋਣੀ' ਦੀ, ਫੇਰ ਦੇਖੋ ਆਪ ਭੱਜ ਨਹੀਂ ਗਏ ਢਾਕੇ ਬੰਗਾਲੇ ਨੂੰ ਜਿੰਦੜੀ ਲੈਕੇ ਸਗੋਂ ਹੋਣੀ ਤੇ ਕਹਿਰ ਦੇ ਵਿਚਕਾਰ ਜਾ ਖਲੋਤੇ। ਹੈਂ ਕੇਡਾ ਵਡਾ ਹੈ ਗੁਰੂ! ਫੇਰ ਆਪਣੇ ਆਪ ਨੂੰ ਆਪ ਕਸ਼ਟਣੀ ਦੇ ਮੂੰਹ ਦੇ ਦਿਤਾ; ਬੰਦੀ ਵਿਚ ਪੈ ਗਏ। ਫੇਰ ਵੇਖੋ ਜੋ ਸਿਧੀਆਂ ਕਰਾਮਾਤਾਂ ਜੋਗੀ ਮੰਗਦੇ ਸਨ ਕਦੇ ਨਾਂ ਦਿਖਾਈਆਂ, ਕਾਜ਼ੀਆਂ ਮੁਲਾਣਿਆਂ ਨੂੰ ਨਾਂ ਦੱਸੀਆਂ ਪਰ ਅਜ ਦੇਖੋ ਦੁਖੀਆਂ ਦੇ ਛੁਡਾਉਣ ਖ਼ਾਤਰ, ਕਰਾਮਾਤ ਦਿਖਾਕੇ ਬਾਬਰ ਵਰਗੇ ਕਰੜੇ ਨੂੰ ਕੋਮਲ ਕਰ ਦਿਤਾ! ਫੇਰ ਤੱਕੋ ਉਸ ਨਾਲ ਗਲ ਬਾਤ ਐਸੀ ਕੀਤੀ ਕਿ ਦਲੀਲ ਨਾਲ ਬੀ ਕਾਇਲ ਕਰ ਦਿਤਾ। ਉਸਨੂੰ ਕਰਾਮਾਤ ਨਾਲ ਕੋਮਲ ਕੀਤਾ, ਫੇਰ ਕੀਲਕਾਲ (ਗੁਫਤਗੂ) ਨਾਲ ਕਾਇਲ ਕੀਤਾ, ਵਾਹ ਬੰਦੀ ਛੋੜ ਗੁਰੂ ਨਾਨਕ! ਸਭ ਨੂੰ ਛੁਡਾਕੇ, ਬੰਧਨ ਕੱਟ ਕੇ ਘਰੀਂ ਮੁੜ ਆ ਵਸਾਇਆ। ਹੁਣ ਤੱਕੋ ਕਮਾਲ ਗੁਰੂ ਦੀ ਆਤਮ ਉੱਚਤਾ ਦਾ। ਅਪਣੀ ਰੂਹਾਨੀ ਤਾਕਤ ਨਾਲ ਕੀਕੂੰ ਲੋਕਾਂ ਨੂੰ ਠੰਢ ਵਰਤਾਈ। ਉਨ੍ਹਾਂ ਦੇ ਤਪੇ ਦਿਲਾਂ ਨੂੰ ਕੀਕੂੰ ਜਗਤ ਦੀ ਅਸਾਰਤਾ ਦਿਖਾਕੇ ਠੰਢਿਆਂ ਕੀਤਾ ਤੇ ਅਖੀਰ ਜਨਮ ਮਰਨ ਦੀ ਕੈਦ ਤੋਂ ਹੀ ਛੁਟਕਾਰਾ ਪਾ ਜਾਣ ਦਾ ਰਾਹ ਦੱਸ ਦਿੱਤਾ। ਕੈਸਾ ਉਪਦੇਸ਼ ਦਿੱਤਾ, ਕੈਸਾ ਸ਼ਬਦ ਸੁਣਾਇਆ? ਧੰਨ ਗੁਰੂ ਨਾਨਕ! ਵਾਹਿ ਗੁਰੂ ਨਾਨਕ! ਸਰੀਰ ਦੇ ਬੰਧਨ ਬੀ ਕੱਟੇ ਤੇ ਹੁਣ ਬੰਧਨ ਕੱਟਿਆਂ ਨੂੰ 'ਮੁਕਤਿ' ਦੇ ਘਰ ਲਿਆ ਰਿਹਾ ਜੇ। ਸਰੀਰ ਨੂੰ ਭੋਜਨ ਬੀ ਦਿਤੇ ਹੁਣ ਆਤਮਾ ਦਾ ਭੋਜਨ ਬੀ ਦਿੱਤਾ।

ਸ਼ਬਦ ਦੇ ਮਗਰੋਂ ਗੁਰੂ ਬਾਬੇ ਨੇ ਨੈਣ ਖੋਹਲੇ। ਸੁਹਣੇ ਅਰਸ਼ੀ ਨੈਣ ਜਦ ਖੁਲ੍ਹੇ ਤਾਂ ਉਨ੍ਹਾਂ ਵਿਚ ਕੱਠੇ ਹੋਏ ਦੋ ਮੀਤੀ ਦੋ ਨੈਣਾਂ ਤੋਂ ਢੱਠੇ। ਹਾਂ

 www.sikhbookclub.com

ਉਸ ਪਜਾਰ, ਤਰਸ ਤੇ ਕਰੁਣਾ ਭਰੇ ਨੈਣਾਂ ਵਾਲੇ ਨੇ ਜਿਨ੍ਹਾਂ ਦੁਖੀਆਂ ਨੂੰ ਕੋਲ ਬਹਾਲਿਆ ਹੋਇਆ ਸੀ, ਉਨ੍ਹਾਂ ਵਲ ਵੇਖਿਆ ਤੇ ਕਿਹਾ: ਭਾਈ ਜਨੋਂ! ਸਤਿਜੁਗੀ ਬਣ ਜਾਓ, ਇਹ ਜੇ ਤੁਹਾਡੀ ਲੁੱਟ ਦਾ ਮਾਲ, ਪਿਆ ਏ ਤੁਸਾਂ ਪਾਸ, ਇਸ ਦੇ ਵੰਡਣ ਦੀ ਖੇਚਲ ਨਾ ਦਿਓ ਕਿਸੇ ਨੂੰ। ਆਪੋ ਆਪਣੀ ਸ਼ੈ ਪਛਾਣ ਲਓ ਤੇ ਲੈ ਜਾਓ। ਜੇ ਪਛਾਣ ਕੇ ਸ਼ੈ ਆਪਣੀ ਨਾ ਲੱਭੇ ਤਾਂ ਉਤਨੀ ਲੈ ਜਾਓ ਜਿਤਨੀ ਕਿ ਲੋੜ ਹੈ ਕੁਛ ਚਿਰ ਲਈ। ਫੇਰ ਕਿਰਤ ਵਿਰਤ ਕਰੋ 'ਧਰਮ ਦੀ' ਤੇ ਸਰੀਰ ਪਾਲੋ ਤੇ ਬਚੇ ਸਬੰਧੀ ਤੇ ਮਿਤ੍ਰ ਪਾਲੋ। ਹੁਣ ਲਾਲਚ ਨਾ ਕਰੀਓ, ਤੁਸਾਂ ਵੇਖ ਲਿਆ ਏ ਕਿ ਕਿਵੇਂ ਮਾਇਆ ਧੋਖਾ ਦੇ ਜਾਂਦੀ ਏ। ਅਜ ਤੋਂ ਸਤਿ ਧਰਮ ਧਾਰਨ ਕਰ ਲਓ, ਸਤਿ ਧਰਮ ਵਰਤ ਵਰਤਾ ਕੇ ਦਿਖਾ ਦਿਓ, ਸੰਸਾਰ ਗੋਇਲ ਵਾਸਾ ਏ ਇਥੇ ਨਿਤ ਨਿਤ ਨਹੀਂ ਰਹਿਣਾ। ਏਹ ਅੰਤ ਛੱਡਣਾ ਹੈ, ਏਥੇ ਪੂਰਾ ਤੋਲੋ, ਸੱਚ ਬੋਲੋ, ਸੁਚੇ ਰਹੋ। ਰੋ ਰੋ ਕੇ ਫਾਹਵੇ ਨਾ ਹੋਵੋ, ਅੰਤ ਮਰਨਾ ਹੈ ਤੁਸਾਂ ਬੀ ਤੇ ਜੋ ਮਰ ਗਏ ਇਨ੍ਹਾਂ ਬੀ ਮਰਨਾ ਸੀ। ਸੁਫਲਾ ਮਰਨਾ ਹੋ ਗਿਆ ਉਨ੍ਹਾਂ ਦਾ ਜੋ ਸ਼ਰਮ ਧਰਮ ਨੂੰ ਨਾਲ ਲੈਕੇ ਸ਼ਹੀਦ ਹੋ ਗਏ ਤੇ ਜਿੰਦ ਪਿਛੇ ਪਤਿਤ ਨਹੀਂ ਹੋਏ। ਹੁਣ ਸਾਡੇ ਉਪਦੇਸ਼ ਦੇ ਮਗਰ ਲਗ ਜਾਓ।

ਇਹ ਅਪਛਾਣਿਆਂ ਧਨ ਪਿਆ ਜੇ, ਏਸ ਦੇ ਲੈਣ ਵਿਚ ਧਰਮ ਕਮਾ ਕੇ ਵਿਖਾ ਦਿਓ। ਦੇਖ ਭਾਈ ਰਾਮ ਸਿੰਘ! ਗੁਰੂ ਬਾਬੇ ਨੇ ਲੁੱਟ ਦੇ ਮਾਲ ਨੂੰ ਮੁੜਵਾ ਦਿਤਾ, ਪਰ ਆਪ ਹੱਥ ਨਾ ਲਾਇਆ। ਉਪਦੇਸ਼ ਦੇਕੇ ਸਭੇ ਮਨ ਜੋ ਦੁਖ ਨਾਲ ਪੰਘਰ ਰਹੇ ਸਨ, ਸਿੱਧੇ ਕਰ ਦਿਤੇ ਤੇ ਲੋਕੀਂ ਹੁਣ ਜੋ 'ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ' ਕਰ ਰਹੇ ਸਨ, ਸਿਆਣ ਸਿਆਣ ਕੇ ਆਪਣੀ ਆਪਣੀ ਵਸਤੁ ਲੈ ਗਏ ਯਾ ਲੋੜ ਮੂਜਬ ਵਸਤੂ ਕਿ ਮਾਯਾ ਲੈ ਗਏ। ਲੁੱਟ ਦਾ ਮਾਲ ਬਥੇਰਾ ਸੀ, ਕਿਉਂਕਿ ਕਈ ਘਰਾਣੇ ਦੇ ਘਰਾਣੇ ਕਤਲ ਹੋ ਚੁਕੇ ਸੇ। ਸਭ ਨੇ ਲੋੜ ਪੂਰੀ ਕੀਤੀ, ਕਿਸੇ ਲਾਲਚ ਨਾ ਕੀਤਾ। ਧੰਨ ਗੁਰੂ ਨਾਨਕ , ਕਲਜੁਗ ਵਰਤੇ ਵਿਚ ਸਤਿਜੁਗ ਵਰਤਾ ਦਿਤਾ(ਪੰਜਵੇਂ ਜਾਮੇ ਵਿਚ ਭੀ ਆਪ ਨੇ ਸਤਿਜੁਗ ਵਰਤਾਕੇ ਦੱਸਿਆ:-

ਰਾਮ ਰਾਜ ਰਾਮਦਾਸ ਪੁਰਿ ਕੀਨੇ ਗੁਰਦੇਵ॥੧॥ਰਹਾਉ॥

ਹੋਰ, ਕਲ੍ ਜੀ ਪੰਜਵੇਂ ਸਤਿਗੁਰੂ ਨਾਨਕ ਦੇਵ ਜੀ ਦੇ ਅਖੀਂ ਡਿਠੇ ਸਤਿਜੁਗੀ ਵਰਤਾਰੇ ਲਿਖਦੇ ਹਨ:-

'ਜਨਕ ਰਾਜੁ ਬਰਤਾਇਆ ਸਤਜੁਗੁ ਅਲੀਣਾ॥'

ਤੁਕ ਦਾ ਭਾਵ— ਕਲਿਯੁਗ ਵਿਚ ਸਤਿਜੁਗ ਵਰਤਾ ਦਿਤਾ।)।

ਨਗਰੀ ਵਿਚ ਹੁਣ ਗੁਰੂ ਬਾਬਾ ਕੁਛ ਦਿਨ ਰਹਿ ਪਿਆ। ਰੋਜ਼ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਦੀਵਾਨ ਲੱਗੇ। ਮਰਦਾਨਾ ਕੀਰਤਨ ਕਰੇ, ਕੁਛ ਬਾਬੇ ਦੇ ਸਿਖ ਜਿਹਾ ਕੁ ਝਾੜੂ ਕਲਾਲ ਤੇ ਹੋਰ ਕਈ ਆ ਗਏ ਹੋਏ ਸਨ, ਕੀਰਤਨ ਵਿਚ ਆ ਬੈਠਣ। ਭਾਈ ਲਾਲੋ ਹੈਗਾ ਹੀ ਸੀ। ਵਿਚ ਵਿਚ ਗੁਰੂ ਬਾਬਾ ਵੀ ਕਿਸੇ ਵੇਲੇ ਸ਼ਬਦ ਸਲੋਕ ਦੀ ਸੱਦ ਲਾਵੇ। ਐਨ ਅਰਸ਼ਾਂ ਦਾ ਨਕਸ਼ਾ ਉਸ ਜ਼ੁਲਮ ਨਾਲ ਸੜ ਉਠੀ ਧਰਤੀ ਉਤੇ ਬੱਝ ਗਿਆ। ਲੋਕੀਂ ਲੱਗੇ ਹੁਣ ਗੁਰੂ ਕਾ ਸਤਿਸੰਗ ਕਰਨ ਨੇੜੇ ਹੋ ਹੋ ਕੇ।

## 4. ਕਰਮ ਬੰਧਨ

(ਬੰਧਨ ਤੂਟੇ ਇਕੁ ਨਾਮੁ ਵਸਾਮੰ॥)

ਰਾਮ ਸਿੰਘ— ਗੰਬੀ ਸਿੰਘ ਜੀ! ਮੈਨੂੰ ਨਹੀਂ ਸੀ ਪਤਾ ਕਿ ਤੁਸਾਂ ਜੀ ਨੂੰ ਗੁਰੂ ਘਰ ਦੀ ਤੇ ਬਾਹਰ ਦੇ ਇਤਿਹਾਸ ਦੀ ਐਨੀ ਵਾਕਫੀ ਹੈ ਅਤੇ ਗੁਰਮਤਿ ਤੁਸੀਂ ਐਨੀ ਸੁਹਣੀ ਸਿਖਾ ਸਕਦੇ ਹੋ, ਜਿਸ ਨੂੰ ਸੁਣਕੇ ਠੰਢ ਪੈਂਦੀ ਏ। ਪਰ ਮੇਰਾ ਮਨ ਖਵਰੇ ਕੁਛ ਮਨਮਤੀਆ ਏ, ਖਬਰੇ ਕੀ ਏ? ਸਭ ਕੁਛ ਸੁਣ ਸਮਝਕੇ ਫੇਰ ਇਹ ਸ਼ੰਕਾ ਪਈ ਫੁਰਦੀ ਏ ਕਿ ਭੁੱਲ ਤਾਂ ਕੀਤੀ ਸੈਦਪੁਰ ਦੇ ਪਠਾਣ ਨਵਾਬ ਨੇ-- ਇਕ ਨੇ, ਬਾਬਰ ਨਾਲ ਲੜਿਆ ਤਾਂ ਉਹ ਇਕ, ਜਿਸ ਮੁਲਾਣਿਆਂ ਤੇ ਮੰਤ੍ਰੀਆਂ ਦੇ ਆਖੇ ਲੱਗ ਕੇ ਆਪਣੀ ਤਾਕਤ ਨਾ ਸਿਞਾਤੀ, ਤਾਂ ਉਸ ਨੇ ਦੁਖ ਪਾਏ, ਪਰ ਲੋਕਾਂ ਕੀ ਕੀਤਾ ਸੀ ਜੋ ਉਹਨਾਂ ਨੇ ਵੀ ਨਾਲ ਦੁਖ ਪਾਏ?

ਇਹ ਗੱਲ ਸੁਣਕੇ ਸ਼ਾਮ ਸਿੰਘ ਜੀ ਮੁਸਕ੍ਰਾਏ ਤੇ ਕਹਿਣ ਲਗੇ:— ਸਿੰਘ ਜੀ! ਮਨ ਸ਼ੰਕਾ ਦੀ ਪੰਡ ਏ ਏਸ ਨੂੰ ਫੁਰਦੀਆਂ ਹੀ ਰਹਿੰਦੀਆਂ ਹਨ। ਵਡੇ ਵਡੇ ਲੋਕਾਂ ਨੂੰ ਪਈਆਂ ਫੁਰਦੀਆਂ ਹਨ। ਦੇਖੋ, ਮਰਦਾਨਾ ਜੋ ਗੁਰੂ ਕਾ ਅਤਿ ਪ੍ਰੇਮੀ ਤੇ ਨਿਕਟ ਵਰਤੀ ਸੀ; ਉਸ ਨੂੰ ਇਹੋ ਸ਼ੰਕਾ ਫੁਰੀ ਸੀ। ਇਕ ਦਿਨ, ਜਦੋਂ ਅਜੇ ਗੁਰੂ ਜੀ ਸੈਦਪੁਰ ਹੀ ਸਨ, ਤਾਂ ਬਾਹਰ ਰੁਖ ਹੇਠ ਬੈਠੇ ਸਨ, ਕੋਈ ਭਾਈ ਲਾਲੋ ਤੇ ਭਾਈ ਝਾੜੂ ਤੇ ਦੋ ਇਕ ਹੋਰ ਪ੍ਰੇਮੀ ਬੀ ਬੈਠੇ ਸਨ। ਰੋਟੀ ਖਾ ਹਟੇ ਤਾਂ ਮਰਦਾਨੇ ਨੇ ਪੁਛਿਆ:-- ਮੇਰੇ ਸੁਹਣੇ

ਗੁਰੂ ਜੀ! ਬਾਬਰ ਦਾ ਵਿਗਾੜ ਤਾਂ ਕਿਸੇ ਇਕਸੇ ਕੀਤਾ ਸੀ(ਪੁ:ਜ:ਸਾਖੀ।), ਜਾਂ ਭੁੱਲ ਜੇ ਕਾਈ ਕਹੀਏ ਜੇ ਕੀਤੀ ਸੀ ਤਾਂ ਇਕਸ ਨੇ ਕੀਤੀ ਸੀ ਤੇ ਨਾਲ ਇਤਨੇ ਕਿਉਂ ਮਾਰੇ ਗਏ? ਇਹ ਸੁਣਕੇ ਕੌਤਕੀ ਗੁਰੂ ਜੀ ਬੋਲੇ:- ਮਰਦਾਨਿਆਂ ਉਸ ਸਾਹਮਣੇ ਰੁਖ ਹੇਠ ਜਾ ਸਉਂ, ਉਠੇਂਗਾ ਤਾਂ ਜ਼ਵਾਬ ਦਿਆਂਗੇ।

ਮਰਦਾਨਾ ਆਗਜਾ ਪਾਕੇ ਜਾ ਸੁੱਤਾ। ਰੋਟੀ ਖਾਂਦਿਆਂ ਮਰਦਾਨੇ ਦੀ ਛਾਤੀ ਤੇ ਸਲੂਣੇ ਦੀ ਤਰੀ ਦੀਆਂ ਬੂੰਦਾਂ ਢੱਠੀਆਂ ਸਨ, ਜਿਸ ਵਿਚੋਂ ਉਥੇ ਕੁਛ ਘਿਉ ਦੀਆਂ ਬੂੰਦਾਂ ਰਹਿ ਗਈਆਂ ਸਨ। ਜਾਂ ਮਰਦਾਨਾ ਸੌਂ ਗਿਆ, ਕੁਛ ਕੀੜੀਆਂ ਉਸ ਰੁੱਖ ਹੇਠਾਂ ਫਿਰਦੀਆਂ ਪਈਆਂ ਸਨ, ਉਹ ਛਾਤੀ ਤੇ ਚੜ੍ਹੀਆਂ ਉਸ ਚਿਕਨਾਈ ਨੂੰ ਚੂਸਣ ਲਈ। ਇਕ ਕੀੜੀ ਚੂਸਦੀ ਚੂਸਦੀ ਮਰਦਾਨੇ ਨੂੰ ਲੜ ਗਈ, ਪੀੜ ਜੋ ਹੋਈ ਤਾਂ ਉਸ ਨੇ ਛਾਤੀ ਤੇ ਹਥ ਮਲਿਆ। ਉਸ ਮਲਨੇ ਨਾਲ ਕੀੜੀਆਂ ਸਾਰੀਆਂ ਮਲੀਆਂ ਗਈਆਂ ਤਾਂ ਗੁਰੂ ਬਾਬਾ ਦੇਖ ਰਿਹਾ ਸੀ, "ਬੋਲਿਆ: ਕਿਆ ਕੀਤੋ ਵੇ ਮਰਦਾਨਿਆਂ? ਲੜੀ ਹਿੱਕ ਤੇ ਮਲ ਘੱਤੀਓ ਈ ਅਨੇਕਾਂ"। ਤਾਂ ਮਰਦਾਨੇ ਆਖਿਆ ਜੀ ਲੜੀ ਹਿਕ ਪਰ ਮਰ ਸਭੇ ਗਈਆਂ, ਕੇ ਕਰਾਂ? ਤਾਂ ਬਾਬਾ ਫੇਰ ਬੋਲਿਆ ਆਖਿਓਸੁ 'ਮਰਦਾਨਿਆਂ ਇਵੇਂ ਹੀ ਮਰਦੀ ਆਈ ਇਕਸ ਦਾ ਸਦਕਾ ਬਹੁਤੀ(ਪੁ:ਜ:ਸਾ:।)।'

ਰਾਮ ਸਿੰਘ— ਭਲਾ ਜੀ ਕੀ ਅਰਥ ਹੋਇਆ ਇਕ ਦੀ ਥਾਂ ਅਨੇਕ ਮਰੀਆਂ ਦਾ। ਇਹ ਗੱਲ ਕੀਹ ਬਣੀ?

ਸ਼ਾਮ ਸਿੰਘ— ਭਾਈ! ਗੁਰੂ ਕੀ ਗਤਿ ਗੁਰੂ ਜਾਣੇ। ਮੈਨੂੰ ਇੰਜ ਜਾਪਦੀ ਏ ਕਿ ਇਕ ਦੇ ਨਾਲ ਅਨੇਕਾਂ ਦਾ ਮਰਨਾ ਕੋਲ ਹੋਣ ਕਰਕੇ ਹੋਇਆ! ਜੋ ਕਿਸੇ ਕਾਰਣ ਕਹੋ ਨਵਾਬ ਦੇ ਸੰਗੀ ਸਾਥੀ ਪਰਜਾ ਰਈਅਤ ਕੁਛ ਸੇ ਇਕ ਨਾਲ ਮਲੇ ਮਾਰੇ ਗਏ। ਚਾਵਲਾਂ ਦੇ ਕਾਰਣ ਤੋਹ ਸੱਟ ਖਾਂਦੇ ਹਨ(ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ॥)! ਬੇਰੀ ਦੇ ਨੇੜੇ ਕੇਲੇ ਪੱਛੇ ਜਾਂਦੇ ਹਨ(ਕੇਲੇ ਨਿਕਟਿ ਜੁ ਬੇਰਿ॥-ਸਲੋਕ ਕਬੀਰ ਜੀ)। ਕੁਛ ਐਦਾਂ ਦੀ ਗੱਲ ਹੋਣੀ ਏ ਮੇਰੀ ਜਾਚੇ। ਪਰ ਏਥੇ ਗੁਰੂ ਬਾਬਾ ਦੱਸਦਾ ਏ ਕਿ ਦੁਨੀਆਂ ਦਾ ਵਰਤਾਰਾ ਇਉਂ ਦਾ ਏ। ਬਾਜੇ ਵੇਲੇ ਦੰਡ ਵਾਲੇ ਥਾਂ ਦੀ ਨਿਕਟਤਾ ਪਛਾੜਦੀ ਏ ਕਿ ਬਾਜੇ ਵੇਲੇ ਕੋਈ ਭੂਗੋਲਕ ਟਿਕਾਣਾ ਪਛਾੜਦਾ ਏ, ਜਿਵੇਂ

 www.sikhbookclub.com

ਪੰਜਾਬ ਐਸੇ ਥਾਂ ਵਾਕਿਆ ਹੋਇਆ ਏ ਕਿ ਖਾਹਮਖਾਹ ਪਛੜੀਂਦਾ ਰਹਿੰਦਾ ਏ। ਜਰਵਾਣੇ ਆਉਂਦੇ ਹਨ ਹਿੰਦ ਨੂੰ ਲੁੱਟਣ ਤੇ ਸਭ ਤੋਂ ਵੱਧ ਤੇ ਪਹਿਲੀ ਮਾਰ ਪੈਂਦੀ ਏ ਪੰਜਾਬ ਨੂੰ। ਕਦੇ ਰਾਮ ਸਿੰਘ ਜੀ ਕੌਮ ਦੀ ਕੀਤੀ ਭੁੱਲ ਜੀ ਜੀ ਨੂੰ ਦੁਖਾਂ ਵਿਚ ਪਾਉਂਦੀ ਏ। ਜਿਵੇਂ ਜਥੇਬੰਦ ਨਾ ਹੋਣਾ, ਸਾਂਝੀ ਤਾਕਤ ਨਾ ਬਨਾਉਣੀ ਤੇ ਦੇਸ਼ ਲਈ ਕੌਮ ਲਈ ਰਲ ਕੇ ਬਲਵਾਨ ਨਾ ਹੋਣਾ, ਜੀ ਜੀ ਤੇ ਪਰਜਾ ਨੂੰ ਦੁੱਖੀਂ ਪਾ ਜਾਂਦਾ ਏ। ਜਿਵੇਂ ਸਿਕੰਦਰ ਦੇ ਹੱਲੇ ਵੇਲੇ ਰਾਜਾ ਪੋਰਸ ਤੇ ਕਸ਼ਮੀਰ ਦੇ ਰਾਜੇ ਤੇ ਟੈਕਸਿਲਾ ਦੇ ਰਾਜੇ ਨੇ ਜਥੇਬੰਦ ਹੋ ਕੇ ਲੜਨ ਦੀ ਵਿਉਂਤ ਕੀਤੀ, ਪਰ ਸਿਕੰਦਰ ਅਜੇ ਹਿੰਦ ਵਿਚ ਵੜਿਆ ਹੀ ਸੀ ਕਿ ਟਕਸਿਲਾ ਦਾ ਸ਼ਾਹਜ਼ਾਦਾ 'ਅੰਬੀ' ਉਸ ਨਾਲ ਜਾ ਰਲਿਆ ਤੇ ਕਸ਼ਮੀਰ ਵਾਲਾ ਉਸਦਾ ਧ੍ਰੋਹ ਸੁਣਕੇ ਆਇਆ ਹੀ ਨਾ। ਤੇ ਹੁਣ ਬਣ ਗਈ ਇਕੱਲੇ ਪੋਰਸ ਪੰਜਾਬ ਦੇ ਰਾਜੇ ਦੇ ਭਾ ਦੀ, ਜਿਸਦੀ ਸੈਨਾ ਸਾਰੀ ਕਟ ਗਈ, ਪੁਤਰ ਮਾਰੇ ਗਏ, ਪਰ ਉਹ ਮਰਦਾਂ ਵਾਂਙ ਲੜਿਆ ਸੀ ਪੋਰਸ। ਹੁਣ ਸੋਚ ਲੈ ਭਾਈ, ਜੋ ਦੁਖ ਪਰਜਾ ਨੂੰ ਹੋਏ ਉਹ ਕੌਮੀ ਗੁਨਾਹ ਸੀ ਨਾ, ਕਿ ਸਾਰੇ ਇਕ ਜਿੰਦ ਹੋਕੇ ਆਈ ਬਲਾ ਨੂੰ ਪਛਾੜਨ ਲਈ ਜਥੇਬੰਦ ਹੋਕੇ ਨਾ ਲੜੇ; ਸਾਰੇ ਹਿੰਦ ਦੇ ਰਾਜੇ ਇਕ ਜਿੰਦ ਨਾ ਹੋਏ।

ਰਾਮ ਸਿੰਘ— ਠੀਕ ਕਿਹਾ ਨੇ, ਪਰ ਮੈਂ ਇਕ ਗੱਲ ਹੋਰ ਪੁੱਛਣੀ ਏ। ਉਹ ਇਹ ਹੈ ਕਿ ਜੋ ਦੁਖ ਹੁੰਦਾ ਏ ਉਹ ਜੀਵ ਜੀਵ ਦੇ ਕਰਮ ਦਾ ਏ, ਕਿ ਐਵੇਂ ਵੇ ਕਿ ਹੁਕਮ ਏ? ਠੀਕ ਗੱਲ ਕੀ ਹੋਈ?

ਸ਼ਾਮ ਸਿੰਘ— ਇਨ੍ਹਾਂ ਗੱਲਾਂ ਦਾ ਠੀਕ ਕਾਰਣ ਭਗਵੰਤ ਜਾਣਦਾ ਏ ਕਿ ਕਰਮ ਏ ਕਿ ਉਸਦਾ ਭਾਣਾ ਏ? ਕਿ ਦੋਵੇਂ ਕਿ ਕੁਛ ਹੋਰ? ਉਹ ਜਾਣਦਾ ਹੈ ਸਾਰੀ ਦੀ 'ਕਿਉਂ' ਨੂੰ। ਪਰ ਦੇਖੋ ਜੋ ਸ਼ਬਦ ਗੁਰੂ ਬਾਬੇ ਨੇ ਏਥੇ ਉਚਾਰੇ ਸੇ ਉਨ੍ਹਾਂ ਵਿਚ ਫ਼ੁਰਮਾਇਆ ਹੈ:-

**ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ॥**

ਪੁਨਾ:-

**ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ॥**

-ਆਸਾ ਮ:੧

 www.sikhbookclub.com

ਇਸੇ ਸੰਬੰਧੀ ਉਚਾਰੇ ਇਕ ਸ਼ਬਦ ਵਿਚ ਇਉਂ ਫੁਰਮਾਇਆ ਨੇ:-

ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ॥— ਆਸਾ ਮ:1

ਰਾਮ ਸਿੰਘ—ਭਾਣਾ ਹੋਇਆ ਨਾ ਫੇਰ! ਤਾਂ ਜੀ ਫੇਰ ਭਾਣਾ ਈਵੇਂ ਈ ਪਿਆ ਵਰਤਦਾ ਏ? ਇਡੇ ਕਰੜੇ ਭਾਣੇ ਕਸ਼ਟਾਂ ਵਾਲੇ, ਹੈਂ! ਖਿਮਾ ਕਰਨੀ, ਮੈਂ ਅਜੇ ਕੱਚਾ ਕੱਚਾ ਹਾਂ ਗੁਰਮਤਿ ਵਿਚ। ਤੁਸੀਂ ਰਾਹੇ ਪਾ ਦਿਓ।

ਸ਼ਾਮ ਸਿੰਘ— ਭਾਈ, ਗੁਰੂ ਜੀ ਨੇ ਜੋ ਸ਼ਬਦ ਓਥੇ ਉਚਾਰੇ ਸੇ ਉਹਨਾਂ ਵਿਚੋਂ ਇਕ ਵਿਚ ਇਉਂ ਬੀ ਫੁਰਮਾਯਾ ਏ:-

**ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ।**
-ਤਿਲੰਗ ਮ:੧

ਫੇਰ ਫੁਰਮਾਯਾ ਹੈ:-

**ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ॥**

ਫੇਰ ਫੁਰਮਾਇਆ ਹੈ:-

**ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥**
**ਬਾਬਰ ਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ॥੫॥**

ਫਿਰ ਫੁਰਮਾਇਆ ਹੈ:-

**ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ॥**
**ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ॥**
-ਆਸਾ ਮ:੧

ਫੇਰ ਫੁਰਮਾਇਆ ਹੈ:-

**ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ।**

ਇਹ ਹੋਏ ਕਰਮ ਵਲ। ਸੋ ਗੁਰੂ ਕੀ ਗਤਿ ਗੁਰੂ ਜਾਣੇ, ਪਰ ਉਪਰਲੇ ਸਾਰੇ ਵਾਕਾਂ ਤੋਂ ਸਮਝ ਲਈ ਕਿ ਭਾਈ, ਇਕ ਤਾਂ ਹੈ 'ਹੁਕਮ', ਇਕ ਹਰ ਇਕ ਜੀਵ ਦੇ 'ਕਰਮ' ਤੇ ਤੀਜੇ ਉਨ੍ਹਾਂ ਦੇ 'ਫਲ।'

ਰਾਮ ਸਿੰਘ— ਪਰ ਚੰਗੇ ਚੰਗੇ ਗ੍ਰੰਥੀ ਸਿੰਘ ਜੀ! ਵਿਚ ਕਈ ਚੰਗੇ ਬੀ ਮਾਰੇ ਗਏ, ਭਲੇ ਭਲੇ ਸਾਧੂ ਬੀ ਲਪੇਟ ਵਿਚ ਆ ਗਏ, ਉਨ੍ਹਾਂ ਦੇ ਕਰਮ ਤਾਂ ਚੰਗੇ ਸਨ।


www.sikhbookclub.com

ਸ਼ਾਮ ਸਿੰਘ— ਭਾਈ, 'ਅਪਨੇ ਕਰਮ ਕੀ ਗਤਿ ਮੈ ਕਿਆ ਜਾਨਉ॥ ਮੈ ਕਿਆ ਜਾਨਉ ਬਾਬਾ ਰੇ॥'-ਕਬੀਰ ਗੌਂਡ

ਸਾਨੂੰ ਕੀ ਪਤਾ ਹੈ ਕਿ ਜੋ ਹੁਣ ਵਾਹਿਗੁਰੂ ਦੀ ਬਰਕਤ ਨਾਲ ਭਲੇ ਹੋ ਗਏ ਹਨ, ਉਹਨਾਂ ਦੇ ਪਿਛਲੇ ਕਰਮ ਕੇਹੋ ਜੇਹੇ ਸਨ।

ਸੁਣ ਭਾਈ! ਕਰਮ ਤ੍ਰੈ ਵਿਧਾਂ ਵਿਚ ਰਹਿੰਦੇ ਹਨ। (1) ਇਕ ਤਾਂ ਅਸੀਂ ਹੁਣ ਕਰ ਰਹੇ ਹਾਂ, ਇਹ ਅਪਣਾ ਫਲ ਅੱਗੋਂ ਕਦੇ ਦੇਣਗੇ। ਏਹ ਹੁਣ ਬੀ ਕਈ ਵੇਰ ਹੱਥੋ ਹੱਥ ਫਲ ਦੇ ਦੇਂਦੇ ਹਨ। ਪਰ ਇਹਦਾ ਭੇਤ ਸਾਈਂ ਜਾਣਦਾ ਏ ਕਿ ਕਿਹੜੇ ਹੱਥੋ ਹੱਥ ਫਲ ਦੇਣਗੇ ਤੇ ਕਿਹੜੇ ਅੱਗੇ ਚਲਕੇ ਫਲ ਦੇਣਗੇ। (2) ਇਕ ਭਾਈ ਰਾਮ ਸਿੰਘ! ਹੈਨੀ ਪਰਾਰਬਧ ਕਰਮ, ਜਿਨ੍ਹਾਂ ਮੂਜਬ ਇਹ ਸਰੀਰ ਬਣਿਆ ਏ ਤੇ ਦੁਖ ਚਾਹੇ ਸੁਖ ਦੇ ਭੋਗ ਉਸ ਮੂਜਬ ਇਸ ਜਨਮ ਵਿਚ ਭੋਗਣੇ ਹਨ। ਇਹ ਹੈਨੀ ਚਿੱਲੇ ਵਿਚੋਂ ਨਿਕਲੇ ਤੀਰ ਵਾਂਗੂੰ। ਏਹ ਮੁੜਦੇ ਨਹੀਂ, ਹੋ ਕੇ ਰਹਿੰਦੇ ਹਨ। ਇਨ੍ਹਾਂ ਦਾ ਭੇਤ ਸਾਨੂੰ ਮਲੂਮ ਨਹੀਂ ਕਿ ਕਿਵੇਂ ਦੇ ਭੋਗ ਦੇਣਗੇ। (3) ਫੇਰ ਭਾਈ ਇਕ ਸੰਚਿਤ ਕਰਮ ਹਨ, ਏਹੀ ਓਹ ਹਨ ਜੋ ਸਾਡੇ ਪਿਛਲੇ ਕੀਤੇ ਹੋਏ ਅਜੇ ਪਏ ਹੋਏ ਹਨ। ਏਹ ਸੰਚਿਤ ਕਰਮ ਤੇ ਹੁਣ ਤੇ ਹੋ ਰਹੇ ਕਰਮ ਅਗਲੇ ਜਨਮ ਦੇ ਪਰਾਰਬਧ ਕਰਮ ਬਣਾਏ ਜਾਣਗੇ! ਕਿਵੇਂ ਬਣਨਗੇ ਤੇ ਕੀਕੂੰ ਦਾ ਫਲ ਦੇਣਗੇ ਤੇ ਕਦੋਂ ਵਰਤਮਾਨ ਹੋਣਗੇ, ਇਹ ਕਰਮਾਂ ਦਾ ਫਲ ਦੇਣ ਵਾਲਾ ਜਾਣਦਾ ਹੈ(ਸੁਖ ਦੁਖ ਪੁਰਬ ਜਨਮ ਕੇ ਕੀਏ॥ ਸੋ ਜਾਣੈ ਜਿਨਿ ਦਾਤੈ ਦੀਏ॥ ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ॥14॥-ਮ:ਸੋ:ਮ:1)। ਤੋਲ ਮਾਪ ਸਭ ਉਸ ਸਰਵੱਗ ਦੀ ਸਰਵੱਗਤਾ ਦੇ ਹੱਥ ਹੈ।

ਇਕ ਵੀਚਾਰ ਹੋਰ ਹੈ ਕਿ ਜੀਵ ਕਰਮ ਕਰਨ ਦਾ ਰੁਖ਼ ਪਿਛਲੇ ਕੀਤੇ ਕਰਮਾਂ ਅਨੁਸਾਰ ਬਣਾਕੇ ਆਇਆ ਹੈ। ਇਹ ਰੁਖ਼ ਸਾਡਾ ਸੁਭਾਵ ਬਣਕੇ ਅੰਦਰ ਬੈਠਾ ਹੈ। ਇਹ ਅੰਦਰ ਬੈਠਾ ਸੁਭਾਵ ਬੀ ਜੀਵ ਨੂੰ ਸੁਖ ਦੁਖ ਦਾਤਾ ਹੈ। ਤੁਹਾਨੂੰ ਪਤਾ ਹੈ ਕਿ ਸ੍ਰੀ ਕ੍ਰਿਸ਼ਨ ਜੀ ਦੁਆਪਰ ਦੇ ਵਿਚ ਵਡਕੇ ਹੋਏ ਹਨ, ਉਨ੍ਹਾਂ ਨੇ ਆਖਿਆ ਸੀ ਜੀਵਾਂ ਨੂੰ ਦੁਖ ਦੇਣ ਲਈ ਮਾੜਾ ਸੁਭਾਵ ਦੇ ਦੇਈਦਾ ਹੈ, ਸੁਖ ਦੇਣ ਲਈ ਚੰਗਾ ਸੁਭਾਵ ਦੇ ਦੇਈਦਾ ਹੈ, ਇਉਂ ਦੁਖ ਸੁਖ ਦਾਤਾ 'ਸੁਭਾਵ' ਨੂੰ ਕਰ ਦੇਈਦਾ ਹੈ: ਇਸ ਗੱਲ ਨੂੰ ਤੁਸੀਂ

 www.sikhbookclub.com

ਐਉਂ ਸੌਖਾ ਸਮਝ ਲਓਗੇ ਕਿ ਜੋ ਕੰਮ ਬਾਰ ਬਾਰ ਕਰੀਦਾ ਹੈ ਉਸ ਨਾਲ ਸੁਭਾਵ ਬਣਦਾ ਹੈ, ਅੰਤ ਉਹ ਸੁਭਾਵ ਸਾਡੇ ਤੇ ਸਵਾਰ ਹੋ ਜਾਂਦਾ ਹੈ। ਬਹੁਤੇ ਦੁਖ ਸੁਖ ਸੁਭਾਵ ਤੋਂ ਨਿਕਲਦੇ ਹਨ; ਸੋ ਜੀਵ ਨੂੰ ਚਾਹੀਦਾ ਹੈ ਕਿ ਕਰਮ ਨੂੰ ਸੰਭਾਲਕੇ ਕਰੇ। ਜਿਵੇਂ ਦੇਖ! ਬਾਬਰ ਨੇ ਹੁਣ ਕਿਤਨਾ ਜੁਲਮ ਕਮਾਇਆ ਸੀ ਏਸ ਵੇਲੇ। ਇਸ ਵਿਚ ਇਕ ਹਿਸਾ ਜੀਵਾਂ ਦੇ ਕਰਮਾਂ ਦਾ ਬੀ ਏ, ਇਕ ਹਿੱਸਾ ਵਾਹਿਗੁਰੂ ਦੇ ਹੁਕਮ ਦਾ ਬੀ ਏ(ਹੁਕਮਿ ਚਲਾਏ ਆਪਣੇ ਕਰਮੀ ਵਹੈ ਕਲਾਮ॥-ਸਾਰੰਗ ਵਾ:ਮ: ਅਰਥਾਤ ਵਾਹਿਗੁਰੂ ਆਪਣੇ ਹੁਕਮ ਵਿਚ ਟੋਰਦਾ ਹੈ ਪਰ ਉਸ ਦੀ ਕਲਮ ਕਰਮਾਂ ਦੀ ਵੀਚਾਰ ਕਰਕੇ ਵਗਦੀ ਹੈ।); ਤੀਸਰੇ ਇਨਸਾਨ ਕਰਮ ਕਰਨ ਵਿਚ ਸੁਤੰਤ੍ਰ ਬੀ ਏ ਨਾ। ਸੋ ਬਾਬਰ ਬੀ ਸੁਤੰਤ੍ਰ ਹੋਇਆ। ਉਸ ਨੇ ਖਲ ਪਾਕੇ, ਤਾਕਤ ਪਾਕੇ-ਅਸ਼ੁਭ ਕਰਮ ਕੀਤੇ, ਜ਼ੁਲਮ ਕਮਾਏ, ਉਸ ਦਾ ਦੰਭ ਓਹ ਭੋਗੇਗਾ, ਜਿਨ੍ਹਾਂ ਬੇਗੁਨਾਹਾਂ ਤੇ ਉਸ ਜ਼ੁਲਮ ਕਮਾਏ ਉਨ੍ਹਾਂ ਦੇ ਹਥੋਂ ਦੁਖ ਸਹਿਣ ਦੀ ਭਾਜੀ ਨੇਉਦ੍ਰੇ ਉਸ ਨੇ ਪਾ ਲਏ(ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ॥-ਵਾਰ ਆਸਾ ਮ: 1 ਅਰਥਾਤ ਆਪੋ ਆਪਣੇ ਕੀਤੇ ਦਾ ਹਿਸਾਬ ਆਪ ਹੀ ਪੂਰਾ ਕਰਨਾ ਪੈਂਦਾ ਹੈ।)। ਆਪਣੀ ਕਰਮ ਕਰਨ ਦੀ ਸੁਤੰਤ੍ਰਤਾ ਵਿਚ ਬੇਗੁਨਾਹਾਂ ਨੂੰ ਉਸ ਨੇ ਦੁਖ ਦਿਤੇ ਹਨ! ਹੁਣ ਉਹ ਇਨ੍ਹਾਂ ਦੇ ਬਦਲੇ ਦੁਖ ਪਾਏਗਾ ਤੇ ਜਿਨ੍ਹਾਂ ਨੂੰ ਦੁਖ ਦਿਤੇ ਸੁ ਉਨ੍ਹਾਂ ਨੂੰ ਸਾਰੇ ਕੀਤੇ ਭਰ ਭਰ ਕੇ ਦੇਵੇਗਾ।

ਰਾਮ ਸਿੰਘ— ਬੜੀ ਮੁਸ਼ਕਲ ਤੰਦਣ ਤਾਣੀਏ ਕਰਮਾਂ ਦੀ। ਦਿਲ ਤਾਂ ਲੱਗਦੀ ਏ ਕਿ ਠੀਕ ਏ, ਪਰ ਜੀ ਫੇਰ ਬੀ ਜੀ ਘਬਰਾਉਂਦਾ ਏ। ਤੁਸੀਂ ਦੱਸੋ ਕਿਤੇ ਇਹ ਕਰਮ ਜਾਲ ਤ੍ਰੁਟਦਾ ਬੀ ਏ ਕਿ ਮੇਲਿਆਂ ਤੇ ਆਏ ਪੰਘੂੜੇ ਦੇ ਚੱਕਰ ਵਾਂਙੂ ਚੱਕਰ ਚੱਲਦਾ ਈ ਰਹੇਗਾ ਤੇ ਵਿਚ ਬੈਠੇ ਫਾਥੇ ਹੀ ਰਹਿਣਗੇ?

ਸ਼ਾਮ ਸਿੰਘ— ਸਿੰਘ ਜੀ! ਇਹੋ ਬਿਪਤਾ ਕੱਟਣ ਤਾਂ ਗੁਰੂ ਬਾਬਾ ਆਇਆ ਸੀ। ਉਸ ਸੁਹਣੇ ਨੇ ਦੱਸਿਆ ਕਿ ਜੀਕੂੰ ਹੋਰ ਮਤਾਂ ਵਾਲੇ ਆਖਦੇ ਹਨ ਕਿ ਕਰਮ ਅਤੁਟ ਏ ਤੇ ਆਪੇ ਪਿਆ ਟੁਰਦਾ ਏ ਤੇ ਕਰਮ ਹੀ ਪਿਆ ਝੂਟੇ ਦੇਂਦਾ ਗੇੜਾਂ ਵਿਚੋਂ ਨਿਕਲਨ ਨਹੀਂ ਦੇਂਦਾ, ਇਹ ਗਲ ਠੀਕ ਨਹੀਂ। ਕਰਮ ਜੀਵ ਨੇ ਦੇਹ ਧਾਰਕੇ ਕੀਤੇ ਹਨ। ਦੇਹ ਮਿਲਨ ਤੋਂ ਪਹਿਲਾਂ ਜੀਵ ਦੇਹ ਬਿਨਾਂ ਕਰਮ ਕੀਕੂੰ ਕਰ ਸਕਦਾ ਸੀ? ਜੈਸਾ ਕਿ ਪੰਜਵੇਂ ਗੁਰੂ ਨਾਨਕ

ਨੇ ਫੁਰਮਾਇਆ ਹੈ 'ਜਬ ਕਛੁ ਨ ਸੀਓ ਤਬ ਕਿਆ ਕਰਤਾ ਕਵਨ ਕਰਮ ਕਰਿ ਆਇਆ'। ਅਰਥਾਤ ਜਦੋਂ ਜਗਤ ਆਦਿ ਕੁਛ ਨਹੀਂ ਸੀ ਤਾਂ ਜੀਵ ਕਿਹੜੇ ਕਰਮ ਕਰਦਾ ਸੀ, ਜਿਸ ਕਰਕੇ ਜਨਮ ਵਿਚ ਆਇਆ ਸੀ? ਇਹੋ ਗੱਲ ਕਬੀਰ ਜੀ ਨੇ ਫੁਰਮਾਈ ਹੈ:— 'ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁ ਰੇ।' ਅਰਥਾਤ ਕਰਮ ਬੱਧ ਜੇ ਜੀਵ ਹੈ ਤੇ ਇਹ ਗੱਲ ਅਟੁੱਟ ਤੇ ਅਟੱਲ ਹੈ ਤਾਂ ਦੱਸੋ ਕਰਮ ਜੀਵ ਨੇ ਕਦੋਂ ਕੀਤੇ ਸਨ? ਕਰਮ ਕੀਤੇ ਦੇਹ ਧਾਰਕੇ, ਹੈਂ, ਕਰਮ ਨੂੰ ਜਿੰਦ ਤਾਂ ਜੀਵ ਨੇ ਦੇਹ ਧਾਰਕੇ ਪਾਈ ਹੈ। ਸੋ ਜੇ ਦੇਹ ਧਾਰਕੇ ਕਰਮ ਕੀਤੇ ਤਾਂ ਕਰਮ ਦਾ 'ਆਦਿ' ਹੋ ਗਿਆ। ਜਿਸਦਾ ਆਦਿ ਹੈ ਉਸ ਦਾ ਅੰਤ ਬੀ ਹੈ। ਫੇਰ ਕਰਮ ਇਕ ਮਿਤ ਵਾਲੀ ਸ਼ੈ ਹੋ ਗਈ, ਕਿਉਂਕਿ ਮਨੁੱਖ ਦੀ ਦੇਹ ਯਾ ਸਰੀਰ ਮਿਤ ਵਾਲਾ ਹੈ, ਮਿਤ ਵਾਲੇ ਦੇ ਕਰਮ ਅਮਿਤੇ ਨਹੀਂ ਹੋ ਸਕਦੇ, ਉਹ ਮੁਕਣ ਵਾਲੇ ਹੋ ਗਏ। ਐਉਂ ਕਰਮ ਅਟੁਟ ਤੇ ਅਪਰੰਪਰ ਨਾ ਰਿਹਾ। ਇਹ ਮੈਂ ਦਸ ਚੁਕਾ ਹਾਂ ਕਿ ਜਿਸ ਸ਼ੈ ਦਾ ਆਦਿ ਹੈ ਉਸ ਦਾ ਅੰਤ ਹੈ, ਸੋ ਕਰਮ ਦੇਹ ਧਾਰਕੇ ਕੀਤੇ ਤਾਂ ਆਦਿ ਹੋਇਆ ਸੋ ਇਸ ਦਾ ਅੰਤ ਬੀ ਹੋਣਾ ਚਾਹੀਏ।

ਰਾਮ ਸਿੰਘ— ਪਰ ਟਿੰਡਾਂ ਦੇ ਰੋੜ ਦਾ ਦੌਰ ਕੌਣ ਰੋਕੇ, ਚੱਲ ਜੁ ਪਇਆ ਦੌਰ, ਸੋ ਹੁਣ ਚੱਲ ਸੋ ਚੱਲ। ਪਿਛਲੇ ਕੀਤੇ ਨੇ ਹੁਣ ਦਾ ਸੁਭਾਉ ਬਣਾ ਲਿਆ। ਹੁਣ ਦੇ ਸੁਭਾਉ ਨੇ ਉਹੋ ਜੇਹੇ ਕਰਮ ਕਰਵਾਏ, ਫੇਰ ਉਹੋ ਜੇਹਾ ਸੁਭਾਉ, ਫੇਰ ਉਹੋ ਜੇਹੇ ਕਰਮ, ਇਉਂ ਉਹੋ ਜੇਹੇ ਦੁਖ ਸੁਖ ਜਾਗੇ।

ਸ਼ਾਮ ਸਿੰਘ— ਠੀਕ ਏ ਸਿੰਘ ਜੀ! ਪਹਿਲਾ ਅਸੂਲ ਤਾਂ ਸਮਝ ਲਓ ਨਾ ਕਿ ਕਰਮ ਅਟੁਟ ਸ਼ੈ ਨਹੀਂ ਜਿਵੇਂ ਇਤਰ ਮਤਾਂ ਨੇ ਮੰਨਿਆਂ ਹੈ। ਹੁਣ ਟੁੱਟੇ ਕੀਕੂੰ? ਉਹ ਹੈ ਦੂਸਰੀ ਗੱਲ। ਉਪਾਉ, ਅਰਥਾਤ ਟੁੱਟਣ ਦਾ ਉਪਾਉ। ਸੋ ਉਹ ਦੂਜੀ ਗੱਲ ਗੁਰੂ ਬਾਬੇ ਨੇ ਇਹ ਦੱਸੀ ਕਿ ਤੁਸੀਂ ਸਤਿਸੰਗ ਕਰੋ। ਸਤਿਸੰਗ ਵਿਚੋਂ ਸੁਮਤਿ ਲਓ। ਇਉਂ ਕਿ ਜਦੋਂ ਤੁਸੀਂ ਦੁਖੀ ਹੋਵੋਗੇ ਨਾਲ ਤੁਸਾਡੀਆਂ ਵਾਸ਼ਨਾਂ ਵੀ ਮਾੜੀਆਂ ਹੋਣਗੀਆਂ, ਮਾੜੇ ਖ਼ਜਾਲ ਫੁਰਨਗੇ। ਮਾੜੀਆਂ ਵਾਸ਼ਨਾ ਨਾਲ ਮਾੜੇ ਕਰਮਾਂ ਵਲ ਰੁਖ ਹੋਏਗਾ। ਨਾਸ਼ੁਕਰੇ ਹੋਵੋਗੇ, ਦੁਖ ਕਰਮਾਂ ਦੇ ਹੋਣਗੇ, ਦੋਸ਼ ਆਪਣੇ ਕਰਮਾਂ ਨੂੰ ਨਹੀਂ, ਪਰ ਪਰਮੇਸ਼ੁਰ ਨੂੰ ਦਿਓਗੇ। ਯਾ ਦੁਖ ਦਾ ਕਾਰਣ ਕੋਈ ਹੋਰ ਹੋਵੇਗਾ, ਕੋਈ ਨਵੀਂ ਭਾਜੀ


www.sikhbookclub.com

ਹੋਵੇਗੀ। ਤੁਸੀਂ ਸਾਈਂ ਨੂੰ ਪਏ ਕੋਸੋਗੇ, ਜਾਂ ਉਸ ਤੋਂ ਨਾ-ਮੁੱਕਰ ਪਏ ਹੋਵੋਗੇ, ਐਉਂ ਮਾੜੇਪਣ ਦਾ ਗੇੜ ਟੁਰਿਆ ਰਹੂ। ਪਰ ਜੇ ਤੁਸੀਂ ਸਤਿਸੰਗ ਨੂੰ ਪ੍ਰਾਪਤ ਹੋਵੋਗੇ ਤਾਂ ਸਤਿਸੰਗ ਤੁਹਾਨੂੰ ਸੁਮਤੀ ਦੇਵੇਗਾ ਕਿ ਨਾਸ਼ੁਕਰੇ ਨਾ ਹੋਵੋ, ਮਾੜੀ ਰੁਚੀ ਨੂੰ ਹੋੜੋ, ਦੁਖ ਨੂੰ ਕਰਮ ਫਲ ਦੇ ਸਮਾਪਤ ਹੋਣ ਦਾ ਰੌ ਸਮਝੋ ਤੇ ਅੱਗੋਂ ਤੋਂ ਮਾੜੇ ਕਰਮਾਂ ਤੋਂ ਰੁਕੋ। ਫੇਰ ਯਾਦ ਕਰੋ ਭਗਵੰਤ ਨੂੰ ਅਤੇ ਉਸਦੇ ਗੁਣ ਗਾਓ, ਇਸ ਤਰ੍ਹਾਂ ਕਰਨ ਨਾਲ ਮਨ ਉਸਦੇ ਨੇੜੇ ਨੇੜੇ ਹੁੰਦਾ ਜਾਏਗਾ। ਉਹ ਵਾਹਿਗੁਰੂ ਸੁਖਾਂ ਦੇ ਰੂਪ ਹੈ, ਤੁਹਾਨੂੰ ਉਸਦੀ ਯਾਦ ਤੋਂ ਸੁਖ ਦੀ ਛੁਹ ਮਿਲੇਗੀ। ਜੋ ਦੁਖ ਤੁਸੀਂ ਕਰਮ ਗਤੀ ਦਾ ਪਾ ਰਹੇ ਹੋ, ਉਸਦਾ ਸੰਤਾਪ ਘਟ ਜਾਏਗਾ। ਜੇਹਾ ਕੁ ਪੰਜਵੇਂ ਸਤਿਗੁਰੂ ਜੀ ਨੇ ਫੁਰਮਾਇਆ ਏ, 'ਪ੍ਰਭ ਕੈ ਸਿਮਰਨਿ ਦੁਖੁ ਨ ਸੰਤ ਪੈ।' ਜਦੋਂ ਤੁਸਾਂ ਮਾੜੀ ਰੁਚੀ ਕਰਕੇ ਹੋਰ ਮਾੜੇ ਕਰਮ ਕਰਨੇ ਸਨ, ਤੁਸੀਂ ਸਤਿਸੰਗ ਦੀ ਸੁਮੱਤਿ ਕਰਕੇ ਮਾੜੇ ਕਰਨੋ ਰੁਕੋਗੇ, ਭਲੇ ਕਰੋਗੇ। ਨਾਲ ਸਤਿਸੰਗ ਦੀ ਮੇਹਰ ਨਾਲ 'ਨਾਮ' ਜਪਕੇ ਪਰਮੇਸ਼ਰ ਦੇ ਨੇੜੇ ਨੇੜੇ ਹੋਵੋਗੇ। ਇਸ ਤਰ੍ਹਾਂ ਕਰਮ ਜਾਲ ਵਿਚੋਂ ਉਚੇ ਉੱਠਦੇ ਜਾਓਗੇ।

**ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ।.....**
**ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥**

ਇਸੀ ਤਰ੍ਹਾਂ ਜਦ ਚੰਗੇ ਕਰਮਾਂ ਦੇ ਫਲ ਵਿਚ ਸੁਖ ਦਾ ਸਮਾਂ ਆਵੇਗਾ ਤਾਂ ਵਾਸ਼ਨਾ ਵੀ ਚੰਗੀਆਂ ਫੁਰਨਗੀਆਂ। ਪਰ ਜੋ ਸਤਿਸੰਗ ਨੂੰ ਪ੍ਰਾਪਤ ਨਹੀਂ ਉਹ ਸੁਖਾਂ ਵੇਲੇ ਸੁਖਾਂ ਦੀ ਲਾਲਸਾ ਵਿਚ, ਭੋਗਾਂ ਵਿਚ, ਵਧੇਰੇ ਲਗੇਗਾ। ਪੈਸਾ ਪਾਸ ਹੋਣ ਕਰਕੇ, ਤਾਕਤ ਹੋਣ ਕਰਕੇ ਹੋਰ ਕਰਮ ਹੰਕਾਰ ਦੇ ਕਰੇਗਾ। ਆਕੜ ਵਿਚ ਆਕੇ ਦੁਖ ਦੇਣ ਦੇ ਕਰਮ ਕਰੇਗਾ ਜੈਸੇ ਕਿ ਬਾਬਰ ਨੇ ਕੀਤੇ ਹਨ। ਵਾਸ਼ਨਾ ਚੰਗੀਆਂ ਹੋਣ ਕਰਕੇ ਖੁਸ਼ੀਆਂ ਵਿਚ ਉਛਲੇਗਾ, ਸ਼ਰਾਬਾਂ ਪੀ ਪੀ ਜਿਵੇਂ ਬਾਬਰ ਕਰਦਾ ਸੀ, ਮਸਤੀਆਂ ਕਰੇਗਾ। ਲੋਕੀ ਕਹਿੰਦੇ ਹਨ 'ਤਪੋਂ ਰਾਜ ਤੇ ਰਾਜੋਂ ਨਰਕ'(ਦਾਨੰ ਪਰਾ ਪੂਰਬੇਣ ਭੁੰਚੰਤ ਮਹੀਪਤੇ॥ ਬਿਪਰੀਤ ਬੁਧੵੰ ਮਾਰਤ ਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ॥24॥-ਸਹਸਕ੍ਰਿਤੀ ਸਲੋਕ ਮ:5 ਫੇਰ:— ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ। ਸੇਜ ਮੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥-ਸੋਰਠਿ ਅ:ਮ:5)।

ਪਰ ਜੇ ਉਹੋ ਬੰਦਾ ਸਤਿਸੰਗ ਨੂੰ ਪ੍ਰਾਪਤ ਹੋਵੇਗਾ ਤਾਂ ਉਹ ਸੁਖਾਂ ਵੇਲੇ ਆਪ ਸੁਖੀ ਹੋਵੇਗਾ ਤੇ ਸੁਖ ਦੇਣਾ ਅਪਣਾ ਧਰਮ ਸਮਝੇਗਾ। ਸੁਖ ਦੇ ਸਾਮਾਨ ਪਾਕੇ ਉਹ ਸਤਿਸੰਗ ਤੋਂ ਮਿਲੀ ਸੁਮਤੀ ਨਾਲ ਪੁੰਨ ਕਰਮ ਕਰੇਗਾ! ਮਾੜੇ ਕਰਮਾਂ ਤੋਂ ਸਤਿਸੰਗ ਉਸਨੂੰ ਹੋੜੇਗਾ(ਸਾਧ ਸੰਗਿ ਮਿਟਿ ਜਾਤ ਵਿਕਾਰ॥ ਸਭ ਤੇ ਊਚ ਏਹੋ ਉਪਕਾਰ॥--ਗਉ:ਮ:5।) ਕਿ ਵੇਖੀਂ ਐਸ਼੍ਵਰਜ ਪਾ ਕੇ ਨਰਕ ਦੇ ਕੰਮ ਨਾ ਕਰੀਂ। ਫੇਰ ਓਦੋਂ ਉਸਦੀਆਂ ਵਾਸ਼ਨਾ ਜੁ ਚੰਗੀਆਂ ਹੋਣਗੀਆਂ, ਸਤਿਸੰਗ ਉਸਨੂੰ ਸੁਮਤੀ ਦੇਵੇਗਾ ਕਿ ਭਾਈ ਇਹ ਵੇਲਾ ਹਈ ਪਰਮੇਸ਼ਰ ਨੂੰ ਪਜਾਰ ਕਰਨ ਦਾ, ਉਸੇ ਦਾ ਨਾਮ ਸਿਮਰਣ ਦਾ, ਉਸਦੇ ਗੁਣ ਗਾ ਕੇ ਉਸਦੇ ਨੇੜੇ ਹੋਣ ਦਾ। ਸੋ ਨਾਮ ਸਿਮਰ ਤੇ ਹਰੀ ਦੇ ਗੁਣ ਗਾਉ। ਜੈਸਾ ਕਿ ਕਬੀਰ ਜੀ ਨੇ ਫੁਰਮਾਇਆ ਹੈ:-

> **ਜਬ ਲਗੁ ਜਰਾ ਰੋਗੁ ਨਹੀ ਆਇਆ॥ ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥ ਜਬ ਲਗੁ ਬਿਕਲ ਭਈ ਨਹੀ ਬਾਨੀ॥ ਭਜਿ ਲੇਹਿ ਰੇ ਮਨ ਸਾਰਿਗਪਾਨੀ॥੨॥ ਅਬ ਨ ਭਜਸਿ ਭਜਸਿ ਕਬ ਭਾਈ॥ ਆਵੈ ਅੰਤੁ ਨ ਭਜਿਆ ਜਾਈ॥ ਜੋ ਕਿਛੁ ਕਰਹਿ ਸੋਈ ਅਬ ਸਾਰੁ॥ ਫਿਰਿ ਪਛੁਤਾਹੁ ਨ ਪਾਵਹੁ ਪਾਰੁ॥੩॥** (ਭੈਰਉ ਕਬੀਰ ਜੀ)

ਇਉਂ ਸਤਿਸੰਗ ਨੂੰ ਪ੍ਰਾਪਤ ਪੁਰਖ ਦੁਖ ਕਿ ਸੁਖ, ਹਰ ਸਮੇਂ ਉੱਚੇ ਪਾਸੇ ਨੂੰ ਉਠੇਗਾ, ਵਾਹਿਗੁਰੂ ਜੀ ਦੇ ਨੇੜੇ ਹੁੰਦਾ ਜਾਏਗਾ। ਜਦ ਉਸਦਾ ਮਨ ਵਾਹਿਗੁਰੂ ਪ੍ਰੇਮ ਨਾਲ ਰੱਤਾ ਜਾਏਗਾ, ਜਦੋਂ ਉਹ ਵਾਹਿਗੁਰੂ ਜੀ ਦੀ ਲਿਵ ਵਿਚ ਲਗ ਜਾਏਗਾ, ਵਾਹਿਗੁਰੂ ਜੀ ਨੂੰ ਜਾ ਲਗੇਗਾ, ਉਹ ਕਰਮ ਜਾਲ ਤੋਂ ਨਿਕਲ ਜਾਏਗਾ।

ਰਾਮ ਸਿੰਘ— ਫੇਰ ਉਸਦੇ ਸੰਚਤ ਕਰਮ ਜੋ ਅਜੇ ਪਏ ਹੋਏ ਹਨ ਕਿਧਰ ਜਾਣਗੇ, ਹੁਣ ਦੇ ਕੀਤੇ ਕਿਧਰ ਜਾਣਗੇ ਤੇ ਜੋ ਪ੍ਰਾਰਬਧ ਕਰਮ ਦੱਸੇ ਸਾਜੇ ਉਹ ਕਿਵੇਂ ਹੋਣਗੇ?

ਸ਼ਾਮ ਸਿੰਘ— ਸੁਣੋ ਭਾਈ ਜੀ! ਉਸਦੇ ਕਰਮ, ਜੋ ਕੱਠੇ ਹੋਏ ਪਏ ਸਮਾ ਉਡੀਕਦੇ ਹਨ, ਸੜ ਜਾਣਗੇ, ਜੋ ਹੁਣ ਕਰ ਰਿਹਾ ਹੈ ਉਹ ਭੁੱਜੇ ਦਾਣਿਆਂ ਵਾਂਙੂ ਉੱਗਣ ਸ਼ਕਤੀ ਤੋਂ ਹੀਨ ਹੋ ਜਾਣਗੇ। ਜੋ ਪ੍ਰਾਰਬਧ ਕਰਮ ਕਿ ਹੁਣ ਉਸਦਾ ਭੋਗ ਬਣੇ ਰਹੇ ਹਨ ਤੇ ਕਮਾਨੋਂ ਛੁਟ ਚੁਕੇ ਤੀਰ ਸਮਾਨ

 www.sikhbookclub.com

ਹਨ, ਉਹ ਭੁਗਤਣਗੇ, ਪਰ ਉਨ੍ਹਾਂ ਦਾ ਸੰਤਾਪ ਘਟ ਜਾਏਗਾ। ਜੈਸਾ ਕਿ ਮੈਂ ਦਸਿਆ ਹੈ ਕਿ ਸਿਮਰਨ ਵਾਲੇ ਬੰਦੇ ਦੇ ਮਨ ਨੂੰ 'ਦੁਖ' ਦਾ ਸੰਤਾਪ ਹਟ ਯਾ ਮਿਟ ਜਾਂਦਾ ਹੈ। ਕਰਮ ਦਾ ਭੋਗ ਸੁਖਲਾ ਲੰਘ ਜਾਂਦਾ ਏ। ਪਰਮੇਸ਼ਰ ਦਾ ਪਯਾਰ ਦੁਖ ਦਾ ਡੰਗ ਘਟਾ ਦੇਂਦਾ ਏ, ਸਾਈਂ ਦੀ ਮੇਹਰ ਮਦਦ ਕਰਦੀ ਏ(ਕੋਟਿ ਪਤਿਤ ਉਧਾਰੇ ਖਿਨ ਮਹਿ ਕਰਤੇ ਬਾਰ ਨ ਲਾਗੈ ਰੇ॥-ਗਉ:ਮ:5)। ਐਉਂ ਕ਼ਰਮ ਜਾਲ ਤੋਂ ਨਿਕਲ ਜਾਈਦਾ ਹੈ। ਫੇਰ ਭਾਈ ਰਾਮ ਸਿੰਘ ਜੀ! ਗੁਰੂ ਨਾਨਕ ਦੇਵ ਜੀ ਨੇ ਵਾਹਿਗੁਰੂ ਜੀ ਨੂੰ ਪਿਤਾ ਆਖਿਆ ਏ, ਮਾਤਾ ਆਖਿਆ ਏ, ਬੰਧਪ ਤੇ ਸਾਕ ਆਖਿਆ ਏ। ਫੇਰ ਉਹ ਸਰਬ ਸ਼ਕਤੀਮਾਨ ਏ, ਸਰਵੱਗ ਏ, ਜੋ ਚਾਹੇ ਕਰ ਸਕਦਾ ਏ। ਸੁਤੰਤ੍ਰ ਏ: ਸ੍ਵੈਛੰਦ ਏ, ਹੱਦ ਬੰਨੇ ਤੋਂ ਪਰੇ ਹੈ; ਸੋ ਉਸ ਦੀ ਮੇਹਰ ਤੇ ਸ਼ਕਤੀ ਸਹਾਯਕ ਹੋ ਜਾਂਦੀ ਹੈ! ਉਸ ਨੂੰ ਪਿਆਰ ਕਰਨਾ ਗੁਰੂ ਨੇ ਸਿਖਾਇਆ ਏ।

ਰਾਮ ਸਿੰਘ— ਅਣਦਿਸਦੇ ਨਾਲ ਕੀਕੂੰ?

ਸ਼ਾਮ ਸਿੰਘ-- ਪਿਆਰ ਅਣਦਿਸਦੇ ਨਾਲ ਕਰੀਦਾ ਹੈ— ਉਸ ਨੂੰ ਯਾਦ ਕਰ ਕਰ ਕੇ ਉਸਦੇ ਗੁਣ ਗਾ ਗਾ ਕੇ। ਇਹ ਕੇਡਾ ਸੌਖਾ ਰਾਹ ਦੱਸਿਆ ਏ। ਸੋ ਉਸ ਨੂੰ ਪਯਾਰ ਕਰ ਕਰ ਕੇ ਉਸ ਨੂੰ ਮਿਲ ਪਵਾਂਗੇ! ਉਹ 'ਕਰਮ ਮੰਡਲ' ਤੋਂ ਦੂਰ ਉਪਰ ਵਸਦਾ ਏ, ਪਯਾਰ ਕਰ ਕਰ ਕੇ ਅਸੀਂ ਉਸ ਦੇ ਮੰਡਲ ਨੂੰ ਪ੍ਰਾਪਤ ਹੋ ਜਾਵਾਂਗੇ। ਉਹ ਮੰਡਲ ਹੈ ਮਾਇਆ (ਕ੍ਰਿਪਾ) ਦਾ, ਅਪਾਰ ਮਾਇਆ ਦਾ, ਉਹ ਟਿਕਾਣਾ ਹੈ ਫਜ਼ਲ ਦਾ, ਉਥੇ ਪੁਜ ਗਿਆਂ ਕਰਮ ਦੀ ਕੇ ਪਾਂਇਆਂ ਏ ਕਿ ਸਾਡੇ ਤੇ ਅਸਰ ਕਰੇ? ਆਪਣੀ ਗਤਿ ਵਾਹਿਗੁਰੂ ਆਪ ਜਾਣਦਾ ਏ, ਪਰ ਉਸ ਤੇ ਛਡੋ ਸਭ ਕੁਛ। ਰਾਮ ਸਿੰਘ ਜੀ! ਕੇਵਲ ਉਸ ਨੂੰ ਪਿਆਰ ਕਰੋ। ਆਪੇ ਹੋਵੇਗਾ ਸਭ ਕੁਛ।

ਰਾਮ ਸਿੰਘ— ਪਰ ਜੀ ਕਈ ਲੋਕ ਕਹਿੰਦੇ ਹਨ ਕਿ ਸਾਈਂ ਮਿਹਰ ਕਰੇ, ਤਾਂ ਉਸ ਦਾ ਨਿਆਂ ਨਹੀਂ ਰਹੇਗਾ, ਜੇ ਨਿਆਂ ਕਰੇ ਤਾਂ ਮਿਹਰ ਨਹੀਂ ਰਹੇਗੀ।

ਸ਼ਾਮ ਸਿੰਘ ਜੀ ਹੱਸ ਪਏ ਤੇ ਬੋਲੇ— ਜੀਵ ਸਾਈਂ ਨੂੰ ਬੀ ਆਪਣੇ ਵਰਗਾ ਹੱਦ ਮਿਤ ਵਾਲਾ ਸਮਝ ਲੈਂਦਾ ਏ ਤੇ ਉਸ ਨੂੰ ਆਪਣੇ ਨਿਯਮਾਂ ਵਿਚ ਬੰਨ੍ਹਦਾ ਏ ਤੇ ਆਪਣੇ ਕਾਨੂੰਨਾਂ ਨਾਲ ਤੋਲਦਾ ਏ। ਮੈਂ ਤੁਸਾਨੂੰ ਦਸਿਆ ਹੈ: ਉਹ ਅਮਿਤ ਹੈ, ਸਰਵੱਗ ਹੈ, ਉਸ ਨੂੰ ਕੌਣ ਆਪਣੇ ਇਨਸਾਨੀ

 www.sikhbookclub.com

ਨਿਯਮਾਂ, ਕਾਨੂੰਨਾਂ ਨਾਲ ਮਿਣ ਸਕਦਾ ਏ। ਉਹ ਸੁਤੰਤ੍ਰ ਹੈ, ਸ੍ਵੈਛੰਦ ਹੈ, ਅਮਿਤ ਹੈ। ਜੋ ਚਾਹੇ ਕਰ ਸਕਦਾ ਏ। ਇਸੇ ਕਰਕੇ ਗੁਰੂ ਨਾਨਕ ਦੇਵ ਜੀ ਨੇ ਪੱਲੂ ਫੇਰਕੇ ਆਖਿਆ ਸੀ-

**ਲੋਕਾ ਮਤ ਕੋ ਫਕੜਿ ਪਾਇ॥**
**ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ**

**ਚੌਥੀ ਪਾਤਸ਼ਾਹੀ ਨੇ ਫੁਰਮਾਇਆ:-**
**ਆਨਿ ਆਨਿ ਸਮਧਾ ਬਹੁ ਕੀਨੀ ਪਲੁ ਬੈਸੰਤਰ ਭਸਮ ਕਰੀਜੈ॥**
**ਮਹਾ ਉਗ੍ਰ ਪਾਪ ਸਾਕਤ ਨਰ ਕੀਨੇ ਮਿਲਿ ਸਾਧੂ ਲੂਕੀ ਦੀਜੈ॥**
(ਕਲਿਆਨ ਮ:੪)

ਪੰਜਵੇਂ ਗੁਰਾਂ ਨੇ ਫੁਰਮਾਇਆ ਹੈ:-
**ਈਧਣੁ ਕੀਤੋਮੂ ਘਣਾ ਭੋਰੀ ਦਿਤੀਮੁ ਭਾਹਿ॥**
**ਮਨਿ ਵਸੰਦੜੋ ਸਚੁ ਸਹੁ ਨਾਨਕ ਹਭੇ ਡੁਖੜੇ ਉਲਾਹਿ॥**
(ਵਾਰ ਜੈਤ:ਮ:੫)

ਅਰਥਾਤ ਹੇ ਲੋਕੋ ਇਸ ਫਜ਼ੂਲ ਮਖੌਲ ਵਾਲੇ ਖਯਾਲ ਵਿਚ ਨਾ ਪਓ ਕਿ ਪਾਪ ਬਖਸ਼ੇ ਨਹੀਂ ਜਾਂਦੇ, ਦੇਖੋ ਸੈਂਕੜੇ ਮਣ ਲੱਕੜੀ ਕੱਠੀ ਕੀਤੀ ਹੋਈ ਇਕ ਰਤੀ ਜਿੰਨੀ ਅੱਗ ਨਾਲ ਸੜਕੇ ਸੁਆਹ ਹੋ ਜਾਂਦੀ ਏ। ਤਿਵੇਂ ਵਾਹਿਗੁਰੂ ਦੇ ਨਾਮ, ਉਸਦੇ ਪ੍ਰੇਮ, ਉਸਦੇ ਫਜ਼ਲ ਨਾਲ ਪਾਪ ਕਰਮ ਨਾਸ਼ ਹੋ ਜਾਂਦੇ ਹਨ (ਕੋਟ ਕੋਟੰਤਰ ਪਾਪਾ ਕੇਰੇ ਏਕ ਘੜੀ ਮਹਿ ਖੋਵੈ॥ -ਆਸਾ ਮ:੧ ਘੋਰ ਦੁਖ੍ਯੰ ਅਨਿਕ ਹਤ੍ਯੰ ਜਨਮ ਦਾਰਿਦ੍ਰੰ ਮਹਾ ਬਿਖ੍ਯਾਦੰ॥ ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ॥ ਜੈਸੇ ਪਾਵਕ ਕਾਸਟ ਭਸਮੰ ਕਰੋਤਿ॥੧੮॥- ਸਹਸਕ੍ਰਿਤੀ ਮ:ਮ:੫)।

ਰਾਮ ਸਿੰਘ— ਠੰਢ ਪਾ ਦਿੱਤੀ ਨੇ, ਜਿਵੇਂ ਗੁਰੂ ਨਾਨਕ ਨੇ ਸੈਦਪੁਰ ਵਾਲਿਆਂ ਦੁਖੀਆਂ ਨੂੰ ਠੰਢ ਪਾਈ ਸੀ ਤਿਵੇਂ ਗ੍ਰੰਥੀ ਸਿੰਘ ਜੀ ਅਜ ਮੈਨੂੰ ਉਸੇ ਗੁਰੂ ਨਾਨਕ ਦੇ ਸ਼ਬਦ ਸੋਹਿਲੇ ਨਾਲ ਠੰਢ ਪਾ ਦਿੱਤੀ ਨੇ। ਪਰ ਇਕ ਗੱਲ ਹੋਰ ਦੱਸ ਦੇਹੁ, ਉਹ ਇਹ ਵੇ— ਕਿ ਗੁਰੂ ਅਰਜਨ ਦੇਵ ਗੁਰੂ ਸੇ, ਆਪ ਗੁਰੂ ਜਯੋਤੀ ਸੇ ਨਿਰੰਕਾਰ ਦੀ, ਉਹ ਫਜ਼ਲ ਦੇ ਮੰਡਲ

ਵਿਚ ਕੀਹ ਉਹ ਤਾਂ ਆਪ ਸਤਜ ਸਰੂਪ ਸੇ, ਉਹ ਬ੍ਰਹਮ ਗਜਾਨੀ ਸੇ, ਬ੍ਰਹਮ ਵਿਚ ਲੀਨ ਉਸ ਦਾ ਰੂਪ ਸੇ, ਫੇਰ ਉਹਨਾਂ ਨੂੰ ਤੇ ਨਾਵੇਂ ਪਾਤਸ਼ਾਹ ਨੂੰ ਤੇ ਦਸਵੇਂ ਪਾਤਸ਼ਾਹ ਨੂੰ— "ਹਰਿ ਹਰਿ ਜਨ ਦੋਊ ਏਕ ਹੈਂ ਬਿਬ ਬਿਚਾਰ ਕਛੁ ਨਾਂਹਿ॥ ਜਲ ਤੇ ਉਪਜ ਤਰੰਗ ਜਿਉਂ ਜਲ ਹੀ ਬਿਖੈ ਸਮਾਂਹਿ॥ ਆਖਣ ਵਾਲਿਆਂ ਨੂੰ ਕਿਉਂ ਦੁਖ ਵਾਪਰੇ? ਉਨ੍ਹਾਂ ਉਤੇ ਤਾਂ ਕਰਮ ਜਾਲ ਹਾਵੀ ਨਹੀਂ ਸੀ, ਉਨ੍ਹਾਂ ਨੇ ਅਗੇ ਪਿਛੇ ਹੁਣ ਕੋਈ ਮਾੜੇ ਕੀਤੇ ਨਹੀਂ ਸਨ, ਉਹ ਸਦਾ ਲਿਵ ਹਰਿ ਸੰਗ ਵਾਲੇ ਉਸ ਦਾ ਰੂਪ ਸੇ। ਕਿਡੇ ਕਰੜੇ ਖੇਦ ਉਨ੍ਹਾਂ ਨੇ ਸਹਾਰੇ? ਕਰਮ ਤਾਂ ਮਾੜੇ ਸਨ ਨਹੀਂ, ਰੱਬ ਨੂੰ ਉਨ੍ਹਾਂ ਨਾਲ ਪਿਆਰ ਸੀ, ਫੇਰ ਉਨ੍ਹਾਂ ਤੇ ਦੁਖ ਕਿਉਂ ਰਵਾ ਰਹੇ!

ਸ਼ਾਮ ਸਿੰਘ— ਪਹਿਲਾਂ ਤਾਂ ਉਦਾਸ ਚਿਹਰੇ ਵਾਲਾ ਹੋ ਗਿਆ, ਫੇਰ ਖ਼ਿੜ ਪਿਆ ਤੇ ਬੋਲਿਆ: ਗੁਰੂ ਕੇ ਪਿਆਰਿਆ! ਵਾਹਿਗੁਰੂ ਰੂਪਾਂ ਤੇ ਕਿੰਤੂ ਨਹੀਂ ਕਰਨੇ ਚਾਹੀਏ। ਉਹ ਉਨ੍ਹਾਂ ਦੇ ਚੋਜ ਹਨ। ਪਰ ਤੁਸਾਂ ਦੇ ਸਮਝਣ ਲਈ ਇਕ ਮੋਟੀ ਮਿਸਾਲ ਦੇਂਦਾ ਹਾਂ। ਮੋਟੀ ਮਿਸਾਲ ਨਾਲ ਛੇਤੀ ਸਮਝ ਪੈ ਜਾਊ। ਦੱਸ! ਕਦੇ ਕੈਦਖਾਨੇ ਗਿਆ ਏਂ, ਕਦੇ ਸੈਲ ਕਰਨ ਲਈ, ਭਾਈ! ਉਂਞ ਵਾਹਿਗੁਰੂ ਕਿਉਂ ਲਿਜਾਵੇ?

ਰਾਮ ਸਿੰਘ— ਹਾਂ ਇਕ ਵੇਰੀ ਇਕ ਸਨਬੰਧੀ ਨੂੰ ਮਿਲਨ ਜੇਲਖਾਨੇ ਗਿਆ ਸਾਂ।

ਸ਼ਾਮ ਸਿੰਘ— ਓਥੇ ਜੇਲਖਾਨੇ ਦਾ ਅਫਸਰ ਵੀ ਜਾਂਦਾ ਏ ਅਤੇ ਅੰਦਰ ਸੁਮੱਤੀ ਦੇਣ ਲਈ ਕਦੇ ਪਾਦਰੀ ਯਾ ਗ੍ਰੰਥੀ ਬੀ ਜਾਂਦਾ ਏ। ਓਥੇ ਦਵਾ ਦਾਰੂ ਲਈ ਡਾਕਟਰ ਬੀ ਜਾਂਦਾ ਏ। ਪਰ ਕੀਹ ਏ ਕਰਮ ਵਸ ਹੋਕੇ ਜਾਂਦੇ ਹਨ? ਕੈਦੀ ਤਾਂ ਕਰਮ ਹੋਕੇ ਵਸ਼ ਜਾਂਦੇ ਹਨ। ਪਰ ਇਹ ਤਾਂ ਉਪਕਾਰ ਲਈ ਜਾਂਦੇ ਹਨ, ਠੀਕ ਏ?

ਰਾਮ ਸਿੰਘ— ਠੀਕ ਏ ਜੀ।

ਸ਼ਾਮ ਸਿੰਘ-ਤਿਵੇਂ ਗੁਰੂ ਸਾਹਿਬ ਉਪਕਾਰ ਲਈ ਜਗਤ ਵਿਚ ਆਏ ਸਨ। ਉਹ ਕਰਮ ਬੱਧ ਨਹੀਂ ਸਨ, ਨਾ ਹਨ। ਕਰਮ ਬੱਧ ਹੋਣ ਕਰਕੇ ਉਹ ਜਨਮ ਮਰਨ ਵਿਚ ਨਹੀਂ ਆਉਂਦੇ; ਉਹ ਤਾਂ ਪਰਉਪਕਾਰ ਦੀ ਖ਼ਾਤਰ ਇਸ ਦੁਨੀਆਂ ਵਿਚ ਆਉਂਦੇ ਹਨ। ਇਹ ਗੱਲ ਸਾਨੂੰ ਪੰਜਵੇਂ ਗੁਰੂ ਜੀ ਨੇ ਆਪ ਦੱਸੀ ਹੈ:-


www.sikhbookclub.com

**ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥**
**ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥**
-ਸੂਹੀ ਮ:੫

ਉਹ ਸਾਨੂੰ ਵਾਹਿਗੁਰੂ ਨਾਲ ਮਿਲਾਉਣ, ਸਾਡੇ ਦੁਖ ਹਰਨ ਆਉਂਦੇ ਹਨ। ਜਿਵੇਂ ਕਿ ਮੈਂ ਤੁਸਾਨੂੰ ਹੁਣੇ ਦੱਸਿਆ ਹੈ ਕਿ ਆਪ 'ਸਦਾ ਨਿਰਦੋਖ ਗੁਰੂ ਨਾਨਕ' ਦੁਖੀਆਂ ਦੇ ਦੁਖ ਹਰਨ ਲਈ ਬੰਦ ਵਿਚ ਆਪੇ ਪੈ ਗਿਆ ਤੇ ਅਪਣੇ ਉਤੇ ਦੁਖ ਝੱਲਕੇ ਬੰਦੀਆਂ ਨੂੰ ਛੁਡਾ ਲਿਆਇਆ। ਤਿਵੇਂ ਅਪਣੇ ਤੇ ਦੁਖ ਲੈਕੇ ਗੁਰੂ ਸਾਹਿਬ ਸਾਨੂੰ ਕਰਮ ਦੇ ਬੰਧਨਾਂ ਤੋਂ ਛੁਡਾਕੇ ਜੀਅ ਦਾਨ ਦੇ ਕੇ ਵਾਹਿਗੁਰੂ ਨਾਲ ਮਿਲਾਉਣ ਲਈ ਜਗਤ ਵਿਚ ਆਉਂਦੇ ਹਨ।

ਰਾਮ ਸਿੰਘ-- ਠੰਢ ਪਾ ਦਿੱਤੀ ਨੇ। ਪਰ ਏਹ ਬੀ ਦੱਸ ਦਿਓ ਕਿ ਦੁਖ ਤਾਂ ਗੁਰੂ ਜੀ ਨੇ ਹੀ ਪਾਏ, ਗੁਰੂ ਅਰਜਨ ਦੇਵ ਜੀ ਸੁਹਣੇ ਸੁਹਲ ਸਰੀਰ ਵਾਲੇ ਰੱਬ ਰੂਪ, ਫੇਰ ਕੋਮਲ ਹੁਨਰਾਂ ਦੇ ਕੂਲੇ ਕੂਲੇ ਕਵਲ ਫੁਲ, ਕਿਨ੍ਹਾਂ ਕਸ਼ਟਾਂ ਦੇ ਮੂੰਹ ਆਏ। ਆਏ ਸਾਡੀ ਖਾਤਰ, ਪਰ ਦੁੱਖ ਤਾਂ ਉਹਨਾਂ ਨੂੰ ਹੀ ਹੋਏ ਨਾ।

ਸ਼ਾਮ ਸਿੰਘ-- ਓਹ ਭਾਈ ਸਾਡੇ ਫੇੜੇ ਹੋਇਆਂ ਕਰਕੇ, ਸਾਡਾ ਭਾਰ ਲੈਕੇ ਸਾਨੂੰ ਛੁਡਾਉਂਦੇ ਹਨ। ਦੇਖੋ ਜੇ ਚਿੱਕੜ ਦੇ ਚਲ੍ਹੇ ਵਿਚ ਡਿਗੇ ਬਲ ਨੂੰ ਤੁਸੀਂ ਕੱਢੋਗੇ ਤਾਂ ਤੁਹਾਡੇ ਕਪੜੇ ਭਰਨਗੇ ਹੀ ਨਾ ਕਿ ਸੁੱਕੇ ਕੱਢ ਲਿਆਓਗੇ? ਮਲ੍ਹਿਆਂ ਕੰਡਿਆਂ ਵਿਚ ਫਾਥੇ ਬਾਲਕ ਨੂੰ ਕੱਢੋਗੇ ਤਾਂ ਤੁਹਾਨੂੰ ਕੰਡੇ ਚੁਭਣਗੇ ਕਿ ਨਾ? ਭੂੰਡਾਂ ਦੀ ਖੱਖਰ ਵਿਚ ਫਾਥੇ ਰੇਸ਼ਮ ਦੇ ਕੀੜੇ ਨੂੰ ਕੱਢੋਗੇ ਤਾਂ ਤੁਹਾਨੂੰ ਭੂੰਡ ਲੜਨਗੇ ਕਿ ਨਾਂ?

ਫੇਰ ਦੇਖ ਦੁਖ ਨੂੰ, ਜੋ ਕੁਛ ਅਸੀਂ ਸਮਝਦੇ ਹਾਂ ਉਹ ਵਧੀਕ ਪੀੜ ਕਰਦਾ ਹੈ। ਕਿਉਂਕਿ ਅਸੀਂ ਅਪਣੇ ਪਾਪ ਦੇ ਸਗਜ਼ਾਤ ਹੁੰਦੇ ਹਾਂ, ਸਜ਼ਾ ਦੀ ਪੀੜ ਵਧੇਰੇ ਚੁਭਦੀ ਏ। ਹਾਂ ਭਾਈ ਜੀ, ਸਾਡਾ ਮਨ ਅਪਣੇ ਪਾਪ ਤੋਂ ਜਾਣੂ ਹੋਣ ਕਰਕੇ ਬਹੁਤੀ ਪੀੜਾ ਪ੍ਰਤੀਤ ਕਰਦਾ ਹੈ, ਤੇ ਨਿਰਆਸਰੇ ਹੋਣ ਕਰਕੇ ਨਿਰਾਸਾ ਵਿਚ ਵਧੀਕ ਦੁਖੀ ਹੁੰਦਾ ਏ। ਪਰ ਗੁਰੂ ਦਾ ਅੰਦਰ ਤਾਂ ਸਾਈਂ ਨਾਲ ਰਤਾ ਸਾਈ ਰੰਗ ਤੇ ਸਾਈਂ ਓਟ ਵਿਚ ਟਿਕਿਆ ਹੁੰਦਾ ਹੈ(ਸੈ ਨੰਗੇ ਨਹ ਨੰਗ ਭੁਖੇ ਲਖ ਨ ਭੁਖਿਆ॥ ਡੁਖੇ ਕੋੜਿ ਨ ਡੁਖ ਨਾਨਕ ਪਿਰੀ ਪਿਖੰਦੋ ਸੁਭ ਦਿਸਟਿ॥-ਵਾਰ ਮਾਰੂ ਡ:ਮ:5)। ਪਰਉਪਕਾਰ ਦੀ

ਖਾਤਰ ਦੁਖ ਸਹਿੰਦਾ ਜਾਣਦਾ ਏ ਕਿ ਏਹ ਮੈਂ ਪਰਾਏ ਭਲੇ ਲਈ ਝੱਲ ਰਿਹਾ ਹਾਂ, ਤਾਂ ਦੁਖ ਸਹਿਣ ਵਿਚ ਉਨ੍ਹਾਂ ਦਾ ਮਨ ਸਾਈਂ ਦੀ ਟੇਕ ਵਿਚ, ਆਸਰੇ ਵਿਚ, ਨੇਕੀ ਦੇ ਰੰਗ ਉਸਦੀ ਮੇਹਰ ਦੀ ਨਦਰ ਵਿਚ ਹੁੰਦਾ ਏ; ਦੁਖ ਵਾਪਰਦੇ ਹਨ ਪੀੜਾ ਕਰਦੇ ਹਨ ਪਰ ਉਨ੍ਹਾਂ ਦੀ ਮਹਾਨ ਸ਼ਕਤੀ ਪ੍ਰਬਲ ਹੁੰਦੀ ਹੈ, ਜੈਸੇ ਨੌਮੇ ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਦੁਖ ਪਰਸਦੇ ਨਹੀਂ:-

**ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ॥**
**ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ॥**
(ਸਲੋਕ ਮ:੯)

ਗੁਰੂ ਜੀ ਦੁਖ ਸਹਿੰਦੇ ਹਨ, ਇਹ ਨਹੀਂ ਕਿ ਉਹ ਪੱਥਰ ਵਾਂਙ ਅਹਿਸਾਸ ਹੀਨ ਹਨ। ਨਹੀਂ, ਉਹ ਦੁਖ ਨੂੰ ਸੁਖ ਕਰ ਪੀਂਦੇ ਹਨ, ਸਾਈਂ ਨਾਲ ਜੁੜੇ ਰਹਿਕੇ ਪੀੜਾ ਮਿਠੀ ਕਰ ਸਹਾਰਦੇ ਹਨ। ਦੇਖ ਗੁਰੂ ਅਰਜਨ ਦੇਵ ਜੀ ਦੇ ਕਸ਼ਟਾਂ ਦੀ ਰਾਤ ਨੂੰ ਐਉਂ ਵਰਣਨ ਕੀਤਾ ਹੈ:-

**ਸਬਦ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਆਣੀ॥ ਚਰਣ ਕਮਲ ਮਿਲਿ ਭਵਰ ਜਿਉਂ ਸੁਖ ਸੰਪਟ ਵਿਚ ਰੈਣਿ ਵਿਹਾਣੀ॥ ਗੁਰਮੁਖ ਸੁਖ ਫਲੁ ਪਿਰਮ ਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ॥ ਗੁਰ ਅਰਜਨ ਵਿਟਹੁ ਕੁਰਬਾਣੀ।**
-ਵਾਰ ਭਾ: ਗੁਰਦਾਸ

(ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ.... ॥ ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ॥ -ਮਾਰੂ ਮ:੫)

ਹੁਣ ਦੇਖੋ ਭਾਈ ਜੀ! ਜੇ ਗੁਰੂ ਅਰਜਨ ਦੇਵ ਜੀ ਕਸ਼ਟ ਨਾ ਝੱਲਦੇ ਤੂੰ ਅੱਜ ਸਾਨੂੰ ਅੰਮ੍ਰਿਤ ਬਾਣੀ ਅਪਣੀ ਨਿਰੋਲਤਾ ਵਿਚ ਕਿਥੋਂ ਪ੍ਰਾਪਤ ਹੁੰਦੀ, ਜੋ ਗੁਰਬਾਣੀ ਕਿ ਜੀਉਂਦਾ ਗੁਰੂ ਤੇ ਸਾਡਾ ਆਸਰਾ ਏ। ਜੇ ਨਾਵੇਂ ਪਾਤਸ਼ਾਹ ਸੀਸ ਨ ਦੇਂਦੇ ਤਾਂ ਸਿੱਖੀ ਕਿਸ ਤਰ੍ਹਾਂ ਕਾਇਮ ਰਹਿੰਦੀ। ਜੇ ਦਸਮੇਂ ਪਾਤਸ਼ਾਹ ਸਾਰੇ ਦੁਖ ਮਿੱਠੇ ਸ਼ਰਬਤ ਕਰਕੇ ਨਾ ਪੀ ਜਾਂਦੇ ਤਾਂ ਖਾਲਸਾ ਕੌਣ ਸਾਜਦਾ? ਕੌਣ ਇਸਨੂੰ ਕਾਇਮ ਕਰ ਜਾਂਦਾ? ਅਤੇ ਸਿੱਖੀ ਦਾ ਅੰਮ੍ਰਿਤ ਬ੍ਰਿਛ ਜੱਗ

ਪਰ ਕੀਕੂੰ ਕਾਇਮ ਰਹਿੰਦਾ? ਅੱਜ ਅਸੀਂ ਇਸਦੇ ਛਾਵੇਂ ਬੈਠਕੇ ਕੀਕੂੰ ਸੁਖ ਮਾਣਦੇ ਤੇ ਮਾਰੇ ਦੁਖ ਜੋ ਸਾਨੂੰ ਵਾਪਰੇ ਹਨ ਅਸੀਂ ਦਾਰੂ ਸਮਝਕੇ ਕਿਵੇਂ ਪੀ ਜਾਂਦੇ? ਹਾਂ, ਕਿਵੇਂ ਗੁਰਸਿੱਖਾਂ ਤੇ ਸਿੱਖਣੀਆਂ ਨੇ ਧਰਮ ਪਾਲੇ ਤੇ ਜਾਨਾਂ ਦਿੱਤੀਆਂ ਹਨ? ਕੋਈ ਕਰ ਸਕਦਾ ਏ! ਜਿਸ ਨੂੰ ਗੁਰੂ ਦਾ ਆਸਰਾ ਤੇ ਗੁਰਬਾਣੀ ਦਾ ਅੰਮ੍ਰਿਤ ਪ੍ਰਾਪਤ ਨਾ ਹੋਵੇ ਤੇ ਜਿਸਦੇ ਨੈਣਾਂ ਅੱਗੇ ਸਿਖ ਇਤਹਾਸ ਨਾ ਮੂਰਤੀਮਾਨ ਹੋ ਰਿਹਾ ਹੋਵੇ?

ਰਾਮ ਸਿੰਘ— ਵਾਹ ਵਾਹ ਸਿੰਘ ਜੀ! ਨਿਹਾਲ ਕਰ ਦਿੱਤਾ ਨੇ।

ਸ਼ਾਮ ਸਿੰਘ— ਦੇਖ ਭਾਈ! ਜੋ ਦੁਖ ਵਾਪਰੇ ਹਨ ਇਨ੍ਹਾਂ ਅੱਗੇ ਲੰਮੇ ਨਾ ਪੈ ਜਾਓ। ਤਕੜੇ ਹੋ ਕੇ ਡਟ ਕੇ ਗੁਰੂ ਭਰੋਸੇ ਤੇ ਖੜੋ ਕੇ ਦੁਖਾਂ ਨੂੰ ਮਾਰ ਪਛਾੜੋ, ਉਚੇ ਉੱਠੋ, ਗੁਰੂ ਕੀ ਸ਼ਰਨ ਤਕਾਈ ਰਖੋ। ਰੱਬ ਜੀ ਦਾ ਲੜ ਤਕੜਾ ਕਰ ਪਕੜੀ ਰੱਖੋ। ਖਾਲਸਾ ਸਦਾ ਬਿਜੈ ਪਾਉਂਦਾ ਰਿਹਾ ਹੈ, ਹੁਣ ਬੀ ਕਲਗੀਆਂ ਵਾਲਾ ਇਸਦੀ ਰੱਛਾ ਕਰੇਗਾ, ਉੱਚੇ ਪਲੜੇ ਕਰੇਗਾ। ਸਾਡਾ ਧਰਮ ਹੁਣ ਇਹ ਹੈ ਕਿ ਅਸੀਂ ਚਾਹੋ ਕਿਤਨੀਆਂ ਮੁਸ਼ਕਲਾਂ ਹਨ, ਕਿਤਨੇ ਖ਼ਤਰੇ ਹਨ, ਦਿਲ ਢਾਹ ਕੇ ਨਾ ਬੈਠੀਏ। ਆਪ ਉੱਦਮ ਕਰੀਏ, ਡਟੇ ਰਹੀਏ, ਹਲ ਬੈਠੀਏ। ਜਥੇਬੰਦ ਰਹੀਏ, ਟੇਕ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਤੇ ਰਖੀਏ, ਅਰਦਾਸੇ ਕਰੀਏ ਤੇ ਸਿਦਕ ਵਿਚ ਰਹੀਏ।

**ਅਕਾਲ ਪੁਰਖ ਕੀ ਰਛਾ ਹਮਨੈ॥**
**ਸਰਬ ਲੋਹ ਦੀ ਰਛਿਆ ਹਮਨੈ॥**
**ਸਰਬ ਕਾਲ ਜੀ ਦੀ ਰਛਿਆ ਹਮਨੈ॥**
**ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ॥**
(ਅਕਾਲ ਉਸਤਤ)

## 5. ਚੜ੍ਹਦੀਆਂ ਕਲਾਂ

(ਭੈ ਤੇ ਨਿਰਭਉ ਪਾਈਐ ਜਿਸ ਦਾ ਅੰਤੁ ਨ ਪਾਰਾਵਾਰ)

ਰਾਮ ਸਿੰਘ— ਲੱਕ ਬਨ੍ਹਾ ਦਿਤਾ ਨੇ ਸਿੰਘ ਜੀ। ਸਿੰਘ ਜੀ! ਇਤਨਾ ਕੁਛ ਆਪ ਜੀ ਨੇ ਕਿਥੋਂ ਇਕੱਠਾ ਕਰ ਲਿਆ ਮਨ ਵਿਚ, ਜੋ ਸਿੱਪਾਂ ਵਿਚੋਂ ਮੋਤੀਆਂ ਵਾਂਙੂ ਕੱਢ ਵਿਖਾਇਆ ਏ, ਜਿਵੇਂ ਜੌਹਰੀ ਡੱਬਾ ਖੋਲ੍ਹ ਵਿਖਾਲਦਾ ਏ।


www.sikhbookclub.com

ਸ਼ਾਮ ਸਿੰਘ— ਭਾਈ ਰਾਮ ਸਿੰਘ ਜੀ! ਕੁਛ ਪਰਾਏ ਇਤਿਹਾਸਾਂ ਤੋਂ, ਕੁਛ ਆਪਣੇ ਇਤਿਹਾਸਾਂ ਤੋਂ, ਪੁਰਾਤਨ ਜਨਮ ਸਾਖੀ, ਬਾਲੇ ਵਾਲੀ ਜਨਮ ਸਾਖੀ, ਗੁਰੂ ਨਾਨਕ ਪ੍ਰਕਾਸ਼, ਤਵਾਰੀਖ ਖਾ:, ਗੁਰੂ ਨਾਨਕ ਚਮਤਕਾਰ, ਸ੍ਵਾਨਿਆ ਉਮਰੀ ਬਾਬਾ ਨਾਨਕ, ਤੇ ਹੋਰ ਆਪਣੇ ਬਿਗਾਨਿਆਂ ਦੇ ਲਿਖੇ ਸਿਖਾਂ ਦੇ ਹਾਲਤ ਵਾਰੇ ਘੋਖੇ ਹਨ। ਤੇ ਗੁਰੂ ਜੀ ਨੇ ਜੋ ਅੱਖੀਂ ਦੇਖੇ ਹਾਲ ਉਸ ਸਮੇਂ ਦੇ ਚਾਰ ਪੰਜ ਸ਼ਬਦਾਂ ਵਿਚ ਆਪ ਲਿਖੇ ਹਨ, ਉਨ੍ਹਾਂ ਦੀ ਘੋਖਨਾ ਤੋਂ ਬੜਾ ਥਹੁ ਪੈ ਗਿਆ ਹੈ। ਜੋ ਕੁਛ ਮੈਂ ਤੁਸਾਂ ਨੂੰ ਸੁਣਾਇਆ ਹੈ, ਉਸ ਸਾਰੇ ਦਾ ਸਾਰ ਹੈ ਤੇ ਜੋ ਜੋ ਉਸ ਸਾਰੇ ਤੋਂ ਰਸਤੇ ਮਿਲਦੇ ਹਨ; ਉਹ ਉਹ ਟੋਹਾਂ ਲਾ ਲਾ ਕੇ ਤੁਸਾਂ ਜੀ ਨੂੰ ਸੌਖੇ ਕਰ ਕਰ ਦੱਸੇ ਹਨ। ਹੁਣ ਪੜ੍ਹ ਸੁਣ ਕੇ, ਸਮਝ ਸਮਝਾ ਕੇ ਸਾਡਾ ਧਰਮ ਏ ਕਿ ਅਸੀਂ "ਜਬੈ ਬਾਣ ਲਾਗੇ। ਤਬੈ ਰੋਸ ਜਾਗੇ" ਦੇ ਵਾਕ ਅਨੁਸਾਰ ਦੁਖਾਂ ਨਾਲ ਜੁਧ ਕਰਨਾ ਸਿਖੀਏ। ਆਪੋ ਵਿਚ ਵੱਧ ਪਿਆਰ ਕਰੀਏ, ਇਕ ਦੂਜੇ ਨੂੰ ਵੀਰ ਜਾਣੀਏ। ਹਰ ਸਿਖ ਆਪਣੇ ਆਪ ਨੂੰ ਸਿੱਖੀ ਦਾ ਪ੍ਰਚਾਰਕ ਸਮਝੇ, ਜਿਥੇ ਜਾਵੇ ਸਿਖੀ ਦਾ ਪ੍ਰਚਾਰ ਕਰੇ। ਹਾਂ ਅਸੀਂ ਕਿਸੇ ਗੱਲੇ ਨਿੰਮੋਝਾਣ ਨਾ ਹੋਈਏ। ਸਿਖ ਹੋਣ ਦਾ ਫਖਰ ਧਾਰਨ ਕਰੀਏ। ਨਿਰਾਸਾ ਦੀਆ ਘਟਾਂ ਵੇਖ ਕੇ ਨਿਰਾਸ ਨਾ ਹੋ ਜਾਈਏ। ਜਦੋਂ ਗੁਰੂ ਨੇ ਸਾਜਿਆ ਸੀ, ਤਦੋਂ ਕੋਈ ਰਾਜਸੀ ਸਹਾਇਤਾ ਨਹੀਂ ਸੀ, ਵਿਰੋਧਤਾ ਸੀ। ਪਰ ਇਹ ਗੁਰੂ ਕਾ ਨੌਨਿਹਾਲ ਵਧ ਫੁਲ ਪਿਆ। ਹੁਣ ਬੀ ਉਸੇ ਦੀ ਟੇਕ ਧਾਰਕੇ ਉਸੇ ਅਗੇ ਅਰਦਾਸੇ ਕਰਦੇ ਯਤਨ ਕਰੀ ਚੱਲੋ। ਪੰਥ ਜੀਏਗਾ, ਵਧੇਗਾ, ਫਲੇ ਫੁਲੇਗਾ। ਅਸੀਂ ਨਾਮ ਵਿਚ ਰਤੇ 'ਸਰਬੱਤ ਦੇ ਭਲੇ' ਦੇ ਹਲਕਾਰੇ ਬਣਕੇ ਜਗਤ ਨੂੰ ਸੁਖ ਦਿਆਂਗੇ।

**ਆਖੋ ਧੰਨ ਗੁਰੂ ਨਾਨਕ ਬੰਦੀ ਛੋੜ!**

ਧੰਨ ਗੁਰੂ ਨਾਨਕ ਬੰਧਨ ਜਿਸਨੇ ਤੋੜਿ ਕੇ ਮੁਕਤਿ ਕੀਤਾ।

ਸਦਾ ਅੰਗ ਸੰਗ ਰਹੇ ਖਾਲਸੇ ਦੇ। ਹਾਂ:-

**ਰਛਾ ਹੋਇ ਤਾਹਿ ਸਭ ਕਾਲਾ॥**
**ਦੁਸਟ ਅਰਿਸਟ ਟਰੈਂ ਤਤਕਾਲਾ॥**

ਦਰਸ਼ਨ ਜੋਦੜੀਆਂ- ਗੁਰੂ ਨਾਨਕ ਦੁਆਰੇ।
(ਰਾਗ- ਪਹਾੜੀ ਝੰਝੋਟੀ, ਤਾਲ-ਕਹਰਵਾ)

 www.sikhbookclub.com

ਸਥਾਈ- ਤੇਰੇ ਦੁਆਰੇ ਖਲੇ, ਦੁਆਰੇ ਤੇਰੇ ਖਲੇ।
ਦਾਤਾ ਦਰਸ਼ਨ ਮਿਲੇ, ਦਰਸ਼ਨ ਦਾਤਾ! ਮਿਲੇ।

ਅੰਤਰਾ-
ਦੁਆਰ ਖਲਿਆਂ ਥਿਤੇ 'ਦਾਤਾ! ਦਾਤ ਦਰਸ਼ਨ ਮੰਗਦਿਆਂ।
ਹਥ ਬੰਨ੍ਹ ਮਿਨਤਾਂ ਕਰਦਿਆਂ ਤੇ ਨੈਣ ਅੰਝੂ ਭਰਦਿਆਂ।
ਹੁਣ ਘਟਾ ਤੇ ਹੈ ਘਟਾ ਉਮਗੇ, ਪਉਣ ਸੀਤਲ ਹੈ ਚਲੇ।
ਆ ਚਮਕ ਬਿਜਲੀ ਵਾਂਗਰੇ ਇਕ ਝਾਤ ਪਾ ਦੇ ਖਿਨ ਪਲੇ।
ਤੇਰੇ ਦੁਆਰੇ ਖਲੇ, ਦੁਆਰੇ ਤੇਰੇ ਖਲੇ।
ਦਾਤਾ ਦਰਸ਼ਨ ਮਿਲੇ, ਦਰਸ਼ਨ ਦਾਤਾ! ਮਿਲੇ॥੧॥
ਹਾਂ, ਦਿਓ ਦਰਸ਼ਨ, ਦਿਓ ਦਰਸ਼ਨ ਖੈਰ ਦਰਸ਼ਨ ਪਾ ਦਿਓ!
ਉਹ ਰੂਪ ਸੁਹਣੇ ਆਪਣੇ ਦੀ ਝਲਕ ਇਕ ਦਿਖਲਾ ਦਿਓ!
ਏ ਨੈਣ ਮਿਟਣੇ ਅਗਦਿਓਂ ਓ ਰੂਪ ਦਰਸ਼ਨ ਮੈਂ ਮਿਲੇ।
ਹਾਂ 'ਨੈਣ' 'ਦਰਸ਼ਨ' ਰਲ ਮਿਲਣ ਤੇ ਦਰਸ ਨੈਣੀ ਮਿਲ ਰਲੇ।
ਤੇਰੇ ਦੁਆਰੇ ਖਲੇ, ਦੁਆਰੇ ਤੇਰੇ ਖਲੇ।
ਦਾਤਾ ਦਰਸ਼ਨ ਮਿਲੇ, ਦਰਸ਼ਨ ਦਾਤਾ! ਮਿਲੇ॥੨॥
'ਅਰੂਪ-ਦਰਸ਼ਨ' ਨਾਮ ਸੰਦੀ ਦਾਤ ਬਖਸ਼ੀ ਹੈ ਤੁਸਾਂ।
ਉਸ ਪਿਆਰ ਅੰਦਰ ਰਸ ਮਿਸਾਂ, ਉਸ ਸੁਆਦ ਵਿਚ ਮੈਂ ਹਾਂ ਰਸਾਂ।
ਪਰ 'ਰੂਪ ਦਰਸ਼ਨ' ਖਿੱਚ ਸਾਈਆਂ! ਮੈਂ ਮਨੋਂ ਨਹੀਂ ਹੈ ਹਿਲੇ,
ਕਰ ਮਿਹਰ ਹੁਣ ਉਹ ਆ ਮਿਲੇ, ਉਹ ਰੂਪ ਦਰਸ਼ਨ ਮੈਂ ਮਿਲੇ।
ਤੇਰੇ ਦੁਆਰੇ ਖਲੇ, ਦੁਆਰੇ ਤੇਰੇ ਖਲੇ।
ਦਾਤਾ ਦਰਸ਼ਨ ਮਿਲੇ, ਦਰਸ਼ਨ ਦਾਤਾ! ਮਿਲੇ॥੩॥

–0–


www.sikhbookclub.com